ਬੰਗਾਲ ਦੀਆਂ ਲੋਕ ਕਥਾਵਾਂ

ਭਾਸ਼ਾ ਵਿਭਾਗ ਪੰਜਾਬ, ਪਟਿਆਲਾ

ਖ਼ੁਰਸ਼ੀਦ

20.6.70

ਬੰਗਾਲ ਦੀਆਂ ਲੋਕ ਕਥਾਵਾਂ

GOVT. PUNJAB

ਭਾਸ਼ਾ ਵਿਭਾਗ ਪੰਜਾਬ, ਪਟਿਆਲਾ

ਪ੍ਰਕਾਸ਼ਕ : ਸ. ਲਾਲ ਸਿੰਘ
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਮੂਲ ਲੇਖਕ : ਡਾ: ਹਜ਼ਾਰੀ ਪ੍ਰਸਾਦ 'ਦਿਵੇਦੀ'

ਅਨੁਵਾਦਕ : ਸ਼੍ਰੀ. ਯੋਗਿੰਦਰ ਮੋਹਨ ਗੁਪਤਾ

ਪਹਿਲੀ ਵਾਰ : 1969

ਮੁੱਲ : 2 ਰੁਪਏ 25 ਪੈਸੇ

ਕਾਪੀਆਂ: 1200

ਛਾਪਕ :—ਮਾਡੈਸਟ ਪ੍ਰਿੰਟਰਜ਼, ਸੈਂਟਰਲ ਮਿਲਜ਼,
ਜਲੰਧਰ ।

ਦੋ ਸ਼ਬਦ

ਲੋਕ-ਕਥਾਵਾਂ ਸਮੁੱਚੇ ਸਮਾਜ ਦੇ ਤਜਰਬੇ ਅਤੇ ਰੁਚੀਆਂ ਦੀਆਂ ਪ੍ਰਤੀਕ ਹੁੰਦੀਆਂ ਹਨ । ਇਹ ਉਹ ਸਾਹਿੱਤ ਹੈ ਜਿਹੜਾ ਇਕ ਤੋਂ ਦੂਜੀ ਪੀੜ੍ਹੀ ਤਕ ਗੱਲਾਂ ਰਾਹੀਂ ਪੁਜਦਾ ਹੈ । ਸਮਾਜ ਦੀ ਬਦਲਦੀ ਹਾਲਤ ਨਾਲ ਇਸ ਦੀ ਸ਼ਬਦਾਵਲੀ, ਲਹਿਜੇ, ਫਿਲਾਸਫੀ, ਵਿਸ਼ੇਸ਼ ਸਥਾਨ ਉੱਤੇ ਜ਼ੋਰ ਵੀ ਬਦਲ ਜਾਂਦਾ ਹੈ । ਇਸ ਨੂੰ ਲਿਖਤੀ ਸ਼ਬਦਾਂ ਵਿੱਚ ਬੰਨ੍ਹਣ ਨਾਲ ਇਸ ਦਾ ਵਿਕਾਸ ਤਾਂ ਰੁਕ ਜਾਂਦਾ ਹੈ ਪਰ ਅਜਿਹਾ ਸਾਹਿੱਤ ਗੁਆਚਣ ਤੋਂ ਰੋਕ ਲੈਣ ਦਾ ਹੋਰ ਕੋਈ ਢੰਗ ਹੈ ਹੀ ਨਹੀਂ ।

ਸੰਸਾਰ ਦੀਆਂ ਅਤੇ ਨਾਲ ਹੀ ਹਿੰਦੁਸਤਾਨ ਦੀਆਂ ਸਾਰੀਆਂ ਭਾਸ਼ਾਵਾਂ ਦੀਆਂ ਲੋਕ ਕਥਾਵਾਂ ਵਿੱਚ ਇਕ ਸਾਂਝ ਹੁੰਦੀ ਹੈ । ਇਨ੍ਹਾਂ ਵਿੱਚ ਨੈਤਿਕਤਾ ਉੱਤੇ ਜ਼ੋਰ ਹੁੰਦਾ ਹੈ । ਇਕ ਵਿਸ਼ੇਸ਼ ਸਮਾਜਿਕ ਚੌਖਟੇ ਵਿੱਚ ਬਝੱਣ ਦੇ ਬਾਵਜੂਦ ਅਟਲ ਸਚਾਈਆਂ ਅਤੇ ਜੀਵਨ ਤਜਰਬੇ ਤੋਂ ਕੱਢੇ ਸਤ ਹਰ ਥਾਂ ਇਨ੍ਹਾਂ ਵਿੱਚੋਂ ਝਲਕਦੇ ਹਨ ।

ਭਾਸ਼ਾ ਵਿਭਾਗ ਨੇ ਜਿੱਥੇ ਪੰਜਾਬ ਦੀਆਂ ਲੋਕ ਕਥਾਵਾਂ ਇੱਕਠੀਆਂ ਕਰਕੇ ਛਾਪਣ ਦਾ ਉਪਰਾਲਾ ਕੀਤਾ ਹੈ, ਉਥੇ ਬਾਕੀ ਭਾਰਤੀ ਭਾਸ਼ਾਵਾਂ ਅਤੇ ਸੰਸਾਰ ਦੀਆਂ ਉਘੀਆਂ ਭਾਸ਼ਾਵਾਂ ਦੀਆਂ ਲੋਕ ਕਥਾਵਾਂ ਵੀ ਭਾਸ਼ਾ ਵਿਚ ਲਿਆਂਦੀਆਂ ਜਾਣਗੀਆਂ ਤਾਂ ਜੋ ਮਨੁਖਤਾ ਦਾ ਸਮੁਚਾ ਤਜਰਬਾ ਪੰਜਾਬੀਆਂ ਤਕ ਪੁੱਜ ਸਕੇ ।

ਇਹ ਪੁਸਤਕ ਉਸੇ ਲੜੀ ਦਾ ਹੀ ਇਕ ਅੰਗ ਹੈ । ਉਮੀਦ ਹੈ, ਪੰਜਾਬੀ ਪਾਠਕ ਇਨ੍ਹਾਂ ਸਾਰੀਆਂ ਲੋਕ ਕਥਾਵਾਂ ਦਾ ਸੁਆਦ ਮਾਨਣਗੇ ।

ਲਾਲ ਸਿੰਘ,
ਡਾਇਰੈਕਟਰ, ਭਾਸ਼ਾ ਵਿਭਗ, ਪੰਜਾਬ ।

ਤਰਤੀਬ

ਬੰਗਾਲ ਦੀਆਂ ਝਾਕੀਆਂ

ਇਸ ਪੁਸਤਕ ਵਿੱਚ ਬੰਗਾਲ ਦੇ ਦਸ ਪ੍ਰਸਿੱਧ ਕਿੱਸਿਆਂ ਦਾ ਵਾਰਤਕ ਰੂਪ ਦਿੱਤਾ ਗਿਆ ਹੈ। ਇਹ ਕਿੱਸੇ ਸੋਲ੍ਹਵੀਂ ਸਤਾਰ੍ਹਵੀਂ ਸਦੀ ਵਿਚ ਲਿਖੇ ਮੰਨੇ ਜਾਂਦੇ ਹਨ। ਕੁਝ ਕੁ ਦੇ ਰਚਨਹਾਰਾਂ ਦੇ ਨਾਵਾਂ ਦਾ ਪਤਾ ਹੈ, ਕੁਝ ਬਾਰੇ ਕਿਆਫ਼ੇ ਲਾਏ ਗਏ ਹਨ ਅਤੇ ਕਈਆਂ ਦਾ ਪਤਾ ਹੀ ਨਹੀਂ। ਅਜ ਤੋਂ ਪੰਜਾਹ ਕੁ ਸਾਲ ਪਹਿਲਾਂ ਡਾ. ਦਿਨੇਸ਼ ਚੰਦਰ ਸੇਨ ਨੇ, ਜਿਹੜੇ ਉਸ ਵੇਲੇ ਕਲਕੱਤਾ ਯੂਨੀਵਰਸਿਟੀ ਵਿੱਚ ਲੈਕਚਰਾਰ ਸਨ, ਇਹ ਅਤੇ ਬਹੁਤ ਸਾਰੇ ਹੋਰ ਕਿੱਸੇ ਪੇਂਡੂ ਗਵਈਯਾਂ ਕੋਲੋਂ ਇਕੱਠੇ ਕਰਵਾਕੇ 'ਮੈਮਨਸਿੰਗ ਗੀਤਾਂ ਦਾ' (ਮੈਮਨਸਿੰਗ ਦੇ ਗੀਤ) ਦੇ ਨਾਂ ਹੇਠ ਬੰਗਾਲੀ ਵਿੱਚ ਛਾਪੇ। ਨਾਲ ਹੀ ਉਹਨਾਂ ਨੇ ਇਨ੍ਹਾਂ ਨੂੰ ਅੰਗ੍ਰੇਜ਼ੀ ਵਾਰਤਕ ਦਾ ਰੂਪ ਦਿੱਤਾ ਅਤੇ ਪੁਸਤਕ ਦਾ ਨਾਂ 'ਈਸਟਰਨ ਬੰਗਾਲ ਬੈਲਡਜ਼—ਮੈਮਨਸਿੰਗ' ਰਖਿਆ। ਇਹ ਪੁਸਤਕ ਉਸ ਅੰਗ-ਰੇਜ਼ੀ ਪੁਸਤਕ ਦੇ ਇਕ ਹਿੱਸੇ ਦਾ ਅਨੁਵਾਦ ਹੈ।

'ਬੈਲਡ' ਅੰਗਰੇਜ਼ੀ ਦਾ ਇਕ ਕਾਵਿ ਰੂਪ ਹੈ ਜਿਸ ਵਿੱਚ ਕੋਈ ਲੋਕ-ਪ੍ਰਿਯ ਕਹਾਣੀ ਗਾ ਕੇ ਸੁਣਾਈ ਜਾਂਦੀ ਹੈ। 'ਬੈਲਡ' ਦੇ ਕੁਝ ਹੋਰ ਲੱਛਣ ਇਹ ਹਨ ਕਿ ਇਸ ਦੇ ਕਰਤਾ ਦੇ ਨਾਂ ਦਾ ਪਤਾ ਨਾ ਹੋਵੇ ਅਤੇ ਲੋਕਾਂ ਤਕ ਲਿਖਤ ਵਿਚ ਅਪੜਨ ਦੀ ਥਾਂ ਇਹ ਆਵਾਜ਼ ਰਾਹੀਂ ਹੀ ਅਪੜੇ। ਬੈਲਡ ਦੇ ਸਾਰੇ ਲੱਛਣ ਸਾਡੇ ਉਸ ਕਾਵਿ ਰੂਪ ਉੱਤੇ, ਜਿਸ ਨੂੰ ਅਸੀਂ ਕਿੱਸਾ ਆਖਦੇ ਹਾਂ, ਨਹੀਂ ਢੁਕਦੇ। ਪਰ ਇਨ੍ਹਾਂ ਬੰਗਾਲੀ ਗੀਤਾਂ ਦਾ ਰੂਪ ਅਤੇ ਵਿਸ਼ਾ ਬਿਲਕੁਲ ਸਾਡੇ ਕਿੱਸਿਆਂ ਵਰਗਾ ਹੈ। ਇਸ ਲਈ ਮੈਂ ਇਸ ਪੁਸਤਕ ਦਾ ਨਾਂ 'ਬੰਗਾਲ ਦੇ ਕਿੱਸੇ' ਰੱਖਿਆ ਹੈ। ਸਾਡੇ ਕਿੱਸੇ ਵੀ ਲੋਕ-ਪ੍ਰਿਯ ਕਥਾਵਾਂ ਨੂੰ ਅਤੇ ਮਨ ਨੂੰ ਟੁੰਬਣ ਵਾਲੇ ਇਤਹਾਸ ਦੇ ਟੋਟਿਆਂ ਨੂੰ ਗੌਂ ਕੇ ਸੁਣਾਉਂਦੇ ਹਨ। ਪਰ ਇਨ੍ਹਾਂ ਬੰਗਾਲੀ ਕਿੱਸਿਆਂ ਤੋਂ ਉਨ੍ਹਾਂ ਦਾ ਵੱਡਾ ਫਰਕ ਇਹ ਹੈ ਕਿ ਉਹ ਮੁੱਢ ਤੋਂ ਹੀ ਲਿਖਤ ਵਿੱਚ ਮਿਲਦੇ ਰਹੇ ਹਨ ਅਤੇ ਸਾਡੇ ਪ੍ਰਮੁੱਖ ਕਵੀਆਂ ਦੀਆਂ ਰਚਨਾਵਾਂ ਹੋਣ ਕਰਕੇ ਉਨ੍ਹਾਂ ਦੇ ਕਰਤਾਵਾਂ ਦਾ ਹਰ ਕਿਸੇ ਨੂੰ ਪਤਾ ਹੈ। ਇਹ ਬੰਗਾਲੀ ਕਿੱਸੇ ਕਿੰਨੇ ਔਖ ਨਾਲ ਇਕੱਠੇ ਕਰਕੇ

ਠੀਕ ਤਰਤੀਬ ਵਿੱਚ ਲਿਆਂਦੇ ਗਏ, ਇਸ ਦਾ ਵਰਣਨ ਸ੍ਰੀ ਸੇਨ ਨੇ ਆਪਣੇ ਮੁਖ ਬਧ ਵਿੱਚ ਕੀਤਾ ਹੈ। ਬਸ ਡੁਬਦੇ ਨੂੰ ਬਚਾਉਣ ਵਾਲੀ ਗੱਲ ਸੀ। ਪਰ ਪੰਜਾਬੀ ਕਿੱਸਿਆਂ ਨੂੰ ਕੇਵਲ ਗੀਤਕਾਰਾਂ ਦੇ ਮੂੰਹੋਂ ਸੁਣ ਕੇ ਲਿਖਤ ਵਿਚ ਪ੍ਰੋਣ ਦੀ ਕਦੀ ਕਿਸੇ ਨੂੰ ਲੋੜ ਨਹੀਂ ਪਈ। ਉਹ ਸਦਾ ਲਿਖੇ ਲਿਖਾਏ ਜਾਂ ਛਪੇ ਛਪਾਏ ਮਿਲਦੇ ਰਹੇ ਹਨ।

ਡਾ. ਸੇਨ ਇਨ੍ਹਾਂ ਗੀਤਾਂ ਨੂੰ ਇਕ ਅਤਿ ਵੱਡਮੁਲਾ ਖ਼ਜ਼ਾਨਾ ਗਿਣਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਪੰਜਾਬੀ ਪਾਠਕ ਵੀ ਇਨ੍ਹਾਂ ਨੂੰ ਪੜ੍ਹ ਕੇ ਉਸ ਨਾਲ ਸਹਿਮਤ ਹੋਣਗੇ। ਬੰਗਾਲੀ ਜੀਵਨ ਦਾ ਜੋ ਅਨੁਭਵ ਇਨ੍ਹਾਂ ਕਿੱਸਿਆਂ ਵਿੱਚੋਂ ਮਿਲਦਾ ਹੈ ਉਹ ਹੋਰ ਕਿਧਰੋਂ ਮਿਲਣਾ ਔਖਾ ਹੈ। ਉਥੋਂ ਦੀਆਂ ਕਈ ਵਿਚੱਤਰ ਗੱਲਾਂ ਸਾਮ੍ਹਣੇ ਆਈਆਂ ਹਨ। ਦਰਿਆਵਾਂ ਦੀ ਗੱਲ ਹੀ ਲੈ ਲਉ। ਪੰਜਾਬ ਵਿੱਚ ਦਰਿਆ ਪਾਣੀ ਦਾ ਭੰਡਾਰ ਹੋਣ ਦੇ ਨਾਲ ਨਾਲ ਇਕ ਰੋਕ ਜਾਂ ਅਟਕਾ ਵੀ ਹੈ, ਜਿਸ ਨੂੰ ਪਾਰ ਕਰਨਾ ਪੈਂਦਾ ਹੈ। ਰਾਂਝਾ ਝਨਾਂ ਉੱਤੇ ਆ ਕੇ ਅਟਕ ਜਾਂਦਾ ਹੈ ਅਤੇ ਲੁੱਡਣ ਮਲਾਹ ਦੀ ਸਹਾਇਤਾ ਨਾਲ ਇਸ ਨੂੰ ਪਾਰ ਕਰਕੇ ਹੀਰ ਦੇ ਨਗਰ ਵਿਚ ਪ੍ਰਵੇਸ਼ ਕਰਦਾ ਹੈ। ਸੋਹਣੀ ਮਹੀਂ-ਵਾਲ ਨੂੰ ਮਿਲਣ ਲਈ ਤਰ ਕੇ ਝਨਾਂ ਪਾਰ ਕਰਦੀ ਹੈ। ਪਹਿਲਾਂ ਮਹੀਂਵਾਲ ਦਰਿਆ ਲੰਘ ਕੇ ਆਉਂਦਾ ਸੀ। ਹੀਰ ਨੇ ਬੇੜੀ ਦਰਿਆ ਵਿਚ ਸੈਰ ਕਰਨ ਲਈ ਰੱਖੀ ਹੋਈ ਹੈ. ਕਿਧਰੇ ਜਾਣ ਆਉਣ ਲਈ ਨਹੀਂ। ਦਰਿਆ ਪਾਰ ਕਰਨਾ ਏਨਾ ਰੱਟਾ ਸੀ ਕਿ ਉਰਾਰ ਪਾਰ ਦੇ ਇਲਾਕੇ ਵੱਖਰੇ ਵੱਖਰੇ ਦਿਸ ਆਉਂਦੇ ਸਨ। ਸਤਲੁਜ ਦੇ ਉਰਾਰ ਮਾਲਵਾ ਹੈ, ਪਾਰ ਦੁਆਬਾ। ਬਿਆਸ ਦੇ ਇਕ ਪਾਸੇ ਦੁਆਬਾ ਹੈ, ਦੂਜੇ ਪਾਸੇ ਮਾਝਾ। ਅੰਗਰੇਜ਼ੀ ਰਾਜ ਵਿਚ ਪੱਕੇ ਪੁਲ ਬਣਨ ਤੋਂ ਪਹਿਲਾਂ ਇਨ੍ਹਾਂ ਇਲਾਕਿਆਂ ਦੀ ਬੋਲੀ ਅਤੇ ਸਭਿਅਤਾ ਦਾ ਆਪੇ ਵਿਚ ਢੇਰ ਫਰਕ ਸੀ। ਨਿੱਕੇ ਜਿਹੇ (ਅਤੇ ਗਿਆਰ੍ਹਾਂ ਮਹੀਨੇ ਸੁੱਕੇ) ਦਰਿਆ ਘੱਗਰ ਨੂੰ ਵੀ ਗਰੀਅਰਸਨ ਨੇ ਪੰਜਾਬੀ ਭਾਸ਼ਾ ਦੀ ਹੱਦ ਆਖਿਆ।

ਪਰ ਬੰਗਾਲੀਆਂ ਲਈ ਦਰਿਆ ਉਨ੍ਹਾਂ ਨੂੰ ਆਪੇ ਵਿੱਚ ਜੋੜਨ ਦਾ ਸਾਧਨ ਹਨ। ਇਨ੍ਹਾਂ ਦਰਿਆਵਾਂ ਦੀ ਗਿਣਤੀ ਵੀ ਬਹੁਤ ਹੀ ਜ਼ਿਆਦਾ ਹੈ, ਕਿਧਰੇ ਜਾਣਾ ਹੋਵੇ ਦਰਿਆ ਵਿੱਚ ਬੇੜ੍ਹੀ ਠੇਲ੍ਹ ਲਉ। ਰਾਜੇ ਦੇ ਦਰਬਾਰ ਜਾਣਾ ਹੈ, ਬੇੜੀ ਵਿਚ ਜਾਉ, ਧੀ ਜੁਆਈ ਨੂੰ ਦੇਸ਼ ਨਿਕਾਲਾ ਦੇਣਾ ਹੈ, ਬੇੜੀ ਰਾਹੀਂ। ਕੋਈ ਇਸਤ੍ਰੀ ਉਧਾਲਣੀ ਹੈ ਤਾਂ ਮਿਰਜ਼ੇ ਵਾਂਗ ਘੋੜੀ ਦੀ ਲੋੜ ਨਹੀਂ, ਬੇੜੀ ਹੀ ਠੀਕ ਰਹੇਗੀ। ਜੇ ਮੰਜ਼ਲ ਸਿੱਧੀ ਦਰਿਆਏ-ਦਰਿਆ ਨ ਹੋਵੇ ਤਾਂ ਅੱਗੋਂ ਹਰ ਪਾਸੇ ਨੂੰ ਜਾਂਦੇ ਦਰਿਆ ਮਿਲਣਗੇ ਉਨ੍ਹਾਂ ਵਿੱਚੋਂ ਕਿਸੇ ਵਿੱਚ ਹੋ ਜਾਣਾ। ਅਜ ਤੋਂ ਕੋਈ ਸੌ ਸਾਲ ਪਹਿਲਾਂ ਜਦੋਂ ਪੰਜਾਬ ਦੀ ਸਰਹਿੰਦ ਨਹਿਰ ਪੁਟੀ ਗਈ ਤਾਂ ਇਸ ਉਤਲੇ ਪੁਲ ਬਹੁਤ ਉੱਚੇ ਉੱਚੇ ਬਣਾਏ ਗਏ ਤਾਂ ਜੋ ਹੇਠੋਂ ਵੱਡੀਆਂ ਵੱਡੀਆਂ ਬੇੜੀਆਂ ਲੰਘ ਸਕਣ। ਇਨ੍ਹਾਂ ਰਾਹੀਂ ਇਸ ਰਸਤੇ ਬਹੁਤ ਢੋਆ ਢੁਆਈ ਹੋਣ ਦੀ ਆਸ ਸੀ। ਪਰ ਪੰਜਾਬੀਆਂ ਤੋਂ ਇਹ ਆਸ ਪੂਰੀ ਨ ਹੋਈ। ਪਿੱਛੇ ਜਹੇ ਇਹ ਪੁਲ ਢਾਹ ਕੇ ਨੀਵੇਂ ਕਰ ਦਿੱਤੇ ਗਏ, ਕਿਉਂਕਿ ਬੇੜੀ ਤੇ ਵੱਡੀ ਜਾਂ ਛੋਟੀ ਕੋਈ ਲੰਘਦੀ ਨਹੀਂ ਸੀ ਪਰ ਉੱਚੇ ਪੁਲਾਂ ਦੇ ਉੱਤੋਂ ਦੀ ਗੱਡੇ ਖਿੱਚਦੇ ਢੱਗੇ ਹੰਭ ਜਾਂਦੇ ਸਨ।

ਇਸ ਤਰ੍ਹਾਂ ਹੀ ਇਕ ਹੋਰ ਡੂੰਘਾ ਅਨੁਭਵ ਜੋ ਇਹ ਪੁਸਤਕ ਪੜ੍ਹ ਕੇ ਹੁੰਦਾ ਹੈ ਉਹ ਦੇਵੀ

ਦੇਵਤਿਆਂ ਦੀ ਪੂਜਾ ਬਾਰੇ ਹੈ। ਪੰਜਾਬ ਦੇ ਲੋਕ ਸ਼ਾਇਦ ਬਾਕੀ ਸਾਰੇ ਭਾਰਤ ਨਾਲੋਂ ਵੱਧ, ਇਕ ਪਰਮਾਤਮਾ ਨੂੰ ਮੰਨਣ ਵਾਲੇ ਹਨ। ਇਸ ਲਈ ਦੇਵੀ ਦੇਵਤਿਆਂ ਦੀ ਪੂਜਾ ਦੀ ਉਨ੍ਹਾਂ ਨੂੰ ਕੋਈ ਡੂੰਘੀ ਸੋਝੀ ਨਹੀਂ। ਇਨ੍ਹਾਂ ਕਿੱਸਿਆਂ ਵਿਚ ਦੇਵੀਆਂ ਦੀ ਅਰਾਧਣਾ ਅਤੇ ਉਨ੍ਹਾਂ ਅੱਗੇ ਬਲੀ ਦੇਣ ਦੇ ਦ੍ਰਿਸ਼ ਆਮ ਆਉਂਦੇ ਹਨ। ਇਹ ਦ੍ਰਿਸ਼ ਸਾਨੂੰ ਉਨ੍ਹਾਂ ਲੋਕਾਂ ਦੀ ਆਤਮਾ ਵਿਚ ਝਾਤੀ ਪਵਾਂਦੇ ਹਨ। ਡਾ. ਸੇਨ ਲਿਖਦਾ ਹੈ ਕਿ ਜਿਨ੍ਹਾਂ ਦੇਵੀ ਦੇਵਤਿਆਂ ਦੀ ਬੰਗਾਲੀ ਹਿੰਦੂ ਪੂਜਾ ਕਰਦੇ ਹਨ, ਉਹ ਉੱਚੇ ਮਨੁਖੀ ਆਦ੍ਰਸ਼ਾਂ ਵਿੱਚੋਂ ਹੀ ਪੈਦਾ ਹੋਏ ਹਨ।

ਇਹ ਕਿੱਸੇ ਬੰਗਾਲ ਦੇ ਨਿਤ ਦੇ ਜੀਵਨ ਅਤੇ ਮਨੁਖੀ ਰਿਸ਼ਤਿਆਂ ਦਾ ਇਕ ਤਰ੍ਹਾਂ ਨਾਲ ਸ਼ੀਸ਼ਾ ਹਨ। ਕ੍ਰਿਸਾਨਾ ਜੀਵਨ ਅਤੇ ਇਸਤ੍ਰੀਆਂ ਦਾ ਚਿੱਤਰ ਖਾਸ ਤੌਰ ਤੇ ਬਹੁਤ ਉਭਰ ਕੇ ਸਾਮ੍ਹਣੇ ਆਉਂਦਾ ਹੈ। ਜੀਵਨ ਦੇ ਯਥਾਰਥਿਕ ਵਰਣਨ ਵਿੱਚ ਇਹ ਕਿੱਸੇ ਪੰਜਾਬੀ ਕਿੱਸਾ ਸਾਹਿਤ ਤੋਂ ਬਾਜ਼ੀ ਲੈ ਜਾਂਦੇ ਹਨ। ਸਾਡਾ ਕਿੱਸਾ ਸਾਹਿਤ ਵਿਦਵਾਨ ਕਵੀਆਂ ਦਾ ਰਚਿਆ ਹੋਇਆ ਹੈ, ਇਸ ਕਰਕੇ ਇਸ ਵਿੱਚ ਕਲਾਸਕੀ ਅੰਸ਼ ਵਧੇਰੇ ਹੈ। ਭਾਵ ਇਹ ਕਿ ਸਾਡੇ ਕਿੱਸਿਆ ਦੀ ਬਣਤਰ ਅਤੇ ਉਨ੍ਹਾਂ ਵਿਚਲਾ ਵਰਣਨ ਕਈ ਵਾਰੀ ਖਾਸ ਲੀਹਾਂ ਉਤੇ ਚੱਲਦਾ ਹੈ। ਉਦਾਹਰਣ ਵਜੋਂ, ਇਸਤ੍ਰੀ ਦੀ ਸੁੰਦਰਤਾ ਦਾ ਬਿਆਨ ਕਈਆਂ ਕਿੱਸਿਆਂ ਵਿੱਚ ਇਕੋ ਜਿਹਾ ਹੀ ਆਵੇਗਾ। ਪਰ ਇਹ ਬੰਗਾਲੀ ਕਿੱਸੇ ਜਿਹੜੇ ਪੇਂਡੂ ਕਵੀਆਂ ਨੇ ਲਿਖੇ ਹਨ ਅਨੁਭਵ ਦਾ ਸਾਦਾ ਅਤੇ ਸਿੱਧਾ ਪਰਗਟਾ ਹਨ। ਇਹ ਬਾਹਰੋਂ ਕੋਈ ਅਗਵਾਈ ਨਹੀਂ ਕਬੂਲਦੇ।

ਦੂਜੇ ਪਾਸੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਕਿੱਸੇ ਜਿਹੜੇ ਹੁਣ ਆਪਣੇ ਇਤਿਹਾਸਕ ਅਤੇ ਸਾਹਿਤਕ ਗੁਣਾਂ ਕਰਕੇ ਏਨੇ ਵੱਡਮੁਲੇ ਜਾਪਦੇ ਹਨ, ਉਸ ਵੇਲੇ ਦੇ ਸਾਹਿਤ ਵਿੱਚ ਆਪਣੀ ਥਾਂ ਨਾ ਬਣਾ ਸਕੇ ਅਤੇ ਕੇਵਲ ਗੌਣ ਵਾਲਿਆਂ ਦੀ ਸਮਗਰੀ ਹੀ ਬਣੇ ਰਹੇ। ਇਸ ਦੇ ਉਲਟ ਸਾਡਾ ਕਿੱਸਾ ਸਾਹਿਤ ਕਵਿਤਾ ਦਾ ਕੇਵਲ ਇਕ ਲੋਕ-ਪ੍ਰਿਯ ਰੂਪ ਹੀ ਨਹੀਂ ਸੀ ਸਗੋਂ ਇਕ ਪ੍ਰਧਾਨ ਪਰਦੇਸ਼ਕ ਰੂਪ ਵੀ ਸੀ ਜਿਸ ਵਿਚ ਜਨਤਾ ਦੇ ਹਰ ਵਰਗ ਕੋਲ ਜੋ ਵੀ ਖਿਆਲ ਹੈ ਸਨ ਉਹ ਬਿਆਨਦੇ ਰਹੇ। ਇਹ ਕੇਵਲ ਪੇਂਡੂ ਕਿਸਮ ਦਾ ਸਾਹਿਤ ਨਹੀਂ, ਸਗੋਂ ਉਤਮ ਕਿਸਮ ਦਾ ਸਾਹਿਤ ਹੈ।

ਇਹ ਗੱਲ ਦੋਹਾਂ ਪ੍ਰਦੇਸ਼ਾਂ ਦੇ ਕਿੱਸਿਆਂ ਬਾਰੇ ਸਾਂਝੀ ਹੈ ਕਿ ਇਨ੍ਹਾਂ ਨੂੰ ਘਰਾਂ ਵਿਚ ਆਦਰ ਨਹੀਂ ਸੀ ਮਿਲਦਾ। ਪੁਰਾਣੇ ਖਿਆਲਾਂ ਦੇ ਲੋਕਾਂ ਦਾ ਇਨ੍ਹਾਂ ਬਾਰੇ ਰਵਈਆ ਬੜਾ ਕਰੜਾ ਸੀ। ਡਾ. ਸੇਨ ਨੇ 'ਮਹੂਆ' ਨਾਂ ਦੇ ਪਹਿਲੇ ਕਿੱਸੇ ਬਾਰੇ ਲਿਖਿਆ ਹੈ ਕਿ "ਕੱਟਰ ਬ੍ਰਾਹਮਣਾਂ ਦੇ ਵਿਰੋਧ ਸਦਕਾ, ਜਿਹੜੇ ਇਸ ਨੂੰ ਕੁੜੀਆਂ ਦਾ ਚਲਣ ਖਰਾਬ ਕਰਨ ਵਾਲਾ ਸਮਝਦੇ ਹਨ, ਇਸ ਗੀਤ ਨੂੰ ਹੁਣ ਹਿੰਦੂ ਘਰਾਂ ਵਿਚ ਕਿਧਰੇ ਘੱਟ ਵੱਧ ਹੀ ਗਾਵਿਆ ਜਾਂਦਾ ਹੈ।" ਹੀਰ ਵਾਰਿਸ਼ ਸ਼ਾਹ ਬਾਰੇ ਵੀ ਸੁਣੀਂਦਾ ਹੈ ਕਿ ਜਦੋਂ ਇਸ ਸਦੀ ਦੇ ਤੀਜੇ ਦਹਾਕੇ ਦੇ ਅਖੀਰ ਵਿੱਚ ਇਸ ਨੂੰ ਪੰਜਾਬ ਯੂਨੀਵਰਸਿਟੀ ਦੇ ਗਿਆਨੀ ਦੇ ਇਮਤਿਹਾਨ ਦੇ ਕੋਰਸ ਵਿੱਚ ਲਾਉਣ ਦਾ ਸਵਾਲ ਆਇਆ ਤਾਂ ਪੰਜਾਬੀ ਬੋਰਡ ਵਿੱਚ ਇਸ ਗੱਲ ਦੀ ਕਰੜੀ ਵਿਰੋਧਤਾ ਹੋਈ, । ਇਕ ਮੈਂਬਰ ਨੇ ਕਿਹਾ ਕਿ ਪਹਿਲੀਆਂ ਵਿਚ ਜੇ ਇਕ ਕੁੜੀ ਨੇ ਆਪਣੇ ਨੌਕਰ ਨਾਲ ਪਿਆਰ ਪਾ ਲਿਆ ਤਾਂ ਇਸ ਵਿੱਚ

ਹੁਣ ਕੁੜੀਆਂ ਨੂੰ ਦੱਸਣ ਵਾਲੀ ਕਿਹੜੀ ਗੱਲ ਹੈ ? ਗਿਆਨੀ ਵਿੱਚ ਉਦੋਂ ਬਹੁਤੀਆਂ ਕੁੜੀਆਂ ਹੀ ਪੜ੍ਹਦੀਆਂ ਹੁੰਦੀਆਂ ਸਨ।

ਇਨ੍ਹਾਂ ਕਿੱਸਿਆਂ ਵਿਚਲੇ ਘਰ ਅਤੇ ਪਿੰਡ ਸਾਡੇ ਲਈ ਅਸਲੋਂ ਨਵੇਂ ਹਨ। ਸਾਡੇ ਘਰ ਮਿਟੀ ਜਾਂ ਇਟਾਂ ਦੇ ਬਣੇ ਹੁੰਦੇ ਹਨ ਅਤੇ ਇਕ ਦੂਜੇ ਨਾਲ ਇਸ ਤਰ੍ਹਾਂ ਜੁੜੇ ਹੋਏ ਹੁੰਦੇ ਹਨ ਕਿ ਕੋਠਿਉਂ ਕੋਠੇ ਸਾਰੇ ਪਿੰਡ ਫਿਰ ਲਈਦਾ ਹੈ। ਬੰਗਾਲੀ ਘਰ ਬੈਂਤ ਦੇ ਬਣਦੇ ਹਨ ਅਤੇ ਹਰ ਕਮਰੇ ਦੀ ਛੱਤ ਦੀ ਉਚਾਈ ਦਾ ਫਰਕ ਰੱਖ ਕੇ ਇਕ ਸੁੰਦਰ ਤਰਤੀਬ ਬਣਾਈ ਜਾਂਦੀ ਹੈ। ਇਹ ਇਕ ਦੂਜੇ ਤੋਂ ਬੜੇ ਹਟਵੇਂ ਹੁੰਦੇ ਹਨ ਅਤੇ ਸਾਡੇ ਪਿੰਡਾਂ ਵਾਲੀ ਸ਼ਕਲ ਨਹੀਂ ਬਣਦੀ। ਇਨ੍ਹਾਂ ਕਥਾਵਾਂ ਵਿਚਲੇ ਵਪਾਰੀ ਆਪਣੇ ਬਲ ਅਤੇ ਧਨ ਸਦਕਾ ਰਾਜਿਆਂ ਦਾ ਮੁਕਾਬਲਾ ਕਰਦੇ ਹਨ। ਸਾਡੇ ਮਨਾਂ ਵਿਚ ਸਾਡੇ ਇਤਿਹਾਸ ਸਦਕਾ, ਸਭ ਤੋਂ ਉਤਮ ਥਾਂ ਰਾਜੇ ਦੀ ਹੈ, ਉਸ ਤੋਂ ਹੇਠਾਂ ਵੱਡੇ ਜ਼ਿਮੀਦਾਰ ਜਰਨੈਲ ਆਦਿ ਆਉਂਦੇ ਹਨ। ਵਪਾਰੀ ਦੀ ਤਾਕਤ ਸਥਾਨਕ ਪਧਰ ਤੋਂ ਉੱਤੇ ਨਹੀਂ ਵੱਧਦੀ। ਬੰਗਾਲ ਦਾ ਉਸ ਸਮੇਂ ਦੱਖਣ ਪੂਰਬੀ ਏਸ਼ੀਆ ਦੇ ਸਾਰੇ ਦੇਸ਼ਾਂ ਨਾਲ ਭਾਰਾ ਸਮੁੰਦਰੀ ਵਪਾਰ ਚੱਲਦਾ ਸੀ। ਇਸ ਕਰਕੇ ਏਥੋਂ ਦੇ ਵਪਾਰੀ ਬੜੇ ਧਨਾਡ ਅਤੇ ਧਨਵਾਨ ਸਨ। ਉਨ੍ਹਾਂ ਅਤੇ ਉਨ੍ਹਾਂ ਦੀ ਆਲ ਉਲਾਦ ਬਾਰੇ ਇਸ ਤਰ੍ਹਾਂ ਹੀ ਕਹਾਣੀਆਂ ਚੱਲਦੀਆਂ ਸਨ ਜਿਵੇਂ ਹੋਰ ਸਾਹਿਤਾਂ ਵਿਚ ਰਾਜਿਆਂ, ਰਾਜਕੁਮਾਰਾਂ ਅਤੇ ਰਾਜਕੁਮਾਰੀਆਂ ਬਾਰੇ।

ਇਸ ਤਰ੍ਹਾਂ ਦੇ ਵਿਸਤਾਰ ਅਤੇ ਝਾਕੀਆਂ ਸਦਕਾ ਬੰਗਾਲ ਦਾ ਜੀਵਨ ਇਨ੍ਹਾਂ ਕਿੱਸਿਆਂ ਰਾਹੀਂ ਸਾਡੇ ਸਾਹਮਣੇ ਸਾਕਾਰ ਹੋ ਜਾਂਦਾ ਹੈ। ਇਹ ਜੀਵਨ ਝਾਕੀਆਂ ਹੀ ਇਨ੍ਹਾਂ ਦਾ ਅਸਲੀ ਮੁੱਲ ਹੈ।

ਭੂਮਿਕਾ

ਇਹ 1912-1914 ਦੇ ਸਾਲਾਂ ਦੀ ਗੱਲ ਹੈ ਜਦੋਂ ਮੈਮਿਨਸਿੰਗ ਜ਼ਿਲ੍ਹੇ ਦੀ ਇਕ ਸਥਾਨਕ ਪਤ੍ਰਿਕਾ 'ਸੌਰਭ' ਵਿੱਚ ਛਪੇ ਕੁਝ ਲੇਖਾਂ ਕਰਕੇ ਮੇਰਾ ਧਿਆਨ ਏਥੋਂ ਦੇ ਕਾਵਿਕ ਖਜ਼ਾਨੇ ਵੱਲ ਖਿੱਚਿਆ ਗਿਆ। ਇਹ ਲੇਖ ਚੰਦਰ ਕੁਮਾਰ ਡੇ ਨਾਂ ਦੇ ਇਕ ਆਦਮੀ ਨੇ ਲਿਖੇ, ਜਿਸ ਦੀ ਉਸ ਵੇਲੇ ਤਕ ਬੰਗਾਲੀ ਸਾਹਿਤ ਵਿਚ ਕੋਈ ਪ੍ਰਸਿਧੀ ਨਹੀਂ ਸੀ। ਇਨ੍ਹਾਂ ਲੇਖਾਂ ਦੀ ਬੰਗਾਲੀ ਸ਼ੈਲੀ ਮੈਨੂੰ ਬਹੁਤ ਚੰਗੀ ਲੱਗੀ ਅਤੇ ਕਰਤਾ ਇਕ ਹੋਣਹਾਰ ਲੇਖਕ ਜਾਪਿਆ। ਪਰ ਸਭ ਤੋਂ ਵੱਡੀ ਗੱਲ ਇਹ ਸੀ ਕਿ ਉਸ ਨੂੰ ਇਸ ਜ਼ਿਲੇ ਦੇ ਪੇਂਡੂ ਗੀਤਾਂ ਦੀ ਸੁੰਦ੍ਰਤਾ ਦਾ ਡੂੰਘਾ ਅਨੁਭਵ ਸੀ।

ਫਿਰ ਮੈਂ ਇਸ ਪਤ੍ਰਿਕਾ ਦੇ ਪਿੱਛਲੇ ਅੰਕ ਲੱਭਣੇ ਅਰੰਭੇ ਅਤੇ ਅੱਗੋਂ ਤੋਂ ਇਸ ਵਿੱਚ ਛਪੇ ਚੰਦਰ ਕੁਮਾਰ ਦੇ ਲੇਖਾਂ ਦਾ ਪੱਕਾ ਪਾਠਕ ਬਣ ਗਿਆ। ਪਰ ਉਸ ਵੱਲੋਂ ਦਿੱਤੇ ਸੰਖੇਪ ਬ੍ਰਿਤਾਂਤ ਅਤੇ ਗੀਤਾਂ ਦੇ ਟੋਟੇ ਮੇਰੀ ਭੁੱਖ ਨ ਮਿਟਾ ਸਕੇ। ਮੈਂ ਮੂਲ ਕਵਿਤਾਵਾਂ ਵੇਖਣੀਆਂ ਚਾਹੁੰਦਾ ਸਾਂ। ਮੈਂ 'ਸੌਰਭ' ਦੇ ਸੰਪਾਦਿਕ ਨੂੰ ਉਸ ਬਾਰੇ ਪੁੱਛਣ ਲਈ ਲਿਖਿਆ। ਉਸ ਨੇ ਦਸਿਆ ਕਿ ਚੰਦਰ ਕੁਮਾਰ ਇਕ ਬਹੁਤ ਘੱਟ ਪੜ੍ਹਿਆ ਹੋਇਆ ਆਦਮੀ ਸੀ, ਪਰ ਵਧੀਆ ਸਾਹਿਤਕ ਗੁਣਾਂ ਦਾ ਮਾਲਕ ਸੀ। ਉਹ ਏਨਾ ਗਰੀਬ ਸੀ ਕਿ ਉਹ ਅਤੇ ਉਸ ਦੀ ਪਤਨੀ ਸਾਲ ਵਿਚ ਕਈ ਦਿਨ ਰੋਟੀ ਤੋਂ ਬਿਨਾਂ ਲੰਘਾਂਦੇ। ਮੈਨੂੰ ਇਹ ਵੀ ਦਸਿਆ ਗਿਆ ਕਿ ਉਸ ਸਮੇਂ ਉਹ ਇਕ ਦਿਮਾਗੀ ਅਹੁਰ ਵਿਚ ਫਸਿਆ ਹੋਇਆ ਹੈ।

ਸਾਲ 1919 ਦੇ ਅੱਧ ਵਿੱਚ ਮੈਂ ਸੁਣਿਆ ਕਿ ਚੰਦਰ ਕੁਮਾਰ ਕੁਝ ਠੀਕ ਹੋ ਗਿਆ ਹੈ ਅਤੇ ਹੋਰ ਇਲਾਜ ਲਈ ਉਹ ਕਲਕੱਤੇ ਆਉਣਾ ਚਾਹੁੰਦਾ ਹੈ। ਮੈਂ ਉਸ ਨੂੰ ਇਕ ਚਿੱਠੀ ਲਿਖ ਕੇ ਉਸ ਦੀ ਪ੍ਰਸ਼ੰਸਾ ਕੀਤੀ ਅਤੇ ਨਾਲ ਹੀ ਇਹ ਵੀ ਲਿਖਿਆ ਕਿ ਜਦੋਂ ਉਹ ਕਲਕੱਤੇ ਆਵੇ ਤਾਂ ਮੈਨੂੰ ਮਿਲੇ। ਉਸ ਨੇ ਮੇਰਾ ਧੰਨਵਾਦ ਕੀਤਾ ਅਤੇ ਨਾਲ ਹੀ ਆਪਣੀ ਤਰਸਯੋਗ

ਹਾਲਤ ਦਾ ਵਰਣਨ ਕੀਤਾ। ਉਸ ਲਿਖਿਆ ਕਿ ਉਹ ਏਨਾ ਗਰੀਬ ਹੈ ਕਿ ਉਸ ਨੂੰ ਮੈਮਿਨਸਿਗ ਤੋਂ ਕਲਕੱਤੇ ਦਾ ਭਾੜਾ ਦੇਣ ਲਈ ਆਪਣੀ ਵਹੁਟੀ ਦੇ ਸਾਰੇ ਦੇ ਸਾਰੇ ਚਾਂਦੀ ਦੇ ਗਹਿਣੇ ਵੇਚਣੇ ਪਏ ਹਨ ।

ਜਦੋਂ ਉਹ ਕਲਕੱਤੇ ਆਇਆ ਤਾਂ ਮੈਂ ਵੇਖਿਆ ਕਿ ਉਹ ਤੀਹ ਕੁ ਸਾਲਾਂ ਦਾ ਮਾੜੂਆ, ਬੀਮਾਰ ਜਿਹਾ ਆਦਮੀ ਹੈ । ਮੈਂ ਕੁਝ ਲੋਕਾਂ ਦੀ ਸਹਾਇਤਾ ਨਾਲ ਉਸ ਦੇ ਇਲਾਜ ਅਤੇ ਰਹਿਣ ਦਾ ਪ੍ਰਬੰਧ ਕਰ ਦਿੱਤਾ ।

ਆਪਣੇ ਦੇਸ਼ ਦੇ ਗੀਤਾਂ ਦੇ ਖਜ਼ਾਨੇ ਨੂੰ ਜਿਸ ਆਦਮੀ ਨੇ ਸਭ ਤੋਂ ਪਹਿਲਾਂ ਲੱਭਿਆ ਉਹ ਇਕ ਗਰੀਬ ਘਰ ਵਿੱਚ ਜਨਮਿਆ ਸੀ। ਜਿਥੋਂ ਉਸ ਦਾ ਪਿਤਾ ਆਪਣੀ ਗਰੀਬੀ ਕਰਕੇ ਉਸ ਨੂੰ ਸਕੂਲੋਂ ਘੱਲਣ ਤੋਂ ਵੀ ਅਸਮਰਥ ਸੀ। ਪਿੰਡ ਦੀ ਪਾਠਸ਼ਾਲਾ ਵਿੱਚੋਂ ਉਸ ਨੇ ਬੰਗਾਲੀ ਦੀ ਵਰਨਮਾਲਾ ਸਿਖੀ। ਉਸ ਦੀ ਮਾਤਾ ਛੋਟੇ ਹੁੰਦਿਆਂ ਹੀ ਪੂਰੀ ਹੋ ਗਈ ਸੀ ਅਤੇ ਪਿੱਛੋਂ ਪਿੰਡ ਦੇ ਜ਼ਿਮੀਦਾਰ ਨੇ ਉਨ੍ਹਾਂ ਦੀ ਜਿਹੜੀ ਥੋੜੀ ਜਿਹੀ ਜ਼ਮੀਨ ਸੀ ਉਹ ਵੀ ਖੋਹ ਲਈ। ਉਸ ਦੇ ਪਿਤਾ ਨੂੰ ਜੀਵਕਾ ਦੇ ਇਸ ਸਾਧਨ ਦੇ ਖੁਸ ਜਾਣ ਦਾ ਏਨਾ ਧੱਕਾ ਲੱਗਾ ਕਿ ਉਹ ਵੀ ਇਸ ਦੁਖੋਂ ਮਰ ਗਿਆ । ਚੰਦਰ ਕੁਮਾਰ ਨੇ ਪਿੰਡ ਦੀ ਇਕ ਕਿਰਿਆਨੇ ਦੀ ਦੁਕਾਨ ਉਤੇ ਇਕ ਰੁਪਏ ਮਹੀਨੇ ਉੱਤੇ ਨੌਕਰੀ ਕਰ ਲਈ ਪਰ ਕੰਮ ਨ ਕਰ ਸਕਣ ਦਾ ਅਤੇ ਅਨਗਹਿਲੀ ਦਾ ਦੋਸ਼ ਲਾ ਕੇ ਉਸ ਨੂੰ ਉਥੋਂ ਵੀ ਕੱਢ ਦਿੱਤਾ ਗਿਆ। ਫਿਰ ਇਕ ਜ਼ਿਮੀਦਾਰ ਨੇ ਉਸ ਨੂੰ ਜ਼ਮੀਨ ਦਾ ਠੇਕਾ ਉਗ- ਰਾਹੁਣ ਲਈ ਦੋ ਰੁਪਏ ਮਹੀਨੇ ਉਤੇ ਨੌਕਰ ਰੱਖ ਲਿਆ। ਇਸ ਨੌਕਰੀ ਵਿਚ ਉਸ ਦਾ ਕੁਝ ਪਿੰਡਾਂ ਦੇ ਕ੍ਰਿਸਾਨਾਂ ਨਾਲ ਸਿੱਧਾ ਵਾਹ ਪਿਆ। ਉਹ ਬਾਰਾਮਾਹੇ ਗੀਤ ਅਤੇ ਹੋਰ ਕਿੱਸੇ ਗਾਉਂਦੇ ਸਨ ਜਿਹੜੇ ਪਹਿਲਾਂ ਕਦੀ ਲਿਖਤ ਵਿੱਚ ਨਹੀਂ ਆਏ ਸਨ, ਸਗੋਂ ਜ਼ਬਾਨੀ ਗੌਂ ਗੌਂ ਕੇ ਅਤੇ ਸੁਣਾ ਸੁਣਾ ਕੇ ਪੀੜ੍ਹੀਓ ਪੀੜ੍ਹੀ ਜੀਉਂਦੇ ਰੱਖੇ ਗਏ ਸਨ। ਉਸ ਨੇ ਆਪਣੇ ਜਤਨਾਂ ਨਾਲ ਬੰਗਾਲੀ ਭਾਸ਼ਾ ਸਿੱਖੀ ਅਤੇ ਇਨ੍ਹਾਂ ਗੀਤਾਂ ਦੇ ਵਿਸ਼ੇ ਉਤੇ ਕੁਝ ਦਿਲਚਪਸ ਲੇਖ ਲਿਖੇ। ਸੰਪਾਦਕ ਨੇ ਉਸ ਨੂੰ ਉਤਸ਼ਾਹ ਦਿੱਤਾ ਅਤੇ ਇਕ ਹੋਰ ਜ਼ਿਮੀਦਾਰ ਨੇ ਉਸ ਨੂੰ ਆਪਣੇ ਕੋਲ ਅਠ ਰੁਪਏ ਮਹੀਨੇ ਉਤੇ ਕਲਰਕ ਰੱਖ ਲਿਆ। ਇਨ੍ਹਾਂ ਦਿਨਾਂ ਵਿਚ ਹੀ ਉਸ ਨੂੰ ਪੇਚਸ਼ ਦੀ ਬੀਮਾਰੀ ਹੋ ਗਈ ਅਤੇ ਇਕ ਪੇਂਡੂ ਨੀਮ ਹਕੀਮ ਨੇ ਉਸ ਨੂੰ ਕੁਝ ਦਵਾਈਆਂ ਦਿੱਤੀਆਂ ਜਿਨ੍ਹਾਂ ਸਦਕਾ ਉਹ ਸੁਦਾਈ ਹੋ ਗਿਆ। ਦੋ ਸਾਲ ਉਹ ਸ਼ੁਦਾਈ ਜਿਹਾ ਰਿਹਾ ।

ਜਦੋਂ ਅਗਸਤ ਵਿੱਚ ਮੈਂ ਚੰਦਰ ਕੁਮਾਰ ਨੂੰ ਮਿਲਿਆ ਤਾਂ ਮੈਂ ਉਸ ਤੋਂ ਪੁੱਛਿਆ ਕਿ ਕੀ ਉਹ ਆਪਣੇ ਜ਼ਿਲੇ ਦੇ ਗੀਤ ਅਤੇ ਕਿੱਸੇ ਇਕੱਠੇ ਕਰਨ ਵਿੱਚ ਮੇਰੀ ਸਹਾਇਤਾ ਕਰ ਸਕਦਾ ਹੈ, ਉਸ ਨੇ ਮੈਨੂੰ ਦੱਸਿਆ ਕਿ ਇਸ ਪਾਸੇ ਸਫਲਤਾ ਬੜੀ ਕਠਨ ਹੈ। ਆਮ ਕਰਕੇ ਇਹ ਗੀਤ ਲਿਖਤ ਵਿੱਚ ਨਹੀਂ ਆਏ ਸਨ। ਕਿਸੇ ਕਵਿਤਾ ਦੇ ਇਕੇ ਦੁੱਕੇ ਹਿੱਸੇ ਪੇਂਡੂ ਗਵਯੀਆਂ ਤੋਂ ਇਕੱਠੇ ਕਰਨੇ ਪੈਂਦੇ ਸਨ, ਜਿਨ੍ਹਾਂ ਦੇ ਵਡਿਕੇ ਪਿਛਲੇ ਸਮਿਆਂ ਵਿੱਚ ਇਨ੍ਹਾਂ ਕਵਿਤਾਵਾਂ ਨੂੰ ਸੰਭਾਲਣ ਵਾਲੇ ਸਨ। ਮੈਂ ਉਸ ਨੂੰ ਮਾਇਕ ਸਹਾਇਤਾ ਦਾ ਬਚਨ ਦਿੱਤਾ ਅਤੇ ਵਾਪਸ ਘਰ ਜਾ ਕੇ ਉਸ ਮੈਨੂੰ ਗੀਤ ਘਲਣੇ ਆਰੰਭ ਦਿੱਤੇ।

ਇਹ ਬੜਾ ਔਕੜਾਂ ਭਰਿਆ ਕੰਮ ਸੀ ਜਿਹੜਾ ਮੈਂ ਚੰਦਰ ਕੁਮਾਰ ਨੂੰ ਦਿੱਤਾ। ਕਮਜ਼ੋਰ ਸਿਹਤ ਨਾਲ ਉਸ ਨੂੰ ਆਪਣੇ ਜ਼ਿਲੇ ਦੇ ਦਲਦਲੇ ਇਲਾਕੇ ਵਿੱਚ ਫਿਰਨਾ ਪੈਂਦਾ ਤਾਂ ਜੋ ਉਹ ਪੇਸ਼ਾਵਰ ਗਵਯੀਆਂ ਨੂੰ ਮਿਲ ਸਕੇ। ਬਹੁਤੀ ਵਾਰੀ ਤਾਂ ਉਹ ਆਪਣੇ ਗੀਤਾਂ ਬਾਰੇ ਚੁਪ ਸਾਧ ਲੈਂਦੇ । ਉਹ ਇਨ੍ਹਾਂ ਨੂੰ ਆਪਣੇ ਘਰਾਣੇ ਤੋਂ ਬਾਹਰ ਨਹੀਂ ਜਾਣ ਦੇਣਾ ਚਾਹੁੰਦੇ ਸਨ । ਇਨ੍ਹਾਂ ਕਵਿਤਾਵਾਂ ਨੂੰ ਕੋਈ ਚੰਦਰ ਕੁਮਾਰ ਵਰਗਾ ਪੁਰਸ਼ ਹੀ ਇਕੱਠਾ ਕਰ ਸਕਦਾ ਸੀ, ਜਿਸ ਨੂੰ ਇਨ੍ਹਾਂ ਨਾਲ ਸੱਚੀਂ ਮੁੱਚੀਂ ਦਾ ਮੋਹ ਸੀ ਅਤੇ ਜਿਸ ਵਿੱਚ ਆਪਣੇ ਦੇਸ਼ ਦੇ ਸਾਹਿਤ ਦੇ ਇਹ ਰੁਲੇ ਹੋਏ ਮੋਤੀ ਸੰਭਾਲਣ ਲਈ ਦੇਸ਼ ਪਿਆਰ ਦੀ ਭਾਵਨਾ ਕੰਮ ਕਰ ਰਹੀ ਸੀ।

ਅਸੂਤੋਸ਼ ਮੁਕਰਜੀ, ਜਿਨ੍ਹਾਂ ਦਾ ਬੰਗਾਲੀ ਸਾਹਿਤ ਨੂੰ ਉੱਨਤ ਕਰਨ ਲਈ ਉਤਸ਼ਾਹ ਪ੍ਰਸਿਧ ਹੈ, ਦੇ ਜਤਨਾਂ ਸਦਕਾ ਕਲਕੱਤਾ ਯੂਨੀਵਰਸਿਟੀ ਨੇ ਥੋੜੀ ਜਿਹੀ ਤਨਖਾਹ ਉਤੇ ਚੰਦਰ ਕੁਮਾਰ ਨੂੰ ਇਕ ਨੌਕਰੀ ਦੇ ਦਿੱਤੀ ਤਾਂ ਜੋ ਉਹ ਸਾਲ ਦੇ ਬਾਰਾਂ ਮਹੀਨੇ ਇਹ ਕੰਮ ਕਰਦਾ ਰਹਿ ਸਕੇ। ਆਪਣੀ ਖਰਾਬ ਸਿਹਤ ਕਰਕੇ ਉਹ ਇਹ ਨੌਕਰੀ ਲੈਣ ਤੋਂ ਡਰਦਾ ਸੀ ਪਰ ਮੇਰੇ ਇਹ ਵਿਸ਼ਵਾਸ ਦਿਵਾਉਣ ਉਤੇ ਕਿ ਜੇ ਉਹ ਬਿਮਾਰ ਹੋ ਗਿਆ ਤਾਂ ਯੂਨੀਵਰਸਿਟੀ ਕੋਈ ਕਾਰਵਾਈ ਨਹੀਂ ਕਰੇਗੀ, ਉਹ ਮੰਨ ਗਿਆ। ਇਸ ਤਨਖਾਹ ਵਿੱਚ ਉਸ ਦਾ ਸਫਰ ਖਰਚ ਅਤੇ ਕਵਿਤਾਵਾਂ ਇਕੱਠੀਆਂ ਕਰਨ ਦਾ ਹੋਰ ਸੰਬੰਧਤ ਖਰਚ ਵੀ ਸ਼ਾਮਲ ਸੀ। ਇਸ ਵੇਲੇ ਤਕ ਉਸ ਨੂੰ ਕੰਮ ਕਰਦਿਆਂ ਦੋ ਕੁ ਸਾਲ ਹੋ ਗਏ ਹਨ।

ਬਾਬੂ ਚੰਦਰ ਕੁਮਾਰ ਨੇ ਇਸ ਵੇਲੇ ਤਕ ਮੈਮਿਨਸਿੰਗ ਅਤੇ ਸਿਲਹਟ ਜ਼ਿਲਿਆਂ ਦੇ ਕਈ ਪਿੰਡ ਭਵੇਂ ਹਨ, ਜਿਨ੍ਹਾਂ ਵਿੱਚੋਂ ਉਸ ਨੂੰ ਇਨ੍ਹਾਂ ਕਵਿਤਾਵਾਂ ਦੇ ਭਾਗ ਮਿਲੇ ਹਨ ਜਿਹੜੇ ਥਾਂ ਸਿਰ ਰੱਖ ਕੇ ਉਸ ਨੇ ਇਹ ਪੂਰੀਆਂ ਕਵਿਤਾਵਾਂ ਖੜੀਆਂ ਕੀਤੀਆਂ ਹਨ। ਆਪਣੇ ਪਿੰਡ ਤੋਂ 30 ਮਈ, 1921 ਨੂੰ ਲਿਖੀ ਇਕ ਚਿੱਠੀ ਵਿੱਚ ਉਸ ਨੇ ਲਿਖਿਆ :—

"ਇਕ ਵੱਡੀ ਔਕੜ ਇਹ ਹੈ ਕਿ ਇਸ ਜ਼ਿਲ੍ਹੇ ਵਿੱਚ ਇਕ ਵੀ ਗਵਈਯਾ ਅਜਿਹਾ ਨਹੀਂ ਜਿਹੜਾ ਇਕ ਪੂਰੀ ਪੂਰੀ ਕਵਿਤਾ ਜਾਣਦਾ ਹੋਵੇ । ਇਹ ਬਹੁਤ ਸਾਰੇ ਬੰਦਿਆਂ ਤੋਂ ਇਕੱਠੀ ਕਰਨੀ ਪੈਂਦੀ ਹੈ ਜਿਹੜੇ ਇਕ ਦੂਜੇ ਤੋਂ ਦੂਰ ਦੂਰ ਰਹਿੰਦੇ ਹਨ ਅਤੇ ਇਕ ਪੂਰੀ ਕਵਿਤਾ ਲਈ ਵੀ ਲੰਮਾ ਪੰਧ ਕਰਨਾ ਪੈਂਦਾ ਹੈ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਇਕ ਲੰਮੇ ਅਤੇ ਔਖੇ ਸਫ਼ਰ ਪਿਛੋਂ ਜਿਸ ਆਦਮੀ ਦੀ ਭਾਲ ਵਿੱਚ ਅੱਪੜੀਂ ਦਾ ਹੈ ਉਹ ਆਪਣੀ ਥਾਂ ਉਤੇ ਲੱਭਦਾ ਹੀ ਨਹੀਂ ਜਾਂ ਉਸ ਦੇ ਉਹ ਕਵਿਤਾ ਜਾਨਣ ਦੀ ਸੋਅ ਝੂਠੀ ਨਿਕਲਦੀ ਹੈ। ਅਗਾਊਂ ਸਮਾਂ ਮਿਥ ਲੈਣਾ ਵੀ ਅਸੰਭਵ ਹੁੰਦਾ ਹੈ। ਗਵਈਯਾਂ ਨੂੰ, ਬਿਨਾਂ ਦੱਸੇ, ਜਿਥੇ ਉਹ ਹੋਣ ਉਥੇ ਹੀ ਜਾ ਪੈਣਾ ਹੁੰਦਾ ਹੈ ਕਿਉਂਕਿ ਗੀਤ ਮੰਗਣ ਆਏ ਲੋਕਾਂ ਤੋਂ ਉਹ ਰਾਹ ਵਲਾਉਣਾ ਚਾਹੁੰਦੇ ਹਨ।"

ਕਈ ਵਾਰ ਉਸ ਨੂੰ ਪੈਂਤੀ ਚਾਲੀ ਮੀਲ ਪੈਰੀਂ ਟੁਰਨਾ ਪੈਂਦਾ। ਪਿੰਡਾਂ ਦੀਆਂ ਸੜਕਾਂ ਕੱਚੀਆਂ ਹੋਣ ਕਰਕੇ ਕਿਸੇ ਕਿਸਮ ਦੇ ਟਾਂਗੇ ਗੱਡੀ ਦੇ ਯੋਗ ਨਹੀਂ ਸਨ ਅਤੇ ਕੋਈ ਵੀ ਸਵਾਰੀ ਨਹੀਂ ਮਿਲਦੀ ਸੀ। ਮਈ 1921 ਵਿੱਚ ਗੱਡੀਆਂ ਦੀ ਹੜਤਾਲ ਕਰਕੇ ਉਸ ਨੂੰ ਹੋਰ ਵੀ ਦੁਖ ਸਹਿਣਾ ਪਿਆ। ਇਸ ਔਖੇ ਕੰਮ ਵਿੱਚ ਲੱਗਿਆਂ ਉਸਦਾ ਗ਼ਰੀਬੀ ਨਾਲ ਸਦਾ ਮੱਥਾ ਲੱਗਾ

ਰਹਿੰਦਾ। ਕੁਝ ਚਿਰ ਹੋਇਆ ਉਸ ਨੇ ਮੈਨੂੰ ਲਿਖਿਆ :

"ਮੇਰਾ ਆਪਣਾ ਕੋਈ ਘਰ ਨਹੀਂ, ਮੈਂ ਆਪਣੀ ਪਤਨੀ ਸਮੇਤ ਕਿਸੇ ਹੋਰ ਦੇ ਘਰ ਰਹਿੰਦਾ ਹਾਂ।" ਕੋਈ ਵਿਰਲਾ ਹੀ ਬੰਗਾਲੀ ਹੋਵੇਗਾ ਜਿਸ ਕੋਲ ਆਪਣਾ ਘਰ ਆਖਣ ਲਈ ਇਕ ਦੋ ਛੱਪਰ ਨ ਹੋਣ । ਇਸ ਤਰ੍ਹਾਂ ਗਰੀਬੀ, ਬੀਮਾਰੀ ਅਤੇ ਘਰ ਦੇ ਦੁਖਾਂ ਫਿਕਰਾਂ ਨਾਲ ਘੁਲਦਿਆਂ ਉਸ ਨੇ ਸਾਹਿਤ ਦੀ ਬੜੀ ਭਾਰੀ ਸੇਵਾ ਕੀਤੀ ਹੈ, ਉਹ ਅਜਿਹਾ ਖਜ਼ਾਨਾ ਲੱਭਣ ਵਿੱਚ ਸਹਾਈ ਹੋਇਆ ਹੈ ਜਿਹੜਾ ਸਾਡੇ ਸਾਹਿਤ ਵਿੱਚ ਅਦੁਤੀ ਸਾਬਤ ਹੋਵੇਗਾ । ਜਿਹੜੇ ਗੀਤ ਅਤੇ ਕਿੱਸੇ ਉਸ ਨੇ ਮੈਨੂੰ ਘੱਲੇ ਹਨ ਉਨ੍ਹਾਂ ਦੀ ਭਾਵੇਂ ਕਿੰਨੀ ਉਸਤਤ ਕਰੀਏ, ਉਹ ਵਾਧੂ ਨਹੀਂ ਹੋਵੇਗੀ। ਹੁਣ ਤਕ ਵੱਖ ਵੱਖ ਕਿੱਸਿਆਂ ਦੀਆਂ ਸਾਨੂੰ ਕੁਲ 17297 ਪੰਕਤੀਆਂ ਮਿਲੀਆਂ ਹਨ। ਜੇ ਇਹ ਸਾਰੀਆਂ ਸੋਨਾ ਹੁੰਦੀਆਂ ਤਾਂ ਮੈਂ ਇਸ ਤੋਂ ਵੱਧ ਖੁਸ਼ ਨਹੀਂ ਸੀ ਹੋਣਾ। ਇਹ ਸਿੱਧੇ ਸਾਦੇ ਗੀਤ ਜਿਨ੍ਹਾਂ ਨੂੰ ਹਿੰਦੂ ਅਤੇ ਮੁਸਲਮਾਨ ਕ੍ਰਿਸਾਨਾਂ ਨੇ ਰਚਿਆ ਹੈ ਕਵਿਤਾ ਦਾ ਅਸਲੀ ਦਿਲ ਵਿਖਾਂਦੇ ਹਨ ਅਤੇ ਇਨ੍ਹਾਂ ਵਿੱਚੋਂ ਕੁਝ ਤਾਂ ਸਾਡੇ ਸਾਹਿਤ ਦੇ ਅਤਿ ਸੁੰਦਰ ਵੈਸ਼ਨਵ ਗੀਤਾਂ ਤੋਂ ਹੀ ਹੇਠਾਂ ਹਨ।

2. ਪੂਰਬੀ ਮੈਮਨਸਿੰਗ

ਉਸ ਵੇਲੇ ਦਾ ਪੂਰਬੀ ਮੈਮਨਸਿੰਗ ਜਿਨ੍ਹਾਂ ਛੋਟੇ ਰਾਜਿਆਂ ਅਤੇ ਕਬੀਲਿਆਂ ਦੇ ਅਧੀਨ ਸੀ, ਉਨ੍ਹਾਂ ਦੀ ਸਭਿਅਤਾ ਉਸ ਵੇਲੇ ਦੀ ਬ੍ਰਾਹਮਣ ਜਾਗ੍ਰਤੀ ਦੀ ਸਭਿਅਤਾ ਤੋਂ ਭਿੰਨ ਸੀ। ਇਹ ਨੀਮ-ਆਰੀਆ ਕਬੀਲੇ ਬੜੇ ਬਲਵਾਨ ਪਰ ਅਮਨ ਪਸੰਦ ਸਨ ਅਤੇ ਕਲਾ ਅਤੇ ਸਾਹਿਤ ਨੂੰ ਪਿਆਰ ਕਰਦੇ ਸਨ। ਉਨ੍ਹਾਂ ਦੇ ਉਤਸਾਹ ਸਦਕਾ ਹੀ ਢਾਕੇ ਦੀ ਮਲਮਲ ਨੇ ਏਨੀ ਉਤਮਤਾ ਅਤੇ ਪ੍ਰਸਿਧਤਾ ਪ੍ਰਾਪਤ ਕੀਤੀ। ਉਹ ਬੜੇ ਵਡੇ ਵਪਾਰੀ ਸਨ ਅਤੇ ਧਾਰਮਿਕ ਮਾਮਲਿਆਂ ਵਿਚ ਉਨ੍ਹਾਂ ਦੇ ਵਿਚਾਰ ਬੜੇ ਖੁਲ੍ਹੇ ਸਨ। ਨੇੜੇ ਦੇ ਇਲਾਕੇ ਦਾ ਬ੍ਰਾਹਮਣ-ਮਤ ਈਸ਼ਵਰ ਭਗਤੀ ਉੱਤੇ ਬੜਾ ਜ਼ੋਰ ਦੇਂਦਾ ਸੀ ਅਤੇ ਮਨੁਖ ਦੇ ਕਰਮ ਨੂੰ ਬਿਲਕੁਲ ਹੀ ਅੱਖੋਂ ਉਹਲੇ ਕਰਦਾ ਸੀ। ਬ੍ਰਾਹਮਣ ਏਥੋਂ ਤਕ ਆਖਦੇ ਸਨ ਕਿ ਮਨੁਖ ਜੀਵਨ ਵਿਚ ਏਨੇ ਪਾਪ ਨਹੀਂ ਕਰ ਸਕਦਾ ਜਿੰਨੇ ਸਚੇ ਭਗਤੀ ਭਾਵ ਵਿਚ ਇਕ ਵਾਰ ਪਰਮਾਤਮਾ ਦਾ ਨਾਂ ਲਿਆਂ ਉਤਰ ਨ ਜਾਣ । ਇਸ ਤਰ੍ਹਾਂ ਭਗਤੀ ਉੱਤੇ ਜ਼ੋਰ ਦੇ ਕੇ ਉਹ ਧਰਮ ਦੇ ਨੇਕ ਚਲਨ ਵਾਲੇ ਪਾਸੇ ਵਲ ਉਕਾ ਹੀ ਧਿਆਨ ਨਹੀਂ ਦੇਂਦੇ ਸਨ ਜਿਸ ਤੋਂ ਬਿਨਾਂ ਸਮਾਜਕ ਜੀਵਨ ਦੀ ਮਸ਼ੀਨ ਚਲ ਨਹੀਂ ਸਕਦੀ । ਬ੍ਰਾਹਮਣਾਂ ਨੇ ਅਠਾਂ ਸਾਲਾਂ ਦੀਆਂ ਕੁੜੀਆਂ ਦੇ ਵਿਆਹ ਦੇ ਨਿਯਮ ਬਣਾਏ, ਅਤੇ ਵਰ ਅਤੇ ਕੰਨਿਆਂ ਦੀ ਆਪਸੀ ਚੋਣ ਲਈ ਕੋਈ ਥਾਂ ਨ ਰਹਿਣ ਦਿਤੀ। ਉਨ੍ਹਾਂ ਨੇ ਰੋਟੀ ਖਾਣ ਬਾਰੇ, ਵਰਤ ਰਖਣ ਬਾਰੇ ਅਤੇ ਜਗਰਾਤੇ ਕਟਣ ਬਾਰੇ ਕਰੜੇ ਨਿਯਮ ਬਣਾਏ । ਇਹ ਗੱਲਾਂ ਨਿਰੋਲ ਧਾਰਮਿਕ ਉਦੇਸ਼ਾਂ ਲਈ ਭਾਵੇਂ ਜ਼ਰੂਰੀ ਹੋਣ ਪਰ ਲੌਕਿਕ ਵਿਚਾਰਾਂ ਨੂੰ ਬਿਲਕੁਲ ਅਖੋਂ ਉਹਲੇ ਕਰ ਦੇਂਦੀਆਂ ਅਤੇ ਇਸਤ੍ਰੀ ਪੁਰਸ਼ ਦੇ ਆਪਸੀ ਸਬੰਧਾਂ ਵਿਚ ਰੁਮਾਂਸ ਲਈ ਕੋਈ ਰਾਹ ਨਹੀਂ ਰਹਿਣ ਦੇਂਦੀਆਂ। ਸਭ ਤੋਂ ਵਧ, ਬ੍ਰਾਹਮਣਾਂ ਦਾ ਹੁਕਮ ਮੰਨਣ ਬਾਰੇ ਬੜੀ ਭਾਰੀ ਕਰੜਾਈ ਸੀ ਅਤੇ ਉਨ੍ਹਾਂ ਨੂੰ ਦੇਵਤਿਆਂ ਤੋਂ ਵੀ ਉੱਤੇ ਸਮਝਿਆ ਜਾਂਦਾ ਸੀ। ਪੁਰਾਣੇ ਸਮਾਜਕ ਢਾਂਚੇ ਨੂੰ ਬ੍ਰਾਹਮਣ-ਪੂਜਾ ਦੀ ਬੁਨਿਆਦ ਉੱਤੇ ਮੁੜ ਕੇ ਖੜਾ ਕੀਤਾ ਜਾ ਰਿਹਾ ਸੀ।

ਚੌਧਵੀਂ ਸਦੀ ਤੋਂ ਪਿਛੋਂ ਦੇ ਸਮੇਂ ਸਾਹਿਤ ਵਿਚ ਉਪਰ ਦਸੇ ਖਿਆਲ ਪੂਰੀ ਤਰ੍ਹਾਂ ਨਾਲ ਜਮ ਗਏ। ਬ੍ਰਾਹਮਣਾਂ ਦੇ ਇਸ ਪਰਤਾਪ ਨੂੰ ਸੰਸਕ੍ਰਿਤ ਭਾਸ਼ਾ ਨੂੰ ਪਰਤਿਸ਼ਟਤਾ ਦੇ ਕੇ ਕਾਇਮ ਰਖਿਆ ਗਿਆ। ਇਸ ਸਮੇਂ ਵਿਚ ਸੰਸਕ੍ਰਿਤ ਦੇ ਬਹੁਤ ਸਾਰੇ ਲੱਛਣ ਅਤੇ ਰੂਪ ਬੰਗਾਲੀ ਵਿਚ ਆ ਗਏ। ਅਸਲ ਵਿਚ ਬ੍ਰਾਹਮਣਾਂ ਦੀ ਇਸ ਪੁਨਰ-ਜਾਗ੍ਰਤੀ ਦੀ ਲਹਿਰ ਵਿਚ ਬੰਗਾਲੀ ਨੂੰ ਸੰਸਕ੍ਰਿਤ ਦੀ ਏਨੀ ਪਾਣ ਚਾੜ੍ਹੀ ਗਈ ਅਤੇ ਇਸ ਦੇ ਇਸ ਨਵੇਂ ਰੂਪ ਨੇ ਇਸ ਦੇ ਮੁਢਲੇ ਪ੍ਰਾਕ੍ਰਿਤ ਪਿੰਡੇ ਨੂੰ ਇਸ ਤਰ੍ਹਾਂ ਲੁਕਾ ਲਿਆ ਕਿ ਸਾਡੇ ਕਈ ਲੋਕ ਇਸ ਦਾ ਮੁਢ ਸੰਸਕ੍ਰਿਤ ਵਿਚ ਲਭਣ ਲਈ ਪ੍ਰੇਰਿਤ ਹੋ ਗਏ। ਪਰ ਜਦੋਂ ਅਸੀਂ ਇਨ੍ਹਾਂ ਕਿੱਸਿਆਂ ਵੱਲ ਆਉਂਦੇ ਹਾਂ ਤਾਂ ਅਸੀਂ ਇਕ ਬਿਲਕੁਲ ਵਖਰੇ ਵਾਯੂਮੰਡਲ ਵਿਚ ਆ ਵੜਦੇ ਹਾਂ। ਇਹ ਵਖਰੇਵਾਂ ਸਾਨੂੰ ਪੁਜਾਰੀ ਪੁਨਰ-ਜਾਗ੍ਰਤੀ ਤੋਂ ਪਹਿਲਾਂ ਦੇ ਹਿੰਦੂ ਸਭਿਆਚਾਰ ਦੀ ਸਥਿਤੀ ਦਸਦਾ ਹੈ।

ਪੂਰਬੀ ਮੈਮਨਸਿੰਗ ਦੇ ਲੋਕਾਂ ਵੱਲੋਂ ਸਭਿਆਚਾਰ ਦੇ ਇਕ ਉੱਚੇ ਪਧਰ ਦੀ ਪ੍ਰਾਪਤੀ ਉਨ੍ਹਾਂ ਦੀਆਂ ਕਥਾ ਕਹਾਣੀਆਂ ਅਤੇ ਕਿੱਸਿਆਂ ਤੋਂ ਪ੍ਰਤੀਤ ਹੁੰਦੀ ਹੈ । ਏਥੇ ਕੁੜੀਆਂ ਆਪਣੇ ਵਰ ਆਪ ਪਸੰਦ ਕਰਦੀਆਂ ਹਨ ਅਤੇ ਜਵਾਨ ਹੋਣ ਤੋਂ ਪਹਿਲਾਂ ਵਿਆਹ ਨਹੀਂ ਕਰਵਾਂਦੀਆਂ । ਜੇ ਕੁੜੀਆਂ ਦੀ ਚੋਣ ਉਨ੍ਹਾਂ ਦੇ ਮਾਪਿਆਂ ਦੀ ਚੋਣ ਦੇ ਉਲਟ ਹੁੰਦੀ ਤਾਂ ਉਹ ਆਪਣੇ ਵਡਿਆਂ ਸਾਮ੍ਹਣੇ ਸਿਰ ਨ ਨਿਵਾਂਦੀਆਂ ਸਗੋਂ ਆਪਣੇ ਮਨ ਦੇ ਆਖੇ ਲਗਦੀਆਂ । ਇਹ ਕੁਝ ਕਰਦੀਆਂ ਹੋਈਆਂ ਵੀ ਉਹ ਸੁੱਚੀਆਂ ਅਤੇ ਆਪਣੀ ਪ੍ਰਤਿਗਿਆ ਉਤੇ ਪਕੀਆਂ ਰਹਿੰਦੀਆਂ ਅਤੇ ਲਜਿਆਵਾਨ ਇਸਤ੍ਰੀਆਂ ਵਾਲਾ ਵਤੀਰਾ ਅਪਣਾਂਦੀਆਂ ਨਾ ਕਿ ਅਜ ਕਲ ਦੇ ਨਾਵਲਾਂ ਦੀਆਂ ਨਾਇਕਾਵਾਂ ਵਾਂਗ ਨਖਰੇਲੀਆਂ ਜਾਂ ਹੋਛੀਆਂ ਹੋ ਜਾਂਦੀਆਂ। ਏਥੇ ਖੁਲ੍ਹ ਅਤੇ ਨਿਸ਼ੰਗਤਾ ਅਤੇ ਸ਼ਾਸਤਰਾਂ ਦੇ ਨੇਮਾਂ ਅਤੇ ਰੀਤਾਂ ਤੋਂ ਆਜ਼ਾਦੀ ਦਾ ਪ੍ਰਭਾਵ ਹੈ ਜਿਸ ਨਾਲ ਵਿਆਹ ਸਬੰਧੀ ਬ੍ਰਾਹਮਣੀ ਕਰੜਾਈ ਤੋਂ ਅਕੀਆਂ ਹੋਈਆਂ ਰੂਹਾਂ ਨੂੰ ਆਰਾਮ ਮਿਲਦਾ ਹੈ। ਇਹ ਸਮਾਜ ਨਿਰੇ ਸਿਧਾਂਤਾਂ ਦਾ ਨਹੀਂ ਸਗੋਂ ਅਸਲੀ ਜੀਵਨ ਦਾ ਹੈ ਜਿਹੜਾ ਆਪਣੇ ਕੁਦਰਤੀ ਵਹਾ ਵਿਚ ਵਗਦਾ ਹੈ, ਇਨ੍ਹਾਂ ਕਿੱਸਿਆ ਵਿਚ ਆਏ ਪਾਤ੍ਰ ਬੜੀ ਖੁਲ੍ਹ ਅਤੇ ਸਾਹਸ ਵਿਖਾਂਦੇ ਹਨ ਪਰ ਉਹ ਸਵੈ-ਪ੍ਰਚਾਰਕ ਨਹੀਂ। ਉਹ ਕੁਦਰਤ ਵਿਚ ਨਹੀਂ ਸਗੋਂ ਆਪਣੇ ਕੰਮ ਵਿਚ ਵਿਸ਼ਵਾਸ ਰਖਦੇ ਹਨ। ਬੜੇ ਹੁਸ਼ਿਆਰ ਅਤੇ ਸਮਝਦਾਰ ਹਨ। ਇਹ ਹੁਸ਼ਿਆਰੀ ਅਤੇ ਸਵੈ-ਨਿਰਭਰਤਾ ਉਨ੍ਹਾਂ ਨੂੰ ਪੁਨਰ-ਜਾਗ੍ਰਤੀ ਵੇਲੇ ਦੇ ਮਰਦਾਂ ਅਤੇ ਇਸਤ੍ਰੀਆਂ ਤੋਂ ਵਖਰਿਆਂਦੀ ਹੈ। ਪੁਨਰ-ਜਾਗ੍ਰਤੀ ਸਾਹਿਤ ਵਿਚ ਔਕੜਾਂ ਵਿਚ ਘਿਰਿਆ ਹੋਇਆ ਪਾਤਰ ਬਹਿਕੇ ਰੋਂਦਾ ਅਤੇ ਅਰਦਾਸਾਂ ਕਰਦਾ ਅਤੇ ਕੇਵਲ ਪ੍ਰਮਾਤਮਾਂ ਦੀ ਸਹਾਇਤਾ ਉੱਤੇ ਡੋਰੀ ਰਖਦਾ। ਇਹੋ ਜਹੇ ਪਾਤਰਾਂ ਨੂੰ ਸਿਰਜਨ ਵਿਚ ਸ਼ਰਧਾ ਅਤੇ ਭਗਤੀ ਉੱਤੇ ਜ਼ੋਰ ਦਿਤਾ ਗਿਆ ਹੈ ਅਤੇ ਆਚਾਰ ਨੂੰ ਅਸਲੋਂ ਹੀ ਅਖੋਂ ਉਹਲੇ ਕੀਤਾ ਗਿਆ ਹੈ। ਅਸਲ ਵਿਚ ਪੂਰਬੀ ਮੈਮਨਸਿੰਗ ਵਿੱਚ ਪ੍ਰਚਲਤ ਹਿੰਦੂ ਧਰਮ ਬੁਧ ਮਤ ਦੇ ਇਸ ਅਸੂਲ ਨੂੰ ਮੰਨਦਾ ਸੀ "ਜੋ ਤੁਸੀਂ ਬੀਜੋਗੇ, ਉਹੀ ਵਢੋਗੇ।"

3. ਸਥਾਨਕ ਗੀਤਾਂ ਅਤੇ ਪੁਨਰ ਜਾਗ੍ਰਤੀ ਦੇ ਗੀਤਾਂ ਦਾ ਮੁਕਾਬਲਾ

ਜਿਨ੍ਹਾਂ ਸਮਿਆਂ ਵਿਚ ਇਹ ਬੰਗਾਲੀ ਕਿੱਸੇ ਲਿਖੇ ਗਏ ਉਨ੍ਹਾਂ ਸਮਿਆਂ ਵਿਚ ਹੀ ਜਾਗ੍ਰਤੀ

ਕਾਲ ਦੇ ਦੋ ਪ੍ਰਸਿਧ ਬੰਗਾਲੀ ਕਵੀ ਕੋਬੀਕਨਕਨ ਅਤੇ ਭਰਤ ਚੰਦਰ ਹੋਏ। ਕੋਬੀਕਨਕਨ ਪਰਿਵਰਤਨ ਕਾਲ ਦਾ ਕਵੀ ਸੀ ਅਤੇ ਸੋਲਵ੍ਹੀਂ ਸਦੀ ਦੇ ਬੰਗਾਲੀ ਕਵੀਆਂ ਵਿਚ ਉਸ ਦੀ ਥਾਂ ਬਹੁਤ ਉੱਚੀ ਹੈ, ਪਰ ਉਹ ਸ਼ਾਸਤ੍ਰੀ ਅਤੇ ਸਥਾਨਕ ਅੰਸ਼ਾਂ ਦਾ ਮਿਲਗੋਭਾ ਬਣਾ ਦੇਂਦਾ ਹੈ। ਭਰਤ ਚੰਦਰ, ਭਾਵੇਂ ਉਹ ਆਪਣੀ "ਅਨੰਦ ਮੰਗਲ" ਨਾਂ ਦੀ ਕਵਿਤਾ ਵਿਚ ਭੱਦੇ ਅਤੇ ਕਾਮ ਉਕਸਾਊ ਹਾਸ-ਰਸ ਦੇ ਦ੍ਰਿਸ਼ ਲਿਆਉਂਦਾ ਹੈ, ਅਸਲ ਵਿਚ ਜਾਗ੍ਰਤੀ-ਕਾਲ ਦੇ ਬ੍ਰਾਹਮਣਾਂ ਵੱਲੋਂ ਖੜੇ ਕੀਤੇ ਮੰਦਰ ਦਾ ਮੁਖ ਪੁਜਾਰੀ ਹੈ। ਉਸ ਦਾ ਹਾਸ-ਰਸ ਤਾਂ ਅਸੱਭਯ ਹੋ ਸਕਦਾ ਹੈ, ਪਰ ਉਸ ਦੀ ਬੋਲੀ ਵਿਚ ਕੋਈ ਕਚਿਆਈ ਨਹੀਂ; ਜਿਹੜੀ ਬੜੀ ਮਾਂਜੀ ਹੋਈ ਹੈ ਅਤੇ ਆਪਣੀ ਸੰਸਕ੍ਰਿਤੀ ਸ਼ਾਨ ਨਾਲ ਸਾਨੂੰ ਹੈਰਾਨ ਕਰ ਦਿੰਦੀ ਹੈ।

ਪਰ ਮੈਮਨਸਿੰਗ ਦੇ ਇਹ ਕਿੱਸੇ ਨਿਰੋਲ ਬੰਗਾਲੀ ਹਨ ਅਤੇ ਇਨ੍ਹਾਂ ਵਿਚ ਸੰਸਕ੍ਰਿਤ ਦਾ ਕੋਈ ਅੰਸ਼ ਘੁਸਰਿਆ ਹੋਇਆ ਨਹੀਂ ਦਿਸਦਾ। ਇਹ ਖਾਲਸ ਬੰਗਾਲੀ ਖਾਨ ਵਿਚੋਂ ਕੱਢੀ ਹੋਈ ਉਤਮ ਦਰਜੇ ਦੀ ਸ਼ੁਧ ਧਾਤ ਹੈ। ਵੈਸ਼ਨਵ ਗੀਤਾਂ ਤੋਂ ਬਿਨਾਂ ਹੋਰ ਪੁਰਾਣੀਆਂ ਬੰਗਾਲੀ ਕਵਿਤਾਵਾਂ ਕੇਵਲ ਉਨ੍ਹਾਂ ਸ਼ਾਸਤ੍ਰੀ ਵਿਚਾਰਾਂ ਨੂੰ ਪੇਸ਼ ਕਰਨ ਦਾ ਜਤਨ ਕਰਦੀਆਂ ਹਨ, ਜਿਹੜੇ ਕਨੌਜ ਤੋਂ ਆਏ ਨਵੇਂ ਪੁਜਾਰੀਆਂ ਦੇ ਨਾਲ ਆਏ। ਇਹ ਕਵਿਤਾਵਾਂ ਬੇਰਸ ਹਨ ਅਤੇ ਸੰਸਕ੍ਰਿਤ ਪੁਰਾਨਾਂ ਦੀ ਨਕਲ ਕਰਦਿਆਂ ਹੋਇਆਂ ਬੇਅੰਤ ਪਰੰਪਰਾਵਾਂ ਨੂੰ ਆਪਣੇ ਵਿਚ ਬੰਨ੍ਹੀ ਫਿਰਦੀਆਂ ਹਨ। ਕਵੀ ਸੰਸਕ੍ਰਿਤ ਕਾਵਿ-ਸ਼ਾਸਤਰ ਵਲੋਂ ਪ੍ਰਵਾਨ ਸ਼ੈਲੀ ਵਿਚ ਹੀ ਗਲ ਕਹਿਣ ਦੇ ਜੋਸ਼ ਵਿਚ ਆਪਣੇ ਪਾਤਰਾਂ ਅਤੇ ਕਥਾ-ਵਸਤੂ ਨੂੰ ਭੁਲ ਜਾਂਦੇ ਹਨ। ਇਨ੍ਹਾਂ ਦਾ ਬਹੁਤਾ ਧਿਆਨ ਸ਼ੈਲੀ ਵਲ ਹੀ ਰਹਿੰਦਾ ਹੈ ਜਿਸ ਨੂੰ ਉਹ ਸੰਸਕ੍ਰਿਤ ਦਾ ਰੰਗ ਦੇਣਾ ਚਾਹੁੰਦੇ ਸਨ। ਇਸ ਤਰ੍ਹਾਂ ਬੰਗਾਲੀ ਭਾਸ਼ਾ ਇਕ ਤਰ੍ਹਾਂ ਨਾਲ ਸੰਸਕ੍ਰਿਤ ਕਾਵਿ-ਸ਼ਾਸਤ੍ਰ ਦੀ ਗੋਲੀ ਬਣ ਗਈ। ਪਿਛਲੇ ਚਾਰ ਸੌ ਸਾਲਾਂ ਵਿਚ ਇਹ ਸ਼ਾਸਤ੍ਰੀ ਵਿਚਾਰ ਸਾਡੇ ਏਨੇ ਨੇੜੇ ਲਿਆਂਦੇ ਗਏ ਕਿ ਉਹ ਸਾਨੂੰ ਆਪਣੇ ਘਰ ਦੇ ਹੀ ਜਾਪਦੇ ਹਨ। ਪਰ ਜਦੋਂ ਅਸੀਂ ਜਾਗ੍ਰਤੀ ਦੀਆਂ ਕਵਿਤਾਵਾਂ ਨੂੰ ਮੈਮਨਸਿੰਗ ਦੇ ਕਿਸਿਆਂ ਅਤੇ ਹੋਰ ਸਥਾਨਕ ਕਵਿਤਾਵਾਂ ਜਿਨ੍ਹਾਂ ਉੱਤੇ ਬ੍ਰਾਹਮਣੀ ਜਾਗ੍ਰਤੀ ਤੋਂ ਪਹਿਲਾਂ ਦੇ ਬੰਗਾਲੀ ਸਮਾਜ ਦੀ ਮੁਹਰ ਹੈ, ਦੇ ਨਾਲ ਰਖ ਕੇ ਪੜ੍ਹਦੇ ਹਾਂ ਤਾਂ ਅਸੀਂ ਸ਼ਾਸਤ੍ਰੀ ਅੰਸ਼ ਨੂੰ ਬਾਹਰਲਾ ਅਤੇ ਬਨਾਉਟੀ ਕਹਿਣੋਂ ਨਹੀਂ ਰਹਿ ਸਕਦੇ।

ਇਹ ਗੀਤ ਸਚ ਮੁਚ ਹੀ ਇਕ ਸਾਹਿਤਕ ਧਮਾਕਾ ਹਨ। ਇਹ ਆਮ ਕਰਕੇ ਛੋਟੇ ਛੋਟੇ ਹਨ ਅਤੇ ਬਹੁਤਿਆਂ ਵਿਚ ਕੋਈ ਦੁਹਰਾਓ ਨਹੀਂ।

ਇਨ੍ਹਾਂ ਕਿੱਸਿਆਂ ਵਿਚ ਇਸਤ੍ਰੀਆਂ ਜਵਾਨ ਹੋ ਕੇ ਵਿਆਹ ਕਰਵਾਂਦੀਆਂ ਹਨ ਅਤੇ ਜਿਸ ਤਰ੍ਹਾਂ ਮੈਂ ਪਹਿਲਾਂ ਦਸਿਆ ਹੈ, ਵਰ ਘਰ ਦੀ ਚੋਣ ਵਿਚ ਉਨ੍ਹਾਂ ਦੇ ਆਪਣੇ ਭਾਵਾਂ ਨੂੰ ਪ੍ਰਮੁਖਤਾ ਮਿਲਦੀ ਹੈ ਅਤੇ ਕਿਧਰੇ ਵੀ ਉਹ ਅੱਖਾਂ ਮੀਟ ਕੇ ਆਪਣੇ ਮਾਪਿਆਂ ਦੀ ਚੋਣ ਪਿੱਛੇ ਨਹੀਂ ਲਗਦੀਆਂ। ਜਾਗ੍ਰਤੀ ਕਾਲ ਦੇ ਸਾਹਿਤ ਵਿਚ ਇਹ ਆਜ਼ਾਦੀ ਅਤੇ ਪਿਆਰ ਕਰਨ ਦੀ ਖੁਲ੍ਹ ਕਦੀ ਵੀ ਸਹਿਨ ਨਹੀਂ ਹੋ ਸਕਦੀ ਸੀ। ਇਸਤ੍ਰੀ ਦੀ ਸਾਰੀ ਆਜ਼ਾਦੀ ਖਤਮ ਕਰ ਦਿੱਤੀ ਗਈ ਅਤੇ ਉਸ ਨੂੰ ਇਕ ਬੇਜਾਨ ਮਸ਼ੀਨ ਬਣਾ ਦਿੱਤਾ ਗਿਆ। ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿੱਚ

ਲਿਖੀਆਂ ਬੰਗਾਲੀ ਕਵਿਤਾਵਾਂ ਵਿਚ ਇਹ ਬਨਾਵਟ ਆਪਣੇ ਸਿਖਰ ਉੱਤੇ ਅਪੜ ਗਈ। ਅਠਾਰ੍ਹਵੀਂ ਸਦੀ ਦਾ ਇਕ ਕਵੀ ਆਪਣੇ ਨਾਇਕ ਤੋਂ ਪਤਨੀ ਨੂੰ ਇਸ ਤਰ੍ਹਾਂ ਅਖਵਾਂਦਾ ਹੈ। "ਮੇਰੇ ਪਿਛੋਂ, ਆਦਮੀ ਦੇ ਪਰਛਾਵੇਂ ਤੋਂ ਇਸ ਤਰ੍ਹਾਂ ਡਰੀਂ ਜਿਵੇਂ ਕੋਈ ਕਾਲੇ ਸਪ ਤੋਂ ਡਰਦਾ ਹੈ। ਜੇ ਕਿਸੇ ਪੁਰਸ਼ ਦੀ ਆਵਾਜ਼ ਤੇਰੀ ਕੰਨੀਂ ਪਵੇ, ਤਾਂ ਉਸ ਨੂੰ ਬਿਜਲੀ ਦੀ ਕੜ੍ਹਕ ਸਮਝੀਂ।"

ਇਨ੍ਹਾਂ ਗੀਤਾਂ ਵਿਚ ਕੋਈ ਪ੍ਰਹਿਤੀ ਅੰਸ਼ ਨਹੀਂ ਨਾ ਹੀ ਕਿਸੇ ਨਸਲ ਜਾਂ ਮਤ ਦਾ ਪਰਚਾਰ ਹੈ, ਸਗੋਂ ਸਾਰੇ ਲੋਕਾਂ ਲਈ ਖਿਚ ਦੇ ਲੱਛਣ ਮੌਜੂਦ ਹਨ। ਇਨ੍ਹਾਂ ਗੀਤਾਂ ਵਿਚ ਜਿਸ ਹਵਾ ਵ੍ਰਿਚ ਅਸੀਂ ਸਾਹ ਲੈਂਦੇ ਹਾਂ ਉਹ ਸਾਡੇ ਆਧੁਨਿਕ ਸਾਹਿਤ ਵਿਚ ਪਛਮ ਵਲੋਂ ਆਏ ਤੂਫਾਨ ਵਾਂਗ ਨਹੀਂ ਤੇ ਨਾ ਹੀ ਇਹ ਬ੍ਰਾਹਮਣ ਜਾਗ੍ਰਤੀ ਵੇਲੇ ਦੀ ਰੀਤੀ ਬਨਾਉਟੀਪਨ ਵਾਂਗ ਬੇਸੁਆਦ ਹੈ. ਸਗੋਂ ਇਹ ਬੰਗਾਲ ਦੀ ਆਪਣੀ ਹਵਾ ਹੈ ਜਿਹੜੀ ਉਸ ਦੇ ਖੇਤਾਂ ਅਤੇ ਚਰਾਂਦਾਂ ਵਿਚ ਵਗਦੀ ਹੈ ਅਤੇ ਤਾਜ਼ੀ ਅਤੇ ਜ਼ੋਰਦਾਰ ਹੈ। ਜਿਹੜੇ ਘਰਾਂ ਦਾ ਵਰਣਨ ਹੈ ਉਹ ਵੀ ਬੰਗਾਲੀ ਹਨ। ਪਾਤਰ ਆਮ ਬੰਗਾਲੀ ਬੋਲੀ ਬੋਲਦੇ ਹਨ ਅਤੇ ਅਰਬੀ ਫਾਰਸੀ ਦੇ ਜਿਹੜੇ ਕੁਝ ਸ਼ਬਦ ਇਸ ਵਿਚ ਸਹਿਜ ਸੁਭਾ ਆ ਵੜੇ ਹਨ ਉਨ੍ਹਾਂ ਤੋਂ ਰਾਹ ਨਹੀਂ ਵਲਾਂਦੇ। ਉਹ ਵਡੇ-ਵਡੇ ਕਲਾਸਕੀ ਕਵੀਆਂ ਦੇ ਵਿਚਾਰ ਨਹੀਂ ਪੇਸ਼ ਕਰਦੇ ਸਗੋਂ ਆਮ ਬੰਗਾਲੀ ਇਸਤ੍ਰੀ ਮਰਦਾਂ ਵਾਂਗ ਬੋਲਦੇ ਹਨ। ਜਾਗ੍ਰਤੀ ਕਾਲ ਦਾ ਕਵੀ ਕਾਸ਼ੀਦਾਸ ਲਿਖਦਾ ਹੈ ਕਿ "ਜੇ ਕੋਈ ਮਾਘ ਦੇ ਮਹੀਨੇ ਵਿਚ ਮੂਲੀ ਖਾਏਗਾ ਉਹ ਘੋਰ ਨਰਕ ਨੂੰ ਜਾਵੇਗਾ।" ਇਹੋ ਜਹੀਆਂ ਅਰਥਹੀਨ ਗਲਾਂ ਲਈ ਇਸ ਕਾਵਿ-ਸਾਹਿਤ ਵਿਚ ਕੋਈ ਥਾਂ ਨਹੀਂ। ਬ੍ਰਾਹਮਣ ਮਤ ਦੇ ਆਗੂਆਂ ਦੇ ਪਿੱਛੇ ਲਗ ਕੇ ਘਟ ਵਧ ਹੀ ਕਵੀ ਕਦੀ ਦੁਨਿਆਵੀ ਵਸਤਾਂ ਦੀ ਨਾਸ਼ਮਾਨਤਾ ਅਤੇ ਅਸਥਿਰਤਾ ਉੱਤੇ ਵਿਚਾਰ ਪ੍ਰਗਟ ਕਰਦੇ ਹਨ। ਪਾਤਰ ਦੇਵਤਿਆਂ ਦੀ ਸਹਾਇਤਾ ਤੋਂ ਬਿਨਾਂ ਆਪਣੀ ਕਿਸਮਤ ਦਾ ਆਪ ਫ਼ੈਸਲਾ ਕਰਦੇ ਹਨ। ਅਸਲੀ ਲਕਸ਼ ਕਰਮ ਹੈ ਨ ਕਿ ਭਗਤੀ ਭਾਵ, ਅਤੇ ਇਨ੍ਹਾਂ ਦੋ ਸ਼ਬਦਾਂ ਵਿਚ ਜਾਗ੍ਰਤੀ ਕਾਲ ਦੇ ਸਾਹਿਤ ਅਤੇ ਇਸ ਤੋਂ ਪਹਿਲਾਂ ਉਪਜੇ ਸਾਹਿਤ ਦੀਆਂ ਧਾਰਾਵਾਂ ਦੀ ਕੁੰਜੀ ਹੈ। ਸਭ ਤੋਂ ਵਡੀ ਗਲ ਇਹ ਹੈ ਕਿ ਬੰਗਾਲੀ ਇਸਤ੍ਰੀਆਂ ਦੀ ਸ਼ਾਨ, ਹੌਸਲਾ ਅਤੇ ਉਨ੍ਹਾਂ ਦੇ ਭਾਵ ਸਪਸ਼ਟ ਅਤੇ ਜ਼ੋਰ ਨਾਲ ਸਾਹਮਣੇ ਆਉਂਦੇ ਹਨ ਜਿਸ ਦਾ ਮੇਚ ਸਾਡੇ ਸਾਹਿਤ ਵਿਚ ਹੋਰ ਕਿਧਰੇ ਨਹੀਂ ਮਿਲਦਾ। ਉਹ ਸਾਧਨ ਪੂਰਣ, ਖਤਰੇ ਤੋਂ ਬੇਪਰਵਾਹ ਅਤੇ ਸਚ ਵਾਂਗ ਸਚੀਆਂ ਹਨ। ਪਰ ਸਮਾਜੀ ਬੰਧਨਾਂ ਦਾ ਘੇਰਾ ਉਨ੍ਹਾਂ ਉਤੇ ਵੀ ਅਸਰ ਕਰਦਾ ਹੈ। ਉਹਨਾਂ ਵਿਚੋਂ ਸਭ ਤੋਂ ਮਹਾਨ ਵੀ ਆਪਣੇ ਆਪ ਨੂੰ ਸਮਾਜ ਦੇ ਹੁਕਮ ਦੇ ਵਿਰੁਧ ਲੜ ਸਕਣ ਤੋਂ ਅਸਮਰਥ ਵੇਖਦੀਆਂ ਹਨ ਅਤੇ ਇਸ ਅਗੇ ਬਿਨਾਂ ਰੋਲਾ ਪਾਏ ਸਿਰ ਨਿਵਾ ਦਿੰਦੀਆਂ ਹਨ। ਅਜੁਧਿਆ ਦੀ ਬਨ-ਵਾਸਨ ਰਾਜਕੁਮਾਰੀ ਦੇ ਸਮੇਂ ਤੋਂ ਲੈ ਕੇ ਭਾਰਤੀ ਇਸਤ੍ਰੀ ਦੀ ਸਦਾ-ਸੀਤਲ ਆਤਮਾ ਨੇ ਕਦੀ ਬਗ਼ਾਵਤ ਨਹੀਂ ਕੀਤੀ, ਸਗੋਂ ਉਹ ਸਮਾਜ ਦੀ ਵੇਦੀ ਉੱਤੇ ਚੁਪ ਚਾਪ ਆਪਣੀ ਬਲੀ ਦਿੰਦੀ ਰਹੀ ਹੈ। ਸਮਾਜ ਵਿੱਚੋਂ ਛੇਕੇ ਜਾਣ ਨੂੰ ਅਤੇ ਜ਼ੁਲਮ ਨੂੰ ਇਹ ਇਸਤ੍ਰੀਆਂ ਅਟੱਲ ਤਕਦੀਰੀ ਹੁਕਮ ਕਰਕੇ ਮੰਨਦੀਆਂ ਹਨ।

4. ਬਾਰਾਮਾਹ ਗੀਤ

ਮੁਢ ਤੋਂ ਹੀ ਦੇਸ ਦੀ ਕਾਵਿਕ ਰੀਤੀ ਇਹ ਸੀ ਕਿ ਕੋਈ ਵੀ ਬੰਗਾਲੀ ਕਵਿਤਾ ਸੰਪੂਰਨ

ਨਹੀਂ ਹੁੰਦੀ ਸੀ ਜਿੰਨਾ ਚਿਰ ਉਸ ਵਿਚ ਬਾਰਾਮਾਹ ਨ ਹੋਵੇ। ਸਾਲ ਦਾ ਹਰ ਮਹੀਨਾ ਧਰਤੀ ਦਾ ਇਕ ਫਿਲਮੀ ਦ੍ਰਿਸ਼ ਵਿਖਾਂਦਾ ਹੈ। ਹਰ ਮਹੀਨੇ ਦੇ ਆਪਣੇ ਵਖਰੇ ਫੁੱਲ ਫਲ ਹਨ, ਏਥੋਂ ਤਕ ਕਿ ਹਰ ਰੁਤ ਵਿਚ ਅਸਮਾਨ ਉੱਤੇ ਬਦਲਾਂ ਦਾ ਰੰਗ ਵੀ ਬਦਲਦਾ ਰਹਿੰਦਾ ਹੈ। ਇਹ ਵਖਰੀ ਰੁਤ ਦਾ ਨਿਸ਼ਾਨ ਜਿਹੜਾ ਹਰ ਮਹੀਨੇ ਦੇ ਮਥੇ ਉੱਤੇ ਲਗਿਆ ਦਿਸਦਾ ਹੈ, ਕਵੀਆਂ ਲਈ ਪ੍ਰੇਰਨਾ ਦਾ ਅਮੁਕ ਸੋਮਾ ਰਿਹਾ ਹੈ। ਸਾਡੀਆਂ ਕਈ ਪੁਰਾਣੀਆਂ ਕਵਿਤਾਵਾਂ ਨੂੰ ਬਾਰਾਮਾਂਹ ਆਖਿਆ ਜਾਂਦਾ ਹੈ, ਭਾਵੇਂ ਉਨ੍ਹਾਂ ਵਿਚ ਰੁਤ ਵਰਣਨ ਤੋਂ ਬਿਨਾਂ ਹੋਰ ਬਹੁਤ ਕੁਝ ਹੁੰਦਾ ਹੈ। ਅਸਲ ਵਿਚ ਇਹ ਦਰਦ ਵਾਲੇ ਗੀਤਾਂ ਦਾ ਪੁਰਾਣਾ ਸਾਂਝਾ ਨਾਂ ਹੈ। ਬਾਰਾਮਾਂਹ ਵਿਚ ਕਵੀ ਆਮ ਕਰਕੇ ਮੁਖ ਪਾਤਰਾਂ ਦੀਆਂ ਖਸ਼ੀਆਂ ਗਮੀਆਂ ਬਾਰਾਂ ਮਹੀਨਿਆਂ ਦੇ ਬਿਰਤਾਂਤ ਨਾਲ ਜੋੜ ਕੇ ਦਸਦਾ ਹੈ। ਇਨ੍ਹਾਂ ਦਾ ਕਹਾਣੀ ਨੂੰ ਅਗੇ ਟੋਰਨ ਵਿਚ ਜਿਨਾ ਕੁ ਹਿੱਸਾ ਹੁੰਦਾ ਉਸ ਨਾਲੋਂ ਬਹੁਤ ਵਧ ਮਹੱਤਤਾ ਦਿਤੀ ਜਾਂਦੀ।

5. ਗੀਤਾਂ ਅਤੇ ਕਿੱਸਿਆਂ ਦੀਆਂ ਵਖ ਵਖ ਧਾਰਾਵਾਂ

ਭਾਵੇਂ ਇਨ੍ਹਾਂ ਗੀਤਾਂ ਵਿੱਚੋਂ ਕੋਈ ਵੀ ਸੋਲ੍ਹਵੀਂ ਸਦੀ ਤੋਂ ਪਹਿਲਾਂ ਦਾ ਨਹੀਂ ਅਤੇ ਗਵਈਯਾਂ ਦੀਆਂ ਵਖ ਵਖ ਪੀੜ੍ਹੀਆਂ ਨੇ ਗੌਂਕੇ ਇਸ ਮੁਢਲੀ ਬੋਲੀ ਦਾ ਨਵੀਨ-ਕਰਨ ਵੀ ਕੀਤਾ ਹੈ ਤਾਂ ਵੀ ਇਨ੍ਹਾਂ ਦੀ ਰੂਹ ਦਸਦੀ ਹੈ ਕਿ ਇਹ ਜਾਗ੍ਰਤੀ ਤੋਂ ਪਹਿਲਾਂ ਦੇ ਸਮਾਜ ਅਤੇ ਸਾਹਿਤਕ ਧਾਰਾ ਵਿਚੋਂ ਜਨਮੇ ਹਨ। ਇਨ੍ਹਾਂ ਵਿਚਲਾ ਸਮਾਜ ਜਾਗ੍ਰਤੀ ਸਮੇਂ ਦੇ ਬ੍ਰਾਹਮਣਾਂ ਵਲੋਂ ਖੜੇ ਕੀਤੇ ਸਮਾਜ ਨਾਲੋਂ ਬਹੁਤ ਵਖਰਾ ਹੈ। ਸੇਨ ਬਾਦਸ਼ਾਹਵਾਂ ਦਾ, ਜਿਹੜੇ ਹਿੰਦੂ ਜਾਗ੍ਰਤੀ ਦੇ ਸਰਬਰਾਹ ਸਨ, ਇਸ ਇਲਾਕੇ ਵਿਚ ਸਿੱਕਾ ਨਹੀਂ ਚਲਦਾ ਸੀ। ਇਸ ਲਈ ਇਥੇ ਲਗ ਭਗ ਹੁਣ ਤਕ ਜੀਵਨ ਪੁਰਾਣੇ ਤਰੀਕੇ ਨਾਲ ਹੀ ਚਲਦਾ ਰਿਹਾ ਹੈ। ਜੇ ਕਿਸੇ ਨੇ ਬੰਗਾਲ ਦੇ ਮੁਢਲੇ ਇਤਹਾਸ ਬਾਰੇ ਯਥਾਰਥ ਲਭਣਾ ਹੋਵੇ ਤਾਂ ਉਸ ਨੂੰ ਇਸ ਇਲਾਕੇ ਵਿਚ ਕੰਮ ਕਰਨਾ ਚਾਹੀਦਾ ਹੈ ਜਿਥੇ ਸੈਨ ਬਾਦਸ਼ਾਹ ਚੰਗੀ ਤਰ੍ਹਾਂ ਆਪਣਾ ਰਾਜ ਨ ਜਮਾ ਸਕੇ।

ਭਾਸ਼ਾ ਅਤੇ ਸ਼ੈਲੀ ਤੋਂ ਵੀ ਇਹ ਕਵਿਤਾਵਾਂ ਜਾਗ੍ਰਤੀ ਕਾਲ ਤੋਂ ਵਖਰੀਆਂ ਲਗਦੀਆਂ ਹਨ। ਜਾਗ੍ਰਤੀ ਤੋਂ ਪਹਿਲਾਂ ਦੇ ਸਾਹਿਤ ਵਿੱਚ ਕੋਈ ਨਵੀਂ ਘਟਨਾ ਲਿਆਉਣ ਤੋਂ ਪਹਿਲਾਂ ਇਹ ਸਵਾਲ ਕੀਤਾ ਜਾਂਦਾ ਹੈ "ਫਿਰ ਉਸ ਨੇ ਕੀ ਕੀਤਾ"। ਇਨ੍ਹਾਂ ਸਾਰੇ ਕਿੱਸਿਆਂ ਵਿੱਚ ਵੀ ਇਹ ਸ਼ਬਦ ਆਉਂਦੇ ਹਨ। ਇਕ ਨਿਕੀ ਜਿਹੀ ਗੱਲ ਜਿਹੜੀ ਹੋਰ ਸਾਂਝੀ ਹੈ ਉਹ "ਢਾਈ ਅਖਰਾਂ ਦੀ ਚਿੱਠੀ" ਹੈ। ਇਨ੍ਹਾਂ ਵਿੱਚ ਕਈ ਰੀਤੀ ਰਿਵਾਜ ਵੀ ਅਜ ਕਲ ਦੇ ਰੀਤੀ ਰਿਵਾਜਾਂ ਨਾਲੋਂ ਵਖਰੇ ਹਨ, ਜਿਹੜੇ ਜਾਗ੍ਰਤੀ ਕਾਲ ਵਿੱਚ ਆਏ। ਅਸੀਂ ਸਾਰੇ ਜਾਣਦੇ ਹਾਂ ਕਿ ਕੱਤਕ ਦਾ ਮਹੀਨਾ ਵਿਆਹ ਰਚਾਣ ਲਈ ਸ਼ੁਭ ਨਹੀਂ ਹੈ, ਕੋਈ ਹਿੰਦੂ ਅਜ ਕਲ ਉਸ ਮਹੀਨੇ ਵਿੱਚ ਵਿਆਹ ਕਰਨ ਨੂੰ ਤਿਆਰ ਨਹੀਂ ਹੋਵੇਗਾ। ਪਰ ਮਲੂਆ ਦੇ ਕਿੱਸੇ ਵਿੱਚ ਅਸੀਂ ਵੇਖਦੇ ਹਾਂ ਕਿ ਇਹ ਮਹੀਨਾ ਮੈਮਨਸਿੰਗ ਦੇ ਲੋਕਾਂ ਵਿੱਚ ਵਿਆਹਾਂ ਲਈ ਵਿਸ਼ੇਸ਼ ਪਵਿਤ੍ਰਤਾ ਵਾਲਾ ਗਿਣਿਆ ਜਾਂਦਾ ਸੀ।

ਇਕ ਵਿਸ਼ੇਸ ਨੁਕਤਾ ਇਹ ਹੈ ਕਿ ਇਥੇ ਗਰਗਾ ਬ੍ਰਾਹਮਣ ਦੀ ਪਾਠਸ਼ਾਲਾ ਵਿੱਚ ਸੰਸਕ੍ਰਿਤ ਵਿੱਚ ਪੁਰਾਨਾਂ ਦੇ ਨਾਲ ਬੰਗਾਲੀ ਗੀਤ ਵੀ ਪੜ੍ਹਾਏ ਜਾਂਦੇ ਸਨ। ਜਾਗ੍ਰਤੀ ਦੇ ਸਮੇਂ ਵਿਚ ਬ੍ਰਾਹਮਣ

ਵਿਦਵਾਨਾਂ ਦੀ ਚੜ੍ਹਤ ਸਦਕਾ ਬੰਗਾਲੀ ਗੁਠੇ ਲੱਗ ਗਈ ਅਤੇ ਪੇਂਡੂ ਉਤਸ਼ਾਹ ਹੀ ਇਸ ਦਾ ਆਸਰਾ ਰਹਿ ਗਿਆ। ਅਸਲ ਵਿਚ ਇਨ੍ਹਾਂ ਗੀਤਾਂ ਦੀ ਬੰਗਾਲੀ ਇਕ ਪੇਂਡੂ ਬੋਲੀ ਹੈ। ਸੰਸਕ੍ਰਿਤ ਦਾ ਇਸ ਉੱਤੇ ਕੋਈ ਦਬਾ ਨਹੀਂ। ਜਿਹੜੇ ਲੋਕ ਅਜੇ ਵੀ ਇਸ ਗ਼ਲਤੀ ਵਿਚ ਫਸੇ ਹੋਏ ਹਨ ਕਿ ਬੰਗਾਲੀ ਦਾ ਮੁਢ ਸੰਸਕ੍ਰਿਤ ਵਿੱਚੋਂ ਹੈ ਉਨ੍ਹਾਂ ਨੂੰ ਇਸ ਭੁਲੇਖੇ ਵਿਚੋਂ, ਜਿਹੜਾ ਜਾਗ੍ਰਤੀ ਕਾਲ ਦੀਆਂ ਕਵਿਤਾਵਾਂ ਵਿਚ ਸੰਸਕ੍ਰਿਤ ਸ਼ਬਦਾਂ ਦੀ ਬਹੁਲਤਾ ਕਰ ਕੇ ਪਿਆ, ਕੱਢਣ ਲਈ ਇਹ ਕਿੱਸੇ ਪੜ੍ਹਨੇ ਚਾਹੀਦੇ ਹਨ। ਸਾਰਾ ਜਾਗ੍ਰਤੀ ਸਾਹਿੱਤ ਸੰਸਕ੍ਰਿਤ ਉਪਮਾਵਾਂ ਨਾਲ ਭਰਿਆ ਪਿਆ ਹੈ। ਇਸ ਧਾਰਾ ਦੇ ਕਵੀਆਂ ਨੇ ਆਪਣੀਆਂ ਅੱਖਾਂ ਨਾਲ ਕੁਝ ਵੇਖਣ ਦੀ ਖੇਚਲ ਹੀ ਨਹੀਂ ਕੀਤੀ। ਉਨ੍ਹਾਂ ਸੰਸਕ੍ਰਿਤ ਕਾਵਿ-ਸ਼ਾਸਤ੍ਰ ਜਾਂ ਕਲਾਸਕੀ ਕਵਿਤਾਵਾਂ ਵਿੱਚੋਂ ਕੁਝ ਬੰਦ ਰਟ ਲਏ ਅਤੇ ਜਦੋਂ ਕਿਸੇ ਇਸਤ੍ਰੀ ਜਾਂ ਪੁਰਸ਼ ਦਾ ਵਰਣਨ ਕਰਨਾ ਹੁੰਦਾ ਤਾਂ ਉਹੀ ਆਪਣੀ ਯਾਦ ਤੋਂ ਲਿਖ ਦਿੰਦੇ। ਉਹੀ ਪੁਰਾਣੀਆਂ ਚਗਲੀਆਂ ਹੋਈਆਂ ਤੁਲਨਾਵਾਂ ਮਿਲਦੀਆਂ ਹਨ ਅਤੇ ਆਪਣੇ ਨਰੀਖਣ ਦਾ ਇਕ ਸ਼ਬਦ ਵੀ ਨਹੀਂ। ਚਿਹਰਾ ਕਮਲ ਫੁਲ ਵਰਗਾ, ਕੰਨ ਗਿਰਝ ਵਰਗੇ, ਗਰਦਨ ਸੰਖ ਵਰਗੀ, ਚਾਲ ਹਾਥੀ ਵਰਗੀ, ਭਰਵੱਟੇ ਕਮਾਨ ਵਰਗੇ ਆਦਿ। ਪੁਰਸ਼ ਦੀ ਹਾਲਤ ਵਿੱਚ ਉਸਦੀਆਂ ਬਾਹਵਾਂ ਗੋਡਿਆਂ ਤਕ ਆਉਣੀਆਂ ਚਾਹੀਦੀਆਂ ਹਨ, ਅਖਾਂ ਏਨੀਆਂ ਵੱਡੀਆਂ ਹੋਣੀਆਂ ਚਾਹੀਦੀਆਂ ਹਨ ਕਿ ਕੰਨਾਂ ਤੀਕ ਪਹੁੰਚ ਜਾਣ, ਨੱਕ ਗਰੜ ਦੀ ਚੁੰਝ ਵਾਂਗ ਹੋਵੇ, ਜਿਹੜਾ ਪੰਛੀਆਂ ਦਾ ਬਾਦਸ਼ਾਹ ਹੈ। ਜੋ ਕੁਝ ਇਕ ਕਵੀ ਲਿਖਦਾ ਹੈ ਦੂਜੇ ਦੁਹਰਾਂਦੇ ਹਨ। ਵਰਣਨ ਏਨਾ ਬਾਸੀ ਹੈ ਕਿ ਪਾਠਕ ਬਿਨਾਂ ਕਿਸੇ ਕਾਵਿਕ ਸਵਾਦ ਦੇ ਗਵਾਏ ਵੱਡੇ ਤੋਂ ਵੱਡੇ ਕਵੀ ਦੇ ਕਈ ਪੈਰੇ ਵਿੱਚੋਂ ਛਡ ਸਕਦਾ ਹੈ। ਜਾਗ੍ਰਤੀ ਕਾਲ ਦੇ ਸਾਰੇ ਕਵੀਆਂ ਦੀ ਇਹੀ ਵਿਲਖਣਤਾ ਹੈ, ਪਰ ਇਨ੍ਹਾਂ ਕਿਸਿੱਆਂ ਵਿਚ ਅਤੇ ਇਸ ਤੋਂ ਪਹਿਲੇ ਸਮੇਂ ਦੀਆਂ ਲੋਕ-ਕਹਾਣੀਆਂ ਅਤੇ ਕਿਰਤਾਂ ਵਿਚ ਗਲ ਇਸ ਤੋਂ ਅਸਲੋਂ ਵਖਰੀ ਹੈ।

ਬੰਗਾਲੀ ਦੇ ਪੁਰਾਣੇ ਅਤੇ ਨਵੇਂ ਸਾਹਿੱਤ ਵਿੱਚ, ਜਿਸ ਉੱਤੇ ਸੰਸਕ੍ਰਿਤ ਦਾ ਪ੍ਰਭਾਵ ਹੈ, ਅਸੀਂ ਵੇਖਦੇ ਹਾਂ ਕਿ ਅਰਬੀ ਫਾਰਸੀ ਮੁਢ ਵਾਲੇ ਸ਼ਬਦਾਂ ਨੂੰ ਵਰਤਿਆ ਹੀ ਨਹੀਂ ਜਾਂਦਾ। ਲੇਖਕ ਇਨ੍ਹਾਂ ਸ਼ਬਦਾਂ ਤੋਂ ਇਸ ਤਰ੍ਹਾਂ ਪਰਹੇਜ਼ ਕਰਦਾ ਹੈ ਜਿਵੇਂ ਕੋਈ ਕੱਟੜ ਬ੍ਰਾਹਮਣ ਅਸ਼ਨਾਨ ਪਿੱਛੋਂ ਮੁਸਲਮਾਨ ਦਾ ਹਥ ਲਗਣ ਤੋਂ ਪਰਹੇਜ਼ ਕਰਦਾ ਹੈ। ਇਹ ਕਟੜਪੁਨਾ ਬਹੁਤ ਬੁਰਾ ਹੈ। ਬੰਗਾਲ ਦੇ ਜਾਏ ਹੋਣ ਕਰਕੇ ਭਾਵੇਂ ਬੰਗਾਲੀ ਭਾਸ਼ਾ ਮੁਸਲਮਾਨਾਂ ਦੀ ਮਾਤਰੀ ਭਾਸ਼ਾ ਹੈ, ਪਰ ਅਰਬੀ ਫਾਰਸੀ ਦੇ ਸ਼ਬਦ ਵਿੱਚ ਲਿਆਉਣ ਦਾ ਉਨ੍ਹਾਂ ਦਾ ਉੱਨਾ ਹੀ ਹਕ ਹੈ ਜਿੰਨਾ ਬ੍ਰਾਹਮਣਾਂ ਦਾ ਸੰਸਕ੍ਰਿਤ ਦੇ ਸ਼ਬਦ ਲਿਆਉਣ ਦਾ। ਸੰਸਕ੍ਰਿਤ ਵਾਂਗ ਹੀ ਅਰਬ ਅਤੇ ਈਰਾਨ ਦੀਆਂ ਕਲਾਸਕੀ ਭਾਸ਼ਾਵਾਂ ਵਿੱਚ ਬੜੇ ਜ਼ੋਰਦਾਰ ਅਤੇ ਜੀਉਂਦੇ ਸ਼ਬਦ ਹਨ, ਜਿਨ੍ਹਾਂ ਦੇ ਸਾਡੇ ਸ਼ਬਦ ਭੰਡਾਰ ਵਿਚ ਆ ਜਾਣ ਨਾਲ ਸਾਨੂੰ ਲਾਭ ਹੋਵੇਗਾ, ਅਤੇ ਇਨ੍ਹਾਂ ਸ਼ਬਦਾਂ ਦਾ ਆਉਣਾ ਹੈ ਵੀ ਕੁਦਰਤੀ ਗਲ। ਭਾਵੇਂ ਲਿਖਤੀ ਬੰਗਾਲੀ ਵਿਚ ਅਸੀਂ ਅਰਬੀ ਫ਼ਾਰਸੀ ਦੇ ਸ਼ਬਦਾਂ ਨੂੰ ਪਰੇ ਰਖਦੇ ਹਾਂ ਅਤੇ ਇਸ ਤਰ੍ਹਾਂ ਅਸਾਂ ਇਸ ਭਾਸ਼ਾ ਨੂੰ ਇਕ ਹਿੰਦੂ ਮੰਦਰ ਵਾਂਗ ਵਖਰਾ ਕਰ ਲਿਆ ਹੈ, ਪਰ ਰੋਜ਼ ਦੀ ਬੋਲ ਚਾਲ ਵਿੱਚੋਂ ਅਸੀਂ ਇਹ ਸ਼ਬਦ ਨਹੀਂ ਕੱਢ ਸਕੇ। ਬੋਲ ਚਾਲ ਵਿਚ ਤੇ ਕੱਟੜ ਬ੍ਰਾਹਮਣ ਘਰਾਣਿਆਂ

ਦੀਆਂ ਇਸਤ੍ਰੀਆਂ ਵੀ ਇਹ ਬਾਹਰਲੇ ਸ਼ਬਦ ਬੋਲਦੀਆਂ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਅਸੀਂ ਲਿਖਤੀ ਸਾਹਿੱਤ ਵਿੱਚ ਬੜੇ ਧਿਆਨ ਨਾਲ ਇਨ੍ਹਾਂ ਨੂੰ ਬਾਹਰ ਰਖਦੇ ਹਾਂ ਅਤੇ ਇਸ ਤਰ੍ਹਾਂ ਆਪਣੇ ਮੁਸਲਮਾਨ ਭਰਾਵਾਂ ਨੂੰ ਨਾਰਾਜ਼ ਕਰ ਲੈਂਦੇ ਹਾਂ। ਬਦਲੇ ਵੱਲੋਂ ਉਹ ਕਵੀ ਕਦੀ ਬੰਗਾਲ ਦੇ ਸਾਹਿੱਤ ਵੱਲੋਂ ਅਸਲੋਂ ਉਪਰਾਮ ਹੋ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਮੂਲ ਰੂਪ ਵਿੱਚ ਇਹ ਹਿੰਦੂ ਹੈ। ਮੈਮਨਸਿੰਗ ਦੇ ਕਿੱਸਿਆਂ ਵਿਚ ਅਰਬੀ ਫਾਰਸੀ ਦੇ ਸ਼ਬਦ ਵਰਤੇ ਵੇਖ ਕੇ ਸਾਨੂੰ ਕਿੰਨੀ ਖੁਸ਼ੀ ਹੁੰਦੀ ਹੈ। ਉਹ ਵਿੱਚੇ ਹੀ ਰਖੇ ਗਏ ਹਨ, ਕਿਉਂਕਿ ਉਹ ਪਹਿਲਾਂ ਤੋਂ ਵਿੱਚੇ ਹੀ ਸਨ ਅਤੇ ਉਨ੍ਹਾਂ ਲਈ ਕਿਸੇ ਪਾਸਪੋਰਟ ਦੀ ਲੋੜ ਨਹੀਂ ਸੀ।

7. ਦੇਸ਼ ਦੀ ਰਾਜਨੀਤਿਕ ਹਾਲਤ

ਸਮਾਜ ਦੀ ਜੋ ਹਾਲਤ ਇਨ੍ਹਾਂ ਕਵਿਤਾਵਾਂ ਵਿੱਚੋਂ ਦਿਸਦੀ ਹੈ ਉਹ ਕਾਂਬਾ ਛੇੜਨ ਵਾਲੀ ਹੈ। ਮੁਸਲਮ ਰਾਜ ਹੇਠ ਸਾਡੇ ਦੇਸ਼ ਦੀ ਹਾਲਤ ਅਠਾਰਵੀਂ ਸਦੀ ਦੇ ਆਰੰਭ ਵਿਚ ਅਤੇ ਹੋਰ ਖਾਸ ਖਾਸ ਕਾਲਾਂ ਵਿਚ ਅਰਾਜਿਕਤਾ ਦੇ ਨੇੜੇ ਸੀ। ਮੁਸਲਮਾਨ ਸਰਦਾਰ ਬਹੁਤ ਵਾਰੀ ਸੁੰਦਰ ਹਿੰਦੂ ਕੁੜੀਆਂ ਬਾਰੇ ਪਤਾ ਦੇਣ ਲਈ ਬੰਦੇ ਰਖਦੇ ਜਿਨ੍ਹਾਂ ਨੂੰ ਸਿੰਧੂਕੀ ਕਿਹਾ ਜਾਂਦੀ ਸੀ। ਉਹ ਕਿਸੇ ਵੇਲੇ ਵੀ ਇਨ੍ਹਾਂ ਸੁੰਦ੍ਰੀਆਂ ਨੂੰ ਉਨ੍ਹਾਂ ਦੇ ਅਸਲੀ ਰੁਖਿਅਕਾਂ ਕੋਲੋਂ ਖੋਹ ਸਕਦੇ ਸਨ। ਵਿਆਹ ਉਤੇ ਟੈਕਸ ਏਨਾ ਬਹੁਤਾ ਸੀ ਕਿ ਕਈ ਘਰ ਤਬਾਹ ਹੋ ਜਾਂਦੇ। ਹਿੰਦੁਸਤਾਨ ਦੇ ਕਈ ਜ਼ਿਲਿਆਂ ਵਿੱਚ ਇਹ ਟੈਕਸ ਅਜੇ ਵੀ ਹੈ, ਬੰਗਾਲ ਦੇ ਮੁਰਸ਼ਿਦਾਬਾਦ ਜ਼ਿਲ੍ਹੇ ਵਿਚ ਕ੍ਰਿਸਾਨ ਅਜੇ ਤਕ ਇਹ ਤਾਰਦੇ ਹਨ ਭਾਵੇਂ ਇਸ ਦਾ ਨਾਂ ਹੋਰ ਰਖਿਆ ਹੋਵੇ। ਯੂਰਪ ਦੇ ਕਈ ਦੇਸ਼ਾਂ ਵਿਚ ਵੀ ਇਹ ਲਗਦਾ ਸੀ। "ਮਲੂਆ ਦੀ ਕਵਿਤਾ ਤੋਂ ਪਤਾ ਲਗਦਾ ਹੈ ਕਿ ਮੁਸਲਮਾਨ ਸਰਦਾਰ ਇਸ ਨੂੰ ਜਿੰਨਾ ਮਰਜ਼ੀ ਹੋਵੇ ਵਧਾ ਸਕਦੇ ਸਨ। ਚੰਦਰ ਕੁਮਾਰ ਨੇ ਇਕ ਇਤਿਹਾਸਕ ਘਟਨਾ ਦਸੀ ਹੈ ਜਿੱਥੇ ਇਕ ਮੁਸਲਮਾਨ ਸੂਬੇਦਾਰ ਦੀ ਪੂਰੀ ਨਾ ਹੋ ਸਕਣ ਵਾਲੀ ਮੰਗ ਕਰਕੇ ਇਕ ਪੂਰਾ ਬ੍ਰਾਹਮਣ ਟਬਰ ਉਜੜ ਚਲਿਆ ਸੀ ਅਤੇ ਉਨ੍ਹਾਂ ਨੇ ਵਹੁਟੀ ਨੂੰ ਉਸਦੇ ਹਰਮ ਵਿਚ ਦਾਖਲ ਕਰਾਣ ਦੀ ਘੋਰ ਅਨਾਦਰ ਅਤੇ ਅਪਮਾਨ ਵਾਲੀ ਸ਼ਰਤ ਮੰਨ ਕੇ ਖਲਾਸੀ ਕਰਾਈ। ਮੈਨੂੰ ਦਸਿਆ ਗਿਆ ਹੈ ਕਿ ਮੁਸਲਮਾਨ ਸੂਬੇਦਾਰਾਂ ਦੇ ਹਰਮ ਇਸ ਤਰੀਕੇ ਨਾਲ ਫੜੀਆਂ ਸੁੰਦਰ ਹਿੰਦੂ ਇਸਤ੍ਰੀਆਂ ਨਾਲ ਭਰੇ ਹੁੰਦੇ ਸਨ। ਇਨ੍ਹਾਂ ਵਿਚੋਂ ਜੰਮੇ ਬਚਿਆਂ ਨੂੰ ਜਾਇਦਾਦ ਦਾ ਵਾਰਿਸ ਬਣਨ ਦਾ ਹਕ ਸੀ ਅਤੇ ਉਨ੍ਹਾ ਨੂੰ ਲਿਹਾਜ਼ ਨਾਲ ਦੀਵਾਨ ਦੀ ਪਦਵੀ ਮਿਲਦੀ ਸੀ। ਮੁਖ਼ਬਰਾਂ ਨੂੰ ਮੁਸਲਮਾਨ ਸਰਦਾਰਾਂ ਵੱਲੋਂ ਬਹੁਤ ਇਨਾਮ ਮਿਲਦੇ ਸਨ ਅਤੇ ਚੰਦਰ ਕੁਮਾਰ ਲਿਖਦਾ ਹੈ ਕਿ ਉਨ੍ਹਾਂ ਵਿੱਚੋਂ ਕਈਆਂ ਦੀ ਔਲਾਦ ਅਜੇ ਵੀ ਆਪਣੇ ਵਡਿਕਿਆਂ ਨੂੰ ਮਿਲੀਆਂ ਜਾਗੀਰਾਂ ਮਾਣ ਰਹੀ ਹੈ।

ਸੁੰਦਰ ਹਿੰਦੂ ਇਸਤ੍ਰੀਆਂ ਉੱਤੇ ਪੈਣ ਵਾਲੀਆਂ ਬਹੁਤ ਸਾਰੀਆਂ ਮੁਸੀਬਤਾਂ ਦਾ ਮੁਢ ਨਹਾਉਣ ਵਾਲੇ ਪਤਣਾਂ ਤੋਂ ਆਰੰਭ ਹੁੰਦਾ, ਕਿਉਂਕਿ ਇਹੋ ਇਕ ਥਾਂ ਸੀ ਜਿੱਥੇ ਕੋਈ ਬਾਹਰਲਾ ਆਦਮੀ ਉਨ੍ਹਾਂ ਨੂੰ ਵੇਖ ਸਕਦਾ ਸੀ।

ਇਨ੍ਹਾਂ ਕਿੱਸਿਆਂ ਵਿਚ ਵਰਣਨ ਪਾਪ ਦਾ ਕਾਰਣ ਕਈ ਵਾਰ ਨਸਲੀ ਗਿਣਿਆ ਜਾਂਦਾ ਹੈ। ਪਰ ਮੇਰਾ ਵਿਚਾਰ ਹੈ ਕਿ ਇਹ ਜ਼ੁਲਮ ਰਾਜੇ ਦੀ ਮਨ ਮਰਜ਼ੀ ਅਨੁਸਾਰ ਬਿਨਾਂ ਕਿਸੇ ਨਸਲੀ ਭੇਦ ਭਾਵ ਦੇ ਹੁੰਦਾ ਸੀ। ਅਸੀਂ ਵੇਖਦੇ ਹਾਂ ਕਿ ਮੁਸਲਮਾਨ ਉੱਤੇ ਵੀ ਜ਼ੁਲਮ ਹੋ ਸਕਦਾ ਸੀ ਅਤੇ ਹਿੰਦੂ ਵੀ ਜੇ ਉਹ ਤਾਨ ਵਿਚ ਹੋਣ ਤਾਂ ਜ਼ੁਲਮ ਕਰ ਸਕਦੇ ਸਨ। ਉਨ੍ਹਾਂ ਦਿਨਾਂ ਵਿਚ ਬਹੁਤ ਕੁਝ ਬੇਲਗਾਮ ਰਾਜੇ ਦੀ ਮਨ ਮਰਜ਼ੀ ਉੱਤੇ ਸੀ। ਉਸ ਨੂੰ ਗੁੱਸੇ ਕਰਨਾ ਬੇਖ਼ਤਰਾ ਨਹੀਂ ਸੀ। ਇਸ ਵਿੱਚ ਮੁਸਲਮਾਨ ਅਤੇ ਹਿੰਦੂ ਰਿਆਇਆ ਇੱਕੋ ਰਸੇ ਨਾਲ ਬੰਨ੍ਹੇ ਹੋਏ ਸਨ।

ਜੋ ਸਜ਼ਾਵਾਂ ਉਨ੍ਹਾਂ ਦਿਨਾਂ ਵਿੱਚ ਦਿੱਤੀਆਂ ਜਾਂਦੀਆਂ ਸਨ, ਉਹ ਬੜੀਆਂ ਖਰ੍ਹਵੀਆਂ ਅਤੇ ਨਿਰਦਈ ਸਨ। ਲੋਕਾਂ ਨੂੰ ਜੀਉਂਦਿਆਂ ਦਬ ਦਿੱਤਾ ਜਾਂਦਾ ਸੀ। ਕੈਦੀਆਂ ਨੂੰ ਦਿੱਤੀ ਸਜ਼ਾ ਸਚ ਮੁਚ ਹੀ ਲੂੰ ਕੰਡੇ ਖੜੇ ਕਰਨ ਵਾਲੀ ਸੀ। ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿੱਚ ਇਹ ਸਜ਼ਾਵਾਂ ਕੇਵਲ ਬੰਗਾਲ ਵਿਚ ਹੀ ਪ੍ਰਚਲਤ ਨਹੀਂ ਸਨ, ਸਗੋਂ ਸਾਰੇ ਦੇਸ਼ਾਂ ਵਿਚ ਸਨ। ਇਨ੍ਹਾਂ ਕਿੱਸਿਆਂ ਵਿਚ ਹਿਦੂ ਅਤੇ ਮੁਸਲਮਾਨ ਰਾਜਿਆਂ ਦੀ ਰਾਜਧਾਨੀ ਵਿਚ ਇਕ ਜੇਲ੍ਹ ਹੁੰਦੀ ਹੈ, ਜਿਸ ਨੂੰ ਖੂਨ ਸ਼ਾਲਾ ਆਖਦੇ ਹਨ। ਓਥੇ ਕੈਦੀਆਂ ਨੂੰ ਸੰਗਲ ਬੰਨ੍ਹ ਕੇ ਲਿਜਾਇਆ ਜਾਂਦਾ ਅਤੇ ਉਨ੍ਹਾਂ ਦੀਆਂ ਹਿੱਕਾਂ ਉਤੇ ਭਾਰੇ ਪੱਥਰ ਰਖ ਦਿੱਤੇ ਜਾਂਦੇ। ਇਕ ਆਮ ਸਜ਼ਾ ਜਿਹੜੀ ਕਿਸੇ ਹਿੰਦੂ ਰਾਜੇ ਵੱਲੋਂ ਮੁਸਲਮਾਨ ਨੂੰ ਦਿੱਤੀ ਜਾਂਦੀ ਉਹ ਇਸ ਤਰ੍ਹਾਂ ਪਏ ਦੀ ਉਸ ਦੀ ਦਾੜ੍ਹੀ ਪੁਟਣਾਂ ਸੀ। ਕੈਦੀ ਨੂੰ ਵਢਣ ਲਈ ਕੀੜੀਆਂ ਛਡ ਦਿੱਤੀਆਂ ਜਾਦੀਆਂ। ਕਈ ਵਾਰ ਉਸ ਦਾ ਨੱਕ ਅਤੇ ਕੰਨ ਵਢ ਦਿੱਤੇ ਜਾਂਦੇ। ਕੋਠੜੀ ਵਿਚ ਅਗ ਬਾਲ ਕੇ ਧੂੰ ਨਾਲ ਉਸਦਾ ਸਾਹ ਬੰਦ ਕੀਤਾ ਜਾਂਦਾ। ਉਥੇ ਮਿਰਚਾਂ ਸਾੜੀਆਂ ਜਾਂਦੀਆਂ। ਮੁਰਸ਼ਦ ਕੁਲੀ ਖਾਂ ਵੱਲੋਂ ਜ਼ਿਮੀਦਾਰਾਂ ਉੱਤੇ ਜ਼ੁਲਮ ਸਿਖਰ ਉੱਤੇ ਪਹੁੰਚ ਗਿਆ। "ਬੈਕੁੰਠ" ਜਿਸ ਵਿਚ ਜ਼ਿਮੀਦਾਰ ਨੂੰ ਸੁਟਿਆ ਜਾਂਦਾ ਸੀ ਬੜਾ ਭਿਆਨਕ ਥਾਂ ਸੀ। 1725 ਵਿੱਚ ਇਕ ਜ਼ਿਮੀਂਦਾਰ ਸੂਰਜ ਨਾਰਾਇਣ ਚੌਧਰੀ ਨੂੰ ਬਿਲਕੁਲ ਨੰਗਿਆਂ ਕਰਕੇ ਬੈਂਤ ਮਾਰੇ ਗਏ। ਦੁਖੀ ਹੋ ਕੇ ਉਸ ਨੇ ਆਪਣੀ ਜ਼ਿਮੀਦਾਰੀ ਦੇ ਸਾਰੇ ਅਧਿਕਾਰ ਤਿਆਗ ਦਿੱਤੇ ਅਤੇ ਇਸ ਤਰ੍ਹਾਂ ਆਪਣੀ ਖਲਾਸੀ ਕਰਾਈ। ਇਕ ਹੋਰ ਜ਼ਿਮੀਦਾਰ ਇੰਦਰ ਨਾਰਾਇਣ ਚੌਧਰੀ ਨੇ ਤਸੀਹੇ ਨਾ ਸਹਾਰਦੇ ਹੋਏ ਹਿੰਦੂ ਧਰਮ ਤਿਆਗ ਦਿੱਤਾ ਅਤੇ ਮੁਸਲਮਾਨ ਬਣ ਕੇ ਆਪਣਾ ਨਾਂ ਇਨਾਇਤਉਲਾ ਚੌਧਰੀ ਰਖ ਲਿਆ। ਦੋ ਰਾਜੇ ਜਿਹੜੇ ਅਜੇ ਬਚੇ ਹੀ ਸਨ ਮਾਮਲਾ ਨਾ ਦੇਣ ਦੇ ਕਾਰਣ ਗ੍ਰਿਫ਼ਤਾਰ ਕਰ ਲਏ ਗਏ ਅਤੇ ਉਨ੍ਹਾਂ ਨੂੰ, ਜਦ ਤਦ ਉਹ ਬਕਾਇਆ ਸਾਫ਼ ਨਾ ਕਰ ਦੇਣ, ਹਰ ਰੋਜ਼ ਵੀਹ ਕੋੜੇ ਮਾਰਨ ਦਾ ਹੁਕਮ ਹੋਇਆ। ਉਨ੍ਹਾਂ ਦੇ ਬੁਢੇ ਨੌਕਰ ਨੇ ਇਹ ਸਜ਼ਾ ਸਹਿਣ ਲਈ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਹਰ ਰੋਜ਼ ਵੀਹ ਕੋੜੇ ਖਾਂਦਾ ਰਿਹਾ ਅਤੇ ਮੌਤ ਕੰਢੇ ਪਹੁੰਚ ਗਿਆ। ਪਰ ਚੂੰਕਿ ਬਕਾਇਆ ਅਜੇ ਵੀ ਨਹੀਂ ਤਰਿਆ ਸੀ, ਇਹ ਹੁਕਮ ਦਿੱਤਾ ਗਿਆ ਕਿ ਬਚਿਆਂ ਨੂੰ ਤੋਪ ਦੇ ਮੂੰਹ ਅਗੇ ਖਲ੍ਹਾਰ ਕੇ ਉਡਾ ਦਿੱਤਾ ਜਾਵੇ। ਪਰ ਜਿਹੜਾ ਦਿਨ ਇਸ ਕਤਲ ਲਈ ਨੀਅਤ ਕੀਤਾ ਗਿਆ ਸੀ ਉਸ ਦਿਨ ਉਸ ਥਾਂ ਉੱਤੇ ਅੰਗਰੇਜ਼ੀ ਰਾਜ ਹੋ ਗਿਆ।

ਚੰਗੇ ਰਾਜਿਆਂ ਦਾ ਵੀ ਕੋਈ ਘਾਟਾ ਨਹੀਂ ਸੀ। ਇਕ ਸੰਸਕ੍ਰਿਤ ਪੁਸਤਕ ਸ੍ਰੀਹਰਸ਼ ਚ੍ਰਿਤ ਵਿੱਚ ਲਿੱਖਿਆ ਹੈ ਕਿ ਜਦੋਂ ਰਾਜਾ ਮਰਿਆ ਤਾਂ ਕਈ ਦਰਬਾਰੀਆਂ ਨੇ ਗ਼ਮ ਨਾਲ ਜਾਨ ਦੇ ਦਿੱਤੀ।

ਕਈਆਂ ਨੇ ਕੋਠਿਆਂ ਦੀਆਂ ਛਤਾਂ ਤੋਂ ਛਾਲਾਂ ਮਾਰ ਦਿੱਤੀਆਂ । ਕਈਆਂ ਨੇ ਜ਼ਹਿਰ ਖਾ ਲਿਆ ਜਾਂ ਡੁਬ ਕੇ ਮਰ ਗਏ । ਕਈ ਗੀਤਾਂ ਵਿੱਚ ਰਾਜਾ ਗੋਪੀ ਚੰਦਰ ਦੇ ਸਨਿਆਸ ਲੈਣ ਉੱਤੇ ਲੋਕਾਂ ਦੇ ਦੁਖ ਦੇ ਵਰਣਨ ਤੋਂ ਪਤਾ ਲਗਦਾ ਹੈ ਕਿ ਇਕ ਚੰਗੇ ਰਾਜੇ ਨੂੰ ਲੋਕ ਕਿੰਨਾ ਪਿਆਰ ਕਰਦੇ ਸਨ ।

8. ਸਮਾਜ, ਕਲਾ, ਸਭਿੱਅਤਾ ਅਤੇ ਖੇਡਾਂ

ਇਸ ਕਿਸਾ-ਸਾਹਿੱਤ ਵਿੱਚ ਸਮਾਜ ਦੀ ਜੋ ਹਾਲਤ ਦਸੀ ਗਈ ਹੈ, ਉਸ ਤੋਂ ਬੰਗਾਲ ਦੇ ਪੇਂਡੂ ਲੋਕਾਂ ਦੇ ਕਈ ਵਧੀਆ ਗੁਣਾਂ ਦਾ ਪਤਾ ਲਗਦਾ ਹੈ । ਇਸਤ੍ਰੀਆਂ ਵਿੱਚ ਖਾਸ ਕਰਕੇ ਸਹਿਨਸ਼ੀਲਤਾ ਸਚ, ਭਗਤੀ ਅਤੇ ਤਿਆਗ ਦੀ ਭਾਵਨਾ ਹੈ, ਜਿਸ ਲਈ ਸਾਡੀ ਪ੍ਰਸੰਸਾ ਜਾਗਦੀ ਹੈ । ਇਹ ਗੱਲ ਵੀ ਵੇਖਣ ਵਾਲੀ ਹੈ ਕਿ ਭਾਵੇਂ ਪਾਤਰ ਜ਼ਿਆਦਾ ਕ੍ਰਿਸਾਨ ਜਾਂ ਬਿਓਪਾਰੀ ਸ਼੍ਰੇਣੀ ਦੇ ਹਨ, ਇਸਤ੍ਰੀਆਂ ਥੋੜਾ ਬਹੁਤ ਪੜ੍ਹੀਆਂ ਹੋਈਆਂ ਦਰਸਾਈਆਂ ਗਈਆਂ ਹਨ । ਬ੍ਰਾਹਮਣ ਪਰਵਾਰਾਂ ਵਿੱਚ ਇਸਤ੍ਰੀਆਂ ਸੰਸਕ੍ਰਿਤ ਵਿੱਚ ਧਰਮ ਗਰੰਥ ਪੜ੍ਹਦੀਆਂ ਸਨ ਅਤੇ ਚੰਦਰਾਵਤੀ ਜਿਸ ਦੀ ਵਿਦ-ਵਤਾ ਅਤੇ ਸਾਹਿੱਤਕਾਰਤਾ ਇਤਿਹਾਸਕ ਸਚਾਈਆਂ ਹਨ, ਕੋਈ ਵਿਲਖਣ ਘਟਨਾ ਨਹੀਂ ਸੀ । ਇਕ ਅੰਗਰੇਜ਼ੀ ਕਿਤਾਬ ਤੋਂ ਪਤਾ ਲਗਦਾ ਹੈ ਕਿ 1700 ਅਤੇ 1850 ਵਿਚਕਾਰ ਹਿਸਾਬ ਦੇ ਗੁਰ ਚਾਲੀ ਹਜ਼ਾਰ ਬੰਗਾਲੀ ਸਕੂਲਾਂ ਵਿੱਚ ਪੜ੍ਹਾਏ ਜਾਂਦੇ ਸਨ । ਇਕ ਵਿਸਤ੍ਰਤ ਪ੍ਰਬੰਧ ਹੇਠ ਇਸਤ੍ਰੀਆਂ ਪੁਰਸ਼ ਦੋਵੇਂ, ਆਪਣੀ ਛੋਟੀ ਉਮਰ ਵਿੱਚ ਕੰਮ ਚਲਾਉਣ ਜੋਗੀ ਵਿਦਿਆ ਪੜ੍ਹ ਲੈਂਦੇ ਸਨ ।

ਇਸ ਵੇਲੇ ਬੰਗਾਲੀ ਕਲਾ ਅਤੇ ਉਦਯੋਗ ਵਿੱਚ ਪਿੱਛੇ ਸਨ । ਪੁਰਾਨਾ ਇਤਹਾਸ ਭੁਲ ਜਾਂਦਾ ਹੈ ਅਤੇ ਸਾਡੇ ਕੋਲ ਇਨ੍ਹਾਂ ਗੱਲਾਂ ਵਿੱਚ ਆਪਣੀ ਸਭਿਅਤਾ ਦਾ ਪੂਰਾ ਵਰਣਨ ਹਾਸਲ ਕਰਨ ਲਈ ਕੋਈ ਸਾਧਨ ਨਹੀਂ । ਸੂਤੀ ਕਪੜਾ ਉਣਨ ਵਿੱਚ ਕਦੀ ਅਸਾਂ ਆਪਣੀ ਕਾਰੀਗਰੀ ਨਾਲ ਦੁਨੀਆਂ ਨੂੰ ਹੈਰਾਨ ਕੀਤਾ ਸੀ । ਸੈਂਕੜੇ ਦਰਿਆਵਾਂ ਨਾਲ ਚੀਰਿਆ ਹੋਇਆ ਪੂਰਬੀ ਬੰਗਾਲ ਐਸੀ ਧਰਤੀ ਨਹੀਂ, ਜਿੱਥੇ ਸ਼ਿਲਪਕਾਰੀ ਦੇ ਮਹਾਨ ਕੰਮ ਅਰੰਭੇ ਜਾਣ । ਉਸ ਦੇ ਦਰਿਆ ਉਸ ਨੂੰ ਕੋਈ ਤਾਜ ਮਹਲ ਬਣਾਨ ਦੀ ਆਗਿਆ ਨਹੀਂ ਦੇਣਗੇ । ਪਰ ਛੋਟੀ ਉਮੰਗ ਰਖ ਕੇ ਬੰਗਾਲੀ ਕਲਾਕਾਰਾਂ ਨੇ ਵੱਖੋ ਵਖ ਉਚਾਈ ਵਾਲੇ ਕਮਰੇ ਰੱਖ ਕੇ ਕਲਾਮਈ ਛਤਾਂ ਵਾਲੇ ਬੰਗਲੇ ਬਣਾਏ ਜਿਨ੍ਹਾਂ ਦੀ ਕਈਆਂ ਦੇ ਕਥਨ ਅਨੁਸਾਰ, ਸਾਰੀ ਦੁਨੀਆਂ ਵਿੱਚ ਨਕਲ ਹੋਈ । ਇਨ੍ਹਾਂ ਗੀਤਾਂ ਵਿੱਚ ਇਹੋ ਜਹੇ ਬੰਗਲਿਆਂ ਦਾ ਬੜਾ ਸਪਸ਼ਟ ਵਰਣਨ ਆਉਂਦਾ ਹੈ, ਇਨ੍ਹਾਂ ਬੰਗਲਿਆਂ ਨੂੰ ਬਣਾਉਣ ਉਤੇ ਬੜਾ ਪੈਸਾ ਅਤੇ ਮਿਹਨਤ ਲਗਦੀ ਸੀ । ਮੋਰਾਂ ਅਤੇ ਹੋਰ ਪੰਛੀਆਂ ਦੇ ਸ਼ੋਖ਼ ਖੰਭਾਂ ਨਾਲ ਬਣੀਆਂ ਛੱਤਾਂ ਨਾਲ ਇਹ ਇਸ ਤਰ੍ਹਾਂ ਲਗਦੇ ਸਨ ਜਿਵੇਂ ਪਰੀਆਂ ਆਪਣੇ ਰੰਗ ਬਰੰਗੇ ਖੰਭਾਂ ਨਾਲ ਧਰਤੀ ਉੱਤੇ ਉਤਰ ਆਈਆਂ ਹੋਣ ।

ਤਿਓਹਾਰ ਕਿੰਨੀ ਖਿਚ ਰਖਦੇ ਸਨ । ਦੁਰਗਾ ਪੂਜਾ ਮਨਾਉਣ ਲਈ ਪੈਸੇ ਉਧਾਰੇ ਲੈਣ ਲਈ ਲੋਕ ਆਪਣੇ ਬਚੇ ਗਹਿਣੇ ਰਖ ਦਿੰਦੇ ਸਨ । ਬੇੜੀਆਂ ਦੀ ਦੌੜ ਅਤੇ ਬਲਦਾਂ ਦੀ ਲੜਾਈ ਕੁਝ ਹੋਰ ਮਨ-ਪ੍ਰਚਾਵੇ ਸਨ ।

ਕੋਰਾ ਇਕ ਜਲ-ਪੰਛੀ ਹੁੰਦਾ ਹੈ, ਜਿਹੜਾ ਬਾਜ਼ ਵਾਂਗ ਬੜਾ ਲੜਾਕਾ ਹੈ । ਇਹ ਕੋਈ ਡੇਢ ਫੁਟ ਉਚਾ ਹੁੰਦਾ ਹੈ ਅਤੇ ਪੰਦਰ੍ਹਾ ਇੰਚ ਲੰਮਾ । ਇਸ ਦੀ ਧੌਣ ਲੰਮੀ ਅਤੇ ਸਿਰੀ ਉੱਤੇ ਕਲਗ਼ੀ ਹੁੰਦੀ ਹੈ । ਬੰਗਾਲੀ ਵਿੱਚ ਇਕ ਕਹਾਵਤ ਹੈਂ ਕਿ ਦੋ ਕੋਰੇ ਇਕ ਛੰਭ ਵਿੱਚ ਇਕੱਠੇ ਨਹੀਂ ਰਹਿ ਸਕਦੇ । ਇਕ ਦੀ ਆਵਾਜ਼ ਸੁਣਦਿਆਂ ਹੀ ਦੂਜਾ ਲੜਨ ਨੂੰ ਤਿਆਰ ਹੋ ਜਾਂਦਾ ਹੈ । ਇਸ ਦੀ ਆਵਾਜ਼ ਬੱਦਲ ਦੀ ਗਰਜ ਨਾਲ ਮਿਲਦੀ ਹੈ ਤੇ ਕਈ ਵਾਰ ਦੋ ਮੀਲ ਤਕ ਸੁਣੀ ਜਾਂਦੀ ਹੈ । ਸਿਖਾਏ ਹੋਏ ਕੋਰੇ ਦੇ ਪਿੰਜਰੇ ਨੂੰ ਨੀਲੇ ਕਪੜੇ ਨਾਲ ਕੱਜ ਕੇ ਰੱਖਿਆ ਜਾਂਦਾ ਹੈ । ਇਸੇ ਦੀ ਸਹਾਇਤਾ ਨਾਲ ਜੰਗਲੀ ਕੋਰੇ ਦਾ ਸ਼ਿਕਾਰ ਕੀਤਾ ਜਾਂਦਾ ਹੈ ।

ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਵਿੱਚ ਕੋਰਿਆਂ ਨੂੰ ਸੁਨੇਹੇ ਘੱਲਣ ਲਈ ਵੀ ਵਰਤਿਆ ਜਾਂਦਾ ਸੀ । ਇਕ ਆਮ ਕੋਰਾ ਹੁਣ ਵੀਹ ਪੰਝ ਰੁਪਏ ਨੂੰ ਵਿਕਦਾ ਹੈ । ਪਰ ਪੁਰਾਣੇ ਵਕਤਾਂ ਵਿਚ ਜਦੋਂ ਇਨ੍ਹਾਂ ਪੰਛੀਆਂ ਨਾਲ ਸ਼ਿਕਾਰ ਖੇਡਣ ਦਾ ਰਿਵਾਜ ਬਹੁਤਾ ਸੀ ਅਤੇ ਜਦੋਂ ਸੁਨੇਹੇ ਘੱਲਣੇ ਬਹੁਤ ਔਖੇ ਸਨ ਇਨ੍ਹਾਂ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਸੀ । ਕਬੂਤਰਾਂ ਦੀਆਂ ਖੇਡਾਂ ਉਤਲੀ ਸ਼੍ਰੇਣੀ ਦਾ ਇਕ ਹੋਰ ਮਨ ਪ੍ਰਚਾਵਾ ਸੀ ।

9. ਕਿਸਿਆਂ ਦੀ ਸਾਹਿਤਕ ਅਤੇ ਸਦਾਚਾਰਕ ਮਹੱਤਤਾ

ਜਦੋਂ ਕੋਈ ਸੰਸਕ੍ਰਿਤ ਪੜ੍ਹਿਆ ਹੋਇਆ ਬੰਗਾਲੀ ਕਵੀ ਕੁਦਰਤ ਦੇ ਬਿਆਨ ਵਿੱਚ ਕਮਾਲ ਕਰਨੀ ਚਾਹੁੰਦਾ ਹੈ ਤਾਂ ਆਪਣੇ ਜਾਗ੍ਰਿਤੀ ਸਾਹਿਤ ਸਦਕਾ ਸਾਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਕੀ ਆਉਣ ਵਾਲਾ ਹੈ । ਸਵੇਰ ਅਤੇ ਸ਼ਾਮ ਦੇ ਲੰਮੇ ਲੰਮੇ ਵਰਣਨ, ਨਾਲ ਹੀ ਫੁੱਲਾਂ ਦੀ ਸੂਚੀ, ਤਿਤਲੀਆਂ ਅਤੇ ਮਧੂ ਮਖੀਆਂ ਨੂੰ ਵੀ ਨਹੀਂ ਭੁਲਿਆ ਜਾਂਦਾ, ਜਿਹੜੀਆਂ ਓਥੇ ਸ਼ਹਿਦ ਚੂਸ ਰਹੀਆਂ ਹਨ । ਪੁਰਾਣੀਆਂ ਅਤੇ ਚਗਲੀਆਂ ਹੋਈਆਂ ਉਪਮਾਵਾਂ ਜਿਹੜੀਆਂ ਪਹਿਲੇ ਲੇਖਕਾਂ ਜਾਂ ਸੰਸਕ੍ਰਿਤ ਗ੍ਰੰਥਾਂ ਵਿੱਚੋਂ ਨਕਲ ਕੀਤੀਆਂ ਹੁੰਦੀਆਂ ਹਨ, ਪਾਠਕਾਂ ਨੂੰ ਅਕਾ ਦਿੰਦੀਆਂ ਹਨ । ਪਹਿਲੋਂ ਤੋਂ ਹੀ ਮਨ ਵਿੱਚ ਭੈ ਪੈਦਾ ਹੋ ਜਾਂਦਾ ਹੈ ਕਿ ਸ਼ਾਇਦ ਇਹ ਵਰਣਨ ਕਦੀ ਮੁਕੇ ਹੀ ਨ ।

ਪਰ ਜਦੋਂ ਅਸੀਂ ਇਨ੍ਹਾਂ ਕਿੱਸਾ ਲੇਖਕਾਂ ਵਲ ਆਉਂਦੇ ਹਾਂ ਤਾਂ ਸਾਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਆਮ ਸੂਝ ਦਾ ਪੜ੍ਹਿਆਂ ਲਿਖਿਆਂ ਕੋਲ ਕੋਈ ਠੇਕਾ ਨਹੀਂ । ਕਈ ਵਾਰ ਤੇ ਗੱਲ ਇਸਦੇ ਠੀਕ ਉਲਟ ਹੁੰਦੀ ਹੈ । ਪੇਂਡੂ ਕਵੀ ਇਹ ਨਿਸ਼ਚਾ ਕਰਕੇ ਨਹੀਂ ਲਿਖਣ ਬੈਠਦੇ ਕਿ ਉਨ੍ਹਾਂ ਕੁਦਰਤ ਦਾ ਵਰਣਨ ਲਿਖਣਾ ਹੈ ਤੇ ਕੁਝ ਸੁੰਦਰ ਗੱਲਾਂ ਆਖਣੀਆਂ ਹਨ । ਉਹ ਵਿਖਾਵੇ ਲਈ ਕੁਝ ਨਹੀਂ ਲਿਖਦੇ । ਮਨੁਖੀ ਕਾਰਜ ਦੇ ਵਰਣਨ ਵਿੱਚ ਇਥੇ ਕੁਦਰਤ ਪ੍ਰਿਸ਼ਟ ਭੂਮੀ ਦਾ ਕੰਮ ਦਿੰਦੀ ਹੈ । ਉਹ ਕਦੀ ਰਾਹ ਨਹੀਂ ਮਲ ਖਲੋਂਦੀ, ਸਗੋਂ ਸੁੰਦਰ ਛੋਹਾਂ ਨਾਲ ਸਾਮ੍ਹਣੇ ਆਉਂਦੀ ਉਹ ਕਈ ਵਾਰ ਸਾਡਾ ਮਨ ਮੋਹ ਲੈਂਦੀ ਹੈ । ਪਿੰਡ ਦੀ ਸੁੰਦਰੀ ਨੂੰ ਦਰਿਆ ਦੇ ਪੱਤਣ ਉਤੇ ਨਹਾਂ-ਉਂਦਿਆਂ ਵੇਖ ਕੇ ਕਵੀ ਉਸ ਦੀਆਂ ਕਾਲੀਆਂ ਅੱਖਾਂ ਉਤੇ ਹੈਰਾਨ ਹੋ ਜਾਂਦਾ ਹੈ ਅਤੇ ਉਸ ਨੂੰ ਸਮਝ ਨਹੀਂ ਆਉਂਦੀ ਕਿ ਉਹ ਦਰਿਆ ਦੇ ਕਾਲੇ ਪਾਣੀ ਦੀ ਬਹੁਤੀ ਪ੍ਰਸੰਸਾ ਕਰੇ, ਕਾਲੇ ਬੱਦਲਾਂ ਦੀ ਜਾਂ ਉਸ ਦੀਆਂ ਕਾਲੀਆਂ ਅੱਖਾਂ ਦੀ । ਇਕ ਕੁੜੀ ਦੀ ਸਾਊ ਅਤੇ ਮਿੱਠੀ ਨਜ਼ਰ ਉਸ ਦੇ ਧੁਰ ਅੰਦਰਲੇ ਖਿਆਲ ਪ੍ਰਗਟ ਕਰਦੀ ਹੈ ਜਿਸ ਤਰ੍ਹਾਂ ਕੱਤਕ ਵਿੱਚ ਚੰਨ ਦੀਆਂ ਕਿਰਨਾਂ ਦਰਿਆ

ਦਾ ਥੱਲਾ ਤਕ ਦਿਖਾ ਦਿੰਦੀਆਂ ਹਨ ।''

ਬੰਗਾਲ ਦੇ ਬਾਗ਼ ਦਾ ਸਭ ਤੋਂ ਸੁੰਦਰ ਫੁਲ ਉਥੋਂ ਦੀ ਇਸਤ੍ਰੀ ਹੈ । ਹਰ ਕਿੱਸੇ ਵਿੱਚ ਉਹ ਸੁੰਦਰ ਹੈ, ਆਪਣੀ ਕੁਰਬਾਨੀ ਅਤੇ ਤਿਆਗ ਕਰਕੇ ਸ਼ਰਧਾ ਦੀ ਪਾਤਰ ਹੈ । ਆਪਣੀਆਂ ਇਸਤ੍ਰੀਆਂ ਦੇ ਦੁਖ ਸਹਿਣ ਬਾਰੇ ਇਹ ਵਰਣਨ ਪੜ੍ਹ ਕੇ ਪਾਠਕ ਆਪ ਹੀ ਫੈਸਲਾ ਕਰ ਸਕੇਗਾ ਕਿ ਕੀ ਸਤੀ ਦਾ ਰਿਵਾਜ ਕਿਸੇ ਭਰਮ ਵਹਿਮ ਦਾ ਨਤੀਜਾ ਸੀ ਜਾਂ ਕਿ ਇਸਤ੍ਰੀ ਆਪਣੀ ਮਰਜ਼ੀ ਨਾਲ ਪਿਆਰ ਦੀ ਵੇਦੀ ਉੱਤੇ ਆਪਣੀ ਚੁਪ-ਬਲੀ ਦੇਂਦੀ ਸੀ । ਇਹਨਾਂ ਕਿੱਸਿਆਂ ਤੋਂ ਇਹ ਵੀ ਪਤਾ ਲੱਗੇਗਾ ਕਿ ਅੰਗਰੇਜ਼ੀ ਰਾਜ ਤੋਂ ਪਹਿਲਾਂ ਸਿਆਸੀ ਵਾਯੂ-ਮੰਡਲ ਹੀ ਐਸਾ ਸੀ ਕਿ ਕਈ ਜਵਾਨ ਅਤੇ ਸੁੰਦਰ ਹਿੰਦੂ ਵਿਧਵਾਵਾਂ ਆਪਣੇ ਪਤੀਆਂ ਦੀਆਂ ਚਿਤਾਵਾਂ ਉਤੇ ਸੜਨ ਦਾ ਬਾਉਲਾ ਕੰਮ ਕਰਕੇ ਉਸ ਤੋਂ ਵੀ ਭੈੜੀ ਤਕਦੀਰ ਤੋਂ ਬਚਣ ਦਾ ਉਪਰਾਲਾ ਕਰ ਰਹੀਆਂ ਹੁੰਦੀਆਂ ।

10. ਕਿੱਸਿਆਂ ਦਾ ਗਾਉਣਾ

ਇਨ੍ਹਾਂ ਕਿੱਸਿਆਂ ਨੂੰ ਮੈਮਨਸਿੰਗ ਜ਼ਿਲ੍ਹੇ ਦੇ ਮੁਸਲਮਾਨ ਅਤੇ ਛੋਟੀਆਂ ਜਾਤਾਂ ਦੇ ਹਿੰਦੂ ਆਮ ਗਾਉਂਦੇ ਹਨ । ਆਮ ਕਰਕੇ ਉਹ ਅਨਪੜ੍ਹ ਹੁੰਦੇ ਹਨ । ਉਨ੍ਹਾਂ ਦਾ ਮੁਖ ਪੇਸ਼ਾ ਖੇਤੀ ਹੁੰਦਾ ਹੈ । ਰਾਤ ਵੇਲੇ ਉਹ ਕਿਸੇ ਗਵਾਂਢੀ ਦੇ ਘਰ ਸੱਦੇ ਉਤੇ ਗਾਉਣ ਲਈ ਇਕੱਠੇ ਹੁੰਦੇ ਹਨ । ਬਹੁਤੀਆਂ ਟੋਲੀਆਂ ਖੁਸ਼ੀ ਨਾਲ ਗਾਉਣ ਵਾਲੀਆਂ ਹੁੰਦੀਆਂ ਹਨ । ਕੁਝ ਕੁ ਨੇ ਕਿੱਸੇ ਗਾਉਣਾ ਪੇਸ਼ਾ ਬਣਾਇਆ ਹੋਇਆ ਹੁੰਦਾ ਹੈ ।

ਮੁਖ ਗਵਈਯੇ ਨੂੰ ਗਾਇਨ ਆਖਿਆ ਜਾਂਦਾ ਹੈ, ਓਹੀ ਵਿਆਖਿਆ ਕਰਦਾ ਹੈ ਅਤੇ ਕਾਵਿਕ ਵਿਚਾਰਾਂ ਦੇ ਗੁੱਝੇ ਭਾਵ ਦਸਦਾ ਹੈ । ਅਠ ਦਸ ਆਦਮੀ ਨਾਲ ਗੀਤ ਚੁਕਣ ਵਾਲੇ ਹੁੰਦੇ ਹਨ । ਇਹ ਢੋਲਕੀਆਂ, ਛੈਣੇ, ਸਾਰੰਗੀ ਆਦਿ ਸਾਜ਼ ਵਜਾਉਂਦੇ ਹਨ । ਹਰਮੋਨੀਅਮ ਵੀ ਕਿਧਰੇ ਕਿਧਰੇ ਵੇਖਿਆ ਜਾਂਦਾ ਹੈ, ਜਿਹੜੀ ਇਕ ਸਜਰੀ ਤਬਦੀਲੀ ਹੈ । ਕਈ ਵਾਰ ਜਵਾਨ ਮੁੰਡਿਆਂ ਨੂੰ ਸੁੰਦਰ ਕਪੜੇ ਪਾ ਕੇ ਵਿੱਚ ਲਿਆਂਦਾ ਜਾਂਦਾ ਹੈ ਜਿਹੜੇ ਨੱਚਦੇ ਅਤੇ ਗਾਉਂਦੇ ਹਨ । ਪੇਸ਼ਵਾਰ ਗਵਈਯੇ ਇਕ ਰਾਤ ਦੇ ਪੰਜ ਤੋਂ ਦਸ ਰੁਪਏ ਲੈਂਦੇ ਹਨ । ਕਈ ਵਾਰ ਪੈਸੇ ਨਿਯਤ ਨਹੀਂ ਕੀਤੇ ਜਾਂਦੇ, ਸੁਣਨ ਵਾਲੇ ਜੋ ਦੇ ਦੇਣ ਸੋ ਦੇ ਦੇਣ । ਇਹ ਵੇਲਾਂ ਦਵਾਨੀ ਤੋਂ ਚਵਾਨੀ ਤਕ ਦੀਆਂ ਹੁੰਦੀਆਂ ਹਨ । ਸ਼ੌਕੀਆਂ ਪਾਰਟੀਆਂ ਨੂੰ ਸਦਣ ਵਾਲੇ ਬਸ ਖੁਲ੍ਹਾ ਖਾਣਾ ਅਤੇ ਤਮਾਕੂ ਦੇਂਦੇ ਹਨ ।

ਇਹ ਕਿੱਸੇ ਆਮ ਕਰਕੇ ਉਨ੍ਹਾਂ ਘਟਨਾਵਾਂ ਦੀਆਂ ਕਵਿਤਾਵਾਂ ਵਿੱਚ ਯਾਦਾਂ ਹਨ, ਜਿਨ੍ਹਾਂ ਲਈ ਦੇਸ਼ ਦੇ ਲੋਕਾਂ ਵਿੱਚ ਸਭ ਤੋਂ ਵੱਧ ਖਿੱਚ ਸੀ । ਕਵੀ ਬਹੁਤੀ ਵਾਰ ਬਿਨਾਂ ਪੜ੍ਹੇ ਹੋਣ ਦੇ, ਕਵਿਤਾ ਜੋੜਨ ਦੀ ਜਾਚ ਸਿੱਖ ਲੈਂਦੇ ਅਤੇ ਕਿਸੇ ਗੱਲ ਉੱਤੇ ਉਨ੍ਹਾਂ ਦਾ ਰੋਹ ਜਾਗਦਾ ਜਾਂ ਹਮਦਰਦੀ ਉਤਪੰਨ ਹੁੰਦੀ ਤਾਂ ਉਹ ਆਪਣੀ ਮਾਂ ਤੋਂ ਸਿਖੀ ਬੋਲੀ ਵਿੱਚ ਇਸ ਦਾ ਵਰਣਨ ਕਰਨ ਤੋਂ ਅਸ-ਮਰਥ ਨਾ ਰਹਿੰਦੇ । ਇਨ੍ਹਾਂ ਪੇਂਡੂ ਕਵੀਆਂ ਨੇ ਕਿਸੇ ਪਾਸੇ ਦਾ ਪਰਚਾਰ ਨਹੀਂ ਸੀ ਕਰਨਾ ਹੁੰਦਾ ਅਤੇ ਨਾ ਹੀ ਇਨਾਂ ਨੂੰ ਬਹੁਤ ਵੱਡੇ ਕਲਾਕਾਰ ਪ੍ਰਸਿਧ ਹੋਣ ਦਾ ਫ਼ਿਕਰ ਸੀ । ਇਸ ਲਈ ਉਨ੍ਹਾਂ ਦਾ

ਵਰਣਨ ਕਈ ਵਾਰ ਪਖੱਪਾਤੀ ਇਤਿਹਾਸਕਾਰਾਂ ਨਾਲੋਂ ਸਚ ਦੇ ਵਧੇਰੇ ਨੇੜੇ ਹੁੰਦਾ । ਪਰ ਏਨ੍ਹਾਂ ਪੇਂਡੂ ਕਵੀਆਂ ਦੇ ਕਈ ਤਰੀਕੇ ਔਗਣ ਵਾਲੇ ਸਨ । ਬਾਰਾਮਾਹ ਵਰਣਨ ਨੂੰ ਕਮਜ਼ੋਰ ਬਣਾਂਦੇ ਸਨ ਅਤੇ ਇਤਿਹਾਸਕ ਤੌਰ ਉਤੇ ਗ਼ਲਤ ਵੀ, ਭਾਵੇਂ ਕਦੀ ਕਦੀ ਉਨਾਂ ਵਿਚ ਸੁੰਦਰ ਕਵਿਤਾ ਆ ਜਾਂਦੀ । ਕਦੀਂ ਕਦੀਂ ਲੋਕ ਕਥਾਵਾਂ ਦਾ ਅੰਸ਼ ਗੀਤਾਂ ਵਿਚ ਮਿਲ ਜਾਂਦਾ । ਇਹ ਵੀ ਸਚ ਨੂੰ ਕਮਜ਼ੋਰ ਕਰਦਾ ਅਤੇ ਕਵਿਤਾ ਦੀ ਚਾਲ ਨੂੰ ਰੋਕਦਾ । ਇਨ੍ਹਾਂ ਔਗਣਾਂ ਤੋਂ ਸਿਵਾ ਇਹ ਕਿੱਸੇ ਵਡਮੁਲੀਆਂ ਇਤਿਹਾਸਕ ਲਿਖਤਾਂ ਹਨ ।

ਸਾਡੇ ਦੇਸ਼ ਵਿੱਚ ਭੱਟਾਂ ਨੇ ਧੜੱਲੇਦਾਰ ਇਤਿਹਾਸਕ ਘਟਨਾਵਾਂ ਦੀ ਯਾਦ ਉਸ ਵੇਲੇ ਕਾਇਮ ਰੱਖੀ, ਜਦੋਂ ਅਜੇ ਅਖਬਾਰਾਂ ਨਹੀਂ ਚਲੀਆਂ ਸਨ । ਪਿਛਲੇਰੇ ਸਮਿਆਂ ਵਿੱਚ ਮਿਲਹਟ ਭੱਟਾਂ ਦਾ ਮੰਨਿਆ ਹੋਇਆ ਗੜ੍ਹ ਸੀ, ਪਰ ਇਨ੍ਹਾਂ ਕਿੱਸਿਆਂ ਦੇ ਲੇਖਕਾਂ ਨੇ ਮਹਾਨ ਇਤਿਹਾਸਕ ਘਟਨਾਵਾਂ ਵਲ ਬਹੁਤਾ ਧਿਆਨ ਨਹੀਂ ਦਿੱਤਾ । ਹਾਂ, ਜੇ ਉਨ੍ਹਾਂ ਵਿੱਚ ਤਿਆਗ ਜਾਂ ਕਿਸੇ ਹੋਰ ਗੁਣ ਦਾ ਝਲਕਾਰਾ ਹੋਵੇ ਤਾਂ ਹੋਰ ਗੱਲ ਹੈ । ਨਾਲ ਲੱਗਦੇ ਥਾਵਾਂ ਵਿੱਚ ਪਿਆਰ ਅਤੇ ਸ਼ਰਧਾ ਦੀ ਵੇਦੀ ਉਤੇ ਇਸਤ੍ਰੀਆਂ ਅਤੇ ਪੁਰਸ਼ਾਂ ਵਲੋਂ ਦਿੱਤੀਆਂ ਪਵਿਤ੍ਰ ਕੁਰਬਾਨੀਆਂ ਪੇਂਡੂ ਕਵੀਆਂ ਲਈ ਪ੍ਰੇਰਨਾ ਦਾ ਅਖੁਟ ਸੋਮਾਂ ਸਾਬਤ ਹੁੰਦੀਆਂ, ਜਿਹੜੇ ਸਿਆਸੀ ਸੂਝ ਬੂਝ ਅਤੇ ਦੇਸ਼ ਭਾਵਨਾ ਦੇ ਰੇਟੇ ਹੋਏ ਵਿਚਾਰਾਂ ਤੋਂ ਕੋਰੇ ਹੁੰਦੇ ।

ਚੰਦਰ ਕੁਮਾਰ ਕਹਿੰਦਾ ਹੈ ਕਿ ਇਹ ਗੀਤ ਦਿਨੋਂ ਦਿਨ ਲੋਕਾਂ ਦਾ ਪਿਆਰ ਗਵਾ ਰਹੇ ਹਨ । ਅੱਜ ਤੋਂ ਵੀਹ ਵਰ੍ਹੇ ਪਹਿਲਾਂ ਜੋ ਹਾਲਤ ਸੀ, ਹੁਣ ਉਸ ਦਾ ਸੌਵਾਂ ਹਿੱਸਾ ਵੀ ਨਹੀਂ ਰਹਿ ਗਈ । ਅੱਗੇ ਹਰ ਪਿੰਡ ਵਿੱਚ ਗਵਈਯੇ ਹੁੰਦੇ ਸਨ । ਹੁਣ ਦਸ ਪੰਦਰਾਂ ਪਿੰਡਾਂ ਵਿੱਚ ਵੀ ਇਕ ਗਵਈਯਾ ਲੱਭਣਾ ਔਖਾ ਹੈ । ਜੇ ਤੁਹਾਨੂੰ ਕੋਈ ਮਿਲ ਵੀ ਜਾਵੇ ਤਾਂ ਉਹ ਪੰਜ ਛੇ ਗੀਤ ਗਾਵੇਗਾ ਅਤੇ ਫਿਰ ਚੁਪ ਹੋ ਜਾਵੇਗਾ ਇਹ ਕਹਿ ਕਿ ਹੋਰ ਉਸ ਨੂੰ ਯਾਦ ਨਹੀਂ । ਜਦੋਂ ਉਸ ਦੇ ਗੀਤਾਂ ਦਾ ਰਿਵਾਜ ਹਟ ਗਿਆ ਹੈ ਤਾਂ ਉਸ ਦੇ ਚੇਤੇ ਨੂੰ ਜੰਗਾਲ ਲੱਗ ਜਾਣਾ ਕੁਦਰਤੀ ਹੈ, ਪਰ ਬੁੱਢੇ ਕ੍ਰਿਸਾਨ ਇਸ ਖਜ਼ਾਨੇ ਦੇ ਗਵਾਚ ਜਾਣ ਉਤੇ ਅੱਖਾਂ ਵਿੱਚ ਹੰਝੂ ਭਰ ਕੇ ਰੋਂਦੇ ਹਨ ।

ਬੰਗਾਲ ਦਾ ਹੋਣ ਵਾਲਾ ਇਤਿਹਾਸਕਾਰ ਇਸ ਬੇਅੰਤ ਮਸਾਲੇ ਨੂੰ ਉਸ ਤਰ੍ਹਾਂ ਹੀ ਲਾਭ ਹਿਤ ਵਰਤ ਸਕੇਗਾ, ਜਿਵੇਂ ਟਾਡ ਨੇ ਰਾਜਪੂਤਾਨੇ ਦੀਆਂ ਵਾਰਾਂ ਵਰਤੀਆਂ ਅਤੇ ਕਲ੍ਹਨ ਨੇ ਕਸ਼-ਮੀਰ ਦੀਆਂ । ਸਾਡਾ ਇਨ੍ਹਾਂ ਸਮਿਆਂ ਦਾ ਇਤਿਹਾਸ ਨਾ ਤਾਂਬੇ ਦੀਆਂ ਪਤਰੀਆਂ ਉਤੇ ਹੈ ਨਾ ਪੱਥਰ ਉਤੇ ਲਿਖਤਾਂ ਵਿੱਚ, ਨ ਹੀ ਬਦੇਸ਼ੀ ਯਾਤਰੂਆਂ ਦੇ ਸਫਰ-ਨਾਮਿਆਂ ਵਿੱਚ । ਮੁਸਲਮਾਨ ਰਾਜ ਦੇ ਸਮੇਂ ਦੇ ਪ੍ਰਬੰਧਕ ਕਾਗਜ਼ਾਂ ਵਿੱਚ ਹੈ ਨਾ ਹੀ ਸੰਸਕ੍ਰਿਤ ਦੇ ਗ੍ਰੰਥਾਂ ਵਿੱਚ । ਸਾਡੇ ਲੋਕਾਂ ਦਾ ਅਸਲੀ ਇਤਿਹਾਸ ਹਰ ਰਾਜ ਦੀ ਆਪਣੀ ਬੋਲੀ ਵਿੱਚ ਲਿਖੀਆਂ ਰਚਨਾਵਾਂ ਵਿੱਚ ਹੈ । ਪਰ ਵਿਦਵਾਨਾਂ ਨੇ ਉਨ੍ਹਾਂ ਵਲ ਓਨਾ ਧਿਆਨ ਨਹੀਂ ਦਿੱਤਾ ਜਿੰਨਾ ਦੇਣਾ ਚਾਹੀਦਾ ਸੀ । ਮੈਂ ਪਿਛਲੇ ਕਈ ਸਾਲਾਂ ਤੋਂ ਇਸ ਮਹਾਨ ਲੱਭਤ ਵਲ ਅੰਗਰੇਜ਼ੀ ਅਤੇ ਬੰਗਾਲੀ ਵਿੱਚ ਕਈ ਕਿਤਾਬਾਂ ਲਿਖ ਕੇ ਲੋਕਾਂ

ਦਾ ਧਿਆਨ ਦਿਵਾਇਆ ਹੈ। ਮੈਂ ਇਕ ਮਹਾਨ ਕੰਮ ਲਈ ਮਸਾਲਾ ਇਕੱਠਾ ਕਰਰ ਹੇ ਦਿਹਾੜੀ-ਦਾਰ ਵਾਂਗ ਹਾਂ। ਕੋਈ ਇਤਿਹਾਸਕਾਰ ਵੀ ਛੇਤ਼ੀ ਹੀ ਪੈਦਾ ਹੋ ਜਾਵੇਗਾ, ਜਿਹੜਾ ਇਸ ਬਾਰੇ ਮਸਾਲੇ ਨੂੰ ਠੀਕ ਸ਼ਕਲ ਦੇਵੇਗਾ ਅਤੇ ਸਾਡੇ ਰਾਸ਼ਟਰੀ ਜੀਵਨ ਦਾ ਸ਼ਾਨਦਾਰ ਵਰਣਨ ਲਿਖੇਗਾ।

30 ਸਤੰਬਰ, 1923. ਦਿਨੇਸ਼ ਚੰਦਰ ਸੇਨ

ਬਾਜ਼ੀਗਰ ਕੁੜੀ ਮਹੂਆ

(ਕਹਿੰਦੇ ਹਨ ਕਿ ਇਸ ਕਿੱਸੇ ਦਾ ਲੇਖਕ ਆਪ ਇਕ ਇਸਤ੍ਰੀ ਨੂੰ ਪਿਆਰ ਕਰਦਾ ਸੀ ਜਿਹੜੀ ਜਾਤ ਦੀ ਉਸ ਤੋਂ ਨੀਂਵੀਂ ਸੀ। ਇਸ ਪਿਆਰ ਵਿੱਚ ਉਸ ਨੇ ਆਪ ਉਹ ਦੁਖ ਸਹੇ ਜਿਹੜੇ ਏਥੇ ਨਾਦਰ ਚੰਦ ਲਈ ਲਿਖੇ ਹਨ। ਇਸੇ ਕਰਕੇ ਹੀ ਉਹ ਬ੍ਰਾਹਮਣ ਮੁਖੀ ਦੇ ਭਾਵਾਂ ਨੂੰ ਏਨੀ ਯਥਾਰਕਤਾ ਨਾਲ ਲਿਖ ਸਕਿਆ, ਪਰ ਇਸ ਪਿਆਰ ਕਥਾ ਦਾ ਜਾਂ ਉਸ ਦੇ ਜੀਵਨ ਦਾ ਹੋਰ ਕੋਈ ਵਿਸਥਾਰ ਸਾਨੂੰ ਪਤਾ ਨਹੀਂ। ਇਹ ਕਿੱਸਾ ਪਹਿਲਾਂ ਮੈਮਨਸਿੰਗ ਵਿੱਚ ਬੜਾ ਆਮ ਸੀ, ਪਰ ਇਸ ਵਿਚਲੀ ਇਸ਼ਕ ਦੀ ਆਜ਼ਾਦੀ ਕੱਟੜ ਭਾਗ ਨੂੰ ਪਸੰਦ ਨਹੀਂ ਸੀ। ਬ੍ਰਾਹਮਣਾਂ ਦਾ ਜ਼ੋਰ ਵਧਣ ਨਾਲ ਇਸ ਭਾਗ ਦਾ ਜ਼ੋਰ ਹੋਰ ਵਧ ਗਿਆ ਅਤੇ ਹੁਣ ਇਹ ਹਿੰਦੂਆਂ ਵਿਚ ਬਹੁਤਾ ਪ੍ਰਚਲਤ ਨਹੀਂ। ਕ੍ਰਿਸਾਨ ਅਤੇ ਛੋਟੀਆਂ ਜਾਤਾਂ ਦੇ ਹੋਰ ਲੋਕ ਖ਼ਾਸ ਕਰ ਮੁਸਲਮਾਨ ਜਿਨ੍ਹਾਂ ਵਿੱਚ ਹਿੰਦੂਆਂ ਵਾਲੇ ਸ਼ੰਕੇ ਨਹੀਂ, ਕਦੀ ਕਦੀ ਇਸ ਦੇ ਕੁਝ ਗੀਤ ਗਾਉਂਦੇ ਹਨ। ਬੜੀ ਮੁਸ਼ਕਲ ਨਾਲ ਚੰਦਰ ਕੁਮਾਰ ਇਹ ਸਾਰਾ ਕਿੱਸਾ ਲਭ ਸਕਿਆ। ਉਹ ਦੱਸਦਾ ਹੈ ਕਿ ਕਟੜ ਬ੍ਰਾਹਮਣਾਂ ਵੱਲੋਂ ਇਸ ਦੀ ਵਿਰੋਧਤਾ ਕਰਕੇ, ਜਿਹੜੇ ਕਹਿੰਦੇ ਹਨ ਕਿ ਇਹ ਜਵਾਨ ਇਸਤ੍ਰੀਆਂ ਦੇ ਚਲਨ ਖਰਾਬ ਕਰਨ ਵਾਲਾ ਹੈ, ਇਸ ਗੀਤ ਨੂੰ ਹੁਣ ਹਿੰਦੂ ਘਰਾਂ ਵਿੱਚ ਬਿਲਕੁਲ ਨਹੀਂ ਗਾਵਿਆ ਜਾਂਦਾ। ਇਸ ਕਿੱਸੇ ਦਾ ਵਿਸ਼ਾ ਇਤਿਹਾਸਕ ਹੈ। ਲੋਕੀ ਨਾਦਰ ਚੰਦ ਦੇ ਜੀਵਨ ਦੀਆਂ ਕਈ ਘਟਨਾਵਾਂ ਦਸਦੇ ਹਨ। ਕਿੱਸਾ ਠੇਠ ਪੇਂਡੂ ਬੋਲੀ ਵਿੱਚ ਲਿਖਿਆ ਹੋਇਆ ਹੈ, ਪਰ ਆਪਣੀ ਕਥਾ ਵਸਤੂ ਨਾਇਕਾ ਅਤੇ ਨਾਇਕ ਦੇ ਮਹਾਨ ਚਿਤ੍ਰਾਂ ਅਤੇ ਸਭ ਰੀਤਾਂ ਰਵਾਜ਼ਾਂ ਤੋਂ ਆਜ਼ਾਦੀ ਸਦਕਾ ਅਤੇ ਤੇਜ਼ੀ ਨਾਲ ਬਦਲਦੀਆਂ ਨਾਟਕੀ ਸਥਿਤੀਆਂ ਕਰਕੇ ਇਸ ਦੀ ਬੰਗਾਲੀ ਸਾਹਿੱਤ ਵਿੱਚ ਉਚੇਰੀ ਥਾਂ ਹੈ।)

ਬਾਜ਼ੀਗਰ ਕੁੜੀ ਮਹੂਆ

1. ਬਾਜ਼ੀਗਰਾਂ ਦਾ ਸਰਦਾਰ-ਹੋਮਰਾ

ਧਰਤੀ ਦੇ ਰਸਤੇ ਗਰੋ ਪਹਾੜੀਆਂ ਤੀਕ ਅਪੜਨ ਨੂੰ ਛੇ ਮਹੀਨੇ ਲਗਦੇ ਹਨ। ਇਨ੍ਹਾਂ ਪਹਾੜੀਆਂ ਤੋਂ ਪਰ੍ਹਾਂ ਹਿਮਾਲਯਾ ਦੀਆਂ ਬਰਫ਼ਾਨੀ ਪਰਬਤ-ਧਾਰਾਵਾਂ ਹਨ। ਇਨ੍ਹਾਂ ਧਾਰਾਵਾਂ ਤੋਂ ਪਰ੍ਹਾਂ ਦੂਰ ਸਤ ਸਮੁੰਦਰ ਹਨ। ਸੂਰਜ ਤੇ ਚੰਨ ਇਹਨਾਂ ਖੰਡਾਂ ਵਿਚ ਲੋਅ ਨਹੀਂ ਕਰਦੇ। ਕੋਈ ਮਨੁਖੀ ਅਕਾਰ ਓਥੇ ਨਹੀਂ ਟਰਦਾ। ਸੰਘਣੇ ਜੰਗਲ ਸ਼ੇਰਾਂ ਤੇ ਰਿੱਛਾਂ ਨਾਲ ਭਰੇ ਹੋਏ ਹਨ।

ਪਰ ਇਨ੍ਹਾਂ ਜੰਗਲਾਂ ਦੇ ਨੇੜੇ ਹੀ ਕਦੀ ਮਨੁੱਖਾਂ ਦੀ ਇਕ ਨਿਕੀ ਜਿਹੀ ਵਸਤੀ ਸੀ। ਉਨ੍ਹਾਂ ਦੇ ਸਰਦਾਰ ਦਾ ਨਾਂ ਹੋਮਰਾ ਬਾਜ਼ੀਗਰ ਸੀ। ਮੇਰੇ ਮਿਤ੍ਰ, ਹਿੰਦੂ, ਮੁਸਲਮਾਨੋ, ਇਸ ਬਾਜ਼ੀਗਰਾਂ ਦੇ ਸਰਦਾਰ ਦੀ ਵਾਰਤਾ ਸੁਣੋ। ਉਹ ਧਾੜਵੀ ਸੀ-ਇਕ ਧਾੜ ਦਾ ਮੁਖੀਆ ਉਸ ਦਾ ਇਕ ਨਿਕਾ ਭਰਾ ਵੀ ਸੀ, ਜਿਸਦਾ ਨਾਂ ਮੇਨਕ ਸੀ। ਉਹ ਥਾਂ ਥਾਂ ਭੌਂਦੇ ਫਿਰਦੇ। ਹੁਣ ਮੈਂ ਤੁਹਾਨੂੰ ਬਾਜ਼ੀਗਰਾਂ ਦੇ ਇਸ ਡੇਰੇ ਦੀ ਅਸਚਰਜ ਵਿਥਿਆ ਸੁਣਾਉਂਦਾ ਹਾਂ।

ਇਕ ਵਾਰ ਉਹ ਟੁਰਦੇ ਟੁਰਦੇ ਦੂਰ ਚਲੇ ਗਏ ਤੇ ਧਨੂ ਦਰਿਆ ਦੇ ਕੰਢੇ ਅਪੜ ਗਏ। ਓਥੇ ਇਕ ਪਿੰਡ ਵਸਦਾ ਸੀ ਜਿਸ ਦਾ ਨਾਂ ਕੰਚਨਪੁਰ ਸੀ। ਉਸ ਪਿੰਡ ਵਿਚ ਇਕ ਬੁਢਾ ਬ੍ਰਾਹਮਣ ਰਹਿੰਦਾ ਸੀ ਜਿਸ ਦੀ ਇਕ ਬੜੀ ਸੁੰਦਰ ਬਾਲੜੀ ਸੀ। ਉਹ ਅਜੇ ਛਿਆਂ ਮਹੀਨਿਆਂ ਦੀ ਹੀ ਸੀ। ਰਾਤ ਮੁਕਣ ਵੇਲੇ ਬਾਜ਼ੀਗਰਾਂ ਦੇ ਸਰਦਾਰ ਹੋਮਰਾ ਨੇ ਉਹ ਬਾਲੜੀ ਚੁਕ ਲਈ ਤੇ ਨਠ ਗਿਆ।

ਛਿਆਂ ਮਹੀਨਿਆਂ ਦੀ ਉਹ ਬਾਲੜੀ ਫਿਰ ਇਕ ਸਾਲ ਦੀ ਹੋ ਗਈ। ਪਿੰਜਰੇ ਵਿਚ ਪਾਏ

ਪੰਛੀ ਵਾਂਗ ਉਹ ਬਾਜ਼ੀਗਰ ਦੇ ਘਰ ਪਲਦੀ ਰਹੀ ਤੇ ਵਧਦੀ ਵਧਦੀ ਸੋਲਾਂ ਵਰ੍ਹਿਆਂ ਦੀ ਮੁਟਿਆਰ ਹੋ ਗਈ। ਬਾਜ਼ੀ ਪਾਣ ਵਿਚ ਉਹ ਨਿਪੁੰਨ ਸੀ, ਖਾਸ ਕਰਕੇ ਰਸੀ ਉਤੇ ਨਾਚ ਕਰਨ ਵਿਚ। ਉਸ ਦਾ ਰੂਪ ਇਸ ਤਰ੍ਹਾਂ ਲਿਸ਼ਕਾਰੇ ਮਾਰਦਾ ਸੀ ਜਿਵੇਂ ਨਾਗ ਦੇ ਫੰਨ੍ਹ ਵਿਚ ਮਣੀ ਹੋਵੇ ਜਾਂ ਕਿਸੇ ਅਨ੍ਹੇਰੇ ਘਰ ਵਿਚ ਚਮਕਦਾਰ ਹੀਰਾ।

ਜੋ ਵੀ ਉਸ ਨੂੰ ਵੇਖਦਾ ਰੀਝ ਜਾਂਦਾ। ਜਦੋਂ ਉਹ ਟੁਰਦੀ ਤਾਂ ਉਸ ਦੀਆਂ ਲੰਮੀਆਂ ਪਲਮਦੀਆਂ ਜੁਲਫਾਂ ਉਸ ਦੇ ਗਿਟਿਆਂ ਨੂੰ ਛੁਹੰਦੀਆਂ ਲਗਦੀਆਂ। ਉਹਦੀਆਂ ਗਲ੍ਹਾਂ ਉਤੇ ਜਿਵੇਂ ਚੰਪਾ ਦੇ ਫੁਲ ਖਿੜੇ ਦਿਸਦੇ, ਉਸ ਦੀਆਂ ਮੋਟੀਆਂ ਚਮਕਦੀਆਂ ਅਖਾਂ ਸੰਝ ਦੇ ਤਾਰਿਆਂ ਵਾਂਗ ਸੁੰਦਰ ਸਨ। ਜਿਹੜਾ ਇਕ ਪਲ ਲਈ ਉਸ ਨੂੰ ਵੇਖ ਲੈਂਦਾ ਫਿਰ ਕਦੀ ਭੁਲ ਨਾ ਸਕਦਾ। ਕਈ ਭਗਤ ਲੋਕ ਵੀ ਆਪਣੇ ਤਪ ਤਿਆਗ ਤੇ ਸੰਕਲਪ ਨੂੰ ਛਡ ਕੇ ਉਸ ਦੇ ਖਿਆਲ ਨੂੰ ਮਨ ਵਿਚ ਵਸਾਈ ਫਿਰਦੇ।

ਇਸ ਲੜਕੀ ਨੂੰ ਨਾਲ ਲੈਕੇ ਹੋਮਰਾ ਥਾਓਂ ਥਾਈਂ ਫਿਰਦਾ ਰਹਿੰਦਾ। ਉਸ ਦੇ ਸੁਹੱਪਣ ਤੋਂ ਖੁਸ਼ ਹੋ ਕੇ ਹੋਮਰਾ ਦੀ ਵਹੁਟੀ ਨੇ ਉਸ ਦਾ ਨਾਂ ਮਹੂਆ ਰਖਿਆ। ਮਹੂਆ ਇਕ ਜੰਗਲੀ ਫੁਲ ਹੈ ਜਿਹੜਾ ਪਹਾੜਾਂ ਉਤੇ ਉਗਦਾ ਹੈ।

2. ਸਥਾਨ : ਗਰੋ ਪਹਾੜੀਆਂ

ਹੋਮਰਾ ਨੇ ਆਪਣੇ ਭਰਾ ਮੈਨਕਾ ਨੂੰ ਆਖਿਆ, "ਆ ਭਰਾ ਕਿਧਰੇ ਦੂਰ ਥਾਂ ਚਲੀਏ ਤੇ ਆਪਣੀਆਂ ਬਾਜ਼ੀਆਂ ਵਿਖਾਈਏ।"

ਮੈਨਕਾ ਨੇ ਕਿਹਾ : "ਠੀਕ ਹੈ, ਚਲੋ ਅਗਲੇ ਸ਼ੁਕਰਵਾਰ ਚਲਦੇ ਹਾਂ।"

ਸ਼ੁਕਰਵਾਰ ਦੀ ਸਵੇਰ ਨੂੰ ਬਾਜ਼ੀਗਰਾਂ ਨੇ ਆਪਣਾ ਸਮਾਨ ਬਨ੍ਹ ਲਿਆ ਤੇ ਪੈਂਡੇ ਲਈ ਤਿਆਰ ਹੋ ਪਏ।

ਡੇਰੇ ਦਾ ਸਰਦਾਰ, ਹੋਮਰਾ ਸਾਰਿਆਂ ਤੋਂ ਅਗੇ ਜਾ ਰਿਹਾ ਸੀ, ਉਸ ਦੇ ਪਿਛੇ ਉਸ ਦਾ ਭਰਾ ਮੈਨਕਾ ਤੇ ਉਸ ਦੇ ਪਿਛੇ ਉਹਨਾਂ ਦੇ ਬੇਅੰਤ ਬਾਜ਼ੀਆਂ ਪਾਣ ਵਾਲੇ ਗਲਾਂ ਕਰਦੇ ਤੇ ਟਾਹਰਾਂ ਮਾਰਦੇ ਆ ਰਹੇ ਸਨ। ਉਹਨਾਂ ਦੇ ਕੋਲ ਆਪਣੀਆਂ ਟਪਰੀਆਂ, ਰਸੇ ਤੇ ਵੰਝ ਸਨ ਤੇ ਨਾਲੇ ਸਿਖੇ ਹੋਏ ਤੋਤੇ, ਬਾਜ਼, ਤੇ ਹੋਰ ਪੰਛੀ ਪਿੰਜਰਿਆਂ ਵਿਚ ਬੰਦ ਸਨ। ਉਹਨਾਂ ਦੇ ਨਾਲ ਬਹੁਤ ਸਾਰੇ ਘੋੜੇ ਤੇ ਖੋਤੇ ਵੀ ਸਨ। ਇਕ ਚੰਡਾਲ ਦੀ ਟੂਣਾ ਕੀਤੀ ਹੋਈ ਹੱਡੀ ਵੀ ਉਹਨਾਂ ਦੇ ਕੋਲ ਸੀ। ਇਹ ਉਹਨਾਂ ਦੀ ਸਫ਼ਲਤਾ ਲਈ ਤਵੀਤ ਸੀ। ਲੂਮੜ ਤੇ ਸਹਿਆ ਨੂੰ ਘਰਕਾਣ ਤੇ ਮਾਰਨ ਲਈ ਉਹਨਾਂ ਕੋਲ ਸਿਧਾਏ ਹੋਏ ਕੁਤੇ ਸਨ। ਇਸ ਤਰ੍ਹਾਂ ਉਹਨਾਂ ਨੇ ਕੱਛਾਂ ਮਾਰਦੇ ਕਈ ਕੋਹਾਂ ਦਾ ਪੰਧ ਮੁਕਾ-ਇਆ।

ਉਹਨਾਂ ਦੇ ਨਾਲ ਮਹੂਆ ਸੁੰਦਰੀ ਵੀ ਸੀ, ਉਹ ਚਾਈਂ ਚਾਈਂ ਆਪਣੀ ਸਹੇਲੀ ਪਲੰਕਾ ਨਾਲ ਗਲਾਂ ਮਾਰਦੀ ਤੇ ਹਸਦੀ ਖੇਡਦੀ ਜਾ ਰਹੀ ਸੀ। ਕਈ ਦਿਨ ਰਾਹ ਵਿਚ ਲੰਘੇ ਤੇ ਮਹੀਨੇ ਪਿਛੋਂ ਉਹ ਇਕ ਪਿੰਡ ਅਪੜੇ ਜਿਸ ਦਾ ਨਾਂ ਬਾਮਨਕੰਡਾ ਸੀ।

3. ਨਾਦਰ ਚੰਦ ਦਾ ਦਰਬਾਰ

ਇਸ ਪਿੰਡ ਦਾ ਵਾਲੀ ਇਕ ਬ੍ਰਾਹਮਣ ਗਭਰੂ ਨਾਦਰ ਚੰਦ ਸੀ। ਆਪਣੇ ਮਿਤ੍ਰਾਂ ਤੇ ਦਰਬਾ-

ਰੀਆਂ ਵਿਚਕਾਰ ਬੈਠਾ ਉਹ ਇਸ ਤਰ੍ਹਾਂ ਪਰਕਾਸ਼ ਦੇਂਦਾ ਸੀ ਜਿਵੇਂ ਤਾਰਿਆਂ ਵਿਚ ਸੂਰਜ। ਉਸ ਦਾ ਲਾਂਗੜਾ ਨਾਂ ਦਾ ਦੂਤ ਉਸ ਦੇ ਸਾਮਣੇ ਆਇਆ ਤੇ ਕਹਿਣ ਲੱਗਾ ! "ਮੇਰੀ ਗਲ ਸੁਣੋ ਹਜੂਰ। ਬਾਜ਼ੀਗਰਾਂ ਦਾ ਇਕ ਨਵਾਂ ਟੋਲਾ ਸਾਡੇ ਪਿੰਡ ਆਇਆ ਹੈ। ਉਹ ਆਪਣੇ ਖੇਲ ਵਿਖਾ-ਉਣਾ ਚਾਹੁੰਦੇ ਹਨ। ਉਹਨਾਂ ਦੇ ਨਾਲ ਇਕ ਮੁਟਿਆਰ ਹੈ। ਉਹ ਬਹੁਤ ਸੁਹਣੀ ਹੈ। ਅਸਲ ਗਲ ਤੇ ਇਹ ਹੈ ਕਿ ਇਸ ਬਾਜ਼ੀਗਰ ਕੁੜੀ ਜਿਹੀ ਸੁਹਣੀ ਮੁਟਿਆਰ ਮੈਂ ਕਦੀ ਵੇਖੀ ਹੀ ਨਹੀਂ।"

ਜਦੋਂ ਨਾਦਰ ਚੰਦ ਨੇ ਇਹ ਸੁਣਿਆ ਤਾਂ ਉਹ ਉਠ ਕੇ ਮਹਿਲ ਦੇ ਜਨਾਨੇ ਹਿਸੇ ਵਿਚ ਗਿਆ ਤੇ ਆਪਣੀ ਮਾਂ ਨੂੰ ਪ੍ਰਨਾਮ ਕਰਕੇ ਕਹਿਣ ਲਗਾ "ਬਾਜ਼ੀਗਰਾਂ ਦਾ ਇਕ ਨਵਾਂ ਡੇਰਾ ਸਾਡੇ ਪਿੰਡ ਆਇਆ ਹੈ। ਉਹ ਏਥੇ ਬਾਜ਼ੀ ਪਾਣੀ ਚਾਹੁੰਦੇ ਨੇ। ਮਾਤਾ ਜੀ, ਜੇ ਤੁਹਾਨੂੰ ਕੋਈ ਏਤਰਾਜ ਨਾ ਹੋਵੇ ਤਾਂ ਮੈਂ ਇਹ ਬਾਜ਼ੀ ਪੁਵਾ ਲਵਾਂ।

ਮਾਤਾ "ਕੀ ਖਰਚ ਆਵੇਗਾ ?"

ਨਾਦਰ ਚੰਦ : "ਇਕ ਸੌ ਰੁਪਿਆ।"

ਮਾਤਾ : ਹਾਂ, ਉਨਹਾਂ ਨੂੰ ਸਦ ਲਵੋ। ਉਹ ਸਾਡੇ ਮਹਿਲ਼ ਦੇ ਬਾਹਰਲੇ ਇਹਾਤੇ ਵਿਚ ਬਾਜ਼ੀ ਪਾ ਲੈਣ।

4. ਬਾਜ਼ੀਗਰਾਂ ਦੀ ਬਾਜ਼ੀ

ਹੋਮਰਾ ਨੇ ਆਪਣੇ ਭਰਾ ਮੈਨਕਾ ਨੂੰ ਸੱਦਿਆ ਤੇ ਆਖਿਆ" ਇਹ ਕਮਾਣ ਦੇ ਤੀਰਾਂ ਨਾਲ ਭਰੀ ਹੋਈ ਤਰਕਸ਼ ਲੈ ਚਲੋ। ਅਸੀਂ ਛੋਟੇ ਸਰਦਾਰ ਦੇ ਮਹਿਲਾਂ ਵਿਚ ਜਾ ਕੇ ਬਾਜ਼ੀ ਪਾਵਾਂਗੇ। ਇਹ ਆਖ ਕੇ ਹੋਮਰਾ ਨੇ ਆਪਣਾ ਢੋਲ ਵਜਾਇਆ। ਅਵਾਜ਼ ਸੁਣ ਕੇ ਪਿੰਡ ਦੇ ਲੋਕ ਸਾਰਿਆਂ ਪਾਸਿਆਂ ਤੋਂ ਓਧਰ ਨੂੰ ਨਠਣ ਲਗ ਪਏ।

ਇਕ ਆਦਮੀ ਨੇ ਦੂਜੇ ਨੂੰ ਆਖਿਆ "ਅਜ ਸਾਡੀ ਸਰਕਾਰ ਦੇ ਘਰ ਬਾਜ਼ੀਗਰਾਂ ਨੇ ਖੇਲ ਵਿਖਾਣੇ ਨੇ। ਚਲ ਛੇਤੀ ਚਲੀਏ।"

ਲੋਕੀ ਸਾਰੇ ਪਾਸੇ ਬੈਠ ਗਏ। ਛੋਟੀ ਸਰਕਾਰ ਨੇ ਉਹਨਾਂ ਦੇ ਵਿਚਕਾਰ ਆਸਣ ਲਗਾ ਲਿਆ ਤੇ ਭਾਲ ਵਿਚ ਏਧਰ ਓਧਰ ਝਾਕਣ ਲਗਾ।

ਜਿਸ ਵੇਲੇ ਬਾਜ਼ੀਗਰ ਕੁੜੀ ਸਾਮ੍ਹਣੇ ਆਈ ਤੇ ਲੰਮੇ ਸਾਰੇ ਵੰਝ ਨੂੰ ਬੜੀ ਅਦਾ ਨਾਲ ਭੁਵਾਇਆ ਤਾਂ ਨਾਦਰ ਚੰਦ ਜਿਹੜਾ ਹੁਣ ਤਕ ਆਪਣੀ ਪਰਜਾ ਵਿਚਕਾਰ ਬੈਠਾ ਰਿਹਾ ਸੀ ਇਕ ਦਮ ਉਠ ਕੇ ਖਲੋ ਗਿਆ ਤੇ ਇਕ ਟਿਕ ਉਸ ਵਲ ਵੇਖਣ ਲਗ ਪਿਆ। ਪਰ ਜਦੋਂ ਕੁੜੀ ਵੰਝ ਦੀ ਟੀਸੀ ਤੇ ਚੜ੍ਹ ਕੇ ਆਪਣੇ ਖੇਲ ਵਿਖਾਣ ਲਗੀ ਤਾਂ ਛੋਟੇ ਸਰਦਾਰ ਨੇ ਡਡਿਆ ਕੇ ਕਿਹਾ "ਹਾਏ ਐਨੀ ਉਚੀ ਥਾਂ ਤੋਂ ਕਿਤੇ ਡਿੱਗ ਕੇ ਮਰ ਹੀ ਨਾ ਜਾਵੇ।"

ਫਿਰ ਉਹ ਵੰਝ ਦੇ ਸਿਰੇ ਉਤੇ ਚੜ੍ਹ ਕੇ ਖਲੋ ਗਈ ਤੇ ਆਪਣੇ ਹਥਾਂ ਨਾਲ ਡੱਫ ਵਜਾ ਕੇ ਗਾਉਣ ਲਗੀ। ਨਾਲ ਹੀ ਉਸ ਦੇ ਕੰਙਣ ਛਣਕ ਰਹੇ ਸਨ। ਫਿਰ ਉਤੋਂ ਹੀ ਉਸ ਨੇ ਮੁਸਕਰਾ ਕੇ ਕਿਹਾ :—

"ਮੈਂ ਆਪਣੇ ਕਰਤਬ ਵਿਖਾਏ ਹਨ। ਹੁਣ ਮੈਨੂੰ ਛੋਟੇ ਸਰਦਾਰ ਤੋਂ ਇਨਾਮ ਮਿਲਣਾ ਚਾਹੀਦਾ ਹੈ।" ਪਰ ਆਪਣੇ ਮਨ ਵਿਚ ਉਸ ਨੇ ਕਿਹਾ :" ਰਬ ਕਰੇ ਮੈਂ ਇਸ ਦਾ ਮਨ ਮੋਹ

ਲਵਾਂ । ਇਹੀ ਮੇਰੇ ਲਈ ਸਭ ਤੋਂ ਵਡਾ ਇਨਾਮ ਹੈ । ਨਾਦਰ ਚੰਦ ਨੇ ਇਕ ਦਮ ਆਪਣਾ ਹਜ਼ਾਰ ਰੁਪਏ ਦਾ ਦੁਸਾਲਾ ਲਾਹ ਕੇ ਉਸ ਨੂੰ ਦਿੱਤਾ ਤੇ ਨਾਲ ਹੀ ਇਕ ਵਡੀ ਰਕਮ ਰੁਪਿਆਂ ਵਿਚ ਵੀ ਦਿੱਤੀ ।

ਹੋਮਰਾ ਨੇ ਰਹਿਣ ਲਈ ਇਕ ਘਰ ਦਾ ਤਰਲਾ ਕੀਤਾ । ਛੋਟੇ ਸਰਦਾਰ ਨੇ ਇਕ ਦਮ ਇਕ ਵਧੀਆ ਤੋੜ ਉਸ ਨੂੰ ਦੇ ਦਿਤਾ । ਨਾਲ ਹੀ ਇਸ ਦਾਤ ਦੀ ਉਸ ਦੇ ਨਾਂ ਬਾਕਾਇਦਾ ਲਿਖਤ ਕਰਵਾ ਦਿਤੀ । ਬਹੁਤ ਸਾਰੇ ਚੌਲ ਤੇ ਹੋਰ ਅਨਾਜ ਉਹਨਾਂ ਨੂੰ ਦਿਤਾ ਜਿਹੜਾ ਉਹਨਾਂ ਦੇ ਡੇਰੇ ਲਈ ਕਈ ਮਹੀਨਿਆਂ ਲਈ ਕਾਫ਼ੀ ਸੀ ।

ਨਾਦਰ ਚੰਦ ਨੇ ਕਿਹਾ, ਹੁਣ ਮੈਂ ਤੁਹਾਨੂੰ ਜ਼ਮੀਨ ਦੇ ਦਿਤੀ ਹੈ । ਲਿਖਤ ਤੁਹਾਡੇ ਹਥ ਵਿਚ ਹੈ । ਸ਼ਹਿਰ ਦੇ ਉਸ ਪਾਸੇ ਵਲ ਚਲੇ ਜਾਓ ਜਿਸ ਨੂੰ ਉਲਆਕਾਡੀ ਆਖਦੇ ਹਨ ਤੇ ਜਿਥੇ ਤੁਹਾਡੀ ਜ਼ਮੀਨ ਹੈ । ਓਥੇ ਬਹੁਤ ਵਧੀਆ ਘਰ ਬਣਾਓ ।

ਉਸ ਤੋੜ ਉਤੇ ਇਕ ਵਧੀਆ ਘਰ ਬਣਾ ਦਿਤਾ ਗਿਆ ਪਰ ਜਦ ਮਹੂਆ ਨੇ ਉਸ ਘਰ ਵਿਚ ਪੈਰ ਧਰਿਆ ਤਾਂ ਉਹ ਰੋਣ ਲਗ ਪਈ । ਉਸ ਦੇ ਪਾਲਣਹਾਰ ਪਿਤਾ ਨੇ ਬਤਾਊਆਂ ਦੇ ਬੂਟੇ ਲਾਏ ਤੇ ਕਿਹਾ "ਲਾਡਲੀ ਰੋ ਨ, ਮੈਂ ਬਤਾਊਂ ਵੇਚਾਂਗਾ ਤੇ ਪੈਸਿਆਂ ਨਾਲ ਤੈਨੂੰ ਹਾਰ ਲੈ ਦਿਆਂਗਾ ।"

ਨਵੇਂ ਬਾਗ਼ ਵਿਚ ਉਸ ਨੇ ਰਵਾਂਹ ਉਗਾਏ ਤੇ ਪਿਆਰ ਨਾਲ ਮਹੂਆ ਨੂੰ ਕਿਹਾ ਇਹ ਸਭ ਕੁਝ ਕਿਸ ਕੰਮ ਹੈ, ਮੇਰੀ ਲਾਡਲੀ ਧੀਏ, ਜੇ ਤੂੰ ਹੀ ਮੇਰੇ ਕੋਲ ਨਾ ਰਹੇਂ ? ਤੂੰ ਆਪਣੇ ਮੂੰਹ ਨਾਲ ਆਖ ਕਿ ਮੇਰੇ ਕੋਲ ਹੀ ਰਹੇਂਗੀ ਨਹੀਂ ਤੇ ਮੈਂ ਆਪਣੀ ਸੰਘੀ ਵੱਢ ਲਵਾਂਗਾ ।"

ਬਾਗ਼ ਵਿਚ ਬਹੁਤ ਸਾਰੀ ਸ਼ਕਰਕੰਦੀ ਹੋਈ ਤੇ ਬੁਢੇ ਬਾਜ਼ੀਗਰ ਨੇ ਉਸ ਦੀ ਵੱਟਕ ਵਿਚੋਂ ਮਹੂਆ ਨੂੰ ਕੰਙਣ ਲੈ ਕੇ ਦੇਣ ਦਾ ਇਕਰਾਰ ਕੀਤਾ ।

ਬਾਗ਼ ਵਿਚਲੇ ਘਰ ਦੀਆਂ ਕੰਧਾ ਨੂੰ ਸ਼ੀਸ਼ੇ ਦੇ ਬੂਹੇ ਲਾ ਕੇ ਸਜਾਇਆ ਗਿਆ ਤੇ ਇਸ ਦੀ ਰਾਖੀ ਲਈ ਸਾਰੇ ਪਾਸੇ ਬੂਟਿਆਂ ਦੀ ਵਲਗਣ ਵਲ ਦਿਤੀ ਗਈ ।

ਇਕ ਦਿਨ ਉਸ ਨੇ ਕੁਝ ਕਬੂਤਰ, ਮਘ ਤੇ ਤੋਤੇ ਮਾਰੇ ਤੇ ਕੁੜੀ ਨੂੰ ਕਿਹਾ, "ਇਹਨਾਂ ਦਾ ਵਧੀਆ ਸਲੂਣਾ ਬਣਾਈਂ । ਮਸਾਲੇ ਜ਼ਰੂਰ ਪਾਈਂ, ਖਾਸ ਕਰਕੇ ਕਾਲਾਜੀਰਾ ।"

ਇਸ ਤਰ੍ਹਾਂ ਹੋਮਰਾ ਬਾਜ਼ੀਗਰ ਮਹੂਆ ਨੂੰ ਖੁਸ਼ ਰਖਣ ਤੇ ਬਾਗ਼ ਵਾਲੇ ਘਰ ਵਿਚ ਉਹਨੂੰ ਧਿਆਨੇ ਲਾਈ ਰਖਣ ਦਾ ਜਤਨ ਕਰਦਾ ਰਿਹਾ ।

5. ਨਾਦਰ ਚੰਦ ਤੇ ਮਹੂਆ ਦਰਿਆ ਦੇ ਪੱਤਣ ਉਤੇ

ਇਕ ਦਿਨ ਨਾਦਰ ਚੰਦ ਓਧਰੋਂ ਲੰਘ ਰਿਹਾ ਸੀ । ਤ੍ਰਿਕਾਲਾਂ ਪੈ ਚੁਕੀਆਂ ਸਨ ਤੇ ਰਾਹ ਦੇ ਨਾਲ ਲਗਦੇ ਘਰਾਂ ਵਿਚ ਸਜਰੇ ਹੀ ਦੀਵੇ ਬਲੇ ਸਨ । ਮਹੂਆ ਪਿੰਡ ਵਿਚ ਆਪਣਾ ਨਾਚ ਵਿਖਾ ਘਰ ਨੂੰ ਪਰਤ ਰਹੀ ਸੀ । ਉਹ ਉਸ ਨੂੰ ਇਕੱਲਾ ਹੀ ਮਿਲ ਪਿਆ ਤੇ ਹੌਲੀ ਜਿਹੀ ਕਿਹਾ "ਜਰਾ ਖਲੋ ਕੇ ਮੇਰੀ ਗਲ ਸੁਣ ਜਾਈਂ ਮੁਟਿਆਰੇ । ਜਿਸ ਵੇਲੇ ਚੰਦਰਮਾ ਦੀਆਂ ਰਿਸ਼ਮਾ ਪੂਰਬ ਵਾਲੇ ਪਾਸੇ ਖਿਲਰ ਜਾਣ ਤੇ ਸੂਰਜ ਪਛਮ ਵਾਲੇ ਪਾਸੇ ਝਉਂ ਜਾਵੇ, ਭਲਕੇ ਉਸ ਵੇਲੇ ਮੈਂ ਪੱਤਣ ਉਤੇ ਤੇਰੀ ਇਕੱਲੀ ਦੀ ਉਡੀਕ ਕਰਾਂ ? ਜੇ ਤੇਰਾ ਘੜਾ ਪਾਣੀ ਨਾਲ ਭਰਨ ਪਿਛੋਂ ਤੇਰੀਆਂ

ਬਾਹਵਾਂ ਨੂੰ ਬਹੁਤਾ ਭਾਰਾ ਲਗੇ ਤਾਂ ਮੈਂ ਤੈਨੂੰ ਚੁਕਵਾਣ ਲਈ ਓਥੇ ਖਲੋਤਾ ਹੋਵਾਂਗਾ ।"

ਸੰਝ ਵੇਲੇ ਉਹ ਪਾਣੀ ਵਾਲਾ ਘੜਾ ਲੈ ਕੇ ਦਰਿਆ ਵਲ ਗਈ । ਨਾਦਰ ਚੰਦ ਪਹਿਲਾਂ ਹੀ ਓਥੇ ਖਲੋਤਾ ਉਹਨੂੰ ਉਡੀਕ ਰਿਹਾ ਸੀ ।

ਨਾਦਰ ਚੰਦ

"ਤੂੰ ਆਪਣਾ ਘੜਾ ਭਰਨ ਵਿਚ ਏਨੀ ਮਸਤ ਹੋਈ ਹੋਈ ਏਂ-ਪ੍ਰਾਣ ਪਿਆਰੀਏ ! ਤੈਨੂੰ ਯਾਦ ਵੀ ਹੈ ਮੈਂ ਤੈਨੂੰ ਕਲ ਕੀ ਕਿਹਾ ਸੀ ?"

ਮਹੂਆ

"ਹੇ ਰਾਜਕੁਮਾਰ, ਹੇ ਪਰਦੇਸੀ ! ਜੋ ਕੁਝ ਤੂੰ ਕਹਿੰਦਾ ਹੈਂ ਕਿ ਤੂੰ ਮੈਨੂੰ ਦਸਿਆ ਸੀ, ਉਹਦਾ ਤੇ ਮੈਨੂੰ ਇਕ ਬੋਲ ਵੀ ਯਾਦ ਨਹੀਂ ।"

ਨਾਦਰ ਚੰਦ

"ਏਡੀ ਜਵਾਨ, ਏਨੀ ਟਹਿਕਦੀ ਤੇ ਫਿਰ ਵੀ ਇਹ ਏਡੀ ਵਿਸਰ-ਭੋਲ । ਇਕ ਰਾਤ ਹੀ ਤੇ ਵਿਚ ਲੰਘੀ ਏ ਜਦੋਂ ਮੈਂ ਤੈਨੂੰ ਦਸਿਆ ।"

ਮਹੂਆ

"ਪਰ ਰਾਜਕੁਮਾਰ ਤੂੰ ਤੇ ਓਪਰਾ ਆਦਮੀ ਹੈਂ । ਮੈਨੂੰ ਤੇਰੇ ਨਾਲ ਗੱਲਾਂ ਕਰਦਿਆਂ ਲਜਿਆ ਆਉਂਦੀ ਹੈ ।"

ਨਾਦਰ ਚੰਦ

"ਨੱਢੀਏ, ਤੂੰ ਆਪਣਾ ਘੜਾ ਪਾਣੀ ਵਿਚ ਡੋਬ ਦਿਤਾ ਹੈ, ਤੇ ਨਿੱਕੀਆਂ ਨਿੱਕੀਆਂ ਲਹਿਰਾਂ ਉਡ ਪਈਆਂ ਹਨ । ਤੂੰ ਕਿੰਨੀ ਰੂਪਵਾਨ ਹੈਂ । ਮੇਰੇ ਨਾਲ ਜ਼ਰਾ ਹੱਸ ਕੇ ਬੋਲ ! ਏਥੇ ਸਾਨੂੰ ਕੋਈ ਨਹੀਂ ਵੇਖਦਾ । ਤੇਰਾ ਪਿਤਾ ਕੌਣ ਹੈ ਤੇ ਤੇਰੀ ਮਾਤਾ ਕੌਣ ! ਸਾਡੇ ਪਿੰਡ ਆਉਣ ਤੋਂ ਪਹਿਲਾਂ ਇਹ ਮੁਟਿਆਰ ਕਿਥੇ ਰਹਿੰਦੀ ਸੀ ।"

ਮਹੂਆ

"ਹੇ ਰਾਜਕੁਮਾਰ ! ਮੇਰੇ ਮਾਤਾ ਪਿਤਾ ਕੋਈ ਨਹੀਂ, ਨਾ ਹੀ ਕੋਈ ਭਰਾ ਹੈ ਜਿਸ ਨੂੰ ਮੈਂ ਆਪਣਾ ਕਹਿ ਸਕਾਂ । ਮੈਂ ਇਕ ਜਾਂਗਲੀ ਬੂਟੀ ਹਾਂ ਜਿਹੜੀ ਨਦੀ ਵਿਚ ਰੋੜ ਦਿਤੀ ਗਈ । ਮੇਰੇ ਮੰਦੇ ਭਾਗ ਸਨ, ਹੇ ਰਾਜਕੁਮਾਰ ਕਿ ਮੈਨੂੰ ਬਾਜ਼ੀਗਰਨੀ ਬਣ ਕੇ ਬਾਜ਼ੀਗਰਾਂ ਵਿਚ ਰਹਿਣਾ ਪੈ ਰਿਹਾ ਹੈ । ਮੈਨੂੰ ਅੰਦਰੋਂ ਅੱਗ ਸਾੜ ਰਹੀ ਹੈ । ਮੇਰਾ ਦਰਦ ਵੰਡਾਣ ਵਾਲਾ ਏਥੇ ਕੋਈ ਨਹੀਂ ਜਿਸ ਨੂੰ ਮੈਂ ਆਪਣੇ ਦਿਲ ਦੀ ਪੀੜ ਦਸ ਸਕਾਂ । ਤੁਹਾਡੇ ਘਰ ਸੁੰਦਰ ਪਤਨੀ ਹੈ, ਰਾਜਕੁਮਾਰ, ਤੇ ਤੁਸੀਂ ਉਸ ਨਾਲ ਆਪਣੇ ਘਰ ਵਿਚ ਖੁਸ਼ ਹੋ ।"

ਨਾਦਰ ਚੰਦ

"ਹੇ ਸੁੰਦਰੀ ਤੇਰਾ ਦਿਲ ਪੱਥਰ ਵਾਂਗ ਕਠੋਰ ਹੈ ਤੇ ਤੇਰੀਆਂ ਗੱਲਾਂ ਕੂੜੀਆਂ ਹਨ । ਮੇਰੀ ਵਹੁਟੀ ਕੋਈ ਨਹੀਂ, ਅਜੇ ਕਵਾਰਾ ਹਾਂ । ਤੂੰ ਆਪ ਪੱਥਰ ਦਿਲ ਹੈਂ ਤੇ ਉਸ ਤਰ੍ਹਾਂ ਦੇ ਹੀ ਤੇਰੇ ਮਾਪੇ ਹਨ । ਉਹਨਾਂ ਅਜੇ ਤਕ ਤੈਨੂੰ ਕਿਸੇ ਵਰ ਦੇ ਲੜ ਨਹੀਂ ਲਾਇਆ । ਤੂੰ ਆਪਣੀ ਜਵਾਨੀ ਅਜਾਈਂ ਲੰਘਾ ਰਹੀ ਹੈਂ ।"

ਮਹੂਆ

"ਹੇ ਪਰਦੇਸੀ ਤੇਰਾ ਆਪਣਾ ਦਿਲ ਪੱਥਰ ਹੈ ਤੇ ਨਾਲ ਹੀ ਤੇਰੇ ਮਾਪਿਆਂ ਦਾ ਵੀ। ਭਾਵੇਂ ਤੂੰ ਗਭਰੂ ਹੋ ਗਿਆ ਹੈਂ ਤੈਨੂੰ ਉਹਨਾਂ ਕੋਈ ਵਹੁਟੀ ਨਹੀਂ ਲੱਭ ਕੇ ਦਿਤੀ।"

ਨਾਦਰ ਚੰਦ

"ਗੱਲ ਤੇਰੀ ਸੱਚੀ ਹੈ, ਪ੍ਰਾਣ ਪਿਆਰੀਏ! ਮੇਰਾ ਦਿਲ ਕਰੜਾ ਹੈ ਤੇ ਮੇਰੇ ਮਾਪਿਆਂ ਦਾ ਵੀ। ਪਰ ਮੈਂ ਇਹ ਜੁਮਾ ਲੈਂਦਾ ਹਾਂ ਕਿ ਜੇ ਮੈਂ ਕੋਈ ਤੇਰੇ ਵਰਗੀ ਮੋਹ ਲਵਾਂ ਤਾਂ ਮੈਂ ਕਰੜਾ ਨਹੀਂ ਰਵ੍ਹਾਂਗਾ ਸਗੋਂ ਇਕ ਮਲੂਕ ਕੰਤ ਬਣ ਜਾਵਾਂਗਾ।"

ਮਹੂਆ (ਝੂਠੀ ਮੂਠੀ ਗੁਸੇ ਹੋ ਕੇ)

"ਤੂੰ ਬੜਾ ਬੇਸ਼ਰਮ ਛੋਕਰਾ ਹੈਂ ਜਿਹੜਾ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹੈਂ। ਇਹ ਨਿਰਾਦਰ ਵਾਲੀਆਂ ਹਨ। ਇਕ ਘੜਾ ਲੈ ਕੇ ਆਪਣੇ ਗਲ ਦੁਆਲੇ ਬੰਨ੍ਹ ਲੈ ਤੇ ਦਰਿਆ ਡੁਬ ਮਰ।"

ਨਾਦਰ ਚੰਦ

"ਹੇ ਸੁੰਦਰੀ ਤੇਰਾ ਦਿੱਤਾ ਦੰਡ ਮੈਂ ਖੁਸ਼ੀ ਨਾਲ ਪਰਵਾਨ ਕਰਦਾ ਹਾਂ ਤੂੰ ਨਦੀ ਬਣ ਮੈਂ ਆਪਣੇ ਆਪ ਨੂੰ ਉਸ ਵਿਚ ਡੋਬ ਲਵਾਂਗਾ।"

6. ਪਲੰਕਾ ਅਤੇ ਮਹੂਆ

"ਮੇਰੀ ਭੈਣ ਮਹੂਆ ਵਾਸਤਾ ਈ, ਮੇਰੀ ਗੱਲ ਸੁਣ ਜਾ ਤੂੰ ਆਪਣੇ ਦਿਲ ਦੀ ਘੁੰਡੀ ਮੇਰੇ ਕੋਲ ਨਹੀਂ ਖੋਲ੍ਹੇਂਗੀ। ਤੂੰ ਸੰਝ ਵੇਲੇ ਇਕੱਲੀ ਦਰਿਆ ਦੇ ਪੱਤਣ ਤੇ ਕਿਉਂ ਜਾਂਦੀ ਏਂ। ਤੂੰ ਸਾਰੀ ਰਾਤ ਰੋ ਕੇ ਲੰਘਾਨੀ ਏਂ। ਮੈਨੂੰ ਹੰਝੂਆਂ ਦੇ ਨਿਸ਼ਾਨ ਤੇਰੀਆਂ ਗਲ੍ਹਾਂ ਉਤੇ ਦਿਸ ਰਹੇ ਨੇ। ਮੈਨੂੰ ਅੰਦਰਖਾਨੇ ਇਸ ਸਭ ਕੁਝ ਦਾ ਕਾਰਨ ਦਸ ਦੇ। ਕੀ ਗੱਲ ਹੈ ਕਿ ਕਈ ਵਾਰੀ ਤੂੰ ਹਉਂਕੇ ਭਰਨੀ ਏਂ ਤੇ ਬ੍ਰਾਹਮਣ ਰਾਜਕੁਮਾਰ ਦੇ ਮਹਿਲਾਂ ਵੱਲ ਝਾਕਨੀ ਏਂ? ਏਥੇ ਇਹ ਅਵਾਈ ਏ ਕਿ ਨਾਦਰ ਚੰਦ ਤੈਨੂੰ ਦਿਲ ਦੇ ਬੈਠਾ ਏ ਤੇ ਤੇਰੇ ਗਾਉਣਾਂ ਤੇ ਮੋਹਿਆ ਗਿਆ ਏ।"

ਨਿਮ੍ਹੀਂ ਆਵਾਜ਼ ਵਿਚ ਮਹੂਆ ਨੇ ਆਪਣੀ ਬੀਤੀ ਦੱਸੀ। "ਮੇਰੀ ਸਖੀ ਪਲੰਕਾ ਦਸ ਮੈਂ ਆਪਣੇ ਦਿਲ ਦੀ ਪੀੜ ਕਿਵੇਂ ਸ਼ਾਂਤ ਕਰਾਂ? ਅਸੀਂ ਇਸ ਦੇਸ਼ ਤੋਂ ਟੁਰ ਚਲੀਏ। ਮੈਂ ਬੜੀ ਵਾਹ ਲਾਈ ਹੈ ਪਰ ਦਿਲ ਦੇ ਵਹਿਣ ਨੂੰ ਮੋੜਿਆ ਨਹੀਂ ਜਾ ਸਕਦਾ। ਮੈਂ ਇਸ ਨੂੰ ਸਮਝਾ ਨਹੀਂ ਸਕਦੀ। ਮੇਰੀ ਤੇ ਮੱਤ ਲੈਂਦਾ ਹੀ ਨਹੀਂ।" ਉਹ ਰੋਂਦੀ ਹੈ।

ਪਲੰਕਾ

"ਬੀਬੀ ਭੈਣ, ਤੂੰ ਮੇਰੀ ਸਲਾਹ ਮੰਨ। ਸਤ ਦਿਨ ਦਰਿਆ ਦੇ ਪਤਣ ਉਤੇ ਨਾ ਜਾ। ਜੇ ਉਹ ਏਥੇ ਪੁਛਣ ਆਵੇਗਾ ਤਾਂ ਮੈਂ ਆਖਾਂਗੀ; ਮਹੂਆ ਸੁੰਦਰੀ ਰਾਤੀਂ ਮਰ ਗਈ ਹੈ।"

ਮਹੂਆ (ਹੌਲੀ ਜਹੀ)

"ਜੇ ਮੈਂ ਉਸ ਨੂੰ ਇਕ ਦਿਨ ਨਾ ਵੇਖਾਂ ਤਾਂ ਮੈਂ ਇਸੇ ਦੁਖ ਨਾਲ ਹੀ ਮਰ ਜਾਵਾਂਗੀ। ਸੂਰਜ ਤੇ ਚੰਨ ਤੋਂ ਪਿਆਰੀ ਸਖੀ ਮੇਰੀ ਸ਼ਾਹਦ ਹੋ। ਇਹ ਬ੍ਰਾਹਮਣ ਗਭਰੂ ਮੇਰੇ ਦਿਲ ਦਾ ਸਾਈਂ ਹੈ। ਬਾਜ਼ੀਗਰ ਭਾਵੇਂ ਜਿਥੇ ਮਰਜ਼ੀ ਨੇ ਮੈਨੂੰ ਲੈ ਜਾਣ ਪਰ ਤੂੰ ਇਹ ਭਰੋਸਾ ਰੱਖ ਕਿ

ਤੁਹਾਡੇ ਵਿਚ ਹੁਣ ਅਜੇਹਾ ਕੋਈ ਨਹੀਂ ਜਿਹੜਾ ਇਸ ਡੇਰੇ ਨਾਲ ਮੈਨੂੰ ਜੋੜੀ ਰਖ ਸਕੇ। ਮੈਂ ਉਸੇ ਨਾਲ ਜਾਵਾਂਗੀ ਭਾਵੇਂ ਉਹ ਮੈਨੂੰ ਕਿਧਰੇ ਲੈ ਜਾਏ, ਜੇ ਮੈਂ ਇਹ ਨਾ ਕਰ ਸਕੀ ਤਾਂ ਜ਼ਹਿਰ ਖਾ ਲਾਂਗੀ ਜਾਂ ਗਲ ਦੁਵਾਲੇ ਰੱਸਾ ਪਾ ਕੇ ਫਾਹ ਲੈ ਲਾਂਗੀ।"

7. ਹੋਮਰਾ ਤੇ ਮੈਨਕਾ ਆਪੋ ਵਿਚ ਗੱਲਾਂ ਕਰਦੇ ਹਨ

"ਭਾਈ ਮੈਨਕਾ ਮੈਂ ਤੈਨੂੰ ਆਖਦਾ ਹਾਂ ਕਿ ਸਾਨੂੰ ਇਹ ਥਾਂ ਛੱਡ ਕੇ ਕਿਧਰੇ ਹੋਰ ਟੁਰ ਜਾਣਾ ਚਾਹੀਦਾ ਹੈ। ਇਹ ਸੁੰਦਰ ਮਕਾਨ ਤੇ ਬਾਗ਼ ਮੇਰੇ ਕਿਸ ਕੰਮ। ਇਸ ਨਾਲੋਂ ਦਰੋ ਦਰ ਮੰਗ ਖਾਣਾ ਕਿਤੇ ਚੰਗਾ ਹੈ। ਮੇਰੇ ਭਾਈ ਤੂੰ ਇਹ ਅਵਾਈ ਨਹੀਂ ਸੁਣੀ ਕਿ ਮੇਰੀ ਧੀ ਬ੍ਰਾਹਮਣ ਰਾਜਕੁਮਾਰ ਨਾਲ ਨੇਹੁੰ ਲਾ ਬੈਠੀ ਹੈ।"

ਮੈਨਕਾ

"ਭਰਾ, ਤੂੰ ਕੀ ਕਮਲੀਆਂ ਮਾਰਦਾ ਏਂ। ਇਸ ਸੋਹਣੀ ਥਾਂ ਨੂੰ ਅਸੀਂ ਕਿੰਜ ਛੱਡ ਸਕਦੇ ਹਾਂ। ਸਾਡੇ ਤਲਾ ਉਤੇ ਪੱਥਰ ਦੀਆਂ ਪੌੜੀਆਂ ਹਨ। ਸਾਡਾ ਇਹ ਸੁੰਦਰ ਤਲਾ ਕੰਢਿਆਂ ਤੀਕ ਪਾਣੀ ਨਾਲ ਭਰਿਆ ਹੋਇਆ ਹੈ। ਓਧਰ ਵੇਖ ਬਾਗ਼ ਵਾਲੇ ਘਰ ਦੇ ਨੇੜੇ ਸਾਡੀਆਂ ਪੈਲੀਆਂ ਮੁਸਕਰਾ ਰਹੀਆਂ ਹਨ। ਸ਼ਾਲੀ ਧਾਨ ਦੀਆਂ ਫਸਲਾਂ ਪੱਕ ਗਈਆਂ ਨੇ। ਉਹ ਸੋਨੇ ਰੰਗੀਆਂ ਹੋ ਗਈਆਂ ਨੇ। ਜਦੋਂ ਅਸੀਂ ਇਹਨਾਂ ਨੂੰ ਪੀਹਾਂਗੇ ਤਾਂ ਸਾਨੂੰ ਸਾਡੇ ਖਾਣ ਲਈ ਵਧੀਆ ਚੋਰਾ ਬਣ ਜਾਏਗਾ। ਰੱਬ ਦੇ ਵਾਸਤੇ ਇਹ ਦੇਸ ਨਾ ਛੱਡੀਂ।

8. ਰਾਤ ਦੀ ਚੁਪ ਚਾਂ, ਮਹੂਆ ਤੇ ਨਾਦਰ ਚੰਦ ਮਿਲਦੇ ਹਨ

ਫੱਗਣ ਮੁਕਣ ਹੀ ਵਾਲਾ ਹੈ ਤੇ ਪ੍ਰਕਿਰਤੀ ਉਤੇ ਚੇਤਰ ਦੀ ਮੁਸਕਣੀ ਆ ਵੀ ਗਈ ਹੈ। ਬਿਰਛਾਂ ਦੀਆਂ ਟਾਹਣੀਆਂ ਤੋਂ ਪਪੀਹੇ ਦੇ ਬੋਲ ਸੁਣੀਂਦੇ ਪਏ ਹਨ। ਇਹ ਗਾਉਂਦਾ ਹੈ 'ਕੂ-ਓ' ਸ਼ਾਲੀ ਧਾਨ ਦੀ ਫਸਲ ਦੇ ਜਿਸ ਦੀਆਂ ਮੁੰਜਰਾਂ ਪਕੇ ਦਾਣਿਆਂ ਨਾਲ ਭਰੀਆਂ ਹੋਈਆਂ ਹਨ, ਖੇਤਾਂ ਉਤੇ ਜਾਦੂ ਕਰ ਦਿਤਾ ਹੈ। ਅੱਧੀ ਰਾਤੀਂ ਨਾਦਰ ਚੰਦ ਨੀਂਦਰ ਤੋਂ ਜਾਗਿਆ। ਉਸ ਨੇ ਆਪਣੀ ਬੰਸਰੀ ਫੜੀ ਤੇ ਉਸ ਰਾਹੀਂ ਮਹੂਆ ਨੂੰ ਸੁਨੇਹਾ ਘਲਿਆ ਆਸਮਾਨ ਵਿਚ ਚੰਡੋਲ ਗਾ ਰਹੀ ਸੀ।

ਬੰਸਰੀ ਦੀ ਅਵਾਜ਼ ਸੁਣ ਕੇ ਸੁੰਦਰੀ ਜਾਗੀ। ਸਾਰੇ ਘਰ ਨਵੇਂ ਬਣੇ ਸਨ ਤੇ ਬਾਜ਼ੀਗਰ ਉਹਨਾਂ ਵਿਚ ਘੂਕ ਸੁਤੇ ਪਏ ਸਨ। ਬੰਸਰੀ ਉਸ ਨੂੰ ਪਾਗਲ ਬਣਾ ਰਹੀ ਸੀ। ਉਹ ਘਰ ਵਿਚੋਂ ਬਾਹਰ ਨਿਕਲ ਆਈ ਪੋਲੇ ਪੈਰੀਂ ਮੁਟਿਆਰ ਦਰਿਆ ਦੇ ਪੱਤਣ ਵੱਲ ਟੁਰ ਪਈ। ਉਥੇ ਉਸ ਦਾ ਨਾਦਰ ਚੰਦ ਨਾਲ ਮੇਲ ਹੋਇਆ, ਉਹ ਜਿਹੜਾ ਆਪਣੇ ਵਲਵਲੇ ਵਿਚ ਮਸਤ ਬੰਸਰੀ ਵਜਾ ਰਿਹਾ ਸੀ। ਉਹ ਭਜ ਕੇ ਉਸ ਦੇ ਗਲ ਨਾਲ ਲਗ ਗਈ। ਨਾਦਰ ਚੰਦ ਨੇ ਪਿਆਰ ਨਾਲ ਉਸ ਨੂੰ ਕਿਹਾ "ਮੈਂ ਆਪਣੇ ਮਾਪੇ ਮਹਿਲ ਤੇ ਦੋਲਤਾਂ ਛਡ ਦਿਆਂਗਾ। ਤੇਰੇ ਨਾਲ ਮੈਂ ਕਿਸੇ ਦੂਰ ਦੇਸ ਚਲਾ ਜਾਵਾਂਗਾ।"

ਬਾਜ਼ੀਗਰ ਕੁੜੀ ਰੋ ਕੇ ਵੇਲ ਵਾਂਗ ਉਸ ਦੇ ਗਲ ਲਗ ਗਈ ਤੇ ਆਖਣ ਲੱਗੀ ਮੈਂ ਪਿੰਜਰੇ ਵਿਚ ਪਾਏ ਪੰਛੀ ਵਾਂਗ ਬੇਵਸ ਹਾਂ। ਮੇਰੇ ਢੋਲ! ਜੇ ਤੂੰ ਫੁਲ ਹੁੰਦਾ ਤਾਂ ਮੈਂ ਤੈਨੂੰ ਆਪਣੀਆਂ ਮੇਢੀਆਂ ਵਿਚ ਲੁਕਾ ਲੈਂਦੀ। ਮੈਂ ਤੇਰੀ ਸਹੁੰ ਖਾ ਕੇ ਆਖਦੀ ਹਾਂ ਕਿ ਮੈਂ ਆਪਣੇ

ਆਪ ਨੂੰ ਖਤਮ ਕਰ ਲਵਾਂਗੀ। ਆ, ਅਸੀਂ ਵੱਖ਼ ਵੱਖ ਹੋ ਜਾਈਏ। ਮੈਨੂੰ ਛੱਡ ਦੇ ਤੇ ਆਪਣੇ ਮਹਿਲ ਨੂੰ ਮੁੜ ਜਾ। ਮੈਂ ਤੈਨੂੰ ਵਾਸਤਾ ਪਾਉਂਦੀ ਹਾਂ ਕਿ ਮੇਰੇ ਲਈ ਔਖਾ ਨਾ ਹੋ।''

ਭੁੱਬਾਂ ਮਾਰ ਕੇ ਉਸ ਨੇ ਗੱਲ ਏਥੇ ਖਤਮ ਕਰ ਦਿੱਤੀ। ਦੋਵੇਂ ਇਸ ਤਰ੍ਹਾਂ ਗੱਲਾਂ ਕਰ ਰਹੇ ਸਨ ਪਰ ਇਕ ਵਿਨ੍ਹਵੀਆਂ ਅੱਖਾਂ ਜੋੜਾ ਉਹਨਾਂ ਤੋਂ ਅਭੋਲ ਉਹਨਾਂ ਨੂੰ ਵੇਖਦਾ ਰਿਹਾ ਸੀ। ਉਹ ਥੋੜ੍ਹਾ ਜਿਹਾ ਪਿਛੇ ਉਹਨਾਂ ਦੀ ਪੈੜ ਉਤੇ ਸੀ।

ਜਦੋਂ ਪਹੁ ਫੁਟਾਲੇ ਨੇ ਪੂਰਬ ਵਲੋਂ ਝਾਕਿਆ ਤਾਂ ਨਾਦਰ ਚੰਦ ਆਪਣੇ ਮਹਿਲਾਂ ਨੂੰ ਮੁੜ ਆਇਆ। ਤੇ ਘੜਾ ਢਾਕੇ ਮਾਰੀ ਮਹੂਆ ਪੱਤਣ ਤੇ ਆ ਗਈ।

9. ਉਸ ਸ਼ਹਿਰ ਵਿਚ ਉਹਨਾਂ ਦੀ ਅਖੀਰਲੀ ਮਿਲਣੀ

''ਰਾਜਕੁਮਾਰ ਅੱਜ ਅਸਾਂ ਤੁਹਾਡਾ ਸ਼ਹਿਰ ਛੱਡ ਜਾਣਾ ਹੈ। ਮੈਂ ਆਪਣੇ ਮਾਲਕ—ਬਾਪ ਤੇ ਮਾਤਾ ਨਾਲ ਟੁਰ ਜਾਵਾਂਗੀ। ਇਹ ਅੰਤ ਹੈ, ਹੁਣ ਅਸੀਂ ਹੋਰ ਨਹੀਂ ਮਿਲਾਂਗੇ। ਅਗੇ ਤੋਂ ਅਸੀਂ ਕਦੀ ਵੀ ਇਕ ਦੂਜੇ ਦੇ ਮਥੇ ਨਹੀਂ ਲਗਾਂਗੇ। ਕਿੰਨੇ ਜ਼ੁਲਮ ਦੀ ਗੱਲ ਹੈ! ਮੈਂ ਤੈਨੂੰ ਵੇਖਣ ਤੋਂ ਬਿਨਾਂ ਕਿਵੇਂ ਜੀਊਂਦੀ ਰਹਾਂਗੀ? ਮੈਂ ਇਕ ਬੇਆਸਰਾ ਨਾਰ ਹਾਂ ਤੇ ਮੈਨੂੰ ਆਪਣੀ ਪੱਤ ਅਤੇ ਕੁਲ ਵੱਲ ਵੇਖਣਾ ਚਾਹੀਦਾ ਹੈ, ਮੈਂ ਆਪਣੇ ਬਜ਼ੁਰਗਾਂ ਦੀ ਮਰਜ਼ੀ ਦੇ ਉਲਟ ਕਿਵੇਂ ਟੁਰਾਂ? ਮੈਂ ਆਪਣਾ ਪਿਆਰਾ ਬਾਗ਼ ਵਿਚਲਾ ਘਰ ਛੱਡ ਰਹੀ ਹਾਂ ਤੇ ਤੈਨੂੰ ਵੀ ਛੱਡ ਰਹੀ ਹਾਂ। ਹਾਏ! ਮੈਂ ਆਪਣੇ ਝੱਲੇ ਦਿਲ ਨੂੰ ਕਿਵੇਂ ਸਾਂਭਾਂਗੀ। ਮੇਰੇ ਸਾਈਂ ਮੈਂ ਤੇਰੀ ਬੰਸਰੀ ਦੀ ਮਿੱਠੀ ਧੁਨ ਜਿਹੜੀ ਮੈਨੂੰ ਸਦ ਦੇਂਦੀ ਹੁੰਦੀ ਸੀ, ਹੁਣ ਕਦੀ ਵੀ ਨਹੀਂ ਸੁਣਾਂਗੀ। ਮੈਂ ਤੇਰੇ ਨਾਲ ਅਨੰਦ ਭਰੀਆਂ ਹੋਰ ਰਾਤਾਂ ਜਾਗਦਿਆਂ ਨਹੀਂ ਕੱਟਾਂਗੀ। ਨ ਹੀ ਕਦੀ ਮੈਂ ਨੀਂਦਰ ਤੋਂ ਜਾਗ ਕੇ ਤੇਰਾ ਸੁੰਦਰ ਮੁਖੜਾ ਵੇਖਾਂਗੀ ਤੇ ਨ ਤੇਰੇ ਨਾਲ ਦਰਿਆ ਦੇ ਕੰਢੇ ਉਤੇ ਫਿਰਾਂਗੀ।''

''ਮੁਕਾਣ ਤੋਂ ਪਹਿਲਾਂ ਇਕ ਗੱਲ ਮੈਂ ਹੋਰ ਆਖਣੀ ਹੈ। ਜੇ ਇਸ ਤੋਂ ਪਿਛੋਂ ਕਦੀ ਤੇਰਾ ਮੈਨੂੰ ਮਿਲਣ ਨੂੰ ਜੀ ਕਰੇ ਤਾਂ ਕੁਝ ਦਿਨਾਂ ਪਿਛੋਂ ਉਤਰ ਵਲ ਗਰੋ ਪਹਾੜੀਆਂ ਵਿਚ ਆ ਜਾਵੀਂ। ਓਥੇ ਸਾਡਾ ਘਰ ਲੱਭ ਲਵੀਂ ਜਿਹਦੇ ਦੁਆਲੇ ਲੰਮੇ ਕਾਨਿਆਂ ਦੀ ਵਲਗਣ ਹੈ ਤੇ ਜਿਸ ਦੇ ਬੂਹੇ ਦੱਖਣ ਨੂੰ ਖੁਲ੍ਹਦੇ ਹਨ। ਨਵੇਂ ਧੰਧੀਂ ਪੈਣ ਤੋਂ ਪਹਿਲਾਂ ਅਸੀਂ ਕੁਝ ਮਹੀਨੇ ਓਥੇ ਰਵਾਂਗੇ। ਜੇ ਤੂੰ ਸਾਡੇ ਉਸ ਘਰ ਵਿਚ ਆਵੇਂਗਾ ਤਾਂ ਉਸ ਦੇ ਬੂਹੇ ਆਪਣੇ ਲਈ ਖੁਲ੍ਹੇ ਵੇਖੇਂਗਾ। ਮੈਂ ਤੇਰੇ ਲਈ ਆਸਣ ਡਾਹ ਕੇ ਅਤੇ ਤੈਨੂੰ ਸ਼ਾਲੀ ਚੌਲਾਂ, ਵਧੀਆ ਕੇਲਿਆਂ ਤੇ ਮੱਝ ਦੇ ਦਹੀਂ ਦਾ ਬਣਿਆ ਚੀਰਾ ਖਵਾ ਕੇ ਬੜੀ ਖੁਸ਼ ਹੋਵਾਂਗੀ।''

''ਪਰ ਕੀ ਜਾਣੀਏ ਇਹ ਅਖ਼ੀਰਲਾ ਮੇਲ ਹੋਵੇ ਤੇ ਅਸੀਂ ਮੁੜ ਕੇ ਕਦੀ ਵੀ ਇਕ ਦੂਜੇ ਦੇ ਮੱਥੇ ਨਾ ਲਗੀਏ।''

10. ਬਾਜ਼ੀਗਰ ਉਸ ਥਾਂ ਨੂੰ ਛਡ ਜਾਂਦੇ ਹਨ

''ਮੇਰਾ ਸ਼ੱਕ ਠੀਕ ਨਿਕਲਿਆ ਹੈ, ਮੈਂ ਇਕ ਪਲ ਵੀ ਹੋਰ ਏਥੇ ਨਹੀਂ ਰਹਿਣਾ, ਅਗ ਵਿਚ ਪੈਣ ਬਾਗ਼ ਤੇ ਮਕਾਨ। ਮੈਨੂੰ ਸ਼ਾਲੀ ਦੀ ਫਸਲ ਦੀ ਵੀ, ਜਿਹੜੀ ਇਸ ਵੇਲੇ ਪਕੀ ਹੋਈ ਹੈ, ਕੋਈ ਪਰਵਾਹ ਨਹੀਂ ਮੈਂ ਤੈਨੂੰ ਆਪਣੀ ਜਾਨ ਦਾ ਵਾਸਤਾ ਪਾ ਕੇ ਆਖਦਾ ਹਾਂ, ਭਰਾ ਸਾਨੂੰ ਇਕ ਦਿਨ ਵੀ ਹੋਰ ਏਥੇ ਨਹੀਂ ਰਹਿਣਾ ਚਾਹੀਦਾ।''

ਉਹਨਾਂ ਆਪਣੇ ਵੰਝ ਤੇ ਰਸੇ ਤੇ ਹੋਰ ਆਪਣਾ ਸਾਰਾ ਕੁਝ ਇੱਕਠਾ ਕਰ ਲਿਆ ਤੇ ਅਨ੍ਹੇਰੀ ਰਾਤ ਵਿਚ ਸਾਰੇ ਬਾਜ਼ੀਗਰ ਬ੍ਰਾਹਮਣ ਰਾਜੇ ਨਾਦਰ ਚੰਦ ਦੇ ਦੇਸ਼ ਨੂੰ ਛਡ ਕੇ ਭੱਜ ਗਏ।

ਜਿਹੜੇ ਸੁੰਦਰ ਘਰ ਉਹਨਾਂ ਬਣਾਏ ਸਨ, ਉਹ ਛਡ ਗਏ, ਤੇ ਨਾਲੇ ਖੜੀਆਂ ਫਸਲਾਂ ਤੇ ਫਲਾਂ ਦੇ ਬਾਗ। ਲੋਕੀਂ ਉਹਨਾਂ ਦੇ ਇਸ ਤਰ੍ਹਾਂ ਚਾਨਚਕ ਭਜ ਜਾਣ ਉਤੇ ਬੜੇ ਹੈਰਾਨ ਸਨ।

ਪਰ ਜਦੋਂ ਛੋਟੇ ਸਰਦਾਰ ਨੇ ਇਹ ਸੁਣਿਆ, ਉਸ ਵੇਲੇ ਉਹ ਅਜੇ ਰੋਟੀ ਖਾਣ ਬੈਠਾ ਹੀ ਸੀ। ਜਿਹੜੀ ਗਰਾਹੀ ਉਹ ਮੂੰਹ ਵਿਚ ਪਾਣ ਲਗਾ ਸੀ ਉਹ ਉਸ ਦੇ ਹਥੋਂ ਡਿਗ ਪਈ। ਉਸ ਦੇ ਮਾਪਿਆਂ ਉਸ ਤੋਂ ਵਾਰ ਵਾਰ ਪੁਛਿਆ ਪਰ ਉਸ ਨੇ ਕੋਈ ਜਵਾਬ ਨ ਦਿਤਾ। ਲੋਕੀ ਕਹਿਣ ਲਗ ਪਏ ਛੋਟੇ ਸਰਦਾਰ ਦਾ ਸਿਰ ਫਿਰ ਗਿਆ ਹੈ।

11. ਨਾਦਰ ਚੰਦ (ਇਕੱਲਾ)

''ਇਸ ਮਕਾਨ ਦੀ ਛਤ ਦੀ ਕਿਸੇ ਮੁਰੰਮਤ ਨਹੀਂ ਕੀਤੀ ਤੇ ਇਹ ਡਿਗ ਰਿਹਾ ਹੈ। ਪੰਛੀ ਉਡ ਗਿਆ ਹੈ, ਪਿੰਜਰਾ ਰਹਿ ਗਿਆ ਹੈ। ਏਥੇ ਉਹ ਵਿਹੜੇ ਵਿਚ ਇਕਲੀ ਬਹਿੰਦੀ ਹੁੰਦੀ ਸੀ ਤੇ ਬੜੀ ਚਤੁਰਾਈ ਨਹੀਂ ਬਿਨਾਂ ਧਾਗੇ ਤੋਂ ਫੁੱਲਾਂ ਦੇ ਹਾਰ ਗੁੰਦਦੀ ਹੁੰਦੀ ਸੀ।

''ਦਿਨ ਤੇ ਮਹੀਨੇ ਲੰਘ ਗਏ ਹਨ ਤੇ ਹੁਣ ਅਸੀਂ ਇਕ ਦੂਜੇ ਨੂੰ ਕਦੀ ਵੀ ਨਹੀਂ ਮਿਲਾਂਗੇ। ਮੈਂ ਇਕ ਪੱਕਾ ਬ੍ਰਾਹਮਣ ਸਾਂ ਪਰ ਮੇਰੇ ਮਥੇ ਤੇ ਕੁਝ ਹੋਰ ਹੀ ਲਿਖਿਆ ਹੋਇਆ ਹੈ।''

ਨਾਦਰ ਚੰਦ ਆਪਣੀ ਮਾਂ ਨੂੰ

''ਮਾਂ ਮੈਨੂੰ ਚੋਲ ਰਿਨ੍ਹ ਦੇ? ਮੇਰੇ ਰਾਹ ਵਿਚ ਨਾ ਖਲੋ। ਮੈਂ ਦੂਰ ਦੇਸ਼ਾਂ ਨੂੰ ਜਾਣਾ ਹੈ। ਦੂਰ ਦੁਰਾਡੇ ਤੀਰਥਾਂ ਦੀ ਯਾਤਰਾ ਲਈ। ਮੈਨੂੰ ਆਗਿਆ ਦੇ, ਮਾਂ।''

ਮਾਂ

''ਮੇਰੇ ਪੁੱਤ੍ਰ, ਤੂੰ ਮੈਨੂੰ ਆਪਣੀ ਜਾਨ ਨਾਲੋਂ ਵੀ ਵਧ ਪਿਆਰਾ ਹੈਂ। ਤੇਰੇ ਤੋਂ ਇਕ ਪਲ ਲਈ ਵਖ ਹੋਇਆਂ ਮੈਨੂੰ ਜੁੱਗਾਂ ਦੇ ਵਿਛੋੜੇ ਦੀ ਪੀੜ ਹੁੰਦੀ ਹੈ, ਮੇਰਾ ਇਕੱਲਾ ਪੁੱਤਰ। ਸਾਡੇ ਮਹਿਲ ਵਿਚ ਹੋਰ ਕੋਈ ਵੀ ਨਹੀਂ ਜਿਸ ਲਈ ਤ੍ਰਕਾਲੀਂ ਦੀਵਾ ਬਾਲਾਂ। ਤੇਰੇ ਨਾਲ ਮੈਂ ਮੰਗਤੀ ਬਨਣ ਨੂੰ ਵੀ ਤਿਆਰ ਹਾਂ ਪਰ ਤੇਰੇ ਬਿਨਾਂ ਮੈਨੂੰ ਮਹਿਲਾਂ ਦਾ ਸੁਖ ਵੀ ਪਰਵਾਨ ਨਹੀਂ। ਮੇਰੇ ਬਚੇ ਜਦੋਂ ਤੂੰ ਇਆਣਾ ਸੈਂ ਤਾਂ ਮੈਂ ਸਿਆਲ ਦੀਆਂ ਕਿੰਨੀਆ ਰਾਤਾਂ ਤੇਰੀ ਸੰਭਾਲ ਲਈ ਜਾਗ-ਦਿਆਂ ਕਟੀਆਂ। ਕਿੰਨੇ ਦੁਖ ਤੇ ਫ਼ਿਕਰ ਮੈਂ ਝੱਲੇ ਜਦੋਂ ਮੈਂ ਤੈਨੂੰ ਆਪਣੀ ਸਾੜ੍ਹੀ ਨਾਲ ਕਜਦੀ ਹੁੰਦੀ ਸਾਂ ਭਾਵੇਂ ਮੇਰੀ ਆਪਣੀ ਕੰਡ ਸੀਤ ਪਾਲੇ ਵਿਚ ਨੰਗੀ ਹੁੰਦੀ ਸੀ। ਮਾਂ ਦੇ ਹਿਰਦੇ ਦੀਆਂ ਪੀੜਾਂ ਕੌਣ ਪਰਗਟ ਕਰ ਸਕਦਾ ਹੈ। ਜੇ ਕਿਧਰੇ ਦੂਰ ਦੁਰਾਡੇ, ਪਰਦੇਸ ਵਿਚ ਪੁੱਤਰ ਨੂੰ ਕੁਝ ਹੋ ਜਾਵੇ ਤਾਂ ਹੋਰ ਕਿਸੇ ਨੂੰ ਪਤਾ ਲਗਣ ਤੋਂ ਪਹਿਲਾਂ ਕਿਸੇ ਅਸਚਰਜ ਤਰੀਕੇ ਨਾਲ ਮਾਂ ਦੇ ਦਿਲ ਵਿਚ ਖਬਰ ਅਪੜਦੀ ਹੈ। ਨਹੀਂ ਮੈਂ ਤੇਰੇ ਨਾਲੋਂ ਵਖ ਹੋਣ ਨੂੰ ਰਾਜ਼ੀ ਨਹੀਂ ਹੋ ਸਕਦੀ। ਮੇਰੇ ਪਿਆਰੇ ਬਚੇ ਜੇ ਤੂੰ ਮਹਿਲ ਛਡ ਕੇ ਟੁਰ ਗਿਆ ਤਾਂ ਮੇਰਾ ਦਿਲ ਟੋਟੇ ਟੋਟੇ ਹੋ ਜਾਏਗਾ ਤੇ ਮੈਂ ਮਰ ਜਾਵਾਂਗੀ।''

12. ਨਾਦਰ ਚੰਦ ਆਪਣਾ ਘਰ ਛਡ ਜਾਂਦਾ ਹੈ

ਡੂੰਘੀ ਰਾਤ ਸੀ। ਨਾਮੁਰਾਦ ਨਾਦਰ ਚੰਦ ਨੇ ਕੀ ਕੀਤਾ? ਉਹ ਚੁਪ ਚੁਪੀਤਾ ਆਪਣੀ

ਮਾਂ ਦੇ ਕਮਰੇ ਵਿਚ ਗਿਆ ਤੇ ਸੁਤੀ ਪਈ ਨੂੰ ਹੀ ਮੱਥਾ ਟੇਕਿਆ। ਸੂਰਜ ਤੇ ਚੰਨ ਦੀ ਸ਼ਾਹਦੀ ਪਾ ਕੇ ਉਸ ਨੇ ਕਿਹਾ, "ਅਜ ਮੈਂ ਇਹ ਮਹਿਲ ਅਤੇ ਜੋ ਕੁਝ ਇਸ ਵਿਚ ਹੈ ਅਤੇ ਜਿਸ ਨੂੰ ਮੈਂ ਆਪਣਾ ਕਹਿੰਦਾ ਰਿਹਾ ਹਾਂ, ਛਡਦਾ ਹਾਂ। ਮੈਂ ਹੁਣ ਓਪਰੇ ਦੇਸਾਂ ਨੂੰ ਚਲਿਆ ਹਾਂ। ਮੈਂ ਆਪਣੇ ਮਾਪਿਆਂ ਤੇ ਹੋਰ ਇਸ ਘਰ ਵਿਚ ਰਹਿਣ ਵਾਲਿਆਂ ਨੂੰ ਛਡਦਾ ਹਾਂ। ਭਾਵੇਂ ਮੇਰੇ ਕੋਲ ਉਹ ਸਭ ਕੁਝ ਸੀ ਜਿਸ ਦੀ ਲੋਕ ਚਾਹਨਾਂ ਕਰਦੇ ਹਨ ਮੈਂ ਇਹ ਸਭ ਕੁਝ ਆਪਣੀ ਇੱਛਾ ਨਾਲ ਛਡਦਾ ਹਾਂ।"

ਉਸ ਨੇ ਅਕਾਸ਼ ਨੂੰ ਪਰਨਾਮ ਕੀਤਾ ਜਿਹੜਾ ਚੰਨ, ਸੂਰਜ ਤੇ ਤਾਰਿਆਂ ਤੋਂ ਚਾਨਣ ਲੈਂਦਾ ਹੈ। ਉਸ ਨੇ ਆਪਣਿਆਂ ਮਾਪਿਆਂ ਨੂੰ ਪਰਨਾਮ ਕੀਤਾ।

ਉਸ ਰਾਤ ਦੀ ਉਸ ਹਨੇਰੀ ਤੇ ਸੁਨਸਾਨ ਘੜੀ ਨਾਦਰ ਚੰਦ ਇਕ ਬਾਜ਼ੀਗਰ ਕੁੜੀ ਪਿਛੇ ਫਕੀਰ ਹੋ ਗਿਆ।

13. ਨਾਦਰ ਚੰਦ ਮਹੂਆ ਨੂੰ ਭਾਲਦਾ ਹੈ

ਉਹ ਤੀਰਥਾਂ ਦੀ ਭਾਲ ਵਿਚ ਨਹੀਂ ਹੈ—ਬਨਾਰਸ, ਗਯਾ, ਬਿੰਦਰਾਬਨ। ਇਹਨਾਂ ਨਾਲ ਉਹਨੂੰ ਕੀ? ਜਿਸ ਦੀ ਉਸ ਨੂੰ ਢੂੰਡ ਹੈ ਉਹ ਤੇ ਹੈ ਬਾਜ਼ੀਗਰ ਕੁੜੀ।

ਇਕ ਮਹੀਨਾ ਲੰਘ ਗਿਆ, ਫਿਰ ਦੋ ਮਹੀਨੇ। ਤਿੰਨ ਮਹੀਨੇ ਵੀ ਲੰਘ ਗਏ ਪਰ ਮਹੂਆ ਕਿਧਰ ਗਈ ਹੈ, ਉਸ ਨੂੰ ਕੋਈ ਥਹੁ-ਪਤਾ ਨ ਲਗਾ।

ਜਿਹੜੀਆਂ ਜੈਤਰ ਪਹਾੜੀਆਂ ਦੀਆਂ ਉਹ ਗੱਲਾਂ ਕਰਦੀ ਸੀ ਉਹ ਕਿਥੇ ਨੇ? ਸੁਦਾਈਆਂ ਵਾਂਗ ਨਾਦਰ ਚੰਦ ਦਿਨ ਰਾਤ ਭੌਂਦਾ ਰਹਿੰਦਾ। ਰਾਹੇ ਜਾਂਦੇ ਰਾਹੀ ਉਹਨੂੰ ਮਿਲਦੇ। ਉਹ ਉਹਨਾਂ ਨੂੰ ਪੁਛਦਾ, ਤੁਸਾਂ ਕੋਈ ਬਾਜ਼ੀਗਰਾਂ ਦਾ ਡੇਰਾ ਜਾਂਦਾ ਵੇਖਿਆ ਹੈ? ਪਾਲੀ ਮੁੰਡੇ ਖੇਤਾਂ ਵਿਚ ਨਠ ਭੱਜ ਤੇ ਖੇਡ ਰਹੇ ਹੁੰਦੇ। ਸਾਡਾ ਰਾਜਕੁਮਾਰ ਉਹਨਾਂ ਨੂੰ ਪੁਛਦਾ ਤੁਸਾਂ ਮਹੂਆ ਨਾਂ ਦੀ ਕੁੜੀ ਵੇਖੀ ਹੈ? ਉਹਦੀਆਂ ਅੱਖਾਂ ਤਾਰਿਆਂ ਦੇ ਜੋਟੇ ਵਰਗੀਆਂ ਸੋਹਣੀਆਂ ਨੇ ਤੇ ਉਸ ਦੇ ਵਾਲ ਬਦਲਾਂ ਵਰਗੇ। ਕੀ ਮੇਰੀ ਪਿਆਰੀ ਤੋਤੀ ਇਹਨਾਂ ਅਸਮਾਨਾਂ ਵਲ ਉਡ ਗਈ ਹੈ। ਉਹ ਦਿਲਾਂ ਦੀ ਰਾਣੀ ਉਚੇ ਵੰਝਾਂ ਉਤੇ ਚੜ੍ਹ ਜਾਂਦੀ ਹੈ ਤੇ ਰਸੇ ਉਤੇ ਨਚਦੀ ਹੈ। ਉਹਦੇ ਘੁੰਗਰਾਲੇ ਵਾਲ ਬੜੀ ਛੱਬ ਨਾਲ ਉਹਦੇ ਮੂੰਹ ਉਤੇ ਡਿਗਦੇ ਹਨ। ਜੇ ਅਨ੍ਹੇਰੇ ਕੋਠੇ ਵਿਚ ਬਹਿ ਜਾਵੇ ਤਾਂ ਉਹਦਾ ਲਿਸ਼ਕਦਾ ਰੰਗ ਉਜਲ ਸੋਨੇ ਵਾਂਗ ਚਮਕਾਂ ਮਾਰਦਾ ਹੈ। ਇਹੋ ਜਿਹੀ ਸੁੰਦਰੀ ਨੂੰ ਲੈ ਕੇ ਬਾਜ਼ੀਗਰਾਂ ਦਾ ਸਰਦਾਰ ਥਾਓਂ ਥਾਈਂ ਭਾਉਂਦਾ ਫਿਰਦਾ ਹੈ। ਬਾਗ਼ਾਂ ਵਿਚ ਫੁੱਲ ਖਿੜਦੇ ਹਨ ਪਰ ਉਹਦੀ ਸੁੰਦਰਤਾ ਨੂੰ ਕੋਈ ਨਹੀਂ ਪਹੁੰਚ ਸਕਦਾ। ਮੈਂ ਉਹਦੇ ਪਿਛੇ ਸੁਦਾਈ ਹੋਇਆ ਫਿਰਦਾ ਹਾਂ।

ਇਸ ਦਰਿਆ ਦੇ ਪੱਤਣ ਦੀਆਂ ਪੌੜੀਆਂ ਕਿਡੀਆਂ ਪਿਆਰੀਆਂ-ਪਿਆਰੀਆਂ ਹਨ। ਜ਼ਰੂਰ ਹੀ ਉਸ ਨੇ ਆਪਣਾ ਘੜਾ ਇਹਨਾਂ ਪੌੜੀਆਂ ਤੋਂ ਭਰਿਆ ਹੋਵੇਗਾ। ਮੈਂ ਇਸ ਨਦੀ ਵਿਚ ਖੁਸ਼ੀ ਖੁਸ਼ੀ ਡੁਬਣਾ ਕਬੂਲ ਕਰਦਾਂ ਹਾਂ ਜਿਸ ਨੂੰ ਉਸ ਦੇ ਪੈਰਾਂ ਦੀ ਛੁਹ ਨੇ ਪਵਿਤਰ ਕੀਤਾ ਹੈ।

"ਇਸ ਰਾਹ ਤੋਂ ਉਹ ਲੰਘਦਾ ਹੈ। ਜੇ ਮੈਂ ਉਸ ਵੇਲੇ ਏਥੇ ਹੁੰਦਾ ਤਾਂ ਦੂਰੋਂ ਇਕ ਨਜ਼ਰ ਉਸ ਨੂੰ ਵੇਖ ਕੇ ਕਿੰਨਾ ਖੁਸ਼ ਹੁੰਦਾ।"

"ਹਾਏ, ਮੈਂ ਤੈਨੂੰ ਕਿਸ ਤਰ੍ਹਾਂ ਮਿਲਾਂਗਾ, ਮਹੂਆ? ਕੀ ਅਸਾਂ ਇਕ ਦੂਜੇ ਨੂੰ ਬਚਨ ਨਹੀਂ ਸੀ ਦਿਤਾ ਕਿ ਇਕ ਦਿਨ ਦਾ ਵਿਛੋੜਾ ਵੀ ਸਾਨੂੰ ਖਤਮ ਕਰ ਦੇਵੇਗਾ। ਅਸਮਾਨ ਵਿਚ ਉਡਦੇ

ਪੰਛੀਓ! ਤੁਹਾਨੂੰ ਦੂਰ ਦੂਰ ਤਾਈਂ ਦਿਸਦਾ ਹੈ। ਤੁਸੀਂ ਮੈਨੂੰ ਦਸ ਸਕਦੇ ਹੋ ਕਿ ਬਾਜ਼ੀਗਰ ਕਿਸ ਰਾਹੇ ਗਏ ਹਨ।

ਜਿਸ ਥਾਂ ਤੇ ਮਹੂਆ ਨੇ ਆਪਣੀ ਰੋਟੀ ਪਕਾਈ ਹੁੰਦੀ ਉਸ ਨੂੰ ਉਹ ਚਿਨ੍ਹਾਂ ਤੋਂ ਬੁਝ ਲੈਂਦਾ। ਉਥੇ ਉਹ ਬਹਿ ਜਾਂਦਾ ਤੇ ਰੋਂਦਾ। ਉਹ ਘੋੜਿਆਂ ਦੇ ਪੈਰਾਂ ਦਾ ਖੁਰਾ ਲਭ ਲੈਂਦਾ ਤੇ ਬਾਜ਼ੀਗਰਾਂ ਦੀਆਂ ਬਕਰੀਆਂ ਦਾਂ ਮਰੁੰਡਿਆ ਹੋਇਆ ਘਾਹ। ਉਹ ਸਮਝ ਲੈਂਦਾ ਕਿ ਫੱਗਣ ਚੇਤਰ ਵਿਚ ਉਹ ਉਥੇ ਸਨ।

ਵਸਾਖ ਤੇ ਜੇਠ ਇਸੇ ਤਰ੍ਹਾਂ ਲੰਘ ਗਏ। ਨੌਜਆਨ ਪਾਂਧੀ ਇਸ ਉਜਾੜ ਦੇ ਉਚੇ ਨੀਵੇਂ ਰਸਤਿਆਂ ਉਤੇ ਹੰਝੂ ਕੇਰਦਾ ਅਤੇ ਟਕਰਾਂ ਮਾਰਦਾ ਰਿਹਾ।

ਫਿਰ ਹਾੜ ਤੇ ਸਾਉਣ ਅਗੇ ਪਿਛੇ ਆਏ। ਬਦਲ ਗਜਦੇ, ਭਬਕਾਂ ਮਾਰਦੇ ਪੂਰਬੀ ਤੋਂ ਪਛਮੀ ਦਿਸ ਹੱਦੇ ਵਲ ਲੰਘ ਗਏ। ਇਸੇ ਤਰ੍ਹਾਂ ਭਾਦਰੋਂ ਤੇ ਅਸੂ ਗੁਜ਼ਰੇ। ਇਹ ਸਾਰੇ ਮਹੀਨੇ ਨਾਦਰ ਚੰਦ ਬਾਜ਼ੀਗਰ ਕੁੜੀ ਨੂੰ ਹਰ ਪਾਸੇ ਲਭਦਾ ਦਿਨ ਰਾਤ ਭੌਂਦਾ ਰਿਹਾ।

ਕੱਤੇ ਦੇ ਮਹੀਨੇ ਉਸ ਦੇ ਘਰ ਦੁਰਗਾ ਦੇਵੀ ਦੀ ਬੜੀ ਸਜ ਧਜ ਨਾਲ ਪੂਜਾ ਹੁੰਦੀ ਹੁੰਦੀ ਸੀ। ਉਸ ਦੇ ਮਾਪੇ ਫਿਸ ਪਏ ਤੇ ਅੰਗ ਸਾਕ ਸੋਗ ਵਿਚ ਡੁਬੇ ਰਹੇ।

ਤੇ ਉਹ, ਕਦੀ ਧੁਪ ਵਿਚ ਸੜਦਾ ਤੇ ਕਦੀ ਮੀਂਹ ਵਿਚ ਭਿਜਦਾ ਇਕਲਾ ਹੀ ਆਪਣੇ ਦਿਨ ਅਤੇ ਰਾਤਾਂ ਦੁਖ ਵਿਚ ਕਟਦਾ ਰਿਹਾ। ਕੱਤੇ ਦੇ ਮਹੀਨੇ ਬੰਗਾਲ ਦੀਆਂ ਮਾਵਾਂ ਨੇ ਕੱਤਕ ਦੇਵਤਾ ਦੀ ਪੂਜਾ ਕੀਤੀ ਤੇ ਆਪਣੇ ਪੁੱਤਰਾਂ ਦੀ ਸੁਖ ਮੰਗੀ। ਪਰ ਉਸ ਦੀ ਮਾਂ ਵਿਚਾਰੀ ਦੀਆਂ ਰੋ ਰੋ ਕੇ ਅਖਾਂ ਗਲ ਗਈਆਂ ਸਨ।

ਮੱਘਰ ਵਿਚ ਜਦੋਂ ਪਾਲਾ ਅਜੇ ਬਹੁਤਾ ਮਚਿਆ ਨਹੀਂ ਸੀ, ਕੰਗਸ਼ਾ ਦਰਿਆ ਦੇ ਕੰਢਿਆਂ ਦੇ ਉਤੇ ਚਾਨਚਕ ਉਸ ਨੂੰ ਮਹੂਆ ਮਿਲ ਪਈ। ਇਸ ਤਰ੍ਹਾਂ ਹੋਇਆ ਜਿਵੇਂ ਸੁਕੇ ਬੁਲਾਂ ਨੂੰ ਪਾਣੀ ਦੀ ਬੂੰਦ ਮਿਲ ਜਾਂਦੀ ਹੈ। ਜਾਂ ਜਿਵੇਂ ਮਧ-ਮੱਤੀ ਮਖੀ ਨੂੰ ਪੂਰੇ ਖਿੜੇ ਕੰਵਲ ਦੀ ਖੁਸ਼ਬੋ ਆ ਜਾਂਦੀ ਹੈ।

14. ਪਰਾਹੁਣਾ

ਅਜ ਘਰ ਵਿਚ ਇਹ ਵਾਢਾਂ ਆਦਮੀ ਪਰਾਹੁਣਾ ਆਇਆ ਹੈ। ਮਹੂਆ ਘੜਾ ਫੜ ਕੇ ਦਰਿਆ ਉਤੇ ਪਾਣੀ ਲੈਣ ਜਾਂਦੀ ਹੈ। ਡੇਰੇ ਦੇ ਲੋਕ ਆਪੇ ਵਿਚ ਹੌਲੀ ਜਿਹੀ ਆਖਦੇ ਹਨ" ਇਸ ਵਿਚਾਰੀ ਦਾ ਜੋਬਨ ਪੀਲਾ ਪੈ ਕੇ ਹੁਣ ਫਲ ਗਿਆ ਹੈ।

ਇਹ ਨਾਂ ਰਾਤ ਨੂੰ ਸੌਂਦੀ ਹੈ ਤੇ ਨ ਕੁਝ ਖਾਂਦੀ ਹੈ। ਆਂਹਦੀ ਹੈ ਮੇਰੇ ਸਿਰ ਵਿਚ ਪੀੜ ਹੈ ਜਿਹੜੀ ਮੈਨੂੰ ਝਲੀ ਬਣਾ ਦੇਂਦੀ ਹੈ। ਮੇਰਾ ਸਰੀਰ ਹਰ ਵੇਲੇ ਪੀੜ ਕਰਦਾ ਰਹਿੰਦਾ ਹੈ। ਆਪਣੀ ਸਾੜੀ ਭੋਂਇ ਉਤੇ ਵਿਛਾ ਕੇ ਉਤੇ ਲੇਟ ਜਾਂਦੀ ਹੈ ਤੇ ਰੋਂਦੀ ਰਹਿੰਦੀ ਹੈ।

"ਉਹ ਘਟ ਵਧ ਹੀ ਕਦੀ ਰਿਨ੍ਹਦੀ ਪਕਾਂਦੀ ਹੈ ਜਾਂ ਸਹੇਲੀਆਂ ਨਾਲ ਖੇਡਦੀ ਹੈ। ਛੇ ਮਹੀਨੇ ਇਸ ਤਰ੍ਹਾਂ ਲੰਘ ਲਏ ਹਨ ਤੇ ਹੁਣ ਉਸ ਦੇ ਜੀਉਣ ਦੀ ਆਸ ਬਾਕੀ ਨਹੀਂ।"

"ਪਰ ਅਜ ਤੇ ਕੁਝ ਵਖਰੀ ਹੀ ਵਾ ਵਗੀ ਹੈ, ਛੇ ਮਹੀਨਿਆਂ ਦੀ ਮਰੀ ਹੋਈ ਨੂੰ ਫਿਰ ਜਾਨ ਪੈ ਗਈ ਹੈ।"

ਉਹ ਨਦੀ ਦੇ ਪੱਤਣ ਉਤੇ ਜਾਂਦੀ ਹੈ ਤੇ ਆਪਣੀ ਰੋਟੀ ਪਕਾਂਦੀ ਹੈ, ਪ੍ਰਾਹੁਣਾ ਆਪਣੀ ਜਾਤ ਵਰਨ ਤਿਆਗ ਕੇ ਉਹ ਰੋਟੀ ਖਾਂਦਾ ਹੈ।

ਹੋਮਰਾ

"ਮੈਨਕਾ ਭਰਾ, ਅੱਜ ਮੈਂ ਇਹ ਪਤਾ ਕੱਢਾਂਗਾ ਕਿ ਇਹ ਪਰਦੇਸੀ ਕਿਸ ਕਿਸਮ ਦਾ ਆਦਮੀ ਹੈ।" (ਪਰਾਹੁਣੇ ਨੂੰ) "ਛੋਹਰਾ, ਤੂੰ ਮੇਰੇ ਕੋਲ ਈ ਰਹੋ। ਸਾਡਾ ਕੰਮ ਵੰਝਾਂ ਤੇ ਰਸਿਆਂ ਨਾਲ ਬਾਜ਼ੀਆਂ ਪਾ ਕੇ ਵਿਖਾਣਾ ਹੈ। ਮੈਂ ਤੈਨੂੰ ਆਪਣਾ ਕਸਬ ਸਿਖਾ ਲਵਾਂਗਾ। ਤੂੰ ਧਿਆਨ ਨਾਲ ਸਿਖ ਲਈਂ। ਸਾਰਾ ਵਰ੍ਹਾ ਅਸੀਂ ਪਿੰਡਾਂ ਵਿਚ ਫਿਰ ਕੇ ਆਪਣੇ ਕਰਤਬ ਵਿਖਾਂਦੇ ਹਾਂ।

15. ਹੋਮਰਾ ਮਹੂਆ ਨੂੰ ਇਕ ਛੁਰੀ ਦੇਂਦਾ ਹੈ

ਰਾਤ ਨੇਰ੍ਹੀ ਸੀ ਤੇ ਅਸਮਾਨ ਵਿਚ ਤਾਰੇ ਚਮਕ ਰਹੇ ਸਨ। ਬਾਜ਼ੀਗਰਾਂ ਦੇ ਸਰਦਾਰ ਹੋਮਰਾ ਨੇ ਬਹੁਤ ਦੇਰ ਸੋਚ ਵਿਚਾਰ ਕੀਤੀ ਤੇ ਫਿਰ ਕੁਝ ਕਰਨ ਦਾ ਨਿਸਚਾ ਕੀਤਾ।

ਕਾਂਗਸਾ ਨਦੀ ਦੇ ਕੰਢਿਆਂ ਉਤੇ ਇਕ ਹੀਜਲ ਦਾ ਦਰਖਤ ਸੀ। ਨਾਦਰ ਚੰਦ ਉਥੇ ਪੱਤਰਾਂ ਦਾ ਵਿਛੌਣਾ ਬਣਾ ਕੇ ਸੁਤਾ ਪਿਆ ਸੀ।

ਮਹੂਆ ਅਰਾਮ ਨਾਲ ਆਪਣੀ ਮੰਜੀ ਉਤੇ ਸੁਤੀ ਪਈ ਸੀ। ਹੋਮਰਾ ਉਸ ਦੇ ਕੋਲ ਗਿਆ ਤੇ ਉਚੀ ਸਾਰੀ ਆਖਿਆ, ਜਾਗ ਮੇਰੀ ਬੱਚੀ। ਮੈਂ ਸੋਲਾਂ ਸਾਲ ਤੇਰੀ ਪਰਵਰਿਸ਼ ਕੀਤੀ ਹੈ, ਅੱਜ ਤੂੰ ਮੇਰਾ ਆਖਾ ਮੰਨ। ਮੈਂ ਆਪਣੀ ਸਾਰੀ ਘਾਲ ਦਾ ਇਹੀ ਫਲ ਮੰਗਦਾ ਹਾਂ।"

ਮਹੂਆ ਆਪਣੇ ਪਰਾਹੁਣੇ ਦੇ ਸੁਫ਼ਨੇ ਲੈ ਰਹੀ ਸੀ। ਆਪਣੇ ਪਿਤਾ ਦੀ ਆਵਾਜ਼ ਬਦਲ ਦੀ ਗਰਜ ਵਾਂਗ ਉਸ ਦੇ ਕੰਨਾਂ ਕੋਲੋਂ ਲੰਘੀ। ਉਹ ਘਬਰਾ ਕੇ ਉਠ ਬੈਠੀ। ਜਦ ਉਸ ਅੱਖਾਂ ਖੋਲ੍ਹੀਆਂ ਤਾਂ ਉਹ ਉਸ ਦੇ ਪਾਲਕ—ਪਿਤਾ ਦੀਆਂ ਅੱਖਾਂ ਨਾਲ ਮਿਲੀਆਂ ਜਿਹੜੀਆਂ ਅੱਗ ਦੀਆਂ ਲਾਟਾਂ ਵਾਂਗ ਭੱਖ ਰਹੀਆਂ ਸਨ। ਉਸ ਨੇ ਕਿਹਾ, "ਆਹ ਛੁਰੀ ਫੜ ਲੈ ਤੇ ਦਰਿਆ ਕੰਢੇ ਜਾ। ਉਥੇ ਨਾਦਰ ਚੰਦ ਸੁਤਾ ਪਿਆ ਹੈ। ਤੂੰ ਉਸ ਨੂੰ ਇਕ ਦਮ ਮਾਰ ਦਈਂ ਤੇ ਫਿਰ ਲਹੂ ਲਿਬੜੀ ਛੁਰੀ ਨਦੀ ਵਿਚ ਸੁਟ ਦੇਵੀਂ। ਤੈਨੂੰ ਪਾਲਣ ਵਿਚ ਮੈਂ ਕਿੰਨੇ ਔਖ ਝਲੇ ਹਨ। ਮੇਰਾ ਸੱਚ ਮੰਨੀਂ। ਇਹ ਪਰਦੇਸੀ ਕਾਮਣ ਪਾਉਣੇ ਜਾਣਦਾ ਹੈ। ਉਹ ਸਾਡਾ ਦੁਸ਼ਮਣ ਹੈ। ਤੂੰ ਇਹ ਛੁਰੀ ਸਿਧੀ ਉਸ ਦੇ ਦਿਲ ਵਿਚ ਦੀ ਲੰਘਾ ਦੇਈਂ।"

ਚੰਦਰਮਾ ਨਹੀਂ ਦਿਸਦਾ ਸੀ ਤੇ ਜਿਹੜੇ ਤਾਰੇ ਪਹਿਲਾਂ ਨਜ਼ਰ ਪੈਂਦੇ ਸਨ ਉਹ ਵੀ ਛੁਪ ਗਏ ਸਨ। ਸੁੰਦਰ ਅਕਾਸ਼ ਨੂੰ ਬੱਦਲਾਂ ਨੇ ਕੱਜ ਲਿਆ ਸੀ ਤੇ ਉਹ ਇਕ ਮੁਹਰਬੰਦ ਕਿਤਾਬ ਵਾਂਗ ਲਗਦਾ ਸੀ।

ਉਹ ਪਲ ਦਾ ਪਲ ਝਿਜਕੀ ਪਰ ਫਿਰ ਉਸ ਨੇ ਛੁਰੀ ਫੜ ਲਈ। ਤੇ ਜਿਥੇ ਬ੍ਰਾਹਮਣ ਰਾਜਕੁਮਾਰ ਸੁਤਾ ਪਿਆ ਸੀ ਓਧਰ ਟੁਰ ਪਈ। ਉਸ ਦੀਆਂ ਲੰਮੀਆਂ ਜ਼ੁਲਫਾਂ ਆਪਣੇ ਲਹਿਰੀਏ ਨਾਚ ਵਿਚ ਉਸ ਦੇ ਗਿਟਿਆਂ ਨੂੰ ਛੁਹਣ ਦੀ ਚਾਹਣਾ ਕਰ ਰਹੀਆਂ ਸਨ ਤੇ ਹੰਝੂ ਉਸ ਦੀਆਂ ਅੱਖਾਂ ਵਿਚੋਂ ਕਿਰ ਰਹੇ ਸਨ। ਉਹ ਝਲੀ ਜਹੀ ਹੋ ਰਹੀ ਸੀ ਤੇ ਉਸ ਨੂੰ ਬਚ ਨਿਕਲਣ ਦਾ ਕੋਈ ਰਾਹ ਨਹੀਂ ਸੁਝ ਰਿਹਾ ਸੀ।

16. ਮਹੂਆ ਨਦੀ ਦੇ ਪੱਤਣ ਉਤੇ ਜਾਂਦੀ ਹੈ ਤੇ ਰੋਂਦੀ ਹੈ

ਉਸ ਨੇ ਆਪਣੇ ਦਿਲ ਨੂੰ ਲੋਹੇ ਵਰਗਾ ਕਰੜਾ ਕਰਨ ਦੀ ਕੋਸ਼ਿਸ਼ ਕੀਤੀ ਤੇ ਸੁਤੇ ਹੋਏ ਨਾਦਰ ਚੰਦ ਦੇ ਸਰ੍ਹਾਣੇ ਬੈਠੀ ਰਹੀ। ਹਾਏ, ਉਹ ਕਿੰਨਾ ਸੁਹਣਾ ਲੱਗਦਾ ਸੀ! ਇਸ ਤਰ੍ਹਾਂ ਲਗਦਾ ਸੀ ਜਿਵੇਂ ਚੰਨ ਅਕਾਸ਼ ਤੋਂ ਨਦੀ ਦੇ ਕੰਢੇ ਉਤੇ ਆ ਡਿੱਗਾ ਹੋਵੇ। ਉਸ ਨੇ ਇਕ ਵਾਰ ਛੁਰੀ ਚੁਕੀ! ਫਿਰ ਦੂਜੀ ਵਾਰ ਚੁਕੀ !! ਤੇ ਫ਼ਿਰ ਤੀਜੀ ਵਾਰ ਚੁਕੀ !!! ਹਰ ਵਾਰ ਉਹ ਹੱਥ ਹਿਠਾਂ ਲੈ ਆਉਂਦੀ। ਫਿਰ ਉਸ ਨੇ ਹੋਲੀ ਜਹੀ ਕਿਹਾ, "ਮੇਰੇ ਮਾਹੀਆ, ਹੋਰ ਕਿੰਨਾ ਕੁ ਚਿਰ ਸੁਤੇ ਰਹਿਣਾਂ ਈ। ਉਠ ਤੇ ਆਪਣੀ ਅਭਾਗਣ ਮਹੂਆ ਨੂੰ ਰੋਂਦੀ ਨੂੰ ਵੇਖ। ਮੇਰੇ ਪਿਤਾ ਦਾ ਦਿਲ ਪੱਥਰ ਦਾ ਦਿਲ ਹੈ। ਉਸ ਦਾ ਇਹ ਹੁਕਮ ਹੈ ਕਿ ਮੈਂ ਤੈਨੂੰ ਮਾਰ ਦਿਆਂ। ਪਰ ਮੈਥੋਂ ਕਦੀ ਇਹ ਹੋ ਸਕਦਾ ਏ? ਪੱਥਰ ਵਰਗਾ ਕਰੜਾ ਦਿਲ ਮੇਰੇ ਪਿਤਾ ਦਾ ਹੈ ਤੇ ਪੱਥਰ ਵਾਂਗ ਕਰੜਾ ਦਿਲ ਮੇਰਾ ਆਪਣਾ ਹੈ। ਇਹ ਕੋਈ ਕਿਸ ਤਰ੍ਹਾਂ ਮੰਨ ਸਕਦਾ ਹੈ ਕਿ ਮੈਂ ਇਹੋ ਜਿਹੀ ਚੁੜੇਲ ਬਣ ਜਾਵਾਂਗੀ। ਤੇ ਤੈਨੂੰ ਮਾਰ ਕੇ ਘਰ ਮੁੜ ਜਾਵਾਂਗੀ। ਸਾਡਾ ਦੀਵਾ ਘਿਓ ਨਾਲ ਬਲਦਾ ਪਿਆ ਹੈ। ਇਹ ਦੀਵਾ ਮੈਂ ਆਪਣੀ ਫੂਕ ਨਾਲ ਕਿਸ ਤਰ੍ਹਾਂ ਬੁਝਾ ਸਕਦੀ ਹਾਂ। ਮੇਰੇ ਪਿਤਾ ਦਾ ਹੁਕਮ ਮੌਤ ਦੀ ਸਜ਼ਾ ਵਰਗਾ ਨਿਰਦਈ ਹੈ। ਪਰ ਠਹਿਰ! ਮੈਂ ਆਪਣੇ ਮਾਪਿਆਂ ਦਾ ਹੁਕਮ ਇਕ ਤਰੀਕੇ ਨਾਲ ਮੰਨ ਸਕਦੀ ਹਾਂ। ਇਹ ਛੁਰੀ ਮੈਨੂੰ ਦਿਸ ਰਹੀ ਏ ਨਾ? ਇਸ ਦੇ ਫਲ ਨੂੰ ਜ਼ਹਿਰ ਲਗਾ ਹੋਇਆ ਹੈ। ਮੈਂ ਇਸ ਨੂੰ ਆਪਣੇ ਦਿਲ ਵਿਚ ਖੋਭ ਲਵਾਂਗੀ।"

ਨਾਦਰ ਚੰਦ ਨੂੰ ਆਪਣੀ ਨੀਂਦ ਵਿਚ ਉਸ ਦੇ ਸੁਫ਼ਨੇ ਆ ਰਹੇ ਸਨ। ਤੇ ਹੁਣ ਜਦੋਂ ਉਸ ਨੂੰ ਜਾਗ ਆਈ ਤਾਂ ਉਸ ਨੇ ਉਸ ਨੂੰ ਆਪਣੀ ਜਾਨ ਲੈਣ ਲਈ ਦ੍ਰਿੜ ਵੇਖਿਆ।

ਮਹੂਆ

ਮੇਰੇ ਮਾਪੇ ਨਿਰਦਈ ਹਨ ਤੇ ਮੇਰਾ ਆਪਣਾ ਦਿਲ ਵੀ ਕੁਝ ਘਟ ਨਿਰਦਈ ਨਹੀਂ। ਉਹਨੇ ਮੈਨੂੰ ਹੁਕਮ ਕੀਤਾ ਕਿ ਤੈਨੂੰ ਮਾਰ ਦਿਆਂ ਤੇ ਏਸੇ ਕੰਮ ਹੀ ਮੈਂ ਏਥੇ ਆਈ ਹਾਂ। ਪਰ ਇਹ ਕਦੀ ਨਹੀਂ ਹੋ ਸਕਦਾ। ਜੇ ਮੈਂ ਆਪਣੇ ਆਪ ਨੂੰ ਮਾਰ ਦਿਆਂ ਤਾਂ ਤੇਰੇ ਸਾਰੇ ਦੁਖ ਮੁਕ ਜਾਣਗੇ। ਜਿੰਨੀ ਛੇਤੀ ਜਾ ਸਕਦਾ ਏਂ, ਆਪਣੇ ਘਰ ਚਲਾ ਜਾ ਤੇ ਆਪਣੀ ਮਾਂ ਦੇ ਗਲ ਨਾਲ ਲਗ ਜਾ, ਜਿਸ ਦਾ ਲਾਲ ਤੂੰ ਹੈਂ। ਵਿਆਹ ਲਈ ਕੋਈ ਸੁੰਦਰ ਮੁਟਿਆਰ ਲੱਭ ਲੈ, ਉਸ ਨਾਲ ਵਿਆਹ ਕਰ ਤੇ ਮੌਜਾਂ ਮਾਣ। ਤੂੰ ਉਚ-ਘਰਾਣੇ ਦਾ ਹੈਂ ਰਾਜਕੁਮਾਰ। ਤੇਰੇ ਸੁਖੀ ਵਸਦੇ ਘਰ ਲਈ ਮੈਂ ਜਿਵੇਂ ਮੌਤ ਬਣ ਕੇ ਆਈ। ਮੈਂ ਝੱਲੀ ਹੋ ਗਈ ਤੇ ਇਕ ਵੇਗ ਦੇ ਵਸ ਵਿਚ ਆ ਗਈ। ਇਹ ਨਾ ਸੋਚਿਆ ਕਿ ਕੀ ਚੰਗਾ ਹੈ ਤੇ ਕੀ ਮਾੜਾ ਤੇ ਇਸ ਦਾ ਕੀ ਫਲ ਹੋਵੇਗਾ।"

(ਉਹ ਛੁਰੀ ਨੂੰ ਆਪਣੀ ਹਿਕ ਵਿਚ ਖੋਭਣ ਦਾ ਜਤਨ ਕਰਦੀ ਹੈ। ਨਾਦਰ ਚੰਦ ਉਸ ਦਾ ਹੱਥ ਫੜ ਲੈਂਦਾ ਹੈ ਤੇ ਉਸ ਨੂੰ ਡਕਦਾ ਹੈ)।

ਨਾਦਰ ਚੰਦ

"ਮਹੂਆ ਮੈਂ ਆਪਣੇ ਮਾਤਾ ਪਿਤਾ ਨੂੰ ਤੇ ਆਪਨੀ ਉਚੀ ਜਾਤੀ ਦੇ ਮਾਨ ਨੂੰ ਤਿਆਗਿਆ ਹੈ, ਸਭ ਤੇਰੇ ਵਾਸਤੇ। ਮੈਂ ਇਕ ਭੌਰਾ ਹਾਂ ਜਿਹੜਾ ਇਕ ਸੁੰਦਰ ਫੁਲ-ਮਹੂਆ ਉਤੇ ਮਸਤ

ਹੋਇਆ ਹੋਇਆ ਹਾਂ। ਤੇਰੀ ਖਾਤਰ ਮੈਂ ਸੁਦਾਈਆਂ ਵਾਂਗ ਸਾਰੇ ਦਸ ਵਿਚ ਟਕਰਾਂ ਮਾਰੀਆਂ ਹਨ। ਜੇ ਹੁਣ ਮੈਂ ਤੈਨੂੰ ਛੱਡ ਜਾਵਾਂ ਤਾਂ ਵੀ ਮੈਂ ਆਪਣੇ ਘਰ ਕਦੀ ਨਹੀਂ ਜਾਵਾਂਗਾ। ਮੈਂ ਜਾ ਵੀ ਕਿਸ ਤਰ੍ਹਾਂ ਸਕਦਾ ਹਾਂ ? ਮੈਂ ਆਪਣਾ ਵਰਣ ਗੁਆ ਬੈਠਾ ਹਾਂ। ਮੈਨੂੰ ਖੁਸ਼ੀ ਹੈ ਕਿ ਮੈਂ ਤੇਰੇ ਲਈ ਇਹ ਛੱਡ ਦਿਤੀ ਹੈ। ਜੇ ਮੇਰੇ ਖੋਟੇ ਕਰਮਾਂ ਵਿਚ ਇਹ ਲਿਖਿਆ ਹੈ ਕਿ ਤੂੰ ਮੇਰੇ ਹੱਥ ਨਹੀਂ ਆਉਣਾ ਤਾਂ ਫਿਰ ਮੇਰੀ ਇਹੋ ਪ੍ਰਾਰਥਨਾ ਹੈ ਕਿ ਤੂੰ ਆਪਣੇ ਮਲੂਕ ਹੱਥਾਂ ਨਾਲ ਇਹ ਛੁਰੀ ਚੁਕ ਤੇ ਮੈਨੂੰ ਮਾਰ ਦੇ।''

ਮਹੂਆ

ਨਹੀਂ ਮੇਰੇ ਢੋਲਣ ! ਇਹ ਨਹੀਂ ਹੋ ਸਕਦਾ। ਮੈਂ ਅਜ ਆਪਣੇ ਮਾਪਿਆਂ ਤੋਂ ਘਰ ਛੱਡ ਦੇਂਦੀ ਹਾਂ। ਮੇਰਾ ਉਹਨਾਂ ਨਾਲ ਹੁਣ ਕੋਈ ਵਾਸਤਾ ਨਹੀਂ ਰਹੇਗਾ। ਜੇ ਤੂੰ ਮੈਨੂੰ ਆਪਣੀ ਦਇਆ ਵਿਚ ਲੈ ਲਵੇਂ ਤਾਂ ਮੈਂ ਤੇਰੇ ਨਾਲ ਦੂਰ ਦੇਸ ਚਲੀ ਜਾਵਾਂਗੀ। ਤੂੰ ਪੁਛੇਂਗਾ ਅਸੀਂ ਕਿਥੇ ਜਾਵਾਂਗੇ ? ਜਿਧਰ ਸਾਡਾ ਮੂੰਹ ਆਇਆ ਲੁਕਣ ਲਈ ਅਸੀਂ ਪਹਾੜੀ ਦੇਸਾਂ ਦੀਆਂ ਜੰਗਲਾਂ ਨਾਲ ਭਰੀਆਂ ਖੱਡਾਂ ਵਿਚ ਵੜ ਜਾਵਾਂਗੇ। ਮੇਰੇ ਪਿਤਾ ਦੇ ਵਧੀਆ ਘੋੜੇ ਹਨ। ਐਥੋ ਨਦੀ ਦੇ ਦੂਜੇ ਕੰਢੇ ਉਸ ਦਾ ਤਬੇਲਾ ਹੈ, ਆ ਅਸੀਂ ਦੋ ਘੋੜਿਆਂ ਉਤੇ ਚੜ੍ਹ ਕੇ ਨੱਠ ਜਾਈਏ। ਮੇਰੇ ਮਾਪਿਆਂ ਨੂੰ ਪਤਾ ਨਹੀਂ ਲਗੇਗਾ, ਨਾ ਕਿਸੇ ਹੋਰ ਨੂੰ। ਅਸੀਂ ਸੂਰਜ ਤੇ ਚੰਨ ਦੀ ਸ਼ਾਹਦੀ ਪਾਵਾਂਗੇ ਤੇ ਇਸ ਥਾਂ ਨੂੰ ਛੱਡ ਜਾਵਾਂਗੇ।''

ਪੂਰਬ ਵੱਲ ਦੇ ਵਿਚਲੇ ਬਦਲਾਂ ਨੇ ਨਦੀ ਦੇ ਕੰਢੇ ਪਹੁ-ਫੁਟਾਲੇ ਦਾ ਜੋਬਨ ਵਿਖਾਇਆ ਤੇ ਉਹ ਇਕੱਠੇ ਘੋੜਿਆਂ ਉਤੇ ਨਦੀਏ ਨਦੀ ਟੁਰ ਗਏ। ਨੱਠੇ ਜਾਣ ਦੇ ਨਸ਼ੇ ਦੇ ਅਨੰਦ ਵਿਚ ਉਹ ਸੂਰਜ ਤੇ ਚੰਨ ਵਾਂਗ ਤੇਜ-ਪਰਤਾਪੀ ਲਗਦੇ। ਉਹਨਾਂ ਆਪਣੇ ਚਾਬਕ ਲਾਏ ਤੇ ਘੋੜੇ ਉਡਦੇ ਪੰਛੀਆਂ ਵਾਂਗ ਹਵਾ ਨਾਲ ਗੱਲਾਂ ਕਰਨ ਲਗ ਪਏ।

17. ਇਕ ਨਦੀ, ਉਹ ਦੋਵੇਂ ਉਸ ਵਲ ਮੂਹ ਕਰ ਕੇ ਖਲੋਤੇ ਹਨ

ਮਹੂਆ

"ਹੇ ਮੇਰੇ ਪਿਤਾ ਦੇ ਅਸਤਬਲ ਦੇ ਘੋੜਿਓ ! ਵਾਪਸ ਉਸ ਦੇ ਘਰ ਚਲੇ ਜਾਓ, ਜਿਹੜਾ ਇਸ ਵੇਲੇ ਬਹੁਤ ਦੂਰ ਹੈ। ਮੇਰੇ ਮਾਪਿਆਂ ਨੂੰ ਆਖਣਾ ਤੁਹਾਡੀ ਬੇਟੀ ਮਹੂਆ ਨੂੰ ਸ਼ੇਰ ਖਾ ਗਿਆ ਹੈ।''

ਉਸ ਨੇ ਘੋੜਿਆਂ ਦੀਆਂ ਲਗਾਮਾਂ ਲਾਹੀਆਂ ਤੇ ਫਿਰ ਪਿਆਰ ਨਾਲ ਉਹਨਾਂ ਦੀਆਂ ਕੰਡਾਂ ਉਤੇ ਥਾਪੜਾ ਮਾਰਿਆ। ਉਹ ਜਿਹੜੇ ਰਾਹ ਆਏ ਸਨ ਉਸੇ ਰਾਹ ਵਾਪਸ ਪੋਈਏ ਪੈ ਗਏ।

"ਵੇਖ, ਰਾਜਕੁਮਾਰ'' ਮਹੂਆ ਨੇ ਕਿਹਾ'' ਇਸ ਪਹਾੜੀ ਨਦੀ ਦੀਆਂ ਕਹਿਰਵਾਨ ਛਲਾਂ ਵਲ ਵੇਖ ! ਇਸ ਨੂੰ ਅਸੀਂ ਕਿਵੇਂ ਪਾਰ ਕਰ ਸਕਦੇ ਹਾਂ।''

ਫਿਰ ਉਸ ਨੇ ਨਦੀ ਅੱਗੇ ਅਰਦਾਸ ਕੀਤੀ ਕਿ ਥੋੜੇ ਚਿਰ ਲਈ ਤੇਰੇ ਵਿਚ ਕੁਝ ਬਰੇਤੀਆਂ ਖੜੀਆਂ ਹੋ ਜਾਣ ਤਾਂ ਜੋ ਅਸੀਂ ਦੂਜੇ ਪਾਰ ਲੰਘ ਸਕੀਏ।

ਪਰ ਉਹਨਾਂ ਦੇ ਪੈਰਾਂ ਹੇਠਾਂ ਕੋਈ ਬਰੇਤੀ ਨਾ ਆਈ। ਸਗੋਂ ਛੱਲਾਂ ਹੋਰ ਵੀ ਉਚੀਆਂ ਹੋ ਗਈਆਂ ਕਿਉਂਕਿ ਹਵਾ ਨਦੀ ਦੇ ਵਹਾਓ ਦੇ ਉਲਟ ਸੀ। ਐਨ ਉਸੇ ਪਲ ਉਹਨਾਂ ਇਕ

ਬੇੜੀ ਆਉਂਦੀ ਤੱਕੀ। ਇਹ ਬੱਗੇ ਪੰਛੀ ਨਹੀਂ ਸਨ ਸਗੋਂ ਬੇੜੀ ਦੇ ਪਲ੍ਹ ਸਨ। ਅਸੀਂ ਇਸੇ ਬੇੜੀ ਉਤੇ ਚੜ੍ਹਾਂਗੇ ਭਾਵੇਂ ਸਾਡੇ ਨਾਲ ਕੁਝ ਵੀ ਬੀਤੇ। ਉਹਨਾਂ ਨੇ ਆਪਣੀ ਚੰਗੀ ਕਿਸਮਤ ਉਤੇ ਸ਼ੁਕਰ ਕੀਤਾ।

ਨਾਦਰ ਚੰਦ ਨੇ ਬੇੜੀ ਦੇ ਮਾਲਕ ਨੂੰ ਆਵਾਜ਼ ਦਿਤੀ ਤੇ ਕਿਹਾ, "ਤੁਹਾਡੀ ਬੇੜੀ ਦੂਰ ਨੇੜੇ ਜਾਂਦੀ ਰਹਿੰਦੀ ਹੈ। ਅਸੀਂ ਦੋ ਜੀਊੜੇ ਏਥੇ ਖੜੇ ਹਾਂ ਤੇ ਸਾਡੇ ਲਈ ਨਦੀ ਦੇ ਪਾਰ ਜਾਣ ਦਾ ਕੋਈ ਤਰੀਕਾ ਨਹੀਂ। ਜੇ ਤੁਸੀਂ ਕਿਰਪਾ ਕਰਕੇ ਸਾਡੀ ਸਹਾਇਤਾ ਕਰੋ ਤਾਂ ਅਸੀਂ ਇਸ ਵਰਾਨ ਕੰਢੇ ਉਤੇ ਖਤਮ ਹੋ ਜਾਣ ਤੋਂ ਬਚ ਸਕਦੇ ਹਾਂ।''

ਸੁਦਾਗਰ ਨੇ ਮਹੂਆ ਵੱਲ ਵੇਖਿਆ ਤੇ ਉਸ ਦੀ ਸੁੰਦਰਤਾ ਨਾਲ ਨਸ਼ਿਆਇਆ ਗਿਆ। ਉਸ ਨੇ ਚੱਪੂ ਮਾਰਨ ਵਾਲਿਆਂ ਨੂੰ ਕਿਹਾ ਬੇੜੀ ਰੋਕ ਲਓ।

ਮਹੂਆ ਤੇ ਨਾਦਰ ਚੰਦ ਵਿਚ ਚੜ੍ਹ ਗਏ। ਤੇ ਬੇੜੀ ਹਵਾ ਦੀ ਚਾਲ ਨਾਲ ਦੌੜਨ ਲਗੀ।

18. ਸੁਦਾਗਰ ਦੀ ਬੇੜੀ ਵਿਚ ਦੁਰਘਟਨਾ

ਸੁਦਾਗਰ ਇਹ ਸੋਚਣ ਲੱਗ ਪਿਆ ਕਿ ਉਹ ਮਹੂਆ ਨੂੰ, ਜਿਸ ਦੀ ਸੁੰਦਰਤਾ ਨੇ ਉਸ ਦੇ ਮਨ ਨੂੰ ਭਖਾ ਦਿਤਾ ਸੀ ਕਿਵੇਂ ਕਾਬੂ ਕਰੇ। ਬੇੜੀ ਵਾਲਿਆਂ ਨਾਲ ਰਲ ਕੇ ਉਸ ਨੇ ਇਕ ਗੋਂਦ ਗੁੰਦੀ, ਬੇੜੀ ਚੜ੍ਹਾਓ ਦੇ ਉਲਟ ਟੁਰਨ ਲੱਗੀ। ਤੇ ਝੱਟ ਕੁ ਪਿਛੋਂ ਨਾਦਰ ਚੰਦ ਡੂੰਘੇ ਪਾਣੀਆਂ ਵਿਚੋਂ ਉਤਾਹ ਹੋਣ ਦੀ ਕੋਸ਼ਸ ਕਰਦਾ ਦਿਸਿਆ। ਚੜ੍ਹਾਓ ਦੇ ਕੰਢੇ ਦੇ ਕਾਲੇ ਘੁੰਮਣ ਘੇਰ ਜੋ ਕੁਝ ਉਹਨਾਂ ਦੇ ਕਾਬੂ ਆਉਂਦਾ ਹੇਠਾਂ ਨੂੰ ਖਿਚ ਲੈਂਦੇ ਤੇ ਨਾਦਰ ਚੰਦ ਇਸ ਤਰ੍ਹਾਂ ਦੇ ਇਕ ਘੁਮਨਘੇਰ ਵਿਚ ਡਿਗ ਪਿਆ। "ਮੇਰੇ ਮਾਪਿਓ, ਤੁਹਾਡਾ ਰੱਬ ਰਾਖਾ। ਹੁਣ ਮੈਂ ਤੁਹਾਨੂੰ ਕਦੀ ਨਹੀਂ ਮਿਲ ਸਕਾਂਗਾ। ਤੇਰਾ ਰੱਬ ਰਾਖਾ ਮੇਰੀ ਪਿਆਰੀ ਮਹੂਆ, ਮੈਨੂੰ ਯਾਦ ਰਖੀਂ। ਅਜ ਅਸੀਂ ਸਦਾ ਲਈ ਵਿਛੜ ਗਏ ਹਾਂ।''

ਜਿਹੜੀਆਂ ਛੱਲਾਂ ਨੇ ਮੇਰਾ ਨਾਦਰ ਚੰਦ ਰੋੜ੍ਹਿਆ ਹੈ। ਉਹ ਮੈਨੂੰ ਵੀ ਰੋੜ੍ਹਨਗੀਆਂ ਇਹ ਆਖ ਕੇ ਮਹੂਆ ਨੇ ਪਾਣੀ ਵਿਚ ਛਾਲ ਮਾਰਨ ਦਾ ਜਤਨ ਕੀਤਾ ਪਰ ਬੇੜੀ ਵਾਲਿਆਂ ਨੇ ਉਸ ਨੂੰ ਬਦੋ ਬਦੀ ਰੋਕ ਦਿਤਾ। ਹਾਏ ! ਦੁਸ਼ਟ ਸੁਦਾਗਰ ਕਿੰਨਾ ਜ਼ਾਲਮ ਹੈ।

ਸੁਦਾਗਰ

" ਤੇਰੀਆਂ ਅਖਾਂ ਮੋਟੀਆਂ ਅਤੇ ਕਾਲੀਆਂ ਹਨ, ਵਾਲ ਲੰਮੇ ਤੇ ਚਮਕੀਲੇ, ਸੁੰਦਰ ਮੁਟਿ-ਆਰੇ। ਮੇਰੇ ਚੰਗੇ ਲੇਖਾਂ ਨੇ ਅਜ ਮੇਰੇ ਲਈ ਇਕ ਚੋਣਵੇਂ ਫੁਲ ਦੀ ਸੁਗਾਤ ਦਿਤੀ ਹੈ।

ਮੇਰੀ ਰਾਣੀ ! ਤੂੰ ਆਪਣੀ ਵਡਮੁਲੀ ਜਵਾਨੀ ਨੂੰ ਐਵੇਂ ਨਾ ਲੰਘਾ ਛਡੀਂ। ਜਿਸ ਤਰ੍ਹਾਂ ਮੈਂ ਤੈਨੂੰ ਬੇਅੰਤ ਪਿਆਰ ਕਰਦਾਂ ਹਾਂ ਉਸ ਤਰ੍ਹਾਂ ਤੂੰ ਮੈਨੂੰ ਵੀ ਕਰ ਤੇ ਮੇਰੇ ਮਨ ਨੂੰ ਅਨੰਦ ਦੇ। ਕੀ ਇਹ ਅਚਰਜ ਨਹੀਂ ਕਿ ਬੇੜੀ ਸੋਨੇ ਦੀ ਹੋਵੇ ਪਰ ਚਲਾਣ ਵਾਲਾ ਕੋਈ ਵੀ ਨਾ ਹੋਵੇ। ਜਦੋਂ ਤੇਰੀ ਜਵਾਨੀ ਚਲੀ ਗਈ ਤਾਂ, ਗੋਰੀਏ ਦੁਨੀਆਂ ਤੇਰੀ ਹੁਣ ਜਿੰਨੀ ਕਦਰ ਨਹੀਂ ਕਰੇਗੀ। ਮੇਰੀ ਜਾਨ ! ਇਕ ਕਲੀ ਵਾਂਗ ਆਪਣੀ ਸੁੰਦਰਤਾ ਲੁਕਾ ਕੇ ਨਾ ਰਖ। ਸਗੋਂ ਇਕ ਭਰ-ਖਿੜੇ ਫੁਲ ਵਾਂਗ ਇਸ ਨੂੰ ਹਵਾ ਦੇ ਹਵਾਲੇ ਕਰਦੇ। ਮੇਰੀ ਇਹ ਗੱਲ ਸਚ ਮੰਨੀ ਕਿ ਮੇਰਾ ਜੀਵਨ ਤੇਰੇ ਆਸਰੇ ਹੈ।

ਜੇ ਤੂੰ ਚਾਹੇ ਤਾਂ ਇਸ ਨੂੰ ਸੁਖੀ ਬਣਾ ਸਕਦੀ ਹੈਂ।

"ਮੈਂ ਤੈਨੂੰ ਸੋਨੇ ਦੇ ਗਹਿਣੇ ਦਿਆਂਗਾ ਤੇ ਇਕ ਸੁੰਦਰ ਅਸਮਾਨੀ ਰੰਗ ਦੀ ਸਾੜ੍ਹੀ। ਤੇਰੇ ਕੰਨਾਂ ਤੇ ਨੱਕ ਲਈ ਸੋਨੇ ਦੀਆਂ ਵਾਲੀਆਂ ਅਤੇ ਲੌਂਗ ਬਣਵਾ ਦਿਆਂਗਾ। ਤੇਰੀਆਂ ਲੰਮੀਆਂ ਜ਼ੁਲਫਾਂ ਤੇਲ ਨਾਲ ਮਹਿਕਾਈਆਂ ਜਾਣਗੀਆਂ, ਮੇਰੇ ਘਰ ਬਹੁਤ ਸਾਰੇ ਚਾਕਰ ਅਤੇ ਦਾਸੀਆਂ ਹਨ। ਉਹ ਤੇਰੀ ਨਿਕੀ ਤੋਂ ਨਿਕੀ ਇੱਛਾ ਪੂਰੀ ਕਰਨ ਲਈ ਇਕ ਦੂਜੇ ਤੋਂ ਵਧ ਚੜ੍ਹ ਕੇ ਕੰਮ ਕਰਨਗੇ। ਮੇਰੀ ਲਾਡੋ, ਉਹ ਤੇਰੇ ਪੈਰ ਧੋਣਗੇ। ਤੇ ਤੇਰੇ ਲਈ ਬਹੁਤ ਹੀ ਗੁਦਗੁਦਾ ਬਿਸਤਰਾ ਵਿਛਾਣਗੇ। ਸਿਆਲ ਵਿਚ ਮੈਂ ਤੇਰੇ ਲਈ ਰੂੰ ਦੇ ਵਧੀਆ ਓੜ੍ਹਨੇ ਬਣਵਾ ਦਿਆਂਗਾ ਤੇ ਨਾਲੇ ਚੱਦਰਾਂ। ਤੇਰੇ ਹੁਕਮ ਦੀ ਉਡੀਕ ਵਿਚ ਦਾਸੀਆਂ ਤੇਰੇ ਸਰ੍ਹਾਣੇ ਖਲੋਤੀਆਂ ਰਹਿਣਗੀਆਂ।

"ਮੇਰੇ ਅਸਤਬਲ ਵਿਚ ਹਾਥੀ ਤੇ ਘੋੜੇ ਹਨ ਤੇ ਨਾਲੇ ਸ਼ਸਤਰ ਬੱਧ ਸਿਪਾਹੀ। ਤੂੰ ਉਹਨਾਂ ਸਾਰਿਆਂ ਦੀ ਰਾਣੀ ਹੋਵੇਂਗੀ। ਮੇਰੇ ਬਾਗ਼ ਵਿਚਲੇ ਘਰ ਵਿਚ ਸੁੰਦਰ ਤਲਾ ਹਨ ਜਿਨ੍ਹਾਂ ਦੀਆਂ ਪੌੜੀਆਂ ਪੱਥਰ ਦੀਆਂ ਬਣੀਆਂ ਹੋਈਆਂ ਹਨ। ਉਹਨਾਂ ਵਿਚ ਨਹਾਇਆ ਤੇ ਤਰਿਆ ਕਰਾਂਗੇ ਤੇ ਦੋ ਮੌਜੀ ਜਲ ਪੰਛੀਆਂ ਵਾਂਗ ਖੇਡਾਂ ਖੇਡਿਆ ਕਰਾਂਗੇ। ਮੇਰੇ ਘਰ ਦੇ ਨਾਲ ਇਕ ਵਧੀਆ ਫੁਲਾਂ ਦਾ ਬਾਗ਼ ਹੈ, ਸਵੇਰੇ ਤੇ ਸ਼ਾਮ ਅਸੀਂ ਉਥੇ ਸੈਰ ਕਰਿਆ ਕਰਾਂਗੇ ਤੇ ਨਾਲੇ ਰਜ ਕੇ ਖਿੜੇ ਹੋਏ ਫੁਲ ਤੋੜਿਆ ਕਰਾਂਗੇ।

ਅਸੀਂ ਆਪਣੀਆਂ ਰਾਤਾਂ ਇਕਠਿਆਂ ਕਿੰਨੇ ਮਜ਼ੇ ਨਾਲ ਬਿਤਾਇਆ ਕਰਾਂਗੇ। ਸਿਆਲ ਵਿਚ, ਮੇਰੀ ਜਾਨ, ਤੂੰ ਮੇਰੇ ਸੀਨੇ ਨਾਲ ਲਗ ਕੇ ਨਿੱਘੀ ਰਿਹਾ ਕਰੇਂਗੀ ਤੇ ਤੈਨੂੰ ਰਤੀ ਪਾਲਾ ਨਹੀਂ ਲੱਗੇਗਾ। ਜੇ ਤੇਰੇ ਸੁਹਲ ਸਰੀਰ ਨੂੰ ਬਿਸਤਰਾ ਖਰ੍ਹਵਾ ਲਗੇ ਤਾਂ ਤੂੰ ਮੇਰੀ ਨਰਮ ਹਿੱਕ ਤੇ ਸਵਿਆਂ ਕਰੇਂਗੀ। ਮੈਂ ਆਪ ਤੇਰੇ ਲਈ ਪਾਨ ਲਾਇਆ ਕਰਾਂਗਾ ਤੇ ਪਿਆਰ ਨਾਲ ਤੇਰੇ ਮੂੰਹ ਵਿਚ ਪਾਇਆ ਕਰਾਂਗਾ। ਅਸੀਂ ਸਦਾ ਇਕੱਠੇ ਰਿਹਾ ਕਰਾਂਗੇ, ਇਕੱਠੇ ਖਾਇਆ ਕਰਾਂਗੇ ਤੇ ਇਕ ਦੂਜੇ ਦੀਆਂ ਬਾਹਵਾਂ ਵਿਚ ਇਕੱਠੇ ਸਵਿਆਂ ਕਰਾਂਗੇ। ਤੇ ਜਦੋਂ ਤੂੰ ਮੇਰੇ ਨਾਲ ਜਾਏਂਗੀ ਤੇ ਦੂਰ ਨੇੜੇ ਦੇ ਦੇਸ ਵੇਖੇਂਗੀ। ਮੈਂ ਬਿਉਪਾਰ ਕਰ ਕੇ ਹੀਰੇ ਤੇ ਕੀਮਤੀ ਪੱਥਰ ਇਕੱਠੇ ਕਰਾਂਗਾ ਤੇ ਇਹ ਖਜ਼ਾਨਾ ਤੇਰਾ ਹੋਵੇਗਾ। ਮੈਂ ਤੈਨੂੰ ਲੱਖ ਰੁਪਏ ਦੇ ਮੁਲ ਦਾ ਇਕ ਹਾਰ ਪਾਵਾਂਗਾ। ਹੋਰ ਵੀ ਬਹੁਤ ਚੀਜ਼ਾਂ ਮੈਂ ਤੈਨੂੰ ਭੇਟ ਕਰਾਂਗਾ ਤੇ ਤੂੰ ਵੇਖ ਲਵੀਂ ਕਿ ਕਿਵੇਂ ਜੋ ਕੁਝ ਮੈਂ ਆਖਿਆ ਹੈ ਉਸ ਦੇ ਅੱਖਰ ਅੱਖਰ ਉਤੇ ਪਹਿਰਾ ਦੇਂਦਾ ਹਾਂ। ਤੇਰੇ ਸਿਪੀਆਂ ਦੇ ਕੰਙਣ ਉਤੇ ਸੋਨੇ ਦੀ ਪਤਰੀ ਚੜ੍ਹੀ ਹੋਵੇਗੀ। ਹੋਰ ਮੈਂ ਤੈਨੂੰ ਇਕ ਕਮਰਬੰਦ ਦਿਆਂਗਾ ਜਿਹੜੀ ਨਗਾਂ ਨਾਲ ਸਜਾਈ ਹੋਈ ਹੋਵੇਗੀ। ਤੇ ਤੇਰੇ ਪੈਰੀਂ ਸੋਨੇ ਦੀਆਂ ਪੰਜੇਬਾਂ ਰੰਗੀਲੀ ਛਣਕਾਰ ਦੇਣਗੀਆਂ ਰੁਣ ਰੁਣ, ਝੁਣ ਝੁਣ।"

ਜਦੋਂ ਉਸ ਨੇ ਭਰਮਾਉਣ ਵਾਲੀਆਂ ਇਹ ਸਾਰੀਆਂ ਗੱਲਾਂ ਸੁਣੀਆਂ ਤਾਂ ਤੁਹਾਡਾ ਕੀ ਅਨੁਮਾਨ ਹੈ ਕਿ ਮਹੂਆ ਨੇ ਕੀ ਕੀਤਾ? ਉਸ ਸੁਦਾਗਰ ਲਈ, ਜਿਹੜਾ ਏਨਾ ਪਿਆਰ ਜਿਤਲਾਉਂਦਾ ਸੀ, ਉਸ ਨੇ ਪੰਜ ਪਾਨ ਤਿਆਰ ਕੀਤੇ। ਚੂਨੇ ਤੇ ਕੱਥੇ ਦੇ ਨਾਲ ਉਸ ਨੇ ਸੱਪ ਦਾ ਜ਼ਹਿਰ ਮਿਲਾ ਦਿੱਤਾ ਜਿਹੜਾ ਪਹਾੜੀਆਂ ਤੋਂ ਲਿਆ ਹੋਇਆ ਸੀ ਤੇ ਉਸ ਨੇ ਆਪਣੇ ਸਿਰ

ਦੇ ਓੜਨੇ ਵਿਚ ਲੁਕਾ ਕੇ ਰਖਿਆ ਹੋਇਆ ਸੀ। ਮੁਸਕਰਾਉਂਦੀ ਅਤੇ ਨਖ਼ਰੇ ਕਰਦੀ ਨੇ ਇਕ ਪਾਨ ਸੁਦਾਗਰ ਦੇ ਮੂੰਹ ਵਿਚ ਪਾ ਦਿੱਤਾ। ਉਸ ਦੀ ਮਿੱਠੀ ਮੁਸਕਣੀ ਤੇ ਰੀਝ ਕੇ ਸੁਦਾਗਰ ਨੇ ਉਸ ਨੂੰ ਜੱਫੀ ਵਿਚ ਆਉਣ ਲਈ ਕਿਹਾ ਪਰ ਏਨੇ ਚਿਰ ਵਿਚ ਉਸ ਨੇ ਆਪਣੇ ਪਾਨ ਬੇੜੀ ਵਾਲਿਆਂ ਵਿਚ ਵੀ ਵੰਡ ਦਿੱਤੇ ਸਨ। ਜ਼ਹਿਰ ਛੇਤੀ ਛੇਤੀ ਉਹਨਾਂ ਦੀਆਂ ਨਾੜਾਂ ਵਿਚ ਫਿਰ ਗਿਆ ਤੇ ਉਹ ਉਬਾਸੀਆਂ ਲੈ ਕੇ ਬੇਹੋਸ਼ ਹੋ ਗਏ। ਤੋੜੋ ਤੋੜੇ ਉਹ ਮੁਸਕਰਾਂਦੀ ਰਹੀ ਸੀ ਪਰ ਹੁਣ ਉਹ ਡੈਣ ਵਾਂਗ ਹੱਸੀ। ਜ਼ਹਿਰ ਲਗੀ ਛੁਰੀ ਤੇ ਉਸ ਦੇ ਕੋਲ ਹੈ ਈ ਸੀ। ਉਸ ਨੇ ਕੁਹਾੜਾ ਲੈ ਕੇ ਬੇੜੀ ਦੇ ਥਲੇ ਵਿਚ ਛੇਕ ਕਰ ਦਿੱਤੇ। ਬੇੜੀ ਦੇ ਡੁੱਬਣ ਤੋਂ ਪਹਿਲਾਂ ਉਸ ਨੇ ਆਪ ਪਾਣੀ ਵਿਚ ਛਾਲ ਮਾਰ ਦਿੱਤੀ। ਲਹਿਰਾਂ ਉੱਤੇ ਤਰਦੀ ਆਉਂਦੀ ਨੇ ਉਸ ਨੇ ਬੇੜੀ, ਉਸ ਦੇ ਮਲਾਹ, ਸਮਾਨ, ਸਭ ਕੁਝ ਹੌਲੀ ਹੌਲੀ ਹੇਠਾਂ ਨੂੰ ਡੁੱਬਦਾ ਵੇਖਿਆ।

19. ਦਰਿਆ ਦੇ ਦੂਜੇ ਪਾਰ ਦਾ ਜੰਗਲ

ਜਿਹੜਾ ਫੁਲ ਕਿਸੇ ਗੁਠ ਵਿਚ ਖਿੜ ਕੇ ਲੁਕਿਆ ਰਹਿੰਦਾ ਹੈ ਉਸ ਨੂੰ ਕੌਣ ਵੇਖਦਾ ਹੈ। ਜਾਂ ਉਸ ਹੀਰੇ ਨੂੰ ਜਿਹੜਾ ਆਪਣੀ ਖਾਨ ਵਿਚ ਹੀ ਪਿਆ ਚਮਕਦਾ ਏ, ਮੁਟਿਆਰ ਨੇ ਆਪਣਾ ਦੁੱਖ, ਬਿਨਾਂ ਹੋਰ ਕਿਸੇ ਦੇ ਗੌਲਣ ਦੇ, ਇਕੱਲੀ ਨੇ ਹੀ ਝਲਿਆ, "ਛੱਲਾਂ ਉਸ ਨੂੰ ਕਿਧਰ ਨੂੰ ਚੁਕ ਕੇ ਲੈ ਗਈਆਂ ਹਨ?" ਉਹ ਹਵਾ ਵਿਚ ਉੱਡਦੇ ਪੰਛੀਆਂ ਤੇ ਵੀਰਾਨੇ ਵਿਚ ਭੌਂਦੇ ਪਸ਼ੂਆਂ ਤੋਂ ਪੁੱਛਦੀ ਹੈ, "ਹੇ ਸ਼ੇਰੋ ਅਤੇ ਰਿੱਛੋ! ਮੇਰੇ ਸਰੀਰ ਉਤੇ ਤੁਸੀਂ ਜ਼ਿਆਫ਼ਤ ਕਰੋ ਤੇ ਆਪਣੀ ਭੁੱਖ ਮਿਟਾ ਲਵੋ। ਪਰ ਪਹਿਲਾਂ ਮੈਨੂੰ ਉਸ ਦੀ ਕੋਈ ਖ਼ਬਰ ਦਿਉ। ਮੈ ਬਾਜ਼ੀਗਰਾਂ ਦੇ, ਇਕ ਸਰਦਾਰ ਦੀ ਧੀ ਹਾਂ ਪਰ ਇਕ ਪਰਦੇਸੀ ਨਾਲ ਪਿਆਰ ਪਾ ਕੇ ਮੈਂ ਆਪਣਾ ਘਰ ਛੱਡ ਦਿੱਤਾ।

ਦਰੱਖ਼ਤਾਂ ਦੀਆਂ ਟਾਹਣੀਆਂ ਉਤੇ ਮੋਰ ਬੈਠੇ ਹਨ ਤੇ ਉਹ ਸੁਦੈਣਾਂ ਵਾਂਗ ਆਪਣੇ ਮਿਤ੍ਰ ਦੀਆਂ ਸੋਆਂ ਪੱਛਦੀ ਹੈ, "ਹਾਏ ਮੇਰੀ ਹਿੱਕ ਦਾ ਮਹਿੰਗਾ ਹਾਰ ਡੂੰਘੇ ਪਾਣੀ ਵਿਚ ਗੁਆਚ ਗਿਆ ਹੈ। ਮੈਂ ਕਿੰਨੀ ਦੁੱਖਿਆਰੀ ਹਾਂ। ਮੇਰੇ ਉਤੇ ਪਰਮਾਤਮਾਂ ਨੂੰ ਕੋਈ ਦਇਆ ਨਹੀਂ ਆਉਂਦੀ। ਮੈਂ ਕਿਸ ਅਗੇ ਦੁੱਖੜੇ ਰੋਵਾਂ?"

20. ਇਕ ਅਨੋਖੇ ਸਨਿਆਸ਼ੀ ਦੀ ਕਹਾਣੀ

ਬਿਰਛਾਂ ਤੋਂ ਕੋਈ ਫਲ ਨਹੀਂ ਲੱਭਦਾ ਸੀ ਤੇ ਦਰਿਆ ਦੂਰ ਸੀ। ਭੁੱਖ ਤੇ ਤਰੇਹ ਨਾਲ ਨਿਢਾਲ ਹੋ ਕੇ ਉਹ ਟੁਰਨੋਂ ਰਹਿ ਗਈ।

ਜੰਗਲ ਦੇ ਵਡੇ ਵਡੇ ਰਿੱਛ ਕੋਲੋਂ ਦੀ ਲੰਘ ਜਾਂਦੇ ਪਰ ਉਹ ਨਿਕਰਮਣੀ ਮਹੂਆ ਨੂੰ ਮਾਰਦੇ ਨਹੀਂ ਸਨ ਭਾਵੇਂ ਉਹ ਆਪ ਮੌਤ ਮੰਗਦੀ ਸੀ। ਵਡੇ ਵਡੇ ਅਯੱਦਹਾ ਜਿਹੜੇ ਬਕਰੀਆਂ ਤੇ ਹਰਨ ਲੰਘਾ ਜਾਂਦੇ ਇਸ ਵਖਤਾਂ ਮਾਰੀ ਕੁੜੀ ਨੂੰ ਵੇਖਦਿਆਂ ਹੀ ਰਾਹ ਵਲਾ ਜਾਂਦੇ।

ਮੈਂ ਉਸ ਨੂੰ ਕਿਵੇਂ ਵਿਸਾਰ ਸਕਦੀ ਹਾਂ ਜਿਸ ਨੇ ਮੇਰੇ ਲਈ ਏਨੇ ਦੁੱਖ ਝੱਲੇ। ਆਪਣੀ ਬੇਅੰਤ ਦੌਲਤ ਤੇ ਘਰ ਦੇ ਸੁੱਖ ਛੱਡ ਦਿੱਤੇ। ਮੇਰੇ ਪਿਆਰ ਵਿਚ ਜੰਗਲਾਂ ਤੇ ਦਰਿਆਵਾਂ ਦੇ ਕੰਢਿਆਂ ਉਤੇ ਖਜਲ ਹੁੰਦਾ ਫਿਰਿਆ।

"ਪਾਪੀ ਸੁਦਾਗਰ ਨੇ ਉਸ ਨੂੰ ਦਰਿਆ ਵਿਚ ਸੁੱਟ ਕੇ ਮਾਰ ਦਿੱਤਾ। ਮੈਂ ਆਪ ਜਾਂ ਦਰਿਆ

ਵਿਚ ਡੁੱਬ ਮਰਾਂਗੀ ਜਾਂ ਕਿਸੇ ਰੁੱਖ ਨਾਲ ਫਾਹ ਲੈ ਲਵਾਂਗੀ। ਮੈਥੋਂ ਜੀਵਨ ਦਾ ਭਾਰ ਨਹੀਂ ਝਲਿਆ ਜਾਂਦਾ।" "ਨਹੀਂ" ਉਸ ਨੇ ਕੁਝ ਚਿਰ ਪਿੱਛੋਂ ਸੋਚ ਕੇ ਕਿਹਾ "ਭਾਲ ਅਜੇ ਪੂਰੀ ਨਹੀਂ ਹੋਈ। ਸੋ ਓਨਾ ਚਿਰ ਮਰਨ ਦੀ ਨਹੀਂ ਸੋਚ ਸਕਦੀ ਜਿੰਨਾ ਚਿਰ ਮੈਂ ਉਸ ਨੂੰ ਟੋਲਣ ਦਾ ਹਰ ਸੰਭਵ ਹੀਲਾ ਖ਼ਤਮ ਨਹੀਂ ਕਰ ਲੈਂਦੀ। ਪਰ ਜੰਗਲ ਵਿਚੋਂ ਪੀੜ ਨਾਲ ਨਿਮ੍ਹਾ ਨਿਮ੍ਹਾ ਰੋਣ ਦੀ ਇਹ ਅਵਾਜ਼ ਕਿਧਰੋਂ ਆ ਰਹੀ ਹੈ।"

ਉਸ ਵੇਲੇ ਘੁਸਮਸਾ ਸੀ। ਇਕ ਢੱਠਾ ਜਿਹਾ ਮੰਦਰ ਉਸ ਦੀ ਨਜ਼ਰੀਂ ਪਿਆ, ਨਿਰਾ ਸਪਾਂ ਦਾ ਘਰ। ਉਹ ਨਿਧੱੜਕ ਉਸ ਦੇ ਅੰਦਰ ਵੜ ਗਈ। ਮੱਧਮ ਜਹੇ ਚਾਨਣ ਵਿਚ ਉਸ ਨੇ ਇਕ ਆਕਾਰ ਵੇਖਿਆ। ਉਤੇ ਮਾਸ ਕੋਈ ਨਹੀਂ, ਬਸ ਹੱਡੀਆਂ ਖਲ ਨਾਲ ਕਜੀਆਂ ਹੋਈਆਂ ਸਨ। ਸਰੀਰ ਅਸਲੋਂ ਲੋਥ ਵਰਗਾ ਸੀ। ਮੁੱਖੜਾ ਜਿਹੜਾ ਕਦੀ ਏਨਾ ਸੁੱਹਣਾ ਹੁੰਦਾ ਸੀ ਉਹ ਪਛਾਣ ਨ ਸਕੀ। ਪਰ ਜਦੋਂ ਉਸ ਨੇ ਬਣਾ ਕੇ ਵੇਖਿਆ ਤਾਂ ਸ਼ਕ ਦੀ ਥਾਂ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਨਾਦਰਚੰਦ ਹੀ ਹੈ, ਹੋਰ ਕੋਈ ਨਹੀਂ।

ਐਨ ਉਸ ਵੇਲੇ ਇਕ ਸਨਯਾਸੀ ਆਇਆ। ਮੁੱਛਾਂ ਤੇ ਦਾਹੜੀ ਕਰਕੇ ਉਸ ਦੀ ਸ਼ਕਲ ਡਰਾਉਣੀ ਲਗਦੀ ਸੀ ਤੇ ਉਸ ਦੇ ਹੱਥ ਵਿਚ ਲੰਮੀ ਸਾਰੀ ਡਾਂਗ ਸੀ। ਸਨਿਆਸੀ ਉਸ ਦੀ ਸੁੰਦਰਤਾ ਵੇਖ ਕੇ ਹੈਰਾਨ ਰਹਿ ਗਿਆ। ਉਸ ਨੇ ਕਿਹਾ, "ਹੇ ਸੁੰਦਰੀਏ ਤੂੰ ਦੇਸ਼ ਦੇ ਕਿਹੜੇ ਹਿੱਸੇ ਵਿਚੋਂ ਆਈ ਹੈਂ ? ਤੂੰ ਕਿਸੇ ਰਾਜੇ ਦੇ ਮਹਿਲ ਦਾ ਸ਼ਿੰਗਾਰ ਹੈਂ ? ਤੇ ਇਸ ਬਾਲੜੀ ਉੱਮਰ ਵਿਚ ਤੈਨੂੰ ਕਿਸ ਜੁਰਮ ਬਦਲੇ ਇਸ ਜੰਗਲ ਵਿਚ ਬਨਵਾਸ, ਕਟਣਾ ਪੈ ਰਿਹਾ ਹੈ ? ਤੇਰੇ ਮਾਪੇ ਬਹੁਤ ਹੀ ਪੱਥਰ ਦਿਲ ਹੋਣਗੇ ? ਤੇਰੇ ਤੋਂ ਵਖ ਹੋ ਕੇ ਉਹ ਜੀਉਂਦੇ ਕਿਵੇਂ ਨੇ ?"

ਦਇਆ ਦੇ ਇਹ ਸ਼ਬਦ ਸੁਣ ਕੇ ਮਹੂਆ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸ ਸਨਿਆਸੀ ਦੇ ਪੈਰ ਫੜ ਲਏ ਤੇ ਰੋਣ ਲਗ ਪਈ। ਉਸ ਦੀਆਂ ਜਟਾਂ ਰਲੀਆਂ ਮਿਲੀਆਂ ਪੀਲੀਆਂ ਚਿੱਟੀਆਂ ਸਨ ਤੇ ਉਸ ਦੀ ਦਾਹੜੀ ਮੁੱਛਾਂ ਦਾ ਵੀ ਰੰਗ ਉੱਡਕੇ ਪੀਲਾ ਹੋ ਗਿਆ ਸੀ। ਉਹ ਸਨਿ-ਆਸੀ ਦੀ ਪੈਰੀਂ ਡਿੱਗ ਕੇ ਰੋਂਦੀ ਰਹੀ। ਮੁੱਢ ਤੋਂ ਲੈ ਕੇ ਅਖ਼ੀਰ ਤਕ ਉਸ ਨੇ ਆਪਣੀ ਸਾਰੀ ਵਾਰਤਾ ਸੁਣਾ ਦਿੱਤੀ।

ਸਨਿਆਸੀ ਨੇ ਕਿਹਾ, "ਡੂੰਘੇ ਪਾਣੀਆਂ ਵਿਚ ਹੇਠਾਂ ਇਕ ਜਲ ਬੂਟੀ ਹੁੰਦੀ ਹੈ ਜਿਹੜੀ ਮੈਂ ਤੈਨੂੰ ਦਸਾਂਗਾ। ਤੇਰਾ ਪਤੀ ਉਹ ਬੂਟੀ ਲਾਇਆਂ ਹੋਸ਼ ਵਿਚ ਆ ਜਾਵੇਗਾ। ਇਕ ਮਾਰੂ ਬੁਖ਼ਾਰ ਇਸ ਗਭਰੂ ਦੇ ਹੱਡਾਂ ਵਿਚ ਰਚ ਗਿਆ ਹੈ ਪਰ ਇਹ ਜੀਉਂਦਾ ਹੈ-ਅਜੇ ਮਰਿਆ ਨਹੀਂ, ਇਹ ਤੂੰ ਵਿਸ਼ਵਾਸ ਰਖ। ਔਹ ਹੈ ਉਹ ਜਲ-ਬੂਟੀ ਉਹ ਲੈ ਆ, ਗੋਰੀਏ ਤੇ ਨਾਲੇ ਥੋੜਾ ਜਿਹਾ ਪਾਣੀ ਵੀ ਲੈ ਆ। ਮੈਂ ਇਸ ਨੂੰ ਠੀਕ ਕਰ ਦਿਆਂਗਾ, ਇਹ ਮੈ ਤੈਨੂੰ ਵਿਸ਼ਵਾਸ ਦਿਵਾਂਦਾ ਹਾਂ।"

ਦਵਾਈ ਲਾਈ ਗਈ। ਇਕ, ਦੋ, ਤਿੰਨ ਦਿਨ ਲੰਘ ਗਏ। ਚੋਥੇ ਦਿਨ ਨਾਦਰ ਚੰਦ ਨੇ ਅੱਖਾਂ ਖੋਲ੍ਹੀਆਂ।

ਸਨਿਆਸੀ ਨੇ ਮਹੂਆ ਨੂੰ ਕਿਹਾ 'ਮੇਰੇ ਲਈ ਕੁਝ ਫਲ ਇਕੱਠੇ ਕਰ ਲਿਆ। ਹਰ ਰੋਜ਼ ਤੈਨੂੰ ਇਕੱਲੀ ਜੰਗਲ ਵਿਚ ਜਾ ਕੇ ਫੁੱਲ ਤੋੜ ਕੇ ਲਿਆਉਣੇ ਹੋਣਗੇ। ਇਹ ਮੈਂ ਦੇਵਤਿਆ ਨੂੰ ਚੜ੍ਹਾਵਾਂਗਾ।"

ਮਹੂਆ ਨੂੰ ਜਿਸ ਤਰ੍ਹਾਂ ਹੁਕਮ ਹੋਇਆ ਉਸ ਨੇ ਕੀਤਾ। ਉਹ ਇਕੱਲੀ ਜੰਗਲ ਦੇ ਧੁਰ ਅੰਦਰ ਜਾਂਦੀ ਤੇ ਬੈਂਤ ਦੀ ਟੋਕਰੀ ਵਿਚ ਸਨਿਆਸੀ ਲਈ ਫੁੱਲ ਤੋੜ ਕੇ ਲਿਆਉਂਦੀ। ਏਧਰ ਨਾਦਰਚੰਦ ਉੱਠ ਕੇ ਬਹਿਣ ਜੋਗਾ ਹੋ ਗਿਆ। ਉਹਨੂੰ ਚੋਲ ਚਾਹੀਦੇ ਸਨ। ਮਹੂਆ ਰੋ ਪਈ। ਹਾਏ, ਇਸ ਜੰਗਲ ਵਿਚ ਉਹ ਚੌਲ ਕਿਥੋਂ ਲਿਆਵੇ ? ਉਸ ਦਿਨ ਉਹ ਫੁੱਲ ਤੋੜਨ ਨ ਗਈ। ਨਾਦਰਚੰਦ ਨੂੰ ਚੋਲ ਨ ਦੇ ਸਕਣ ਕਰਕੇ ਉਹ ਸਾਰਾ ਦਿਨ ਇਕੱਲੀ ਬਹਿ ਕੇ ਰੋਂਦੀ ਰਹੀ।

ਪਰ ਸਨਿਆਸੀ, ਭਾਵੇਂ ਉਹ ਵੱਡਾ ਰਿੱਸ਼ੀ ਸੀ, ਉਸ ਦੀ ਸੁੰਦਰਤਾ ਉਤੇ ਰੀਝ ਗਿਆ। ਬੈਂਤ ਦੀ ਟੋਕਰੀ ਵਿਚ ਮਹੂਆ ਦੇ ਤੋੜੇ ਫੁੱਲ ਅਜੇ ਸਜਰੇ ਹੀ ਪਏ ਸਨ। ਅਧੀ ਰਾਤੀਂ ਸਨਿਆਸੀ ਮੰਦਰ ਵੱਲ ਗਿਆ ਤੇ ਮਹੂਆ ਨੂੰ ਵਾਜ ਮਾਰ ਕੇ ਉਸ ਉੱਚੀ ਸਾਰੀ ਕਿਹਾ "ਉੱਠ ਗੋਰੀਏ, ਜੇ ਤੂੰ ਚਾਹੁੰਦੀ ਹੈ ਕਿ ਤੇਰੇ ਪਤੀ ਵਿਚ ਪੂਰੀ ਤਾਕਤ ਆ ਜਾਵੇ ਤਾਂ ਮੇਰੇ ਨਾਲ ਆ ਕੇ ਕੁਝ ਹੋਰ ਜੜੀਆਂ ਬੂਟੀਆਂ ਲੈ ਲੈ। ਛੇਤੀ ਛੇਤੀ ਉਹ ਸਨਿਆਸੀ ਦੇ ਪਿੱਛੇ ਲਗ ਟੁਰੀ ਤੇ ਦਰਿਆ ਦੇ ਕੰਢੇ ਤੇ ਗਈ। ਉਹ ਥਾਂ ਅਸਲੋਂ ਸੁੰਞੀ ਸੀ ਤੇ ਸਨਿਆਸੀ ਨੇ ਉਸ ਨੂੰ ਕਿਹਾ "ਹੇ ਸੁੰਦਰੀਏ ਮੈਂ ਤੇਰੀ ਮਿੰਨਤ ਕਰਦਾ ਹਾਂ ਕਿ ਤੂੰ ਆਪਣੀ ਜਵਾਨੀ ਮੇਰੇ ਹਵਾਲੇ ਕਰ ਦੇ। ਤੇਰਾ ਜੋਬਨ ਏਨਾ ਪਰਬੱਲ ਹੈ ਕਿ ਭਾਵੇਂ ਮੈਂ ਆਪਣੇ ਆਪ ਨੂੰ ਸਾਂਭਣ ਦੀ ਬੜੀ ਕੋਸ਼ਿਸ ਕੀਤੀ ਹੈ, ਮੈਂ ਅਸਲੋਂ ਬੇਵਸ ਹੋ ਗਿਆ ਹਾਂ। ਤੂੰ ਇਕ ਫੁੱਲ ਹੈਂ ਜਿਸ ਦੀ ਉਪਾਸ਼ਨਾ ਕਰਨੀ ਚਾਹੀਦੀ ਹੈ ਤੇ ਜਿਸ ਨੂੰ ਮਾਣਨਾ ਚਾਹੀਦਾ ਹੈ। ਮੈਂ ਆਪਣੇ ਪਿਆਰ ਦੀ ਪੂਰਤੀ ਲਈ ਤੈਨੂੰ ਹਰ ਹਾਲਤ ਵਿਚ ਜਿੱਤਣਾ ਹੈ। ਮੇਰਾ ਮਨ ਆਪਣੀ ਸੁਰਤ ਗਵਾ ਬੈਠਾ ਹੈ। ਤੇਰੀ ਸੂਰਤ ਤੋਂ ਬਿਨਾਂ ਹੁਣ ਇਸ ਵਿਚ ਹੋਰ ਕੁਝ ਨਹੀਂ ਰਿਹਾ।"

ਜਦੋਂ ਉਸ ਨੇ ਸਨਿਆਸੀ ਦੀਆਂ ਇਹ ਗੱਲਾਂ ਸੁਣੀਆਂ ਤਾਂ ਉਹਨੂੰ ਇਸ ਤਰ੍ਹਾਂ ਲਗਾ ਜਿਵੇਂ ਉਸੇ ਦੇ ਸਿਰ ਉਤੇ ਤੱਲਵਾਰ ਆ ਡਿੱਗੀ ਹੋਵੇ।

ਇਕ ਪਲ਼ ਉਸ ਨੇ ਆਪਣੇ ਅੰਦਰ ਵਿਚਾਰ ਕੀਤੀ ਤੇ ਫਿਰ ਕਿਹਾ, "ਪਹਿਲਾਂ ਮੇਰੇ ਪਤੀ ਨੂੰ ਪੂਰੀ ਤਰ੍ਹਾਂ ਠੀਕ ਕਰਕੇ ਉਹਨੂੰ ਹਰ ਖ਼ਤਰੇ ਤੋਂ ਬਾਹਰ ਕਰ ਦੇ, ਫਿਰ ਤੂੰ ਜਿਸ ਤਰ੍ਹਾਂ ਕਹੇਂਗਾ ਮੈਂ ਉਸ ਤਰ੍ਹਾਂ ਹੀ ਕਰਾਂਗੀ।"

ਸਨਿਆਸੀ ਉਸ ਦੀ ਇਹ ਗੱਲ ਸੁਣ ਕੇ ਪੀਲਾ ਪੈ ਗਿਆ ਤੇ ਉਸ ਨੇ ਕਿਹਾ, "ਮੈਂ ਤੈਨੂੰ ਦੋ ਦਿਨ ਦੇਂਦਾ ਹਾਂ। ਇਹਨਾਂ ਦੋ ਦਿਨਾਂ ਵਿਚ ਤੂੰ ਆਪਣੇ ਘਰ ਵਾਲੇ ਨੂੰ ਜ਼ਹਿਰ ਦੇਣੀ ਹੋਵੇਗੀ। ਇਹ ਮੇਰਾ ਅਖ਼ੀਰਲਾ ਫ਼ੈਸਲਾ ਹੈ।"

ਉਹ ਇਕ ਰਾਖ਼ਸ਼ ਦੇ ਪੰਜੇ ਵਿਚ ਆਈ ਹੋਈ ਸੀ। ਉਥੋਂ ਬਚ ਨਿਕਲਣ ਦਾ ਕੋਈ ਰਾਹ ਉਹ ਸੋਚਣ ਲਗੀ। ਉਸ ਨੇ ਨਾਦਰਚੰਦ ਨੂੰ ਸਭ ਕੁਝ ਦੱਸ ਦਿੱਤਾ। ਤੇ ਉਸ ਨਾਲ ਇਸ ਗੱਲ ਉਤੇ ਪੂਰੀ ਤਰ੍ਹਾਂ ਵਿਚਾਰ ਕੀਤੀ। ਉਹ ਕਿਸ ਤਰ੍ਹਾਂ ਭੱਜ ਜਾਣ ? ਇਹੀ ਉਨ੍ਹਾਂ ਦੀ ਵਡੀ ਚਿੰਤਾ ਸੀ। ਨਾਦਰਚੰਦ ਅਜੇ ਬਹੁਤ ਕਮਜ਼ੋਰ ਸੀ ਤੇ ਉਸ ਨੂੰ ਬੁਖ਼ਾਰ ਹੁੰਦਾ ਸੀ। ਉਹ ਤੇ ਉੱਠ ਕੇ ਖਲੋ ਵੀ ਨਹੀਂ ਸਕਦਾ ਸੀ। ਭਜ ਕਿਸ ਤਰ੍ਹਾਂ ਜਾਂਦਾ ?

ਬਹੁਤ ਸੋਚ ਮਗਰੋਂ ਉਸ ਨੇ ਆਪਣਾ ਮਨਸੂਬਾ ਬਣਾਇਆ। ਆਹਿਸਤਾ ਜਿਹੇ ਉਸ ਨੇ

ਨਾਦਰਚੰਦ ਨੂੰ ਆਪਣੇ ਮੋਢਿਆਂ ਉਤੇ ਚੁਕ ਲਿਆ। ਅਧੀ ਰਾਤ ਸੀ। ਉਹ ਤੁਰ ਪਈ ਪਰ ਸਾਰਾ ਰਾਹ ਪਿੱਛੇ ਵੇਖਦੀ ਗਈ ਕਿ ਕਿਧਰੇ ਉਹ ਸ਼ੈਤਾਨ ਸਨਿਆਸੀ ਉਸ ਦੇ ਪਿੱਛੇ ਨ ਲਗਾ ਹੋਵੇ।

21. ਸਚਾ ਤੇ ਸੁਭਾਗਾ ਮਿਲਾਪ

ਵਕਤ ਲੰਘਦਾ ਗਿਆ ਤੇ ਛੇ ਮਹੀਨੇ ਗੁਜ਼ਰ ਗਏ। ਨਾਦਰਚੰਦ ਬਿਲਕੁਲ ਠੀਕ ਹੋ ਗਿਆ।

ਪਹਾੜੀ ਨਦੀ ਤੋਂ ਮਹੂਆ ਨੇ ਮਿੱਠਾ ਪਾਣੀ ਲਿਆਂਦਾ। ਜੰਗਲ ਦੇ ਦਰੱਖ਼ਤ ਉਹਨਾਂ ਨੂੰ ਬਹੁਤ ਫਲ ਦੇਂਦੇ। ਨਾਦਰਚੰਦ ਦੀ ਤਾਕਤ ਮੁੜ ਆਈ।

ਇਕ ਦਿਨ ਉਸ ਨੇ ਬਾਜ਼ਾਰ ਜਾਣਾ ਸੀ। ਬਾਜ਼ੀਗਰ ਕੁੜੀ ਨੇ ਉਸ ਨੂੰ ਕਿਹਾ "ਮੇਰੇ ਜੋਗੀ ਨੱਥ ਲਿਆਵੀਂ।"

ਇਕ ਹੋਰ ਦਿਨ ਨਾਦਰਚੰਦ ਰੋਟੀ ਖਾ ਰਿਹਾ ਸੀ। ਇਕ ਮੱਛੀ ਦਾ ਕੰਡਾ ਉਸ ਦੇ ਸੰਘ ਵਿਚ ਖੁਭ ਗਿਆ। ਬਾਜ਼ੀਗਰ ਕੁੜੀ ਨੇ ਸੁੱਖਣਾ ਸੁਖੀ ਕਿ ਜੇ ਉਸ ਦਾ ਸਾਈਂ ਰਾਜ਼ੀ ਹੋ ਜਾਏ ਤਾਂ ਉਹ ਦੇਵਤਿਆਂ ਨੂੰ ਦੋ ਬਕਰੇ ਚੜ੍ਹਾਏਗੀ। ਇਕ ਲਾਲ ਤੇ ਇਕ ਚਿੱਟਾ।

ਇਕ ਵਾਰ ਜਦੋਂ ਨਾਦਰਚੰਦ ਨੂੰ ਬੁਖ਼ਾਰ ਹੋ ਗਿਆ ਤੇ ਉਸ ਦਾ ਸਿਰ ਪੀੜ ਕਰਦਾ ਸੀ ਤਾਂ ਬਾਜ਼ੀਗਰ ਕੁੜੀ ਉਸ ਦੇ ਕੋਲ ਬੈਠੀ ਰਹੀ ਤੇ ਆਪਣੇ ਸੁਹਲ ਹਥਾਂ ਨਾਲ ਉਸ ਦਾ ਮੱਥਾ ਘੁਟਦੀ ਰਹੀ।

"ਸਾਡੇ ਕੋਲ ਰਹਿਣ ਨੂੰ ਕੋਈ ਘਰ ਨਹੀਂ, ਮੇਰੇ ਢੋਲ" ਮਹੂਆ ਨੇ ਕਿਹਾ "ਟੁਰਦਿਆਂ ਫਿਰਦਿਆਂ ਅਸੀਂ ਪੰਛੀਆਂ ਵਾਂਗ ਹੀ ਕਿਧਰੇ ਆਰਾਮ ਲਈ ਲੇਟ ਜਾਂਦੇ ਹਾਂ।"

ਉਹਨਾਂ ਇਕੱਠਿਆਂ ਪਹਾੜੀ ਨਦੀ ਪਾਰ ਕੀਤੀ ਤੇ ਹੱਸਦੇ ਖੇਡਦੇ ਉਹਨਾਂ ਚੋਖਾ ਪੰਧ ਮੁਕਾ ਲਿਆ। ਫਿਰ ਰਾਹ ਵਿਚ ਇਕ ਵੱਡਾ ਦਰਿਆ ਆਇਆ। ਉਹਨਾਂ ਤਰ ਕੇ ਇਸ ਨੂੰ ਪਾਰ ਕਰ ਲਿਆ ਤੇ ਦੂਜੇ ਕੰਢੇ ਚਲੇ ਗਏ। ਉਥੇ ਜੰਗਲ ਦਾ ਬੰਬੀਹਾ ਇਕ ਦਰੱਖ਼ਤ ਦੀ ਟਹਿਣੀ ਤੋਂ ਖ਼ੁਸ਼ੀ ਦਾ ਗੀਤ ਅਲਾਪ ਰਿਹਾ ਸੀ। ਨਾਦਰਚੰਦ ਨੂੰ ਉਹ ਥਾਂ ਬਹੁਤ ਪਸੰਦ ਆਈ ਤੇ ਉਸ ਨੇ ਕਿਹਾ ਗੋਰੀਏ ! ਐਥੇ ਅਸੀਂ ਆਪਣਾ ਘਰ ਬਣਾਵਾਂਗੇ।" ਇਕ ਕੂਹਲ ਉਥੇ ਵਗਦੀ ਸੀ ਤੇ ਉਸ ਦੀਆਂ ਨਿਕੀਆਂ ਨਿਕੀਆਂ ਲਹਿਰਾਂ ਜਿਵੇਂ ਨਾਚ ਕਰ ਰਹੀਆਂ ਸਨ। "ਏਥੇ ਹੀ ਅਸੀਂ ਰਵ੍ਹਾਂਗੇ ਤੇ ਆਪਣੇ ਦਿਨ ਕਟਾਂਗੇ" ਨਾਦਰਚੰਦ ਨੇ ਕਿਹਾ। ਫਿਰ ਕੁਦਰਤੀ ਨਜ਼ਾਰਿਆਂ ਵੱਲ ਧਿਆਨ ਕਰਵਾਕੇ ਉਹ ਬੋਲਿਆ, ਔਹ ਵੇਖ, ਮਹੂਆ ਲਾਲ ਬਸਤਰ ਪਾਈ ਫੁੱਲ ਕਿਸ ਤਰ੍ਹਾਂ ਹੱਸ ਰਹੇ ਹਨ। ਦਰੱਖ਼ਤਾਂ ਦੀਆਂ ਟਹਿਣੀਆਂ ਤੋਂ ਸਵਾਦਲੇ ਫਲ ਲਮਕ ਰਹੇ ਹਨ। ਉਸ ਨਦੀ ਦਾ ਮਿੱਠਾ ਪਾਣੀ ਅਖਾਂ ਨੂੰ ਬੜਾ ਸੁਖਾਂਦਾ ਹੈ।"

ਉਹ ਦੋਵੇਂ ਜੀ ਫਲ ਖਾ ਕੇ ਗੁਜ਼ਾਰਾ ਕਰਦੇ ਰਹੇ, ਜਿਹੜੇ ਦਰੱਖ਼ਤਾਂ ਉਤੇ ਬੇਅੰਤ ਲਗਦੇ ਸਨ। ਉਥੇ ਉਹਨਾਂ ਨੂੰ ਇਕ ਬੜਾ ਸੁੰਦਰ ਪਥਰ ਲੱਭ ਪਿਆ ਜਿਸ ਉਤੇ ਉਹ ਸੌਂ ਜਾਂਦੇ। ਰਾਤਾਂ ਉਹ ਖ਼ੁਸ਼ੀ ਖ਼ੁਸ਼ੀ ਇਕ ਦੂਜੇ ਦੀਆਂ ਬਾਹਵਾਂ ਵਿਚ ਗੁਜ਼ਾਰਦੇ। ਦਿਨੇ ਹੱਥ ਵਿਚ ਹੱਥ ਪਾ ਕੇ ਉਹ ਸੁੰਞੇ ਜੰਗਲਾਂ ਵਿਚ ਭੌਂਦੇ ਰਹਿੰਦੇ ਤੇ ਨਾਲੇ ਫਲ ਤੋੜ ਕੇ ਖਾਂਦੇ ਰਹਿੰਦੇ। ਉਹ ਆਪਣੇ ਮਾਪਿਆਂ ਨੂੰ

ਭੁੱਲ ਗਏ। ਆਪਣੇ ਮਿਤਰਾਂ ਨੂੰ ਭੁੱਲ ਗਏ ਤੇ ਸਾਕ ਅੰਗਾਂ ਨੂੰ ਵੀ। ਬਾਕੀ ਦੁਨੀਆ ਭੁੱਲ ਕੇ ਉਹਨਾਂ ਇਹ ਦਿਨ ਬੜੇ ਅਨੰਦ ਦੇ ਕੱਟੇ। ਪਰ ਚਾਨਚਕ ਹੋਣੀ ਨੇ ਉਹਨਾਂ ਦੇ ਸਿਰਾਂ ਉਤੇ ਬਿਜਲੀ ਸੁਟੀ।

22. ਉਹ ਜੰਗਲ ਵਿਚ ਘੁੰਮਦੇ ਹਨ-ਖ਼ਤਰੇ ਦੀ ਸੈਣਤ

ਇਕ ਸ਼ਾਮ ਨੂੰ ਨਾਦਰਚੰਦ ਖ਼ੁਸ਼ੀ ਖ਼ੁਸ਼ੀ ਮਹੂਆ ਦੇ ਨਾਲ ਜੰਗਲ ਦੇ ਵਿਚ ਫਿਰ ਰਿਹਾ ਸੀ। ਉਹ ਸੰਘਣੇ ਜੰਗਲ ਵਿਚ ਵੜ ਗਏ। ਟੁਰਦਿਆਂ ਹੋਇਆਂ ਮਹੂਆ ਨੇ ਵੇਲ ਵਾਂਗ ਉਹਦੇ ਦਵਾਲੇ ਬਾਹਾਂ ਸੁਟੀਆਂ ਹੋਈਆਂ ਸਨ। ਇਕ ਥਾਂ ਵਡਾ ਸਾਰਾ ਸੁੱਹਣਾ ਪੱਥਰ ਪਿਆ ਸੀ। ਉਹ ਇਸ ਉਤੇ ਬੈਠ ਕੇ ਚਾਈਂ ਚਾਈਂ ਗਲਾਂ ਕਰਨ ਲਗ ਪਏ। ਥੋੜੀ ਦੂਰ ਇਕ ਨਦੀ ਦੀਆਂ ਛੋਟੀਆਂ ਲਹਿਰਾਂ ਦਿਸ ਰਹੀਆਂ ਸਨ। ਚਾਨਚਕ ਮਹੂਆ ਨੇ ਬੰਸਰੀ ਦੀ ਆਵਾਜ਼ ਸੁਣੀ ਤੇ ਡਰ ਨਾਲ ਕੰਬਣ ਲਗ ਪਈ। ਉਸ ਨੂੰ ਪਿਆਰ ਕਰ ਕੇ ਨਾਦਰਚੰਦ ਨੇ ਸਹਿਜ ਨਾਲ ਪੁੱਛਿਆ, "ਮੇਰੀ ਪਿਆਰੀ ਮਹੂਆ ਇਹ ਕੀ ਸੀ ਜਿਸ ਤੋਂ ਤੂੰ ਇਕ ਦਮ ਠਠੰਬਰ ਗਈ ਸੈਂ ? ਤੂੰ ਪੀਲੀ ਕਿਉਂ ਹੋ ਗਈ ਹੈਂ ? ਅੱਜ ਤੂੰ ਮੈਨੂੰ ਆਪਣੇ ਜੀਵਨ ਦੀਆਂ ਸਾਰੀਆਂ ਗਲਾਂ ਦੱਸ। ਤੇਰੇ ਮਾਪੇ ਕੌਣ ਹਨ ? ਤੂੰ ਬਾਜ਼ੀਗਰ ਕੋਲ ਕਿਓਂ ਰਹਿੰਦੀ ਰਹੀ ? ਮੈਂ ਤੈਥੋਂ ਹਜ਼ਾਰ ਵਾਰ ਇਹ ਗਲਾਂ ਪੁੱਛੀਆਂ ਹਨ। ਪਰ ਅਜ ਤੂੰ ਮੈਨੂੰ ਜ਼ਰੂਰ ਹੀ ਸਾਰੀ ਵਿਥਿਆ ਸੁਣਾ। ਸੱਚ ਮੁੱਚ ਹੀ ਤੇਰੇ ਦੁਆਲੇ ਭੇਤ ਹਨ। ਜਿੰਨੀ ਵਾਰੀ ਵੀ ਮੈਂ ਤੈਨੂੰ ਪੁਛਿਆ ਹੈ, ਤੂੰ ਕਦੀਂ ਕੁਝ ਦੱਸਿਆ ਨਹੀਂ। ਬਸ ਰੋ ਪੈਂਦੀ ਹੈਂ। ਤੇਰੇ ਦਿਲ ਵਿਚ ਕੋਈ ਪੀੜ ਹੈ ਜਿਹੜੀ ਤੂੰ ਇਹ ਸਾਰਾ ਸਮਾਂ ਮੇਰੇ ਕੋਲੋਂ ਲੁਕਾ ਕੇ ਰਖੀ ਹੈ। ਕਲ ਸਵੇਰੇ ਤੂੰ ਮੈਨੂੰ ਥੋੜਾ ਜਿਹਾ ਹਿੱਸਾ ਦੱਸਿਆ ਸੀ ਕਿ ਜਦੋਂ ਤੂੰ ਅਜੇ ਬਾਲੜੀ ਸੈਂ ਤਾਂ ਹੋਮਰਾ ਤੈਨੂੰ ਤੇਰੇ ਬਾਪ ਦੇ ਘਰੋਂ ਚੁਰਾ ਲਿਆਇਆ ਸੀ। ਪਰ ਠਹਿਰ, ਬੰਸਰੀ ਬਜ ਰਹੀ ਹੈ, ਆ ਘਰ ਮੁੜ ਚਲੀਏ, ਸੰਝ ਲੰਘ ਗਈ ਹੈ।

"ਮੇਰੇ ਸਿਰ ਦੇ ਸਾਈਂ ! ਜੇ ਮੈਂ ਕਲ ਤੀਕਰ ਜੀਉਂਦੀ ਰਹੀ ਤਾਂ ਤੈਨੂੰ ਸਾਰੀ ਕਹਾਣੀ ਸੁਣਾਵਾਂਗੀ" ਬਾਜ਼ੀਗਰ ਕੁੜੀ ਨੇ ਕਿਹਾ "ਇਸ ਵੇਲੇ ਮੇਰੇ ਸਿਰ ਵਿਚ ਪੀੜ ਹੈ।"

ਜਿਸ ਤਰ੍ਹਾਂ ਇਕ ਵੇਲ ਹਵਾ ਦੇ ਝੋਂਕੇ ਨਾਲ ਹਿਠਾਂ ਹੋ ਜਾਂਦੀ ਹੈ, ਇਸੇ ਤਰ੍ਹਾਂ ਮਹੂਆ ਨਾਦਰਚੰਦ ਦੀਆਂ ਬਾਹਵਾਂ ਵਿਚ ਡਿੱਗ ਪਈ।

"ਤੈਨੂੰ ਕੋਈ ਸੱਪ ਵੱਡ ਗਿਆ ਏ ! ਮੇਰੀਏ ਸੁੱਹਣੀਏ ! ਤੂੰ ਏਨੀ ਪੀਲੀ ਤੇ ਦਿਲਗੀਰ ਕਿਉਂ ਹੋ ਗਈ ਏਂ। ਮੈਨੂੰ ਦੱਸ ! ਤੈਨੂੰ ਕੀ ਦੁੱਖ ਖਾਈ ਜਾ ਰਿਹਾ ਏ ? ਨਾਦਰਚੰਦ ਨੇ ਪੁੱਛਿਆ। ਟੁਰਦੀ ਜੋੜੀ ਦੇ ਪੈਰਾਂ ਹੇਠਾਂ ਸੁੱਕੇ ਪੱਤਰ ਮੁਰਕ ਮੁਰਕ ਕਰਦੇ ਭਜ ਰਹੇ ਸਨ ਪਰ ਚਾਨਚਕ ਮਹੂਆ ਨੂੰ ਜਿਵੇਂ ਸਖ਼ਤ ਬੁਖ਼ਾਰ ਹੋ ਗਿਆ। ਉਹ ਅਗ੍ਹਾਂ ਟੁਰਨ ਜੋਗੀ ਨ ਰਹੀ ਤੇ ਕੰਬਦੀ ਕੰਬਦੀ ਹੇਠਾਂ ਡਿੱਗ ਪਈ। ਨਾਦਰਚੰਦ ਡਰ ਗਿਆ ਤੇ ਉਸ ਲਈ ਓਥੇ ਪਤਰਾਂ ਦਾ ਬਿਸਤਰਾ ਬਣਾ ਦਿੱਤਾ ਤੇ ਕਿਹਾ ਪਲ ਕੁ ਠਹਿਰ ਜਾ। ਮੈਂ ਤੇਰੇ ਲਈ ਪਾਣੀ ਲਿਆਉਂਦਾ ਹਾਂ। ਤੈਨੂੰ ਐਨੀ ਤਰੇਹ ਲਗੀ ਹੈ। ਤੇ ਮਹੂਆ ਨੇ ਰੋਂਦਿਆਂ ਹੋਇਆਂ ਕਿਹਾ, "ਅਜ ਮੇਰਾ ਇਸ ਦੁਨੀਆ ਵਿਚ ਅਖ਼ੀਰਲਾ ਦਿਨ ਹੈ। ਮੈਨੂੰ ਸੱਪ ਨੇ ਨਹੀਂ ਵੱਢਿਆ ਪਰ ਸਾਡੇ ਖ਼ੁਸ਼ੀ ਦੇ ਦਿਨ ਅਜ ਮੁੱਕ ਗਏ। ਦੂਰ ਜੰਗਲ

ਵਿਚੋਂ ਤੂੰ ਬੰਸਰੀ ਦੀ ਸੱਦ ਸੁਣੀ ਸੀ । ਮੇਰੇ ਪਾਲਕ-ਪਿਤਾ ਦੀ ਸਰਦਾਰੀ ਹੇਠ ਬਾਜ਼ੀਗਰ ਆ ਅਪੜੇ ਹਨ। ਮੇਰੀ ਸਹੇਲੀ ਪਲੰਕਾ ਨੇ ਉਸ ਸੱਦ ਰਾਹੀਂ ਮੈਨੂੰ ਉਹਨਾਂ ਦੇ ਆਉਣ ਦੀ ਖ਼ਬਰ ਦਿੱਤੀ ਹੈ ਤੇ ਮੈਨੂੰ ਸੁਚੇਤ ਕੀਤਾ ਹੈ। ਅਜ ਰਾਤ ਉਹ ਸਾਨੂੰ ਮਾਰ ਦੇਵੇਗਾ। ਮੇਰੇ ਸਾਈਂ ਢੋਲ ! ਕੇਵਲ ਅੱਜ ਦੀ ਰਾਤ ਹੀ ਅਸੀਂ ਇਕ ਦੂਜੇ ਦੀਆਂ ਬਾਹਵਾਂ ਵਿਚ ਲੰਘਾ ਸਕਦੇ ਹਾਂ। ਕਲ ਇਹ ਸੁਖ-ਅਨੰਦ ਖ਼ਤਮ ਹੋ ਜਾਵੇਗਾ ਤੇ ਅਸੀਂ ਫਿਰ ਕਦੀਂ ਇਕ ਦੂਜੇ ਨੂੰ ਨਹੀਂ ਮਿਲ ਸਕਾਂਗੇ, ਜੰਗਲ ਦਾ ਇਹ ਮਿੱਠਾ ਜੀਵਨ ਮੁਕਣ ਵਾਲਾ ਹੈ ਤੇ ਸਾਨੂੰ ਮੌਤ ਦੇ ਭਿਆਨਕ ਮੰਡਲਾਂ ਵਿਚ ਜਾਣ ਲਈ ਤਿਆਰ ਹੋ ਜਾਣਾ ਚਾਹੀਦਾ ਹੈ।"

ਰਾਤ ਲੰਘ ਗਈ। ਅਕਾਸ਼ ਤੋਂ ਤਾਰੇ ਅਲੋਪ ਹੋ ਗਏ। ਉਹ ਆਪਣੀ ਛੰਨ ਦੇ ਬੂਹੇ ਵੱਲ ਆਏ ਤੇ ਫਿਰ ਬਾਹਰ ਪੈਰ ਧਰੇ ।

23. ਹੋਮਰਾ ਦੀ ਢਾਣੀ

ਸਾਰੇ ਪਾਸੇ ਉਹਨਾਂ ਸ਼ਿਕਾਰੀ ਕੁੱਤੇ ਵੇਖੇ। ਉਹਨਾਂ ਦੀ ਸਹਾਇਤਾ ਨਾਲ ਹੋਮਰਾ ਨੇ ਅਖ਼ੀਰ ਉਹਨਾਂ ਨੂੰ ਖੋਜ ਕੱਢਿਆ ਸੀ . ਅਗਲੇ ਪਲ ਹੋਮਰਾ ਦੀ ਭੈ-ਦਾਇਕ ਸ਼ਕਲ ਮੌਤ ਵਾਂਗ ਉਨ੍ਹਾਂ ਦੇ ਸਾਮਣੇ ਖਲੋਤੀ ਵੇਖੀ, ਉਸ ਦੇ ਹੱਥ ਵਿਚ ਜ਼ਹਿਰ-ਭਿਜੀ ਛੁਰੀ ਸੀ ਜਿਸ ਦਾ ਫਲ ਲਿਸ਼ਕ ਰਿਹਾ ਸੀ। ਉਹਦੀਆਂ ਗੁਸੈਲੀਆ ਅਖਾਂ ਵਿਚੋਂ ਅੱਗ ਵਰ੍ਹ ਰਹੀ ਸੀ। ਉਹਦਾ ਭਾਰਾ ਸਾਹ ਬਦਲ ਵਾਂਗ ਸੁਣੀਂਦਾ ਸੀ ।

ਹੋਮਰਾ

"ਮਹੂਆ ਜੇ ਤੂੰ ਜੀਉਂਦੀ ਰਹਿਣਾ ਚਾਹੁੰਦੀ ਹੈ ਤਾਂ ਮੇਰੀ ਗੱਲ ਸੁਣ ਲੈ ਸਾਡੇ ਦੁਸ਼ਮਣ ਨੂੰ ਇਸ ਛੁਰੀ ਨਾਲ ਮਾਰ ਦੇ। ਸੁਜਾਨ ਬਾਜ਼ੀਗਰ ਮੇਰਾ ਧਰਮ ਦਾ ਪੁੱਤਰ ਹੈ। ਉਸ ਨਾਲ ਵਿਆਹ ਕਰ ਲੈ ਤੇ ਸਾਡੇ ਨਾਲ ਆ ਜਾ।"

ਮਹੂਆ

"ਪਰ ਮੈਂ ਆਪਣੇ ਸਿਰ ਦੇ ਸਾਈਂ ਦਾ ਕਿਸ ਤਰ੍ਹਾਂ ਘਾਤ ਕਰ ਸਕਦੀ ਹਾਂ। ਮੇਰੇ ਪਿਤਾ ! ਤੂੰ ਜਿਥੇ ਹੈਂ ਓਥੇ ਖਲਾ ਰਹੁ ਤੇ ਮੈਨੂੰ ਮਰਦੀ ਨੂੰ ਵੇਖ ਲੈ।" ਉਸ ਨੇ ਹੌਲੀ, ਥਿੜਕਦੀ ਅਵਾਜ਼ ਵਿਚ ਕਿਹਾ।

ਹੋਮਰਾ

"ਪਰ ਸੁਜਾਨ ਜਵਾਨ, ਤੱਗੜਾ ਤੇ ਸ਼ਕਲਵੰਦ ਹੈਂ, ਉਹ ਤੈਨੂੰ ਪਤੀ ਮਿਲ ਰਿਹਾ ਹੈ। ਉਸ ਨਾਲ ਵਿਆਹ ਕਰ ਲੈ ਤੇ ਆ ਘਰ ਮੁੜ ਚਲੀਏ। ਮੈਂ ਤੈਨੂੰ ਲੱਭਣ ਲਈ ਸਾਰਾ ਦੇਸ਼ ਭਵਿਆਂ ਹੈ। ਹੁਣ ਜਿਦ ਨ ਕਰ।"

ਮਹੂਆ

"ਮੇਰੇ ਪਿਤਾ, ਮੈਂ ਆਪਣੇ ਕੰਤ ਨੂੰ ਮਾਰਕੇ ਕਿਸ ਤਰ੍ਹਾਂ ਘਰ ਮੁੜ ਸਕਦੀ ਹਾਂ। ਤੂੰ ਮੇਰੀ ਇਹ ਗਲ ਸੱਚ ਮੰਨੀ ਕਿ ਮੈਂ ਸੁਜਾਨ ਬਾਜ਼ੀਗਰ ਨਾਲ ਵਿਆਹ ਨਹੀਂ ਕਰਨਾ। ਮੇਰੇ ਪਤੀ ਦਾ ਮੁੱਖੜਾ ਪਘਰੇ ਹੋਏ ਸੋਨੇ ਵਾਂਗ ਚਮਕਦਾ ਏ, ਚੰਨ ਤੇ ਸੂਰਜ ਵਾਂਗ ਏ। ਉਸ ਦੇ ਸਾਮ੍ਹਣੇ

ਸੁਜਾਨ ਇਕ ਟਟਹਿਣੇ ਵਾਂਗ ਏ। ਮੇਰਾ ਸਾਈਂ ਸਭ ਤੋਂ ਵਧ ਸ਼ਕਲਵੰਦ ਗਭਰੂ ਏ-ਜਿਵੇਂ ਸੋਨੇ ਦਾ ਬਣਿਆ ਹੋਇਆ ਬਿਰਛ ਹੋਵੇ। ਇਕ ਵਾਰੀ ਉਸ ਵੱਲ ਵੇਖ। ਮੇਰੇ ਪਿਤਾ ਤੂੰ ਉਸ ਨੂੰ ਮੇਰੀਆਂ ਅਖਾਂ ਨਾਲ ਵੇਖ। ਉਸ ਦੀ ਮੂਰਤ ਤੇਰੀਆਂ ਅਖਾਂ ਨੂੰ ਮਲ ਲਵੇਗੀ।" ਕਾਲਾ ਬਦਲ ਗੁਸੇ ਵਿਚ ਭੜਕ ਕੇ ਗਰਜਿਆ ਤੇ ਉਸ ਛੁਰੀ ਮਹੂਆ ਦੇ ਹੱਥ ਵਿਚ ਫੜਾ ਦਿੱਤੀ।

ਕੇਵਲ ਇਕ ਵਾਰ ਉਸ ਨੇ ਆਪਣੀ ਸਹੇਲੀ ਪਲੰਕਾ ਦੇ ਮੂੰਹ ਵੱਲ ਵੇਖਿਆ ਜਿਹੜੀ ਕੋਲ ਹੀ ਖਲੋਤੀ ਸੀ। ਤੇ ਇਕ ਵਾਰੀ ਹੀ ਆਪਣੇ ਪਿਆਰੇ ਨਾਦਰਚੰਦ ਦੇ ਚਿਹਰੇ ਵੱਲ ਵੇਖਿਆ। ਉਸ ਨੇ ਕਿਹਾ "ਹੇ ਮੇਰੇ ਮਾਲਕ, ਜਿਹੜਾ ਮੈਨੂੰ ਆਪਣੀ ਜਾਨ ਤੋਂ ਵੀ ਵਧ ਪਿਆਰਾ ਹੈਂ, ਮੈਨੂੰ ਵਿਦਿਆ ਕਰ ਦੇ। ਤੇਰੀ ਆਪਣੀ ਮਹੂਆ ਹੁਣ ਤੇਰੇ ਅੰਗ ਸੰਗ ਨਹੀਂ ਰਹੇਗੀ। ਮੇਰੀ ਪਿਆਰੀ ਸਹੇਲੀ ਪਲੰਕਾ ਤੂੰ ਜ਼ਰੂਰ ਹੀ ਮੇਰੇ ਦੁੱਖੜੇ ਦਾ ਥਹੁ ਲਾ ਸਕੇਂਗੀ ਤੇ ਮੇਰੇ ਲਈ ਦੁੱਖੀ ਹੋਵੇਂਗੀ। ਤੇ ਤੂੰ ਮੇਰੇ ਪਿਤਾ ! ਮੈਨੂੰ ਪਤਾ ਨਹੀਂ ਤੂੰ ਕਿਸ ਦਾ ਨਿੱਕਾ ਜਿਹਾ ਖ਼ਜ਼ਾਨਾ ਲੁਟਿਆ। ਮੈਨੂੰ ਆਪਣੇ ਮਾਪੇ ਵੇਖੇ ਤੇ ਕਿਧਰੇ ਯਾਦ ਹੀ ਨਹੀਂ। ਸਰਾਪ ਹੈ ਮੇਰੇ ਉਤੇ-ਮੇਰੇ ਭਾਗਾਂ ਉੱਤੇ। ਹੁਣ ਮੈਂ ਆਪਣਾ ਘਾਤ ਕਰਦੀ ਹਾਂ-ਇਸ ਤਰ੍ਹਾਂ।"

(ਉਹ ਛੁਰੀ ਆਪਣੀ ਛਾਤੀ ਵਿਚ ਖੋਭ ਲੈਂਦੀ ਹੈ ਤੇ ਮਰ ਜਾਂਦੀ ਹੈ। ਹੋਮਰਾ ਦੇ ਹੁਕਮ ਨਾਲ ਬਾਜ਼ੀਗਰ ਨਾਦਰਚੰਦ ਨੂੰ ਮਾਰ ਦੇਂਦੇ ਹਨ।)

24. ਹੋਮਰਾ ਦੇ ਕੀਰਨੇ ਤੇ ਪਲੰਕਾਂ ਦੀ ਸ਼ਰਧਾ

"ਜਦੋਂ ਇਹ ਅੱਜੇ ਛਿਆਂ ਮਹੀਨਿਆਂ ਦੀ ਬਾਲੜੀ ਸੀ ਤਾਂ ਮੈਂ ਇਸ ਨੂੰ ਸਾਂਭ ਲਿਆ ਤੇ ਇਹ ਸਾਰੇ ਵਰ੍ਹੇ ਇਸ ਨੂੰ ਪਾਲਦਾ ਰਿਹਾ। ਹਾਏ ! ਹੁਣ ਮੇਰੇ ਘਰ ਦਾ ਸ਼ਿੰਗਾਰ ਕੌਣ ਬਣੇਗਾ-ਉਹ ਤੇ ਟੁਰ ਗਈ। ਮਹੂਆ ਤੂੰ ਮੈਨੂੰ ਵੇਖਣ ਲਈ ਇਕ ਵਾਰ ਵੀ ਅਖ ਨਹੀਂ ਖੋਲ੍ਹੇਂਗੀ। ਮੇਰੇ ਨਾਲ ਗਲ ਕਰਨ ਲਈ ਇਕ ਵਾਰ ਵੀ ਆਪਣੇ ਹੋਂਠ ਨਹੀਂ ਖੋਲੇਂਗੀ। ਮੈਂ ਹੁਣ ਮੁੜ ਕੇ ਘਰ ਨਹੀਂ ਜਾ ਸਕਦਾ। (ਆਪਣੇ ਸਾਥੀਆਂ ਨੂੰ) ਤੁਹਾਡੇ ਲਈ ਘਰ ਮੁੜ ਜਾਣਾ ਠੀਕ ਹੈ, ਮੈਂ ਹੁਣ ਕਿਸੇ ਬਨ ਵਿਚ ਜਾ ਕੇ ਆਪਣੇ ਦਿਨ ਕਟਾਂਗਾ।"

ਮੈਨਕਾ ਵਲ ਮੂੰਹ ਕਰਕੇ ਉਸ ਨੇ ਆਖਿਆ, "ਮੇਰਾ ਮੁੜ ਕੇ ਘਰ ਜਾਣਾ ਬੇਫ਼ਾਇਦਾ ਹੈ। ਕੁੜੀ ਲਈ ਕਬਰ ਪੁਟੋ। ਬਰਾਹਮਨ ਰਾਜਕੁਮਾਰ ਨੇ ਆਪਣਾ ਘਰ ਤੇ ਧਨ ਦੌਲਤ ਸਭ ਕੁਝ ਮਹੂਆ ਲਈ ਛਡਿਆ, ਉਹ ਇਕ ਦੂਜੇ ਪਿੱਛੇ ਪਾਗਲ਼ ਹੋਏ ਫਿਰਦੇ ਸਨ। ਇਹਨਾਂ ਦੋਹਾਂ ਨੂੰ ਇਕੋ ਕਬਰ ਵਿਚ ਦੱਬ ਦਿਓ।"

ਜਿਸ ਤਰ੍ਹਾਂ ਉਹਨਾਂ ਦੇ ਸਰਦਾਰ ਨੇ ਕਿਹਾ ਸੀ, ਉਹਨਾਂ ਉਸੇ ਤਰ੍ਹਾਂ ਹੀ ਕੀਤਾ। ਤੇ ਫਿਰ ਉਸ ਥਾਂ ਨੂੰ ਉਸ ਕਬਰ ਵਾਂਗ ਸੁੰਵੀ ਛਡ ਕੇ ਖਿੰਡ ਗਏ।

ਮੁਟਿਆਰ ਪਲੰਕਾ ਨਾਲ ਨਹੀਂ ਗਈ ਸਗੋਂ ਓਥੇ ਹੀ ਰਹੀ। ਉਹ ਮਹੂਆ ਦੀ ਨਿੱਕੀ ਹੁੰਦੀ ਦੀ ਸਹੇਲੀ ਸੀ ਤੇ ਉਸ ਦੇ ਦੁੱਖ ਸੁੱਖ ਦੀ ਸਾਥਣ। ਉਹ ਓਥੇ ਹੀ ਰੋ ਰੋ ਕੇ ਆਪਣੇ ਦਿਨ ਤੇ ਰਾਤਾਂ ਗੁਜ਼ਾਰਦੀ ਰਹੀ, ਉਹ ਬਨ ਵਿਚੋਂ ਜੰਗਲੀ ਫੁੱਲ ਤੋੜਕੇ ਕਬਰ ਉਤੇ ਰਖਦੀ ਤੇ ਆਪਣੇ ਹੰਝੂਆਂ ਨਾਲ ਉਸ ਦੀ ਮਿੱਟੀ ਨੂੰ ਗਿਲਿਆਂ ਕਰਦੀ। ਕਈ ਵਾਰ ਉਹ ਉਸ ਬਨ ਖੰਡ

ਵਿਚ ਗੀਤ ਗਾਉਂਦੀ ਤੇ ਉਹਨਾਂ ਦੇ ਦਰਦ ਨਾਲ ਹਵਾ ਸੰਘਣੀ ਹੋ ਜਾਂਦੀ।

"ਜਾਗ ਪਿਆਰੀਏ ਜਿੰਦੜੀਏ, ਤੂੰ ਕਿੰਨਾ ਚਿਰ ਏਥੇ ਸੁਤੀ ਰਹੇਂਗੀ। ਮੈਂ ਤੇਰੀ ਸਹੇਲੀ ਹਾਂ, ਮੇਰੇ ਨਾਲ ਗੱਲ ਕਰ। ਬਾਜ਼ੀਗਰ ਘਰ ਟੁਰ ਗਏ ਨੇ। ਉਹ ਹੁਣ ਕਦੀ ਆ ਕੇ ਵਿਘਨ ਨਹੀਂ ਪਾਣਗੇ। ਜਾਗ ਤੇ ਇਸ ਥਾਂ ਨੂੰ ਇਕ ਵਾਰ ਫਿਰ ਆਪਣਾ ਪਿਆਰਾ ਘਰ ਬਣਾ ਲੈ। ਹੁਣ ਕੋਈ ਤੇਰੇ ਰਾਹ ਵਿਚ ਨਹੀਂ ਖਲੋਵੇਗਾ। ਦੁੱਸ਼ਟ ਬਾਜ਼ੀਗਰਾਂ ਨੇ ਤੇਰਾ ਪਿੱਛਾ ਕਰਨਾ ਛਡ ਦਿੱਤਾ ਹੈ। ਇਕ ਦੂਜੀ ਦੇ ਗੱਲ ਲਗ ਕੇ ਹੀ ਅਸਾਂ ਆਪਣਾ ਬਾਲਪਨ ਲੰਘਾਇਆ ਸੀ। ਹੁਣ ਅਸੀਂ ਦੋਵੇਂ ਤੇਰੇ ਸਿਰ ਦੇ ਸਾਈਂ ਲਈ ਸੁੱਹਣੇ ਸੁੱਹਣੇ ਫੁਲਾਂ ਦੇ ਹਾਰ ਪਰੋਵਾਂ ਕਰਾਂਗੀਆਂ।"

ਪਕੀ ਸਹੇਲੀ ਪਲਕਾਂ ਦੇ ਹੰਝੂ ਇਸ ਤਰ੍ਹਾਂ ਰੋਜ਼ ਹੀ ਕਬਰ ਉਤੇ ਡਿੱਗਦੇ ਰਹੇ।

———

ਮਲੂਆ

(ਮਲੂਆ ਇਕ ਫੁੱਲ ਮਲੀਕਾ ਦੇ ਨਾਂ ਤੋਂ ਵਿਗੜ ਕੇ ਬਣਿਆ ਹੈ। ਇਸ ਕਿੱਸੇ ਦੇ ਰਚਨਹਾਰ ਦਾ ਨਾਂ ਨਹੀਂ ਲੱਭਦਾ। ਮੇਰਾ ਵਿਚਾਰ ਹੈ ਕਿ ਇਹ ਸਤਾਰ੍ਹਵੀਂ ਸਦੀ ਵਿਚ ਲਿਖਿਆ ਗਿਆ। ਰਚਨਹਾਰ ਦਾ ਨਾਂ ਗੁੱਪਤ ਹੋਣ ਦਾ ਕਾਰਨ ਲੱਭਣਾ ਔਖਾ ਨਹੀਂ। ਮੁਸਲਮਾਨ ਸਰਦਾਰਾਂ ਦੇ ਪਾਪਾਂ ਨੂੰ ਨੰਗਿਆਂ ਕਰਨਾ ਉਸ ਵੇਲੇ ਕਿਸੇ ਕਵੀ ਲਈ ਖ਼ਤਰੇ ਤੋਂ ਖਾਲੀ ਨਹੀਂ ਸੀ। ਚੰਦਰ ਕੁਮਾਰ ਨੇ ਇਹ ਕਿੱਸਾ ਮੈਮਨਸਿੰਗਾ ਦੇ ਕਈ ਆਦਮੀਆਂ ਦੀ ਸਹਾਇਤਾ ਨਾਲ ਇਕੱਠਾ ਕੀਤਾ। ਬਹੁਤਾ ਹਿੱਸਾ ਇਕ ਇਸਤ੍ਰੀ ਤੋਂ ਮਿਲਿਆ ਜਿਸ ਦਾ ਪੇਸ਼ਾ ਗਾਉਣਾ ਸੀ ਅਤੇ ਜਿਸ ਦਾ ਚੇਤਾ ਬੜਾ ਮਸ਼ਹੂਰ ਸੀ। ਇਸ ਵਿਚ ਦੱਸੀਆਂ ਥਾਵਾਂ ਅਤੇ ਦਰਿਆਵਾਂ ਦੇ ਨਾਂ ਅਸਲੀ ਹਨ। ਸਾਰਾ ਕਿੱਸਾ ਚੰਗੀ ਤਰ੍ਹਾਂ ਗੁੰਦਿਆਂ ਹੋਇਆ ਨਹੀਂ ਹੈ। ਚਾਂਦ ਬਿਨੋਦ ਦੇ ਮਲੂਆ ਨਾਲ ਵਿਆਹ ਪਿੱਛੋਂ ਲੜੀ ਟੁਟ ਜਾਂਦੀ ਹੈ। ਇਹ ਹਿੱਸਾ ਇਕ ਤਰ੍ਹਾਂ ਦੀ ਭੂਮਿਕਾ ਹੈ। ਅਸਲੀ ਕਹਾਣੀ ਕਾਜ਼ੀ ਦੇ ਵਿਚ ਆਉਣ ਨਾਲ ਆਰੰਭ ਹੁੰਦੀ ਹੈ। ਸਾਰੇ ਕਿਸੇ ਦੀਆਂ 1247 ਪੰਕਤੀਆਂ ਹਨ।)

ਮਲੂਆ

ਸਭ ਤੋਂ ਪਹਿਲਾਂ ਮੈਨੂੰ ਪਰਮਾਤਮਾ ਦੀ ਉਸਤਤਿ ਵਿਚ ਇਕ ਭਜਨ ਗਾਉਂਣਾ ਚਾਹੀਦਾ ਹੈ ਜਿਹੜਾ ਅਨਾਦਿ ਹੈ । ਦੇਵਤਿਆਂ ਵਿਚੋਂ ਮੈ ਮਹਾਂ ਤਪੀ ਸ਼ਿਵਜੀ ਨੂੰ ਭਜਨ ਭੇਟ ਕਰਦੀ ਹਾਂ । ਦੇਵੀਆਂ ਵਿਚੋਂ ਦੁਰਗਾ ਤੇ ਉਸ ਦੀਆਂ ਦੋ ਧੀਆਂ ਲੱਛਮੀ ਤੇ ਸਰਸਵਤੀ ਦੀ ਉਸਤਤਿ ਕਰਦੀ ਹਾਂ । ਲੱਛਮੀ ਦੀ ਪੂਜਾ ਕਰਨ ਨਾਲ ਆਦਮੀ ਨੂੰ ਧਨ ਮਿਲਦਾ ਹੈ ਤੇ ਸਰਸਵਤੀ ਦੇ ਸਨਮਾਨ ਵਿਚ ਇਕ ਭਜਨ ਪੜ੍ਹਿਆਂ ਆਦਮੀ ਨੂੰ ਵਿਦਿਆ ਦੇ ਖ਼ਜ਼ਾਨੇ ਤਕ ਪਹੁੰਚ ਹੋ ਜਾਂਦੀ ਹੈ । ਮੈਂ ਅਕਾਸ਼ ਦੀ ਪੌਣਾਂ ਦੀ ਤੇ ਪੰਛੀਆਂ ਦੇ ਸਰਦਾਰ ਗਰੜ ਦੀ ਵੀ ਉਪਾਸ਼ਨਾ ਕਰਦੀ ਹਾਂ । ਮੈਂ ਸੱਤੇ ਹੇਠਲੇ ਪਤਾਲਾਂ ਅਤੇ ਬਸ਼ਕ ਨਾਗ ਦੀ ਵੀ ਉਸਤਤਿ ਕਰਦੀ ਹਾਂ । ਮੇਰੀ ਨਿਮਾਣੀ ਸ਼ਰਧਾਂਜਲੀ ਮਨਸਾ ਦੇਵੀ ਨੂੰ ਵੀ ਹਾਜ਼ਰ ਹੈ ਜਿਹੜੀ ਅਸਤਿਕ ਦੀ ਮਾਂ ਤੇ ਸੱਪਾਂ ਦੀ ਦੇਵੀ ਹੈ ਅਤੇ ਜਿਸ ਦੇ ਜ਼ਹਿਰ ਤੋਂ ਬ੍ਰਹਮਾ ਡਰਦਾ ਹੈ । ਉਸ ਦੇ ਉਪਾਸ਼ਕਾਂ ਵਿਚੋਂ ਮੈਂ ਸੌਦਾਗਰ ਬਾਦਸ਼ਾਹ ਚੰਦਰਸਰ, ਉਸ ਦੇ ਪੁੱਤਰ ਲਕਮਿੰਦਰ ਤੇ ਉਸ ਦੀ ਨੂੰਹ ਬਿਓਲਾ ਦੀ ਉਸਤਤਿ ਕਰਦੀ ਹਾਂ । ਦਰਿਆਵਾਂ ਵਿਚੋਂ ਮੈਨੂੰ ਗੰਗਾ ਦੇ ਮਾਣ ਵਿਚ ਇਕ ਭਜਨ ਗਾਉਣ ਦੀ ਆਗਿਆ ਦਿਓ ਜਿਸ ਨੂੰ ਭਗੀਰਥ ਨੇ ਅਕਾਸ਼ ਤੋਂ ਲਿਆਂਦਾ । ਇਸਤਰੀਆਂ ਵਿਚ ਸਤਵੰਤੀ ਨਾਰ ਸੀਤਾ ਮਹਾਨ ਆਦਰ ਯੋਗ ਹੈ । ਤੀਰਥਾਂ ਵਿਚੋਂ ਮੈਂ ਕਾਂਸ਼ੀ ਤੇ ਗਯਾ ਨੂੰ ਸਿਰ ਨਿਵਾਂਦੀ ਹਾਂ । ਦੁਨੀਆ ਦੇ ਨਾਸਵਾਣ ਲੋਕਾਂ ਵਿਚੋਂ ਸਭ ਤੋਂ ਵਧ ਆਦਰ ਯੋਗ ਮੇਰੇ ਮਾਤਾ ਪਿਤਾ ਹਨ ਜਿਨ੍ਹਾਂ ਦੀ ਕਿਰਪਾ ਨਾਲ ਇਸ ਅਭਾਗਨ ਨੇ ਸੰਸਾਰ ਵਿਚ ਅਖਾਂ ਖੋਲ੍ਹੀਆਂ । ਰਿੱਖੀਆਂ ਵਿਚੋਂ ਮੈਂ ਬਾਲਮੀਕ ਦੀ ਮਾਣਤਾ ਕਰਨੀ ਹੈ ਜਿਹੜਾ ਮਹਾਨ ਭਗਤ ਸੀ । ਸੰਸਾਰ ਵਿਚ ਜੋ ਕੁਝ ਵੀ ਹਿਲਦਾ-ਜੁਲਦਾ

ਹੈ ਤੇ ਸਾਹ ਲੈਂਦਾ ਹੈ ਮੈਂ ਉਸ ਸਭ ਕੁਝ ਦੀ ਉਸਤਤਿ ਕਰਦੀ ਹਾਂ -ਸਮੁੰਦਰਾਂ, ਦੇਸ਼ਾਂ, ਅਕਾਸ਼ ਤੇ ਪਤਾਲ ਦੀ। ਸ਼ਿਵਜੀ ਦੀਆਂ ਜਟਾਂ ਉਤੇ ਕਾਲ ਤੇ ਮਹਾਂਕਾਲ ਦੋਵੇਂ ਬੈਠੇ ਹਨ। ਮੈਂ ਦੋਹਾਂ ਨੂੰ ਨਮਸਕਾਰ ਕਰਦੀ ਹਾਂ। ਮੈਂ ਆਪਣੇ ਗੁਰੂ ਅਗੇ ਵੀ ਸਿਰ ਨਿਵਾਂਦੀ ਹਾਂ ਜਿਸ ਨੇ ਮੈਨੂੰ ਆਤਮਕ ਜੀਵਨ ਦੇ ਭੇਦ ਦਸੇ ਤੇ ਅਖ਼ੀਰ ਵਿਚ ਮੈਂ ਚੌਰਸ ਧਰਤੀ ਅਗੇ ਸਿਰ ਨਿਵਾਂਦੀ ਹਾਂ।

ਇਸ ਤਰ੍ਹਾਂ ਹੁਣ ਚੰਦਰਵਤੀ ਆਪਣੇ ਭਜਨਾਂ ਦੀ ਸ਼ਰਧਾਂਜਲੀ ਨੂੰ ਖ਼ਤਮ ਕਰਦੀ ਹੈ।

1. ਕਾਂਗ ਅਤੇ ਕਾਲ

ਕੱਤੇ ਦੇ ਮਹੀਨੇ ਵਿਚ ਹੌਲੀ ਹੌਲੀ ਨਿਵਾਨ ਥਾਵਾਂ ਤੋਂ ਕਾਂਗ ਹਟੀ। ਚੰਦ ਬਿਨੋਦ ਦੀ ਮਾਂ ਨੇ ਉੱਚੀ ਸਾਰੀ ਕਿਹਾ, "ਉੱਠ ਪੁੱਤਰ ਮੰਜੇ ਤੋਂ। ਮੂੰਹ ਨੂੰ ਧੋ ਕੇ ਚੰਨ ਵਰਗਾ ਬਣਾ ਲੈ ਤੇ ਖੇਤਾਂ ਨੂੰ ਜਾਹ। ਓਥੇ ਮੀਂਹ ਦਾ ਪਾਣੀ ਸਾਂਭਣ ਲਈ ਓੜਾਂ ਦੇ ਵਿਚਕਾਰ ਵੱਟਾਂ ਠੀਕ ਬਣੀਆਂ ਹੋਣੀਆਂ ਚਾਹੀਦੀਆਂ ਨੇ। ਯਾਦ ਰਖ ਵਾਢੀ ਦਾ ਮਹੀਨਾ ਮੱਘਰ ਹੈ ਜਦੋਂ ਸਾਡੀ ਸ਼ਾਲੀ ਚੌਲਾਂ ਦੀ ਫਸਲ ਪਕਣੀ ਹੈ। ਬਦਲ ਗਜਦੇ ਸੁਣ! ਇਹ ਮੀਂਹ ਦੇ ਪਾਣੀ ਨੂੰ ਡੁਲ੍ਹ ਪੈਣ ਦਾ ਸਦਾ ਏ। ਛੇਤੀ ਖੇਤਾਂ ਨੂੰ ਟੁਰ ਜਾ। ਕਾਲੇ ਬਦਲਾਂ ਨੇ ਅਸਮਾਨ ਨੂੰ ਕੱਜ ਲਿਆ ਏ, ਤੇ ਉਹ ਝੱਟ ਝੱਟ ਪਿੱਛੋਂ ਗਜਦੇ ਪਏ ਨੇ। ਕਿੰਨਾ ਕਿ ਚਿਰ ਤੂੰ ਵਿਹਲਾ ਘਰ ਸੁਤਾ ਰਹੇਂਗਾ।"

ਮੀਂਹ ਦਬ ਕੇ ਵੱਸਿਆ ਤੇ ਪਾਣੀ ਵੱਟਾਂ ਦੇ ਉਤੋਂ ਦੀ ਟੱਪ ਗਿਆ। ਖੇਤੀ ਦਾ ਸਾਰਾ ਕੰਮ ਠਪਿਆ ਗਿਆ ਕਿਉਂਕਿ ਜ਼ਮੀਨ ਹੜ੍ਹ ਹੇਠ ਆਈ ਹੋਈ ਸੀ। ਕਿਰਸਾਨਾਂ ਨੂੰ ਬੜੀ ਨਿਰਾਸਤਾ ਹੋਈ ਜਿਨ੍ਹਾਂ ਦੀ ਸਾਰੀ ਰਾਸ ਜਾਂਦੀ ਰਹੀ। ਇਹ ਦੁਰਗਾ ਪੂਜਾ ਦੀ ਰੁੱਤ ਸੀ। ਪੇਂਡੂ ਲੋਕਾਂ ਨੇ ਆਪਣੇ ਘਰਾਂ ਵਿਚ ਇਹ ਤਿਓਹਾਰ ਮਨਾਉਣ ਦੇ ਸ਼ੌਂਕ ਵਿਚ ਆਪਣੇ ਬਚਿਆਂ ਨੂੰ ਸ਼ਾਹੂਕਾਰਾਂ ਕੋਲ ਗਹਿਣੇ ਰਖ ਕੇ ਪੈਸਾ ਲਿਆ। ਕੱਤੇ ਵਿਚ ਸਮੇਂ ਦੀਆਂ ਸਾਰੀਆਂ ਫ਼ਸਲਾਂ ਪਾਣੀ ਹੇਠ ਆ ਕੇ ਮਾਰੀਆਂ ਗਈਆਂ। ਤੇ ਨਾਲ ਹੀ ਕਿਰਸਾਨਾਂ ਦੀਆਂ ਸਾਰੀਆਂ ਉਮੀਦਾਂ ਉਤੇ ਵੀ ਪਾਣੀ ਫਿਰ ਗਿਆ। ਕੱਤੇ ਦੀ ਤਰੇਲ ਵਿਚ ਚੰਦ ਬਿਨੋਦ ਨੂੰ ਬੜਾ ਚੀਹੜਾ ਤਾਪ ਚੜ੍ਹ ਗਿਆ। ਉਸ ਦੀ ਮਾਂ ਉਸ ਦੀ ਹਾਲਤ ਵੇਖ ਕੇ ਰੋਂਦੀ ਅਤੇ ਉਸ ਦੁਰਗਾ ਅਗੇ ਸੁਖਣਾ ਸੁੱਖੀ ਕਿ ਜੇ ਚੰਦ ਬਿਨੋਦ ਠੀਕ ਹੋ ਜਾਵੇ ਤਾਂ ਉਹ ਦੇਵੀ ਅਗੇ ਦੋ ਸੰਢਿਆਂ ਦੀ ਬਲੀ ਦੇਵੇਗੀ। ਉਸ ਦੀ ਹਾਲਤ ਏਨੀ ਮਾੜੀ ਹੋ ਗਈ ਕਿ ਉਸ ਦੀ ਮਾਂ ਨੂੰ ਉਸ ਦੇ ਬਚਣ ਦੀ ਉਮੀਦ ਨਾ ਰਹੀ ਤੇ ਉਹ ਦਿਨ ਰਾਤ ਰੋਂਦੀ ਰਹਿੰਦੀ। ਪਰਮਾਤਮਾ ਦੀ ਕਿਰਪਾ ਨਾਲ ਚੰਦ ਬਿਨੋਦ ਔਖੀ ਘੜੀ ਲੰਘਾ ਗਿਆ। ਹੁਣ ਕੱਤੇ ਦਾ ਅੰਤ ਸੀ। ਉਸ ਦੀ ਮਾਂ ਪਾਟੀਆਂ ਲੀਰਾਂ ਨਾਲ ਉਸ ਨੂੰ ਪਾਲੇ ਤੋਂ ਬਚਾਉਂਦੀ।

ਮਾਇਆ ਦੀ ਦੇਵੀ ਲੱਛਮੀ ਦੀ ਕਿਰਪਾ ਨਾਲ ਚੰਦ ਬਿਨੋਦ ਹੁਣ ਪੂਰਾ ਰਾਜ਼ੀ ਹੋ ਗਿਆ ਪਰ ਦੇਵੀ ਦੀ ਪੂਜਾ ਕਰਨ ਲਈ ਘਰ ਵਿਚ ਚੌਲਾਂ ਦਾ ਇਕ ਦਾਣਾ ਵੀ ਨਹੀਂ ਸੀ। ਪੂਜਾ ਵਾਲੇ ਦਿਨ ਮਾਂ ਨੇ ਇਕ ਦਾਤਰੀ ਚੰਦ ਬਿਨੋਦ ਦੇ ਹੱਥ ਵਿਚ ਦੇ ਕੇ ਉਸਨੂੰ ਖੇਤ ਵੱਲ ਜਾਣ ਲਈ

ਕਿਹਾ। ਉਸ ਨੇ ਬਾਤਾ[1] ਪੌਦੇ ਦੀਆਂ ਪੰਜ ਲਗਰਾਂ ਫੜ ਲਈਆਂ ਤੇ ਬਾਰਾਮਾਂਹ ਗੌਂਦਾ ਖੇਤ ਵੱਲ ਨੂੰ ਟੁਰ ਪਿਆ। ਪਰ ਉਹਨੂੰ ਇਹ ਵੇਖ ਕੇ ਬੜੀ ਨਿਰਾਸਤਾ ਹੋਈ ਕਿ ਕੱਤੇ ਦੇ ਮੀਂਹਾਂ ਨੇ ਫਸਲ ਉਕਾ ਹੀ ਤਬਾਹ ਕਰ ਦਿੱਤੀ ਸੀ। ਅਸਲੋਂ ਫੇਰੀ ਢਾਹ ਕੇ ਉਹ ਘਰ ਮੁੜਿਆ ਤੇ ਮਾਂ ਨੂੰ ਇਹ ਕਹਿਰ ਦੀ ਖ਼ਬਰ ਦਿੱਤੀ। ਮਾਂ ਪੁੱਤਰ ਦੋਵੇਂ ਡੂੰਘੇ ਗ਼ਮ ਵਿਚ ਡੁੱਬ ਗਏ। ਇਸ ਫਸਲ ਦੇ ਪਹਿਲਾਂ ਹੀ ਕਾਲ ਪਿਆ ਹੋਇਆ ਸੀ ਤੇ ਚੌਲ ਇਕ ਰੁਪਏ ਦੇ ਡੇਢ ਅਰਾ[2] ਵਿਕਦੇ ਸਨ। ਪੋਹ ਦੇ ਮਹੀਨੇ ਜਦੋਂ ਧਰਤੀ ਉਤੇ ਕਾਲੀ ਧੁੰਦ ਛਾਈ ਹੋਈ ਸੀ, ਮਾਂ ਪੁੱਤਰ ਨੇ ਬੜੇ ਫਿਕਰ ਨਾਲ ਇਸ ਮਾਮਲੇ ਉਤੇ ਵਿਚਾਰ ਕੀਤੀ ਪਰ ਆਪਣਾ ਡੰਗ ਟੋਰਨ ਦਾ ਕੋਈ ਰਾਹ ਨਾ ਸੋਚ ਸਕੇ। ਢੱਗੇ ਪੰਜਾਲੀ ਵਿਚੋਂ ਛੱਡ ਕੇ ਵੇਚ ਦਿੱਤੇ ਗਏ। ਪੰਜ ਖੇਤ ਉਸ ਨੇ ਸ਼ਾਹੂਕਾਰ ਕੋਲ ਗਹਿਣੇ ਰਖ ਦਿੱਤੇ। ਹੁਣ ਨਾ ਉਸ ਕੋਲ ਕੋਈ ਭੋਂਇ ਸੀ ਨਾ ਕੋਈ ਢੱਗਾ। ਉਹ ਚੌਲ, ਦਾਲਾਂ ਜਾਂ ਰਾਈ ਕਿਸ ਤਰ੍ਹਾਂ ਬੀਜ ਸਕਦਾ ਸੀ। ਪੋਹ, ਮਾਘ ਤੇ ਫੱਗਣ ਦੇ ਬਹੁਤ ਦਿਨ ਉਸ ਵਿਹਲੇ ਘਰ ਬੈਠੇ ਨੇ ਗੁਜ਼ਾਰੇ। ਉਸ ਨੂੰ ਕੋਈ ਕੰਮ ਨਹੀਂ ਸੀ ਮਿਲਿਆ। ਚੇਤਰ ਦੇ ਮਹੀਨੇ ਉਸ ਨੇ ਹੱਥ ਵਿਚ ਪਿੰਜਰਾ ਫੜ ਲਿਆ ਤੇ ਮਿੱਠੀ ਮੁਸਕਣੀ ਨਾਲ ਮਾਂ ਨੂੰ ਕਿਹਾ, "ਮਾਤਾ ਜੀ ਮੈਨੂੰ ਸ਼ਿਕਰੇ ਦੇ ਸ਼ਿਕਾਰ ਜਾਣ ਦੀ ਆਗਿਆ ਦਿਓ।" ਅਗ ਬਾਲ ਕੇ ਉਸ ਚਿਲਮ ਤਿਆਰ ਕੀਤੀ ਹੁੱਕੇ ਵਿਚ ਪਾਣੀ ਪਾਕੇ ਕੁਝ ਚਿਰ ਪੀਤਾ। ਰਾਤ ਦੇ ਰਿੱਧੇ ਚੌਲ ਕੋਈ ਨਹੀਂ ਸਨ ਨਾ ਹੀ ਰਿੰਨ੍ਹਣ ਲਈ ਘਰ ਵਿਚ ਕਣੀਆਂ ਸਨ। ਚੰਦ ਬਿਨੋਦ ਨੂੰ ਭੁੱਖ ਲਗੀ ਹੋਈ ਸੀ ਤੇ ਪੀਲਾ ਪਿਆ ਦਿੱਸਦਾ ਸੀ। ਉਹ ਸ਼ਿਕਾਰ ਖੇਡਣ ਜਾ ਰਿਹਾ ਸੀ ਪਰ ਘਰ ਵਿਚ ਉਸ ਦੇ ਛਾਹ ਵੇਲਾ ਕਰਨ ਲਈ ਵੀ ਕੁਝ ਨਹੀਂ ਸੀ। ਉਸ ਨੂੰ ਵਿਦਾ ਕਰਦਿਆਂ ਮਾਂ ਦੇ ਹੰਝੂ ਬੇਰੋਕ ਵਗ ਰਹੇ ਸਨ। ਜਦੋਂ ਉਸ ਦੇ ਭੁੱਖ ਨਾਲ ਮਰਦੇ ਪੁੱਤਰ ਨੇ ਘਰ ਛਡਿਆ ਤਾਂ ਉਹ ਗ਼ਮ ਨਾਲ ਪਾਗਲ ਹੋ ਰਹੀ ਸੀ। ਚੇਤਰ ਦੇ ਸੂਰਜ ਦੀਆਂ ਕਿਰਨਾਂ ਉਸ ਦੇ ਨੰਗੇ ਸਿਰ ਉਤੇ ਪੈ ਰਹੀਆਂ ਸਨ ਤੇ ਜਿਨ੍ਹਾਂ ਰਾਹਾਂ ਉਤੇ ਉਹ ਟੁਰ ਰਿਹਾ ਸੀ ਓਥੇ ਰੁੱਤ ਦੀ ਗਰਮੀ ਨਾਲ ਸੜਦੇ ਪਿੰਡੇ ਨੂੰ ਸੁਖ ਦੇਣ ਲਈ ਕੋਈ ਠੰਡੀ ਹਵਾ ਨਹੀਂ ਚਲਦੀ ਸੀ।

2. ਰਸਤੇ ਵਿਚ

ਰਸਤੇ ਵਿਚ ਜਾਂਦਿਆਂ ਉਸ ਨੇ ਸ਼ਾਲੀ ਚੌਲਾਂ ਦੀ ਫਸਲ ਦੀਆਂ ਲਾਲ ਹੋਈਆਂ ਤੇ ਨੀਵੀਆਂ ਹੋ ਕੇ ਭੋਂਇ ਨਾਲ ਲਗੀਆਂ ਮੁੰਜਰਾਂ ਵੇਖੀਆਂ। ਉਸ ਨੇ ਸੋਚਿਆ ਭੈਣ ਦੇ ਘਰ ਹੀ ਫੇਰਾ ਮਾਰਦੇ ਚਲੀਏ ਜਿਹੜਾ ਰਸਤੇ ਵਿਚ ਹੀ ਸੀ। ਉਸ ਨੇ ਆਪਣੀ ਭੈਣ ਨੂੰ ਵਾਜ ਮਾਰ ਕੇ

(1) ਇਹ ਬੈਂਤ ਵਰਗਾ ਇਕ ਬੂਟਾ ਹੁੰਦਾ ਹੈ। ਅਨਾਜ ਦੀਆਂ ਕੁਝ ਭਰੀਆਂ ਇਸ ਦੀਆਂ ਲਗਰਾਂ ਨਾਲ ਬੰਨ੍ਹੀਆਂ ਜਾਂਦੀਆਂ ਹਨ ਤੇ ਉਹਨਾਂ ਉਤੇ ਸੰਧੂਰ ਨਾਲ ਨਿਸ਼ਾਨੀ ਲਾਈ ਜਾਂਦੀ ਹੈ। ਇਹ ਕੱਤੇ ਮੱਘਰ ਦੀ ਵਾਢੀ ਦੇ ਪਹਿਲੇ ਦਿਨ ਵਾਢੀ ਦੀ ਦੇਵੀ ਨੂੰ ਅਰਪਣ ਕਾਤੀਆਂ ਹਨ।

(2) ਇਕ ਅਰਾ ੪ ਮਣ ਦਾ ਹੁੰਦਾ ਹੈ। ਇਕ ਰੁਪਏ ਦਾ ਛੇ ਮਣ ਚੋਲ ਉਹਨਾਂ ਦਿਨਾਂ ਵਿਚ ਕਾਲ ਦਾ ਭਾਅ ਸੀ। ਪੂਰਬੀ ਮੈਮਨਸਿੰਗ ਦੀ ਰਵਾਇਤ ਇਹ ਹੈ ਕਿ ਜਦੋਂ ਚੋਲ ਇਕ ਰੁਪਏ ਦਾ ਦੋ ਮਣ ਵਿਕਦਾ ਤਾਂ ਕਾਲ ਏਨਾ ਕਰੜਾ ਹੁੰਦਾ ਕਿ ਮਾਪਿਆਂ ਨੂੰ ਆਪਣੇ ਬਚੇ ਵੇਚਣੇ ਪੈਂਦੇ।

ਬਾਹਰ ਆਉਣ ਲਈ ਕਿਹਾ ਤੇ ਦੱਸਿਆ "ਭੈਣ ਜੀ ਮੈਂ ਸ਼ਿਕਾਰ ਖੇਡਣ ਜਾ ਰਿਹਾ ਹਾਂ ਤੇ ਤੁਹਾਥੋਂ ਵਿਦਾ ਹੋਣ ਆਇਆ ਹਾਂ।"

ਭੈਣ ਨੇ ਸੁੰਦਰ ਸ਼ਾਹੀ ਪਾਨ ਚੂਨਾ ਤੇ ਕੱਥਾ ਲਾ ਕੇ ਬਣਾਇਆ ਤੇ ਤੜਕੇ ਹੋਏ ਸ਼ਾਲੀ ਚੌਲਾਂ ਤੇ ਮਿੱਠੇ ਕੇਲਿਆਂ ਦੀ ਇਕ ਗੁੱਥਲੀ ਭਰ ਦਿੱਤੀ। ਇਸ ਤੋਂ ਬਿਨਾਂ ਉਸ ਨੇ ਕੁਝ ਤੰਮਾਕੂ ਵੀ ਦਿੱਤਾ। ਭੈਣ ਤੋਂ ਵਿਦਾ ਹੋ ਕੇ ਚੰਦ ਵਿਨੋਦ ਫਿਰ ਟੁਰ ਪਿਆ। ਉਸ ਦੀ ਭੈਣ ਬਾਹਰ ਖਲੋਤੀ ਜਿੰਨਾ ਚਿਰ ਉਹ ਦਿੱਸਦਾ ਰਿਹਾ ਨਜ਼ਰ ਪਾੜ ਕੇ ਵੇਖਦੀ ਰਹੀ। ਸਿਖਲਾਇਆ ਹੋਇਆ ਸ਼ਿਕਰਾ ਪਿੰਜਰੇ ਵਿਚ ਪਾਈ ਚੰਦ ਵਿਨੋਦ ਫਿਰ ਪੰਧ ਪੈ ਗਿਆ।

ਹੁਣ ਹਾੜ ਚੜ੍ਹ ਗਿਆ ਸੀ ਤੇ ਸ਼ਿਕਰਾ ਮੀਂਹ ਆਉਣ ਦੀ ਖ਼ੁਸ਼ੀ ਵਿਚ ਘੜੀ ਘੜੀ ਕੂਕ ਰਿਹਾ ਸੀ। ਅਕਾਸ਼ ਬਦਲਾਂ ਨਾਲ ਢਕਿਆ ਪਿਆ ਸੀ ਤੇ ਉਹਨਾਂ ਦੇ ਪਰਛਾਵੇਂ ਨਾਲ ਧਰਤੀ ਉਤੇ ਅਨ੍ਹੇਰਾ ਹੋ ਗਿਆ ਸੀ। ਬਦਲ ਗਜਦੇ ਸਨ ਤੇ ਬਿਜਲੀ ਦੀ ਚਮਕ ਅੱਖਾਂ ਨੂੰ ਚੁੰਧਿਆਂਦੀ ਸੀ। ਘਰ ਮਾਂ ਆਪਣੇ ਪੁੱਤਰ ਦੇ ਵਿਛੋੜੇ ਵਿਚ ਰੋ ਰਹੀ ਸੀ। ਸ਼ਿਕਰੇ ਦੀਆਂ ਕੂਕਾਂ ਦੱਸਦੀਆਂ ਸਨ ਕਿ ਐਤਕੀਂ ਮੀਂਹ ਬਹੁਤੇ ਪੈਣਗੇ। ਮਾਂ ਤੇ ਭੈਣ ਚਾਂਦ ਵਿਨੋਦ ਦੇ ਫਿਕਰ ਵਿਚ ਬੜੇ ਔਖ ਵਿਚ ਦਿਨ ਕਟ ਰਹੀਆਂ ਸਨ। ਹਾਏ ! ਉਹ ਸ਼ਿਕਰਿਆਂ ਮਗਰ ਕਿਥੇ ਜੰਗਲ ਵਿਚ ਟੁਟ ਗਿਆ ਹੈ, "ਮਾਂ ਨੂੰ ਡਰ ਸੀ ਕਿਧਰੇ ਉਹਦੇ ਪੁੱਤਰ ਨੂੰ ਸੱਪ ਨਾ ਲੜ ਜਾਵ ਜਾਂ ਉਸ ਨੂੰ ਸ਼ੇਰ ਨਾ ਖਾ ਜਾਵੇ। ਆਪਣੀ ਸੁੰਞੀ ਝੁੱਗੀ ਵਿਚ ਉਸ ਨੂੰ ਇਕ ਪਲ ਵੀ ਨੀਂਦਰ ਨਾ ਆਉਂਦੀ ਤੇ ਉਹ ਸਾਰੀ ਰਾਤ ਰੋਂਦੀ ਰਹਿੰਦੀ।

3. ਪਿਆਰ ਦਾ ਉਦੇ ਹੋਣਾ

ਹੁਣ, ਮੇਰੇ ਸਰੋਤਿਓ, ਤੁਸੀਂ ਚਾਂਦ ਬਿਨੋਦ ਦੀ ਮੁਸਾਫ਼ਰੀ ਦੀ ਵਾਰਤਾ ਸੁਣੋ। ਦੁਪਹਿਰ ਵੇਲੇ ਉਹ ਅਰੁਲਿਆਂ ਨਾਂ ਦੇ ਪਿੰਡ ਵਿਚ ਅਪੜਿਆ। ਪਿੰਡ ਦੇ ਦੂਜੇ ਸਿਰੇ ਉਤੇ ਇਕ ਅੰਨ੍ਹਾਂ ਤਲਾ ਸੀ ਜਿਹੜਾ ਘਾਹ-ਬੂਟ ਨਾ ਢਕਿਆ ਪਿਆ ਸੀ। ਸਾਰੀ ਥਾਂ ਉਤੇ ਝਾੜੀਆਂ ਉਗੀਆਂ ਪਈਆਂ ਸਨ। ਤੇ ਤਲਾ ਦੇ ਚਾਰੇ ਪਾਸੇ ਕੇਲਿਆਂ ਦੇ ਬੂਟੇ ਲਗੇ ਹੋਏ ਸਨ ਜਿਨ੍ਹਾਂ ਦੁਆਲੇ ਕੰਡਿਆਲੇ ਮੰਦਰ ਦੀਆਂ ਝਾੜੀਆਂ ਦੀ ਵਾੜ ਸੀ। ਉਸ ਥਾਂ ਉਤੇ ਅਪੜ ਕੇ ਥੱਕੇ ਹੋਏ ਪਾਂਧੀ ਨੇ ਤਲਾ ਅਤੇ ਨੇੜੇ ਦੇ ਰਮਣੀਕ ਦ੍ਰਿੱਸ਼ ਵੱਲ ਬੜੇ ਆਨੰਦ ਨਾਲ ਵੇਖਿਆ। ਹੇਠਾਂ ਉਤਰਨ ਵਾਲੀ ਘਾਟ ਦੇ ਨੇੜੇ ਭਰ ਖਿੜੇ ਫੁਲਾਂ ਨਾਲ ਲਦਿਆ ਕਦੰਬ ਦਾ ਦਰੱਖ਼ਤ ਸੀ। ਉਹ ਇਸ ਦੇ ਹੇਠਾਂ ਬਹਿ ਗਿਆ। ਹਾੜ੍ਹ ਦੀਆਂ ਰਾਤਾਂ ਛੋਟੀਆਂ ਹੁੰਦੀਆਂ ਹਨ। ਤੇ ਦਿਨ ਵੇਲੇ ਵੀ ਨੀਂਦਰ ਅਖਾਂ ਵਿਚ ਅਟਕੀ ਰਹਿੰਦੀ ਹੈ। ਚਾਂਦ ਬਿਨੋਦ ਦੁਪੱਹਿਰ ਵੇਲੇ ਕਦੰਬ ਬਿਰਛ ਹੇਠਾਂ ਬੈਠਾ ਬੈਠਾ ਪਹਿਲਾਂ ਝੱਟ ਕੁ ਉਘਲਾਂਦਾ ਰਿਹਾ ਤੇ ਫਿਰ ਘੂਕ ਸੌਂ ਗਿਆ। ਉਸ ਦੀ ਨੀਂਦਰ ਬੜੀ ਗੂੜ੍ਹੀ ਸੀ। ਸ਼ਾਮ ਹੋ ਗਈ ਪਰ ਉਹ ਅਜੇ ਵੀ ਉਸ ਇਕਾਂਤ ਥਾਂ ਉਤੇ ਸੁਤਾ ਪਿਆ ਸੀ।

ਮਲ੍ਹੂਆ ਮੁੱਟਿਆਰ ਜਿਹੜੀ ਤਲਾ ਤੋਂ ਪਾਣੀ ਲੈਣ ਗਈ ਸੀ ਹੈਰਾਨ ਸੀ ਕਿ ਇਹ ਗਭਰੂ ਕੌਣ ਹੈ ਜਿਹੜਾ ਘਾਟ ਉਤੇ ਸੁਤਾ ਪਿਆ ਸੀ। ਉਸ ਨੇ ਘੜਾ ਭੋਂਇ ਉਤੇ ਰਖ ਦਿੱਤਾ ਤੇ ਝੱਟ ਪੱਟ ਘਾਟ ਦੀ ਅਖ਼ੀਰਲੀ ਪੌੜੀ ਉਤੇ ਉੱਤਰ ਆਈ। ਨਾਲ ਹੀ ਨਾਲ ਉਹ ਖਲੋ ਖਲੋ

ਕੇ ਉਸ ਗਭਰੂ ਨੂੰ ਵੇਖਦੀ ਜਾਂਦੀ। ਉਹ ਕਿੰਨਾ ਸੁੱਹਣਾ ਸੀ ਤੇ ਕਿਵੇਂ ਘੂਕ ਸੁਤਾ ਹੋਇਆ ਸੀ। ਸੂਰਜ ਪਛਮੀ ਦਿਸ ਹੱਦੇ ਉਤੇ ਡੁੱਬ ਚੁਕਾ ਸੀ.ਤੇ ਸੰਝ ਆਪਣੀ ਥਾਂ ਰਾਤ ਨੂੰ ਦੇਣ ਨੂੰ ਤਿਆਰ ਸੀ। ਹੁਣ ਉਹ ਹੋਰ ਕਿੰਨਾ ਚਿਰ ਇਸ ਥਾਂ ਇਕੱਲਾ ਸੁੱਤਾ ਰਹੇਗਾ। ਜੇ ਉਹ ਡੂੰਘੇ ਸੌਂਤੇ ਉੱਠਿਆ ਤਾਂ ਉਹ ਆਸਰੇ ਲਈ ਕਿਥੇ ਜਾਵੇਗਾ। ਇਸ ਇਲਾਕੇ ਵਿਚ ਤੇ ਉਹ ਪਰਦੇਸੀ ਹੈ। ਹੇ ਮੇਰੇ ਪਰਦੇਸੀ ! ਤੇਰਾ ਇਥੇ ਘਰ ਨਹੀਂ, ਮਾਪੇ ਨਹੀਂ। ਇਸ ਸੁਨਸਾਨ ਜੰਗਲ ਵਿਚ ਤੈਨੂੰ ਰਾਤ ਰਹਿਣ ਨੂੰ ਥਾਂ ਕੌਣ ਦੇਵੇਗਾ ? ਇਹ ਆਇਆ ਕਿਥੋਂ ਹੈ ? ਇਸ ਦਾ ਵਤਨ ਕਿਥੇ ਹੈ ? ਮੈਂ ਤੇ ਇਕ ਜੁਆਨ ਕੁੜੀ ਹਾਂ, ਮੈਂ ਇਹ ਸਾਰਾ ਕੁਝ ਕਿਸ ਤਰ੍ਹਾਂ ਪੁੱਛ ਸਕਦੀ ਹਾਂ ? ਜਾਗ ਮੇਰੇ ਪਰਦੇਸੀਆ ! ਇਹ ਉਸ ਲਜਿਆਵਾਨ ਮੁੱਟਿਆਰ ਦੀ ਰੂਹ ਦੀ ਅਨ-ਸੁਣੀਂਦੀ ਆਵਾਜ਼ ਸੀ। 'ਕੀ ਉਹ ਮੇਰੇ ਮਨ ਦਾ ਚੁੱਪ-ਚੁਪੀਤਾ ਬੁਲਾਵਾ ਨਹੀਂ ਸੁਣੇਗਾ ? ਮੈਂ ਇਸ ਤਰਕਾਲਾਂ ਵੇਲੇ ਇਕੱਲੀ ਇਕ ਓਪਰੇ ਆਦਮੀ ਦੇ ਕੋਲ ਬਹੁਤਾ ਚਿਰ ਕਿਸ ਤਰ੍ਹਾਂ ਖਲੋ ਸਕਦੀ ਹਾਂ ? ਜੇ ਮੇਰੇ ਵਿਚ ਤਾਣ ਹੁੰਦਾ ਤਾਂ ਮੈਂ ਉਸ ਨੂੰ ਨੀਂਦਰ ਤੋਂ ਜਗਾ ਕੇ ਆਪਣੇ ਪਿਤਾ ਦੇ ਘਰ ਦਾ ਰਾਹ ਵਿਖਾ ਦੇਂਦੀ।

ਹਨ੍ਹੇਰੀ ਰਾਤ ਵਿਚ, ਹੇ ਮੁਸਾਫ਼ਰ ਤੂੰ ਕਿਥੇ ਜਾਵੇਂਗਾ, ਜਿੰਨਾ ਚਿਰ ਤੈਨੂੰ ਕੋਈ ਰਾਹ ਨਾ ਵਿਖਾਏ ? ਇਹ ਕਿੰਨੀ ਹੈਰਾਨੀ ਦੀ ਗਲ ਹੈ ਕਿ ਏਸ ਵੇਲੇ ਤੈਨੂੰ ਐਨੀ ਗੂੜ੍ਹੀ ਨੀਂਦਰ ਆਈ ਹੋਈ ਹੈ। ਜਾਗ, ਵੇ ਰਾਹੀਆ ! ਤੇ ਭਜ ਕੇ ਉਸ ਨੂੰ ਮਿਲ ਜਿਸ ਦੇ ਦਿਲ ਦਾ ਖ਼ਜ਼ਾਨਾ ਤੂੰ ਹੈਂ ! ਉਸ ਨੇ ਆਪਣੇ ਘੜੇ ਨਾਲ ਪਾਣੀ ਨੂੰ ਪਰ੍ਹਾਂ ਕੀਤਾ ਤੇ ਇਸ ਤਰ੍ਹਾਂ ਛੋਟੀਆਂ ਛੋਟੀਆਂ ਲਹਿਰਾਂ ਬਣਾ ਕੇ ਫਿਰ ਸੋਚਣ ਲਗੀ, ਮੈਂ ਇਸ ਨੂੰ ਨੀਂਦਰ ਤੋਂ ਕਿਵੇਂ ਜਗਾਵਾਂ, ਮੇਰੇ ਨਾਲ ਇਸ ਵੇਲੇ ਕੋਈ ਵੀ ਨਹੀਂ। ਜੇ ਮੇਰੀ ਕੋਈ ਭਰਜਾਈ ਏਸ ਵੇਲੇ ਮੇਰੇ ਨਾਲ ਹੁੰਦੀ ਤਾਂ ਅਸੀਂ ਦੋਵੇਂ ਰਲ ਕੇ ਕਿਸੇ ਤਰੀਕੇ ਨਾਲ ਇਸ ਦੀ ਜਾਗ ਖੁਲ੍ਹਾ ਦਿੰਦੀਆਂ। ਜੇ ਮੇਰੀ ਮਾਂ ਮੇਰੇ ਨਾਲ ਆਈ ਹੁੰਦੀ ਤਾਂ ਮੈਂ ਉਸ ਨੂੰ ਆਖਦੀ ਕਿ ਤੂੰ ਮੁਸਾਫ਼ਰ ਨੂੰ ਆਪਣੇ ਘਰ ਪਰਾਹੁਣਾ ਬਣਨ ਲਈ ਆਖਦੇ। ਮੈਂ ਤੇ ਇਕ ਬੇਵਸ ਕੁੜੀ ਹਾਂ ਤੇ ਕੱਲ ਮੁਕੱਲੀ ਲਾਜ ਕਰਕੇ ਮੈਂ ਇਕ ਓਪਰੇ ਆਦਮੀ ਨਾਲ ਗੱਲ ਕਿਸ ਤਰ੍ਹਾਂ ਕਰ ਸਕਦੀ ਹਾਂ ? ਪਰ ਫਿਰ ਮੇਰਾ ਦਿਲ ਉਸ ਵੱਲੋਂ ਦਿਲਗੀਰ ਹੈ। ਉਹ ਰਾਹ ਭੁੱਲ ਗਿਆ ਜਾਪਦਾ ਹੈ, ਉਸ ਨੇ ਪਿਤਲ ਜਿਸ ਧਾਤ ਦੀਆਂ ਟਲੀਆਂ ਵੀ ਬਣਦੀਆਂ ਹਨ, ਨੂੰ ਆਪਣੀ ਛਾਤੀ ਨਾਲ ਲਾ ਕੇ ਕਿਹਾ "ਹੇ ਮੇਰੀ ਗਾਗਰ, ਆਪਣੀ ਟੁਣਕਾਰ ਨਾਲ ਇਸ ਦੀ ਨੀਂਦਰ ਤੋੜ ਦੇ।" ਇਹ ਕਹਿਕੇ ਉਸ ਨੇ ਸਹਿਜ ਨਾਲ ਗਾਗਰ ਪਾਣੀ ਦੀ ਭਰ ਲਈ।

ਅਵਾਜ਼ ਨਾਲ ਚੰਦ ਬਿਨੋਦ ਜਾਗ ਪਿਆ। ਸ਼ਿਕਰੇ ਨੇ ਵੀ ਇਕ ਤਿੱਖੀ ਚੀਕ ਅਕਾਸ਼ ਵੱਲ ਨੂੰ ਘਲੀ। (ਉਸ ਨੇ ਸਮਝਿਆ ਬਦਲ ਗਜਿਆ ਹੈ।) ਚੰਦ ਬਿਨੋਦ, ਜਿਹੜਾ ਹੁਣ ਪੂਰੀ ਤਰ੍ਹਾਂ ਜਾਗ ਪਿਆ ਸੀ, ਨੇ ਉਸ ਸੁੰਦਰ ਮੁੱਟਿਆਰ ਨੂੰ ਪਾਣੀ ਦੀ ਗਾਗਰ ਲੈ ਕੇ ਘਰ ਮੁੜਦਿਆਂ ਵੇਖ ਲਿਆ। ਉਸ ਦੇ ਖਿਲਰੇ ਵਾਲ ਜਿਹੜੇ ਬਦਲਾਂ ਵਾਂਗ ਕਾਲੇ ਸਨ ਉਹਦੇ ਪੈਰਾਂ ਤਕ ਆਉਂਦੇ ਸਨ। ਇਕੱਲੇ ਵਾਲ ਹੀ ਲੱਖ ਰੁਪਏ ਦੇ ਸਨ। ਉਹ ਇਕ ਉਜੜੇ ਬਾਗ਼ ਵਿਚ ਸਜਰੇ ਰਾਹੂਆ ਫੁੱਲ ਵਾਂਗ ਦਿੱਸਦੀ ਸੀ। ਕਿੱਡੀਆਂ ਮੋਟੀਆਂ ਮੋਟੀਆਂ ਅੱਖਾਂ ਦਾ ਜੋੜਾ ਸੀ, ਉਹਨਾਂ ਦੀ ਇਕ ਤਕਣੀ ਕਿਸੇ ਸੰਤ ਮਹਾਤਮਾ ਦਾ ਦਿਲ ਮੋਹ ਲੈਣ ਲਈ ਕਾਫ਼ੀ ਸੀ। "ਮੈਂ ਐਡੀ

ਸੁੱਹਣੀ ਕੁੜੀ ਕਦੀ ਨਹੀਂ ਵੇਖੀ। ਹੇ ਸੁੰਦਰਤਾ ਦੇ ਦੀਪ ! ਤੂੰ ਕਿਸ ਦੇ ਘਰ ਵਿਚ ਚਾਨਣ ਕਰਦੀ ਹੈਂ ? ਉਸ ਨੇ ਆਪਣੇ ਦਿਲ ਵਿਚ ਪੁੱਛਿਆ ਕੀ ਮੈਂ ਪੂਰੀ ਤਰ੍ਹਾਂ ਜਾਗ ਕੇ ਵੀ ਇਕ ਸੁੱਪਨਾ ਹੀ ਵੇਖ ਰਿਹਾ ਹਾਂ ? ਹੇ ਮੁੱਟਿਆਰੇ ਤੂੰ ਕਿਸ ਦੇ ਦਿਲ ਦੀ ਦੌਲਤ ਹੈਂ ? ਤੂੰ ਇਕ ਨੀਲੋਫ਼ਰ ਦਾ ਫੁੱਲ ਜਾਪਦੀ ਹੈਂ ਜਿਹੜਾ ਧਰਤੀ ਉਤੇ ਹੀ ਖਿੜ ਪਿਆ ਹੈ, ਇਕ ਅਕਾਸ਼ ਦਾ ਤਾਰਾ ਜਿਹੜਾ ਧਰਤੀ ਨੂੰ ਆਪਣੇ ਚਾਣਨ ਨਾਲ ਨਿਹਾਲ, ਕਰਨ ਲਈ ਹੇਠਾਂ ਉੱਤਰ ਆਇਆ ਹੈ, ਹੇ ਮੇਰੇ ਸ਼ਿਕਰੇ, ਆਪਣੇ ਪਰਾਂ ਉਤੇ ਉੱਡ ਕੇ ਮੈਨੂੰ ਪਤਾ ਲਿਆ ਕੇ ਦੇ ਇਹ ਕੁੜੀ ਕਿਥੇ ਰਹਿੰਦੀ ਹੈ ਇਸ ਦੇ ਮਾਤਾ ਪਿਤਾ ਕੌਣ ਹਨ ਤੇ ਇਹ ਕਿਸ ਦੀ ਤੀਵੀਂ ਹੈ। ਮੁੱਟਿਆਰ ਵੱਲ ਮੂੰਹ ਕਰਕੇ ਉਸ ਨੇ ਆਪਣੇ ਦਿਲ ਵਿਚ ਕਿਹਾ, 'ਮੇਰੇ ਦਿਲ ਦੀ ਰਾਣੀ ! ਇਕ ਵਾਰ ਮੁੜ ਕੇ ਵੇਖ ਤਾਂ ਜੋ ਮੈਂ ਤੇਰਾ ਚੰਨ ਜਿਹਾ ਮੁੱਖੜਾ ਇਕ ਵਾਰ ਫਿਰ ਵੇਖ ਲਵਾਂ। ਹਾਏ ! ਤਲਾ ਦੇ ਇਸ ਘਾਟ ਉਤੇ ਮੈਂ ਆਪਣਾ ਦਿਲ ਗਵਾ ਬੈਠਾ ਹਾਂ। ਕੀ ਤੇਰਾ ਵਿਆਹ ਹੋ ਗਿਆ ਹੈ । ਜੇ ਹੋ ਗਿਆ ਹੈ ਤਾਂ ਮੈਂ ਪਰ-ਇਸਤਰੀ ਲਈ ਕਿਸ ਤਰ੍ਹਾਂ ਹਿਰਸ ਕਰ ਸਕਦਾਂ ਹਾਂ। ਜੇ ਤੂੰ ਅਜੇ ਕੁਆਰੀ ਵੀ ਹੈਂ ਤਾਂ ਵੀ ਮੈਨੂੰ ਕੌਣ ਪੁੱਛਦਾ ਹੈ। ਇਹਨਾਂ ਪ੍ਰਸ਼ਨਾਂ ਤੋਂ ਜਿਨ੍ਹਾਂ ਦਾ ਜਵਾਬ ਉਸ ਕੋਲ ਹੈ ਨਹੀਂ ਸੀ, ਦੁੱਖੀ ਹੋ ਕੇ ਉਸ ਨੇ ਆਪਣੇ ਸ਼ਿਕਰੇ ਦੇ ਕੰਨ ਵਿਚ ਕਿਹਾ, ਘਰ ਵੱਲ ਨੂੰ ਉੱਡ ਜਾ, ਸਜਣਾ ! ਤੇ ਮੇਰੀ ਮਾਂ ਨੂੰ ਆਖ ਦੇਈਂ ਕਿ ਚੰਦ ਬਿਨੋਦ ਨੂੰ ਸ਼ੇਰ ਖਾ ਗਿਆ ਹੈ। ਉਸ ਨੂੰ ਆਖੀਂ ਕਿ ਉਸ ਦਾ ਪਿਆਰਾ ਬੇਟਾ ਹੁਣ ਕਦੀਂ ਨਹੀਂ ਆਪਣੇ ਘਰ ਆਵੇਗਾ। ਉੱਡ ਜਾ, ਓ ਸ਼ਿਕਰੇ ! ਤੇ ਇਹੀ ਸਨੇਹਾ ਮੇਰੀ ਭੈਣ ਨੂੰ ਦੇਈਂ। ਤੇ ਫਿਰ ਅਖ਼ੀਰ ਵਿਚ, ਉੱਡ ਕੇ ਇਸ ਮੁੱਟਿਆਰ ਨੂੰ ਰਾਹ ਵਿਚ ਮਿਲੀਂ ਅਤੇ ਮੇਰੇ ਦਿਲ ਦੇ ਧੁਰ ਅੰਦਰਲੇ ਭਾਵ ਉਸ ਨੂੰ ਦੱਸੀਂ।"

ਪਰਦੇਸੀ ਦੇ ਦੀਦਾਰ ਨੇ, ਜਿਹੜਾ ਚੰਨ ਵਾਂਗ ਚਮਕਦਾ ਸੀ। ਮੁੱਟਿਆਰ ਉਤੇ, ਜਿਹੜੀ ਅਜੇ ਚੜ੍ਹਦੀ ਜਵਾਨੀ ਵਿਚ ਹੀ ਸੀ, ਲਾਜ ਦਾ ਲਾਲ ਭਖਾ ਲੈ ਆਂਦਾ। ਉਹ ਓਥੇ ਇਕ ਪਲ ਵੀ ਨ ਖਲੋਤੀ ਤੇ ਘਰ ਮੁੜ ਗਈ । ਅਤੇ ਚੰਦ ਬਿਨੋਦ ਹੱਥ ਵਿਚ ਸ਼ਿਕਰਾ ਫੜੀ ਆਪਣੀ ਭੈਣ ਦੇ ਘਰ ਨੂੰ ਟੁਰ ਪਿਆ।

4. ਮੁਟਿਆਰ ਨੂੰ ਝਾੜ ਤੇ ਅਗੋਂ ਉਸ ਦਾ ਜਵਾਬ

ਪੰਜਾਂ ਭਾਬੀਆਂ ਨੇ ਮਲੂਆ ਤੋਂ ਪੁੱਛਿਆ ਕੀ ਗਲ ਹੈ, ਨਣਦੇ ! ਕਲ ਤੂੰ ਘਾਟ ਤੇ ਕਲ-ਮੁਕੱਲੀ ਗਈ ਸੈਂ ? ਇਹ ਵੀ ਦੱਸੀਂ ਕਿ ਤੇਰੇ ਢਿਲ-ਮਢਿਲੇ ਕੱਪੜੇ ਕਿਓਂ ਹਵਾ ਵਿਚ ਫੜਫੜਾ ਰਹੇ ਸਨ ਤੇ ਤੇਰੇ ਖਿਲਰੇ ਪੁਲਰੇ ਵਾਲ ਕਿਓਂ ਮੂੰਹ ਦੁਵਾਲੇ ਉੱਡ ਰਹੇ ਸਨ ? ਤੇਰੀ ਅਧੀ ਗਾਗਰ ਪਾਣੀ ਨਾਲ ਭਰੀ ਹੈ ਤੇ ਬਾਕੀ ਅਧੀ ਖ਼ਾਲੀ ਹੈ । ਸਚੀਂ ਮੁੱਚੀਂ ਸਾਨੂੰ ਤੇਰੇ ਵਿਚ ਬਹੁਤ ਫ਼ਰਕ ਦਿੱਸਦਾ ਹੈ। ਕਲ ਤੇ ਤੂੰ ਇਕ ਕਲੀ ਜਹੀ ਲਗਦੀ ਸੈਂ ਪਰ ਅੱਜ ਤੂੰ ਭਰ ਖਿੜਿਆ ਫੁਲ ਬਣ ਗਈ ਹੈਂ। ਭੈਣ ! ਸਾਨੂੰ ਨ ਚਾਰੀਂ, ਸਾਡੇ ਕੋਲੋਂ ਕੁਝ ਨ ਲੁਕਾਈਂ। ਅੱਜ ਤੂੰ ਸਾਡੇ ਨਾਲ ਘਾਟ ਤੇ ਚਲੀਂ। ਆਪਣੀ ਗਾਗਰ, ਅਬਰਕ ਦੀ ਕੰਘੀ ਤੇ ਖ਼ੁਸ਼ਬੋ ਵਾਲੇ ਤੇਲ ਦੀ ਸੀਸ਼ੀ ਵੀ ਲੈ ਚਲੀਂ। ਤੇਰੇ ਘੁੰਗਰਾਲੇ ਵਾਲਾਂ ਨੂੰ ਜਿਹੜੇ ਰਾਤੀਂ ਢਿੱਲੇ ਕੀਤੇ ਗਏ ਨੇ ਕੰਘੀ ਵਾਹ ਦਿਆਂਗੀਆਂ ਤੇ ਮਹਿੱਕਾਂ ਦਿਆਂਗੀਆਂ। ਤੇ ਓਥੇ ਇਕਾਂਤ ਵਿਚ ਤੂੰ ਸਾਡੇ ਅਗੇ ਆਪਣਾ ਦਿਲ ਖੋਲ ਦੇਈਂ ਤੇ

ਸਾਥੋਂ ਕੁਝ ਵੀ ਲੁਕਾ ਕੇ ਨ ਰਖੀਂ। ਇਹ ਹੀ ਸਮਾਂ ਹੈ, ਪਿਆਰੀ ਭੈਣ ਜਦੋਂ ਨਾਰਾਂ ਆਪਣੇ ਕੰਤਾਂ ਦੀ ਸੰਗਤ ਭਾਲਦੀਆਂ ਹਨ। ਬੜੇ ਸ਼ੋਕ ਦੀ ਗੱਲ ਹੈ ਕਿ ਭਾਵੇਂ ਤੂੰ ਏਡੀ ਸੋਹਣੀ ਕੁੜੀ ਹੈਂ ਤੈਨੂੰ ਅਜੇ ਵੀ ਆਪਣੇ ਪਿਤਾ ਦੇ ਘਰ ਕੰਜ-ਕੁਆਰੀ ਰਹਿਣਾ ਪੈ ਰਿਹਾ ਹੈ। ਤੂੰ ਐਨੀ ਰੂਪਵਤੀ ਹੈਂ ਕਿ ਤੇਰਾ ਰੂਪ ਸਾਡੇ ਵੀ ਮਨਾਂ ਨੂੰ ਮੋਹ ਲੈਣ ਦੀ ਸ਼ਕਤੀ ਰਖਦਾ ਹੈ, ਭਾਵੇਂ ਅਸੀਂ ਇਸਤ੍ਰੀਆਂ ਹਾਂ।

ਮਲੂਆ

"ਮੈਨੂੰ ਸਮਝ ਨਹੀਂ ਆਉਂਦੀ ਤੁਸੀਂ ਮੈਨੂੰ ਘਾਟ ਤੇ ਇਕੱਲੀ ਜਾਣ ਤੋਂ ਕਿਓਂ ਹਟਕਦੀਆਂ ਹੋ ?"

"ਤੂੰ ਚੰਨ ਵਰਗੀ ਹੈਂ। ਸਾਨੂੰ ਡਰ ਲੱਗਦਾ ਹੈ ਕਿ ਕਿਧਰੇ ਰਾਖਸ਼ ਰਾਹੂ ਇਕੱਲੀ ਵੇਖ ਕੇ ਤੈਨੂੰ ਕਾਬੂ ਨ ਕਰ ਲਵੇ।"

ਮਲੂਆ

"ਰਾਤੀਂ ਮੈਨੂੰ ਤਾਪ ਚੜ੍ਹ ਗਿਆ ਸੀ ਤੇ ਮੇਰੇ ਅੰਗਾਂ ਵਿਚ ਪੀੜ ਹੈ, ਤੁਸੀਂ ਸਾਰੀਆਂ ਅੱਜ ਘਾਟ ਤੇ ਜਾਓ। ਮੈਂ ਤੁਹਾਡੇ ਨਾਲ ਨਹੀਂ ਜਾਣਾ।

ਭਾਬੀਆਂ ਨੇ ਕੁਝ ਘੁਸਰ-ਮੁਸਰ ਕੀਤੀ ਤੇ ਘਾਟ ਨੂੰ ਟੁਰ ਪਈਆਂ। ਮਲੂਆ ਆਪਣੇ ਸੌਣ ਵਾਲੇ ਕਮਰੇ ਵਿਚ ਚਲੀ ਗਈ।

5. ਮਲੂਆ ਬਾਰੇ ਤੇ ਉਸ ਦੇ ਪਿਤਾ ਦੇ ਘਰਾਣੇ ਬਾਰੇ

ਮਲੂਆ ਦਾ ਪਿਤਾ, ਹੀਰਾਧਰ ਜਾਤ ਦਾ ਹਲਵਾਹ ਸੀ। ਉਹ ਪਿੰਡ ਦਾ ਮੁਖੀਆ ਸੀ। ਉਸ ਦੇ ਪੰਜ ਪੁੱਤਰ ਚੰਗੇ ਸਰਦੇ ਪੁਜਦੇ ਸਨ । ਉਹਨਾਂ ਦੇ ਕੋਠੇ ਵਧੀਆ ਫਸਲਾਂ ਨਾਲ ਭਰੇ ਰਹਿੰਦੇ। ਵਾੜੇ ਵਿਚ ਦਸ ਲਵੇਰੀਆਂ ਸਨ ਤੇ ਵਾਹੁਣ ਲਈ ਬਹੁਤ ਸਾਰੇ ਬਲਦ। ਇਹ ਟੱਬਰ ਥੁੜ ਤੋਂ ਬਹੁਤ ਉਤਾਂਹ ਸੀ। ਪਰਮਾਤਮਾ ਨੇ ਹੀਰਾਧਰ ਨੂੰ ਛੇ ਵਧੀਆ ਬੱਚਿਆਂ ਦੀ ਬਖਸ਼ਸ਼ ਕੀਤੀ ਸੀ ਤੇ ਨਾਲ ਧਨ ਦੌਲਤ ਵੀ ਦਿਤਾ ਸੀ। ਉਸ ਕੋਲ 18 ਵਿੱਘੇ ਵਗਦੀ ਧਰਤੀ ਸੀ। ਜਿਸ ਵਿਚ ਸ਼ਾਲੀ ਤੇ ਅਮਾਨ ਚੌਲਾਂ ਦੀਆਂ ਫਸਲਾਂ ਹੀ ਹੁੰਦੀਆਂ ਸਨ । ਦੁਰਗਾ ਪੂਜਾ ਤੇ ਡੋਲ ਉਤਸਵ ਤੇ ਹੋਰ ਧਾਰਮਿਕ ਤਿਓਹਾਰ ਉਸ ਦੇ ਘਰ ਮਨਾਏ ਜਾਂਦੇ ਸਨ ਤੇ ਉਸ ਦੇ ਵੱਡੇ ਵਡੇਰਿਆਂ ਦੇ ਸਰਾਧਾਂ ਉੱਤੇ ਬਰਾਹਮਣਾਂ ਨੂੰ ਰਜਾ ਕੇ ਖਵਾਇਆ ਜਾਂਦਾ ਸੀ।

ਉਸ ਦੀ ਇਕੋ ਇਕ ਧੀ ਮਲੂਆ ਨੇ ਆਪਣਾ ਬਾਰ੍ਹਵਾਂ ਸਾਲ ਲੰਘਾ ਲਿਆ ਸੀ ਤੇ ਆਪਣੀ ਚੜ੍ਹਦੀ ਜਵਾਨੀ ਵਿਚ ਪੈਰ ਰੱਖਿਆ ਸੀ। ਪਿਤਾ ਨੂੰ ਉਸ ਦੇ ਵਿਆਹੁਣ ਦਾ ਫਿਕਰ ਲੱਗਾ। ਹੀਰਾਧਰ ਦੀ ਇਹ ਇੱਛਾ ਸੀ ਕਿ ਉਹ ਘਰ ਵਿਚ ਇਕੋ ਇਕ ਤੇ ਧੀ ਸੀ ਇਸ ਲਈ ਉਹਦਾ ਵਿਆਹ ਕਿਸੇ ਰਾਜਕੁਮਾਰ ਦੇ ਮਰਾਤਬੇ ਦੇ ਗਭਰੂ ਨਾਲ ਹੋਣਾ ਚਾਹੀਦਾ ਹੈ। ਕਈਆਂ ਨੀਂਗਰਾਂ ਨੇ ਮਲੂਆ ਦਾ ਸਾਕ ਮੰਗਿਆ ਪਰ ਹੀਰਾਧਰ ਨੂੰ ਉਹਨਾਂ ਵਿਚੋਂ ਕੋਈ ਵੀ ਢੁਕਵਾਂ ਫਬਵਾਂ ਨਾ ਲੱਗਾ। ਇਸ ਲਈ ਉਹ ਉਸ ਦੇ ਵਿਆਹ ਬਾਰੇ ਚਿੰਤਾਤੁਰ ਰਹਿਣ ਲੱਗਾ ।

6. ਫਿਰ ਘਾਟ ਉੱਤੇ

ਆਪਣੀ ਮੰਜੀ ਉਤੇ ਲੇਟ ਕੇ ਮਲੂਆ ਨੇ ਆਪਣੇ ਮਨ ਨੂੰ ਇਸ ਤਰ੍ਹਾਂ ਦੇ ਖਿਆਲਾਂ ਦੇ ਹਵਾਲੇ ਕਰ ਦਿੱਤਾ।

ਇਹ ਗਭਰੂ ਕਿੱਥੋਂ ਆਇਆ ਹੋਵੇ, ਚੰਨ ਵਰਗਾ ਤੇ ਜਵਾਨ? ਹਾਏ! ਉਹ ਅਕਹਿ ਪਲ ਜਦੋਂ ਮੈਂ ਉਸ ਨੂੰ ਪਹਿਲੀ ਵਾਰੀ ਘਾਟ ਉਤੇ ਵੇਖਿਆ ਉਹ ਜਰੂਰ ਹੀ ਇਹਨਾਂ ਜੰਗਲ ਖੰਡਾਂ ਵਿਚ ਭੌਣ ਵਾਲਾ ਹੈ, ਸ਼ਿਕਰਿਆਂ ਦਾ ਸ਼ਿਕਾਰ ਖੇਡਦਾ ਹੈ। ਪਿਛਲੀ ਰਾਤ ਉਹ ਕਿੱਥੇ ਰਿਹਾ ਹੋਵੇਗਾ ਤੇ ਉਸ ਨੇ ਆਪਣਾ ਸ਼ਿਕਰਾ ਕਿੱਥੇ ਰਖਿਆ ਹੋਵੇਗਾ? ਹਾਏ, ਜੇ ਮੈਂ ਆਪ ਕਦੀ ਉਹ ਸ਼ਿਕਰਾ ਹੁੰਦੀ ਤਾਂ ਮੈਂ ਉਸ ਦੇ ਕੋਲ ਹੀ ਰਹਿੰਦੀ ਤੇ ਉਸ ਦੇ ਨਾਲ ਹੀ ਜੰਗਲੋਂ ਜੰਗਲ ਭੌਂਦੀ ਫਿਰਦੀ। ਹੇ ਬਦਲੋ! ਤੁਸੀਂ ਅਸਮਾਨ ਤੋਂ ਕਿਸ ਨੂੰ ਉਚੀ ਉਚੀ ਸਦ ਰਹੇ ਹੋ। ਵੇਖੋ, ਸਾਉਣ ਦਾ ਮੀਂਹ ਸੌ ਨਦੀਆਂ ਵਿਚ ਪੈ ਰਿਹਾ ਹੈ। ਦਰਿਆਵਾਂ ਵਿਚ ਕਾਂਗ ਚੜ੍ਹੀ ਹੋਈ ਹੈ। ਉਹਨਾਂ ਦੇ ਕੰਢਿਆਂ ਉਤੇ ਪਾਣੀ ਹੀ ਪਾਣੀ ਹੈ। ਸਾਰੇ ਪਾਸੇ ਕਿਧਰੇ ਸੁੱਕੀ ਭੋਂਇ ਦਾ ਟੋਟਾ ਨਹੀਂ ਦਿਸਦਾ। ਉਸ ਅਭਾਗੇ ਨੌਜਵਾਨ ਨੇ ਇਹੋ ਜਹੀ ਰਾਤ ਕਿਥੇ ਕੱਟੀ? ਜੇ ਉਹ ਸਾਡੇ ਘਰ ਪਰਾਹੁਣਾ ਬਣ ਕੇ ਆ ਜਾਵੇ ਤਾਂ ਮੈਂ ਆਪਣੇ ਪਿਤਾ ਤੋਂ ਪੁੱਛ ਕੇ ਉਸ ਨੂੰ ਝਟ ਕੁ ਆਰਾਮ ਕਰਨ ਲਈ ਥਾਂ ਦਿਆਂ। ਇਕ ਸੁੰਦਰ ਚਟਾਈ ਮੈਂ ਉਸ ਲਈ ਵਿਛਾ ਦੇਵਾਂ ਤੇ ਪਾਨਾਂ ਦਾ ਇਕ ਡੱਬਾ ਉਸ ਨੂੰ ਪੇਸ਼ ਕਰਾਂ। ਤੇ ਫਿਰ ਉਸ ਨੇ ਸੋਚਿਆ, "ਜੇ ਇਹੋ ਜਿਹਾ ਸੁਖਾਵਾਂ ਪਰਾਹੁਣਾ ਸੱਚੀ ਮੁੱਚੀਂ ਸਾਡੇ ਘਰ ਆ ਜਾਵੇ ਤੇ ਇੱਛਾ ਕਰੇ ਤਾਂ ਮੈਂ ਖੁਸ਼ੀ ਖੁਸ਼ੀ ਉਸ ਨੂੰ ਆਪਣਾ ਆਪ ਹੀ ਪੇਸ਼ ਕਰ ਦਿਆਂ।

ਦੁਪਹਿਰ ਉਸ ਨੇ ਆਪਣੇ ਖਿਆਲਾਂ ਨਾਲ ਸਿਰ ਖਪਾਉਂਦੀਆਂ ਕੱਟੀ। ਤੀਜਾ ਪਹਿਰ ਉਸ ਨੇ ਬਿਸਤਰੇ ਉਤੇ ਵਿਹਲਿਆਂ ਲੇਟ ਕੇ ਕੱਟਿਆ।

ਪਰ ਜਦੋਂ ਸ਼ਾਮ ਹੋਈ ਤਾਂ ਪਿੱਤਲ ਦੀ ਗਾਗਰ ਹੱਥ ਵਿਚ ਫੜ ਕੇ ਉਹ ਘਾਟ ਵਲ ਟੁਰ ਪਈ। ਉਸ ਨੇ ਆਪਣੀਆਂ ਪੰਜਾਂ ਭਾਬੀਆਂ ਨੂੰ ਆਪਣੀ ਅਸਲੀ ਮਨਸ਼ਾ ਨ ਦੱਸੀ।

ਸੋਣ ਦੇ ਡੁਬਦੇ ਸੂਰਜ ਦੀਆਂ ਬਦਲਾਂ ਦੇ ਵਿਚੋਂ ਦੀ ਝਾਕਦੀਆਂ ਕਿਰਨਾਂ ਨੇ ਸਰੀਰ ਵਿਚ ਅਸਹਿ ਗਰਮੀ ਪੈਦਾ ਕਰ ਦਿਤੀ ਸੀ ਤੇ ਇਸੇ ਕਰਕੇ ਹੀ ਮਲੂਆ ਕਲ-ਮਕੱਲੀ ਉਥੇ ਸ਼ਾਮ ਦਾ ਇਸ਼ਨਾਨ ਕਰਨ ਗਈ ਸੀ।

ਨਾ ਕੁੜੀਏ ਲੁਕਾ ਨਾ। ਗਾਗਰ ਪਾਣੀ ਦੀ ਭਰਨੀ ਅਸਲ ਵਿਚ ਤੇਰਾ ਮਨੋਰਥ ਨਹੀਂ ਹੈ। ਇਹ ਤੇ ਇਕ ਪੱਜ ਹੈ। ਨ ਨਹਾਉਣਾ ਹੀ ਤੇਰਾ ਮੰਤਵ ਹੈ। ਇਹ ਵੀ ਇਕ ਬਹਾਨਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਦੋ ਦਿਲ ਇਕ ਦੂਜੇ ਵਲ ਖਿਚੇ ਗਏ ਹਨ। ਤੇ ਇਹ ਪਿਆਰ ਦਾ ਰਾਹ ਹੈ।

ਉਹ ਇਸ਼ਨਾਨ ਘਾਟ ਉਤੇ ਆਈ ਤੇ ਵੇਖਿਆ ਕਿ ਪਿਛਲੇ ਦਿਨ ਵਾਂਗ ਗਭਰੂ ਕਦੰਬ ਬਿਰਛ ਦੇ ਥੱਲੇ ਸੁੱਤਾ ਪਿਆ ਹੈ। ਸ਼ਿਕਰਾ ਪਿੰਜਰੇ ਵਿਚੋਂ ਹੀ ਹਵਾਂਕਿਆ ਤੇ ਚੰਦ ਬਿਨੋਦ ਨੇ ਆਪਣੇ ਲਾਡਲੇ ਪੰਛੀ ਦੀ ਆਵਾਜ਼ ਸੁਣ ਕੇ ਅੱਖਾਂ ਖੋਲ੍ਹੀਆਂ। ਉਸ ਨੇ ਉਤਰਦੀਆਂ ਪੌੜੀਆਂ ਵਲ ਧਿਆਨ ਪਾਇਆ ਤੇ ਓਥੇ ਉਸ ਰੂਪਵਾਨ ਕੁੜੀ ਨੂੰ ਪਾਣੀ ਦੀ ਗਾਗਰ ਭਰਦਿਆਂ ਵੇਖਿਆ।

ਚਾਂਦ ਬਿਨੋਦ

'ਮੇਰੀ ਗੱਲ ਸੁਣ ਮੁਟਿਆਰੇ! ਮੈਂ ਜੰਗਲੋਂ ਜੰਗਲ ਭੌਂਦਾ ਹਾਂ, ਸ਼ਿਕਰਿਆਂ ਦਾ ਸ਼ਿਕਾਰ ਖੇਡਦਾ। ਮੇਰੇ ਦੁੱਖਾਂ ਦੀ ਕਹਾਣੀ ਸੁਣਨ ਵਾਲਾ ਹੋਰ ਏਥੇ ਕੋਈ ਨਹੀਂ। ਮੇਰਾ ਨਾਂ ਚਾਂਦ ਬਿਨੋਦ ਹੈ। ਮੇਰਾ ਪੇਸ਼ਾ ਸ਼ਿਕਰਿਆਂ ਦਾ ਸ਼ਿਕਾਰ ਖੇਡਣਾ ਹੈ। ਹੇ ਸੁੰਦਰੀਏ, ਤੂੰ ਕੌਣ ਹੈਂ? ਹਰ ਰੋਜ਼ ਤੂੰ ਪਾਣੀ ਦੀ ਗਾਗਰ ਭਰਨ ਏਥੇ ਆਉਂਦੀ ਹੈਂ। ਤੂੰ ਕਿਸ ਦੀ ਧੀ ਹੈਂ? ਤੇਰਾ ਵਿਆਹ ਹੋ ਗਿਆ ਹੈ? ਜੇ ਤੂੰ ਕਿਸੇ ਹੋਰ ਦੀ ਹੋ ਚੁੱਕੀ ਹੈਂ ਤਾਂ ਦੱਸ ਦੇ, ਉਸ ਹਾਲਤ ਵਿਚ ਮੈਂ, ਅਖੀਰਲੀ ਵਾਰ ਤੇਰਾ ਸੁੰਦਰ ਮੁਖੜਾ ਵੇਖ ਕੇ ਬਸ ਘਰ ਨੂੰ ਮੁੜ ਜਾਵਾਂਗਾ। ਅਗੋਂ ਤੋਂ ਮੈਂ ਸ਼ਿਕਰਿਆਂ ਦੇ ਸ਼ਿਕਾਰ ਲਈ ਇਸ ਧਰਤੀ ਵਲ ਨਹੀਂ ਆਵਾਂਗਾ। ਕਲ੍ਹ ਵੀ ਮੈਂ ਥੋੜਾ ਜਿਹਾ ਚਿਰ ਤੇਰੇ ਕੋਲ ਰਿਹਾ ਸਾਂ ਪਰ ਅੱਜ ਮੈਂ ਇਕ ਮਨੋਰਥ ਲਈ ਤੇਰੀ ਉਡੀਕ ਕਰ ਰਿਹਾ ਹਾਂ। ਕਿਰਪਾ ਕਰਕੇ ਮੈਨੂੰ ਆਪਣੇ ਬਾਰੇ ਦੱਸ।"

ਮਲੂਆ

ਮੇਰੇ ਪਿਤਾ ਦਾ ਨਾਂ ਹੀਰਾਧਰ ਹੈ ਤੇ ਮੇਰੀ ਮਾਤਾ ਦਾ ਨਾਂ ਅਸ਼ਮਾ।

"ਮੈਂ ਕਲ੍ਹ ਵੀ ਤੈਨੂੰ ਇਸ ਫੁੱਲਾਂ ਵਾਲੇ ਬਿਰਛ ਹੇਠਾਂ ਸੁਤਾ ਪਿਆ ਵੇਖਿਆ ਸੀ।

"ਤੂੰ ਓਪਰਾ ਆਦਮੀ ਹੈਂ ਤੇ ਮੈਨੂੰ ਤੇਰੇ ਨਾਲ ਏਥੇ ਗੱਲ ਕਰਨਾ ਸੋਭਾ ਨਹੀਂ ਦੇਂਦੀ। ਮੇਰੇ ਪਿਤਾ ਦੇ ਘਰ ਆ ਜਾ ਤੇ ਉਥੇ ਪਰਾਹੁਣਾ ਬਣ ਕੇ ਰਹਿ।

"ਸ਼ਿਕਰਾ ਹੱਥ ਉਥੇ ਬਹਾ ਕੇ ਤੂੰ ਜੰਗਲ ਵਿਚ ਭੌਂਦਾ ਰਹਿੰਦਾ ਹੈਂ। ਇਸ ਉਜਾੜ ਵਿਚ ਤੂੰ ਆਪਣੀਆਂ ਰਾਤਾਂ ਕਿਵੇਂ ਕੱਟਦਾ ਹੈਂ? ਏਥੇ ਸ਼ੇਰਾਂ ਰਿੱਛਾਂ ਦੀ ਭਰਮਾਰ ਹੈ। ਤੈਨੂੰ ਆਪਣੀ ਜਾਨ ਦੀ ਪਰਵਾਹ ਨਹੀਂ? ਤਲਾ ਘਾਹ-ਬੂਟ ਨਾਲ ਕਜ਼ਿਆ ਪਿਆ ਹੈ। ਇਸ ਦੇ ਕੰਡਿਆਂ ਵਿਚ ਡੂੰਘੀਆਂ ਖੁਡਾਂ ਹਨ ਜਿਹੜੀਆਂ ਕਾਲੇ ਨਾਗਾਂ ਦੇ ਘਰ ਹਨ। ਜੇ ਕੋਈ ਤੈਨੂੰ ਵੱਢ ਗਿਆ ਤਾਂ ਇਸ ਚੜ੍ਹਦੀ ਜਵਾਨੀ ਵਿਚ ਤੇਰੇ ਜੀਵਨ ਦਾ ਅੰਤ ਹੋ ਜਾਏਗਾ। ਮੇਰਾ ਪਿਤਾ ਤੇ ਮਾਤਾ ਆਪਣੇ ਧਰਮਾਤਮਾ ਜੀਵਨ ਸਦਕਾ ਸਾਰੇ ਇਲਾਕੇ ਵਿਚ ਪਰਸਿੱਧ ਹਨ। ਘਰ ਵਿਚ ਮੇਰੇ ਪੰਜ ਭਰਾ ਹਨ ਤੇ ਬਹੁਤ ਸਾਰੇ ਹੋਰ ਸਾਕ ਅੰਗ ਹਨ। ਅਸੀਂ ਸਾਰੇ ਇਕੱਠੇ ਰਹਿੰਦੇ ਹਾਂ। ਸਾਡੇ ਘਰ ਆ ਕੇ ਰਾਤ ਸਾਡੇ ਕੋਲ ਕੱਟ। ਜਿਸ ਰਾਹੋਂ ਮੈਂ ਜਾਵਾਂ ਤੂੰ ਉਸੇ ਰਾਹੇ ਨ ਆਵੇਂ ਤਾਂ ਚੰਗਾ ਹੈ। ਔਹ ਹੈ ਪਿੰਡ ਦਾ ਰਾਹ ਜਿੱਥੇ ਬੰਦੇ ਜਨਾਨੀਆਂ ਭੌਂਦੇ ਰਹਿੰਦੇ ਹਨ। ਓਸ ਰਾਹੇ ਅਗ੍ਹਾਂ ਆ ਕੇ ਤੈਨੂੰ ਇਕ ਵੱਡੀ ਹਵੇਲੀ ਦਿਸੇਗੀ ਜਿਸ ਦੇ ਬੂਹੇ ਰਸਤੇ ਤੋਂ ਦਿਸਦੇ ਪਏ ਹਨ। ਸਾਮ੍ਹਣੇ ਇਕ ਛੱਪੜ ਹੈ ਜਿਸ ਵਿਚ ਉਤਰਦੀਆਂ ਪੌੜੀਆਂ ਪੱਥਰ ਦੀਆਂ ਬਣੀਆਂ ਹੋਈਆਂ ਹਨ। ਘਰ ਦਾ ਮੂੰਹ ਪੂਰਬ ਵਲ ਹੈ ਤੇ ਉਸ ਦੇ ਬੂਹੇ ਸ਼ੀਸ਼ੇ ਦੇ ਬਣੇ ਹੋਏ ਨੇ। ਇਸ ਦੇ ਸਾਮ੍ਹਣੇ ਤੇ ਪਿੱਛੇ ਬਾਗ਼ ਹੈ ਜਿਹੜਾ ਫੁੱਲਾਂ ਤੇ ਫਲਾਂ ਨਾਲ ਭਰਿਆ ਪਿਆ ਹੈ। ਜੇ ਤੂੰ ਗਵਾਂਢੀਆਂ ਤੋਂ ਪੁੱਛੇਂਗਾ ਤਾਂ ਉਹ ਆਖਣਗੇ ਇਹ ਪਿੰਡ ਦੇ ਮੁਖੀਏ ਦਾ ਘਰ ਹੈ। ਤੈਨੂੰ ਇਸ ਵਿਰਾਨ ਵਿਚ ਰਾਤ ਕਟੱਣ ਦੀ ਕੀ ਲੋੜ ਹੈ? ਜੇ ਤੂੰ ਸਾਡੇ ਘਰ ਆਵੇਂਗਾ ਤਾਂ ਅਸੀਂ ਤੇਰੇ ਲਈ ਇਕ ਠੰਡੀ ਜਹੀ ਚਿਟਾਈ ਵਿਛਾ ਦਿਆਂਗੇ। ਮੇਰੀਆਂ ਪੰਜ ਭਾਬੀਆਂ ਤੇਰੀ ਰਾਤ ਦੀ ਰੋਟੀ ਲਈ ਕਈ ਤਰ੍ਹਾਂ ਦੇ ਪਕਵਾਣ ਪਕਾਣਗੀਆਂ। ਰਹੁ, ਬੀਬੇ ਜਵਾਨ; ਅੱਜ ਦੀ ਰਾਤ ਸਾਡੇ ਕੋਲ ਰਹੁ।"

ਇਹ ਆਖ ਕੇ ਮਲੂਆ ਪਾਣੀ ਦੀ ਗਾਗਰ ਲੈ ਕੇ ਟੁਰ ਗਈ ਹੈ ਤੇ ਚਾਂਦ ਬਿਨੋਦ ਨੇ ਪਿੰਜਰੇ ਹੱਥ ਵਿਚ ਫੜ ਹੋਰ ਰਾਹ ਫੜਿਆ।

7. ਸੁਖਾਵਾਂ ਪਰਾਹੁਣਾ

ਸੰਝ ਵੇਲੇ ਇਕ ਗਭਰੂ ਘਰ ਆਇਆ। ਹੀਰਾਧਰ ਨੇ ਆਪਣੇ ਪੰਜਾਂ ਪੁਤਰਾਂ ਨੂੰ ਸੱਦਿਆ ਤੇ ਉਹਨਾਂ ਨੂੰ ਪਰਾਹੁਣੇ ਦੀ ਸੇਵਾ ਕਰਨ ਨੂੰ ਆਖਿਆ। ਉਹਨਾਂ ਹੱਥ ਪੈਰ ਧੋਣ ਲਈ ਉਹਨੂੰ ਠੰਡਾ ਪਾਣੀ ਲਿਆ ਦਿਤਾ। ਉਹਨਾਂ ਦੀਆਂ ਵਾਹੁਟੀਆਂ ਨੇ ਉਸ ਦੇ ਆਦਰ ਲਈ ਵਧੀਆ ਰੋਟੀ ਪਕਾਈ।

ਕਾਈ ਮੱਛੀ ਤੇ ਜੀਰੇ ਨਾਲ ਤਰੀ ਵਾਲਾ ਸਾਲਨ ਬਣਾਇਆ ਗਿਆ। ਇਕ ਇਕ ਕਰਕੇ ਛੇ ਭੋਜਨ ਤਿਆਰ ਕੀਤੇ ਗਏ। ਸੁਕੀ ਮੱਛੀ ਤੇ ਚੋਲਾਂ ਦੇ ਮਾਂਝੇ ਨੂੰ ਭੁੰਨਿਆ ਗਿਆ। ਪੰਜਾਂ ਭਰਾਵਾਂ ਦੇ ਨਾਲ ਚਾਂਦ ਬਿਨੋਦ ਖਾਣ ਬੈਠਾ। ਉਸ ਨੂੰ ਭੋਜਨ ਦਾ ਬੜਾ ਸੁਆਦ ਆਇਆ। ਅਸਲ ਵਿਚ ਉਸ ਨੇ ਏਨੀ ਸੁਵਾਦੀ ਰੋਟੀ ਕਦੀ ਖਾਧੀ ਹੀ ਨਹੀਂ ਸੀ। ਸਾਲਨ ਉਸ ਨੇ ਬਹੁਤ ਖੁਸ਼ ਹੋ ਕੇ ਖਾਧੇ। ਤਲੀਆਂ ਹੋਈਆਂ ਚੀਜ਼ਾਂ ਬੜੀਆਂ ਮਜ਼ੇਦਾਰ ਸਨ। ਹਰ ਕਿਸਮ ਦੀਆਂ ਮਿੱਠੀਆਂ ਟਿੱਕੀਆਂ ਜਿਨ੍ਹਾਂ ਵਿਚ, ਖੋਇਆ ਪਾਇਆ ਹੋਇਆ ਤੇ ਖੰਡ ਦੀ ਚਾਸਨੀ ਵਿਚ ਰਖ ਕੇ ਚਸ ਦਿੱਤੀ ਹੋਈ ਚਾਂਦ ਬਿਨੋਦ ਨੂੰ ਉਪਰੋ-ਥਲੀ ਦਿੱਤੀਆਂ ਗਈਆਂ ਤੇ ਉਸ ਰੱਜ ਕੇ ਮਾਣੀਆਂ।

ਜਦੋਂ ਖਾਣਾ ਖਤਮ ਹੋਇਆ ਤਾਂ ਉਸ ਨੂੰ ਬਾਹਰਲੀ ਹਵੇਲੀ ਵਿਚ ਕੋਠਾ ਵਿਖਾ ਦਿਤਾ ਗਿਆ। ਪੰਜਾਂ ਨਾਰਾਂ ਨੇ ਲੌਂਗ ਤੇ ਇਲਾਚੀ ਪਾ ਕੇ ਸ਼ਾਦੀ ਪਾਨ ਬਣਾਏ ਹੋਏ ਸਨ। ਇਕ ਸੁੰਦਰ ਚਿਟਾਈ ਉਤੇ ਇਕ ਵਧੀਆ ਬਿਸਤਰਾ ਵਿਛਾ ਦਿਤਾ ਗਿਆ ਤੇ ਅਬਰਕ ਨਾਲ ਸ਼ਿੰਗਾਰਿਆ ਇਕ ਪੱਖਾ ਬਿਸਤਰੇ ਦੇ ਇਕ ਪਾਸੇ ਰਖ ਦਿਤਾ ਗਿਆ।

ਰਾਤ ਉਹ ਗੂੜ੍ਹੀ ਨੀਂਦਰ ਸੁਤਾ ਤੇ ਸਵੇਰੇ ਉਸ ਨੇ ਆਪਣੇ ਮੇਜ਼ਬਾਨ ਤੋਂ ਵਿਦਾ ਲਈ। ਉਸ ਨੇ ਹੀਰਾਧਰ ਨੂੰ ਪਰਨਾਮ ਕੀਤਾ ਤੇ ਨਾਲੇ ਉਸ ਦੇ ਪੰਜਾਂ ਪੁੱਤਰਾਂ ਨੂੰ ਤੇ ਫਿਰ ਉਸ ਥਾਂ ਤੋਂ ਟੁਰ ਪਿਆ।

8. ਸਾਕ ਮੰਗਣਾ

ਚਾਂਦ ਬਿਨੋਦ ਆਪਣੀ ਭੈਣ ਕੋਲ ਗਿਆ ਤੇ ਜੋ ਕੁਝ ਹੋਇਆ ਸੀ ਉਹ ਸਭ ਕੁਝ ਉਸ ਨੂੰ ਦੱਸਿਆ। ਪਰ ਸੁਭਾਵਕ ਹੀ ਮਲੂਆ ਨਾਲ ਵਿਆਹ ਕਰਨ ਦੀ ਇੱਛਾ ਦੱਸ ਦਿਆਂ ਉਸ ਨੂੰ ਸੰਗ ਆਉਂਦੀ ਸੀ। ਪਰ ਭੈਣ ਦਾ ਦਿਲ ਬਿਨਾ ਦਸੇ ਹੀ ਭਰਾ ਦੇ ਧੁਰ-ਅੰਦਰਲੇ ਖ਼ਿਆਲ ਬੁਝ ਗਿਆ।

ਫਿਰ ਉਹ ਘਰ ਆਇਆ ਪਰ ਆਪਣੀ ਮਾਂ ਨੂੰ ਆਪਣੀ ਚਾਹਨਾ ਦੱਸਦਿਆਂ ਉਸ ਨੂੰ ਬੜੀ ਝੇਪ ਆਉਂਦੀ ਸੀ। ਸਾਉਣ ਤੇ ਭਾਦਰੋਂ ਲੰਘ ਗਏ ਤੇ ਹੁਣ ਅਸੂ ਆ ਗਿਆ ਸੀ। ਉਹ ਆਪਣੇ ਦਿਲ ਦੀ ਪੀੜ ਹੋਰ ਬਹੁਤਾ ਚਿਰ ਨਹੀਂ ਸਹਾਰ ਸਕਦਾ ਸੀ ਉਸ ਨੇ ਸਾਰੀ ਗੱਲ ਆਪਣੇ ਸਾਥੀਆਂ ਨੂੰ ਦੱਸ ਦਿੱਤੀ।

ਇਸ ਤਰ੍ਹਾਂ ਹੌਲੀ ਹੌਲੀ ਗੱਲ ਉਸ ਦੀ ਮਾਂ ਦੇ ਕੰਨਾਂ ਤਕ ਅਪੜੀ। ਉਸ ਨੇ ਇਕ ਨਾਈ ਹੀਰਾਧਰ ਕੋਲ ਮਲੂਆ ਦਾ ਸਾਕ ਮੰਗਣ ਲਈ ਭੇਜਿਆ।

ਜਦੋਂ ਯਾਰ੍ਹਵਾਂ ਵਰ੍ਹਾ ਟੱਪਿਆ ਸੀ ਤੇ ਕੁੜੀ ਨੇ ਬਾਰ੍ਹਵੇਂ ਵਿਚ ਪੈਰ ਧਰਿਆ ਸੀ, ਉਸ ਵੇਲੇ ਤੋਂ ਹੀ ਉਸ ਦੇ ਮਾਪੇ ਯੋਗ ਵਰ ਦੀ ਭਾਲ ਵਿਚ ਸਨ।

ਜਿਹੜੇ ਖੱਪੜੇ ਉਹ ਪਹਿਲਾਂ ਪਾਂਦੀ ਹੁੰਦੀ ਸੀ। ਉਹ ਉਸ ਨੂੰ ਛੋਟੇ ਹੋ ਗਏ। ਉਹ ਆਪਣੀ ਵਧ ਰਹੀ ਸੁੰਦਰਤਾ ਨੂੰ ਆਪਣੀ ਸਾੜ੍ਹੀ ਨਾਲ ਛੁਪਾਣ ਦੀ ਨਿਸਫਲ ਕੋਸ਼ਿਸ਼ ਕਰਦੀ।

ਆਂਢਣਾਂ ਗੁਆਂਢਣਾਂ ਉਸ ਦੇ ਕੰਨਾਂ ਵਿਚ ਕਈ ਸੁਆਦੀ ਮਖੌਲ ਕਰਦੀਆਂ। ਕਈ ਆਖੰਦੀਆਂ, "ਵੇਖ ਜਵਾਨੀ ਦੀ ਕਲੀ ਖਿੜ ਰਹੀ ਹੈ।" ਹਾੜ ਵਿਚ ਹੀਰਾਧਰ ਕਿਧਰੇ ਵਿਆਹ ਪਕਾ ਨਾ ਕਰ ਸਕਿਆ। ਸਾਉਣ ਭਾਦੋਂ ਨਹਿਸ਼ ਗਿਣਿਆ ਜਾਂਦਾ ਸੀ। ਆਪਣੇ ਪਤੀ ਦੀ ਸਰਧਾਲੂ, ਬਹੁਲਾ ਵਿਧਵਾ ਹੋ ਗਈ ਸੀ। ਕਿਉਂਕਿ ਉਸ ਦਾ ਵਿਆਹ ਸਾਉਣ ਵਿਚ ਹੋਇਆ ਸੀ। ਭਾਦੋਂ ਵਿਚ ਉਸ ਦੇਸ਼ ਦੇ ਰਿਵਾਜ ਅਨੁਸਾਰ ਕੋਈ ਧਾਰਮਿਕ ਰਸਮ ਨਹੀਂ ਹੋ ਸਕਦੀ ਸੀ। ਇਸ ਲਈ ਉਸ ਦਾ ਵਿਆਹ ਅੱਗੇ ਪਾਉਣਾ ਪਿਆ। ਅਸੂ ਵਿਚ ਲੋਕ ਪੂਜਾ ਵਿਚ ਰੁਝ ਜਾਂਦੇ ਸਨ ਇਸ ਲਈ ਵਿਆਹ ਦੇ ਕੰਮ ਵਲ ਕੋਈ ਧਿਆਨ ਨਾ ਦਿਤਾ ਗਿਆ। ਕਤੇ ਦੇ ਮਹੀਨੇ ਹੀਰਾਧਰ ਨੂੰ ਆਪਣੀ ਕੰਨਿਆ ਲਈ ਵਰ ਦੀ ਉਮੀਦ ਸੀ ਜਿਹੜਾ ਯੁੱਧਵੀਰ ਦੇਵਤਾ ਕਾਰਤਿਕ ਵਾਂਗ ਸਕਲਵੰਦ ਹੋਵੇ। ਪਰ ਜਿੰਨੇ ਵੀ ਸਾਕ ਆਏ ਉਹਨਾਂ ਵਿਚੋਂ ਕੋਈ ਉਸ ਦੀਆਂ ਆਸਾਂ ਦੇ ਤੁਲ ਨਾ ਨਿਕਲਿਆ। ਮਘਰ ਵਿਚ ਖੇਤ ਸੋਨੇ ਰੰਗੀ ਪਕੀ ਫਸਲ ਨਾਲ ਸਜੇ ਹੋਏ ਸਨ। ਹੀਰਾਧਰ ਦਾ ਖ਼ਿਆਲ ਸੀ ਕਿ ਇਸ ਮਹੀਨੇ ਉਸ ਦੀ ਧੀ ਲਈ ਵਰ ਮਿਲ ਜਾਏਗਾ। ਜਿਹੜਾ ਖੇਤਾਂ ਦੀਆਂ ਭਰਵੀਆਂ ਫਸਲਾਂ ਵਾਂਗ ਸ਼ਾਨਦਾਰ ਲੱਗੇਗਾ। ਪਰ ਇਸ ਭਾਂਤ ਦਾ ਕੋਈ ਨਾ ਮਿਲ ਸਕਿਆ। ਪੋਹ ਵਿਚ ਦੇਸ਼ ਵਿਚ ਸੰਘਣੀ ਧੁੰਦ ਛਾਈ ਹੋਈ ਸੀ ਤੇ ਦੇਸ਼ ਦੇ ਰਿਵਾਜ ਅਨੁਸਾਰ ਉਸ ਮਹੀਨੇ ਵਿਚ ਵਿਆਹ ਨਹੀਂ ਹੋ ਸਕਦਾ ਸੀ। ਮਾਘ ਵਿਚ ਨਾਈ ਸੰਭਵ ਵਰਾਂ ਦੀਆਂ ਸੂਚੀਆਂ ਲੈ ਕੇ ਆ ਗਏ ਤੇ ਪਿਤਾ ਨੇ ਇਹਨਾਂ ਗੰਢਾਂ ਉਤੇ ਵਿਚਾਰ ਅਰੰਭੀ। ਚੰਪਤਾਲੇ ਦੇ ਸੁਦਾਗਰ ਸੋਨਾ ਧਾਰ ਦਾ ਕਰਤਿਕ ਦੇਵਤੇ ਵਰਗਾ ਸੁੰਦਰ ਇਕੋ ਇਕ ਪੁੱਤਰ ਸੀ। ਉਸ ਦੀ ਢਾਈ ਪੂਰੇ ਜਮੀਨ ਸੀ। ਪਰ ਹੀਰਾਧਰ ਨੇ ਕਿਹਾ, ਇਸ ਘਰਾਣੇ ਦਾ ਕੋਈ ਸਮਾਜਕ ਮਹਤੱਵ ਨਹੀਂ, "ਦੀਵਾਲ ਵਾਦੀ ਤੋਂ ਇਕ ਹੋਰ ਸਾਕ ਆਇਆ ਸੀ। ਉਸ ਉਤੇ ਵਿਚਾਰ ਹੋਈ। ਘਰ ਤੇ ਅਮੀਰ ਹੈ। ਉਹ ਜੀ ਵੀ ਬਹੁਤ ਹਨ। ਉਹਨਾਂ ਦਾ ਵਾੜਾ ਡੰਗਰਾਂ ਨਾਲ ਭਰਿਆ ਹੋਇਆ ਹੈ ਤੇ ਉਹਨਾਂ ਦੇ ਖੇਤਾਂ ਵਿਚ ਹਰ ਭਾਂਤ ਦੇ ਵਧੀਆ ਚਾਉਲ ਹੁੰਦੇ ਹਨ ਜਿਹੜੇ ਉਹ ਵੱਡੇ ਵੱਡੇ ਕੰਡਿਆ ਉਤੇ ਤੋਲ ਕੇ ਭੰਡਾਰਾਂ ਵਿਚ ਭਰ ਲੈਂਦੇ ਹਨ।" ਪਰ ਹੀਰਾਧਰ ਵਿਆਹ ਦੀ ਇਸ ਪੇਸ਼ਕਸ ਉਤੇ ਵੀ ਹਾਂ ਨਾ ਕਰ ਸਕਿਆ। ਔਕੜ ਓਹੋ ਪਹਿਲੇ ਵਾਲੀ ਸੀ। ਉਹਨਾਂ ਦਾ ਭਾਈ ਚਾਰੇ ਵਿਚ ਸਥਾਨ ਉੱਚਾ ਨਹੀਂ ਸੀ। ਨਾਲੇ ਉਸ ਟੱਬਰ ਉਤੇ ਕੋਈ ਊਜ ਲਗਦੀ ਸੀ। ਉਤਰ ਵਲੋਂ ਸੂਸੰਗ ਦੇ ਸਥਾਨ ਤੋਂ ਵੀ ਇਕ ਪੇਸ਼ਕਸ਼ ਆਈ ਸੀ। ਉਹ ਵੀ ਚੰਗੇ ਸੌਖੇ ਸਨ। ਤੇ ਉਹਨਾਂ ਦੇ ਘਰ ਦਾ ਬੰਦੋਬਸਤ ਬਹੁਤ ਵਧੀਆ ਸੀ। ਪਿਤਾ ਚਾਉਲਾਂ ਦਾ ਵਪਾਰ ਕਰਦਾ ਸੀ ਤੇ ਉਹਦੇ ਚਾਰ ਪੁੱਤਰ ਫਰਿਸ਼ਤਿਆਂ ਵਾਂਗ ਸੋਹਣੇ ਸਨ। ਉਹਨਾਂ ਦੌੜਾਂ ਵਾਸਤੇ ਬਹੁਤ ਸਾਰੀਆਂ ਸਜਾਈਆਂ ਹੋਈਆਂ ਬੇੜੀਆਂ ਰਖੀਆਂ ਹੋਈਆਂ ਸਨ। ਜਿਹੜੀਆਂ ਪੱਤਣ ਉਤੇ ਲੰਗਰ ਸੁਟੀ ਰਖਦੀਆਂ ਨਾਲੇ ਉਹਨਾਂ

ਚਾਰ ਭਿੜਨ ਵਾਲੇ ਬਲਦ ਰਖੇ ਹੋਏ ਸਨ । ਘਰ ਵਿਚ ਅਨਾਜ ਏਨਾ ਸੀ ਕਿ ਜੇ ਬਹੁਤ ਸਾਰਾ ਖਰਾਬ ਚਲਾ ਜਾਏ ਤਾਂ ਉਹਨਾਂ ਨੂੰ ਕੋਈ ਫਿਕਰ ਨਹੀਂ ਸੀ । ਪਰ ਹੀਰਾਧਰ ਨੇ ਮੱਥੇ ਉਤੇ ਵਟ ਪਾ ਕੇ ਕਿਹਾ, ਉਹਨਾਂ ਦਾ ਇਕ ਵੱਡਾ ਵਡੇਰਾ ਕੋਹੜਾ ਸੀ । ਮੇਰੀ ਧੀ ਉਸ ਘਰ ਵਿਚ ਨਹੀਂ ਵਿਆਹੀ ਜਾ ਸਕਦੀ । ਜਦੋਂ ਸੂਚੀ ਉਤੇ ਇਸ ਤਰ੍ਹਾਂ ਦਾ ਵਿਚਾਰ ਹੋ ਰਿਹਾ ਸੀ ਤਾਂ ਚਾਂਦ ਬਿਨੋਦ ਦੀ ਮਾਂ ਵਲੋਂ ਕੁੜੀ ਦੇ ਸਾਕ ਦੀ ਮੰਗ ਅਪੜੀ । ਨਾਈ ਤੋਂ ਹੀਰਾਧਰ ਨੇ ਮੁੰਡੇ ਦੇ ਮਾਪਿਆਂ ਤੇ ਘਰ ਬਾਰੇ ਸਭ ਕੁਝ ਪੱਛਿਆ । ਮੁੰਡਾ ਸਿਆਣਾ ਤੇ ਸ਼ਕਲਵੰਦ ਸੀ । ਭਾਈਚਾਰੇ ਵਿਚ ਉਹਦਾ ਦਰਜਾ ਉਚਾ ਸੀ । ਹੋਲੇ ਕੈਬਰਤਿਆਂ ਵਿਚੋਂ ਕਿਸੇ ਦਾ ਸਮਾਜਕ ਮਾਨ ਉਸ ਤੋਂ ਵਧ ਨਹੀਂ ਸੀ । ਉਸ ਦਾ ਪਿਤਾ ਇਲਾਕੇ ਦਾ ਵੱਡਾ ਆਦਮੀ ਸੀ ਤੇ ਖਾਨਦਾਨ ਵਿਚੋਂ ਕਿਸੇ ਦੀ ਕੋਈ ਬਦਨਾਮੀ ਨਹੀਂ । "ਪਰ ਮੈਂ ਆਪਣੀ ਧੀ ਇਹੋ ਜਿਹੇ ਘਰ ਵਿਚ ਕਿਸ ਤਰ੍ਹਾਂ ਦੇ ਸਕਦਾ ਹਾਂ ।" ਹੀਰਾਧਰ ਨੇ ਬੁਲ੍ਹ ਵਟ ਕੇ ਸੋਚਿਆ "ਉਹਦੇ ਕੋਲ ਤੇ ਚੌਲ ਸੁਕਣ ਲਈ ਵੀ ਇਕ ਕਿਲਾ ਭੋਂਇ ਦਾ ਨਹੀਂ । ਇਕੋ ਕੋਠਾ ਜਿਸ ਦੀ ਕਾਨਿਆਂ ਦਾ ਛੱਤ ਗਲੀ ਪਈ ਹੈ । ਮੇਰੀ ਧੀ ਮੀਂਹਾਂ ਵਿਚ ਉਸ ਕੋਠੇ ਵਿਚ ਕਿਵੇਂ ਰਹੇਗੀ । ਉਹ ਆਪਣੇ ਮਾਪਿਆਂ ਦੀ ਬਹੁਤ ਲਾਡਲੀ ਹੈ ਤੇ ਉਸ ਦੇ ਪੰਜ ਭਰਾ ਉਸ ਨੂੰ ਆਪਣੀਆਂ ਜਾਨਾਂ ਵਾਂਗ ਪਿਆਰ ਕਰਦੇ ਹਨ । ਉਹ ਇਹ ਅੱਤ ਦੀ ਗਰੀਬੀ ਕਿਵੇਂ ਸਹਾਰੇਗੀ ਜੇ ਫਸਲਾਂ ਦੀ ਦੇਵੀ ਦੀ ਪੂਜਾ ਲਈ ਚੌਲਾਂ ਦੀ ਮੁੱਠ ਦੀ ਲੋੜ ਹੋਵੇ, ਉਹ ਅੰਦਰੋਂ ਕੱਢ ਕੇ ਨਹੀਂ ਦੇ ਸਕਦੇ, ਮੇਰੀ ਧੀ ਨੂੰ ਤੇ ਆਪਣੀ ਰੇਸ਼ਮ ਦੀ ਸਾੜ੍ਹੀ ਵੀ ਤਾਂ ਪਸੰਦ ਨਹੀਂ । ਉਹ ਲੀਰਾਂ ਕਿਸ ਤਰ੍ਹਾਂ ਹੰਢਾਏਗੀ । ਨਹੀਂ, ਨਹੀਂ, ਇਹ ਨਹੀਂ ਹੋ ਸਕਦਾ । ਮੈਂ ਉਥੇ ਸਾਕ ਨਹੀਂ ਕਰ ਸਕਦਾ ।"

ਨਾਈ ਪਿੱਛਾਂ ਮੁੜ ਗਿਆ ਤੇ ਸਾਰੀ ਗੱਲ ਚਾਂਦ ਬਿਨੋਦ ਦੀ ਮਾਂ ਨੂੰ ਦਸ ਦਿਤੀ । ਉਹ ਦੁਖੀ ਹੋਈ । ਪਰਮਾਤਮਾ ਮੇਰੇ ਪੁੱਤਰ ਦੀ ਇਛਾ ਪੂਰੀ ਨਹੀਂ ਕਰਦਾ" ਉਸ ਨੇ ਸੋਚਿਆ । "ਹੁਣ ਕੀ ਕੀਤਾ ਜਾ ਸਕਦਾ ਹੈ ।" ਚਾਂਦ ਬਿਨੋਦ ਨੂੰ ਇਸ ਬਾਰੇ ਆਪਣੇ ਮਿੱਤਰਾਂ ਤੋਂ ਪਤਾ ਲਗਾ । ਉਸ ਨੇ ਹੁਣ ਇਹ ਪ੍ਰਣ ਕਰ ਲਿਆ ਕਿ ਉਹ ਕਿਧਰੇ ਪਰਦੇਸ ਜਾ ਕੇ ਆਪਣੀ ਕਿਸਮਤ ਅਜ਼ਮਾਏਗਾ ।

9. ਕਿਸਮਤ ਦਾ ਚੱਕਰ

ਇਕ ਦਿਨ ਉਹ ਸਵੇਰੇ ਉਠਿਆ ਤੇ ਆਪਣੀ ਮਾਂ ਨੂੰ ਕਹਿਣ ਲੱਗਾ, "ਮੈਨੂੰ ਵਿਹਲਾ ਘਰ ਬੈਠੇ ਰਹਿਣਾ ਸੋਭਾ ਨਹੀਂ ਦਿੰਦਾ । ਮੈਂ ਖੈਰੀਂ ਮਹਿਰੀ ਗਭਰੂ ਹਾਂ । ਸਾਡੇ ਕੋਲ ਖਾਣ ਨੂੰ ਚੌਲ ਨਹੀਂ ਤੇ ਨਾ ਹੀ ਕੋਈ ਕਮਾਈ ਹੋ ਰਹੀ ਏ । ਇਸ ਤਰ੍ਹਾਂ ਅਸੀਂ ਆਪਣੇ ਘਰਾਣੇ ਦਾ ਮਾਨ ਕਿਵੇਂ ਬਚਾ ਸਕਦੇ ਹਾਂ । ਮਾਤਾ ਜੀ ਮੈਨੂੰ ਪਰਦੇਸ ਜਾ ਕੇ ਕਮਾਈ ਕਰਨ ਦੀ ਆਗਿਆ ਦਿਓ । ਮੈਂ ਇਸ ਗੱਲ ਉਤੇ ਦ੍ਰਿੜ ਹਾਂ ।

ਰਾਤ ਦੇ ਰਿੰਨ੍ਹੇ ਹੋਏ ਕੁਝ ਚੌਲ ਪਏ ਸਨ । ਹਰੀਆਂ ਮਿਰਚਾਂ ਪਾ ਕੇ ਉਸ ਨੇ ਉਹ ਖਾ ਲਏ । ਆਪਣੀ ਮਾਂ ਦੇ ਪੈਰਾਂ ਨੂੰ ਹੱਥ ਲਾ ਕੇ ਉਸ ਨੇ ਆਗਿਆ ਲਈ ਤੇ ਫਿਰ ਘਰੋਂ ਟੁਰ ਪਿਆ । ਆਪਣਾ ਸਿਖਾਇਆ ਹੋਇਆ ਸ਼ਿਕਰਾ ਉਸ ਨੇ ਪਿੰਜਰੇ ਵਿਚ ਪਾ ਕੇ ਨਾਲ ਲੈ ਲਿਆ । ਜਿਹੜਾ ਰਾਹ ਧਰਮਸਾਲਾ ਕੋਲੋਂ ਲੰਘਦਾ ਸੀ, ਉਸ ਰਾਹੇ ਉਹ ਪੈ ਗਿਆ । ਅਭਾਗੀ ਮਾਂ ਬੂਹੇ ਵਿਚ ਖਲੋਤੀ

ਉਸ ਨੂੰ ਜਾਂਦੇ ਨੂੰ ਵੇਖਦੀ ਰਹੀ । ਬਾਂਸਾਂ ਦੇ ਝੁੰਡਾਂ ਵਿੱਚੋਂ ਦੀ ਤੇ ਬਿਰਛਾਂ ਦੀਆਂ ਪੱਤਰਾਂ ਵਾਲੀਆਂ ਟਾਹਣੀਆਂ ਜਿਹੜੀਆਂ ਪੱਲੀਆਂ ਜਹੀਆਂ ਉਸ ਦੀ ਕੰਡ ਨੂੰ ਖਹਿਦੀਆਂ ਸਨ, ਵਿਚੋਂ ਦੀ ਜਾਂਦਾ ਉਹ ਦਿਸਦਾ ਰਿਹਾ । ਜਦੋਂ ਉਹ ਨਜ਼ਰੋਂ ਉਹਲੇ ਹੋ ਗਿਆ ਤਾਂ ਉਸ ਨੇ ਆਪਣੀਆਂ ਅੱਖਾਂ ਪੂੰਝੀਆਂ ਤੇ ਹੌਲੀ ਹੌਲੀ ਟੁਰਦੀ ਉਹ ਘਰ ਆ ਗਈ ।

ਉਸ ਨੂੰ ਗਿਆਂ ਕਈ ਮਹੀਨੇ ਲੰਘ ਗਏ ਤੇ ਫਿਰ ਇਕ ਵਰ੍ਹਾ ਪੂਰਾ ਹੋ ਗਿਆ ।

"ਹੇ ਚਾਂਦ ਬਿਨੋਦ ਦੀ ਮਾਂ, ਤੇਰੇ ਸਹਿਸੇ ਮੁੱਕ ਗਏ ਹਨ । ਬਾਹਰ ਆ ਕੇ ਵੇਖ ਤੇਰਾ ਲਾਡਲਾ ਮੁੜ ਆਇਆ ਹੈ ।" ਆਪਣੀ ਗਵਾਂਢਣ ਦੀ ਇਹ ਗੱਲ ਸੁਣਕੇ ਉਹ ਖੁਸ਼ੀ ਨਾਲ ਝਲੀ ਹੋ ਗਈ ਤੇ ਝਟ ਪਟ ਬਾਹਰ ਆ ਕੇ ਰਾਹ ਵਿਚ ਖਲੋ ਗਈ । ਸਾਲ ਪਿਛੋਂ ਪਰਤੇ ਪੁੱਤਰ ਦਾ ਮੂੰਹ ਤਕ ਕੇ ਉਹਦੀਆਂ ਅੱਖਾਂ ਵਿਚ ਹੰਝੂ ਆ ਗਏ । ਸ਼ਿਕਰਿਆਂ ਦਾ ਸ਼ਿਕਾਰ ਇਸ ਵਾਰੀ ਬਹੁਤ ਲਾਭਵੰਦ ਕੰਮ ਰਿਹਾ ਸੀ ।

ਉਸ ਨੇ ਭੋਂਇ ਦੇ ਕੁਝ ਵਡੇ ਵਡੇ ਟੋਟੇ ਤੇ ਕਈ ਮਕਾਨ ਲਏ ਸਨ । ਇਸ ਤੋਂ ਬਿਨਾਂ ਉਸ ਨੂੰ ਕਈ ਇਨਾਮ ਤੇ ਦਾਤਾਂ ਮਿਲੀਆਂ ਸਨ । ਦੀਵਾਨ ਸਾਹਿਬ, ਜਿਹੜਾ ਦਵਾਲੇ ਦੇ ਦੇਸ਼ ਦਾ ਵਾਲੀ ਸੀ, ਨੇ ਉਸ ਉਤੇ ਮਿਹਰ ਕੀਤੀ ਸੀ ਤੇ ਉਸ ਨੂੰ ਉਸ ਦੇ ਕਰਤਬ ਦੇ ਇਨਾਮ ਬਦਲੇ ਵੀਹ ਅਰਾ ਜਮੀਨ ਬਖਸ਼ੀ ਸੀ । ਚੰਦ ਬਿਨੋਦ ਆਪ ਇਕ ਸਿਆਣਾ ਉਸਰਈਆ ਸੀ । ਉਸ ਨੇ ਆਪਣੇ ਹੱਥਾਂ ਨਾਲ ਸੂਤੀਆਂ ਨਦੀ ਦੇ ਕੰਢੇ ਉਤੇ ਇਕ ਵਧੀਆ ਮਕਾਨ ਬਣਾਇਆ । ਉਸ ਨੇ ਕਈ ਹੋਰ ਮਕਾਨ ਬਣਾਏ, ਕੁਝ ਦੇ ਛਤ ਚਾਰ ਥਮ੍ਹਾਂ ਉਤੇ ਸਨ ਤੇ ਕੁਝ ਦੇ ਅੱਠ ਥਮ੍ਹਾਂ ਉਤੇ । ਬਾਹਰਲੀਆਂ ਬੈਠਕਾਂ ਖਾਸ ਧਿਆਨ ਨਾਲ ਬਣਾਈਆਂ । ਛਪਰ ਦੀਆਂ ਕੰਧਾਂ ਉਤੇ ਉਸ ਨੇ ਸੁੰਦਰ ਚਿਟਾਈਆਂ ਲਾਈਆਂ ਤੇ ਛਤ ਉਤੇ ਉਲੂ ਨਾਂ ਦਾ ਘਾਹ ਵਿਛਾਇਆ । ਦਰਵਾਜ਼ਿਆਂ ਉਤੇ ਉਸ ਨੇ ਆਪਣਾ ਕਲਾਮਈ ਹੁਨਰ ਵਿਖਾਇਆ ਤੇ ਇਹ ਸਜਾਵਟਾਂ ਨਾਲ ਚੰਨ ਵਾਂਗ ਲਿਸ਼ਕਦੇ ਲਗਦੇ ਸਨ । ਕੰਧਾਂ ਨੂੰ ਉਸ ਨੇ ਖਾਸ ਮੱਛੀਆਂ ਦੇ ਪਰਾਂ ਨਾਲ ਵੀ ਸਜਾਇਆ । ਫਿਰ ਉਸ ਆਦਮੀਆਂ ਨੂੰ ਤਲਾ ਪੁੱਟਣ ਡਾਹਿਆ । ਇਸ ਦਾ ਸਾਫ਼ ਨਿਰਮਲ ਪਾਣੀ ਵੇਖ ਕੇ ਅੱਖਾਂ ਰਾਜ਼ੀ ਹੁੰਦੀਆਂ ਸਨ । ਲੋਕੀ ਇਕ ਦੂਜੇ ਨੂੰ ਆਖਦੇ, ਵੇਖੋ ਇਹ ਮਾਂ ਦਾ ਇਕੋ ਇਕ ਪੁੱਤਰ ਸੀ, ਕਿੰਨਾ ਧਨਵਾਨ ਹੋ ਗਿਆ ਹੈ । ਬੂਹੇ ਉਤੇ ਹਾਥੀ ਬਨ੍ਹਿਆ ਹੋਇਆ ਹੈ । ਲਛਮੀ ਉਸ ਦੇ ਘਰ ਉਤੇ ਮੁਸਕਰਾ ਰਹੀ ਹੈ ।

10· ਸਾਕ ਪਰਵਾਨ-ਵਿਆਹ

ਉਸ ਦੇ ਧਨੀ ਬਣ ਜਾਣ ਦੀ ਖਬਰ ਹੁਣ ਇਲਾਕੇ ਵਿਚ ਧੁੰਮ ਗਈ, ਅਤੇ ਹੀਰਾਧਰ ਨੇ ਇਸ ਵਾਰੀ ਆਪ ਨਾਈ ਘਲ ਕੇ ਉਸ ਨੂੰ ਆਪਣੀ ਧੀ ਦਾ ਸਾਕ ਲੈਣ ਲਈ ਆਖਿਆ । ਨਾਈ ਫਗਣ ਵਿਚ ਵਿਆਹ ਦੇਣ ਉਤੇ ਹਠ ਕਰਦਾ ਸੀ । ਸਾਰਾ ਵੇਰਵਾ ਮੁਕਾ ਕੇ ਇਕ ਜੋਤਸ਼ੀ ਨੂੰ ਮਹੂਰਤ ਕੱਢਣ ਲਈ ਆਖਿਆ ਗਿਆ । ਉਸ ਨੇ ਪਤਰੀ ਖੋਲ੍ਹ ਕੇ ਨਿਛਤੱਰਾਂ ਦੀ ਸਥਿਤੀ ਉਤੇ ਵਿਚਾਰ ਕੀਤੀ ਤੇ ਤਰੀਕ ਮਿਥ ਦਿਤੀ । ਵਿਆਹ ਸੌਹਰੇ ਦੇ ਘਰ ਹੋਣਾ ਸੀ । ਚਾਂਦ ਬਿਨੋਦ ਪੂਰੀ ਸ਼ਾਨ ਨਾਲ ਚੜ੍ਹਿਆ । ਉਹ ਘੋੜੇ ਉਤੇ ਬੈਠਾ ਸੀ । ਉਸ ਦੇ ਅੱਗੇ ਪਿਛੇ ਡਫਲੀ, ਬਿਗਲ ਅਤੇ ਬੈਂਡ ਤੇ ਹੋਰ ਸਾਜ਼ ਵਜ ਰਹੇ ਸਨ । ਪਿੰਡ ਦੇ ਗਭਰੂ ਉਸ ਦੇ ਨਾਲ ਸਨ । ਅਕਾਸ਼ ਅੱਗਾਂ

ਨਾਲ ਜਗ ਮਗਾ ਪਿਆ ਜਿਹੜੀਆਂ ਹਵਾਈਆਂ, ਗੋਲੇ ਤੇ ਹੋਰ ਅਸਤਬਾਜ਼ੀ, ਛੱਡ ਰਹੀ ਸੀ। ਉਹ ਸਾਰੇ ਹੀਰਾਧਰ ਦੇ ਘਰ ਆ ਪਹੁੰਚੇ। ਤਰੀਮਤਾਂ ਨੇ ਅੱਗੇ ਹੋ ਕੇ ਪੂਰੇ ਆਦਰ ਨਾਲ ਲਾੜੇ ਦਾ ਸੁਆਗਤ ਕੀਤਾ।

ਉਹਨਾਂ ਨੇ ਆਪਣੀਆਂ ਅਸੀਸਾਂ ਦਿਤੀਆਂ, ਸੰਖ ਵਜਾਏ, ਗੀਤ ਗਾਏ ਤੇ ਸਾਜ਼ ਬਜਾਏ।

ਕੁੜੀ ਦੀ ਮਾਂ ਸੁਹਾਗ ਮੰਗਣ ਘਰੋ ਘਰੀ ਗਈ। ਇਹ ਲਾੜੀ ਲਈ ਅਸੀਸਾਂ ਸਨ ਜਿਹੜੀਆਂ ਉਹ ਚੰਗੀਆਂ ਗਵਾਂਢਣਾਂ ਤੋਂ ਮੰਗਦੀ ਕਿ ਉਸ ਨੂੰ ਆਪਣੇ ਪਤੀ ਦੇ ਘਰ ਜਾ ਕੇ ਪਿਆਰ ਮਿਲੇ। ਮਾਂ ਨੇ ਆਪਣੇ ਸਿਰ ਉਤੇ ਇਕ ਥਾਲੀ ਰਖੀ ਹੋਈ ਸੀ ਜਿਹੜੀ ਕਿਸਮਤ ਦੀ ਦੇਵੀ ਨੂੰ ਅਰਪਤ ਸੀ ਤੇ ਜਿਹੜੀ ਉਸ ਨੇ ਆਪਣੀ ਸਾੜੀ ਦੇ ਪਲੋ ਨਾਲ ਕੱਜੀ ਹੋਈ ਸੀ। ਉਸ ਥਾਲੀ ਵਿਚ ਇਹ ਵਸਤੂ ਸਨ -ਬਹੁਤ ਵਧੀਆ ਸ਼ਾਲੀ ਚੌਲਾਂ ਦਾ ਮਾਂਝਾ, ਤਿੰਨ, ਚੰਫੀਆਂ ਮਿੱਟੀ ਜਿਹੜੀ ਘਰ ਦੇ ਵਿਹੜੇ ਵਿਚੋਂ ਲਈ ਗਈ ਸੀ, ਹਲਦੀ, ਕੁਝ ਤੇਲ ਅਤੇ ਸੰਧੂਰ। ਇਹਨਾਂ ਵਸਤਾਂ ਵਾਲੀ ਥਾਲੀ ਨੂੰ ਸਿਰ ਉਤੇ ਰਖੀ ਉਹ ਘਰੋ ਘਰੀ ਗਈ। ਉਸ ਦੇ ਪਿਛੇ ਪਿੰਡ ਦੀਆਂ ਕੁੜੀਆਂ ਵਿਆਹ ਦੇ ਗੀਤ ਗਾਂਉਂਦੀਆਂ ਤੁਰਦੀਆਂ ਸਨ। ਫਿਰ ਉਸ ਨੇ ਚੋਰ[1] ਪਾਣੀ ਦੀ ਇਕ ਕੌਲ ਭਰੀ ਤੇ ਲਾੜੀ ਨੂੰ ਉਸ ਦੇ ਵਿਚ ਪਏ ਸਿੱਕਿਆਂ ਨੂੰ ਹੱਥ ਲਾਉਂਣ ਲਈ ਕਿਹਾ। ਉਸ ਨੇ ਆਪਣੇ ਚੰਗੇ ਭਾਗਾਂ ਲਈ ਪ੍ਰਾਰਥਨਾ ਕਰਕੇ ਹੱਥ ਲਾਇਆ। ਉਸ ਨੇ ਪਵਿੱਤ੍ਰ ਕਾਠ ਨੂੰ ਵੀ ਹੱਥ ਲਾਇਆ ਤੇ ਮਾਂ ਨੇ ਇਹ ਅਰਦਾਸ ਕੀਤੀ ਕਿ ਉਹ ਆਪਣੇ ਪਤੀ ਦਾ ਦਿਲ ਮੋਹ ਲਵੇ। ਨੰਦੀ-ਮੁਖਾ ਤੇ ਹੋਰ ਸਗਨ ਵੀ ਕੀਤੇ ਗਏ ਤੇ ਇਸ ਤਰ੍ਹਾਂ ਵਿਆਹ ਖ਼ਤਮ ਹੋਇਆ।

ਲਾੜੀ ਤੇ ਲਾੜੇ ਨੇ ਫਿਰ ਨਰਦਾਂ ਖੇਡੀਆਂ। ਚਾਂਦ ਵਿਨੋਦ ਹਾਰ ਗਿਆ। ਕਿਉਂਕਿ ਉਸ ਦਾ ਮਨ ਖੇਡ ਵਿਚ ਨਹੀਂ ਸੀ। ਉਸ ਨੇ ਲਾੜੀ ਲਈ ਇਕ ਫੁਲਾਂ ਦੀ ਸੇਜ ਤਿਆਰ ਕੀਤੀ ਪਰ ਹੁਣ ਰਾਤ ਮੁਕ ਗਈ ਸੀ ਤੇ ਚਾਂਦ ਬਿਨੋਦ ਘਰ ਮੁੜਨ ਨੂੰ ਕਾਹਲਾ ਹੋ ਗਿਆ। ਅਗਲੀ ਰਾਤ ਕਾਲੀ ਰਾਤ ਸੀ। ਜਦੋਂ ਪਤੀ ਪਤਨੀ ਆਪੋ ਵਿਚ ਨਹੀਂ ਮਿਲਦੇ। ਉਸ ਤੋਂ ਅਗਲੀ ਰਾਤ ਸ਼ੁਭ ਰਾਤ ਸੀ। ਬਿਨੋਦ ਸੁਹਾਗ ਕਮਰੇ ਵਿਚ ਗਿਆ। ਇਕ ਇਕੱਲੇ ਤਾਰੇ ਵਾਂਗ ਇਕ ਦੀਵਾ ਚਮਕ ਜਹੀ ਰੋਸ਼ਨੀ ਦੇ ਰਿਹਾ ਸੀ। ਲਾੜੇ ਨੂੰ ਇਸ ਗੱਲ ਦਾ ਬੜਾ ਸੁਵਾਦ ਆਇਆ ਕਿ ਜਦੋਂ ਨੀਂਦਰ ਦੀ ਖਿਚ ਨਾਲ ਉਸ ਦੀਆਂ ਅੱਖਾਂ ਮੀਟੀਆਂ ਹੀ ਜਾਣ ਲੱਗੀਆਂ ਸਨ ਤਾਂ ਉਸ ਨੇ ਨਵੀਂ ਵਹੁਟੀ ਨੂੰ ਆਪਣੇ ਸਾਹਮਣੇ ਖਲੋਤੀ ਵੇਖਿਆ। ਉਸ ਨੇ ਉਸ ਨੂੰ ਬਾਹੋਂ ਫੜ ਲਿਆ ਤੇ ਪਿਆਰੀਆਂ ਪਿਆਰੀਆਂ ਗੱਲਾਂ ਕੀਤੀਆਂ। ਉਸ ਦੇ ਮੂੰਹ ਉਤੋਂ ਘੁੰਡ ਲਾਇਆ। ਵਹੁਟੀ ਤੇ ਇਕ ਅਚੰਭਾ ਸੀ, ਕਿੰਨਾ ਸੁੰਦਰ ਮੁਖੜਾ ਸੀ ਤੇ ਕਿੰਨੀ-ਸੁੰਦਰ ਸੀ ਭਵਾਂ ਦੀ ਗੁਲਾਈ। ਇਸ ਤਰ੍ਹਾਂ ਲਗਦਾ ਸੀ ਕਿ ਇਕ ਅਨ੍ਹੇਰੇ ਕਮਰੇ ਵਿਚੋਂ ਅਚਾਨਕ ਖਾਲਸ ਸੋਨਾ ਮਿਲ ਗਿਆ ਹੈ। ਉਸ ਦੇ ਰੂਪ ਨੇ ਉਸ ਨੂੰ ਪਾਗਲ ਬਣਾ ਦਿਤਾ ਸੀ। ਉਸ ਦੇ ਲੰਮੇ ਵਾਲ ਗਿਟਿਆਂ ਤਕ ਅਪੜਦੇ ਸਨ।

(1) ਵਿਆਹ ਵਾਲੀ ਰਾਤ ਨੂੰ ਲਾੜੀ ਦੀ ਮਾਂ ਪਾਣੀ ਵਿਚ ਕੁਝ ਸਿੱਕੇ ਤੇ ਇਕ ਮੁੰਦਰੀ ਪਾ ਕੇ ਰੱਖ ਛੱਡਦੀ ਹੈ। ਜਿਨ੍ਹਾਂ ਨੂੰ ਅਗਲੀ ਸਵੇਰ ਲਾੜੀ ਪਾਣੀ ਵਿਚੋਂ ਲਭਦੀ ਹੈ।

ਚੰਦ ਬਿਨੋਦ ਉਸ ਦੇ ਸੰਘਣੇ ਵਾਲਾਂ ਦੀਆਂ ਖੁਲ੍ਹੀਆਂ ਜ਼ੁਲਫਾਂ ਨਾਲ ਖੇਡਦਾ ਰਿਹਾ। "ਤੁਸੀਂ ਕੀ ਕਰ ਰਹੇ ਹੋ, ਮੇਰੇ ਦਿਲ ਦੇ ਸਾਈਂ ? ਮੇਰੀਆਂ ਪੰਜਾਂ ਭਾਬੀਆਂ ਨੂੰ ਖੁਤਖਤੀ ਲੱਗੀ ਹੋਣ ਕਰਕੇ ਨੀਂਦਰ ਨਹੀਂ ਆਈ। ਇਸ ਕਾਨਿਆਂ ਦੀ ਕੰਧ ਦੀਆਂ ਝੀਥਾਂ ਵਿਚੋਂ ਉਹਨਾਂ ਦੀਆਂ ਚਾਲੀਆਂ ਅੱਖਾਂ ਤੁਹਾਡੇ ਉਤੇ ਟਿਕੀਆਂ ਹੋਈਆਂ ਹਨ। ਮੈਂ ਹਿਲਾਂਗੀ ਨਹੀਂ ਤਾਂ ਜੋ ਮੇਰਾ ਗਹਿਣਿਆਂ ਦਾ ਖੜਾਕ ਨ ਹੋ ਜਾਵੇ। ਕਲ੍ਹ ਸਵੇਰੇ ਉਹਨਾਂ ਦੇ ਹਾਸਿਆਂ ਤੇ ਠਠਿਆਂ ਦੀ ਛਣਕਾਰ ਸਾਰੇ ਘਰ ਨੂੰ ਭਰ ਦੇਵੇਗੀ ਤੇ ਉਹ ਮੈਨੂੰ ਦੰਸ਼ੀਆਂ ਵਾਂਗ ਟਕਰਨਗੀਆਂ। ਠਹਿਰੋ ! ਮੇਰੇ ਮਾਲਿਕ, ਮੇਰੇ ਬਹੁਤਾ ਨੇੜੇ ਨਾ ਆਓ।

ਦੀਪਕ ਬੁਝਾ ਦਿਤਾ ਗਿਆ ਤੇ ਉਹ ਵਖ ਵਖ ਸੁੱਤੇ। ਤੇ ਇਸ ਤਰ੍ਹਾਂ ਸ਼ੁਭ ਰਾਤ ਲੰਘੀ।

11. ਘਰ ਵਾਪਸੀ

ਸਵੇਰ ਵੇਲੇ ਮਲੂਆ ਆਪਣੇ ਬਿਸਤਰੇ ਤੋਂ ਉਠੀ। ਚੰਦ ਬਿਨੋਦ ਵਿਹੜੇ ਵਿਚ ਬੈਠਾ ਤੇ ਤੇ ਠੰਡੇ ਪਾਣੀ ਨਾਲ ਆਪਣੇ ਹੱਥ ਪੈਰ ਧੋਤੇ, ਜਿਹੜਾ ਪਿਛਲੀ ਰਾਤ ਤੋਂ ਏਸ ਕੰਮ ਲਈ ਰਖਿਆ ਹੋਇਆ ਸੀ।

ਉਸ ਸ਼ਾਮ ਉਸ ਆਪਣੀ ਨਵੀਂ ਨਵੇਲੀ ਵਹੁਟੀ ਲੈ ਕੇ ਘਰ ਨੂੰ ਟੁਰਨਾ ਸੀ। ਉਸ ਦੀ ਮਾਂ, ਭੂਆ ਤੇ ਹੋਰ ਸਾਕ ਅੰਗ ਉਸ ਤੋਂ ਵਿਛੜਨ ਲੱਗਿਆਂ ਰੋ ਪਏ। ਉਸ ਦੀ ਮਾਂ ਇਹ ਆਖ ਕੇ ਹੰਝੂ ਕੇਰ ਰਹੀ ਸੀ। "ਮੈਂ ਏਨੇ ਵਰ੍ਹੇ ਤੈਨੂੰ ਪਿਆਰ ਨਾਲ ਪਾਲਿਆ ਹੈ। ਏਸ ਘੜੀ ਲਈ ਹੀ ਤੈਨੂੰ ਤਿਆਰ ਕਰਨਾ ਸੀ। ਅੱਜ ਤੂੰ ਸਾਨੂੰ ਛਡ ਕੇ ਪਰਾਈ ਬਣ ਜਾਣ ਲਈ ਪਰਾਏ ਘਰ ਟੁਰ ਜਾਵੇਂਗੀ" ਬਾਬਲ ਨੇ ਵੀ ਏਸੇ ਤਰ੍ਹਾਂ ਹੀ ਰੁਦਨ ਕੀਤਾ। ਗਵਾਂਢੀ ਗਏ ਤੇ ਕਹਿਣ ਲੱਗੇ "ਵਾਧੂ ਰਾੜਿਆਂ ਵਿਚ ਵਕਤ ਨ ਗਵਾਓ। ਇਸ ਜੋੜੇ ਦਾ ਸਮਾਨ ਬਨ੍ਹੋ"। ਕਈ ਸੰਦੂਕ ਤੇ ਡੱਬੇ ਸਮਾਨ ਨਾਲ ਭਰੇ ਗਏ।

ਨਿੱਕੀਆਂ ਨਿੱਕੀਆਂ ਗੁਥਲੀਆਂ ਮਸਾਲਿਆਂ ਨਾਲ ਭਰ ਦਿਤੀਆਂ ਗਈਆਂ। ਬਿੰਨੀ ਵੰਨਗੀ ਦੇ ਭੁੰਨੇ ਹੋਏ ਚੌਲ, ਤੇਲ ਤੇ ਸੰਧੂਰ ਭਾਂਡਿਆਂ ਵਿਚ ਪਾ ਦਿਤੇ ਗਏ। ਜਦੋਂ ਟੁਰਨ ਦੀ ਆਖਰਲੀ ਘੜੀ ਆਈ ਤਾਂ ਮਾਂ ਨੇ ਆਪਣੀਆਂ ਅੱਖਾਂ ਪੂੰਝੀਆਂ ਤੇ ਕਿਹਾ, "ਅਸੀਂ ਇਸ ਘਰ ਵਿਚ ਤੈਨੂੰ ਕੋਈ ਸੁੱਖ ਨ ਦੇ ਸਕੇ। ਤੂੰ ਏਥੇ ਬਹੁਤ ਦੁਖ ਭੋਗਿਆ ਹੈ। ਹੁਣ ਮੈਂ ਤੈਨੂੰ ਸਦਾ ਲਈ ਵਿਦਿਆ ਕਰਨ ਲੱਗੀ ਹਾਂ। ਆਪਣੇ ਸਹੁਰੇ ਦੇ ਘਰ ਸੁਚੱਜ ਨਾਲ ਵਰਤੀਂ। ਆਂਢ ਗੁਆਂਢ ਵਲੋਂ ਕੋਈ ਉਲਾਂਭਾ ਨ ਆਵੇ।"

ਸਗਨ ਕਰਨ ਲਈ ਚਾਂਦ ਵਿਨੋਦ ਅੱਗੇ ਦਹੀਂ ਰਖਿਆ ਗਿਆ ਤੇ ਉਸ ਨੇ ਥੋੜਾ ਜਿਹਾ ਖ਼ਾਧਾ। ਉਸ ਨੇ ਆਪਣੇ ਸਹੁਰੇ ਨੂੰ ਤੇ ਸੱਸ ਨੂੰ ਮਥਾ ਟੇਕਿਆ ਤੇ ਆਪਣੀ ਵਹੁਟੀ ਦੇ ਹੋਰ ਵਡੇਰੇ ਸਾਕਾਂ ਅੰਗਾਂ ਨੂੰ ਨਿਮਸਕਾਰ ਕੀਤੀ ਤੇ ਫਿਰ ਉਸ ਨੂੰ ਨਾਲ ਲੈ ਕੇ ਘਰ ਵਲ ਨੂੰ ਟੁਰ ਪਿਆ।

"ਚਾਂਦ ਵਿਨੋਦ ਦੀ ਮਾਂ ਤੂੰ ਕਿਸ ਧਿਆਨੇ ਲੱਗੀ ਹੋਈ ਏਂ। ਉਠ ! ਤੇ ਉਠ ਕੇ ਆਪਣੇ ਪੁੱਤਰ ਨੂੰ ਵੇਖ ਜਿਹੜਾ ਵਹੁਟੀ ਲਈ ਤੁਰਿਆ ਆਉਂਦਾ ਈ। ਤੇ ਤੂੰ ਵੀ ਉਠ ਬਿਨੋਦ ਦੀ ਮਾਮੀ, ਸੁਨਹਿਰੀ ਛਤਰੀ ਖੋਲ੍ਹ ਤੇ ਜੋੜੀ ਦੇ ਸਿਰਾਂ ਉਤੇ ਉਹਦੀ ਛਾਂ ਕਰ।"

ਮਾਂ ਛੇਤੀ ਛੇਤੀ ਆਈ। ਚੌਲ ਤੇ ਹਰੇ ਘਾਹ ਦੀਆਂ ਮੁੱਠਾਂ ਹੱਥ ਵਿਚ ਫੜ ਕੇ ਉਸ ਨੇ ਨਵੀਂ ਨਵੇਲੀ ਵਹੁਟੀ ਦਾ ਸੁਆਗਤ ਕੀਤਾ। ਜਿਸ ਦਾ ਮੂੰਹ ਚੰਨ ਵਾਂਗ ਚਮਕ ਰਿਹਾ ਸੀ। ਚਾਂਦ ਬਿਨੋਦ ਨੇ ਆਦਰ ਨਾਲ ਆਪਣੀ ਮਾਂ ਦੇ ਪੈਰੀਂ ਹੱਥ ਲਾਇਆ ਤਾਂ ਉਸ ਨੇ ਪਿਆਰ ਨਾਲ ਕਿਹਾ, "ਰਾਹ ਦੇ ਥਕੇਵੇਂ ਨਾਲ ਤੇਰਾ ਸੁੰਦਰ ਮੂੰਹ ਪੀਲਾ ਪੈ ਗਿਆ ਹੈ।" ਝਟ ਪਟ ਫਿਰ ਉਸ ਨੇ ਨਵੀਂ ਆਈ ਵਹੁਟੀ ਨੂੰ ਜੀ ਆਇਆਂ ਆਖਿਆ। ਉਹਨੂੰ ਤੇ ਉਹ ਲਛਮੀ ਦਾ ਆਪਣਾ ਰੂਪ ਸਮਝਦੀ ਸੀ। ਘਰ ਦੀਆਂ ਜਨਾਨੀਆਂ ਇਕੱਠੀਆਂ ਹੋ ਗਈਆਂ ਤੇ ਸੁਆਗਤ ਦੇ ਗੀਤ ਗਾਉਣ ਲੱਗੀਆਂ। ਗੰਗਾ ਜਲ ਦੀ ਇਕ ਕਟੋਰੀ ਜੋੜੀ ਦੇ ਕੋਲ ਰਖ ਦਿਤੀ ਗਈ ਤੇ ਤਰੀਮਤਾਂ ਨੇ ਵਹੁਟੀ ਨੂੰ ਸੋਨੇ ਤੇ ਚਾਂਦੀ ਦੇ ਸਗਨ ਪਾਏ।

ਇਸ ਤਰ੍ਹਾਂ ਸਾਰੀਆਂ ਰੀਤਾਂ ਪੂਰੀਆਂ ਹੋਈਆਂ ਤੇ ਮਾਂ ਦਾ ਦਿਲ ਅਨੰਦ ਨਾਲ ਭਰ ਗਿਆ। ਸੱਚ ਹੀ ਆਖਦੇ ਨੇ "ਘਰ ਦਾ ਸੁਹਜ ਉਸ ਦੇ ਸਾਹਮਣੇ ਫੁੱਲਾਂ ਦੇ ਬਗੀਚੇ ਵਿਚ ਹੈ। ਟੱਬਰ ਦਾ ਸੁਹਜ ਨਵੀਂ ਵਹੁਟੀ ਵਿਚ ਹੈ" ਨਵੀਂ ਵਹੁਟੀ ਨੇ ਮਾਂ ਦੇ ਦਿਲ ਵਿਚਲਾ ਖੱਪਾ ਪੂਰ ਦਿਤਾ ਤੇ ਉਸ ਨੂੰ ਖੁਸ਼ੀ ਨਾਲ ਭਰ ਦਿਤਾ।

ਘਰ ਦਾ ਪ੍ਰਬੰਧ ਨਵੇਂ ਸਿਰੇ ਤੋਂ ਠੀਕ ਕੀਤਾ ਗਿਆ ਤੇ ਉਸ ਨਿਕੇ ਜਹੇ ਟੱਬਰ ਵਿਚ ਹੁਣ ਪੂਰਾ ਅਨੰਦ ਸੀ।

12. **ਜ਼ੁਲਮ**

ਹੁਣ, ਮੇਰੇ ਪਾਠਕੋ, ਤੁਹਾਨੂੰ ਚਾਂਦ ਬਿਨੋਦ ਦੇ ਜੀਵਨ ਵਿਚ ਇਕ ਹੋਰ ਦੌਰ ਲਈ ਤਿਆਰ ਰਹਿਣਾ ਚਾਹੀਦਾ ਹੈ ਜਿਹੜਾ ਉਸ ਲਈ ਕਸ਼ਟਾਂ ਨਾਲ ਭਰਿਆ ਪਿਆ ਹੈ।

ਉਸ ਸ਼ਹਿਰ ਦਾ ਕਾਜ਼ੀ ਪਾਪੀ ਤੇ ਵਿਸ਼ਈ ਆਦਮੀ ਸੀ। ਉਸ ਦੇ ਅਧਿਕਾਰ ਬੇਅੰਤ ਸਨ। ਉਹ ਚੋਰਾਂ ਤੇ ਕਾਤਲਾਂ ਦਾ ਦੋਸਤ ਸੀ। ਤੇ ਭਲੇ ਲੋਕਾਂ ਨੂੰ ਸਜਾਵਾਂ ਦੇਂਦਾ ਸੀ। ਦੇਸ਼ ਵਿਚ ਕੋਈ ਨਿਆਂ ਨਹੀਂ ਸੀ। ਉਹਦੇ ਮਨ ਵਿਚੋਂ ਭਲੇ ਬੁਰੇ ਦੀ ਪਛਾਣ ਮਿਟੀ ਹੋਈ ਸੀ। ਆਪਣੇ ਪਤੀਆਂ ਨਾਲ ਰਹਿੰਦੀਆਂ ਸਤਵੰਤੀਆਂ ਇਸਤ੍ਰੀਆਂ ਨੂੰ ਉਹ ਬਦੋ ਬਦੀ ਚੁੱਕ ਲਿਜਾਂਦਾ।

ਇਕ ਦਿਨ ਕਾਜ਼ੀ ਓਧਰੋਂ ਘੋੜੇ ਉਤੇ ਲੰਘ ਰਿਹਾ ਸੀ ਜਦੋਂ ਮਲੂਆ ਤਲਾ ਤੋਂ ਪਾਣੀ ਭਰਨ ਨਿਕਲੀ। ਨਾਰ ਦੇ ਸੁਹੱਪਣ ਨੇ ਕਾਜ਼ੀ ਦੀ ਸੁਰਤ ਭੁਲਾ ਦਿਤੀ। ਜਿਹੜਾ ਘੋੜੇ ਉਤੇ ਚੜ੍ਹਿਆ ਹਿਰਸੀ ਅੱਖਾਂ ਨਾਲ ਉਸ ਵਲ ਵੇਖਦਾ ਰਿਹਾ। ਮਲੂਆ ਦੇ ਲੰਮੇ ਵਾਲ ਪਿਛਾਂ ਲਮਕ ਰਹੇ ਸਨ ਤੇ ਭੋਂਇ ਨੂੰ ਲਗਣ ਨੂੰ ਫਿਰਦੇ ਸਨ। ਉਹਦੇ ਚਿਹਰੇ ਦਾ ਜੋਬਨ ਪਹਾੜੀਆਂ ਉਤੇ ਉਗੇ ਫੁੱਲ ਮਹੂਆ ਦੀ ਯਾਦ ਦਵਾਂਦਾ ਸੀ। ਉਸ ਦੀ ਤੱਕਣੀ ਤੋਂ ਖੰਜਨ ਪੰਛੀ ਦੇ ਨਾਚ ਦਾ ਚੇਤਾ ਆਉਂਦਾ ਸੀ। ਉਸ ਦਿਨ ਤੋਂ ਕਾਜ਼ੀ ਰੋਜ਼ ਉਸ ਰਾਹ ਉਤੇ ਆਉਣ ਜਾਣ ਲੱਗ ਪਿਆ। ਹਰ ਰੋਜ਼ ਉਹ ਉਸ ਨੂੰ ਵੇਖਦਾ ਹਰ ਰੋਜ਼ ਉਸ ਦੀ ਮਲੂਆ ਨੂੰ ਪਰਾਪਤ ਕਰਨ ਦੀ ਕਾਮਨਾ ਵਧਦੀ ਜਾਂਦੀ, ਇਥੋਂ ਤਕ ਕਿ ਉਹ ਉਸ ਪਿਛੇ ਸੁਦਾਈ ਹੋ ਗਿਆ। ਜਿਸ ਤਰ੍ਹਾਂ ਕੋਈ ਪੰਛੀ ਹੱਥ ਵਿਚੋਂ ਉਡ ਜਾਂਦਾ ਹੈ, ਇਸ ਤਰ੍ਹਾਂ ਉਸ ਦਾ ਮਨ ਉਸ ਦੇ ਵਸੋਂ ਬਾਹਰ ਹੋ ਗਿਆ।

ਬਹੁਤ ਸੋਚ ਕੇ ਉਹ ਇਕ ਦਿਨ ਨੇਤਾਈ ਨਾਂ ਦੀ ਇਕ ਔਰਤ ਕੋਲ ਗਿਆ ਜਿਹੜੀ ਸਦਾ ਉਹਨਾਂ ਲੋਕਾਂ ਦੇ ਕੰਮ ਆਉਂਦੀ ਸੀ ਜਿਹੜੇ ਪਰਾਈਆਂ ਇਸਤ੍ਰੀਆਂ ਨੂੰ ਉਧਾਲਣਾ ਚਾਹੁੰਦੇ ਸਨ। ਜਵਾਨੀ ਵਿਚ ਉਹ ਆਪ ਲੁੱਚੀ ਹੁੰਦੀ ਸੀ ਤੇ ਸਦਾ ਨਵੀਆਂ ਜਿੱਤਾਂ ਵਿਚ ਸੁਆਦ ਲੈਂਦੀ ਸੀ। ਹੁਣ ਜਵਾਨੀ ਲੰਘ ਜਾਣ ਪਿਛੋਂ ਉਸ ਨੂੰ ਕੋਈ ਕੰਮ ਨਹੀਂ ਸੀ ਤੇ ਕਦੀ ਘਟ ਵਧ ਹੀ ਬਾਹਰ ਨਿਕਲਦੀ ਸੀ। ਉਸ ਦਾ ਜੋਬਨ ਚਲਾ ਗਿਆ ਸੀ ਪਰ ਉਸ ਦੀ ਵਾਦੀ ਨਹੀਂ ਸੀ ਗਈ। ਉਸ ਦੀ ਬੁਰੀ ਸਲਾਹ ਨਾਲ ਕਈ ਔਰਤਾਂ ਪੁੱਠੇ ਰਾਹ ਪੈ ਜਾਂਦੀਆਂ ਸਨ। ਉਸ ਦਾ ਝਾਟਾ ਬੱਗਾ ਹੋ ਗਿਆ ਤੇ ਉਸ ਦੇ ਦੰਦ ਨਿਕਲ ਗਏ ਸਨ। ਉਹ ਔਰਤਾਂ ਨੂੰ ਖਰਾਬ ਕਰਨ ਦੇ ਮੰਦੇ ਕੰਮ ਵਿਚੋਂ ਹੀ ਹੁਣ ਆਪਣੀ ਰੋਜ਼ੀ ਕਮਾਂਦੀ ਹੈ। ਜਦੋਂ ਕਾਜ਼ੀ ਉਸ ਦੇ ਘਰ ਆਇਆ ਤਾਂ ਉਸ ਨੇ ਉਸਨੂੰ ਲਕੜ ਦੀ ਚੌਂਕੀ ਉਤੇ ਬਹਾਇਆ। ਬੜੀ ਨਿਮਰਤਾ ਨਾਲ ਬੋਲਦਿਆਂ ਉਸ ਪੁੱਛਿਆ "ਐਸਾ ਕੀ ਕੰਮ ਪੈ ਗਿਆ ਜੋ ਹਜ਼ੂਰ ਨੂੰ ਮੇਰੇ ਘਰ ਆਉਣਾ ਪਿਆ। ਮੈਨੂੰ ਸਮਝ ਨਹੀਂ ਆਉਂਦੀ ਮੈਂ ਕੀ ਪੁੰਨ ਕੀਤਾ ਹੈ ਕਿ ਮੇਰੇ ਏਨੇ ਚੰਗੇ ਭਾਗ ਹੋ ਗਏ।" ਕਾਜ਼ੀ ਨੇ ਕਿਹਾ "ਕਰਮਾਂ ਵਾਲੀਏ ਤੈਨੂੰ ਮੈਥੋਂ ਬਹੁਤ ਸੋਨਾ ਇਨਾਮ ਮਿਲੇਗਾ ਜੇ ਤੂੰ ਮੇਰੀ ਮਨੋਕਾਮਨਾ ਪੂਰੀ ਕਰਨ ਵਿਚ ਮਦਦ ਕਰੇਂਗੀ। ਜੇ ਮੈਂ ਤੇਰੀ ਸਹਾਇਤਾ ਨਾਲ ਸਫਲ ਹੋ ਗਿਆ ਤਾਂ ਸੱਚ ਮੰਨੀ ਮੈਂ ਸਤ ਖੂਨਾਂ ਤਕ ਤੇਰੇ ਸਾਰੇ ਜੁਰਮ ਮਾਫ਼ ਕਰ ਦਿਆਂਗਾ। ਤੇਰੀ ਕਿਸਮਤ ਪਲਟ ਜਾਏਗੀ। ਮੈਂ ਤੈਨੂੰ ਇਸ ਤਰ੍ਹਾਂ ਖੁਲ੍ਹੀ ਛੁੱਟੀ ਦੇ ਦਿਆਂਗਾ ਜਿਵੇਂ ਜੰਗਲ ਵਿਚ ਜਾਂਗਲੀ ਘੋੜਾ ਹੋਵੇ। ਤੈਨੂੰ ਹਰ ਤਰ੍ਹਾਂ ਆਪਣੀ ਮਰਜ਼ੀ ਕਰਨ ਦੀ ਖੁਲ੍ਹ ਹੋਵੇਗੀ। ਤੇਰੀ ਛੱਤ ਮੈਂ ਨਵੇਂ ਸਿਰਿਓਂ ਕਾਨਿਆਂ ਦੀ ਪਵਾ ਦਿਆਂਗਾ। ਜਿੰਨਾ ਪੈਸਾ ਤੈਨੂੰ ਲੋੜ ਹੋਵੇ ਮੇਰੇ ਖਜ਼ਾਨੇ ਵਿਚੋਂ ਮਿਲੇਗਾ। ਹੁਣ ਮੈਂ ਤੈਨੂੰ ਆਪਣਾ ਕੰਮ ਦੱਸਦਾ ਹਾਂ। ਅਗਲੇ ਦਿਨ ਮੈਂ ਏਥੇ ਨੇੜੇ ਦੇ ਇਕ ਪਿੰਡ ਨੂੰ ਜਾ ਰਿਹਾ ਸਾਂ। ਇਕ ਤਲਾ ਦੀਆਂ ਪੌੜੀਆਂ ਨੇੜੇ ਮੈਂ ਇਕ ਸੁੰਦਰ ਕੁੜੀ ਵੇਖੀ। ਉਹ ਚੰਦ ਬਿਨੋਦ ਦੀ ਵਹੁਟੀ ਹੈ, ਜਿਸ ਨੂੰ ਮੈਂ ਆਪਣਾ ਦੁਸ਼ਮਣ ਗਿਣਦਾ ਹਾਂ। ਕੀ ਸਾਰੇ ਦੇਸ਼ ਵਿਚ ਕੋਈ ਭੰਵਰਾ ਹੀ ਨਹੀਂ ਰਹਿ ਗਿਆ ਕਿ ਰੂੜੀ ਦਾ ਕੀੜਾ ਕੰਵਲ ਉਤੇ ਬੈਠਾ ਹੈ ? ਤੂੰ ਕਿਸੇ ਬਹਾਨੇ ਉਹਨਾਂ ਦੇ ਘਰ ਜਾ। ਜਦੋਂ ਉਹ ਤੇਰੇ ਕੋਲ ਇਕੱਲੀ ਹੋਵੇ ਤਾਂ ਤੂੰ ਉਹਨੂੰ ਮੇਰਾ ਸਨੇਹਾ ਦੇ ਦਈਂ। ਜਿੰਨਾ ਰੁਪਿਆ ਵੀ ਉਹ ਮੰਗੇ ਮੈਂ ਹੱਸ ਕੇ ਦਿਆਂਗਾ। ਉਹਦੇ ਗੱਲ ਨੂੰ ਮੈਂ ਤਾਰਿਆਂ ਦੇ ਨਮੂਨੇ ਦੀ ਸੋਨੇ ਦੀ ਹਮੇਲ ਨਾਲ ਸਜਾ ਦਿਆਂਗਾ। ਮੈਂ ਉਸ ਤੇ ਬੁਰੀ ਤਰ੍ਹਾਂ ਮੋਹਿਤ ਹਾਂ-ਇਹ ਤੂੰ ਉਹਨੂੰ ਦੱਸ ਦੇਈਂ। ਜੇ ਉਹ ਮੇਰੇ ਨਾਲ ਨਿਕਾਹ ਕਰ ਲਵੇ ਤਾਂ ਮੈਂ ਆਪਣੀਆਂ ਦੂਜੀਆਂ ਸਾਰੀਆਂ ਵਹੁਟੀਆਂ ਨੂੰ ਉਹਦੀਆਂ ਗੋਲੀਆਂ ਬਣਾ ਦਿਆਂਗਾ। ਮੇਰੇ ਕੋਲ ਸਤ ਖੂਨਾਂ ਤਕ ਸਾਰੀਆਂ ਸਜ਼ਾਵਾਂ ਮਾਫ਼ ਕਰ ਦੇਣ ਦਾ ਅਧਿਕਾਰ ਹੈ। ਇਹ ਮੈਂ ਉਸ ਨੂੰ ਦੇ ਦਿਆਂਗਾ। ਮੈਂ ਉਸ ਦੇ ਸਾਰੇ ਸਰੀਰ ਨੂੰ ਸੋਨੇ ਨਾਲ ਕੱਜ ਦਿਆਂਗਾ। ਸੁਨਹਿਰੀ ਮੰਜੇ ਉਤੇ ਉਹ ਸ਼ਾਹੀ ਬਿਸਤਰੇ ਵਿਚ ਸਵੇਂਗੀ। ਆਪਣੀ ਛਾਤੀ ਉਤੇ ਉਹ ਮੁਹਰਾਂ ਦੀ ਮਾਲਾ ਪਾਏਗੀ। ਉਸ ਦੇ ਨੱਕ ਦੀ ਮਛਲੀ ਵਿਚ ਹੀਰੇ ਚਮਕਣਗੇ ਤੇ ਜਿਸ ਗਾਗਰ ਵਿਚ ਉਹ ਪਾਣੀ ਲੈਣ ਜਾਂਦੀ ਹੈ ਉਸ ਉਤੇ ਸੋਨੇ ਦੀ ਪੱਤਰੀ ਚੜ੍ਹਾ ਦਿਤੀ ਜਾਵੇਗੀ।"

ਇਹ ਆਖ ਕੇ ਕਾਜ਼ੀ ਤੇ ਘਰ ਮੁੜ ਗਿਆ। ਹੁਣ ਇਸ ਬੁੱਢੀ ਕਲਜੋਗਨ ਨੇ ਆਪਣਾ ਮਨੋਰਥ ਸਿਧ ਕਰਨ ਲਈ ਕੋਈ ਰਾਹ ਲਭਣਾ ਅਰੰਭ ਕੀਤਾ। ਬਹੁਤ ਸੋਚ ਵਿਚਾਰ ਕਰ ਕੇ ਨੇਤਾਈ ਚਾਂਦ ਬਿਨੋਦ ਦੇ ਘਰ ਗਈ। ਬੁੱਢੀ ਚੁੜੇਲ ਨੇ ਬਿਨੋਦ ਦੀ ਮਾਂ ਨੂੰ ਕਿਹਾ, ਭੈਣ ਕਿਸ ਕੰਮ ਲੱਗੀ ਹੋਈ ਏਂ ਏਸ ਵੇਲੇ ਕਈਆਂ ਚਿਰਾਂ ਪਿਛੋਂ ਮੈਂ ਤੈਨੂੰ ਮਿਲਣ ਆਈ ਆਂ। ਸੁਣਿਆ ਏ ਬਿਨੋਦ ਦੀ ਵਹੁਟੀ ਬਹੁਤ ਹੀ ਸੋਹਣੀ ਏ। ਉਹਨੂੰ ਜਰਾ ਸੱਦ ਤੇ ਸਹੀ ਏਥੇ, ਮੈਂ ਉਸ ਨੂੰ ਮਿਲ ਲਵਾਂ।

ਇਸ ਤਰ੍ਹਾਂ ਉਹ ਓਥੇ ਕਈ ਵਾਰੀ ਗਈ। ਇਕ ਦਿਨ ਮਲੂਆ ਉਸ ਨੂੰ ਇਸ਼ਨਾਨ ਘਾਟ ਉਤੇ ਇਕੱਲੀ ਮਿਲ ਗਈ। ਉਸ ਨੇ ਉਹ ਸਾਰਾ ਕੁਝ ਉਸ ਨੂੰ ਦੱਸ ਦਿਤਾ ਜੋ ਕਾਜ਼ੀ ਨੇ ਉਸ ਨੂੰ ਆਖਿਆ ਸੀ। "ਤੂੰ ਇਕ ਵਧੀਆ ਤੀਵੀਂ ਏਂ, ਟਾਹ ਟਾਹ ਕਰਦੀ, ਜਿਵੇਂ ਖਰੇ ਸੋਨੇ ਦੀ ਡਲੀ ਹੋਵੇ। ਪਰ ਤੈਨੂੰ ਆਪਣੀ ਕਦਰ ਦਾ ਪਤਾ ਨਹੀਂ। ਕਾਜ਼ੀ ਦੇਸ਼ ਦਾ ਇਕ ਵੱਡਾ ਮੁਨਸਫ਼ ਹੈ ਤੇ ਪਦਵੀ ਵਿਚ ਸਭ ਤੋਂ ਵੱਡਾ ਤੈਨੂੰ ਉਸ ਬਾਰੇ ਸਭ ਕੁਝ ਦਸਦੀ ਹਾਂ, ਕੁਝ ਨਹੀਂ ਲੁਕਾਵਾਂਗੀ। ਤੇਰੇ ਰੂਪ ਨੇ ਉਸ ਨੂੰ ਪਾਗਲ ਬਣਾ ਦਿਤਾ ਹੈ। ਤੇਰੇ ਸਰੀਰ ਨੂੰ ਉਹ ਸੋਨੇ ਦੇ ਗਹਿਣਿਆਂ ਨਾਲ ਕਜ ਦੇਵੇਗਾ। ਜੇ ਤੂੰ ਉਸ ਨਾਲ ਨਿਕਾਹ ਕਰਵਾ ਲਵੇਂਗੀ ਤਾਂ ਆਪਣੀਆਂ ਦੂਜੀਆਂ ਬੀਵੀਆਂ ਨੂੰ ਤੇਰੀਆਂ ਬਾਂਦੀਆਂ ਬਣਾ ਦੇਵੇਗਾ। ਮੁਹਰਾਂ ਦੀ ਹਮੇਲ ਉਹ ਤੇਰੀ ਛਾਤੀ ਨੂੰ ਸਜਾਣ ਲਈ ਦੇਵੇਗਾ। ਤੇਰੀ ਮਛਲੀ ਵਿਚੋਂ ਹੀਰੇ ਲਿਸ਼ਕਣਗੇ। ਤੇਰੀ ਗਾਗਰ ਉਤੇ ਸੋਨੇ ਦੀ ਪਤਰੀ ਲਵਾ ਦੇਵੇਗਾ। ਤੂੰ ਸੁਨਹਿਰੀ ਪਲੰਘ ਉਤੇ ਵਿਛੇ ਸ਼ਾਹੀ ਬਿਸਤਰੇ ਉਤੇ ਸੌਂਵੇਂਗੀ।"

ਪਾਣੀ ਦੀ ਗਾਗਰ ਭਰਦੀ ਮਲੂਆ ਸਹਿਮ ਗਈ। ਉਹ ਇਕ ਦਮ ਘਰ ਮੁੜ ਆਈ, ਨੇਤਾਈ ਵੀ ਉਹਦੇ ਪਿੱਛੇ ਪਿੱਛੇ ਆ ਗਈ। ਉਸ ਵੇਲੇ ਉਹਦੀ ਸੱਸ ਘਰ ਨਹੀਂ ਸੀ। ਕੁਝ ਪਲ ਉਸ ਨੇ ਆਪਣੇ ਦਿਲ ਦੇ ਭਾਵ ਲੁਕਾਈ ਰਖੇ ਤੇ ਕੁਝ ਨ ਬੋਲਿਆ। ਪਰ ਜਦੋਂ ਬੁੱਢੀ ਨੇ ਉਸ ਨੂੰ ਭਰਮਾਣ ਲਈ ਫਿਰ ਬੋਲਣਾ ਸ਼ੁਰੂ ਕੀਤਾ ਤਾਂ ਉਹ ਚੁੱਪ ਨਾ ਰਹਿ ਸਕੀ ਤੇ ਬੜੇ ਗੁੱਸੇ ਵਿਚ ਕਿਹਾ, ਮਾਈ ਮੇਰੀ ਗੱਲ ਸੁਣ। ਮੇਰੇ ਘਰ ਵਾਲਾ ਏਥੇ ਨਹੀਂ। ਮੈਂ ਕੀ ਕਹਾਂ? ਜੇ ਉਹ ਏਥੇ ਹੁੰਦਾ ਤਾਂ ਮੈਂ ਆਪਣਾ ਝਾੜੂ ਤੇਰੇ ਚਿੱਟੇ ਸਿਰ ਉਤੇ ਭੰਨਦੀ। ਤੇਰੀ ਜਵਾਨੀ ਚਲੀ ਗਈ ਹੈ ਤੇ ਮੌਤ ਤੇਰਾ ਬੂਹਾ ਖੜਕਾ ਰਹੀ ਹੈ। ਜਵਾਨੀ ਤੂੰ ਵਿਚਾਰ ਕਰਦਿਆਂ ਗੁਜ਼ਾਰੀ। ਤੂੰ ਇਹ ਸਮਝਦੀ ਹੈਂ ਕਿ ਸ਼ਹਿਰ ਦੀਆਂ ਸਾਰੀਆਂ ਇਸਤ੍ਰੀਆਂ ਤੇਰੇ ਵਰਗੀਆਂ ਹੀ ਹਨ। ਆਪਣੇ ਕਾਜ਼ੀ ਨੂੰ ਕਹਿ ਦੇ ਕਿ ਮੈਨੂੰ ਉਹਦੀ ਕੋਈ ਪਰਵਾਹ ਨਹੀਂ। ਮੇਰਾ ਪਤੀ ਮੇਰੇ ਲਈ ਸ਼ਹਿਜ਼ਾਦਿਆਂ ਦਾ ਸ਼ਹਿਜ਼ਾਦਾ ਹੈ। ਉਹ ਮੈਨੂੰ ਪਹਾੜ ਦੀ ਟੀਸੀ ਵਾਂਗ ਸ਼ਾਨਦਾਰ ਲਗਦਾ ਤੇ ਦੌੜਾਂ ਜਿੱਤਣ ਵਾਲੇ ਜੰਗੀ ਘੋੜੇ ਵਾਂਗ ਕੀਮਤੀ। ਮੈਨੂੰ ਉਹ ਉਸ ਚੰਦ ਵਾਂਗ ਹੈ ਜਿਹੜਾ ਪੂਰੇ ਤੇਜ਼ ਨਾਲ ਅਕਾਸ਼ ਵਿਚ ਚੜ੍ਹਦਾ ਹੈ। ਪਾਪੀ ਕਾਜ਼ੀ ਮੇਰੇ ਪਤੀ ਦੇ ਇਕ ਪੈਰ ਦੀ ਉਂਗਲ ਦੇ ਮੁੱਲ ਦਾ ਵੀ ਨਹੀਂ। ਮੇਰੇ ਕੋਲੋਂ ਇਹ ਦੁਰਗਤ ਕਰਵਾ ਕੇ ਹੁਣ ਤੂੰ ਆਪਣੇ ਕਾਜ਼ੀ ਕੋਲ ਜਾ ਕੇ ਉਹਨੂੰ ਸਭ ਕੁਝ ਦੱਸੀਂ। ਮੈਂ ਉਸ ਨੂੰ ਆਪਣਾ ਦੁਸ਼ਮਣ ਗਿਣਦੀ ਹਾਂ ਤੇ ਉਸ ਨੂੰ ਇਕ ਕੁੱਤੇ ਵਾਂਗ ਸਮਝਦੀ ਹਾਂ। ਜੇ ਉਹ ਸਿਧਾ ਮੇਰੇ ਕੋਲ ਆਉਣ ਦਾ ਹੌਸਲਾ ਕਰਦਾ, ਮੈਂ ਆਪਣੇ ਇਸ ਝਾੜੂ ਨਾਲ ਉਹਦੀ

ਗਤ ਬਣਾਉਂਦੀ। ਰੱਬ ਮੇਰੇ ਪਤੀ ਦੀ ਸੌ ਵਰ੍ਹੇ ਉਮਰ ਕਰੇ। ਮੈਂ ਕਾਜ਼ੀ ਦੀ ਦਿੱਤੀ ਹੋਈ ਮੁਹਰਾਂ ਦੀ ਹਮੇਲ ਨੂੰ ਆਪਣੀ ਜੁੱਤੀ ਹੇਠਾਂ ਮਿਧ ਦਿਆਂਗੀ। ਮੇਰੇ ਸਿਰ ਦਾ ਸਾਈਂ ਮੈਨੂੰ ਕਿਸੇ ਵੀ ਸੋਨੇ ਨਾਲੋਂ ਵਧ ਪਿਆਰਾ ਹੈ। ਕਾਜ਼ੀ ਦਾ ਸੋਨਾ ਝੂਠਾ ਹੈ ਤੇ ਟਾਕਰੇ ਵਿਚ ਨਹੀਂ ਖਲੋ ਸਕਦਾ, ਉਹ ਮੇਰੇ ਨਾਲ ਨਿਕਾਹ ਦੀਆਂ ਗੱਲਾਂ ਕਰਦਾ ਹੈ। ਅਸੀਂ ਹਿੰਦੂ ਹਾਂ ਤੇ ਇਹੋ ਜਿਹੀਆਂ ਗੱਲਾਂ ਦਾ ਸਾਨੂੰ ਪਤਾ ਨਹੀਂ। ਜੇ ਕਾਜ਼ੀ ਦੀਆਂ ਵਹੁਟੀਆਂ ਦਾ ਜੀ ਕਰਦਾ ਹੈ ਤਾਂ ਆਪਣੇ ਸਤ ਸਤ ਵਿਆਹ ਕਰਵਾ ਕੇ ਰਜ ਲੈਣ। ਉਸ ਦੁਸ਼ਟ ਨੇ ਮੇਰੇ ਬਾਰੇ ਇਹੋ ਜਿਹੀਆਂ ਗੱਲਾਂ ਸੋਚਨ ਦਾ ਹੀਆ ਕੀਤਾ ਹੈ। ਮੈਂ ਏਥੋਂ ਹੀ ਇਹ ਝਾੜੂ ਉਸ ਦੇ ਮੂੰਹ ਉਤੇ ਮਾਰਦੀ ਹਾਂ। ਤੂੰ ਇਕ ਬਿਰਧ ਇਸਤ੍ਰੀ, ਮੇਰੀ ਮਾਂ ਤੋਂ ਵੀ ਵੱਡੀ ਹੈਂ। ਤੇਰੀ ਉਮਰ ਦਾ ਲਿਹਾਜ਼ ਕਰਕੇ ਮੈਂ ਤੇਰਾ ਨਿਰਾਦਰ ਨਹੀਂ ਕਰਦੀ। ਪਰ ਏਥੋਂ ਚਲੀ ਜਾ ਤੇ ਮੁੜ ਕੇ ਕਦੀ ਮੇਰੀਆਂ ਬਰੂਹਾਂ ਨ ਲੰਘੀਂ।

ਇਸ ਤਰ੍ਹਾਂ ਆਪਣੀ ਹੱਤਕ ਕਰਵਾ ਕੇ ਓਹ ਬੁੱਢੀ ਔਰਤ, ਨੇਤਾਈ, ਕਾਜ਼ੀ ਕੋਲ ਗਈ ਤੇ ਜਾ ਕੇ ਉਸ ਨੂੰ ਸਾਰਾ ਕੁਝ ਦੱਸਿਆ। ਆਪਣੇ ਇਸ ਨਰਾਦਰ ਉਤੇ ਉਹ ਗੁੱਸੇ ਨਾਲ ਤਪਣ ਲਗ ਪਿਆ ਤੇ ਬਦਲਾ ਲੈਣ ਦੀਆਂ ਗੋਂਦਾਂ ਗੁੰਦਣ ਲੱਗਾ। ਉਸ ਨੇ ਚਾਂਦ ਬਿਨੋਦ ਦੇ ਨਾਂ ਇਕ ਹੁਕਮ ਕੱਢਿਆ ਕਿ ਉਹ ਆਪਣਾ ਵਿਆਹ ਟੈਕਸ ਸੱਤ ਦਿਨਾਂ ਦੇ ਅੰਦਰ ਤਾਰ ਦੇਵੇ। ਹੁਕਮ ਵਿਚ ਇਸ ਤਰ੍ਹਾਂ ਲਿਖਿਆ ਸੀ ਤੈਨੂੰ ਵਿਆਹ ਕਰਵਾਇਆਂ ਛੇ ਮਹੀਨੇ ਹੋ ਗਏ ਹਨ। ਪਰ ਤੂੰ ਅਜੇ ਤਕ ਦੀਵਾਨ ਸਾਹਿਬ ਦਾ ਟੈਕਸ ਨਹੀਂ ਤਾਰਿਆ। ਜਿਹੜਾ ਤੇਰੇ ਵਿਆਹ ਉਤੇ ਬਣਦਾ ਹੈ। ਇਹ ਮੇਰਾ ਹੁਕਮ ਹੈ ਕਿ ਜੇ ਤੂੰ ਇਹ ਟੈਕਸ ਦੀਵਾਨ ਸਾਹਿਬ ਨੂੰ ਇਕ ਹਫ਼ਤੇ ਦੇ ਅੰਦਰ ਨਹੀਂ ਤਾਰੇਂਗਾ ਤਾਂ ਤੇਰਾ ਘਰ ਤੇ ਜਾਇਦਾਦ ਸਰਕਾਰ ਦੇ ਨਾਂ ਜ਼ਬਤ ਕਰ ਲਈ ਜਾਵੇਗੀ, ਨੋਟਿਸ ਦੀ ਚਾਂਦ ਵਿਨੋਦ ਤੋਂ ਠੀਕ ਤਰ੍ਹਾਂ ਤਾਮੀਲ ਕਰਵਾਈ ਗਈ। ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਇਸ ਔਖੀ ਘੜੀ ਕੀ ਕਰੇ। ਉਸ ਤੋਂ ਪੰਜ ਸੌ ਰੁਪਏ ਦੀ ਮੰਗ ਕੀਤੀ ਗਈ ਸੀ। "ਮੈਂ ਐਡੀ ਵੱਡੀ ਰਕਮ ਕਿਸ ਤਰ੍ਹਾਂ ਤਾਰ ਸਕਦਾ ਹਾਂ? ਮੈਨੂੰ ਇਹ ਮਿਲ ਵੀ ਕਿਥੋਂ ਸਕਦੀ ਹੈ?" ਉਸ ਨੇ ਸੋਚਿਆ। ਉਸ ਨੂੰ ਏਨੇ ਰੁਪਏ ਕਿਧਰੋਂ ਵੀ ਨ ਮਿਲੇ ਤੇ ਉਹ ਨਿਰਾਸਤਾ ਨਾਲ ਪਾਗ਼ਲ ਹੋ ਰਿਹਾ ਸੀ। ਏਨੇ ਵਿਚ ਹਫ਼ਤਾ ਪੂਰਾ ਹੋ ਗਿਆ। ਫਿਰ ਇਕ ਹੋਰ ਵਾਰੰਟ ਆ ਗਿਆ। ਘਰ ਉਤੇ ਕਾਜ਼ੀ ਦਾ ਝੰਡਾ ਲਾ ਦਿਤਾ ਗਿਆ। ਇਹ ਘਰ ਤੇ ਹੋਰ ਸਾਰੀ ਜ਼ਮੀਨ ਜਾਇਦਾਦ ਸਰਕਾਰ ਦੇ ਨਾਂ ਜ਼ਬਤ ਕਰ ਲਈ ਗਈ।

ਇਹ ਸਾਰੇ ਮਹੀਨੇ ਉਸ ਨੇ ਖੁਸ਼ੀ ਖੁਸ਼ੀ ਲੰਘਾਏ ਸਨ ਤੇ ਹੁਣ ਜਿਵੇਂ ਉਸ ਦੇ ਨੰਗੇ ਸਿਰ ਉਤੇ ਬਿਜਲੀ ਆ ਡਿਗੀ ਹੋਵੇ। ਉਸ ਦੇ ਭੰਡਾਰਾ ਨੂੰ ਪਦਾਰਥਾਂ ਤੋਂ ਸੱਖਣਾ ਕਰ ਦਿਤਾ ਗਿਆ ਤੇ ਟੱਬਰ ਨੂੰ ਬੜਾ ਦੁੱਖ ਦਿਤਾ ਗਿਆ। ਸਭ ਤੋਂ ਪਹਿਲਾਂ ਉਸ ਨੇ ਆਪਣੇ ਬੌਲਦ ਵੇਚੇ ਜਿਨ੍ਹਾਂ ਨਾਲ ਉਹ ਹਲ ਵਾਹੁੰਦਾ ਹੁੰਦਾ ਸੀ। ਫਿਰ ਉਸ ਨੇ ਆਪਣੀਆਂ ਲਵੇਰੀਆਂ ਗਾਵਾਂ ਵੇਚੀਆਂ। ਚੰਦ ਬਿਨੋਦ ਦੀ ਮਾਂ ਸੋਗ ਤੇ ਬਿਰਲਾਪ ਵਿਚ ਹਿੱਕ ਪਿੱਟਣ ਲੱਗ ਪਈ। ਇਸ ਤੋਂ ਪਿੱਛੋਂ ਉਸ ਦਾ ਸੁੰਦਰ ਬੰਗਲਾ ਵਿਕਿਆ ਜਿਹੜਾ ਉਸ ਨੇ ਏਨੀ ਕਲਾਕਾਰੀ ਨਾਲ ਬਣਾਇਆ ਸੀ। ਕੇਵਲ ਇਕ ਕਮਰਾ ਰਹਿ ਗਿਆ। ਉਹ ਵੀ ਉਸ ਵੇਚ ਦੇਣਾ ਚਾਹਿਆ। ਚਾਂਦ ਬਿਨੋਦ ਇਸ ਤਰ੍ਹਾਂ

ਸੋਚਣ ਲੱਗਾ ਹੁਣ ਕੀ ਅਸੀਂ ਕਿਸੇ ਰੁੱਖ ਹੇਠਾਂ ਰਵ੍ਹਾਂਗੇ ? ਪਰ ਮੇਰੀ ਪ੍ਰਾਣਾਂ ਤੋਂ ਪਿਆਰੀ ਮਲੂਆ ਓਥੇ ਕਿਸ ਤਰ੍ਹਾਂ ਰਹਿ ਸਕਦੀ ਹੈ ? ਮੈਂ ਉਸ ਨੂੰ ਕਿਥੇ ਰਖਾਂਗਾ।" ਮੇਰੀ ਮਾਂ ਬੁੱਢੀ ਹੋ ਗਈ ਹੈ। ਹਾਏ ! ਉਹ ਕਿੰਨਾ ਦੁੱਖ ਭੋਗ ਰਹੀ ਹੈ। ਭੁੱਖੇ ਰਹਿਣ ਕਰਕੇ ਤੇ ਹੋ ਹੋਰ ਕਲੇਸ਼ ਕਰਕੇ ਉਹਦਾ ਮੂੰਹ ਪੀਲਾ ਹੋ ਗਿਆ ਹੈ।"

ਇਕ ਦਿਨ ਚਾਂਦ ਬਿਨੋਦ ਨੇ ਮਲੂਆ ਨੂੰ ਕਿਹਾ, "ਮਲੂਆ ਤੂੰ ਮੇਰੀ ਮਾਤਾ ਨੂੰ ਨਾਲ ਲੈ ਕੇ ਆਪਣੇ ਪਿਤਾ ਦੇ ਘਰ ਟੁਰ ਜਾ। ਤੂੰ ਪੰਜਾਂ ਭਰਾਵਾਂ ਦੀ ਇਕੱਲੀ ਭੈਣ ਹੈਂ ਜਿਹੜੇ ਤੈਨੂੰ ਬਹੁਤ ਪਿਆਰ ਕਰਦੇ ਹਨ। ਜੇ ਤੈਨੂੰ ਕੋਈ ਫੁੱਲ ਵੀ ਮਾਰੇ ਤਾਂ ਤੇਰਾ ਇਹ ਕੋਮਲ ਸਰੀਰ ਇਹ ਸਹਾਰ ਨਹੀਂ ਸਕਦਾ। ਤੂੰ ਸਦਾ ਸੁੱਖ ਵਿਚ ਰਹੀ ਹੈਂ, ਤੈਨੂੰ ਗਰੀਬੀ ਨਾਲ ਕਦੀ ਵਾਹ ਨਹੀਂ ਪਿਆ। ਤੂੰ ਇਹ ਸਭ ਕੁਝ ਕਿਸ ਤਰ੍ਹਾਂ ਸਹਾਰ ਸਕਦੀ ਹੈਂ। ਤੇਰੇ ਮਾਪੇ ਅਜੇ ਜੀਉਂਦੇ ਹਨ ਤੇ ਤੇਰੇ ਭਰਾ ਏਨਾਂ ਪਿਆਰ ਕਰਦੇ ਹਨ। ਤੂੰ ਓਥੇ ਅਨੰਦ ਵਿਚ ਰਹੇਂਗੀ। ਮੈਂ ਤੇ ਇਕ ਭਿਖਾਰੀ ਹਾਂ ਤੇ ਔਖ ਸੌਖ ਕੱਟਣ ਹਿਲਿਆਂ ਹੋਇਆ ਹਾਂ। ਮੈਂ ਏਥੇ ਹੀ ਰਹਾਂਗਾ। ਪਰ ਪਿਆਰੀ ਮਲੂਆ ਤਥੋਂ ਮੇਰੇ ਨਾਲ ਇਹ ਦੁੱਖ ਨਹੀਂ ਸਹਿਆ ਜਾਣਾ।" ਮਲੂਆ ਨੇ ਪੀਲੇ ਜਹੇ ਮੂੰਹ ਨਾਲ ਕਿਹਾ, "ਮੇਰੇ ਪਿਤਾ ਦੇ ਘਰ ਦਾ ਸਾਰਾ ਸੁੱਖ ਮੇਰੇ ਵਿਆਹ ਵਾਲੇ ਦਿਨ ਤੋਂ ਮੁਕ ਗਿਆ ਹੈ। ਤੂੰ ਭਾਵੇਂ ਜੰਗਲ ਵਿਚ ਰਵੇਂ, ਭਾਵੇਂ ਕਾਨਿਆਂ ਦੀ ਛੱਤ ਹੇਠ ਜਾਂ ਕਿਸੇ ਰੁੱਖ ਦੀ ਛਾਂ ਹੇਠ, ਤੂੰ ਹੀ ਮੇਰਾ ਆਸਰਾ ਹੈਂ ਤੇ ਹੋਰ ਕੋਈ ਨਹੀਂ। ਭਾਵੇਂ ਮੈਨੂੰ ਸਤ ਦਿਨ ਭੁੱਖੀ ਰਹਿਣਾ ਪਵੇ, ਤੇਰਾ ਮੂੰਹ ਵੇਖਦਿਆਂ ਸਾਰ ਹੀ ਮੇਰਾ ਦੁੱਖ ਕੱਟਿਆ ਜਾਂਦਾ ਹੈ। ਜੇ ਮੈਂ ਤੇਰਾ ਚਰਨਾਮਤ-ਜਿਸ ਪਾਣੀ ਨੂੰ ਤੇਰੇ ਪੈਰ ਛੁਹੇ ਹੋਣ, ਪੀ ਲਵਾਂ, ਤਾਂ ਇਹ ਹੀ ਮੇਰੇ ਲਈ ਸੰਜੀਵਨੀ ਹੈ। ਮਲੂਆ ਨੂ ਆਪਣੇ ਪਿਤਾ ਦੇ ਘਰ ਵਿਚ ਇਕ ਰਾਜਕੁਮਾਰੀ ਦਾ ਜੀਵਨ ਵੀ ਪਸੰਦ ਨਹੀਂ। ਜੇ ਮੈਂ ਸਾਰਾ ਦਿਨ ਭੁੱਖੀ ਰਵ੍ਹਾਂ ਤੇ ਰਾਤ ਨੂੰ ਇਕ ਵੇਲੇ ਖਾਣ ਨੂੰ ਮਿਲੇ ਤੇ ਉਹ ਵੀ ਭਾਵੇਂ ਪਾਣੀ ਵਿਚ ਓਬਲੇ ਚੌਲ ਤੇ ਸਬਜ਼ੀ ਹੋਵੇ, ਤੇਰਾ ਮੁਖੜਾ ਦੇਖ ਕੇ ਮੇਰੇ ਸਾਰੇ ਕਸ਼ਟ ਮੁਕ ਜਾਂਦੇ ਹਨ। ਤੇਰੇ ਚਰਨ ਛੂਹ ਸਕਣ ਦੇ ਅਧਿਕਾਰ ਨਾਲੋਂ ਕੋਈ ਹੋਰ ਵੱਡੀ ਖੁਸ਼ੀ ਮੇਰੇ ਮਨ ਵਿਚ ਨਹੀਂ ਆ ਸਕਦੀ। ਤੈਨੂੰ ਏਥੇ ਛੱਡ ਕੇ ਮੈਂ ਕਦੀ ਵੀ ਆਪਣੇ ਪਿਤਾ ਦੇ ਘਰ ਨਹੀਂ ਜਾ ਸਕਦੀ।"

ਚਾਂਦ ਬਿਨੋਦ ਨੇ ਹੁਣ ਇਹ ਧਾਰਿਆ ਕਿ ਉਹ ਪਰਦੇਸ਼ ਵਿਚ ਜਾ ਕੇ ਦੌਲਤ ਕਮਾ ਕੇ ਲਿਆਵੇ। ਮਲੂਆ ਨੇ ਜਦ ਇਹ ਸੁਣਿਆ ਤਾਂ ਉਹ ਹਾਲੋਂ ਬੇਹਾਲ ਹੋ ਗਈ ਤੇ ਇਹ ਕਹਿ ਕੇ ਉਸ ਦਾ ਵਿਰੋਧ ਕੀਤਾ, ਨਹੀਂ, ਇਹ ਨਹੀਂ ਹੋ ਸਕਦਾ। ਮੈਂ ਤੈਨੂੰ ਜਾਣ ਨਹੀਂ ਦਿਆਂਗੀ। ਜੇ ਤੂੰ ਮੈਨੂੰ ਛੱਡ ਕੇ ਚਲਾ ਜਾਵੇਂਗਾ ਤਾਂ ਮੈਂ ਭੁੱਖੀ ਰਹਿ ਰਹਿ ਕੇ ਪਰਾਣ ਦੇ ਦਿਆਂਗੀ। ਕਿਸੇ ਬਿਰਛ ਦੀ ਛਾਂ ਹੇਠ, ਬਿਸਤਰੇ ਦੀ ਥਾਂ ਆਪਣੀ ਅਧੀ ਸਾੜ੍ਹੀ ਵਿਛਾ ਕੇ ਮੈਨੂੰ ਚੰਗੀ ਤਰ੍ਹਾਂ ਨੀਂਦਰ ਆ ਜਾਵੇਗੀ, ਮੈਂ ਤੇਰੇ ਨਾਲ ਹੀ ਜੰਗਲਾਂ ਵਿਚ ਜਾਵਾਂਗੀ। ਤੇ ਓਥੇ ਤੇਰੇ ਲਈ ਫਲ ਲੱਭਿਆ ਕਰਾਂਗੀ। ਇਹ ਮੈਂ ਕਰ ਲਵਾਂਗੀ ਤੇ ਤੇਰੇ ਦੁੱਖ ਵਿਚ ਸ਼ਰੀਕ ਹੋਵਾਂਗੀ।

13. ਦੁਖਦਾਇਕ ਗ਼ਰੀਬੀ

ਸੌਣ ਦਾ ਮਹੀਨਾ ਉਹਨਾਂ ਮਲੂਆ ਦੀ ਨੱਥ ਦੇ, ਵੱਟੇ ਪੈਸਿਆਂ ਉਤੇ ਜਿਹੜੀ ਉਸ ਨੇ

ਵੇਚ ਦਿਤੀ ਸੀ, ਕਟ ਲਿਆ। ਉਸ ਨੇ ਆਪਣਾ ਮੋਤੀਆਂ ਦਾ ਹਾਰ ਵੀ ਵੇਚ ਦਿਤਾ ਤੇ ਕੁਝ ਚਿਰ ਉਹਨਾਂ ਉਸ ਉਤੇ ਗੁਜ਼ਾਰਾ ਕੀਤਾ। ਭਾਦਰੋਂ ਵਿਚ ਉਸ ਨੇ ਆਪਣੀ ਝਾਂਜਰ ਵੇਚ ਦਿਤੀ। ਹਾਏ ! ਕਿੰਨੇ ਭੈੜੇ ਦਿਨ ਸਨ ! ਅਸੂ ਦਾ ਮਹੀਨਾ ਉਸ ਟੱਬਰ ਨੇ ਮਲੂਆ ਦੇ ਕੰਗਨ ਗਹਿਣੇ ਧਰ ਕੇ ਕਿਸੇ ਨ ਕਿਸੇ ਤਰ੍ਹਾਂ ਲੰਘਾਇਆ ! ਕੱਤੇਂ ਵਿਚ ਉਸ ਨੇ ਆਪਣੇ ਰੇਸ਼ਮੀ ਕਪੜੇ ਵੇਚ ਦਿਤੇ। ਮੱਘਰ ਵਿਚ ਉਸ ਨੇ ਆਪਣੇ ਕਾਂਟੇ ਵੇਚ ਦਿਤੇ ਜਿਹੜੇ ਉਸ ਨੂੰ ਬਹੁਤ ਹੀ ਪਸੰਦ ਸਨ। ਉਸ ਦੇ ਬਾਕੀ ਦੇ ਸੋਨੇ ਦੇ ਜੇਵਰ ਸ਼ਾਹੂਕਾਰ ਦੇ ਘਰ ਕਰਜ਼ੇ ਲਈ ਜਮਾਨਤ ਰਖੇ ਪਏ ਸਨ। ਹੁਣ ਉਸ ਦੇ ਸਾਰੇ ਕੱਪੜੇ ਲੀਰਾਂ ਹੋਏ ਪਏ ਸਨ ਤੇ ਜੋੜਾਂ ਤੇ ਗਾਂਢਿਆਂ ਨਾਲ ਭਰੇ ਪਏ ਸਨ। ਉਹ ਮੁਸ਼ਕਲ ਨਾਲ ਹੀ ਉਸ ਦਾ ਨੰਗੇਜ ਢਕਦੇ ਸਨ। ਬਸ ਇਕ ਤਵੀਤਾਂ ਦਾ ਜੋੜਾ ਹੀ ਰਹਿ ਗਿਆ ਸੀ। ਇਕ ਦਿਨ ਉਹ ਅੱਠ ਪਹਿਰ ਭੁੱਖੀ ਰਹੀ, ਇਹ ਬੜੀ ਭਾਰੀ ਔਕੜ ਸੀ। ਘਰ ਵਿਚ ਫਸਲਾਂ ਦੀ ਦੇਵੀ ਨੂੰ ਰੋਜ਼ ਦੀ ਪੂਜਾ ਲਈ ਭੇਂਟ ਕਰਨ ਲਈ ਇਕ ਮੁੱਠ ਚੌਲਾਂ ਦੀ ਵੀ ਨਹੀਂ ਸੀ।

ਸ਼ਾਹੂਕਾਰਾਂ ਦਾ ਸੂਦ ਦਿਨੋ ਦਿਨ ਵਧਦਾ ਜਾਂਦਾ ਸੀ। ਦੋ ਦਿਨ ਉਹਨਾਂ ਨੇ ਨੀਮ ਉਬਲੇ ਘਾਹ ਤੇ ਪੌਦਿਆਂ ਉਤੇ ਗੁਜ਼ਾਰਾ ਕੀਤਾ। ਪਰ ਜਦੋਂ ਮਲੂਆ ਨੇ ਆਪਣੇ ਪਤੀ ਦਾ ਪੀਲਾ ਮੂੰਹ ਵੇਖਿਆ ਤਾਂ ਗ਼ਮ ਨਾਲ ਉਸਦਾ ਜਿਵੇਂ ਦਿਲ ਪਾਟ ਗਿਆ। ਉਸ ਨੇ ਆਪ ਵੀ ਕੁਝ ਨਾ ਖਾਧਾ ਤੇ ਨਾ ਹੀ ਕਿਸੇ ਨੂੰ ਇਹ ਦੱਸਿਆ ਉਸ ਤੋਂ ਆਪਣੇ ਪਤੀ ਤੇ ਸੱਸ ਦੇ ਭੁੱਖ ਦੇ ਮਾਰੇ ਹੋਏ ਚਿਹਰੇ ਵੇਖੇ ਨਹੀਂ ਸਨ ਜਾਂਦੇ ਕਿਉਂਕਿ ਉਹ ਉਹਨਾਂ ਅਗੇ ਭੋਜਨ ਨਹੀਂ ਰਖ ਸਕਦੀ ਸੀ। ਹੁਣ ਉਹ ਖਾਨਦਾਨ ਦੀ ਇਜ਼ਤ ਹੋਰ ਬਹੁਤਾ ਚਿਰ ਬਚਾ ਕੇ ਨਹੀਂ ਰਖ ਸਕਦੀ ਸੀ ਤੇ ਉਸ ਬੂਹਿਓ ਬੂਹੇ ਜਾ ਕੇ ਮੰਗਣ ਦੀ ਸੋਚ ਲਈ ਅਤੇ ਜਦੋਂ ਚਾਂਦ ਬਿਨੋਦ ਨੂੰ ਇਸ ਗੱਲ ਦੀ ਖ਼ਬਰ ਹੋਈ ਉਸ ਨੇ ਆਪਣੇ ਦਿਲ ਦੀ ਦਲੀਲ ਪਤਨੀ ਨੂੰ ਨ ਦੱਸੀ ਤੇ ਨਾ ਹੀ ਆਪਣੀ ਮਾਂ ਨੂੰ ਕੁਝ ਆਖਿਆ ਪਰ ਪੋਹ ਦੇ ਮਹੀਨੇ ਉਹ ਖੱਟ ਖਟਾਕੇ ਲਿਆਉਣ ਲਈ ਚੋਰੀ ਘਰੋਂ ਟੁਰ ਗਿਆ।

14. ਕਿਸਮਤ ਦੀਆਂ ਅਨੋਖੀਆਂ ਗੱਲਾਂ

ਇਸ ਔਕੜ ਵੇਲੇ ਉਸ ਪਾਪੀ ਕਾਜ਼ੀ ਨੇ ਉਸ ਬੁੱਢੀ ਨੈਤਾਈ ਨੂੰ ਫਿਰ ਉਸ ਦੇ ਕੋਲ ਘੱਲਿਆ। ਬੁੱਢੀ ਜਨਾਨੀ ਨੇ ਕਿਹਾ "ਤੂੰ ਕਿਹੜੀ ਇਕ ਵੱਡੇ ਆਦਮੀ ਦੀ ਧੀ ਹੈਂ, ਤੂੰ ਕਿਉਂ ਦੂਜਿਆਂ ਲਈ ਏਨੇ ਦੁੱਖ ਝੱਲੇਂ। ਜੇ ਤੂੰ ਕਾਜ਼ੀ ਦੇ ਘਰ ਜਾ ਵੜੇਂ, ਤਾਂ ਤੂੰ ਸੋਨੇ ਦੀਆਂ ਥਾਲੀਆਂ ਵਿਚ ਭੋਜਨ ਕਰੇਂਗੀ। ਤੂੰ ਆਪਣੇ ਆਪ ਨੂੰ ਇਥੇ ਕਿਉਂ ਭੁੱਖਿਆਂ ਮਾਰ ਰਹੀ ਹੈਂ ? ਤੇਰੇ ਘਰ ਵਿਚ ਮੁੱਠ ਚੌਲਾਂ ਦੀ ਨਹੀਂ। ਇਹ ਸਾਰੀਆਂ ਤੰਗੀਆਂ ਤੇਰਾ ਸਰੀਰ ਕਿੰਨਾ ਕੁ ਚਿਰ ਝਲੇਗਾ ? ਕਾਜ਼ੀ ਨੇ ਫਿਰ ਮੈਨੂੰ ਤੇਰੇ ਵਲ ਘੱਲਿਆ ਹੈ। ਹੁਣ ਨੇਕ ਸਲਾਹ ਮੰਨ ਲੈ ਤੇ ਉਸ ਦੀ ਵਹੁਟੀ ਬਣਨਾ ਮੰਨ ਲੈ। ਤੈਨੂੰ ਬਖਤਾਵਰ ਪਿਤਾ ਦੀ ਧੀ ਨੂੰ ਇਹ ਸੋਭਦਾ ਹੈ ਕਿ ਤੂੰ ਚੌਲ ਛੰਡਦੀ ਤੇ ਸੂਤ ਕਤਦੀ ਫਿਰੇਂ ? ਇਹ ਲੀਰਾਂ ਤੇ ਤੇਰੇ ਸੁੰਦਰ ਸਰੀਰ ਨੂੰ ਚੰਗੀ ਤਰ੍ਹਾਂ ਕੱਜ ਵੀ ਨਹੀਂ ਰਹੀਆਂ। ਤੇਰੇ ਨੱਕ ਵਿਚ ਕੋਈ ਗਹਿਣਾ ਨਹੀਂ, ਤੇ ਤੇਰੇ ਕੰਨਾਂ ਵਿਚ ਫੁੱਲਾਂ ਦੇ ਨਮੂਨੇ ਵਾਲੇ ਉਹ ਪਿਛਲੇ ਕਾਂਟੇ ਹੈ ਨਹੀਂ। ਦੇਹ ਉਤੇ, ਧਤੂਰੇ ਦੇ ਫੁੱਲਾਂ ਦੀਆਂ ਚਿੱਟੀਆਂ ਪੱਤੀਆਂ

ਵਾਂਗ, ਮਿੱਟੀ ਪਈ ਹੋਈ ਹੈ । ਅਸੀਂ ਤੇਰੇ ਸੋਹਲ ਸਰੀਰ ਨੂੰ ਗਹਿਣਿਆਂ ਨਾਲ ਕੱਜ ਦਿਆਂਗੇ । ਕਾਜ਼ੀ ਨਾਲ ਵਿਆਹ ਕਰ ਲੈ ਤੇ ਉਸ ਦੇ ਘਰ ਜਾ ਵੜ !''

ਮਲੂਆ ਦੀਆਂ ਅੱਖਾਂ ਜਾਵਾ ਦੇ ਭਖਦੇ ਫੁੱਲ ਵਾਂਗ ਲਾਟਾਂ ਛੱਡਣ ਲੱਗੀਆਂ । ਇਹ ਜ਼ਖਮ ਉਤੇ ਲੂਣ ਲਾਉਣ ਵਾਂਗ ਹੋਇਆ । ਉਹ ਨਿਰਾਦਰ ਨਾ ਸਹਾਰ ਸਕੀ । ਉਸ ਨੇ ਕਿਹਾ, ਮੇਰਾ ਪਤੀ ਪਰਦੇਸ ਗਿਆ ਹੋਇਆ ਹੈ । ਉਸ ਦੇ ਮੁੱਖ ਨੂੰ ਯਾਦ ਕਰਕੇ ਮੈਂ ਆਪਣੇ ਸਾਰੇ ਕਲੇਸ਼ ਕਟਾਂਗੀ । ਕਾਜ਼ੀ ਦੇ ਹੱਥੋਂ ਮਾਲ ਧਨ ਲੈਣ ਨਾਲੋਂ ਇਹੀ ਚੰਗਾ ਹੈ ਕਿ ਮੈਂ ਲੋਕਾਂ ਦੇ ਚੋਲ ਛੜਦੀ ਫਿਰਾਂ ਜਾਂ ਬੂਹਿਓ ਬੂਹੇ ਮੰਗਦੀ ਫਿਰਾਂ । ਮੇਰੇ ਪੰਜ ਭਰਾ ਹਨ ਜਿਹੜੇ ਦੁਸ਼ਟ ਆਦਮੀਆਂ ਲਈ ਹਊਆ ਹਨ । ਉਹ ਇਸ ਤਰ੍ਹਾਂ ਹਨ ਜਿਵੇਂ ਪੰਜ ਜੰਮ ਹੋਣ । ਉਹ ਤੇਰਾ ਨੱਕ ਵੱਢ ਦੇਣਗੇ ਤੇ ਪਾਪੀ ਕਾਜ਼ੀ ਦੇ ਕੰਨ । ਉਹ ਤੇਰਾ ਸਿਰ ਪੱਥਰ ਉਤੇ ਫੇਹ ਕੇ ਤੈਨੂੰ ਮਾਰ ਦੇਣਗੇ । ਤੂੰ ਜ਼ਰਾ ਖਲੋ ਜਾ ਮੈਂ ਉਹਨਾਂ ਨੂੰ ਚਿੱਠੀ ਲਿਖਦੀ ਹਾਂ ।

ਨਿਰਾਸ਼ ਹੋ ਕੇ ਬੁੱਢੀ ਡੈਣ ਆਪਣੇ ਘਰ ਮੁੜ ਆਈ । ਆਪਣੇ ਪਤੀ ਦੇ ਟੁਰ ਜਾਣ ਤੋਂ ਪਿਛੋਂ ਮਲੂਆ ਇਕੱਲੀ ਘਰ ਵਿਚ ਰਹਿੰਦੀ ਰਹੀ ਤੇ ਇਸ ਨਾਲ ਗੁਆਂਢੀਆਂ ਵਿਚ ਘੁਸਰ-ਮੁਸਰ ਸ਼ੁਰੂ ਹੋ ਗਈ । ਜਦੋਂ ਮਲੂਆ ਦੀ ਮਾਂ ਨੇ ਸੁਣਿਆ ਕਿ ਉਸ ਦੀ ਧੀ ਕਿੰਨੇ ਦੁੱਖ ਵਿਚ ਹੈ ਤਾਂ ਉਸ ਨੇ ਝਟ ਪਟ ਆਪਣੇ ਪੰਜੇ ਪੁੱਤਰ ਓਧਰ ਘੱਲ ਦਿਤੇ ।

ਉਹਨਾਂ ਛੇਤੀ ਛੇਤੀ ਕਪੜੇ ਪਾਏ ਤੇ ਮਲੂਆ ਦੇ ਘਰ ਗਏ । ਉਥੇ ਜਾ ਕੇ ਉਹਨਾਂ ਉਸ ਨੂੰ ਬੇਨਤੀ ਕੀਤੀ ਕਿ ਉਹ ਉਹਨਾਂ ਦੇ ਨਾਲ ਚਲੇ । ਮਲੂਆ ਉਹਨਾਂ ਨੂੰ ਵੇਖ ਕੇ ਰੋਣ ਲੱਗ ਪਈ । ਉਸ ਦੀ ਦਸ਼ਾ ਵੇਖ ਕੇ ਭਰਾਵਾਂ ਦੀਆਂ ਅੱਖਾਂ ਵਿਚ ਭੀ ਹੰਝੂ ਆ ਗਏ । ਰੋ ਰੋ ਕੇ ਉਹ ਕਹਿਣ ਲੱਗੇ ਮਲੂਆ ! ਤੂੰ ਸਾਡੀ ਪੰਜਾਂ ਭਰਾਵਾਂ ਦੀ ਇਕੋ ਭੈਣ, ਸਾਨੂੰ ਜਾਨ ਤੋਂ ਵੀ ਵਧ ਪਿਆਰੀ ਸਾਂਏਂ । ਅਸੀਂ ਤੇਰੇ ਲਈ ਵਰ ਲੱਭਾ ਜਿਹੜਾ ਸਾਨੂੰ ਹਰ ਪਾਸਿਉਂ ਤੇਰੇ ਯੋਗ ਲੱਗਾ । ਇਹ ਸਾਰਾ ਕਲੇਸ਼ ਖੋਟੇ ਕਰਮਾਂ ਕਰਕੇ ਹੈ । ਸਾਡੀਆਂ ਤਰੀਮਤਾਂ ਕੋਲ ਉਹਨਾਂ ਦੀ ਲੋੜ ਤੋਂ ਵਧ ਸੋਨੇ ਦੇ ਗਹਿਣੇ ਹਨ । ਕਿੰਨੇ ਦੁੱਖ ਦੀ ਗੱਲ ਹੈ ਕਿ ਸਾਡੀ ਭੈਣ ਕੋਲ ਕੁਝ ਭੀ ਨਹੀਂ । ਜਿਹੜੇ ਬਸਤਰ ਤੂੰ ਪਾਏ ਹੋਏ ਹਨ ਉਹ ਲੀਰ ਲੀਰ ਤੇ ਗੰਢ ਤਰੁਪ ਕੀਤੇ ਹੋਏ ਹਨ । ਤੇਰਾ ਸ਼ੋਖ ਰੰਗ ਘੱਟੇ ਮਿੱਟੀ ਨਾਲ ਮਧਮ ਪੈ ਗਿਆ ਹੈ । ਮਾਤਾ ਨੇ ਪਿਛਲੀ ਕੋਠੜੀ ਵਿਚ ਤੇਰੇ ਲਈ ਸੁੰਦਰ ਚਟਾਈਆਂ ਰਖੀਆਂ ਹੋਈਆਂ ਹਨ । ਇਹ ਥਾਂ ਤੇ ਡੋਰਾ ਨਾਲ ਭਰੀ ਹੋਈ ਹੈ । ਤੈਨੂੰ ਰਾਤੀਂ ਏਥੇ ਨੀਂਦਰ ਕਿਵੇਂ ਆਉਂਦੀ ਹੈ । ਸਾਡੇ ਘਰ ਵਿਚ ਤੇਰੇ ਲਈ ਇਕ ਕੋਠਾ ਵੱਖਰਾ ਰਖਿਆ ਹੋਇਆ ਹੈ ਉਥੇ ਅਬਰਕ ਦੇ ਸੁੰਦਰ ਪੱਖੇ ਹਨ ਤੇ ਪਿਆਰੇ ਪਿਆਰੇ ਧਾਗਿਆਂ ਨਾਲ ਸਜਿਆ ਪਰਦਾ ਲਟਕ ਰਿਹਾ ਹੈ । ਉਥੇ ਬਹੁਤ ਸਾਰਾ ਭੋਜਨ ਅਜਾਈਂ ਜਾਂਦਾ ਹੈ ਤੇ ਤੂੰ ਇਥੇ ਭੁੱਖੀ ਮਰਦੀ ਹੈਂ । ਇਹ ਕਿਸਮਤ ਦੀ ਕਿੱਡੀ ਵੱਡੀ ਮਸ਼ਕਰੀ ਹੈ । ਦੁਪਹਿਰ ਨੂੰ ਤੇ ਰਾਤ ਨੂੰ ਓਪਰੇ ਲੋਕ ਸਾਡੇ ਦਰ ਆਉਂਦੇ ਹਨ ਤੇ ਉਹਨਾਂ ਨੂੰ ਉਥੇ ਰੋਟੀ ਮਿਲਦੀ ਹੈ । ਤੇ ਤੂੰ ਸਾਡੀ ਪਿਆਰੀ ਭੈਣ ਭੁੱਖੀ ਰਹਿੰਦੀ ਹੈਂ । ਇਹ ਗੱਲ ਕਿੰਨੇ ਦੁੱਖ ਵਾਲੀ ਹੈ । ਭੈਣ ਤੂੰ ਪੂਰੇ ਬਾਰਾਂ ਸਾਲ ਆਪਣੇ ਪਿਤਾ ਦੇ ਘਰ ਰਹੀਂ । ਉਥੇ ਤੈਨੂੰ ਪੂਰੀ ਖੁਲ੍ਹ ਸੀ ਤੇ ਕਦੀ ਕਿਸੇ ਤੈਨੂੰ ਨਿੱਕਾ ਮੋਟਾ ਕੰਮ ਭੀ ਨਹੀਂ ਸੀ ਦੱਸਿਆ ।

ਮਠਿਆਈਆਂ ਤੇ ਹੋਰ ਦੁਰਲੱਭ ਭੋਜਨ ਬਣਾ ਕੇ ਰਖੇ ਪਏ ਹਨ ਤੇ ਉਹਨਾਂ ਨੂੰ ਕਿਸੇ ਹੱਥ ਨਹੀਂ ਲਾਇਆ । ਮਾਤਾ ਨੇ ਸਭ ਕੁਝ ਤੇਰੇ ਲਈ ਸਾਂਭ ਰੱਖਿਆ ਹੋਇਆ ਹੈ । ਪਿਛਲੇ ਤਿੰਨ ਦਿਨਾਂ ਤੋਂ ਜਦੋਂ ਦਾ ਉਸ ਨੇ ਤੇਰੇ ਬਾਰੇ ਸੁਣਿਆ ਹੈ ਉਸ ਨੇ ਅੰਨ ਨੂੰ ਮੂੰਹ ਨਹੀਂ ਲਾਇਆ ਤੇ ਤਿੰਨ ਦਿਨਾਂ ਤੋਂ ਨ ਸਾਡੇ ਚੁਲ੍ਹੇ ਵਿਚ ਅੱਗ ਬਲੀ ਹੈ ਤੇ ਨ ਹੀ ਤ੍ਰਕਾਲੀਂ ਦੀਵਾ । ਕਲ੍ਹ ਸਵੇਰੇ ਅਸੀਂ ਤਰੇ ਲਈ ਡੋਲੀ ਘਲਾਂਗੇ । ਜੇ ਤੂੰ ਨ ਆਈ ਤਾਂ ਮਾਤਾ ਤੇਰੇ ਹਾਵੇ ਵਿਚ ਮਰ ਜਾਵੇਗੀ । ਤਿੰਨ ਰਾਤਾਂ ਸਾਡੀ ਮਾਂ ਨੇ ਰੋਂਦਿਆਂ ਕੱਟੀਆਂ ਹਨ ਤੇ ਹੁਣ ਇਕ ਮਾਂ ਦੀ ਲੋਚਾ ਨਾਲ ਉਹ ਤੇਰੀ ਉਡੀਕ ਕਰ ਰਹੀ ਹੈ ।

ਮਲੂਆ ਨੇ ਰੋਂਦਿਆਂ ਰੋਂਦਿਆ ਆਪਣੇ ਭਰਾਵਾਂ ਨੂੰ ਹੌਲੀ ਹੌਲੀ ਕਿਹਾ :—

''ਮੈਂ ਆਪਣਾ ਦੁੱਖ ਤੁਹਾਨੂੰ ਕਿਸ ਤਰ੍ਹਾਂ ਦੱਸ ਸਕਦੀ ਹਾਂ । ਮੇਰਾ ਦਿਲ ਟੁੱਟਦਾ ਹੈ । ਤੁਸੀਂ ਮੇਰੇ ਲਈ ਇਹ ਘਰ ਲਭਿਆ ਤੇ ਮੇਰਾ ਪਤੀ ਹਰ ਗਲੋਂ ਤੁਹਾਡੇ ਮਨ ਪਸੰਦ ਸੀ । ਤੁਹਾਡਾ ਕੀ ਦੋਸ਼ ਹੈ ? ਤਕਦੀਰ ਨੂੰ ਕੌਣ ਮੋੜ ਸਕਦਾ ਹੈ ? ਪਰ ਮੈਂ ਏਸੇ ਘਰ ਵਿਚ ਰਹੀ ਜਾਣ ਦਾ ਨਿਸ਼ਚਾ ਕੀਤਾ ਹੋਇਆ ਹੈ । ਮੇਰੇ ਵੀਰੋਂ, ਮੈਂ ਤੁਹਾਨੂੰ ਦੱਸਦੀ ਹਾਂ ਕਿ ਮੇਰੇ ਲਈ ਇਹ ਘਰ ਹੀ ਸਭ ਤੋਂ ਵਧੀਆ ਤੀਰਥ ਹੈ । ਇਹ ਹੀ ਮੇਰਾ ਬਨਾਰਸ ਹੈ, ਇਹ ਹੀ ਬਿੰਦ੍ਰਾਬਨ । ਤੁਸੀਂ ਪਿਛਾਂਹ ਪਰਤ ਜਾਓ ਤੇ ਆਪਣੇ ਮਾਪਿਆਂ ਦੀ ਸੇਵਾ ਕਰੋ । ਇਸ ਵੇਲੇ ਮੇਰਾ ਵੱਡਾ ਕੰਮ ਆਪਣੀ ਦੁਖੀਂ ਸਸ ਦੀ ਸੇਵਾ ਕਰਨੀ ਹੈ । ਮਾਤਾ ਨੂੰ ਕਹਿਣਾ ਕਿ ਮੈਂ ਆਪਣੀ ਸੱਸ ਨੂੰ ਏਥੇ ਇਕੱਲੀ ਛੱਡ ਕੇ ਨਹੀਂ ਆ ਸਕਦੀ । ਤੁਹਾਡੀਆਂ ਵਹੁਟੀਆਂ ਓਥੇ ਹਨ । ਮਾਤਾ ਦਾ ਉਹਨਾਂ ਨਾਲ ਜੀ ਲਗਾ ਰਹੇਗਾ । ਜੇ ਉਹ ਮੇਰੇ ਤੋਂ ਹੁਸੜ ਕੇ ਹੌਕਾ ਭਰੇਗੀ ਤਾਂ ਉਹਦੀਆਂ ਪੰਜ ਨੂੰਹਾਂ ਉਹਨੂੰ ਹੌਸਲਾ ਦੇਣਗੀਆਂ । ਪਰ ਮੇਰੀ ਸੱਸ ਦਾ ਏਥੇ ਕੋਈ ਨਹੀਂ । ਉਹਦਾ ਪੁੱਤਰ ਦੂਰ ਚਲਾ ਗਿਆ ਹੈ । ਜੇ ਮੈਂ ਵੀ ਉਹਨੂੰ ਛੱਡ ਕੇ ਟੁਰ ਜਾਵਾਂ ਤਾਂ ਏਸ ਦੁੱਖ ਵਿਚ ਉਹਦਾ ਕੌਣ ਹੈ ?''

ਭਰਾ ਪਿਛਾਂਹ ਮੁੜ ਆਏ ਤੇ ਆ ਕੇ ਆਪਣੇ ਮਾਪਿਆਂ ਨੂੰ ਆਪਣੇ ਭੈਣ ਦੇ ਨਿਸ਼ਚੇ ਬਾਰੇ ਦੱਸਿਆ ।

ਉਹ ਆਪਣੀ ਸੱਸ ਦੇ ਨਾਲ ਚਰਖਾ ਕਤਦੀ ਰਹੀ ਤੇ ਮੁੰਜੀ ਛੜਦੀ ਰਹੀ ਤੇ ਇਸ ਤਰ੍ਹਾਂ ਆਪਣੇ ਦਿਨ ਕੱਟਦੀ ਰਹੀ । ਮਾਘ ਫੱਗਣ ਉਹ ਇਹ ਸੋਚਦਿਆਂ ਕੱਟ ਦੇਂਦੀ ਕਿ ਉਸ ਨੇ ਅਗੋਂ ਕੀ ਕਰਨਾ ਹੈ । ਚੇਤਰ ਵਿਸਾਖ ਉਹ ਆਪਣੇ ਪਤੀ ਦੀਆਂ ਸੋਆਂ ਉਡੀਕਦੀ, ਜੇਠ ਵਿਚ ਅੰਬ ਪਕ ਜਾਂਦੇ ਤੇ ਕਾਂ ਰੁਖਾਂ ਦੀਆਂ ਟਾਹਣੀਆਂ ਉਤੇ ਬਹਿ ਕੇ ਸਾਰਾ ਦਿਨ ਕਰਲਾਉਂਦੇ ਰਹਿੰਦੇ । ਪਰ ਅਫਸੋਸ ਉਹਦੇ ਪਤੀ ਵਲੋਂ ਕਦੀ ਕੋਈ ਸੁਨੇਹਾ ਨਾ ਆਉਂਦਾ ਕਿ ਉਹ ਕਿਥੇ ਰਹਿੰਦਾ ਹੈ । ਹਾੜ ਵਿਚ ਜਦੋਂ ਹਰ ਪਾਸੇ ਹੰਝੂਆਂ ਵਾਂਗ ਮੀਂਹ ਪੈਂਦੇ ਤੇ ਬਦਲ ਗੱਜਦੇ ਤੇ ਬਿਜਲੀ ਲਿਸ਼ਕਦੀ ਤਾਂ ਉਹ ਆਪਣੇ ਘਰ ਵਾਲੇ ਦੇ ਮੁਖੜੇ ਨੂੰ ਮਿੱਠਾ ਮਿੱਠਾ ਯਾਦ ਕਰਦੀ ਤੇ ਉਹਨੂੰ ਮਿਲਣ ਲਈ ਤਰਸਦੀ । ਸੌਣ ਵਿਚ ਲੋਕ ਮਨਸਾ ਦੇਵੀ ਦੀ ਪੂਜਾ ਕਰਦੇ । ਇਸ ਤਿਓਹਾਰ ਤੇ ਜਦੋਂ ਸਾਰੀ ਖਲਕਤ ਵਿਚ ਹਿਲਜੁਲ ਹੁੰਦੀ ਤਾਂ ਉਸ ਨੂੰ ਆਸ ਬੱਝੀ ਰਹਿੰਦੀ ਉਹ ਆ ਜਾਵੇਗਾ, ਉਹ ਆ

ਜਾਵੇਗਾ। ਪਰ ਸੌਣ ਵੀ ਲੰਘ ਗਿਆ। ਭਾਦੋਂ ਵੀ ਆਇਆ ਤੇ ਲੰਘ ਗਿਆ। ਹੁਣ ਅਸੂ ਆ ਗਿਆ ਤੇ ਲੋਕ ਕੇਵਲ ਪੂਜਾ ਦੇ ਤਿਓਹਾਰ ਆਉਣ ਦੀਆਂ ਗੱਲਾਂ ਕਰਦੇ। ਪਰ ਉਸ ਦੀ ਆਸ ਪੂਰੀ ਨ ਹੋਈ। ਉਹ ਪੂਜਾ ਦੇ ਦਿਨਾਂ ਵਿਚ ਵੀ ਨ ਆਇਆ। ਉਹ ਘਰ ਕਿੰਨਾ ਦੁਖੀ ਸੀ ਜਿਸ ਵਿਚ ਇਹਨਾਂ ਗਹਿਮਾ ਗਹਿਮੀ ਦੇ ਦਿਨਾਂ ਵਿਚ ਵੀ ਘਰ ਮੁੜਨ ਵਾਲਿਆਂ ਦੀਆਂ ਗੱਲਾਂ ਦੀ ਛਣਕਾਰ ਨਹੀਂ ਸੀ। ਪਰ ਜਦੋਂ ਕੱਤੇ ਦਾ ਮਹੀਨਾ ਆਇਆ ਤਾਂ ਉਹ ਸਾਲ ਦੀ ਖੱਟੀ ਨਾਲ ਲੈ ਕੇ ਮੁੜ ਆਇਆ। ਆਪਣੀ ਮਾਂ ਦੇ ਕੋਠੇ ਦੇ ਕੋਲ ਖਲੋ ਕੇ ਉਸ ਨੇ ਮਾਂ ਨੂੰ ਵਾਜ ਮਾਰੀ ਉਹ ਭੱਜ ਕੇ ਜਾ ਕੇ ਉਹਨੂੰ ਮਿਲੀ। ਦਿਨ ਰਾਤ ਉਹ ਰੋਂਦੀ ਰਹੀ ਸੀ। ਅਖੀਰ ਨੂੰ ਤੂੰ, ਮੇਰੇ ਪੁੱਤਰਾ ਆਪਣੀ ਗਰੀਬਣੀ ਮਾਂ ਨੂੰ ਆਸਰਾ ਦੇਣ ਲਈ ਮੁੜ ਹੀ ਆਇਆ।" ਬਿਨੋਦ ਨੇ ਆਪਣਾ ਬਟੂਆ, ਜਿਸ ਵਿਚ ਉਸ ਦੀ ਸਾਰੀ ਕਮਾਈ ਸੀ, ਉਹਦੇ ਅੱਗੇ ਧਰ ਦਿਤਾ। ਰਹਿੰਦੀ ਨਜ਼ਰ ਦੀਵਾਨ ਕੋਲ ਘਲ ਕੇ ਉਸ ਜ਼ਬਤ ਹੋਈ ਹੋਈ ਜਾਇਦਾਦ ਛੁਡਵਾਂ ਲਈ।

ਉਸ ਨੇ ਫਿਰ ਅੱਠ ਗੁੱਠਾਂ ਦੀ ਛਤ ਵਾਲਾ ਬੰਗਲਾ ਬਣਵਾਇਆ। ਹੁਣ ਉਹ ਇਕ ਵਾਰ ਫਿਰ ਆਪਣੀ ਮਲੂਆ ਕੋਲ ਮੁੜ ਆਇਆ ਸੀ। ਰਾਤ ਨੂੰ ਮਲੂਆ ਨੇ ਜੋ ਜੋ ਉਸ ਦੇ ਪਿਛੋਂ ਉਸ ਨਾਲ ਬੀਤੀਆਂ ਸਨ, ਦੱਸੀਆਂ।

ਖੰਡ ਤੇ ਮਠਿਆਈਆਂ ਮਿੱਠੀਆਂ ਹਨ। ਗੰਗਾ ਜੀ ਦਾ ਪਾਣੀ ਵੀ ਮਿੱਠਾ ਹੈ। ਇਹਨਾਂ ਤੋਂ ਮਿੱਠਾ ਨਾਰੀਅਲ ਵਿਚਲਾ ਪਾਣੀ ਹੈ ਜਿਹੜਾ ਠੰਢ ਪਾਉਂਦਾ ਅਤੇ ਤਾਜ਼ਗੀ ਦਿੰਦਾ ਹੈ। ਇਸ ਤੋਂ ਵੀ ਮਿੱਠੇ ਹਨ ਸੁਖ ਦੇ ਦਿਨ ਜਿਹੜੇ ਕਲੇਸ਼ ਦੇ ਦਿਨਾਂ ਪਿਛੋਂ ਵੇਖਣੇ ਮਿਲਣ। ਜਦੋਂ ਮਾਂ ਦੀ ਗੋਦ ਵਿਚ ਬੱਚਾ ਖੇਡਦਾ ਹੈ ਤਾਂ ਉਸ ਦੀ ਮਿਠਾਸ ਚੰਗੀ ਤਕਦੀਰ ਦੀ ਮੁਸਕਾਣ ਤੋਂ ਵੀ ਵਧ ਹੁੰਦੀ ਹੈ, ਇਸ ਤੋਂ ਵੀ ਮਿੱਠਾ ਗੁਵਾਚੇ ਦਾ ਲੱਭ ਜਾਣਾ ਹੈ। ਪਰ ਇਹਨਾਂ ਸਾਰੀਆਂ ਗੱਲਾਂ ਤੋਂ ਮਿੱਠਾ ਹੈ ਪਰੇਮੀਆਂ ਦਾ ਵਿਛੋੜੇ ਪਿਛੋਂ ਮਿਲਣਾ।

15. ਵੱਡਾ ਮੁਕੱਦਮਾ

ਇਸ ਤਰ੍ਹਾਂ ਚੰਦ ਬਿਨੋਦ ਕਿਸਮਤ ਦੇ ਚੱਕਰਾਂ ਵਿਚੋਂ ਦੀ ਲੰਘਦਾ ਰਿਹਾ। ਉਹਦਾ ਅਕਾਸ਼ ਜਿਹੜਾ ਕੁਝ ਚਿਰ ਲਈ ਬਦਲਾਂ ਉਹਲੇ ਲੁਕਿਆ ਰਿਹਾ ਸੀ ਹੁਣ ਫਿਰ ਚਮਕ ਉਠਿਆ।

ਪਰ ਕਠੋਰ ਚਿਤ ਅਤੇ ਭਿਅੰਕਰ ਕਾਜੀ ਨੇ ਫਿਰ ਉਹਦੇ ਵਿਰੁਧ ਚਾਲ ਚਲੀ ਤੇ ਉਸ ਨੂੰ ਨਵੇਂ ਕਲੇਸ਼ ਵਿਚ ਫਸਾ ਦਿਤਾ।

ਚੰਦ ਬਿਨੋਦ ਤੋਂ ਇਕ ਵਾਰੰਟ ਦੀ ਤਾਮੀਲ ਕਰਾਈ ਗਈ ਜਿਸ ਉਤੇ ਲਿਖਿਆ ਸੀ।

"ਸ੍ਰੀ ਹਜ਼ੂਰ ਦੀਵਾਨ ਸਾਹਿਬ ਨੂੰ ਇਕ ਗੁਪਤ ਹਰਕਾਰੇ ਰਾਹੀਂ ਪਤਾ ਲਗਾ ਹੈ ਕਿ ਤੇਰੇ ਘਰ ਵਿਚ ਇਕ ਅਤਿ ਸੁੰਦਰ ਨਾਰ ਹੈ। ਉਹ ਏਡੀ ਸੁੰਦਰ ਦੱਸੀ ਜਾਂਦੀ ਹੈ ਜਿਵੇਂ ਕੋਈ ਪਰੀ ਹੋਵੇ, ਮੈਂ ਇਹ ਵਾਰੰਟ ਦੀਵਾਨ ਸਾਹਿਬ ਦੇ ਹੁਕਮ ਰਾਹੀਂ ਭੇਜ ਰਿਹਾ ਹਾਂ। ਅੱਜ ਤੋਂ ਸੱਤਾਂ ਦਿਨਾਂ ਦੇ ਅੰਦਰ ਅੰਦਰ ਤੂੰ ਆਪਣੀ ਤ੍ਰੀਮਤ ਨੂੰ ਸ੍ਰੀ ਹਜ਼ੂਰ ਦੇ ਮਹਿਲ ਵਿਚ ਭੇਜ ਦੇ। ਜੇ ਤੂੰ ਇਸ ਤਰ੍ਹਾਂ ਨਹੀਂ ਕਰੇਂਗਾ ਤਾਂ ਤੇਰੀ ਜਾਨ ਖਤਰੇ ਵਿਚ ਹੋਵੇਗੀ। ਜੇ ਤੂੰ ਇਸ ਹੁਕਮ ਦੀ

ਪਾਲਨਾ ਕਰਨ ਤੋਂ ਬਿਨਾਂ ਇਕ ਹਫਤਾ ਲੰਘ ਜਾਣ ਦਿੱਤਾ ਤਾਂ ਤੂੰ ਸਮਝ ਲਈਂ ਕਿ ਤੇਰੀ ਮੌਤ ਯਕੀਨੀ ਹੈ।"

ਜਦੋਂ ਚੰਦ ਬਿਨੋਦ ਨੇ ਇਹ ਵਾਰੰਟ ਪੜ੍ਹਿਆ ਤਾਂ ਉਸ ਦਾ ਸਿਰ ਗੋਡਿਆਂ ਉਤੇ ਢਹਿ ਪਿਆ। ਉਸ ਨੂੰ ਇਸ ਤਰ੍ਹਾਂ ਲਗਦਾ ਸੀ ਜਿਵੇਂ ਕੋਈ ਹਿਰਨ ਸ਼ੇਰ ਦੇ ਪੰਜਿਆਂ ਵਿਚ ਫਸ ਗਿਆ ਹੋਵੇ। ਮੌਤ ਅਤੇ ਮੌਤ ਵਰਗੇ ਜ਼ਾਲਮ ਬੰਦੇ ਉਸ ਨੂੰ ਦੋਨਾਂ ਪਾਸਿਆਂ ਤੋਂ ਖਿਚ ਰਹੇ ਸਨ। ਬਿਚਾਰੇ ਚੰਦ ਬਿਨੋਦ ਨੂੰ ਕਿਹੋ ਜਹੀ ਤਕਦੀਰ ਉਡੀਕ ਰਹੀ ਸੀ।

ਹਫ਼ਤਾ ਲੰਘ ਗਿਆ। ਕਾਜ਼ੀ ਦਾ ਪੁਲਸ ਅੰਫ਼ਸਰ ਮਰਿਧਾ ਚੰਦ ਵਿਨੋਦ ਦੇ ਘਰ ਆਇਆ। ਉਸ ਦੇ ਹੱਥ ਪੈਰ ਬੰਨ੍ਹ ਦਿਤੇ ਤੇ ਉਸ ਦੀ ਧੌਣ ਦੁਆਲੇ ਰੱਸਾ ਪਾ ਕੇ ਉਸ ਨੂੰ ਸ਼ੜਕ ਉਤੋਂ ਦੀ ਧਰੀਕਦਾ ਹੋਇਆ ਲੈ ਗਿਆ ਤੇ ਲਿਜਾ ਕੇ ਕਾਜ਼ੀ ਦੇ ਸਾਮ੍ਹਣੇ ਜਾ ਖਲ੍ਹਾਰਿਆ।

ਕਾਜ਼ੀ ਨੇ ਕਿਹਾ—

"ਬਦਮਾਸ਼! ਤੂੰ ਮੇਰਾ ਹੁਕਮ ਨਹੀਂ ਮੰਨਿਆ ਤੂੰ ਅਜੇ ਵੀ ਉਹ ਸੁੰਦਰ ਇਸਤ੍ਰੀ ਆਪਣੇ ਘਰ ਹੀ ਰਖੀ ਹੋਈ ਹੈ।"

ਆਪਣੇ ਕਾਰਿੰਦਆਂ ਨੂੰ ਉਸ ਨੇ ਕਿਹਾ: "ਚੰਦ ਬਿਨੋਦ ਨੂੰ ਫੜ ਕੇ ਜੰਗਲਾਂ ਵਿਚ ਲੈ ਜਾਓ ਤੇ ਓਥੇ ਇਸ ਨੂੰ ਜੀਉਂਦੇ ਨੂੰ ਦੱਬ ਦਿਓ। ਇਹਦੀ ਵਹੁਟੀ ਨੂੰ ਵੀ ਫੜ ਲਓ ਤੇ ਉਸ ਨੂੰ ਸ੍ਰੀ ਹਜ਼ੂਰ ਦੀਵਾਨ ਜਹਾਂਗੀਰ ਵਾਲੀਏ ਜਹਾਂਗੀਰ ਪੁਰ ਦੇ ਮਹਿਲਾਂ ਵਿਚ ਅਪੜਾ ਦਿਓ।"

ਮਰਿਧਾ ਤੇ ਕਾਰਿੰਦਿਆਂ ਨੇ ਹੁਕਮਾਂ ਦੀ ਪਾਲਨਾ ਕੀਤੀ। ਉਹ ਚੰਦ ਬਿਨੋਦ ਨੂੰ ਜੰਗਲ ਵਿਚ ਲੈ ਗਏ। ਉਸ ਦੀ ਮਾਂ ਇਹ ਆਖ ਕੇ ਵਿਰਲਾਪ ਕਰਨ ਲਗੀ, "ਵੇ ਮੇਰਿਆ ਮਹਿੰਗਿਆ ਪੁੱਤਰਾ! ਜੇ ਤੂੰ ਆਪਣੀ ਆਈ ਮਰਦੋਂ ਤਾਂ ਮੈਂ ਉਸ ਪਰਮਾਤਮਾ ਦੀ ਗੁੱਝੀ ਕਰਨੀਆਂ ਅਗੇ ਸਿਰ ਨਿਵਾ ਦੇਂਦੀ। ਪਰ ਤੂੰ ਦੱਸ। ਮੈਂ ਇਹ ਕਿਵੇਂ ਸਹਾਰਾਂ ਕਿ ਬੰਦੇ ਤੈਨੂੰ ਜੀਉਂਦੇ ਨੂੰ ਵੰਡ ਦੇਣ। ਤੂੰ ਮੈਨੂੰ ਆਪਣੀ ਜਾਣ ਤੋਂ ਵੀ ਵਧ ਪਿਆਰਾ ਏਂ। ਹੇ ਮੇਰੇ ਪਿੰਜਰੇ ਵਿਚ ਬੰਦ ਤੋਤਿਆ, ਮੈਨੂੰ ਇੰਜ ਲਗਦਾ ਏ ਜਿਵੇਂ ਕਿਸੇ ਮੇਰੀ ਹਿੱਕ ਵਿਚੋਂ ਇਕ ਪਸਲੀ ਕੱਢ ਲਈ ਹੋਵੇ।"

ਮਲੂਆ ਆਪਣੀ ਸੱਸ ਕੋਲ ਬੈਠੀ ਉਹਨੂੰ ਹੌਸਲਾ ਦੇਣ ਦਾ ਜਤਨ ਕਰਦੀ ਅਥਰੂ ਵਹਾਂਦੀ ਰਹਿੰਦੀ। ਪਰ ਕੁਝ ਚਿਰ ਪਿਛੋਂ ਉਸ ਰੋਣਾ ਬੰਦ ਕਰ ਦਿਤਾ ਤੇ ਆਪਣੇ ਪੰਜਾਂ ਭਰਾਵਾਂ ਨੂੰ ਢਾਈ ਅੱਖਰਾਂ ਦੀ ਇਕ ਚਿੱਠੀ ਲਿਖੀ। ਇਸ ਨਿੱਕੀ ਜਹੀ ਚਿੱਠੀ ਵਿਚ ਉਸ ਨੇ ਕਾਜ਼ੀ ਦੀਆਂ ਕਰਤੂਤਾਂ ਲਿਖੀਆਂ ਤੇ ਦੱਸਿਆ ਕਿ ਕਿਵੇਂ ਚੰਦ ਬਿਨੋਦ ਨੂੰ ਵੱਢਣ ਲਈ ਲੈ ਗਏ ਹਨ।

ਚਿੱਠੀ ਲਿਖ ਕੇ ਉਸ ਆਪਣੇ ਸਿਖੇ ਹੋਏ ਬਾਜ਼ ਨੂੰ ਦਿਤੀ। ਬਾਜ਼ ਨੂੰ ਇਹ ਕੰਮ ਸਮਝਣ ਲਈ ਬਸ ਇਸ਼ਾਰੇ ਦੀ ਹੀ ਲੋੜ ਸੀ। ਉਹ ਝਟ ਉਹਦੇ ਪਿਤਾ ਦੇ ਘਰ ਵਲ ਉਡ ਗਿਆ।

ਜਿਸ ਵੇਲੇ ਭਰਾਵਾਂ ਨੂੰ ਚਿੱਠੀ ਮਿਲੀ, ਉਹ ਹਥਿਆਰ ਫੜ ਕੇ ਜੰਗਲ ਵਲ ਨੱਠ ਪਏ। ਬੀਆਬਾਨ ਵਿਚ ਅਪੜਦਿਆਂ ਸਾਰ ਉਹਨਾਂ ਵੇਖਿਆ ਕਿ ਕਾਜ਼ੀ ਦੇ ਆਦਮੀ ਚੰਦ ਬਿਨੋਦ ਲਈ ਕਬਰ ਪੁਟ ਰਹੇ ਹਨ। ਭਰਾ ਇਕ ਦਮ ਉਹਨਾਂ ਬੰਦਿਆਂ ਨੂੰ ਜਾ ਪਏ ਤੇ ਆਪਣੀਆਂ ਲੰਮੀਆਂ ਲੰਮੀਆਂ ਡਾਗਾਂ ਨਾਲ ਉਹਨਾਂ ਦੀ ਖੂਬ ਸੇਵਾ ਕੀਤੀ। ਚੰਦ ਬਿਨੋਦ ਛੁਡਵਾ ਲਿਆ ਗਿਆ।

ਫਿਰ ਉਹ ਮਲੂਆ ਨੂੰ ਲੱਭਣ ਉਹਦੇ ਘਰ ਵਲ ਟੁਰ।

ਜਦੋਂ ਚੰਦ ਬਿਨੋਦ ਦੀ ਮਾਂ ਨੇ ਉਹਨਾਂ ਨੂੰ ਵੇਖਿਆ ਤਾਂ ਉਹ ਉਚੀਂ ਉਚੀਂ ਵੈਣ ਪਾਣ ਲੱਗ ਪਈ। ਹਾਏ ! ਇਸ ਘਰ ਦਾ ਤੇ ਵੱਡਾ ਖਜ਼ਾਨਾ ਹੀ ਲੁੱਟਿਆ ਗਿਆ। ਉਹ ਸੁੰਦਰੀ ਤ ਏਥੇ ਹੈ ਈ ਨਹੀਂ ਸੀ। ਚੰਦਰਾ ਰਾਵਨ ਸੀਤਾ ਨੂੰ ਭਜਾ ਲੈ ਗਿਆ। ਜਿਹੜੀ ਰਾਮ ਦੀ ਸਵਿਤ੍ਰੀ ਸੀ। ਹਾਏ ! ਸੋਨੇ ਦਾ ਪਿੰਜਰਾ ਤੇ ਪਿਆ "ਪਰ ਪਿਆਰਾ ਤੋਤਾ ਉਡ ਗਿਆ ਸੀ। ਪੰਜੇ ਭਰਾ ਸੋਗ ਨਾਲ ਸੁੰਨ ਹੋ ਗਏ। ਚੰਦ ਬਿਨੋਦ ਦਾ ਆਪਣੀ ਵਹੁਟੀ ਲਈ ਵਿਰਲਾਪ ਸੁਣਿਆ ਨਹੀਂ ਜਾਂਦਾ ਸੀ। ਉਸ ਦੇ ਕੀਰਨੇ ਸੁਣ ਕੇ ਕਲੇਜਾ ਮੂੰਹ ਨੂੰ ਆਉਂਦਾ ਸੀ।

ਉਹਦੀ ਗਾਗਰ ਤੇ ਓਥੇ ਪਈ ਸੀ ਪਰ ਉਹਨੂੰ ਲੈ ਕੇ ਹੁਣ ਦਰਿਆ ਦੇ ਘਾਟ ਉਤੇ ਕੌਣ ਜਾਵੇਗਾ। ਇਹ ਮਕਾਨ ਕਦੀ ਲਿਸ਼ਕਦਾ ਹੁੰਦਾ ਸੀ ਪਰ ਮਲੂਆ ਜਿਹੜੀ ਇਸ ਦਾ ਚਾਨਣ ਸੀ ਹੁਣ ਚਲੀ ਗਈ ਸੀ ਤੇ ਇਹ ਹੁਣ ਅਨ੍ਹੇਰਾ ਲਗਦਾ ਸੀ। ਘਰ ਤੇ ਉਹਦਾ ਬਗੀਚਾ-ਸੁੰਦਰ ਚਿਟਾਈ ਜਿਸ ਉਤੇ ਉਹ ਸੌਂਦੀ ਹੁੰਦੀ ਸੀ ਤੇ ਦਰਵਾਜ਼ੇ, ਸਭ ਕੁਝ ਉਸ ਤਰ੍ਹਾਂ ਹੀ ਸੀ। ਉਹ ਆਪ ਹੀ ਜਿਹੜੀ ਉਸ ਘਰ ਦਾ ਸੁਨਹਿਰੀ ਧਨ ਸੀ ਅਲੋਪ ਹੋ ਗਈ ਸੀ। ਇਕ ਸਿਰ ਫਿਰੇ ਆਦਮੀ ਵਾਂਗ ਚੰਦ ਬਿਨੋਦ ਆਪਣੇ ਬਾਜ਼ ਕੋਲ ਗਿਆ ਤੇ ਉਸ ਨੂੰ ਕਿਹਾ : ਮੇਰੇ ਬਾਜ਼ ਭਾਈ, ਅਸੀਂ ਕਿੰਨੇ ਸਾਲ ਇਕਠੇ ਰਹੇ ਹਾਂ। ਹੁਣ ਮੈਨੂੰ ਮਲੂਆ ਦਾ ਥਹੁ ਪਤਾ ਦੱਸ।

ਹੱਥ ਵਿਚ ਪਿੰਜਰਾ ਫੜ ਕੇ ਤੇ ਮਾਂ ਨੂੰ ਨਾਲ ਲੈ ਕੇ ਉਸ ਨੇ ਘਰ ਛੱਡ ਦਿਤਾ। ਤੇ ਉਸ ਲੰਮੇ ਚੌੜੇ ਦੇਸ ਵਿਚ ਭੌਣ ਲੱਗਾ।

16. ਮਲੂਆ ਦੀਵਾਨ ਸਾਹਿਬ ਦੇ ਹਰਮ ਵਿਚ

ਮਲੂਆ ਦੀਵਾਨ ਦੇ ਮਹਿਲ ਦੇ ਗੋਲ ਕਮਰੇ ਵਿਚ ਬੈਠੀ ਰੋ ਰਹੀ ਸੀ। ਵੱਡੇ ਕਮਰੇ ਵਿਚ ਇਕ ਸ਼ਾਹੀ ਪਲੰਘ ਉਤੇ ਬਿਸਤਰਾ ਵਿਛਿਆ ਪਿਆ ਸੀ। ਪਰ ਉਹ ਨੰਗੇ ਫਰਸ਼ ਉਤੇ ਬੈਠੀ ਸੀ। ਸੇਵਾ ਵਿਚ ਹਾਜ਼ਰ ਗੋਲੀ ਨੇ ਸ਼ਾਨਦਾਰ ਭੋਜਨ ਉਸ ਨੂੰ ਖੁਵਾਣ ਲਈ ਲਿਆਂਦੇ ਹੋਏ ਸਨ। ਸ੍ਰੀ ਹਜ਼ੂਰ ਦੀਵਾਨ ਸਾਹਿਬ ਆਪ ਉਸ ਦੇ ਕੋਲ ਖੜ੍ਹੇ ਸਨ ਤੇ ਉਸ ਨੂੰ ਆਪਣੀ ਜਾਨ ਦੀ ਕਸਮ ਖਾ ਕੇ ਕੁਝ ਮੂੰਹ ਲਾਣ ਲਈ ਬੇਨਤੀ ਕਰ ਰਹੇ ਸਨ। ਉਹਨਾਂ ਕਿਹਾ "ਮੇਰੀ ਰਾਣੀ ! ਤੈਨੂੰ ਮੇਰੀ ਜਾਨ ਦੀ ਕਸਮ, ਮੈਨੂੰ ਇਸ ਤਰ੍ਹਾਂ ਧੋਖਾ ਨਾ ਦੇਈਂ। ਇਸ ਤਰ੍ਹਾਂ ਮੈਂ ਮਨੁੱਖ ਮਾਤ੍ਰ ਵਿਚੋਂ ਸਭ ਤੋਂ ਦੁਖੀ ਆਦਮੀ ਹੋਵਾਂਗਾ। ਭੋਜਨ ਕਰ ਲੈ ਤੇ ਪਲੰਘ ਤੇ ਬੈਠ। ਇਸ ਜੁਗ ਵਿਚ ਜਿਹੜੀ ਐਸ਼ ਕਿਸੇ ਦੇ ਵੀ ਮਨ ਵਿਚ ਆ ਸਕਦੀ ਹੈ ਉਹ ਤੇਰੇ ਲਈ ਹੋਵੇਗੀ। ਦਿਲੀ ਤੋਂ ਮੈਂ ਤੇਰੇ ਲਈ ਸ਼ੌਕ ਨਾਲ ਰੰਗ ਦੀ ਸਾੜ੍ਹੀ ਮੰਗਵਾ ਦਿਆਂਗਾ। ਸੁੱਚੇ ਸੋਨੇ ਦੀ ਤੈਨੂੰ ਇਕ ਨੱਥ ਬਣਵਾ ਦਿਆਂਗਾ। ਮਹਿਲਾਂ ਵਿਚ ਬੇਅੰਤ ਸੇਵਾਦਾਰ ਤੇ ਗੋਲੀਆਂ ਹਨ। ਉਹਨਾਂ ਨੂੰ ਤੂੰ ਆਪਣੇ ਹੀ ਸਮਝ। ਉਹ ਤੇਰੀ ਹਰ ਮੰਗ ਪੂਰੀ ਕਰਨ ਲਈ ਤਿਆਰ ਰਹਿਣਗੇ। ਤੂੰ ਪਲੰਘ ਉਤੇ ਆਰਾਮ ਕਰੇਂਗੀ ਤੇ ਮੈ ਤੇਰਾ ਮਸਕੀਨ ਗੋਲਾ ਕੋਲ ਖਲੋ ਕੇ ਤੇਰੇ ਹੁਕਮ ਦੀ ਉਡੀਕ ਕਰਾਂਗਾ।"

ਜਿਸ ਤਰ੍ਹਾਂ ਸ਼ੇਰ ਦੇ ਪੰਜੇ ਵਿਚ ਹਿਰਨ ਆਇਆ ਹੁੰਦਾ ਹੈ। ਉਸ ਤਰ੍ਹਾਂ ਮਲੂਆ ਡਰ ਨਾਲ ਕੰਬਣ ਲੱਗ ਪਈ ਤੇ ਰੋ ਕੇ ਦੀਵਾਨ ਸਾਹਿਬ ਨੂੰ ਕਹਿਣ ਲੱਗੀ।

"ਮੈਂ ਇਕ ਸਾਲ ਲਈ ਤਿਆਗ ਤ ਤਪਸਿਆ ਦੀ ਪਰਤਿਗਿਆ ਕੀਤੀ ਹੋਈ ਹੈ, ਜਿਸ ਵਿਚੋਂ ਨੌਂ ਮਹੀਨੇ ਲੰਘ ਗਏ ਹਨ। ਤਿੰਨ ਮਹੀਨਿਆਂ ਨੂੰ ਮੇਰੀ ਪਰਤਿਗਿਆ ਪੂਰੀ ਹੋ ਜਾਵੇਗੀ। ਮੇਰੀ ਤੁਹਾਡੇ ਅਗੇ ਸੁਨਿਮ੍ਰ ਪਰਾਰਥਨਾ ਹੈ ਕਿ ਤੁਸੀਂ ਮੇਰੀ ਪਰਤਿਗਿਆ ਦੀਆਂ ਸ਼ਰਤਾਂ ਪੂਰੀਆਂ ਕਰ ਲੈਣ ਦਿਓ। ਸ਼ਰਤਾਂ ਇਹ ਹਨ ਕਿ ਇਹਨਾਂ ਦਿਨਾਂ ਵਿਚ ਮੈਂ ਕਿਸੇ ਦੇ ਹੱਥ ਦਾ ਪ੍ਰਸ਼ਾਦ ਨਹੀਂ ਖਾਵਾਂਗੀ ਤੇ ਨ ਹੀ ਮੈਂ ਇਸ ਥਾਂ ਦਾ ਪਾਣੀ ਪੀਆਂਗੀ। ਮੈਂ ਆਪਣਾ ਭੋਜਨ ਆਪ ਤਿਆਰ ਕਰਾਂਗੀ। ਇਹ ਕੇਵਲ ਉਬਲੇ ਚਾਉਲਾਂ ਤੇ ਆਲੂਆਂ ਦਾ ਹੋਵੇਗਾ। ਇਸ ਵਿਚ ਮੈਂ ਲੂਣ ਨਹੀਂ ਪਾਵਾਂਗੀ। ਬਿਸਤਰੇ ਦੀ ਥਾਂ ਮੈਂ ਇਸ ਸਾੜ੍ਹੀ ਦਾ ਪਲਾ ਭੋਂ ਉਤੇ ਵਿਛਾਵਾਂਗੀ ਜਿਹੜੀ ਮੈਂ ਪਾਈ ਹੋਈ ਹੈ। ਮੈਂ ਤਪਸਿਆ ਕਰਾਂਗੀ ਤੇ ਇਹਨਾਂ ਵਿਚੋਂ ਕੋਈ ਵੀ ਸ਼ਰਤ ਨਹੀਂ ਤੋੜਾਂਗੀ। ਮੈਂ ਕਿਸੇ ਹਾਲਤ ਵਿਚ ਕਿਸੇ ਵੀ ਮਰਦ ਦਾ ਮੂੰਹ ਨਹੀਂ ਵੇਖਾਂਗੀ। ਮੇਰੀ ਪਰਤਿਗਿਆ ਦੇ ਸਮੇਂ ਵਿਚ ਕਿਸੇ ਮਰਦ ਨੂੰ ਮੇਰੇ ਕੋਲ ਆਉਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਹ ਤਿੰਨ ਮਹੀਨੇ ਹਜ਼ੂਰ ਨੂੰ ਮੇਰੇ ਕਮਰੇ ਵਿਚ ਨਹੀਂ ਆਉਣਾ ਚਾਹੀਦਾ। ਇਹ ਸਮਾਂ ਬੀਤਨ ਪਿਛੋਂ ਮੈਂ ਆਪ ਦੀਆਂ ਗਲਾਂ ਉਤੇ ਵਿਚਾਰ ਕਰਾਂਗੀ।"

"ਜੇ ਤੁਸੀਂ ਇਸ ਦੇ ਉਲਟ ਕਰੋਗੇ ਤਾਂ ਮੈਂ ਤੁਹਾਨੂੰ ਆਪਣਾ ਦੁਸ਼ਮਣ ਸਮਝਾਂਗੀ ਤੇ ਜ਼ਹਿਰ ਖਾ ਕੇ ਮਰ ਜਾਵਾਂਗੀ।"

ਪਹਿਲਾ, ਦੂਸਰਾ ਤੇ ਫਿਰ ਤੀਸਰਾ ਮਹੀਨਾ ਲੰਘ ਗਿਆ। ਤੀਜੇ ਮਹੀਨੇ ਦੇ ਅੰਤ ਉਤੇ ਦੀਵਾਨ ਸਾਹਿਬ ਮਹਾਰਾਜ ਮੂੰਹ ਵਿਚ ਸੁਗੰਧਿਤ ਪਾਨ ਪਾਈ ਤੇ ਹੱਥ ਵਿਚ ਸੋਨੇ ਦੀਆਂ ਕੰਨੀਆਂ ਵਾਲਾ ਰੁਮਾਲ ਫੜੀ ਹੌਲੀ ਹੌਲੀ ਟੁਰਦੇ ਮਲੂਆ ਦੇ ਕਮਰੇ ਵਿਚ ਆਏ।

ਜਿਸ ਤਰ੍ਹਾਂ ਕੋਈ ਹਰਨ ਸ਼ੇਰ ਦੇ ਪੰਜੇ ਵਿਚ ਫਸਿਆ ਹੋਵੇ, ਉਹ ਡਰ ਨਾਲ ਕੰਬ ਗਈ। ਦੀਵਾਨ ਸਾਹਿਬ ਨੇ ਕਿਹਾ "ਹੇ ਸੁੰਦਰੀ ! ਤੂੰ ਏਨੇ ਮਹੀਨੇ ਮੈਨੂੰ ਟਪਲਾ ਦੇਂਦੀ ਰਹੀ ਹੈਂ। ਪਰ ਕੋਈ ਗੱਲ ਨਹੀਂ। ਮੈਂ ਤੇਰੀ ਪਰਤਿਗਿਆ ਦਾ ਆਦਰ ਕੀਤਾ ਹੈ। ਹੁਣ ਤੂੰ ਭੋਂ ਛੱਡ ਕੇ ਪਲੰਘ ਉਤੇ ਬੈਠ ਜਾ। ਮੈਨੂੰ ਖੁਸ਼ੀ ਖੁਸ਼ੀ ਆਪਣਾ ਯਾਰ ਬਣਾ ਲੈ। ਤੇਰਾ ਮੁਖੜਾ ਵੇਖ ਕੇ ਅੱਖਾਂ ਪ੍ਰਸੰਨ ਹੁੰਦੀਆਂ ਹਨ। ਹੁਣ ਤੂੰ ਮੈਨੂੰ ਨਿਹਾਲ ਕਰ ਦੇ। ਮੈਂ ਤੈਨੂੰ ਕੋਈ ਸ਼ਕਾਇਤ ਨਹੀਂ ਹੋਣ ਦਿਆਂਗਾ। ਮੈਂ ਤੇਰੇ ਘਰ ਵਾਲੇ ਨੂੰ ਵੀ ਰਿਹਾ ਕਰ ਦਿਆਂਗਾ।"

ਮਲੂਆ ਨੇ ਕਿਹਾ :—ਹਜ਼ੂਰ ! ਸ਼ੈਤਾਨ ਕਾਜ਼ੀ ਨੇ ਮੈਨੂੰ ਬੜਾ ਦੁੱਖ ਦਿਤਾ ਹੈ ਉਸ ਨੇ ਨਹੱਕੀ ਮੇਰੇ ਪਤੀ ਨੂੰ ਮਰਵਾਇਆ ਹੈ। ਜਿਹੜਾ ਜੀਉਂਦਾ ਦਫਨਾ ਦਿਤਾ ਗਿਆ ਹੈ ਉਸ ਨੂੰ ਤੁਸੀਂ ਕਿਸ ਤਰ੍ਹਾਂ ਰਿਹਾ ਕਰ ਦਿਓਗੇ। ਜਿੰਨਾ ਚਿਰ ਮੇਰਾ ਬਦਲਾ ਨਹੀਂ ਲਿਆ ਜਾਂਦਾ ਤੇ ਕਾਜ਼ੀ ਮਜ਼ੇ ਨਾਲ ਫਿਰ ਰਿਹਾ ਹੈ ਓਨਾ ਚਿਰ ਮੈਂ ਆਪਣਾ ਦਿਲ ਤੁਹਾਨੂੰ ਕਿਵੇਂ ਦੇ ਸਕਦੀ ਹਾਂ ? ਉਹ ਅਨਗਿਣਤ ਦੁੱਖ ਜਿਹੜੇ ਕਾਜ਼ੀ ਨੇ ਮੈਨੂੰ ਦਿਤੇ ਸਨ, ਮੈਂ ਕਿਵੇਂ ਭੁੱਲ ਸਕਦੀ ਹਾਂ ?

ਇਹ ਸੁਣ ਕੇ ਦੀਵਾਨ ਨੂੰ ਬੜਾ ਗੁੱਸਾ ਚੜ੍ਹਿਆ। ਉਸ ਨੇ ਪੁਲਸ ਦੇ ਕੋਤਵਾਲ ਨੂੰ ਹੁਕਮ ਦਿਤਾ ਕਿ ਉਹ ਝਟ ਪਟ ਕੂਚ ਕਰੇ ਤੇ ਜਾ ਕੇ ਕਾਜ਼ੀ ਨੂੰ ਕਤਲ ਕਰਵਾ ਦੇਵੇ।

ਕੋਤਵਾਲ ਸਿਪਾਹੀ ਅਤੇ ਮਿਰਧੇ ਲੈ ਕੇ ਹੁਕਮ ਦੀ ਪਾਲਨਾ ਕਰਨ ਟੁਰ ਪਿਆ। ਕਾਜ਼ੀ

ਵਲੋਂ ਦਿਤੇ ਦੁੱਖ ਭੋਗਣ ਪਿਛੋਂ ਹੁਣ ਉਹਨਾਂ ਦਾ ਬਦਲਾ ਲੈ ਕੇ ਮਲੂਆ ਬੜੀ ਪ੍ਰਸੰਨ ਸੀ। ਖੁਸ਼ ਹੋ ਕੇ ਉਸ ਨੇ ਦੀਵਾਨ ਨੂੰ ਕਿਹਾ : ਤਿੰਨਾਂ ਮਹੀਨਿਆਂ ਵਿਚੋਂ ਹੁਣ ਕੇਵਲ ਬਾਰਾਂ ਦਿਨ ਰਹਿ ਗਏ ਹਨ। ਇਹ ਥੋੜਾ ਜਿਹਾ ਸਮਾਂ ਹੋਰ ਉਡੀਕ ਕਰੋ। ਅਸੀਂ ਇਕੱਠੇ ਬਾਜਾਂ ਦੇ ਸ਼ਿਕਾਰ ਨੂੰ ਜਾਇਆ ਕਰਾਂਗੇ। ਕਿਰਪਾ ਕਰਕੇ ਇਕ ਐਸ਼-ਬੇੜੀ ਤਿਆਰ ਕਰਨ ਦਾ ਹੁਕਮ ਦੇ ਦਿਉ। ਤੁਹਾਨੂੰ ਇਹ ਪਤਾ ਹੀ ਹੋਵੇਗਾ ਕਿ ਮੇਰਾ ਪਤੀ ਬੜਾ ਹੁਸ਼ਿਆਰ ਸ਼ਿਕਾਰੀ ਸੀ। ਮੈਂ ਕਈ ਸਾਲ ਉਸ ਨਾਲ ਰਹਿ ਕੇ ਬਾਜ਼ਾਂ ਦੇ ਸ਼ਿਕਾਰ ਦਾ ਹੁਨਰ ਸਿੱਖਿਆ। ਤੁਸੀਂ ਵੇਖਣਾ ਮੈਂ ਇਕੋ ਜਾਲ ਵਿਚ ਸੌ ਬਾਜ਼ ਫੜ ਲਵਾਂਗੀ।

ਸ਼ਿਕਾਰ ਜਾਣ ਦੀ ਤਰੀਕ ਤੇ ਟੁਰਨ ਦੀ ਸ਼ੁਭ ਘੜੀ ਮਿਥ ਲਈ ਗਈ। ਇਸੇ ਸਮੇਂ ਵਿਚ ਮਲੂਆ ਨੇ ਆਪਣੇ ਹੱਥ ਨਾਲ ਆਪਣੇ ਪੰਜਾਂ ਭਰਾਵਾਂ ਨੂੰ ਇਕ ਚਿੱਠੀ ਲਿਖੀ ਤੇ ਇਹ ਚਿੱਠੀ ਆਪਣੇ ਸਿਖੇ ਹੋਏ ਬਾਜ ਦੇ ਹਵਾਲੇ ਕਰ ਦਿੱਤੀ।

ਪੰਜੇ ਭਰਾ ਸ਼ਿਕਾਰ ਦੇ ਬਹਾਨੇ ਘਰੋਂ ਟੁਰ ਪਏ। ਦੀਵਾਨ ਸਾਹਿਬ ਆਪ ਇਕ ਦੁਪਹਿਰ ਨੂੰ ਉਸ ਵਡੀ ਛੰਭ ਉਤੇ ਗਏ ਜਿਥੇ ਕੰਮੀਆਂ ਦੇ ਫੁੱਲ ਉਗੇ ਹੋਏ ਸਨ। ਮਲੂਆ ਸੁੰਦਰੀ ਵੀ ਉਨ੍ਹਾਂ ਦੇ ਨਾਲ ਗਈ। ਪੰਜਾਂ ਭਰਾਵਾਂ ਨੇ ਆਪਣੀਆਂ ਚੁਸਤ ਲੜਾਕੀਆਂ ਬੇੜੀਆਂ ਨਾਲ ਦੀਵਾਨ ਦੀ ਬੇੜੀ ਨੂੰ ਘੇਰ ਲਿਆ। ਭਰਾਵਾਂ ਤੇ ਉਹਨਾਂ ਦੇ ਹੋਰ ਸਕਿਆਂ ਨੇ ਦੀਵਾਨ ਦੀ ਬੇੜੀ ਦੇ ਮਲਾਹਾਂ ਤੇ ਕਪਤਾਨ ਨੂੰ ਆਪਣੀਆਂ ਲੰਮੀਆਂ ਡਾਂਗਾਂ ਨਾਲ ਕੁਟਿਆ ਤੇ ਉਹ ਸਿਰ ਭਾਰ ਛੰਭ ਵਿਚ ਰਿੜ੍ਹ ਪਏ। ਜਿਸ ਬੇੜੀ ਵਿਚ ਪੰਜੇ ਭਰਾ ਬੈਠੇ ਸਨ ਉਹ ਵੇਖਣ ਨੂੰ ਸੁੰਦਰ ਸੀ, ਹੌਲੀ ਜਹੀ ਟਪੋਸੀ ਮਾਰ ਮਲੂਆ ਉਹਦੇ ਉਤੇ ਆ ਚੜ੍ਹੀ। ਬਾਕੀ ਦੀਆਂ ਤੇਜ਼ ਲੜਾਕੀਆਂ ਕਿਸ਼ਤੀਆਂ ਨੂੰ ਪੰਜ ਭਰਾ ਤੇ ਉਹਨਾਂ ਦੇ ਸਕੇ ਤੇਜ਼ੀ ਨਾਲ ਚਲਾ ਰਹੇ ਸਨ ਤੇ ਉਹ ਅਪਣਿਆਂ ਥਲਿਆਂ ਹੇਠ ਕੰਮੀਆਂ ਨੂੰ ਮਿਧਦੀਆਂ ਜਾ ਰਹੀਆਂ ਸਨ, ਜਿਹੜੀਆਂ ਉਸ ਛੰਬ ਵਿਚ ਬੇਸ਼ਮਾਰ ਸਨ। ਆਪਣੇ ਪਤੀ ਦੇ ਨਾਲ ਮਲੂਆ ਆਪਣੇ ਬਾਪ ਦੇ ਘਰ ਆਈ। ਜਿਸ ਤਰ੍ਹਾਂ ਸੀਤਾ ਨੂੰ ਉਹਦੇ ਪਤੀ ਰਾਮ ਨੇ ਛੁਡਾ-ਇਆ ਸੀ। ਇਸੇ ਤਰ੍ਹਾਂ ਮਲੂਆ ਦੁਸ਼ਮਣ ਦੇ ਪੰਜੇ ਤੋਂ ਛੁਡਾਈ ਗਈ।

17. ਬੇਰਹਿਮ ਰਿਸ਼ਤੇਦਾਰ

ਹੁਣ ਮਲੂਆ ਦੇ ਰਿਸ਼ਤੇਦਾਰ ਨੇ ਆਪਣੀ ਬੁਰਿਆਈ ਕਰਕੇ ਹੋਰ ਕਲੇਸ਼ ਖੜਾ ਕਰ ਦਿਤਾ। ਇਕ ਨੇ ਆਖਿਆ, "ਮਲੂਆ ਆਪਣਾ ਚਾਲ ਚਲਣ ਗਵਾ ਬੈਠੀ ਹੈ। ਨਾਲ ਹੀ ਉਹ ਆਪਣਾ ਧਰਮ ਵੀ ਗਵਾ ਬੈਠੀ ਹੈ ਕਿਉਂਕਿ ਉਸ ਨੇ ਇਕ ਮੁਸਲਮਾਨ ਦੇ ਘਰ ਰੋਟੀ ਖਾਧੀ ਹੈ। ਖਾਣ ਤੋਂ ਬਿਨਾਂ ਉਹ ਓਥੇ ਕਿਵੇਂ ਜੀਉਂਦੀ ਰਹਿ ਸਕਦੀ ਸੀ।"

ਚੰਦ ਬਿਨੋਦ ਦਾ ਮਾਮਾ ਇਕ ਪ੍ਰਤਿਸ਼ਟਤ ਆਦਮੀ ਸੀ। ਉਹ ਆਪਣੇ ਕਬੀਲੇ ਦਾ ਸਰਦਾਰ ਮੰਨਿਆ ਜਾਂਦਾ ਸੀ। ਉਸ ਆਖਿਆ, ਮੈਂ ਆਪਣੇ ਬਾਰੇ ਤੁਹਾਨੂੰ ਪਕੀ ਤਰ੍ਹਾਂ ਦੱਸਦਾ ਹਾਂ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਮਲੂਆ ਦੇ ਹੱਥੋਂ ਕਿਸ ਤਰ੍ਹਾਂ ਰੋਟੀ ਖਾ ਸਕਦਾ ਹਾਂ। ਚੰਦ ਬਿਨੋਦ ਪ੍ਰਾਸਚਿਤ ਕਰੇ, ਅਸੀਂ ਉਸ ਨੂੰ ਫਿਰ ਬਰਾਦਰੀ ਵਿਚ ਦਾਖਲ ਕਰ ਲਵਾਂਗੇ।"

ਇਕ ਹੋਰ ਰਿਸ਼ਤੇਦਾਰ ਜਿਹੜਾ ਚੰਦ ਬਿਨੋਦ ਦਾ ਚਾਚਾ ਸੀ, ਨੇ ਵੀ ਆ ਕੇ ਉਹੀ ਦੋਸ਼ ਦੁਹਰਾਇਆ। ਉਸ ਆਖਿਆ, ਤਿੰਨ ਮਹੀਨੇ ਉਹ ਦੀਵਾਨ ਦੇ ਮਹਿਲ ਵਿਚ ਰਹੀ ਹੈ। ਖਾਣ ਤੋਂ ਬਿਨਾਂ ਉਹ ਓਥੇ ਕਿਵੇਂ ਜੀਉਂਦੀ ਰਹੀ?"

ਇਸ ਬਹਿਸ ਤੋਂ ਪਿਛੋਂ ਚੰਦ ਬਿਨੋਦ ਨੇ ਕੁਝ ਦਿਨ ਇਸ ਮਾਮਲੇ ਉਤੇ ਵਿਚਾਰ ਕੀਤਾ ਤੇ ਫਿਰ ਬ੍ਰਾਹਮਣਾਂ ਦੀ ਰਾਏ ਮੰਗੀ। ਉਹਨਾਂ ਦੇ ਉਪਦੇਸ਼ ਅਨੁਸਾਰ ਉਸ ਨੇ ਲੋੜੀਂਦਾ ਪ੍ਰਾਸਚਿਤ ਕੀਤਾ ਤੇ ਫਿਰ ਆਪਣੀ ਪਤਨੀ ਨੂੰ ਤਲਾਕ ਦੇ ਦਿਤਾ। ਸੁੰਦਰੀ ਘਰ ਦੀ ਇਕ ਅਨ੍ਹੇਰੀ ਗੁੱਠ ਵਿਚ ਲੁਕ ਕੇ ਰੋਣ ਲਗ ਪਈ।

"ਹਾਏ, ਮੈਂ ਕਿਥੇ ਜਾਵਾਂ ਤੇ ਕਿਸ ਨੂੰ ਜਾ ਕੇ ਆਪਣੇ ਦੁੱਖ ਦਾ ਕਿੱਸਾ ਸੁਣਾਵਾਂ। ਹੁਣ ਜਦੋਂ ਉਸ ਨੇ ਮੈਨੂੰ ਤਲਾਕ ਦੇ ਦਿਤਾ ਹੈ ਤਾਂ ਮੇਰੇ ਲਈ ਇਹੀ ਚੰਗਾ ਹੈ ਕਿ ਮੈਂ ਮਰ ਜਾਵਾਂ।" ਪੰਜਾਂ ਭਰਾਵਾਂ ਨੇ ਕਿਹਾ "ਸਾਡੀਏ ਭੈਣੇ! ਤੂੰ ਰੋ ਨਾ। ਅਸੀਂ ਤੈਨੂੰ ਆਪਣੇ ਨਾਲ ਲੈ ਜਾਵਾਂਗੇ। ਸਾਡੇ ਘਰ ਤੈਨੂੰ ਖਾਣ ਹੰਢਾਣ ਦੀ ਕੋਈ ਚਿੰਤਾ ਨਹੀਂ ਹੋਵੇਗੀ। ਸੱਚ ਮੰਨ ਤੂੰ ਓਥੇ ਬੜੀ ਸੌਖੀ ਰਹੇਂਗੀ।" ਪਿਤਾ ਨੇ ਉਸ ਨੂੰ ਢਾਰਸ ਦੇਣ ਦੀ ਕੋਸ਼ਸ ਕੀਤੀ ਤੇ ਭਰਾਵਾਂ ਨੇ ਸਾਰਾ ਜ਼ੋਰ ਲਾ ਕੇ ਦਲੀਲਾਂ ਦਿਤੀਆਂ ਪਰ ਉਸ ਨੂੰ ਵਿਸ਼ਵਾਸ ਨ ਆਇਆ। ਉਸ ਨੇ ਭੁਬਾਂ ਮਾਰ ਕੇ ਕਿਹਾ: "ਮੈਂ ਇਸੇ ਘਰ ਵਿਚ ਗੋਲੀ ਬਣ ਜਾਵਾਂਗੀ ਤੇ ਇਸ ਤਰ੍ਹਾਂ ਆਪਣੇ ਪਤੀ ਦੇ ਨੇੜੇ ਰਹਾਂਗੀ। ਸਵੇਰ ਵੇਲੇ ਮੈਂ ਕੱਪੜੇ ਧੋਵਾਂਗੀ। ਮੈਂ ਉਹ ਸਾਰੇ ਕੰਮ ਕਰਾਂਗੀ ਜਿਹੜੇ ਬਾਹਰਲੇ ਨੌਕਰ ਕਰਦੇ ਹਨ।" ਆਪਣੇ ਪਤੀ ਵਲ ਵੇਖ ਕੇ ਉਸ ਨੇ ਕਿਹਾ: "ਹੁਣ ਮੈਂ ਤੇਰੀ ਰੋਟੀ ਪਕਾਣ ਯੋਗ ਨਹੀਂ, ਨ ਹੀ ਮੈਂ ਤੇਰੇ ਪੀਣ ਵਾਲੇ ਪਾਣੀ ਨੂੰ ਹੱਥ ਲਾ ਸਕਦੀ ਹਾਂ। ਤੂੰ ਹੋਰ ਵਿਆਹ ਕਰਵਾ ਲੈ ਤੇ ਅਨੰਦ ਮਾਣ।"

ਉਸ ਨੇ ਆਪਣੀ ਜਾਨ ਦੀ ਕਸਮ ਖਾ ਕੇ ਆਪਣੇ ਪੰਜਾਂ ਭਰਾਵਾਂ ਨੂੰ ਕਿਹਾ ਕਿ ਉਹ ਚੰਦ ਬਿਨੋਦ ਨੂੰ ਇਕ ਸੁਹਣੀ ਜਹੀ ਵਹੁਟੀ ਲੱਭ ਕੇ ਦੇਣ। " ਜੇ ਮੇਰੇ ਪਤੀ ਨੇ ਮੁੜ ਵਿਆਹ ਨਾ ਨਾ ਕੀਤਾ ਤਾਂ ਮੇਰੀ ਸੱਸ, ਜਿਸ ਦੇ ਨੇਤਰ ਤੇ ਕੰਨ ਉਮਰ ਕਰਕੇ ਜਬਾਬ ਦੇ ਗਏ ਹਨ, ਸੇਵਾ ਤੋਂ ਬਿਨਾਂ ਕਿਵੇਂ ਦਿਨ ਪੂਰੇ ਕਰੇਗੀ?"

ਰਿਸ਼ਤੇਦਾਰ ਚੰਦ ਵਿਨੋਦ ਦੇ ਨਵਾਂ ਵਿਆਹ ਕਰਨ ਦੇ ਹੱਕ ਵਿਚ ਅੜ ਗਏ ਤੇ ਇਸ ਕੰਮ ਵਿਚ ਉਸ ਦੀ ਸਹਾਇਤਾ ਕੀਤੀ। ਮਲੂਆ-ਗੋਲੀ ਬਣ ਕੇ ਬਾਹਰਲੇ ਵਿਹੜੇ ਵਿਚ ਕੰਮ ਕਰਦੀ ਰਹੀ ਤੇ ਇਸ ਤਰ੍ਹਾਂ ਦੁਖੀ ਜੀਵਨ ਬਿਤਾਂਦੀ ਰਹੀ। ਉਹ ਨਵੀਂ ਵਹੁਟੀ ਦਾ, ਜਿਸ ਨੂੰ ਉਹ ਦਿਲੋਂ ਪਿਆਰ ਕਰਦੀ ਸੀ, ਬੜਾ ਧਿਆਨ ਰਖਦੀ ਸੀ.। ਉਹ ਆਪਣੇ ਪਿਤਾ ਦੇ ਘਰ ਨਾ ਗਈ। ਬਸ ਜਿੰਨੀ ਹੋ ਸਕੀ ਆਪਣੇ ਪਤੀ ਤੇ ਸੱਸ ਦੀ ਸੇਵਾ ਕਰਦੀ ਰਹੀ।

18. ਮੁਰਦੇ ਜ਼ਿੰਦਾ

ਅਭਾਗਣ ਮਾਂ ਆਪਣੇ ਕੋਠੇ ਵਿਚ ਸੁਤੀ ਭੈੜਾ ਸੁਪਨਾ ਵੇਖ ਰਹੀ ਸੀ। ਚੰਦ ਬਿਨੋਦ ਨੇ ਉਸ ਨੂੰ ਜਗਾ ਕੇ ਭੋਜਨ ਮੰਗਿਆ। ਮਾਂ ਨੇ ਕਿਹਾ ਐਡੀ ਸਵੇਰੇ ਤੇ ਅਜੇ ਚੌਲ ਨਹੀਂ ਛੜੇ। ਚੰਦ ਵਿਨੋਦ ਆਖਿਆ "ਮੈਨੂੰ ਖਾਣ ਨੂੰ ਜ਼ਰੂਰ ਦੇ, ਮੈਂ ਸ਼ਿਕਾਰ ਖੇਡਣ ਜਾਣਾ ਹੈ। ਮੈਂ ਚੌਲ ਰਿਝਣ ਤੀਕਰ ਉਡੀਕ ਭੀ ਨਹੀਂ ਸਕਦਾ।" ਰਾਤ ਦੇ ਰਿਝੇ ਕੁਝ ਚੌਲ ਪਾਣੀ ਵਿਚ ਰਲੇ ਪਏ ਸਨ। ਇਹੀ ਖਾ ਕੇ ਉਸ ਨੇ ਮਾਂ ਨੂੰ ਮੱਥਾ ਟੇਕਿਆ ਤੇ ਆਗਿਆ ਲਈ। ਉਸ ਦੇ ਸੱਜੇ ਹੱਥ ਵਿਚ

ਪਿੰਜਰਾ ਸੀ ਤੇ ਖੱਬੇ ਵਿਚ ਬਾਜ਼। ਜਿਸ ਵੇਲੇ ਉਹ ਘਰੋਂ ਟੁਰਿਆ ਉਦੋਂ ਦੁਪਹਿਰ ਦਾ ਵੇਲਾ ਸੀ। ਉਸ ਦੀ ਭੈਣ ਦਾ ਘਰ ਰਾਹ ਵਿਚ ਸੀ। ਉਹ ਉਸ ਨੂੰ ਵੀ ਮਿਲਿਆ। ਆਪਣੀ ਭੈਣ ਨਾਲ ਘਰ ਦੀਆਂ ਗੱਲਾਂ ਕਰਦਿਆਂ ਰੋ ਪਿਆ। ਆਪਣੀ ਭੈਣ ਤੋਂ ਵਿਦਾ ਹੋ ਕੇ ਉਹ ਬਾਜ਼ ਨੂੰ ਹੱਥ ਉਤੇ ਬਿਠਾਈ ਸੰਘਣੇ ਜੰਗਲ ਵਿਚ ਵੜ ਗਿਆ।

ਇਕ ਚਰਾਂਦ ਵਿਚ ਉੱਚੇ ਉੱਚੇ ਕਾਨੇ ਤੇ ਲੰਮਾ ਲੰਮਾ ਘਾਹ ਸੀ। ਏਥੇ ਉਸ ਨੇ ਬਾਜ਼ ਨੂੰ ਛੱਡ ਦਿਤਾ। ਉਸ ਨੇ ਪਿੰਜਰਾ ਹੱਥ ਵਿਚ ਫੜੀ ਰਖਿਆ ਤੇ ਆਪ ਛਾਵੇਂ ਬੈਠ ਗਿਆ। ਇਥੇ ਇਕ ਕਾਲਾ ਨਾਗ ਵੀ ਬੈਠਾ ਸੀ ਜਿਸ ਨੇ ਚੰਦ ਬਿਨੋਦ ਦੇ ਪੈਰ ਦੇ ਅੰਗੂਠੇ ਤੇ ਵਢ ਖਾਧਾ। ਜ਼ਹਿਰ ਇਕ ਦਮ ਖੂਨ ਵਿਚ ਰਲ ਗਿਆ ਤੇ ਉਤਾਂ ਚੜ੍ਹ ਕੇ ਉਸ ਦੇ ਦਮਾਗ਼ ਉਤੇ ਅਸਰ ਪਾਣ ਲਗਾ। ਚੰਦ ਬਿਨੋਦ ਆਪਣਾ ਸਿਰ ਸਿਧਾ ਨਾ ਰੱਖ ਸਕਿਆ। ਚਕਰ ਖਾ ਕੇ ਉਹ ਭੋਂ ਉਤੇ ਡਿਗ ਪਿਆ।

"ਹੇ ਪਸ਼ੂਓ ਤੇ ਪੰਛੀਓ। ਮੇਰੀ ਮਾਂ ਕੋਲ ਸੁਨੇਹਾ ਲੈ ਜਾਓ ਕਿ ਮੈਂ ਜੰਗਲ ਵਿਚ ਸੱਪ ਲੜ ਜਾਣ ਨਾਲ ਮਰ ਰਿਹਾ ਹਾਂ। ਹਾਏ! ਕੌਣ ਮੇਰੀ ਮਾਂ ਨੂੰ ਜਾ ਕੇ ਦੱਸੇਗਾ। ਹਾਲ ਓਏ ਰਾਣਾ! ਮੈਂ ਆਪਣੀ ਸੁੰਦਰ ਮਲੂਆ ਨੂੰ ਮਰਨ ਤੋਂ ਪਹਿਲਾਂ ਇਕ ਵਾਰ ਵੀ ਨਹੀਂ ਵੇਖਾਂਗਾ। ਮੈਂ ਆਪਣਾ ਘਰ ਤੇ ਸਾਰਾ ਕੁਝ ਛੱਡ ਰਿਹਾ ਹਾਂ ਤੇ ਏਥੇ ਬਿਨਾ ਛੱਤ ਤੋਂ ਨੰਗੇ ਅਸਮਾਨ ਹੇਠਾਂ ਨਿਆਸਰਾ ਮਰ ਰਿਹਾ ਹਾਂ। ਓਏ ਜਾਣ ਵਾਲੇ ਰਾਹੀਆ! ਮੇਰੀ ਮਾਂ ਨੂੰ ਇਹ ਸੁਨੇਹਾ ਜਾ ਦੇਈਂ।"

ਸ਼ਾਮ ਨੂੰ ਇਕ ਪਾਂਧੀ ਨੇ ਵਿਚਾਰੀ ਮਾਂ ਨੂੰ ਇਹ ਖਬਰ ਆ ਸੁਣਾਈ। "ਬੀਬੀ ਜੀ, ਤੁਹਾਡਾ ਪੁੱਤਰ ਜੰਗਲ ਵਿਚ ਮਰਿਆ ਪਿਆ ਹੈ।" ਵਾਲ ਖਿਲਾਰੀ ਉਹ ਭੱਜ ਕੇ ਉਸ ਥਾਂ ਆਈ ਜਿਥੇ ਬਿਨੋਦ ਪਿਆ ਸੀ। ਉਸ ਦੀਆਂ ਨਾਸਾਂ ਵਿਚ ਕੋਈ ਸਾਹ ਨਹੀਂ ਸੀ ਤੇ ਹੋਠਾਂ ਉਤੇ ਕੋਈ ਸ਼ਬਦ ਨਹੀਂ ਸੀ। ਮਾਂ ਰੋਂਦੀ ਹੋਈ ਭੋਂ ਉਤੇ ਢਹਿ ਪਈ। ਸਾਰੇ ਅੰਗਾਂ ਸਾਕਾਂ ਰਲ ਕੇ ਬੇਹੋਸ਼ ਪਏ ਚੰਦ ਬਿਨੋਦ ਨੂੰ ਘਰ ਲੈ ਆਂਦਾ, ਜਿਵੇਂ ਉਹ ਮਰਿਆ ਹੋਇਆ ਹੁੰਦਾ ਹੈ। ਮਲੂਆ ਦੇ ਹੰਝੂ ਨਹੀਂ ਰੁਕਦੇ ਸਨ। "ਹੇ ਮੇਰੇ ਸਿਰ ਦੇ ਸਾਈਂ! ਇਕ ਨਿਮਾਣੀ ਇਸਤਰੀ ਦੇ ਦਿਲ ਦੇ ਖਜ਼ਾਨੇ, ਮੈਂ ਤੇਰੇ ਬਿਨਾਂ ਕਿਵੇਂ ਰਹਿ ਸਕਦੀ ਹਾਂ। ਤੇਰੀ ਥਾਂ ਸੱਪ ਮੈਨੂੰ ਕਿਉਂ ਨਾ ਲੜ ਗਿਆ। ਇਕ ਵਿਚਾਰੀ ਗੋਲੀ ਦੀ ਜਾਨ ਜਿਸ ਨੂੰ ਕੇਵਲ ਘਰ ਦੇ ਬਾਹਰ ਹੀ ਕੰਮ ਕਰਨ ਦੀ ਆਗਿਆ ਹੈ। ਕਿਸੇ ਸ਼ੇਰ ਜਾਂ ਸੱਪ ਦੇ ਖਤਮ ਕਰਨ ਦੇ ਯੋਗ ਨਹੀਂ। ਉਹ ਵੀ ਇਸ ਤੋਂ ਦੂਰ ਹੀ ਰਹਿੰਦੇ ਹਨ। ਮੈਂ ਘਰੋਂ ਬਾਹਰ ਰਹਿੰਦੀ ਹਾਂ, ਬਾਹਰ ਹੀ ਕੰਮ ਕਰਦੀ ਹਾਂ ਕਿਉਂਕਿ ਮੈਨੂੰ ਰਸੋਈ ਜਾਂ ਸੌਣ ਵਾਲੇ ਕਮਰਿਆਂ ਵਿਚ ਜਾਣ ਦੀ ਆਗਿਆ ਨਹੀਂ। ਫਿਰ ਵੀ ਦਿਨ ਰਾਤ ਮੈਂ ਆਪਣੇ ਪਤੀ ਨੂੰ ਵੇਖ ਕੇ ਸਾਰੇ ਦੁੱਖ ਭੁਲ ਜਾਂਦੀ ਸਾਂ। ਪਰਮੇਸਰ ਏਨਾ ਸੁਖ ਵੀ ਮੇਰੇ ਕੋਲ ਛਡਣਾ ਨਹੀਂ ਸੀ ਚਾਹੁੰਦਾ। ਮੈਨੂੰ ਹੁਣ ਜੀਊਣ ਦੀ ਕੋਈ ਚਾਹ ਨਹੀਂ। ਮੈਂ ਆਪਣੇ ਪਤੀ ਦੀ ਚਿਤਾ ਉਤੇ ਸੜ ਕੇ ਮਰ ਜਾਵਾਂਗੀ, ਜਾਂ ਮੈਂ ਪਾਣੀ ਵਿਚ ਵੜ ਕੇ ਡੁੱਬ ਜਾਵਾਂਗੀ ਜਾਂ ਮੈਂ ਉਸ ਰੁੱਖ ਨਾਲ ਰਸਾ ਬੰਨ੍ਹ ਕੇ ਫਾਹ ਲੈ ਲਵਾਂਗੀ।"

ਜਦੋਂ ਮਲੂਆ ਇਸ ਤਰ੍ਹਾਂ ਵੈਣ ਪਾ ਰਹੀ ਸੀ ਤਾਂ ਭੈੜੀ ਖਬਰ ਸੁਣ ਕੇ ਉਸ ਦੇ ਪੰਜੇ ਭਰਾ ਵੀ ਉਸੇ ਥਾਂ ਆ ਗਏ। ਉਹ ਚੰਦ ਬਿਨੋਦ ਦੇ ਸਰੀਰ ਕੋਲ ਬੈਠ ਗਏ। ਉਸ ਦੀਆਂ ਅੱਖਾਂ ਨਿਮ੍ਹੀਆਂ ਪੈ ਗਈਆਂ ਸਨ ਤੇ ਉਸ ਦੇ ਮੂੰਹ ਵਿਚੋਂ ਰਾਲਾਂ ਵਗ ਰਹੀਆਂ ਸਨ। ਉਹ ਭੀ ਢਾਹਾਂ ਮਾਰਨ ਲੱਗ ਪਏ। "ਇਹ ਕੀ ਹੋਇਆ ਸਾਡਿਆ ਭਣੂਜਿਆ। ਸਾਡੇ ਨਾਲ ਏਨੇ ਲੰਮੇ ਸਬੰਧ ਨੂੰ ਤੂੰ ਕਿਵੇਂ ਤਰੋੜ ਗਿਉਂ? ਅਸੀਂ ਆਪਣੀ ਪਿਆਰੀ ਭੈਣ ਤੇਰੇ ਨਾਲ ਵਿਆਹੀ। ਉਹ ਔਖਾ ਰੰਡੇਪਾ ਕਿਵੇਂ ਕਟੇਗੀ? ਊਜਾਂ ਨੇ ਉਹਦਾ ਜੀਵਨ ਬਰਬਾਦ ਕੀਤਾ ਹੋਇਆ ਸੀ ਪਰ ਫਿਰ ਵੀ ਉਹਨੂੰ ਇਕ ਆਸਰਾ ਤੇ ਹੈ ਈ ਸੀ ਨਾ। ਉਹ ਕਿਸ ਦਿਲ ਨਾਲ ਸੋਨੇ ਮੜ੍ਹੇ ਆਪਣੇ ਸਮੁੰਦਰੀ ਕੰਗਨ ਤੋੜੇਗੀ? ਅਸੀਂ ਉਸ ਦਾ ਬੁਝਿਆ ਬੁਝਿਆ ਚਿਹਰਾ ਵੇਖ ਕੇ ਕਿਵੇਂ ਸਹਾਰਾਂਗੇ?"

ਮਲੂਆ

"ਤੁਸੀਂ ਨਾ ਰੋਵੋ, ਮੇਰੇ ਮਹਿੰਗੇ ਭਰਾਵੋ! ਜੋ ਕੁਝ ਮੈਂ ਕਹਿੰਦੀ ਹਾਂ, ਉਹ ਸੁਣੋ। ਇਸ ਨੂੰ ਧਿਆਨ ਨਾਲ ਵੇਖੋ, ਇਸ ਵਿਚ ਕੋਈ ਸਾਹ ਹੈ? ਦਰਿਆ ਦੇ ਪੱਤਣ ਉਤੇ ਸਾਡੀ ਬੇੜੀ ਬੱਝੀ ਪਈ ਹੈ। ਇਸ ਨੂੰ ਛੇਤੀ ਨਾਲ ਸੱਪਾਂ ਦੇ ਮਾਂਦਰੀ ਕੋਲ ਲੈ ਜਾਓ। ਜਿਹੜਾ ਦੂਰ ਸਾਰੇ ਰਹਿੰਦਾ ਹੈ।

ਪੰਜੇ ਭਰਾ ਬੇੜੀ ਕੋਲ ਆਏ। ਉਹ ਆਪ ਹੀ ਇਸ ਦੇ ਮਲਾਹ ਬਣ ਗਏ। ਮਲੂਆ ਵੀ ਆਪਣੇ ਪਤੀ ਦੇ ਸਰੀਰ ਦੇ ਕੋਲ ਕਰਕੇ ਬੈਠ ਗਈ। ਮਾਂਦਰੀ ਦੇ ਘਰ ਅਪੜਨ ਵਿਚ ਅਗੇ ਸਤ ਦਿਨ ਲਗਦੇ ਸਨ। ਪਰ ਉਹਨਾਂ ਏਨੀ ਤੇਜ਼ੀ ਨਾਲ ਚਪੂ ਚਲਾਏ ਕਿ ਉਹ ਇਕੋ ਦਿਨ ਵਿਚ ਹੀ ਉਥੇ ਅਪੜ ਗਏ।

ਮਾਂਦਰੀ ਨੇ ਬੜੇ ਧਿਆਨ ਨਾਲ ਨਬਜ਼ ਟੋਹੀ ਤੇ ਚਿਹਰੇ ਦਾ ਮੁਆਇਨਾ ਕੀਤਾ। ਫਿਰ ਉਸ ਨੇ ਜ਼ੋਰ ਜ਼ੋਰ ਨਾਲ ਚੰਦ ਬਿਨੋਦ ਦੇ ਸਿਰ ਵਿਚ ਧਪੇ ਮਾਰੇ। ਜ਼ਹਿਰ ਬੀਮਾਰ ਦੀ ਛਾਤੀ ਵਿਚ ਆ ਗਿਆ। ਫਿਰ ਹੌਲੀ ਹੌਲੀ ਉਹ ਉਹਦੇ ਗੋਡਿਆਂ ਤੇ ਫਿਰ ਪੈਰਾਂ ਤੀਕ ਉਤਰ ਆਇਆ। ਕਾਲਾ ਨਾਗ ਹੇਠਲੇ ਪਤਾਲਾਂ ਵਿਚ ਸੀ। ਉਸ ਨੇ ਆ ਕੇ ਪੈਰਾਂ ਵਿਚੋਂ ਜ਼ਹਿਰ ਪੀ ਲਿਆ। ਜਦੋਂ ਜ਼ਹਿਰ ਇਸ ਤਰ੍ਹਾਂ ਪੀਤਾ ਗਿਆ ਤਾਂ ਚੰਦ ਬਿਨੋਦ ਦੇ ਸਾਰੇ ਸਰੀਰ ਨੂੰ ਆਰਾਮ ਆ ਗਿਆ। ਤੇ ਉਸ ਨੇ ਅੱਖਾਂ ਖੋਲ੍ਹ ਦਿੱਤੀਆਂ।

ਆਪਣੇ ਪਤੀ ਨੂੰ ਇਸ ਤਰ੍ਹਾਂ ਸੁਰਜੀਤ ਕਰਵਾ ਕੇ ਮਲੂਆ ਸ਼ਾਨ ਨਾਲ ਘਰ ਮੁੜੀ। ਸਾਰਾ ਸ਼ਹਿਰ ਉਹ ਦੀ ਉਸਤਤ ਨਾਲ ਗੂੰਜ ਰਿਹਾ ਸੀ। ਕਈ ਕਹਿੰਦੇ ਇਹ ਦੂਜੀ ਬਹੂਲਾ ਉਤਰ ਆਈ ਹੈ। ਇਸ ਨੇ ਆਪਣੇ ਪਤੀ ਨੂੰ ਸੁਰਜੀਤ ਕੀਤਾ ਹੈ। ਜਿਸ ਤਰ੍ਹਾਂ ਬਹੂਲਾ ਨੇ ਨਖਮਿੰਦਰ ਨੂੰ ਕੀਤਾ ਸੀ। "ਦੂਜੇ ਕਹਿੰਦੇ, ਨੇਕ ਪਾਕ ਸਵਿਤ੍ਰੀ ਨੇ ਇਹ ਆਪ ਦੇਵਤਿਆਂ ਤੋਂ ਕਰਵਾਇਆ ਹੈ। ਇਹਨਾਂ ਦੀ ਸਾਰੀ ਕੌਮ ਇਸ ਸਵਿਤ੍ਰੀ ਕਰਕੇ ਪਵਿਤ੍ਰ ਹੋ ਗਈ ਹੈ। ਆਓ ਫੁੱਲ ਤੇ ਪਾਨ ਉਸ ਨੂੰ ਭੇਟ ਕਰੀਏ ਤੇ ਉਸ ਨੂੰ ਵਾਪਸ ਆਪਣੀ ਬਰਾਦਰੀ ਵਿਚ ਲੈ ਆਵੀਏ। ਉਸ ਨੂੰ ਵਾਪਸ ਬਰਾਦਰੀ ਵਿਚ ਮੋੜ ਲੈਣ ਬਾਰੇ ਕੋਈ ਝਾਕਾ ਨਹੀਂ ਹੋਣਾ ਚਾਹੀਦਾ ਹੈ।"

19 ਅਖੀਰਲਾ ਦੁਖਦਾਈ ਦ੍ਰਿਸ਼

ਚੰਦ ਬਿਨੋਦ ਦੇ ਮਾਮੇ ਨੇ ਜਿਹੜਾ ਬਰਾਦਰੀ ਦਾ ਇਕ ਮੁਖੀ ਸੀ ਕਿਹਾ, "ਜਿਹੜਾ ਇਸ ਤਰ੍ਹਾਂ ਕਰਨ ਦਾ ਹੀਆ ਕਰੇਗਾ ਉਹ ਆਪ ਬਰਾਦਰੀ ਵਿਚੋਂ ਛੇਕਿਆ ਜਾਵੇਗਾ ।" ਇਕ ਹੋਰ ਬਜ਼ੁਰਗ ਰਿਸ਼ਤੇਦਾਰ ਨੇ ਇਸ ਵਿਸ਼ੇ ਤੇ ਪੂਰੀ ਵਿਚਾਰ ਕਰਨ ਪਿਛੋਂ ਆਪਣਾ ਫ਼ੈਸਲਾ ਸੁਣਾਇਆ, "ਅਸੀਂ ਮਲੂਆ ਦੀ ਖਾਤਰ ਆਪਣਾ ਧਰਮ ਤੇ ਜਾਤੀ ਨਹੀਂ ਛੱਡ ਸਕਦੇ । ਉਹ ਜਿਥੇ ਹੁਣ ਹੈ, ਉਥੇ ਹੀ ਰਹੇਗੀ ।"

ਉਸ ਅਭਾਗਨ ਇਸਤ੍ਰੀ ਨੇ ਆਪਣੇ ਦਿਨ ਦੁਖ ਵਿਚ ਬਿਤਾ ਦਿਤੇ । ਕਿੰਨੀ ਮਾੜੀ ਕਿਸਮਤ ਸੀ ਉਸਦੀ । ਬਾਲਪਨ ਵਿਚ ਹੀ ਉਹ ਕੁਝ ਚਿਰ ਆਪਣੇ ਮਾਪਿਆਂ ਦੇ ਘਰ ਖੁਸ਼ ਰਹੀ । ਉਹ ਆਪਣੀ ਮਾਂ ਦੀਆਂ ਅੱਖਾਂ ਦਾ ਤਾਰਾ ਸੀ । ਜੇ ਉਸ ਨੂੰ ਕੋਈ ਫੁੱਲ ਵੀ ਮਾਰਦਾ ਤਾਂ ਉਹ ਸਹਾਰ ਨਾ ਸਕਦੀ । ਮਾਪੇ ਉਸ ਨੂੰ ਪੰਜਾਂ ਭਰਾਵਾਂ ਤੋਂ ਵੀ ਉਤੇ ਸਮਝਦੇ, ਸਾਰੇ ਟੱਬਰ ਦਾ ਉਹ ਚੰਨ ਸੀ । ਪਰ ਉਸਦੀ ਅੱਜ ਦੀ ਹਾਲਤ ਵੇਖੋ ।

ਉਸ ਨੇ ਆਪਣੀ ਹਾਲਤ ਉਤੇ ਸੋਚ ਵਿਚਾਰ ਕੀਤੀ ਪਰ ਉਸ ਨੂੰ ਸਮਝ ਨਹੀਂ ਆਉਂਦੀ ਸੀ ਕੀ ਉਹ ਕੀ ਕਰੇ । ਫਿਰ ਉਸ ਨੇ ਸੋਚਿਆ, "ਜਿੰਨਾਂ ਚਿਰ ਮੈਂ ਜੀਉਂਦੀ ਰਹਾਂਗੀ ਓਨਾ ਚਿਰ ਮੇਰਾ ਘਰ ਵਾਲਾ ਮੇਰੇ ਕਰਕੇ ਦੁੱਖੀ ਰਹੇਗਾ। ਲੋਕੀ ਊਜਾਂ ਲਾਣਗੇ ਅਤੇ ਇਸ ਦਾ ਉਸ ਨੂੰ ਦੁਖ ਹੋਵੇਗਾ," ਫਿਰ ਉਸ ਨੇ ਪਰਾਨ ਤਿਆਗ ਦੇਣ ਦਾ ਫੈਸਲਾ ਕਰ ਲਿਆ ।

ਉਹੀ ਬੇੜੀ ਪੱਤਨ ਉਤੇ ਬੱਝੀ ਪਈ ਸੀ । ਇਕ ਦਿਨ ਦੁਪਹਿਰ ਵੇਲੇ ਉਥੇ ਆਈ ਤੇ ਹੌਲੀ ਪੈਰੀਂ ਬੇੜੀ ਉਤੇ ਚੜ੍ਹ ਗਈ । ਬੇੜੀ ਪਹਿਲਾਂ ਹੀ ਟੁਟੀ ਪਈ ਸੀ । ਬੈਠਦਿਆਂ ਸਾਰ ਹੀ ਸਾਰੇ ਪਾਸਿਆਂ ਤੋਂ ਪਾਣੀ ਭਜ ਕੇ ਅੰਦਰ ਵੜ ਗਿਆ । "ਮੈਨੂੰ ਪਤਾ ਨਹੀਂ ਹੇਠਲਾ ਪਤਾਲ ਕਿੰਨਾ ਕੁ ਨੀਵਾਂ ਹੈ । ਮੈਂ ਹੇਠਾਂ ਜਾ ਕੇ ਇਸ ਦਾ ਥਲਾ ਵੇਖਾਂਗੀ । ਪਾਣੀ ਬੇਸ਼ਕ ਬੇੜੀ ਦੇ ਚੰਦੋਲੇ ਦੇ ਉਤੇ ਤਕ ਚੜ੍ਹ ਜਾਏ" ਇਹ ਉਸ ਦਾ ਅਖੀਰਲਾ ਨਿਸ਼ਚਾ ਸੀ ।

ਚੰਦ ਬਿਨੋਦ ਦੀ ਭੈਣ ਭਜਦੀ ਹੋਈ ਪੱਤਣ ਉਤੇ ਆ ਖਲੋਤੀ ।

ਭੈਣ

"ਸੁਣ, ਮੇਰੀ ਪਿਆਰੀ ਭੈਣ ! ਇਸ ਮੋਰੀਆਂ ਵਾਲੀ ਬੇੜੀ ਨੂੰ ਛੱਡ ਦੇ ਤੇ ਏਧਰ ਮੁੜ ਆ ।"

ਮਲੂਆ

"ਨਹੀਂ, ਭੈਣ ਇਹ ਨਹੀਂ ਹੋ ਸਕਦਾ । ਤੁਹਾਨੂੰ ਸਾਰਿਆਂ ਨੂੰ ਵੇਖ ਕੇ ਮੇਰਾ ਦਿਲ ਟੁੱਟਦਾ ਹੈ । ਬੇਸ਼ਕ ਦਰਿਆ ਦਾ ਪਾਣੀ ਚੜ੍ਹੇ ਤੇ ਹੋਰ ਚੜ੍ਹੇ ਤੇ ਬੇੜੀ ਨੂੰ ਡੋਬ ਲਏ । ਅਖੀਰਲੀ ਵਾਰ ਮਲੂਆ ਨੂੰ ਵੇਖ ਲੈ ਜਿਸ ਨੂੰ ਤੂੰ ਏਨਾ ਪਿਆਰ ਕਰਦੀ ਸੈਂ ਤੇ ਜਿਸ ਨੂੰ ਤੂੰ ਫਿਰ ਕਦੀ ਨਹੀਂ ਵੇਖੇਂਗੀ ।"

ਗਮ ਨਾਲ ਪਾਗਲ ਹੋਈ ਸੱਸ ਨੱਠਦੀ ਹੋਈ ਉਸ ਥਾਂ ਉਤੇ ਆਈ । ਉਸ ਦੇ ਵਾਲ ਖਿਲਰੇ ਹੋਏ ਸਨ ਤੇ ਉਸ ਨੂੰ ਕਪੜਿਆਂ ਦੀ ਕੋਈ ਹੋਸ਼ ਨਹੀਂ ਸੀ ।

ਸੱਸ

"ਮੇਰੀ ਜਾਨ ਤੋਂ ਪਿਆਰੀ ਧੀ, ਤੂੰ ਸਾਡੇ ਘਰ ਦੀ ਲੱਛਮੀ ਦੇਵੀ ਹੈਂ । ਮੈ ਮਿੰਨਤ ਕਰਦੀ ਹਾਂ ਤੂੰ ਮੁੜ ਆ । ਸਾਡੇ ਡਿਗਦੇ ਘਰ ਦਾ ਤੂੰ ਹੀ ਸਹਾਰਾ ਹੈਂ । ਤੂੰ ਸਾਡੇ ਟੁੱਟੇ ਛਪਰ ਵਿਚੋਂ ਆਉਂਦੀਆਂ ਚੰਨ ਦੀਆਂ ਰਿਸ਼ਮਾਂ ਤੇ ਸਾਡੇ ਘਰ ਦਾ ਚਾਣਨ ਹੈਂ । ਤੇਰੇ ਬਿਨਾਂ ਮੈਂ ਇਕ ਪਲ ਵੀ ਨਹੀਂ ਜੀਉ ਸਕਦੀ ।"

ਮਲੂਆ

"ਪਾਣੀ ਉਤ੍ਹਾਂ ਹੀ ਉਤ੍ਹਾਂ ਹੁੰਦਾ ਜਾਏ ਜਿੰਨਾ ਚਿਰ ਇਹ ਚੌਂਦੀ ਬੇੜੀ ਡੁਬ ਨਾ ਜਾਏ ਮਾਂ, ਮੈਨੂੰ ਅਸੀਸ ਦੇ ! ਮੈਂ ਤੈਥੋਂ ਵਿਦਾਇਗੀ ਲੈਂਦੀ ਹਾਂ ਤੇ ਅਖੀਰਲੀ ਵਾਰ ਤੇਰੇ ਪੈਰੀਂ ਪੈਂਦੀ ਹਾਂ ।"

ਚਪਲ ਚਪਲ ਕਰਦਾ ਪਾਣੀ ਬੇੜੀ ਵਿਚ ਵੜ ਰਿਹਾ ਸੀ । ਅਧੀ ਬੇੜੀ ਤੇ ਡੁੱਬ ਵੀ ਗਈ ਸੀ । ਸੱਸ ਕੰਢੇ ਉਤੇ ਖਲੋਤੀ ਰੋਂਦੀ ਪਈ ਸੀ ।

ਇਕ ਦੇ ਮਗਰੋਂ ਦੂਜਾ, ਪੰਜੇ ਭਰਾ ਉਥੇ ਆਏ । ਸਾਕ ਅੰਗ ਵੀ ਸਾਰੇ ਆ ਗਏ । ਪੰਜਾਂ ਭਰਾਵਾਂ ਨੇ ਵਾਜ ਦਿਤੀ ਤੇ ਕਿਹਾ, "ਇਸ ਮੋਰੀਆਂ ਵਾਲੀ ਬੇੜੀ ਵਿਚੋਂ ਬਾਹਰ ਨਿਕਲ ਆ ਤੇ ਆਪਣੇ ਪਿਤਾ ਦੇ ਘਰ ਮੁੜ ਚਲ । ਅਸੀਂ ਤੈਨੂੰ ਓਥੇ ਲਿਜਾਣ ਲਈ ਸੋਨੇ ਜੜੀ ਬੇੜੀ ਲਿਆਵਾਂਗੇ ਤੇ ਆਪਣੀਆਂ ਜਾਨਾਂ ਨਾਲ ਤੇਰੀ ਰਾਖੀ ਕਰਾਂਗੇ ।"

ਮਲੂਆ ਨੇ ਆਪਣੇ ਭਰਾਵਾਂ ਤੋਂ ਵਿਦਾ ਹੁੰਦੀਆਂ ਕਿਹਾ : "ਪਾਣੀ ਹੋਰ ਤੇ ਹੋਰ ਉਤ੍ਹਾਂ ਚੜ੍ਹਨ ਦਿਓ ਤੇ ਇਸ ਮੋਰੀਆਂ ਵਾਲੀ ਬੇੜੀ ਨੂੰ ਡੁੱਬ ਜਾਣ ਦਿਓ । ਮੇਰੇ ਵੀਰੋ ! ਆਪਣੀ ਮਲੂਆ ਨੂੰ ਏਥੇ ਰਹਿਣ ਦਿਓ ਤੇ ਆਪਣੇ ਘਰ ਮੁੜ ਜਾਓ ।"

ਪਾਣੀ ਹੁਣ ਬੇੜੀ ਦੇ ਪਾਸਿਆਂ ਦੇ ਉਤੇ ਵੀ ਚੜ੍ਹ ਗਿਆ । "ਭੱਜ ਕੇ ਆ ਚੰਦ ਬਿਨੋਦ ਜੇ ਤੂੰ ਉਸ ਨੂੰ ਆਖਰਲੀ ਵਾਰ ਵੇਖਣਾ ਹੈ । "ਉਹ ਭਜਦਾ ਹੋਇਆ ਆਇਆ ਤੇ ਦਰਿਆ ਦੇ ਕੰਢੇ ਉਤੇ ਖਲੋ ਗਿਆ ।

ਚੰਦ ਬਿਨੋਦ

ਕੀ ਸੱਚੀਂ ਮੁੱਚੀ ਮੇਰੀ ਰੂਹ ਦੀ ਜੋਤ ਮੇਰੀਆਂ ਅੰਖਾਂ ਸਾਹਮਣੇ ਨਸ਼ਟ ਹੋ ਰਹੀ ਹੈ । ਬੇਸ਼ਕ ਚੰਨ ਤੇ ਸੂਰਜ ਹੁਣ ਡੁੱਬ ਜਾਣ । ਮੇਰਾ ਦੁਨੀਆਂ ਨਾਲ ਹੁਣ ਕੋਈ ਵਾਸਤਾ ਨਹੀਂ । ਮੈਨੂੰ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨਾਲ ਹੁਣ ਕੋਈ ਵਾਸਤਾ ਨਹੀਂ । ਮੈਨੂੰ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਦੀ ਹੁਣ ਕੋਈ ਲੋੜ ਨਹੀਂ । ਜੇ ਇਸ ਤਰ੍ਹਾਂ ਹੀ ਤੇਰਾ ਅੰਤ ਹੋਣਾ ਹੈ ਤਾਂ ਮੈਂ ਵੀ ਤੇਰੇ ਨਾਲ ਚਲਦਾ ਹਾਂ । ਪਿਆਰੀ ਮਲੂਆ ਮੈਨੂੰ ਇਕ ਵਾਰ ਦੱਸ ਕਿ ਮੈਂ ਤੇਰਾ ਦੁੱਖ ਕਿਵੇਂ ਦੂਰ ਕਰ ਸਕਦਾ ਹਾਂ । ਮੈਂ ਤੈਨੂੰ ਫਿਰ ਆਪਣੇ ਘਰ ਲੈ ਚਲਾਂਗਾ ਤੇ ਜੇ ਮੇਰੀ ਬਰਾਦਰੀ ਮੈਨੂੰ ਜਾਤੀ ਵਿਚੋਂ ਕੱਢ ਦੇਵੇਗੀ ਤਾਂ ਮੈਂ ਜਾਤੀ ਦੀ ਕੋਈ ਪਰਵਾਹ ਨਹੀਂ ਕਰਾਂਗਾ । ਮੈਂ ਤੇਰੀ ਮਿੰਨਤ ਕਰਦਾ ਹਾਂ ਕਿ ਤੂੰ ਡੁਬ ਨਾ । ਮੈਂ ਤੈਨੂੰ ਸੁਰਗਾਂ ਵਿਚ ਰਹਿੰਦੇ ਦੇਵਤਿਆਂ ਦਾ ਵਾਸਤਾ ਪਾ ਕੇ ਇਹ ਆਖਦਾ ਹਾਂ ।

ਮਲੂਆ

"ਮੇਰੇ ਦਿਨ ਹੁਣ ਪੁਗ ਗਏ ਹਨ। ਮੇਰੇ ਲਈ ਇਸ ਦੁਨੀਆ ਵਿਚ ਹੈ ਕੀ ? ਮੈਂ ਹਰ ਕਿਓਂ ਜੀਵਾਂ ? ਜਿੰਨਾ ਚਿਰ ਮੈਂ ਜੀਊਂਦੀ ਰਹਾਂਗੀ, ਲੋਕ ਊਜਾਂ ਲਾਉਂਦੇ ਰਹਿਣਗੇ ਤੇ ਤੈਨੂੰ ਕਲੇਸ਼ ਹੁੰਦਾ ਰਹੇਗਾ। ਰਿਸ਼ਤੇਦਾਰ ਤੇ ਮਿੱਤਰ ਆਪਣੀਆਂ ਗੱਲਾਂ ਨਾਲ ਤੈਨੂੰ ਸਤਾਣਗੇ। ਬਦਨਾਮੀ ਵਾਲਾ ਇਹ ਜੀਵਨ ਮੈਂ ਦਰਿਆ ਵਿਚ ਸੁੱਟਦੀ ਹਾਂ। ਮੇਰੇ ਪਿਆਰੇ ਪਤੀ ! ਮੇਰਾ ਅੰਤ ਵੇਖਣ ਲਈ ਏਥੇ ਨਾ ਖਲੋ, ਸਗੋਂ ਏਥੋਂ ਚਲਿਆ ਜਾ। ਤੇਰੇ ਕੋਲ ਹੁਣ ਇਕ ਸੁੰਦਰ ਨਾਰ ਤੇਰੀ ਇਸਤ੍ਰੀ ਹੈ। ਉਹਦੇ ਨਾਲ ਰਹੁ ਤੇ ਅਨੰਦ ਮਾਣੋ। ਇਨ੍ਹਾਂ ਪਾਣੀਆਂ ਨੂੰ ਉਤ੍ਹਾਂ ਚੜ੍ਹਨ ਦੇ ਤੇ ਇਸ ਬੇੜੀ ਨੂੰ ਡੁੱਬ ਜਾਣ ਦੇ। ਮੈਨੂੰ ਅਭਾਗੀ ਨੂੰ ਏਥੇ ਰਹਿਣ ਦੇ ਤੇ ਪਿਛਾਂ ਮੁੜ ਜਾ ।"

ਉਸ ਪਲ ਹਵਾ ਬੇੜੀ ਨੂੰ ਰੋੜ੍ਹ ਕੇ ਦਰਿਆ ਦੇ ਵਿਚਕਾਰ ਲੈ ਗਈ। ਉਸ ਨੇ ਰਿਸ਼ਤੇ-ਦਾਰਾਂ ਵਲ ਮੂੰਹ ਕਰਕੇ ਕਿਹਾ :—

ਹੁਣ ਉਹ ਵੀ, ਜਿਸ ਦੇ ਅਪਰਾਧ ਬਹੁਤ ਵੱਡੇ ਹਨ, ਤੁਹਾਨੂੰ ਕਸ਼ਟ ਦੇਣ ਲਈ ਹੋਰ ਜੀਊਂਦੀ ਨਹੀਂ ਰਹੇਗੀ। ਸਾਰੇ ਕਸੂਰ ਮੇਰੇ ਹਨ ਮੇਰੇ ਦੁੱਖ ਮੇਰੇ ਭਾਗਾਂ ਵਿਚ ਲਿਖੇ ਸਨ। ਮੈਂ ਉਹਨਾਂ ਤੋਂ ਕਿਵੇਂ ਬਚ ਸਕਦੀ ਸਾਂ। ਪਰ ਮੈਂ ਤੁਹਾਡੀ ਮਿੰਨਤ ਕਰਦੀ ਹਾਂ ਕਿ ਮੇਰੇ ਪਤੀ ਨੂੰ ਦੋਸ਼ ਨਾ ਦੇਣਾ। ਉਹ ਨਿਰਦੋਸ਼ ਹੈ। ਮੇਰੀ ਸਸੜੀਏ ਪ੍ਰਮਾਤਮਾ ਕਰੇ ਤੂੰ ਹੋਰ ਸੈਂਕੜੇ ਜੂਨਾਂ ਵਿਚ ਮੇਰੀ ਮਾਂ ਬਣੇਂ। ਇਥੋਂ ਦਰਿਆ ਦੇ ਵਿਚਕਾਰੋਂ ਮੈਂ ਆਖੀਰਲੀ ਵਾਰ ਤੇਰੇ ਪੈਰੀ ਪੈਂਦੀ ਹਾਂ।"

ਆਪਣੀ ਸੌਂਕਣ ਵਲ ਮੂੰਹ ਕਰਕੇ ਉਸ ਨੂੰ ਕਿਹਾ : "ਮੇਰੀਏ ਭੈਣੇ ! ਤੂੰ ਖੁਸ਼ੀ ਖੁਸ਼ੀ ਆਪਣੇ ਪਤੀ ਨਾਲ ਰਹੁ। ਅੱਜ ਤੋਂ ਪਿਛੋਂ ਤੂੰ ਮੇਰਾ ਮੂੰਹ ਨਹੀਂ ਵੇਖੇਂਗੀ। ਜੇ ਮੈਨੂੰ ਯਾਦ ਕਰਕੇ ਤੈਨੂੰ ਦੁੱਖ ਹੋਵੇ ਤਾਂ ਸਾਡੇ ਸਾਂਝੇ ਪਤੀ ਦੇ ਚਿਹਰੇ ਵਲ ਵੇਖ ਲਵੀਂ। ਇਸ ਨਾਲ ਤੇਰਾ ਸਾਰਾ ਦਰਦ ਹਟ ਜਾਏਗਾ।"

ਪੂਰਬ ਦੇ ਦਿਸਹੱਦੇ ਉਤੇ ਝੱਖੜ ਝੁਲਿਆ ਤੇ ਬਦਲ ਗੱਜੇ। ਜਿਹੜੇ ਸਾਗਰ ਦੇ ਕੰਢੇ ਉਤੇ ਖਲੋਤੀ ਸੀ ਉਸ ਦਾ ਕੋਈ ਕੰਢਾ ਨਹੀਂ ਸੀ। ਕਿਸੇ ਯਾਤਰੂ ਨੂੰ ਪਾਰ ਲਿਜਾਣ ਲਈ ਕੋਈ ਬੇੜੀ ਸੀ। ਪਾਣੀਆਂ ਨੂੰ ਉਤ੍ਹਾਂ ਚੜ੍ਹਨ ਦਿਓ ਤੇ ਬੇੜੀ ਨੂੰ ਡੁੱਬਣ ਦਿਓ। ਕੰਢੇ ਸ਼ਾਇਦ ਬਹੁਤੀ ਦੂਰ ਨਾ ਹੋਣ। ਮੈਂ ਹੇਠਾਂ ਜਾ ਕੇ ਨਦੀ ਦਾ ਥਲਾ ਵੇਖਾਂਗੀ।"

ਪੂਰਬੀ ਅਕਾਸ਼ ਵਲੋਂ ਬਦਲ ਗੱਜੇ ਪਾਗਲ ਝਖੜ ਸਭ ਕੁਝ ਆਪਣੇ ਅਗੇ ਵਹਾ ਕੇ ਲੈ ਗਿਆ। ਹਾਏ ! ਉਹ ਸੁੰਦਰੀ ਆਪਣੀ ਬੇੜੀ ਸਣੇ ਕਿੱਥੇ ਚਲੀ ਗਈ। ਹਾਏ ਆਪਣੀ ਬੇੜੀ ਸਮੇਤ ਉਹ ਸੁੰਦਰੀ ਕਿੱਥੇ ਟੁਰ ਗਈ।

———

ਚੰਦਰਾਵਤੀ

ਨਾਇਨ ਚੰਦ ਘੋਸ਼

(ਚੰਦਰਾਵਤੀ ਕਵੀ ਬੰਗਸ਼ੀ ਦਾਸ ਦੀ ਸਪੁਤ੍ਰੀ ਸੀ। ਪਿਤਾ ਨੇ ਉਸ ਨੂੰ ਬਹੁਤ ਚੰਗੀ ਵਿੱਦਿਆ ਦਿੱਤੀ। ਇਹ ਸੋਲ੍ਹਵੀਂ ਸਦੀ ਦੇ ਪਿਛਲੇ ਅੱਧ ਦੀ ਗੱਲ ਹੈ। ਚੰਦਰਾਵਤੀ ਦੇ ਪਿਆਰ ਦੇ ਦੁਖਾਂਤ ਨੂੰ ਅੱਜ ਕਲ੍ਹ ਵੀ ਬੰਗਾਲ ਵਿਚ ਗਾਵਿਆ ਜਾਂਦਾ ਹੈ। ਹਥਲਾ ਸੁੰਦਰ ਤੇ ਸਰਲ ਗੀਤ ਸਤਾਰਵੀਂ ਸਦੀ ਦੇ ਆਰੰਭ ਵਿਚ ਲਿਖਿਆ ਗਿਆ। ਚੰਦਰਾਵਤੀ ਪੁਰਾਤਨ ਸਮੇਂ ਦੀ ਹਿੰਦੂ ਕੁੜੀ ਹੈ। ਧਰਮੀ ਤੇ ਸੰਜਮੀ। ਇਸ ਦੇ ਨਾਲ ਹੀ ਉਸ ਦੇ ਸੁਭਾ ਦਾ ਕੋਮਲ ਪਾਸਾ ਵੀ ਦਿਸਦਾ ਹੈ। ਉਸ ਦੀ ਪ੍ਰਤਿਗਿਆ ਦੀ ਪਕਿਆਈ ਦੇ ਬਾਵਜੂਦ ਅਸੀਂ ਇਕ ਪਲ ਲਈ ਵੀ ਇਸਤ੍ਰੀ ਜਾਤੀ ਦੀ ਮਿਠਾਸ ਅਤੇ ਕੋਮਲਤਾ ਤੋਂ ਦੂਰ ਨਹੀਂ ਹੁੰਦੇ।)

ਚੰਦਰਾਵਤੀ

1. ਫੁੱਲਾਂ ਦਾ ਤੋੜਨਾ

ਚੰਦਰਾ

ਸਰੋਵਰ ਦੇ ਚਵ੍ਹੀਂ ਪਾਸੀਂ ਚੰਪਾ ਅਤੇ ਨਗੇਸ਼ਵਰ ਦੇ ਫੁੱਲ ਖਿੜੇ ਹਨ। ਹੇ ਗਭਰੂ ਤੂੰ ਕੌਣ ਹੈਂ ਜੋ ਬੂਟਿਆਂ ਦੀਆਂ ਟਹਿਣੀਆਂ ਤੋੜ ਤੋੜ ਕੇ ਉਹਨਾਂ ਦੇ ਫੁੱਲ ਲੈ ਜਾ ਰਿਹਾ ਹੈਂ ?

ਜੈ ਚੰਦਰ

ਔਹ ਦਰਿਆ ਮੇਰੇ ਘਰ ਨੂੰ ਤੇਰੇ ਘਰ ਤੋਂ ਨਿਖੇੜਦਾ ਹੈ। ਮੁਟਿਆਰ ਤੂੰ ਆਪ ਇਹਨਾਂ ਮਾਲਤੀ ਦੇ ਫੁੱਲਾਂ ਨੂੰ ਕਿਸ ਲਈ ਤੋੜਦੀ ਹੈਂ ?

ਚੰਦਰਾ

'ਮੈਂ ਅੱਜ ਸਵੇਰੇ ਇਹ ਇਕਠੇ ਕਰਨ ਆਈ ਹਾਂ। ਮੇਰੇ ਪਿਤਾ ਜੀ ਇਹਨਾਂ ਨਾਲ ਮੰਦਰ ਵਿਚ ਸ਼ਿਵ ਜੀ ਦੀ ਪੂਜਾ ਕਰਨਗੇ।

ਉਹਨਾਂ ਨੇ ਸਭ ਤੋਂ ਸੱਜਰੇ ਖਿੜੇ ਫੁੱਲ ਚੁਗੇ। ਲਾਲ ਲਾਲ ਜਾਵ੍ਹਾ, ਪੀਲੇ ਪੀਲੇ ਚੰਪਾ ਅਤੇ ਕਈ ਭਾਂਤ ਦੇ ਗੇਂਧਾ- ਚਿੱਟੇ ਪੀਲੇ ਅਤੇ ਲਾਲ, ਜੈ ਚੰਦਰ ਨੇ ਬੈਂਤ ਦੀ ਟੋਕਰੀ ਵਿਚ ਪਾ ਲਏ। ਨੀਲੇ ਅਪਾਰ ਜੀਤ ਤੇ ਦੂਜ ਦੇ ਚੰਨ ਵਰਗੇ ਅਤਾਸ਼ੀ ਵੀ ਉਨ੍ਹਾਂ ਵਿਚ ਸਨ। ਅਤਿ ਮਨ ਭਾਉਂਦੇ ਮਲਿਕਾ ਅਤੇ ਕੋਮਲ ਅਤੇ ਸੁਗੰਧਤ ਮਲਤੀ ਨੂੰ ਵੀ ਉਹਨਾਂ ਵਿਸਾਰਿਆ ਨਹੀਂ। ਖੁਸ਼ੀ ਵਿਚ ਉਛਲਦੇ ਦਿਲਾਂ ਨਾਲ ਉਹਨਾਂ ਸਵੇਰ ਦਾ ਇਹ ਸੁਹਾਵਨਾ ਕਾਰਜ ਸਿਰੇ ਚਾੜ੍ਹਿਆ।

ਇਸੇ ਤਰ੍ਹਾਂ ਦਿਨ ਲੰਘਦੇ ਗਏ। ਪਰਭਾਤ ਵੇਲੇ ਤੇ ਸੰਝ ਵੇਲੇ ਗਭਰੂ ਅਤੇ ਮੁਟਿਆਰ ਸਰੋਵਰ ਦੇ ਪਾਸਿਆਂ ਤੋਂ ਫੁੱਲ ਤੋੜਦੇ ਅਤੇ ਸਦਾ ਉਹ ਉਥੇ ਇਕੱਲੇ ਹੀ ਹੁੰਦੇ। ਕਿਸੇ ਨੂੰ

ਉਹਨਾਂ ਦੀਆਂ ਮਿਲਨੀਆਂ ਦਾ ਪਤਾ ਨਹੀਂ ਸੀ ।

ਜਦੋਂ ਚੰਦਰਾ ਨੇ ਸੁਹਾਵਨੀ ਮਾਲਤੀ ਦੇ ਬੂਟਿਆਂ ਦੀਆਂ ਉੱਚੀਆਂ ਟਹਿਣੀਆਂ ਤੋਂ ਫੁੱਲ ਤੋੜਨੇ ਹੁੰਦੇ ਤਾਂ ਜੈ ਚੰਦਰ ਇਕ ਟਹਿਣੀ ਫੜ ਕੇ ਉਹ ਨੂੰ ਹੇਠਾਂ ਖਿੱਚ ਦੇਂਦਾ ਤਾਂ ਜੋ ਉਸ ਦੀ ਸੁੰਦਰ ਸਾਥਨ ਦੀ ਫੁੱਲਾਂ ਦੇ ਇਸ ਖਜ਼ਾਨੇ ਤਾਈਂ ਪਹੁੰਚ ਸੌਖੀ ਹੋ ਜਾਵੇ ।

ਇਕ ਦਿਨ ਚੰਦਰਾ ਨੇ ਪ੍ਰਭਾਤ ਵੇਲੇ ਫੁੱਲ ਤੋੜੇ ਪਰ ਇਹ ਉਸ ਦੇ ਪਿਤਾ ਲਈ ਨਹੀਂ ਸਨ । ਉਸ ਨੇ ਇਕ ਹਾਰ ਗੁੰਦਿਆ ਤੇ ਗਭਰੂ ਦੇ ਗੱਲ ਵਿਚ ਪਾ ਦਿਤਾ ।

2. ਪ੍ਰੇਮ ਪੱਤਰ

ਪਹਿਲੀ ਵਾਰ ਜੈ ਚੰਦਰ ਨੇ ਉਸ ਨੂੰ ਇਕ ਚਿੱਠੀ ਲਿਖੀ । ਇਹ ਢਾਈ ਅੱਖਰਾਂ ਦੀ ਚਿੱਠੀ ਸੀ । ਜਿਹੜੀ ਇਕ ਫੁਲ ਦੀਆਂ ਪਤੀਆਂ ਤੇ ਲਿਖੀ ਗਈ ।

ਉਸ ਚਿੱਠੀ ਵਿਚ, ਭਾਵੇਂ ਉਹ ਸੰਖੇਪ ਜਿਹੀ ਹੀ ਸੀ, ਜੈ ਚੰਦਰ ਨੇ ਆਪਣੀ ਸਾਰੀ ਆਤਮਾ ਭਰ ਦਿਤੀ "ਕੀ ਤੈਨੂੰ ਪਤਾ ਹੈ, ਸੁੰਦਰੀਏ ਕਿ ਕਿਵੇਂ ਮੈਂ, ਰੋਜ਼ ਤੇਰੇ ਫੁੱਲਾਂ ਦੇ ਹਾਰਾਂ ਦੀ ਸੁਗਾਤ ਉਤੇ ਇਕੱਲਾ ਬਹਿ ਕੇ ਰੋਂਦਾ ਹਾਂ । ਜਿਹੜੇ ਤੇਰੇ ਕੋਮਲ ਹੱਥ ਤੋੜਦੇ ਅਤੇ ਗੁੰਦਦੇ ਹਨ । ਜਦੋਂ ਤੂੰ ਟੁਰ ਜਾਂਦੀ ਹੈਂ ਫੁੱਲਾਂ ਦਾ ਹਸਦਾ ਬਾਗ ਮੇਰੇ ਲਈ ਅਨ੍ਹੇਰਾ ਹੋ ਜਾਂਦਾ ਹੈ । ਮੈਨੂੰ ਇਹ ਸਾਰੀ ਕਹਾਣੀ ਦੱਸਣੀ ਸੋਭਦੀ ਨਹੀਂ । ਮੇਰੇ ਵਿਚ ਦੱਸਣ ਦੀ ਸ਼ਕਤੀ ਵੀ ਨਹੀਂ ਹੈ । ਤੇਰੇ ਪਿਤਾ ਜੀ ਕਰੜੇ ਨਿਯਮਾਂ ਵਾਲੇ ਪੁਰਸ਼ ਹਨ ਤੇ ਤੈਨੂੰ ਜਾਨ ਤੋਂ ਵੀ ਵਧ ਪਿਆਰ ਕਰਦੇ ਹਨ । ਮੇਰੇ ਤੇ ਮਾਪੇ ਕੋਈ ਨਹੀਂ ਉਹ ਸੁਰਗਵਾਸ ਹੋ ਗਏ ਹੋਏ ਹਨ । ਮੈਂ ਆਪਣੇ ਚਾਚਾ ਜੀ ਦੇ ਘਰ ਰਹਿੰਦਾ ਹਾਂ । ਮੈਂ ਕੀ ਦੱਸਾਂ ਕਿ ਮੈਂ ਕਿਵੇਂ ਅਨੁਭਵ ਕਰ ਰਿਹਾ ਹਾਂ । ਜਿਸ ਦਿਨ ਤੋਂ ਮੈਂ ਤੇਰਾ ਸੁੰਦਰ ਮੁੱਖੜਾ ਵੇਖਿਆ ਹੈ ਮੈਂ ਸੁਦਾਈ ਹੋ ਗਿਆ ਹਾਂ । ਮੈਂ ਇਹ ਜਾਨਣ ਲਈ ਬੜਾ ਉਤਾਵਲਾ ਹਾਂ ਕਿ ਤੇਰੇ ਮਨ ਵਿਚ ਮੇਰੇ ਬਾਰੇ ਕੀ ਭਾਵ ਹਨ । ਜੇ ਮੇਰੇ ਲਈ ਤੈਨੂੰ ਪਰਨਾ ਲੈਣਾ ਰਤਾ ਵੀ ਸੰਭਵ ਹੋਵੇ ਤਾਂ ਜੋ ਕੁਝ ਮੇਰੇ ਕੋਲ ਹੈ ਮੈਂ ਤੇਰੇ ਚਰਨ ਕੰਵਲਾਂ ਉਤੇ ਰਖ ਦਿਆਂਗਾ । ਜੇ ਨਹੀਂ ਤਾਂ ਮੈਂ ਅੱਜ ਤੋਂ ਫੁਲ ਤੋੜਨੋਂ ਹਟ ਜਾਵਾਂਗਾ ਤੈਥੋਂ ਅਖੀਰਲੀ ਵਿਦਾਇਗੀ ਲੈ ਕੇ ਮੈਂ ਵਿਚਿੱਤ੍ਰ ਦੇਸ਼ਾਂ ਨੂੰ ਚਲਿਆ ਜਾਵਾਂਗਾ । ਜੇ ਮੇਰੇ ਭਾਗ ਜਾਗ ਪੈਣ ਅਤੇ ਮੈਨੂੰ ਮਨ ਭਾਉਂਦਾ ਉਤਰ ਮਿਲ ਜਾਵੇ ਤਾਂ, ਮੇਰੀ ਚੰਨੀਏਂ ਇਹ ਸਮਝ ਲੈ ਕਿ ਮੈਂ ਸਾਰੀ ਉਮਰ ਤੇਰੀਆਂ ਇਛਾਵਾਂ ਦਾ ਗੋਲਾ ਬਣਿਆ ਰਵ੍ਹਾਂਗਾ ।"

3. ਗਭਰੂ ਮੁਟਿਆਰ ਨੂੰ ਚਿੱਠੀ ਦੇ ਦੇਂਦਾ ਹੈ

ਸੂਹਾ ਬਾਣਾ ਪਾਈ ਸਵੇਰ ਦਾ ਸੂਰਜ ਚੜ੍ਹਿਆ । ਵਿਰਲੇ ਵਿਰਲੇ ਬਦਲਾਂ ਹੇਠ ਅਧ-ਲੁਕੀਆਂ ਉਸ ਦੀਆਂ ਕਿਰਨਾਂ ਸੋਨੇ ਵਾਂਗ ਚਮਕ ਰਹੀਆਂ ਸਨ ।

ਰਾਤ ਬੀਤ ਚੁੱਕੀ ਸੀ ਮੁਟਿਆਰ ਚੰਦਰਾਵਤੀ ਸਵੇਰੇ ਉਠੀ ਤੇ ਹਮੇਸ਼ ਵਾਂਗ ਟੋਕਰੀ ਲੈ ਕੇ ਫੁੱਲ ਇਕੱਠੇ ਕਰਨ ਆਈ ।

ਪਹਿਲਾਂ ਉਸ ਨੇ ਸੂਹੇ ਜਾਵਾ ਫੁੱਲ ਲਭੇ ਜਿਨ੍ਹਾਂ ਨਾਲ ਉਸ ਦੇ ਪਿਤਾ ਨੇ ਸ਼ਿਵ ਜੀ ਦੀ

ਪੂਜਾ ਕਰਨੀ ਸੀ । ਫਿਰ ਉਸ ਨੇ ਨਿੱਕੇ ਚਿੱਟੇ ਬਾਕੁਲ ਤੇ ਮਾਲਤੀ ਦੇ ਫੁੱਲ ਇਕੱਠੇ ਕੀਤੇ ਜਿਨ੍ਹਾਂ ਨਾਲ ਉਸ ਨੇ ਜੈ ਚੰਦਰ ਲਈ ਹਾਰ ਗੁੰਦਣਾ ਸੀ ।

ਠੀਕ ਉਸੇ ਵੇਲੇ ਗਭਰੇਟਾ ਫੁੱਲਾਂ ਦੀਆਂ ਪਤੀਆਂ ਉਤੇ ਲਿਖੀ ਹੋਈ ਆਪਣੀ ਚਿਠੀ ਲੈ ਕੇ ਉਸ ਦੇ ਕੋਲ ਆਇਆ ।

"ਗੋਰੀਏ ਤੂੰ ਫੁੱਲ ਖੋਹਣ ਤੇ ਬੂਟਿਆਂ ਦੀਆਂ ਟਹਿਣੀਆਂ ਤੋੜਨ ਵਿਚ ਮਗਨ ਹੈਂ । ਕੀ ਤੂੰ ਮੈਨੂੰ ਆਪਣੇ ਨਾਲ ਗਲ ਕਰਨ ਲਈ ਥੋੜਾ ਸਮਾਂ ਦੇ ਸਕਦੀ ਹੈਂ ? ਮੇਰੀ ਗਲ ਤੋਂ ਪਿਛੋਂ ਬੇਸ਼ਕ ਫਿਰ ਚੰਬਾ ਤੇ ਨਗੇਸ਼ਵਰੀ ਦੇ ਫੁੱਲਾਂ ਨਾਲ ਰੁਝ ਜਾਵੀਂ ।

ਚੰਦਰਾ

ਮੈਂ ਕੰਮ ਮੁਕਾ ਲਿਆ ਹੈ । ਮੈਨੂੰ ਹੋਰ ਫੁੱਲਾਂ ਦੀ ਲੋੜ ਨਹੀਂ । ਪੂਰਬ ਵਲ ਤੇ ਵੇਖ । ਸੂਰਜ ਕਿੰਨਾ ਉਤਾਂਹ ਹੋ ਕੇ ਚਮਕ ਰਿਹਾ ਹੈ । ਹੁਣ ਮੈਨੂੰ ਆਗਿਆ ਦੇ, ਮੈਂ ਹੋਰ ਨਹੀਂ ਅਟਕ ਸਕਦੀ । ਮੇਰੇ ਪਿਤਾ ਜੀ ਸ਼ਿਵਜੀ ਦੀ ਪੂਜਾ ਕਰਨ ਲਈ ਇਹਨਾਂ ਫੁੱਲਾਂ ਦੀ ਉਡੀਕ ਕਰ ਰਹੇ ਹਨ ।

ਜੈ ਚੰਦਰ

ਹਾਂ, ਸੁੰਦਰੀ ! ਮੈਂ ਤੈਨੂੰ ਆਗਿਆ ਦੇਂਦਾ ਹਾਂ ਤੇ ਵਿਦਿਆ ਕਰਦਾ ਹਾਂ, ਸ਼ਾਇਦ ਸਾਰੀ ਉਮਰ ਲਈ ।

ਫਿਰ ਉਸ ਨੇ ਉਹ ਫੁਲ-ਪੱਤੀਆਂ ਉਸ ਦੇ ਹਥ ਵਿਚ ਦੇ ਦਿਤੀਆਂ ਤੇ ਬਿਨਾਂ ਇਕ ਸ਼ਬਦ ਹੋਰ ਬੋਲੇ ਝੱਟਪਟ ਉਥੋਂ ਚਲਾ ਗਿਆ ।

4. ਬੰਗਸ਼ੀ ਦਾਸ ਸ਼ਿਵਜੀ ਸਾਮਣੇ ਚੰਦਰਾ ਲਈ ਵਰ ਲਈ ਅਰਦਾਸ ਕਰਦਾ ਹੈ

ਫੁੱਲ ਉਹ ਉਤੇ ਲਿਖੀ ਚਿਠੀ ਨੂੰ ਉਸ ਨੇ ਆਪਣੀ ਸਾੜ੍ਹੀ ਦੀ ਇਕ ਕੰਨੀ ਵਿਚ ਬਨ੍ਹ ਕੇ ਲੁਕਾ ਲਿਆ ।

ਉਹ ਮੰਦਰ ਵਿਚ ਗਈ ਤੇ ਉਸ ਦੇ ਫਰਸ਼ ਨੂੰ ਗੰਗਾ ਜੀ ਦੇ ਪਵਿਤ੍ਰ ਪਾਣੀ ਨਾਲ ਧੋਤਾ । ਦੇਵਤੇ ਦੇ ਸਾਮ੍ਹਣੇ ਉਸ ਨੇ ਪਿਤਾ ਲਈ ਆਸਨ ਲਾ ਦਿੱਤਾ । ਫਿਰ ਸੰਦਲ ਨੂੰ ਪਥਰ ਉਤੇ ਘਸਾ ਕੇ ਸੁਗੰਧਤ ਲੇਪ ਤਿਆਰ ਕਰ ਲਿਆ । ਫੁੱਲਦਾਨ ਵਿਚ ਉਸ ਨੇ ਧਿਆਨ ਨਾਲ ਫੁੱਲ ਟਿਕਾ ਦਿਤੇ ।

ਉਸ ਦੇ ਪਿਤਾ ਜੀ ਹੁਣ ਆ ਕੇ ਬੈਠ ਗਏ ਤੇ ਪੂਜਾ ਲਈ ਤਿਆਰ ਹੋ ਗਏ ।

ਬੰਗਸ਼ੀ ਦਾਸ ਨੇ ਸ਼ਿਵਜੀ ਦੀ ਪੂਜਾ ਕੀਤੀ ਤੇ ਦੇਵਤੇ ਸਾਮ੍ਹਣੇ ਪੁਤਰੀ ਲਈ ਬਖ਼ਸ਼ਿਸ਼ ਲਈ ਅਰਦਾਸ ਕੀਤੀ । ਪੁਤਰੀ ਹੁਣ ਮੁਟਿਆਰ ਹੋ ਗਈ ਸੀ ਪਰ ਅਜੇ ਤਕ ਉਸ ਲਈ ਕੋਈ ਯੋਗ ਵਰ ਨਹੀਂ ਲਭਿਆ ਸੀ ।

'ਹੇ ਅਕਾਲ, ਹੇ ਸ਼ਿਵਜੀ !' ਉਸ ਨੇ ਅਰਦਾਸ ਕੀਤੀ । ਬੱਚੀ ਉਤੇ ਮਿਹਰ ਕਰ । ਮੈਂ ਹਰ ਰੋਜ਼ ਜੰਗਲ ਦੇ ਫੁਲਾਂ ਨਾਲ ਤੇਰੀ ਪੂਜਾ ਕਰਾਂਗਾ । ਮਨ ਵਿਚ ਪਵਿਤ੍ਰਤਾ ਤੇ ਸ਼ਰਧਾ

ਵਸਾ ਕੇ ਜਿਹੜੀ ਮੇਰੇ ਮਨ ਦੇ ਫੁਲਾਂ ਵਾਂਗ ਹੈ । ਮੇਰੇ ਉਤੇ ਇਹ ਬਖਸ਼ਿਸ ਕਰ ਕੇ ਚੰਦਰਾ ਨੂੰ ਉਸ ਦੇ ਮਨ ਪਸੰਦ ਵਰ ਮਿਲ ਜਾਵੇ। ਮੈਂ ਨਿਰਧਨ ਹਾਂ। ਮੇਰੇ ਕੋਲ ਤਗੜਾ ਦਾਜ ਦੇਣ ਜੋਗੀ ਮਾਇਆ ਨਹੀਂ। ਇਸ ਸੰਸਾਰ ਵਿਚ ਤੇਰੇ ਤੋਂ ਬਿਨਾਂ ਮੇਰਾ ਹੋਰ ਕੋਈ ਨਹੀਂ ਜਿਸ ਉਤੇ ਮੈਂ ਆਸ ਰਖ ਸਕਾਂ।"

ਉਸ ਨੇ ਸ਼ਿਵਜੀ ਨੂੰ ਇਕ ਫੁੱਲ ਚੜ੍ਹਾਇਆ ਤੇ ਫਿਰ ਅਰਦਾਸ ਕੀਤੀ ਕਿ ਪ੍ਰਮਾਤਮਾ ਦੀ ਮਿਹਰ ਨਾਲ ਉਸੇ ਦਿਨ ਹੀ ਕੋਈ ਵਿਚੋਲਾ ਚੰਗਾ ਜਿਹਾ ਸਾਕ ਲੈ ਜਾਵੇ।

ਉਸ ਨੇ ਇਕ ਹੋਰ ਫੁੱਲ ਚੜ੍ਹਾਇਆ ਤੇ ਇਹ ਅਰਦਾਸ ਕੀਤੀ ਕਿ ਵਰ ਉਚੀ ਕੁਲ ਦਾ ਹੋਵੇ ਏਡਾ ਸ਼ਾਨਦਾਰ ਜਿਵੇਂ ਮਨੁੱਖਾਂ ਵਿਚ ਇੰਦਰ ਦੇਵਤਾ ਖਲੋਤਾ ਹੋਵੇ ।

ਉਸ ਨੇ ਇਕ ਹੋਰ ਫੁੱਲ ਚੜ੍ਹਾਇਆ ਤੇ ਇਹ ਅਰਦਾਸ ਕੀਤੀ ਕਿ ਵਰ ਏਨੇ ਉਚੇ ਸਮਾਜਕ ਪਧਰ ਦਾ ਹੋਵੇ ਕਿ ਉਸ ਦੀ ਆਪਣੇ ਪਧਰ ਦੀ ਮੇਚ ਆ ਜਾਵੇ। ਉਹ ਆਪ ਪਤੋਰੀ ਦੇ ਭਟਾਚਾਰੀਆਂ ਦੇ ਉਚੇ ਘਰਾਨੇ ਵਿਚੋਂ ਸੀ ।

ਫਿਰ ਉਸ ਨੇ ਦੇਵਤੇ ਸਾਮ੍ਹਣੇ ਧਰਤੀ ਉਤੇ ਡੰਡੌਤ ਕਰ ਕੇ ਅਰਦਾਸ ਕੀਤੀ "ਹੇ ਮਹਾਰਾਜ! ਮੇਰੀ ਬੱਚੀ ਦਾ ਵਿਆਹੁਤਾ ਜੀਵਨ ਸੁਖੀ ਹੋਵੇ।"

5. ਚੰਦਰਾ ਚਿਠੀ ਪੜ੍ਹਦੀ ਹੈ

ਮੰਦਰ ਵਿਚ ਆਪਣਾ ਕੰਮ ਮੁਕਾ ਕੇ ਤੇ ਆਪਣੇ ਪਿਤਾ ਨੂੰ ਪੂਜਾ ਵਿਚ ਲਗਿਆਂ ਵੇਖ ਕੇ ਚੰਦਰਾ ਇਕੱਲੀ ਆਪਣੇ ਕਮਰੇ ਵਿਚ ਚਲੀ ਗਈ ਤੇ ਪਿਆਰ ਨਾਲ ਜੈ ਚੰਦ ਦੀ ਫੁੱਲਾਂ ਦੀ ਚਿੱਠੀ ਖੋਲ੍ਹੀ।

ਜਿਓਂ ਜਿਓਂ ਉਹ ਪੜ੍ਹਦੀ ਗਈ, ਉਸ ਦੀਆਂ ਦੋਹਾਂ ਅਖਾਂ ਵਿਚੋਂ ਹੰਝੂ ਵਗਦੇ ਗਏ। ਉਸਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਜਵਾਬ ਦੇਵੇ ।

ਫਿਰ ਉਸ ਨੇ ਉਹ ਚਿਠੀ ਦੁਬਾਰਾ ਪੜ੍ਹੀ ਤੇ ਦੁਬਾਰਾ ਉਹ ਰੋਈ। "ਹਾਏ ! ਮੇਰਾ ਮਨ ਕਿਉਂ ਉਸ ਦੇ ਮਨ ਵਾਂਗ ਹੋ ਗਿਆ ਹੈ।" ਉਸ ਨੇ ਸੋਚਿਆ "ਕਿ ਮੈਂ ਪਿੰਜਰੇ ਵਿਚ ਪਏ ਸੂਕਾ ਪੰਛੀ ਵਾਂਗ ਹੀ ਬੇ-ਆਸਰਾ ਨਹੀਂ ਹਾਂ" ਉਸ ਦਾ ਚਿਹਰਾ ਵੇਖ ਲੈਣਾ ਹੀ ਮੇਰੇ ਲਈ ਬੜੀ ਗਲ ਸੀ—ਫਿਰ ਉਸ ਦੀ ਆਵਾਜ਼ ਸੁਣ ਲੈਣੀ ਹੀ ਤੇ ਉਸ ਦੇ ਨਾਲ ਇਕੱਠਿਆਂ ਫੁੱਲ ਚੁਗਣੇ ! ਹੋਰ ਇਛਾ ਕਰਨ ਦੀ ਕੀ ਲੋੜ ਹੈ ?

"ਮੈਂ ਹੁਣ ਵਡੀ ਹੋ ਗਈ ਹਾਂ। ਮੇਰੇ ਪਿਤਾ ਜੀ ਮੈਨੂੰ ਕਿਸੇ ਦੇ ਲੜ ਲਾਉਣਾ ਚਾਹੁੰਦੇ ਹਨ। ਮੈਂ ਆਪਣੇ ਦਿਲ ਦੀ ਗਲ ਉਹਨਾਂ ਨੂੰ ਕਿਵੇਂ ਦਸ ਸਕਦੀ ਹਾਂ ? ਸਭ ਕੁਝ ਮੇਰੇ ਪਿਤਾ ਜੀ ਦੇ ਹਥ ਹੈ। ਹਾਂ, ਜੈ ਚੰਦਰ ਮੇਰੇ ਲਈ ਫੁੱਲ ਚੁਣਦਾ ਹੈ ਤੇ ਮੈਂ ਉਸ ਨੂੰ ਪਿਆਰ ਕਰਦੀ ਹਾਂ। ਮੈਂ ਨਿੱਕਿਆਂ ਹੁੰਦਿਆਂ ਤੋਂ ਹੀ ਉਸ ਨੂੰ ਆਪਣੀ ਜਾਨ ਤੋਂ ਵੀ ਵਧ ਪਿਆਰ ਕਰਦੀ ਆਈ ਹਾਂ। ਪਰ ਮੈਂ ਇਹ ਗਲ ਮੂੰਹੋਂ ਕਿਸ ਤਰ੍ਹਾਂ ਕੱਢ ਸਕਦੀ ਹਾਂ ?"

ਉਸ ਨੇ ਸੰਖੇਪ ਜਿਹਾ ਜਵਾਬ ਲਿਖਿਆ। "ਘਰ ਵਿਚ ਮੇਰੇ ਪਿਤਾ ਜੀ ਹਨ। ਮੈਨੂੰ ਕੀ ਪਤਾ ਹੈ ? ਮੈਂ ਕਿਵੇਂ ਕੋਈ ਜਵਾਬ ਦੇ ਸਕਦੀ ਹਾਂ...ਮੈਂ ਤੇ ਕੇਵਲ ਇਕ ਬੇਵਸ ਲੜਕੀ ਹਾਂ।"

ਉਸ ਨੇ ਆਪਣੇ ਸਾਰੇ ਭਾਵ ਲੁੱਕਾ ਲਏ ਤੇ ਝਕਦੀ ਝਕਦੀ ਬੋਲੀ ਵਿਚ ਬਚਾਵੀਂ ਜਿਹੀ ਚਿੱਠੀ ਲਿਖ ਦਿਤੀ।

ਪਰ ਆਪਣੇ ਕਮਰੇ ਵਿਚ ਵੜ ਕੇ ਉਸ ਚੰਨ ਤੇ ਸੂਰਜ ਨੂੰ ਆਪਣੇ ਭਾਵਾਂ ਬਾਰੇ ਗਵਾਹੀ ਦੇਣ ਲਈ ਕਿਹਾ ਅਤੇ ਦੇਵਤਿਆਂ ਅਗੇ ਅਰਦਾਸ ਕੀਤੀ ਕਿ ਉਹ ਪਤੀ ਵਜੋਂ ਜੈ ਚੰਦ ਹੀ ਉਸਨੂੰ ਬਖ਼ਸ਼ ਦੇਣ। ਇਹ ਪ੍ਰਾਰਥਨਾ ਮਨ ਵਿਚ ਧਾਰਕੇ ਉਸ ਨੇ ਸ਼ਿਵਜੀ ਅਗੇ ਹਥ ਜੋੜ ਕੇ ਮਥਾ ਟੇਕਿਆ ਅਤੇ ਇਹ ਚਿੱਠੀ ਨੱਢੇ ਕੋਲ ਘਲ ਦਿਤੀ ।

ਪਰ ਉਸ ਦਿਨ ਤੋਂ ਉਸ ਫੁੱਲ ਚੁਗਣ ਜਾਣਾ ਛੱਡ ਦਿਤਾ। ਇਸ ਤਰ੍ਹਾਂ ਉਸ ਦੇ ਦਿਨ ਲੰਘਦੇ ਗਏ। ਨਾ ਪੂਰੇ ਗਮ ਵਿਚ ਹੀ ਨਾ ਪੂਰੀ ਖੁਸ਼ੀ ਵਿਚ।

6. ਉਸ ਦਾ ਚੁੱਪ ਚੁਪੀਤੇ ਪਿਆਰ ਮੋੜਨਾ

"ਮੈਂ ਤੈਨੂੰ ਆਪਣੀਆਂ ਭੁੱਖੀਆਂ ਅਖਾਂ ਨਾਲ ਵੇਖਾਂਗੀ। ਮੈਂ ਆਪਣੇ ਆਪ ਨੂੰ ਤੇਰੀਆਂ ਬਾਹਾਂ ਦੇ ਹਵਾਲੇ ਕਰ ਦਿਆਂਗੀ ਤੇ ਤੈਨੂੰ ਅਪਾਣਾ ਪਤੀ ਕਹਾਂਗੀ। ਏਥੇ ਬਾਕੁਲ ਅਤੇ ਮਾਲਤੀ ਦੇ ਛੋਟੇ ਛੋਟੇ ਖੁਸ਼ਬੂਦਾਰ ਫੁੱਲ ਲਗੇ ਹੋਏ ਹਨ। ਮੈਂ ਤੇਰੇ ਲਈ ਹਾਰ ਬਣਾਨ ਲਈ ਇਹਨਾਂ ਵਿਚੋਂ ਚੋਣਵੇਂ ਫੁੱਲ ਤੋੜ ਲਵਾਂਗੀ। ਸੂਹੇ ਜਾਵਾ ਫੁੱਲ ਵੀ ਏਥੇ ਹਨ। ਇਹਨਾਂ ਨੂੰ ਆਪਣੀ ਪੂਜਾ ਦੇ ਚੜ੍ਹਾਵੇ ਵਿਚੋਂ ਤੇਰੇ ਚਰਨਾਂ ਵਿਚ ਰਖਣ ਨੂੰ ਕਿੰਨਾ ਜੀ ਕਰਦਾ ਹੈ। ਮਲਿਕਾ ਅਤੇ ਮਾਲਤੀ ਦੇ ਫੁੱਲ ਆਪਣੀ ਮਹਿਕ ਖਲਾਰ ਰਹੇ ਹਨ ਅਤੇ ਮੈਂ ਉਹਨਾਂ ਦੀ ਕਸਮ ਖਾ ਕੇ ਆਖਦੀ ਹਾਂ ਕਿ ਮੈਂ ਨਾ ਕੇਵਲ ਇਸ ਜੂਨ ਵਿਚ ਸਗੋਂ ਆਉਣ ਵਾਲੀਆਂ ਸਾਰੀਆਂ ਜੂਨਾਂ ਵਿਚ ਤੈਨੂੰ ਆਪਣਾ ਪਤੀ ਬਣਾਉਣਾ ਚਾਹੁੰਦੀ ਹਾਂ। ਔਹ ਸਾਮ੍ਹਣੇ ਕੰਢਿਆਂ ਥਲੇ ਕੇਤਕੀ ਦੇ ਪੌਦੇ ਹਨ। ਕੀ ਇਹੋ ਜਿਹੇ ਕੰਡੇ ਮੇਰੇ ਰਾਹ ਵਿਚ ਵੀ ਹਨ। ਕੌਣ ਜਾਣਦਾ ਹੈ ?

ਇਸ ਤਰ੍ਹਾਂ ਉਹ ਇੱਕਲੀ ਸੋਚਾਂ ਸੋਚਦੀ ਅਤੇ ਹੰਝੂ ਵਹਾਂਦੀ ਰਹੀ। ਆਓ ਹੁਣ ਉਸ ਦੇ ਵਿਆਹ ਦੀ ਗਲ ਛੇੜੀਏ ।

7. ਸਾਕ ਆਉਣਾ ਤੇ ਮੰਨਿਆ ਜਾਣਾ

ਇਕ ਦਿਨ ਵਿਚੋਲਾ ਬੰਗਸ਼ੀ ਦਾਸ ਨੂੰ ਮਿਲਿਆ ਤੇ ਕਿਹਾ ਤੁਹਾਡੇ ਘਰ ਸੁੰਦਰ ਕੰਨਿਆ ਹੈ। ਤੁਹਾਡੀ ਪ੍ਰਸਿੱਧੀ ਅਤੇ ਸਮਾਜਕ ਆਦਰ ਚੰਨ ਵਾਂਗ ਚਮਕ ਰਿਹਾ ਹੈ। ਦੇਸ਼ ਦੇ ਇਸ ਹਿਸੇ ਵਿਚ ਕੋਈ ਹੋਰ ਖਾਨਦਾਨ ਇਸ ਤੋਂ ਉਚੀ ਪਦਵੀ ਦਾ ਦਾਵੇਦਾਰ ਨਹੀਂ। ਤੁਹਾਡੀ ਕੰਨਿਆ ਹੁਣ ਮੁਟਿਆਰ ਹੈ। ਕਿਸੇ ਯੋਗ ਵਰ ਨਾਲ ਉਸ ਦਾ ਵਿਆਹ ਕਿਉਂ ਨਹੀਂ ਕਰ ਦੇਂਦੇ ? "ਪਰ ਇਹੋ ਜਿਹਾ ਵਰ ਹੈ ਕਿੱਥੇ ? ਬੰਗਸ਼ੀ ਨੇ ਪੁਛਿਆ, "ਮੈਂ ਚੰਗੇ ਥਾਂ ਉਤੇ ਕਰਨ ਨੂੰ ਤਿਆਰ ਹਾਂ।"

ਵਿਚੋਲੇ ਨੇ ਕਿਹਾ "ਸੁੰਧਾ ਪਿੰਡ ਵਿਚ ਇਕ ਇਹੋ ਜਿਹਾ ਵਰ ਹੈ, ਉਸ ਦੇ ਘਰਾਨੇ ਦਾ ਬੜਾ ਆਦਰ ਹੈ। ਉਹ ਚਕਰਵਰਤੀ ਹਨ ਤੇ ਪਹਿਲੀ ਪੌੜੀ ਦੇ ਕੁਲੀਨ ਹਨ। ਮੁੰਡੇ ਦਾ ਨਾਂ ਜੈ ਚੰਦਰ ਹੈ, ਉਹ ਕਾਰਤਿਕ ਦੇਵਤੇ ਵਾਗ ਸੁੰਦਰ ਹੈ ਮੈਨੂੰ ਸੱਚੀ ਮੁਚੀ ਇਹ ਵਿਸ਼ਵਾਸ ਹੈ ਕਿ ਉਹ ਹਰ ਤਰ੍ਹਾਂ ਤੁਹਾਡੀ ਲੜਕੀ ਦੇ ਯੋਗ ਹੈ। ਉਹ ਵਿਦਿਆ ਦੇ ਵਖ ਵਖ ਅੰਗਾਂ ਅਤੇ ਭਾਗਾਂ ਦਾ ਵਿਦਵਾਨ ਹੈ। ਆਪਣੇ ਸਬੰਧੀਆਂ ਦੀਆਂ ਅਖਾਂ ਦਾ ਤਾਰਾ ਹੈ ਤੇ ਸੂਰਜ ਵਰਗੀ ਸ਼ਾਨਵਾਲਾ ਹੈ।

ਤੁਹਾਡੀ ਕੰਨਿਆ ਇਸ ਸੰਜੋਗ ਵਿਚ ਬੜੀ ਪ੍ਰਸੰਨ ਰਹੇਗੀ । ਜੇ ਮੈਂ ਹੋਵਾਂ ਤਾਂ ਇਸ ਬਾਰੇ ਬਿਲਕੁਲ ਨਾ ਝਕਾਂ ।"

"ਅਜ ਕਲ ਪਛਮੀ ਹਵਾ ਚਲਦੀ ਹੈ ਤਾਂ ਕਾਬਾਂ ਲਾ ਦੇਂਦੀ ਹੈ । ਦਰਿਆ ਵਿਚਕਾਰੋਂ ਉਤਰ ਰਿਹਾ ਹੈ ਤੇ ਹੌਲੀ ਹੌਲੀ ਚਲਦਾ ਹੈ । ਅੰਬਾਂ ਦੇ ਬਾਗਾਂ ਦੀਆਂ ਟੀਸੀਆਂ ਉਤੇ ਬੂਰ ਆਇਆ ਹੋਇਆ ਹੈ । ਬਹਾਰ ਚੰਗੀ ਹੈ । ਜੇ ਤੁਸੀਂ ਮੰਨੋ ਤਾਂ ਮੈਂ ਕੋਈ ਕਾਰਨ ਨਹੀਂ ਦੇਖਦਾ ਕਿ ਵਿਆਹ ਇਸ ਮਹੀਨੇ ਕਿਓਂ ਨਾ ਹੋਵੇ ।"

ਜਨਮ ਪੱਤ੍ਰੀਆਂ ਵੇਖੀਆਂ ਗਈਆਂ ਤੇ ਵਰ ਅਤੇ ਕੰਨਿਆਂ ਦੇ ਹੱਥ ਵੇਖੇ ਗਏ । ਜੋਤਸ਼ੀ ਨੇ ਦਸਿਆ ਇਸ ਤੋਂ ਬਹੁਤੀ ਪ੍ਰਸੰਨ ਜੋੜੀ ਨਛੱਤਾਂ ਨੇ ਕਦੀ ਦਸੀ ਹੀ ਨਹੀਂ ।

ਬੰਗਸ਼ੀ ਦਾਸ

"ਜਨਮ ਪਤਰੀਆਂ ਚੂੰਕਿ ਮਿਲ ਗਈਆਂ ਹਨ ਇਸ ਲਈ ਮੈਂ ਆਪਣੀ ਬੱਚੀ ਦਾ ਸਾਕ ਇਸ ਮੁੰਡੇ ਨੂੰ ਦੇਣ ਲਈ ਤਿਆਰ ਹਾਂ ।

8. ਤਿਆਰੀਆਂ

ਗੱਲ ਬਾਤ ਪੱਕੀ ਹੋ ਗਈ ਤੇ ਵਿਆਹ ਦਾ ਦਿਨ ਅਤੇ ਘੜੀ ਨਿਯਤ ਹੋ ਗਈ । ਇਹ ਇਕ ਸ਼ੁਭ ਤੇ ਖੁਸ਼ ਦਿਨ ਲਗਦਾ ਸੀ । ਦਖਣੀ ਹਵਾ ਚਲ ਰਹੀ ਸੀ ਅਤੇ ਕੋਇਲ ਦੀ ਕੂ ਕੂ ਦੂਰੋਂ ਸੁਣੀਂਦੀ ਸੀ । ਅੰਬਾਂ ਦੇ ਬੂਰ ਦੁਆਲੇ ਸ਼ਹਿਦ ਦੀਆਂ ਮੱਖੀਆਂ ਭਿੰਨ ਭਿੰਨ ਕਰ ਰਹੀਆਂ ਸਨ । ਬਿਰਖਾਂ ਨੇ ਜਿਨ੍ਹਾਂ ਦੁਆਲੇ ਕੂਲੀਆਂ ਕੂਲੀਆਂ ਵਲਾਂ ਲਿਪਟੀਆਂ ਹੋਈਆਂ ਸਨ, ਆਪਣੇ ਆਪ ਨੂੰ ਨਵੇਂ ਪਤਿਆਂ ਨਾਲ ਸਜਾਇਆ ਹੋਇਆ ਸੀ । ਸਬੰਧੀਆਂ ਵਿਚ ਪਾਨ ਵੰਡੇ ਗਏ ਤੇ ਇਸਤ੍ਰੀਆਂ ਨੇ ਸੁਹਾਗ ਗਾਵੇਂ ਤੇ ਸ਼ਬਦ ਪੜ੍ਹੇ । ਘਰ ਦੇ ਵਿਹੜੇ ਵਿਚ ਤ੍ਰਮਿਤਾ ਵਲੋਂ ਵੱਖ ਵੱਖ ਨਮੂਨਿਆਂ ਦੇ ਫੁੱਲਾਂ ਨਾਲ ਕੀਤੀ ਚਿਤ੍ਰਕਾਰੀ ਦਿਸ ਰਹੀ ਸੀ । ਅਡ ਅਡ ਸ਼ਗਨ ਕੀਤੇ ਗਏ ਤੇ ਔਰਤਾਂ ਦੇਵਤਿਆਂ ਦੀ ਪੂਜਾ ਕਰਨ ਬੈਠ ਗਈਆਂ ।

ਸਭ ਤੋਂ ਪਹਿਲਾਂ ਅਕਾਲ ਸ਼ਿਵਜੀ ਦੀ ਪੂਜਾ ਕੀਤੀ ਗਈ ਤੇ ਚੜ੍ਹਾਵੇ ਚੜ੍ਹਾਏ ਗਏ ।

ਫਿਰ ਉਨਾਂ ਨੇ ਹੋਰ ਦੇਵਤਿਆਂ ਦੀ ਇਕ ਇਕ ਕਰਕੇ ਪੂਜਾ ਕੀਤੀ । ਸਯਾਮਾ ਦੇਵੀ ਗੂੜ੍ਹੇ ਨੀਲੇ ਰੰਗ ਵਾਲੀ ਦੀ, ਏਕਚੁਰਾ, ਇਕ ਤਾਜ ਵਾਲੇ ਦੀ ਅਤੇ ਬਨ ਦੁਰਗਾ, ਦੇਵੀ ਮਾਤਾ ਦੀ ਜਿਹੜੀ ਬਨਾਂ ਉਤੇ ਰਾਜ ਕਰਦੀ ਹੈ ।

ਵਿਆਹ ਤੋਂ ਇਕ ਦਿਨ ਪਹਿਲਾਂ ਵਾਲੀ ਰਸਮ ਅਧਵਾਸ ਵੀ ਲਾੜੀ ਨੇ ਕੀਤੀ । ਚੋਰਪਾਨੀ ਨਾਲ ਗਾਗਰਾਂ ਭਰੀਆਂ ਗਈਆਂ । ਗੀਤ ਅਤੇ ਸੋਹਿਲੇ ਗਾਵੇਂ ਗਏ । ਸ਼ੀਘਰ ਹੀ ਚੰਦਰਾ ਦਾ ਪਿਤਾ ਮੰਦਰ ਦੇ ਸਿਹਨ ਵਿਚ ਆਪਣੇ ਵਡਿਕਿਆਂ ਦੇ ਸਰਾਧ ਕਰਨ ਬੈਠ ਗਿਆ । ਇਸਤ੍ਰੀਆਂ ਨੇ ਯਗ ਕੁੰਡ ਪੁਟਿਆ । ਜਿਹੜੀ ਮਿੱਟੀ ਨਿਕਲੀ ਉਸ ਦੀਆਂ ਇੱਟਾਂ ਬਣਾਈਆਂ ਗਈਆਂ ਤੇ ਇਹਨਾਂ ਉਤੇ ਫਿਰ ਤੇਲ ਚੋਇਆ ਗਿਆ ।

ਲਾੜੀ ਦੀ ਮਾਂ ਨੇਕ ਗਵਾਂਢੀਆਂ ਅਤੇ ਸਬੰਧੀਆਂ ਤੋਂ ਅਸੀਸਾਂ ਲੈਣ ਗਈ । ਇਕ ਥਾਲੀ ਵਿਚ ਉਸ ਸਗਨਾਂ ਦੀਆਂ ਵਸਤੂਆਂ ਪਾ ਕੇ ਸਿਰ ਉਤੇ ਧਰ ਲਈਆਂ ਤੇ ਅਗੇ ਲਗ ਟੁਰੀ । ਪਿਛੇ

ਲਾੜੀ ਤੇ ਉਸ ਦੀ ਮਾਮੀ ਗਾਗਰਾਂ ਚੁੱਕੀ ਆ ਰਹੀਆਂ ਸਨ । ਉਹ ਸਾਰੀਆਂ ਸੁਹਾਗ ਗਾ ਰਹੀਆਂ ਸਨ ।

9. ਜੈ ਚੰਦਰ ਅਤੇ ਮੁਸਲਮਾਨ ਲੜਕੀ

ਉਹ ਪਹਿਲਾਂ ਪਹਿਲ ਸੁੰਧਾ ਦਰਿਆ ਦੇ ਕੰਢਿਆਂ ਉਤੇ ਮਿਲੇ ਸਨ । ਉਹ ਓਥੇ ਪਾਣੀ ਦੀ ਗਾਗਰ ਭਰਨ ਗਈ ਹੋਈ ਸੀ । ਉਸ ਦੀ ਚਾਲ ਖੰਜਨ ਪੰਛੀ ਵਾਂਗ ਲੁਭਾਵਨੀ ਸੀ ਤੇ ਉਸ ਦੀ ਆਵਾਜ਼ ਕੋਇਲ ਵਾਂਗ ਮਿੱਠੀ ਸੀ । ਜਦੋਂ ਉਹ ਦਰਿਆ ਦੇ ਪੱਤਣ ਉਤੇ ਅਪੜੀ ਤਾਂ ਸਾਰੀ ਥਾਂ ਉਸ ਦੀ ਹੋਂਦ ਨਾਲ ਚਮਕ ਪਈ ।

"ਹੇ ਪੋਲੇ ਪੈਰੀਂ ਦਰਿਆ ਵਲ ਜਾਂਦੀਏ ਸੁੰਦਰੀਏ ! ਤੂੰ ਕੌਣ ਹੈ ? ਕੀ ਤੂੰ ਇਕ ਵਾਰ ਏਧਰ ਧਿਆਨ ਕਰੇਂਗੀ ? ਮੈਂ ਹਰ ਰੋਜ਼ ਤੈਨੂੰ ਵੇਖਦਾ ਹਾਂ ਪਰ ਮੇਰੀਆਂ ਅਖਾਂ ਅਜੇ ਤੀਕਰ ਨਹੀਂ ਰੱਜੀਆਂ । ਕ੍ਰਿਪਾ ਕਰਕੇ ਮੈਨੂੰ ਦਸ ਤੇਰੇ ਮਨ ਵਿਚ ਕੀ ਹੈ ? ਮੈਂ ਤੇ ਆਪਣੇ ਦਿਲ ਦੀ ਹਾਲਤ ਵਰਨਣ ਨਹੀਂ ਕਰ ਸਕਦਾ ਪਰ ਤੂੰ ਮੈਨੂੰ ਜਾਨ ਤੋਂ ਵੀ ਪਿਆਰੀ ਲਗਣ ਲਗ ਪਈ ਹੈਂ ।"

ਇਹ ਸਨ ਗਭਰੂ ਦੇ ਖਿਆਲ ਪਰ ਸਦਾਚਾਰ ਦੀ ਖਾਤਰ ਉਹ ਨਾ ਬੋਲ ਸਕਿਆ ।

ਪੱਤਣ ਦੀਆਂ ਪੌੜੀਆਂ ਕੋਲ ਜਾ ਕੇ ਉਸ ਨੇ ਹੀਜਲ ਬਿਰਖ ਦੀਆਂ ਟਾਹਣੀਆਂ ਵਿਚ ਦੀ ਸਾਰੇ ਪਾਸੇ ਵੇਖਿਆ ਅਤੇ ਜਿਥੇ ਉਸ ਦੇ ਫੁੱਲ ਹੇਠਾਂ ਲਮਕ ਰਹੇ ਸਨ ਤੇ ਕਿਰਮਚੀ ਭਾਹ ਮਾਰਦੇ ਸਨ ਓਥੇ ਬੜੇ ਧਿਆਨ ਨਾਲ ਪ੍ਰੇਮ-ਪੱਤਰ ਰਖ ਦਿਤਾ । ਉਹ ਜਰੂਰ ਹੀ ਏਧਰ ਧਿਆਨ ਕਰੇਗੀ ਤੇ ਇਹ ਚਿੱਠੀ ਉਸ ਨੂੰ ਦਿਸ ਪਵੇਗੀ । ਹੇ ਹੀਜਲ ਬਿਰਖਾ ! ਜਿਹੜਾ ਇਹਨਾਂ ਕੰਢਿਆਂ ਉਤੇ ਨਿਵਾਸ ਕਰਦਾ ਹੈ ਤੂੰ ਇਸ ਗਲ ਦੀ ਗਵਾਹੀ ਦੇਵੀਂ ਕਿ ਮੈਂ ਆਪਣੇ ਖਿਆਲ ਠੀਕ ਠੀਕ ਇਸ ਵਿਚ ਅੰਕਿਤ ਕੀਤੇ ਹਨ । ਜਦੋਂ ਉਹ ਸੁੰਦਰੀ ਏਥੇ ਆਵੇ ਤਾਂ ਮੇਰੀ ਚਿੱਠੀ ਉਸ ਨੂੰ ਵਿਖਾ ਦੇਵੀਂ । ਹੇ ਸੂਰਜ ਤੂੰ ਮੇਰੀ ਜਿਹੜਾ ਅਨ੍ਹੇਰੇ ਤੋਂ ਅਨ੍ਹੇਰੇ ਥਾਂ ਉਤੇ ਵੀ ਚਾਨਣ ਕਰ ਦੇਂਦਾ ਹੈ, ਉਸ ਚੰਪਕ ਫੂਲ ਦੇ ਰੰਗ ਵਰਗੀ ਮੁਟਿਆਰ ਨੂੰ ਦਸ ਦੇਵੀਂ ਕਿ ਮੈਂ ਉਸ ਦੀ ਖਾਤਰ ਕਿੰਨਾ ਦੁਖੀ ਹੋ ਰਿਹਾ ਹਾਂ । ਉਹ ਜ਼ਰੂਰ ਏਥੇ ਆ ਕੇ ਖੜੀ ਹੋਵੇਗੀ । ਮੈਂ ਏਥੋਂ ਹੌਲੀ ਹੌਲੀ ਪਰੇ ਚਲਾ ਜਾਵਾਂਗਾ ਤੇ ਲੁਕ ਕੇ ਪਲ ਕੁ ਲਈ ਉਸ ਨੂੰ ਵੇਖਾਂਗਾ ਜਦੋਂ ਉਹ ਅਸ਼ਨਾਨ ਤੋਂ ਪਿਛੋਂ ਉਸ ਪੱਤਣ ਵਲ ਮੁੜੇਗੀ, ਜਿਵੇਂ ਕੋਈ ਲਹਿਰ ਕੰਢੇ ਵਲ ਨੂੰ ਵਧਦੀ ਆਉਂਦੀ ਹੈ ।

ਉਹ ਚਲਾ ਗਿਆ ਤੇ ਅਗਲੇ ਦਿਨ ਝਟ ਕੁ ਲਈ ਉਹ ਫੁੱਲਾਂ ਦੇ ਬਾਗ ਵਿਚ ਆਇਆ । ਜਿਥੇ ਸੁੰਦਰੀ ਤਰਵਰ, ਮੋਤੀਆਂ ਵਰਗਾ ਬੇਲਾ ਅਤੇ ਲਾਲ ਲਕੀਰਾਂ ਵਾਲਾ ਸਫ਼ੈਦ ਸ਼ਫਾਲਿਕਾ ਖਿੜੇ ਹੋਏ ਸਨ । ਮੱਥੇ ਉਤੇ ਤਿਲਕ ਲਾਈ ਤੇ ਹੱਥ ਵਿਚ ਫੁੱਲਾਂ ਦੀ ਟੋਕਰੀ ਫੜੀ ਉਹ ਗਭਰੂ ਆਪਣੇ ਸੁਹਾਵਣੇ ਕੰਮ ਨੂੰ ਭੁਲ ਕੇ ਓਥੇ ਖਲੋਤਾ ਰਿਹਾ, ਕਿਉਂਕਿ ਉਸ ਦੇ ਦਿਲ ਵਿਚ ਕੰਡੇ ਵਰਗੀ ਪੀੜ ਸੀ ।

10. ਭਿਆਨਕ ਖ਼ਬਰ

ਢੋਲ ਢੱਮਕੇ ਵਜ ਰਹੇ ਸਨ ਤੇ ਮਿੱਠੀਆਂ ਸੁਰਾਂ ਵਿਚ ਸੁਹਾਗ ਗਾਵੇਂ ਜਾ ਰਹੇ ਸਨ । ਇਸਤ੍ਰੀਆਂ ਫੁੱਲਾਂ ਦੇ ਹਾਰ ਗੁੰਦ ਰਹੀਆਂ ਸਨ ਅਤੇ ਸੁਭ ਅਤੇ ਮਨੋਹਰ ਸਗਨ ਸੁਵਾਰਥ

ਕਰ ਰਹੀਆਂ ਸਨ ।

ਇਸ ਘੜੀ ਇਕ ਵੱਡੇ ਗੁਨਾਹ ਦਾ ਪਰਛਾਵਾਂ ਆ ਕੇ ਇਸ ਘਰ ਉਤੇ ਪਿਆ ਅਤੇ ਇਸ ਦੀ ਨਾਮਨਾ ਨੂੰ ਵੱਟਾ ਲਾ ਗਿਆ । ਸਾਰੇ ਪਾਸੇ ਲੋਕ ਘੁਸਰ ਮੁਸਰ ਕਰ ਰਹੇ ਸਨ "ਕੀ ਗੱਲ ਹੋਈ ਹੈ ?" ਅਤੇ ਜੋ ਗੱਲਾਂ ਉਡ ਰਹੀਆਂ ਸਨ ਉਹ ਨਾ ਮੰਨਣੇ ਤੋਂ ਉਹਨਾਂ ਦਾ ਦਿਲ ਡਰਦਾ ਸੀ ।

ਫਿਰ ਵਿਆਹ ਵਾਲੇ ਘਰ ਵਿਚੋਂ ਰੋਣ ਕੁਰਲਾਣ ਦੀ ਅਵਾਜ਼ ਉਚੀ ਹੋਈ ਅਤੇ ਬੰਗਸ਼ੀ ਦਾਸ ਦੀ ਆਪਣੀ ਵੀ ਹੋਸ਼ ਗੁੰਮ ਹੋ ਗਈ । ਹਾਏ ਉਸ ਦਾ ਧਰਮ ਅਤੇ ਘਰਾਣੇ ਦਾ ਨਾਂ ਸਦਾ ਲਈ ਤਬਾਹ ਹੋ ਰਹੇ ਸਨ ।

"ਪਰਮਾਤਮਾ ਨੂੰ ਕੀ ਦੋਸ਼ ਦੇਣਾ ਹੈ ! ਸਾਡੀ ਕਿਸਮਤ ਨੂੰ ਹੀ ਦੋਸ਼ ਦਿਓ । ਕਈ ਵਾਰ ਮਹਾਤਮਾ ਵੀ ਭੁੱਲ ਕਰ ਜਾਂਦੇ ਹਨ ਤੇ ਹਾਥੀ ਵਰਗਾਂ ਪੱਕਾ ਜਾਨਵਰ ਵੀ ਤਿਲਕ ਪੈਂਦਾ ਹੈ । ਕਦੀ ਕਦੀ ਕਿਸੇ ਸੌਦਾਗਰ ਦਾ ਕਈ ਸਮੁੰਦਰ ਪਾਰ ਕਰਕੇ ਆਇਆ ਜਹਾਜ਼ ਪੱਤਣ ਦੇ ਨੇੜੇ ਆ ਕੇ ਡੁੱਬ ਜਾਂਦਾ ਹੈ ।" ਇਸ ਤਰ੍ਹਾਂ ਦੀਆਂ ਗੱਲਾਂ ਗਵਾਂਢੀ ਆਪੋ ਵਿਚ ਕਰਦੇ ਸਨ ਤੇ ਫਿਰ ਉਨ੍ਹਾਂ ਬਰਾਹਮਣ ਨੂੰ ਕਿਹਾ "ਸ੍ਰੀਮਾਨ ਜੀ ! ਇਹ ਗੱਲ ਕੋਈ ਕਰਨ ਵਾਲੀ ਏ । ਸਾਡੇ ਉਤੇ ਇਕ ਵਡਾ ਖਤਰਾ ਆ ਪਿਆ ਹੈ । ਲਾੜੇ ਨੇ ਇਕ ਘੋਰ ਅਪਰਾਧ ਕੀਤਾ ਹੈ । ਉਸ ਨੇ ਇਕ ਮੁਸਲਮਾਨ ਕੁੜੀ ਨਾਲ ਵਿਆਹ ਕਰ ਲਿਆ ਹੈ ਅਤੇ ਆਪਣਾ ਧਰਮ ਤਿਆਗ ਦਿਤਾ ਹੈ ।"

ਇਸ ਤਰ੍ਹਾਂ ਹੋਇਆ ਜਿਵੇਂ ਕਿਸੇ ਮੰਦਰ ਉਤੇ ਬਿਜਲੀ ਡਿਗਦੀ ਹੈ ਤੇ ਉਸ ਦੀ ਟੀਸੀ ਨੂੰ ਭਨ ਦੇਂਦੀ ਹੈ । ਘਰ ਵਿਚੋਂ ਰਾਗ ਰੰਗ, ਸਾਰੀ ਖੁਸ਼ੀ ਖ਼ਤਮ ਹੋ ਗਈ ।

ਬੰਗਸ਼ੀ ਦਾਸ ਧਰਤੀ ਉਤੇ ਸੁੰਨ ਹੋਇਆ ਪਿਆ ਸੀ । ਅਸਮਾਨ ਵਿਚ ਕੋਈ ਬਦਲ, ਕੋਈ ਝਖੜ ਨਹੀਂ ਸੀ । ਪਰ ਉਸ ਦੇ ਸਿਰ ਉਤੇ ਇਕ ਦਮ ਬਿਜਲੀ ਡਿਗੀ ।

11. ਚੰਦਰਾ ਨੇ ਕੀ ਕੀਤਾ ?

"ਹੇ ਚੰਦਰਾ ! ਹੁਣ ਤੇਰਾ ਕੀ ਬਣੇਗਾ ?" ਉਸ ਦੀਆਂ ਸਖੀਆਂ ਉਸ ਤੋਂ ਕੰਨ ਵਿਚ ਪੁੱਛਦੀਆਂ ਸਨ ।

ਉਹ ਸਾਰੀਆਂ ਉਸ ਅਭਾਗੀ ਮੁਟਿਆਰ ਦੀ ਕਿਸਮਤ ਉਤੇ ਰੋ ਰਹੀਆਂ ਸਨ । ਪਰ ਉਹ ਆਪ ਅਸਲੋਂ ਸੁੰਨ ਹੋ ਗਈ । ਉਹ ਨਾ ਰੋਈ ਨਾ ਮੁਸਕਰਾਈ, ਨਾ ਹੀ ਕਿਸੇ ਸਖੀ ਨਾਲ ਗੱਲ ਕੀਤੀ । ਇਹ ਗੋਰੀ ਜਿਹੜੀ ਪਹਿਲਾਂ ਗੋਈ ਹੋਈ ਮਿੱਟੀ ਵਾਂਗ ਨਰਮ ਸੀ ਹੁਣ ਪੱਥਰ ਦੀ ਮੂਰਤੀ ਬਣ ਗਈ ।

ਉਹ ਸਾਰੀਆਂ ਰੋਂਦੀਆਂ ਸਨ ਤੇ ਲਾੜੇ ਨੂੰ ਗਾਲ੍ਹਾਂ ਕਢਦੀਆਂ ਸਨ । ਪਰ ਉਹ ਆਪ ਕਠੋਰ ਤੇ ਚੁੱਪ ਚਾਪ ਸੀ । ਅਤੇ ਆਪਣਾ ਸਾਰਾ ਜ਼ੋਰ ਲਾ ਕੇ ਆਪਣੇ ਆਪ ਨੂੰ ਸੰਭਾਲ ਰਹੀ ਸੀ । ਪਹਿਲਾ ਦੂਸਰਾ ਤੇ ਫਿਰ ਤੀਸਰਾ ਦਿਨ ਲੰਘ ਗਿਆ । ਉਹ ਰੋਜ਼ ਰੋਟੀ ਖਾਣ ਬੈਠਦੀ ਪਰ ਇਕ ਬੁਰਕੀ ਵੀ ਕਦੀ ਲੰਘਾ ਨ ਸਕਦੀ ।

ਰਾਤ ਨੂੰ ਜਦੋਂ ਉਹ ਇਕੱਲੀ ਰਹਿ ਜਾਂਦੀ ਤਾਂ ਉਸ ਦਾ ਬਿਸਤਰਾ ਜਿਵੇਂ ਕੰਡਿਆਂ ਅਤੇ ਤੀਰਾਂ ਦਾ ਹੁੰਦਾ । ਉਹ ਇਕ ਪਲ ਵੀ ਨ ਸੌਂਦੀ ਤੇ ਚੋਰੀ ਚੋਰੀ ਰੋਂਦੀ ਰਹਿੰਦੀ । ਉਸ ਦੇ

ਖਾਮੋਸ਼ ਹੰਝੂਆਂ ਨਾਲ ਸਰ੍ਹਾਣਾ ਗਿੱਲਾ ਹੋ ਜਾਂਦਾ । ਉਹ ਚੇਤਾ ਕਰਦੀ ਕਿਵੇਂ ਉਹ ਦੋਵੇਂ ਸਰੋਵਰ ਦੇ ਕੰਢਿਆਂ ਉਤੇ ਫੁੱਲ ਚੁਗਦੇ ਹੁੰਦੇ ਸਨ, ਉਹ ਦੋਵੇਂ ਕਿਵੇਂ ਉਹ ਫੁਲੇਸਵਰੀ (ਫੁਲਾਂ ਦੇ ਮਾਲਿਕ) ਵਿਚ ਤਰਦੇ ਅਤੇ ਖੇਡਦੇ ਹੁੰਦੇ ਸਨ । ਉਸ ਦੀ ਮੁਸਕਾਨ, ਉਸ ਦੇ ਸ਼ਬਦ ਪਲ ਪਲ ਚੰਦਰਾ ਨੂੰ ਚੇਤੇ ਆਉਂਦੇ ਤੇ ਸਾਰੀ ਰਾਤ ਉਸ ਦੀਆਂ ਅੱਖਾਂ ਵਿਚ ਨੀਂਦਰ ਨ ਆਉਂਦੀ । ਸਵੇਰੇ ਉਸ ਦੀਆਂ ਪੀਲੀਆਂ ਗੱਲ੍ਹਾਂ ਉਸ ਦੀ ਨਿਰਾਸ਼ਾ ਦੀ ਪੀੜ ਦੱਸਦੀਆਂ ।

ਉਸ ਦਾ ਪਿਤਾ ਹੋਰਨਾਂ ਨਾਲੋਂ ਚੰਗੀ ਤਰ੍ਹਾਂ ਉਸ ਦਾ ਮਨ ਬੁਝ ਸਕਦਾ ਸੀ । ਉਸ ਨੂੰ ਉਸ ਨਾਲ ਬੜਾ ਪਿਆਰ ਆਉਂਦਾ । ਹੋਰ ਕਈ ਥਾਵਾਂ ਤੋਂ ਸਾਕ ਦੀਆਂ ਮੰਗਾਂ ਆਉਣ ਲਗ ਪਈਆਂ ਤੇ ਉਹ ਇਹਨਾਂ ਮੰਗਾਂ ਉਤੇ ਵਿਚਾਰ ਕਰਨ ਲਗ ਪਿਆ ।

ਇਸ ਸਥਿਤੀ ਵਿਚ ਚੰਦਰਾ ਆਪਣੇ ਪਿਤਾ ਨੂੰ ਮਿਲੀ ਅਤੇ ਦੱਸਿਆ ਕਿ ਉਸ ਨੇ ਵਿਆਹ ਨ ਕਰਨ ਦਾ ਪੱਕਾ ਇਰਾਦਾ ਕੀਤਾ ਹੋਇਆ ਹੈ । "ਮੈਂ ਆਪਣੇ ਆਪ ਨੂੰ ਸ਼ਿਵਜੀ ਦੇ ਅਰਪਣ ਕਰ ਦਿਤਾ ਹੈ ।" ਉਸ ਨੇ ਕਿਹਾ "ਮੈਂ ਸਾਰੀ ਉਮਰ ਉਸੇ ਦੀ ਪੂਜਾ ਕਰਾਂਗੀ । ਪਿਤਾ ਜੀ ! ਆਪਣੀ ਗਰੀਬ ਪੁਤਰੀ ਉਤੇ ਦਇਆ ਕਰੋ ਤੇ ਉਸ ਨੂੰ ਇਸ ਤਰ੍ਹਾਂ ਕਰਨ ਦੀ ਆਗਿਆ ਦਿਓ ।"

ਪਿਤਾ ਨੇ ਦਿਲ ਉਤੇ ਪੱਥਰ ਰਖ ਕੇ ਆਗਿਆ ਦੇ ਦਿਤੀ ਅਤੇ ਹੁਕਮ ਕੀਤਾ :

"ਆਪਣਾ ਜੀਵਨ ਸ਼ਿਵਜੀ ਦੇ ਅਰਪਣ ਕਰ ਦੇ । ਮੈਂ ਤੇਰੇ ਰਸਤੇ ਵਿਚ ਨਹੀਂ ਖਲੋਵਾਂਗਾ । ਮੈਂ ਤੈਨੂੰ ਕਰਨ ਲਈ ਇਕ ਕਾਰਜ ਦੇਂਦਾ ਹਾਂ । ਬੰਗਾਲੀ ਵਿਚ ਇਕ ਰਮਾਇਣ ਲਿਖ ।"

12. ਕਥਾ ਦਾ ਦੁਖਾਂਤ

ਸ਼ਿਵਜੀ ਦਾ ਇਕ ਮੰਦਰ ਉਸਾਰਿਆ ਗਿਆ ਤੇ ਓਥੇ ਸ਼ਿਵਜੀ ਦੀ ਮੂਰਤੀ ਸਥਾਪਤ ਕਰ ਦਿੱਤੀ ਗਈ । ਚੰਦਰਾ ਨੇ ਆਪਣੇ ਮਨ ਨੂੰ ਚੰਗੀ ਤਰ੍ਹਾਂ ਵਸ ਵਿਚ ਕਰ ਲਿਆ ਤੇ ਮਹਾਨ ਦੇਵਤਾ ਦੀ ਪੂਜਾ ਵਿਚ ਲੱਗ ਗਈ । ਵਿਹਲੇ ਸਮੇਂ ਵਿਚ ਉਹ ਬੰਗਾਲੀ ਵਿਚ ਰਮਾਇਨ ਲਿਖਦੀ । ਸਾਧ ਗੁਣਾਂ ਵਾਲੀ ਚੰਦਰਾ ਦੀ ਲਿਖੀ ਇਹ ਰਮਾਇਣ ਪੜ੍ਹ ਕੇ ਮਨ ਦੇ ਪਾਪ ਧੁਪ ਜਾਂਦੇ ਹਨ ।

ਇਸ ਤਰ੍ਹਾਂ ਉਹ ਸਾਰੀ ਉਮਰ ਬ੍ਰਹਮਚਰਜ ਵਾਲਾ ਜੀਵਨ ਜੀਊਂਦੀ ਰਹੀ । ਸ਼ਿਵਜੀ ਦੀ ਭਗਤੀ ਵਿਚ ਉਸ ਨੇ ਆਪਣਾ ਜੀਵਨ ਅਤੇ ਹੋਰ ਸਭ ਕੁਝ ਉਸ ਨੂੰ ਅਰਪਣ ਕਰ ਦਿਤਾ । ਜੇ ਕੋਈ ਉਸ ਨਾਲ ਗੱਲ ਕਰਦਾ ਤਾਂ ਉਹ ਗੋਲਦੀ ਹੀ ਨਾ ਤੇ ਕਦੀ ਘਟ ਵਧ ਹੀ ਉੱਤਰ ਦੇਂਦੀ । ਇਸ ਤੋਂ ਪਿਛੋਂ ਉਸ ਨੂੰ ਕਦੀ ਕਿਸੇ ਹਸਦਿਆਂ ਨਹੀਂ ਵੇਖਿਆ । ਕਲੀ ਕੇਵਲ ਇਕ ਰਾਤ ਲਈ ਹੀ ਪੂਰਾ ਖਿੜਿਆ ਫੱਲ ਬਣੀ ਤੇ ਸਵੇਰ ਸਾਰ ਮੁਰਝਾ ਕੇ ਖਤਮ ਹੋ ਗਈ ।

ਇਹਨਾਂ ਦਿਨਾਂ ਵਿਚ ਹੀ ਇਕ ਹੋਰ ਬੜੀ ਦਿਲ ਕੰਬਾਉ ਘਟਨਾ ਹੋਈ ।

ਚੰਦਰਾ ਮੰਦਰ ਵਿਚ ਬੈਠੀ ਸ਼ਿਵਜੀ ਦਾ ਧਿਆਨ ਧਰ ਰਹੀ ਸੀ । ਉਹ ਮੰਤਰ ਪੜ੍ਹ ਰਹੀ ਸੀ । ਧਾਰਮਿਕ ਕਿਰਿਆਵਾਂ ਕਰ ਰਹੀ ਸੀ ਤੇ ਪੂਜਾ ਵਿਚ ਜੁੜੀ ਹੋਈ ਸੀ ।

ਮਈ ਦਾ ਮਹੀਨਾ ਸੀ । ਸੂਰਜ ਆਪਣੀਆਂ ਸਾੜਦੀਆਂ ਕਿਰਨਾਂ ਸਿਰ ਤੋਂ ਸੁਟ ਰਿਹਾ ਸੀ । ਅੰਬਾਂ ਦੇ ਬਿਰਛ ਆਪਣੀਆਂ ਟਾਹਣੀਆਂ ਤੋਂ ਪਲਮਦੇ ਬੇਸ਼ੁਮਾਰ ਪੱਕੇ ਫਲਾਂ ਦੇ ਖਜ਼ਾਨੇ ਨਾਲ ਹਸ ਰਹੇ ਸਨ ।

ਅਜਿਹੇ ਵੇਲੇ ਇਕ ਆਦਮੀ ਜੈ ਚੰਦਰ ਦੀ ਚਿੱਠੀ ਲੈ ਕੇ ਆਇਆ। ਇਸ ਵਿਚ ਉਸ ਨੇ ਚੰਦਰਾ ਨਾਲ ਇਕ ਮਿਲਨੀ ਦੀ ਆਗਿਆ ਮੰਗੀ ਸੀ। ਉਸ ਚਿੱਠੀ ਵਿਚ ਗਭਰੂ ਨੇ ਆਪਣੀ ਦੁੱਖ ਭਰੀ ਕਹਾਣੀ ਲਿਖੀ ਸੀ।

''ਪਰਾਣ ਪਿਆਰੀ ਚੰਦਰਾ ! ਕੀ ਤੂੰ ਇਕ ਪਲ ਲਈ ਕਾਹਲੀ ਨਾ ਪੈ ਕੇ ਮੇਰੀ ਕਹਾਣੀ ਸੁਣੇਂਗੀ ? ਮੇਰੇ ਮਨ ਅਤੇ ਸਰੀਰ ਨੂੰ ਸਾਰੇ ਅੱਗ ਲਗੀ ਹੋਈ ਹੈ। ਮੈਂ ਗਲਤੀ ਨਾਲ ਅੰਮ੍ਰਿਤ ਸਮਝ ਕੇ ਜ਼ਹਿਰ ਪੀ ਗਿਆ। ਮੇਰੀ ਹਿਕ ਉਤੇ ਪਿਆ ਫੁੱਲਾਂ ਦਾ ਹਾਰ ਜ਼ਹਿਰੀ ਨਾਗ ਨਿਕਲਿਆ। ਮੈਂ ਆਪ ਮੌਤ ਨੂੰ ਆਪਣੇ ਬੂਹੇ ਸਦਿਆ ਹੈ। ਮੈਂ ਦੇਵਤਿਆਂ ਨੂੰ ਪਿਆਰੇ ਤੁਲਸੀ ਦੇ ਬੂਟੇ ਤੋਂ ਦੂਰ ਨਸ ਕੇ ਗੰਦੇ ਸਿਓੜਾ ਦੀ ਪੂਜਾ ਕੀਤੀ ਹੈ ਜਿਸ ਦੁਆਲੇ ਚੁੜੇਲਾਂ ਭੌਂਦੀਆਂ ਹਨ। ਮੈਂ ਆਪ ਆਪਣੇ ਸਿਰ ਉਤੇ ਗਮਾਂ ਦਾ ਭਾਰ ਲਦ ਲਿਆ ਹੈ। ਹੁਣ ਮੈਂ ਕਿਸ ਨੂੰ ਦੋਸ਼ ਦੇਂਦਾ ? ਮੈਂ ਆਪਣੇ ਚਾਰੇ ਪਾਸੇ ਜ਼ਹਿਰ ਵੇਖਦਾ ਹਾਂ ? ਹਵਾ ਵਿਚ ਜ਼ਹਿਰ, ਪਾਣੀ ਵਿਚ ਜ਼ਹਿਰ, ਹਰ ਥਾਂ ਜ਼ਹਿਰ। ਮੈਂ ਇਸ ਤੋਂ ਕਿਸ ਤਰ੍ਹਾਂ ਬਚ ਕੇ ਨਿਕਲ ਸਕਦਾ ਹਾਂ। ਚੰਦਰਾ ! ਕੀ ਤੂੰ ਮੇਰੇ ਵਰਗੇ ਨੀਚ ਨੂੰ ਮੁਆਫ਼ ਨਹੀਂ ਕਰੇਂਗੀ। ਮੈਂ ਆਖਰੀ ਵਾਰ ਤੇਰਾ ਮੂੰਹ ਵੇਖਣਾ ਚਾਹੁੰਦਾ ਹਾਂ। ਤੇਰੀਆਂ ਖੇਡਦੀਆਂ ਅੱਖਾਂ ਤੇ ਤਿਰਛੀਆਂ ਨਜ਼ਰਾਂ। ਮੈਂ ਕੇਵਲ ਇਕ ਵਾਰ ਹੋਰ ਤੇਰੇ ਮਿਠੇ ਬੋਲ ਸੁਣਨਾ ਚਾਹੁੰਦਾ ਹਾਂ। ਮੈਂ ਕੇਵਲ ਇਕ ਵਾਰ ਆਪਣੇ ਹੰਝੂਆਂ ਨਾਲ ਤੇਰੇ ਕੋਮਲ ਚਰਨ ਧੋਣਾ ਚਾਹੁੰਦਾ ਹਾਂ। ਹੇ ਗੋਰੀ ! ਹੇ ਪਵਿਤ੍ਰ ਆਤਮਾ ਮੈਂ ਤੈਨੂੰ ਵਿਸ਼ਵਾਸ ਦਵਾਂਦਾ ਹਾਂ ਕਿ ਮੈਂ ਤੈਨੂੰ ਹੱਥ ਨਹੀਂ ਲਾਵਾਂਗਾ, ਮੈਂ ਤੇਰੇ ਬਹੁਤ ਨੇੜੇ ਵੀ ਨਹੀਂ ਹੋਵਾਂਗਾ। ਦੂਰੋਂ ਹੀ ਮੈਂ ਤੇਰੀ ਪਵ੍ਰਿਤਰਤਾ ਦੇ ਤੇਜ ਭਰੇ ਚਿਹਰੇ ਵਲ ਵੇਖਾਂਗਾ ਤੇ ਵੇਖ ਕੇ ਮੈਨੂੰ ਠੰਡ ਪੈ ਜਾਵੇਗੀ, ਮੇਰੀ ਬਚਪਨ ਦੀ ਸਾਥਨ ਤੇ ਮੇਰੀ ਚੜ੍ਹਦੀ ਜਵਾਨੀ ਦੀ ਰੀਝ ! ਮੈਂ ਤੇਰੇ ਨੇੜੇ ਆਉਣ ਲਈ ਕਿੰਨਾ ਤਰਸਦਾ ਹਾਂ। ਇਕ ਪਲ ਲਈ ਮੈਂ ਤੇਰਾ ਮੁਖੜਾ ਵੇਖਾਂਗਾ ਤੇ ਉਸ ਬੇਮੁੱਲੇ ਪਲ ਪਿਛੋਂ ਮੈਂ ਖੁਸ਼ੀ ਨਾਲ ਡੁਬ ਕੇ ਮਰ ਜਾਵਾਂਗਾ, ਜਾਂ ਫਾਹ ਲੈ ਲਵਾਂਗਾ ਜਾਂ ਜ਼ਹਿਰ ਖਾ ਲਵਾਂਗਾ। ਇਹ ਮੈਨੂੰ ਡਾਢਾ ਪਤਾ ਹੈ ਕਿ ਮੇਰੇ ਵਰਗੇ ਨੀਚ ਨਾਲ ਤੈਨੂੰ ਕੋਈ ਪਿਆਰ ਨਹੀਂ ਹੋ ਸਕਦਾ। ਪਰ ਮੈਂ ਅਖੀਰਲੀ ਵਾਰ ਤੈਨੂੰ ਮੱਥਾ ਟੇਕਣ ਤੇ ਤੈਨੂੰ ਰਬ ਰਾਖਾ ਕਹਿਣ ਦੀ ਆਗਿਆ ਮੰਗਦਾ ਹਾਂ। ਇਹ ਮਿਲਣੀ ਸਾਡੇ ਵਿਚਕਾਰ ਅਖੀਰਲੀ ਹੋਵੇਗੀ। ਅਖੀਰਲੀ ਵਾਰ ਅੱਖਾਂ ਦਾ ਅੱਖਾਂ ਨਾਲ ਮੇਲ ਹੋਵੇਗਾ। ਮੇਰੇ ਲਈ ਇਸ ਦੁਨੀਆ ਵਿਚ ਨਾ ਖੁਸ਼ੀ ਤੇ ਨਾ ਸ਼ਾਂਤੀ ਹੈ। ਤੈਨੂੰ ਇਕ ਵਾਰ ਵੇਖ ਲੈਣ ਪਿਛੋਂ ਮੈਂ ਤਗੜਾ ਹੋ ਕੇ ਮੌਤ ਨੂੰ ਮਿਲਾਂਗਾ। ਪਰਮਾਤਮਾ ਦਾ ਮੇਰੇ ਲਈ ਇਹੋ ਹੁਕਮ ਹੈ ਤੇ ਇਹ ਅਟੱਲ ਹੈ।''

ਜਿਉਂ ਜਿਉਂ ਉਹ ਚਿੱਠੀ ਪੜ੍ਹਦੀ ਗਈ ਉਸ ਦੀਆਂ ਗੱਲ੍ਹਾਂ ਹੰਝੂਆਂ ਨਾਲ ਭਿਜਦੀਆਂ ਗਈਆਂ ਤੇ ਪਿਛਲੇ ਸਬੰਧਾਂ ਦੀ ਇਕ ਲੰਮੀ ਲੜੀ ਉਸ ਦੇ ਮਨ ਵਿਚ ਆ ਗਈ। ਉਸ ਨੇ ਚਿੱਠੀ ਇਕ ਵਾਰ ਪੜ੍ਹੀ, ਦੂਜੀ ਵਾਰ ਪੜ੍ਹੀ ਤੇ ਫਿਰ ਤੀਜੀ ਵਾਰ ਪੜ੍ਹੀ। ਚਿੱਠੀ ਦੇ ਅੱਖਰ ਹੰਝੂਆਂ ਨਾਲ ਮਿਟ ਗਏ।

ਚੰਦਰਾ

ਸੁਣੋ, ਮੇਰੇ ਪਿਆਰੇ ਪਿਤਾ, ਮੇਰੀ ਦੁਖੀ ਕਹਾਣੀ ਸੁਣੋ ! ਇਕਲੇ ਤੁਸੀਂ ਹੀ ਮੇਰੇ ਲਈ ਦਰਦ ਰਖਦੇ ਹੋ ਤੇ ਮੇਰੇ ਦੁੱਖ ਨਾਲ ਸਾਂਝ ਕਰ ਸਕਦੇ ਹੋ।

ਬੰਗਸ਼ੀ ਦਾਸ

ਹੁਣ ਤੂੰ ਇਸ ਗੱਲ ਦੀ ਆਗਿਆ ਕਿਸ ਤਰ੍ਹਾਂ ਦੇ ਸਕਦੀ ਹੈਂ, ਪਿਆਰੀ ਧੀਏ ! ਹੁਣ ਤੈਨੂੰ ਸ਼ਰਧਾ ਵਿਚ ਇਕ ਮਨ ਹੋ ਕੇ ਮਹਾਨ ਦੇਵਤਾ ਸ਼ਿਵਜੀ ਦੀ ਪੂਜਾ ਕਰਨੀ ਚਾਹੀਦੀ ਹੈ। ਹੁਣ ਤੈਨੂੰ ਹੋਰ ਕੋਈ ਵਿਚਾਰ ਨਹੀਂ ਵਿਚਾਰਨਾ ਚਾਹੀਦਾ। ਤੂੰ ਫਿਰ ਉਸ ਵਲ ਕਿਸ ਤਰ੍ਹਾਂ ਝੁਕ ਸਕਦੀ ਹੈਂ। ਉਸ ਦੇ ਕਾਰਨ ਤੇਰਾ ਜੀਵਨ ਮੌਤ ਵਾਂਗ ਸੁਨਸਾਨ ਹੋ ਗਿਆ ਹੈ। ਅਜਿਹੇ ਫੁੱਲ ਨਾਲ ਸ਼ਿਵਜੀ ਦੀ ਪੂਜਾ ਕਿਸ ਤਰ੍ਹਾਂ ਹੋ ਸਕਦੀ ਹੈ ਜਿਹੜੀ ਕਿਸੇ ਧਰਮਨਿੰਦਕ ਦੇ ਹੱਥ ਨਾਲ ਭ੍ਰਿਸ਼ਟ ਹੋਇਆ ਹੋਵੇ ? ਜਾਂ ਐਸੇ ਫਲ ਨਾਲ ਜਿਸ ਨੂੰ ਪਹਿਲਾਂ ਹੀ ਕਿਸੇ ਨੇ ਜੂਠਾ ਕੀਤਾ ਹੋਵੇ ? ਏਸ ਤਰ੍ਹਾਂ ਤੇਰਾ ਦਿਲ ਸ਼ਿਵਜੀ ਲਈ ਯੋਗ ਭੇਟਾ ਨਹੀਂ ਹੋਵੇਗਾ ਜੇ ਤੂੰ ਇਸ ਵਿਚ ਕਿਸੇ ਪਲੀਤ ਦਾ ਖਿਆਲ ਵੜਨ ਦੇਵੇਂਗੀ। ਉਹ ਚੰਗਾ ਮੁੰਡਾ ਸੀ ਤੇ ਮੈਨੂੰ ਪਤਾ ਸੀ ਕਿ ਪਹਿਲੇ ਸਾਲਾਂ ਵਿਚ ਉਸ ਦਾ ਮਨ ਗੰਗਾ ਨਦੀ ਵਾਂਗ ਪਵਿਤ੍ਰ ਸੀ। ਪਰ ਉਸ ਨੇ ਆਪਣੇ ਆਪ ਨੂੰ ਭ੍ਰਿਸ਼ਟ ਕਰ ਲਿਆ ਹੈ। ਪਰਮਾਤਮਾ ਦਾ ਇਹੀ ਹੁਕਮ ਹੈ ਕਿ ਤੂੰ ਇਸ ਤਰ੍ਹਾਂ ਹੀ ਦੁਖੀ ਰਵੇਂ। ਅਟਲ ਨੂੰ ਕਿਵੇਂ ਟਾਲਿਆ ਜਾ ਸਕਦਾ ਹੈ। ਮੇਰੀਏ ਧੀਏ ! ਜਿਹੜਾ ਰਾਹ ਤੂੰ ਫੜਿਆ ਹੈ ਓਸੇ ਉਤੇ ਹੀ ਟੁਰੀ ਜਾਹ। ਆਪਣੇ ਮਨ ਨੂੰ ਹੋਰ ਕਿਸੇ ਗੱਲ ਨਾਲ ਅਸ਼ਤ ਨਾ ਹੋਣ ਦੇ।''

ਚੰਦਰਾ ਨੇ ਚਿੱਠੀ ਦਾ ਜਵਾਬ ਤੇ ਲਿਖਿਆ। ਪਰ ਜਿਹੜਾ ਜੈ ਚੰਦਰ ਨੇ ਮਿਲਣ ਲਈ ਕਿਹਾ ਸੀ, ਉਸ ਤੋਂ ਨਾਂਹ ਕਰ ਦਿੱਤੀ।

ਫੁੱਲਾਂ ਅਤੇ ਘਾਹ ਦੇ ਤੀਲਿਆਂ ਦੀ ਭੇਟਾ ਲੈ ਕੇ ਉਹ ਸ਼ਿਵਜੀ ਦੀ ਪੂਜਾ ਲਈ ਫਿਰ ਮੰਦਰ ਵਿਚ ਦਾਖਲ ਹੋਈ।

ਉਹ ਅੱਖਾਂ ਮੀਟ ਕੇ ਯੋਗ ਦੀ ਸਥਿਤੀ ਵਿਚ ਬੈਠ ਗਈ। ਇਕਾਗਰ ਚਿਤ ਹੋ ਕੇ ਸ਼ਰਧਾ ਨਾਲ ਉਸ ਨੇ ਫੁੱਲ ਅਤੇ ਪਵਿਤ੍ਰ ਬੇਲ ਦੇ ਪਤੇ ਸ਼ਿਵਜੀ ਨੂੰ ਭੇਟਾ ਕੀਤੇ। ਹੌਲੀ ਹੌਲੀ ਉਸ ਦੀਆਂ ਅੱਖਾਂ ਵਿਚੋਂ ਹੰਝੂ ਸੁਕ ਗਏ ਤੇ ਉਸ ਦਾ ਮਨ ਸੰਸਾਰੀ ਖਿਆਲਾਂ ਤੋਂ ਮੁਕਤ ਹੋ ਗਿਆ। ਇਕ ਮਨ, ਇਕ ਚਿਤ ਹੋ ਕੇ ਉਹ ਸ਼ਿਵਜੀ ਦੀ ਗੋਦ ਵਿਚ ਚਲੀ ਗਈ। ਫਿਰ ਉਸ ਦੀ ਰੂਹ ਨੂੰ ਇਸ ਤਰ੍ਹਾਂ ਦੀ ਸ਼ਾਂਤੀ ਮਿਲ ਗਈ ਜਿਸ ਵਿਚ ਇਸ ਸੰਸਾਰ ਦੇ ਆਪਣੇ ਘਰ ਦੇ ਅਤੇ ਆਪਣੇ ਮਾਪਿਆਂ ਤਕ ਦੇ ਕਿਸੇ ਖਿਆਲ ਲਈ ਕੋਈ ਥਾਂ ਨਹੀਂ ਸੀ। ਸ਼ਿਵਜੀ ਵਿਚ ਅਤਰ ਧਿਆਨ ਹੋਈ ਉਹ ਆਪਣੇ ਬਚਪਨ ਦੀ ਉਹ ਕਹਾਣੀ ਭੁਲ ਗਈ ਜਿਸ ਨੇ ਉਸ ਨੂੰ ਐਨਾ ਦੁੱਖ ਦਿਤਾ ਸੀ। ਭਗਤੀ ਦੀ ਸਮਾਧੀ ਵਿਚ ਗਵਾਚੀ ਉਸ ਲਈ ਜੈ ਚੰਦਰ ਕੁਝ ਵੀ ਚੀਜ਼ ਨਹੀਂ ਸੀ। ਸ਼ਿਵਜੀ ਹੀ ਉਸ ਲਈ ਸਭ ਕੁਝ ਸੀ। ਉਹ ਅਰਦਾਸ ਉਤੇ ਅਰਦਾਸ ਕਰਦੀ ਗਈ ਜਿੰਨਾ ਚਿਰ ਤਕ ਉਸ ਦਾ ਮਨ ਪੂਰੀ ਤਰ੍ਹਾਂ ਸ਼ਾਂਤ ਨਹੀਂ ਹੋ ਗਿਆ।

ਉਸ ਪਲ ਜੈ ਚੰਦਰ ਓਧਰ ਆਇਆ ਅਤੇ ਉਸ ਨੂੰ ਅਵਾਜ਼ ਮਾਰੀ।

''ਚੰਦਰਾ ! ਬੂਹਾ ਖੋਲ੍ਹ। ਮੈਂ ਇਕ ਅਖੀਰਲੀ ਵਾਰ ਤੇਰਾ ਮੁਖੜਾ ਵੇਖਣਾ ਚਾਹੁੰਦਾ ਹਾਂ। ਮੈਂ ਇਕ ਅਖੀਰਲੀ ਮਿਲਣੀ ਮੰਗਦਾ ਹਾਂ ਤੇ ਇਸ ਤੋਂ ਪਿਛੋਂ ਫਿਰ ਮੈਂ ਕਦੀ ਇਸ ਲਈ ਤਰਲਾ

ਨਹੀਂ ਕਰਾਂਗਾ। ਮੈਂ ਤੇਰੇ ਹੋਂਟਾਂ ਤੋਂ ਬਸ ਇਕੋ ਵਾਰ ਸੁਨਣਾ ਚਾਹੁੰਦਾ ਹਾਂ ਕਿ ਤੂੰ ਮੈਨੂੰ ਖਿਮਾ ਕਰ ਦਿਤੀ ਹੈ।''

ਉਸ ਨੇ ਬੂਹਾ ਖੜਕਾਇਆ ਤੇ ਫਿਰ ਪਾਗਲਾਂ ਵਾਂਗ ਆਪਣੀ ਹਿਕ ਕੁੱਟਣ ਲਗ ਪਿਆ।

ਪਰ ਚੰਦਰਾ ਯੋਗ ਵਿਚ ਗੁਵਾਚੀ ਹੋਈ ਸੀ। ਇਕ ਅਸਚਰਜ ਸਮਾਧੀ ਵਿਚ ਲੀਨ ਸੀ। ਬਾਹਰੋਂ ਕੋਈ ਅਵਾਜ਼ ਉਸ ਦੇ ਕੰਨਾਂ ਵਿਚ ਨਾ ਪਈ।

ਫਿਰ ਉਸ ਨੇ ਪਾਗਲਾਂ ਵਾਂਗ ਅੱਖਾਂ ਪਾੜ ਕੇ ਦੁਵਾਲੇ ਵੇਖਿਆ ਪਰ ਉਥੇ ਕੋਈ ਨਹੀਂ ਸੀ। ਮੰਦਰ ਦੇ ਅੰਦਰੋਂ ਕੋਈ ਅਵਾਜ਼ ਨਹੀਂ ਆ ਰਹੀ ਸੀ। ਇਹ ਵੇਖਦੇ ਉਸ ਦਾ ਦਿਲ ਬੈਠ ਗਿਆ। ਬਾਵਰਿਆਂ ਵਾਂਗ ਜੈ ਚੰਦਰ ਨੇ ਫਿਰ ਅਵਾਜ਼ ਮਾਰੀ :

''ਦਰਵਾਜਾ ਖੋਲ੍ਹ ਚੰਦਰਾ। ਇਕ ਵਾਰ ਮੈਨੂੰ ਦਰਸ਼ਨ ਦੇ। ਤੂੰ ਇਕ ਫੁੱਲ ਵਾਂਗ ਹੈਂ ਜਿਹੜਾ ਪਰਮਾਤਮਾ ਨੂੰ ਭੇਟਾ ਕੀਤਾ ਗਿਆ ਹੋਵੇ। ਤੂੰ ਗੰਗਾ ਵਾਂਗ ਹੈ ਜਿਹੜੀ ਧੁਰੋਂ ਹੀ ਪਵਿਤ੍ਰ ਹੈ। ਮੇਰਾ ਹੱਥ ਲੱਗਣ ਨਾਲ ਤੂੰ ਭਿੱਟੀ ਜਾਵੇਂਗੀ। ਇਹ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਪਰ ਮੈਂ ਇਕ ਪਲ ਲਈ ਤੇਰੀਆਂ ਸੁੰਦਰ ਅੱਖਾਂ ਵੇਖਣਾ ਚਾਹੁੰਦਾ ਹਾਂ। ਇਕ ਪਲ ਲਈ ਆਪਣੀ ਭੁਖੀ ਨਿਗਾਹ ਨਾਲ ਤੇਰੇ ਮੁਖੜੇ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਮੈਂ ਇਥੋਂ ਦੂਰ ਖੜਾ ਹੀ ਵੇਖ ਲਵਾਂਗਾ ਤੇ ਮੰਦਰ ਦੇ ਅੰਦਰ ਨਹੀਂ ਆਵਾਂਗਾ। ਪਿਆਰੀ ਚੰਦਰਾ! ਮੇਰੇ ਪਰਾਣਾਂ ਦਾ ਵਾਸਤਾ ਈ ਮੈਨੂੰ ਇਕ ਵਾਰੀ ਉੱਤਰ ਦੇ।''

ਚੰਦਰ ਨੇ ਇਕ ਸ਼ਬਦ ਵੀ ਨਾ ਬੋਲਿਆ ਤੇ ਨ ਹੀ ਬੂਹਾ ਖੋਲ੍ਹਿਆ ਕਿਉਂਕਿ ਮੰਦਰ ਵਿਚ ਸਮਾਧੀ ਵਿਚ ਲੀਨ ਪਈ ਸੀ। ਅਤੇ ਉਸ ਦੀਆਂ ਬਾਹਰਲੀਆਂ ਇੰਦ੍ਰੀਆਂ ਸਾਰੀਆਂ ਬੰਦ ਸਨ।

ਗਭਰੂ ਨੇ ਫਿਰ ਚਾਰੇ ਪਾਸੇ ਵੇਖਿਆ ਪਰ ਉਸ ਨੂੰ ਕੁਝ ਨ ਦਿਸਿਆ। ਉਸ ਦੇ ਕੋਲ ਇਕ ਫੁੱਲਾਂ ਦੇ ਬੂਟੇ ਨੂੰ ਲਾਲ ਕਲੀਆਂ ਲਗੀਆਂ ਹੋਈਆਂ ਸਨ ਜਿਸ ਨੂੰ ਸੰਝ ਦੀ ਮਾਲਤੀ ਆਖਦੇ ਹਨ। ਭਾਰੇ ਦਿਲ ਨਾਲ ਉਸ ਨੇ ਇਹਨਾਂ ਵਿਚੋਂ ਕੁਝ ਫੁਲ ਤੋੜੇ ਤੇ ਉਹਨਾਂ ਦੇ ਲਾਲ ਰਸ ਨਾਲ ਮੰਦਰ ਦੇ ਦਰਵਾਜੇ ਉਤੇ ਹੇਠ ਲਿਖੀ ਲਿਖਤ ਲਿਖ ਦਿਤੀ।

ਚੰਦਰਾ! ਬਚਪਨ ਵਿਚ ਮੇਰੇ ਨਾਲ ਖੇਡਣ ਵਾਲੀਏ ਤੇ ਚੜ੍ਹਦੀ ਜਵਾਨੀ ਦੀ ਮੇਰੀਏ ਸਾਥਣੇ! ਮੈਨੂੰ ਮੁਆਫ਼ ਕਰ ਦੇ। ਤੂੰ ਮੈਨੂੰ ਮਿਲਣ ਤੋਂ ਇਸ ਲਈ ਨਾਂਹ ਕਰ ਦਿਤੀ ਹੈ ਕਿ ਮੈਂ ਦੁਸ਼ਟ ਹਾਂ। ਪਰ ਅੱਜ ਸਭ ਕੁਝ ਦਾ ਅੰਤ ਹੋ ਗਿਆ ਹੈ। ਹੁਣ ਮੈਂ ਕਦੀ ਵੀ ਕੋਈ ਮੰਗ ਲੈ ਕੇ ਤੇਰੇ ਕੋਲ ਨਹੀਂ ਆਵਾਂਗਾ। ਰੱਬ ਰਾਖਾ!

ਚੰਦਰਾ ਦੀ ਸਮਾਧੀ ਟੁੱਟ ਗਈ। ਉਸ ਨੇ ਦਵਾਲੇ ਵੇਖਿਆ ਪਰ ਕੁਝ ਨ ਦਿਸਿਆ। ਉਥੇ ਇਕਾਂਤ ਸੀ। ਉਸ ਨੇ ਬੂਹਾ ਖੋਲ੍ਹਿਆ ਤੇ ਬਾਹਰ ਆ ਗਈ। ਬੂਹੇ ਉਤੇ ਲਿਖੇ ਸ਼ਬਦ ਉਸ ਨੂੰ ਦਿਸੇ। ਗਾਗਰ ਫੜ ਕੇ ਉਹ ਦਰਿਆ ਵਲ ਗਈ ਤਾਂ ਜੋ ਪਾਣੀ ਲਿਆ ਕੇ ਉਹ ਮੰਦਰ ਨੂੰ ਧੋ ਸਕੇ। ਉਸ ਦੀਆਂ ਅੱਖਾਂ ਵਿਚੋਂ ਹੰਝੂ ਵਗ ਰਹੇ ਸਨ। ਦਰਿਆ ਚੜ੍ਹਿਆ ਹੋਇਆ ਸੀ। ਨੇੜੇ ਨੇੜੇ ਹੋਰ ਕੋਈ ਨਹੀਂ ਸੀ। ਲਹਿਰਾਂ ਉਤੇ ਜੈ ਚੰਦਰ ਦੀ ਲੋਥ ਤਰ ਰਹੀ ਸੀ।

ਉਹ ਮਰਿਆ ਹੋਇਆ ਵੀ ਕਿੰਨਾ ਸੁੰਦਰ ਲਗ ਰਿਹਾ ਸੀ। ਇਸ ਤਰ੍ਹਾਂ ਲਗਦਾ ਸੀ ਜਿਵੇਂ

ਚੰਨ ਦੀਆਂ ਕਿਰਨਾਂ ਲਹਿਰਾਂ ਉਤੇ ਖੇਡ ਰਹੀਆਂ ਹੋਣ। ਉਸ ਦੀਆਂ ਅੱਖਾਂ ਅੱਖੀਆਂ ਬੰਦ ਸਨ। ਮੂੰਹ ਵਿਚੋਂ ਉਚਾਰਨ ਸ਼ਕਤੀ ਸਦਾ ਲਈ ਗਵਾਚ ਗਈ ਸੀ।

ਗਮ ਨਾਲ ਪਾਗਲ ਹੋਈ ਚੰਦਰਾ ਨੇ ਇਹ ਦੁੱਖ ਭਰਿਆ ਦ੍ਰਿਸ਼ ਵੇਖਿਆ।

''ਸਾਡੇ ਹਾਸੇ ਅਤੇ ਹੰਝੂ'' ਕਵੀ ਨਾਇਨ ਚੰਦ ਕਹਿੰਦਾ ਹੈ'' ਬਸ ਸੁਪਨਿਆਂ ਵਾਂਗ ਹਨ।

''ਕਿਸੇ ਵੀ ਕਵੀ ਲਈ ਕਿਸੇ ਉਸ ਬਿਰਤਾਂਤ ਦਾ ਦਰਦ ਦਸਣਾ ਬੜਾ ਔਖਾ ਹੈ, ਜਿਸ ਉਤੇ ਉਹ ਆਪ ਹੰਝੂ ਵਹਾ ਰਿਹਾ ਹੋਵੇ।

ਕਮਲਾ

ਦਵੀਜਾ ਈਸਨ

(ਇਸ ਕਿੱਸੇ ਦੇ ਕਵੀ ਬਾਰੇ ਬਹੁਤਾ ਵਿਸਥਾਰ ਨਹੀਂ ਮਿਲਦਾ। ਕਿੱਸੇ ਦਾ ਪਹਿਲਾ ਭਾਗ ਸਾਧਾਰਨ ਜਿਹਾ ਹੈ ਪਰ ਹੌਲੀ ਹੌਲੀ ਰੌਚਿਕਤਾ ਵਧ ਜਾਂਦੀ ਹੈ ਅਤੇ ਅਖੀਰਲਾ ਦ੍ਰਿਸ਼ ਬਹੁਤ ਪ੍ਰਭਾਵ ਸ਼ਾਲੀ ਹੈ। ਜੋ ਸਮਾਜ ਇਸ ਵਿਚ ਰੂਪਵਾਨ ਹੁੰਦਾ ਹੈ ਉਹ ਅੱਜ ਕਲ੍ਹ ਦੇ ਪੁਰਾਣੇ ਖਿਆਲਾਂ ਦੀ ਹਿੰਦੂ ਜਾਤੀ ਦੇ ਅਨੁਕੂਲ ਨਹੀਂ। ਇਕ ਮੁਟਿਆਰ ਨ ਕੇਵਲ ਇਕ ਰਾਜੇ ਦੇ ਦਰਬਾਰ ਵਿਚ ਲੋਕਾਂ ਸਾਮ੍ਹਣੇ ਵਿਆਖਿਆਨ ਕਰਕੇ ਉਸ ਦੇ ਮਨ ਵਿਚ ਤਰਸ ਪੈਦਾ ਕਰਦੀ ਹੈ ਸਗੋਂ ਨਿਡਰਤਾ ਨਾਲ ਆਪਣੇ ਪਿਆਰ ਦਾ ਇਕਬਾਲ ਵੀ ਕਰ ਸਕਦੀ ਹੈ। ਉਨ੍ਹਾਂ ਵਕਤਾਂ ਦੀਆਂ ਬੰਗਾਲੀ ਮੁਟਿਆਰਾਂ ਲੋੜ ਵੇਲੇ ਖੁਲ੍ਹ ਕੇ ਗੱਲ ਕਰ ਸਕਦੀਆਂ ਸਨ ਤੇ ਸਗੋਂ ਬਗ਼ੈਰ ਸੰਗਾ ਦੇ ਆਪਣੇ ਅੰਦਰਲੇ ਭਾਵ ਵੀ ਦਸ ਸਕਦੀਆਂ ਸਨ। ਇਹ ਇਸ ਲਈ ਨਹੀਂ ਸੀ ਕਿ ਉਹ ਅੱਜ ਕਲ੍ਹ ਨਾਲੋਂ ਘਟ ਸ਼ਰਮਾਕਲਾਂ ਤੇ ਅੱਗਲਹੱਥ ਸਨ ਸਗੋਂ ਇਸ ਲਈ ਕਿ ਉਹ ਕਪਟ ਤੋਂ ਰਹਿਤ ਸਨ ਤੇ ਸੱਚੇ ਪਿਆਰ ਨੂੰ ਗੁਨਾਹ ਨਹੀਂ ਸਮਝਦੀਆਂ ਸਨ। ਦੂਜੇ ਪਾਸੇ ਜਦੋਂ ਕਿਸੇ ਸ਼ਹਿਜ਼ਾਦੇ ਨੂੰ ਕਿਸੇ ਸਾਧਾਰਨ ਇਸਤ੍ਰੀ ਨਾਲ ਪਿਆਰ ਹੋ ਜਾਂਦਾ ਸੀ ਤਾਂ ਉਹ ਉਸ ਦੀ ਜਾਤ ਨਹੀਂ ਪੁੱਛਦਾ ਸੀ। ਇਹ ਸਮਾਜ ਦੀ ਉਹ ਅਵਸਥਾ ਸੀ ਜਦੋਂ ਇਕ ਪ੍ਰਸਿਧ ਸਲੋਕ ਵਿਚ ਦਸੇ ਨਿਯਮ ਦੀ ਪਾਲਣਾ ਕਰ-ਦਿਆਂ ਕੋਈ ਆਦਮੀ, ਜੇ ਉਸ ਨੂੰ ਉਹ ਪਸੰਦ ਆ ਜਾਏ, ਤਾਂ ਨੀਵੀਂ ਜਾਤ ਦੀ ਇਸਤ੍ਰੀ ਨਾਲ ਵੀ ਵਿਆਹ ਕਰ ਸਕਦਾ ਸੀ। ਬਹੁਤ ਸਾਰੇ ਹੋਰ ਕਿੱਸਿਆਂ ਦੇ ਉਲਟ ਇਸ ਦਾ ਅੰਤ ਖੁਸ਼ੀ ਭਰਿਆ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਇਸ ਕਿੱਸੇ ਦਾ ਮੂਲ ਇਤਿਹਾਸਕ ਹੈ ਭਾਵੇਂ ਕਵੀ ਦੀ ਕਲਪਨਾ ਨੇ ਵੀ ਇਸ ਵਿਚ ਬਹੁਤ ਕੰਮ ਕੀਤਾ ਹੈ। ਇਸ ਕਿੱਸੇ ਦੀਆਂ 1320 ਪੰਕਤੀਆਂ ਹਨ ਤੇ ਮੈਮ ਨ ਸਿੰਘ ਦੇ ਹੋਰ ਕਿੱਸਿਆਂ ਵਾਂਗ ਸਤਾਰ੍ਹਵੀਂ ਸਦੀ ਵਿਚ ਲਿਖਿਆ ਗਿਆ ਜਾਪਦਾ ਹੈ।)

ਕਮਲਾ

1. ਮਾਨਿਕ ਚਕਲਾਦਾਰ

ਹੁਲਿਆ ਨਾਂ ਦਾ ਪਿੰਡ ਇਲਾਕੇ ਵਿਚ ਸਭ ਤੋਂ ਸੁੰਦਰ ਸੀ । ਹਰ ਘਰ ਦੁਆਲੇ ਫੁੱਲਾਂ ਦਾ ਬਾਗ ਸੀ । ਮਾਨਿਕ ਚਕਲਾਦਾਰ ਉਸੇ ਪਿੰਡ ਵਿਚ ਰਹਿੰਦਾ ਸੀ । ਉਸ ਦੇ ਘਰ ਲਹਿਰ ਬਹਿਰ ਸੀ ਤੇ ਉਸ ਨੂੰ ਆਪਣੇ ਸਾਕਾਂ ਅੰਗਾਂ ਤੇ ਸਾਥੀਆਂ ਦਾ ਪਿਆਰ ਮਿਲਿਆ ਹੋਇਆ ਸੀ । ਉਸ ਦੀਆਂ ਵਧੀਆ ਬਣੀਆਂ ਹੋਈਆਂ ਛੰਨਾਂ ਸਨ. ਕੁਝ ਚਾਰ ਗੁਠਾਂ ਵਾਲੀਆਂ ਤੇ ਕੁਝ ਅਠ ਗੁਠਾਂ ਵਾਲੀਆਂ ਕੰਧਾਂ ਅਤੇ ਛਤ ਬੈਂਤ ਉਤੇ ਹੋਏ ਕੰਮ ਕਰਕੇ ਬਹੁਤ ਅਨੰਦਮਈ ਲਗਦੀਆਂ ਸਨ । ਉਹਨਾਂ ਦੇ ਪੰਜ ਇਹਾਤੇ ਸਨ ਅਤੇ ਸਾਰੇ ਮਿਲਾਕੇ ਵੀਹ ਕਮਰੇ ਬਣਦੇ ਸਨ । ਉਸ ਦੀ ਸੇਵਾ ਵਿਚ ਇਕ ਹਜ਼ਾਰ (ਸਿਪਾਹੀ ਰਹਿੰਦੇ ਸਨ । ਉਸ ਕੋਲ ਬਹੁਤ ਸਾਰੀ ਵਗਦੀ ਜਮੀਨ ਸੀ । ਉਸ ਦੇ ਅਸਤਬਲਾਂ ਵਿਚ ਤੀਹ ਘੋੜੇ ਅਤੇ ਵੀਹ ਹਾਥੀ ਸਨ । ਨੇੜੇ ਨੇੜੇ ਦੀਆਂ ਚਰਾਦਾਂ ਉਸ ਦੀਆਂ ਗਾਵਾਂ ਨਾਲ ਭਰੀਆਂ ਪਈਆਂ ਸਨ । ਉਸ ਦੇ ਵਾੜਿਆਂ ਵਿਚ ਬੇਸ਼ੁਮਾਰ ਬੱਕਰੀਆਂ ਅਤੇ ਮਝਾਂ ਸਨ । ਉਸ ਕੋਲ ਅੰਨ ਦੇ ਭਰੇ ਗੋਦਾਮ ਸਨ । ਸੈਂਕੜੇ ਲੋਕ ਹਰ ਰੋਜ਼ ਉਸ ਦੇ ਘਰ ਰੋਟੀ ਖਾਂਦੇ । ਉਸ ਦੇ ਘਰੋਂ ਕਦੀ ਕੋਈ ਪ੍ਰਾਹੁਣਾ ਨਿਰਾਸ ਨ ਮੁੜਦਾ । ਜਿਹੜਾ ਫਕੀਰ ਜਾਂ ਵੈਸ਼ਨਵੀ ਉਸ ਦਾ ਬੂਹਾ ਖੜਕਾਂਦਾ ਤਾਂ ਉਸ ਨੂੰ ਭਿਖਿਆ ਵਜੋਂ ਤੋਲ ਕੇ ਐਨਾ ਅਨਾਜ ਮਿਲਦਾ ਜਿਸ ਨਾਲ ਉਸ ਦੀ ਤ੍ਰਿਪਤੀ ਹੋ ਜਾਂਦੀ । ਅਤੇ ਜੇ ਪਕਿਆ ਹੋਇਆ ਖਾਣਾ ਤਿਆਰ ਹੁੰਦਾ ਤਾਂ ਉਸ ਨੂੰ ਰਜਾ ਕੇ ਖੁਵਾ ਦਿੱਤਾ ਜਾਂਦਾ । ਇਸ ਤੋਂ ਬਿਨਾਂ ਉਸ ਨੂੰ ਨਵੇਂ ਕੱਪੜੇ ਵੀ ਭੇਟ ਕੀਤੇ ਜਾਂਦੇ । ਜੇ ਪ੍ਰਾਹੁਣਾ ਬ੍ਰਾਹਮਣ ਹੁੰਦਾ ਤਾਂ ਉਸ ਨੂੰ ਦੱਛਨਾ ਵਜੋਂ ਹੋਰ ਪੈਸੇ ਵੀ ਭੇਟਾ ਕੀਤੇ ਜਾਂਦੇ । ਉਸ ਦੇ ਘਰ ਹਰ ਸਾਲ ਤੇਰਾਂ ਧਾਰਮਿਕ ਤਿਉਹਾਰ ਬੜੀ ਸ਼ਾਨ ਨਾਲ ਮਨਾਏ ਜਾਂਦੇ । ਦੇਵਤਿਆਂ ਦੀ ਕਿਰਪਾ ਨਾਲ ਇਹ ਘਰਾਣਾ ਹਰ ਪਾਸਿਓਂ ਉਨਤੀ ਕਰ ਰਿਹਾ ਸੀ ।

ਉਸ ਦਾ ਇਕ ਪੁਤਰ ਸੀ ਜਿਸ ਦਾ ਨਾਂ ਸਧਨ ਸੀ। ਉਹ ਪ੍ਰੇਮ ਦੇ ਦੇਵਤੇ ਮਦਨ ਵਾਂਗ, ਜਿਹੜਾ ਰਤੀ ਦਾ ਪਤੀ ਹੈ, ਸੁੰਦਰ ਸੀ। ਇਸ ਤੋਂ ਪਹਿਲਾਂ ਇਕ ਬਹੁਤ ਸੁੰਦਰ ਲੜਕੀ ਨੇ ਉਸ ਦੇ ਘਰ ਜਨਮ ਲਿਆ ਸੀ। ਇਸ ਤਰ੍ਹਾਂ ਲਗਦਾ ਸੀ ਜਿਵੇਂ ਸਰਸਵਤੀ ਦੇਵੀ ਨੇ ਆਪ ਅਰਸ਼ਾਂ ਤੋਂ ਉਤਰ ਕੇ ਮਾਨਿਕ ਚਕਲਾਦਾਰ ਦੇ ਘਰ ਜਨਮ ਲੈ ਲਿਆ ਹੋਵੇ। ਜੋਤਸ਼ੀ ਉਸ ਵਿਚ ਉਚੇ ਭਾਗਾਂ ਦੇ ਚਿੰਨ੍ਹ ਪੜ੍ਹਦੇ ਤੇ ਉਸ ਦੀ ਕੋਮਲ ਸੁੰਦਰਤਾ ਚੰਨ ਦੀਆਂ ਰਿਸ਼ਮਾਂ ਵਾਂਗ ਘਰ ਨੂੰ ਉਜਲ ਕਰਦੀ।

ਮਾਨਿਕ ਚਕਲਾਦਾਰ ਕੋਲ ਇਕ ਕਾਰਕੁਨ ਸੀ ਜਿਸ ਦਾ ਨਾਂ ਨੀਦਨ ਸੀ। ਉਹ ਉਸ ਦੀ ਜ਼ਮੀਨ ਦਾ ਪ੍ਰਬੰਧ ਕਰਦਾ, ਲਗਾਨ ਇਕੱਠਾ ਕਰਦਾ ਤੇ ਹਿਸਾਬ ਕੋਲ ਰਖਦਾ।

2. ਚੀਕਨ ਗੁਜਰੀ

ਉਸ ਪਿੰਡ ਵਿਚ ਇਕ ਗੁਜਰੀ ਰਹਿੰਦੀ ਸੀ ਜਿਸ ਦਾ ਨਾਂ ਚੀਕਨ ਸੀ। ਆਪਣੀ ਜਵਾਨੀ ਵਿਚ ਉਹ ਬਹੁਤ ਖ਼ੁਸ਼-ਮਜ਼ਾਜ ਸੀ ਤੇ ਉਸ ਦੇ ਨਖ਼ਰੇ ਜਵਾਨ ਆਦਮੀਆਂ ਨੂੰ ਏਨਾ ਸਵਾਦ ਦੇਂਦੇ ਜਿੰਨਾ ਖੰਡ ਲੱਗੇ ਕੇਲੇ। ਉਸ ਦਾ ਕੰਮ ਦੁੱਧ ਵੇਚਣਾ ਸੀ। ਉਹ ਇਕ ਹਿਸੇ ਦੁੱਧ ਵਿਚ ਤਿੰਨ ਹਿੱਸੇ ਪਾਣੀ ਪਾਂਦੀ ਤੇ ਇਸ ਤਰ੍ਹਾਂ ਆਪਣਾ ਸੇਰ ਪੂਰੀ ਕਰਦੀ ਉਹ ਸਦਾ ਅਨੰਦ ਵਿਚ ਰਹਿੰਦੀ। ਹਰ ਵਕਤ ਉਹ ਨਿੱਕੇ ਨਿੱਕੇ ਵਿਆਖਿਆਨ ਕਰਦੀ ਤੇ ਪਿਛੋਂ ਮੁਸਕਰਾਂਦੀ। ਅਸਲ ਵਿਚ ਉਸ ਦੀਆਂ ਗੱਲਾਂ ਉਸ ਦੁੱਧ ਦਹੀਂ ਨਾਲੋਂ ਜਿਹੜਾ ਉਹ ਵੇਚਦੀ ਬਹੁਤੀਆਂ ਮਿੱਠੀਆਂ ਹੁੰਦੀਆ। ਇਸੇ ਕਰਕੇ ਉਹ ਉਸ ਦੇ ਬਹੁਤ ਪੈਸੇ ਵੱਟ ਲੈਂਦੀ। ਜਵਾਨੀ ਵੇਲੇ ਉਸ ਦਵਾਲੇ ਪਰੇਮੀ ਇਸ ਤਰ੍ਹਾਂ ਘੇਰਾ ਪਾਂਦੇ ਹੁੰਦੇ ਸਨ ਜਿਵੇਂ ਫੁੱਲਾਂ ਦੁਆਲੇ ਸ਼ਹਿਦ ਦੀਆਂ ਮੱਖੀਆਂ। ਉਹਨਾਂ ਦੀ ਸੰਗਤ ਵਿਚ ਉਸ ਨੇ ਆਪਣੇ ਦਿਨ ਬੜੀਆਂ ਮੌਜਾਂ ਨਾਲ ਲੰਘਾਏ। ਚੀਕਨ ਗੁਜਰੀ ਦਾ ਨਾਂ ਆਉਂਦਿਆ ਹੀ ਗੱਲਬਾਤ ਚਮਕ ਉਠਦੀ। ਪਿੰਡ ਵਾਲੇ ਉਸ ਨਾਲ ਬੜਾ ਹਿਤ ਕਰਦੇ ਸਨ

ਜਵਾਨੀ ਢਲ ਚੁਕੀ ਸੀ। ਪਰ ਉਹ ਅਜੇ ਵੀ ਚਮਕੀਲੇ ਕੱਪੜੇ ਪਾਂਦੀ ਸੀ। ਇਹ ਠੀਕ ਹੈ ਕਿ ਉਸ ਦੇ ਵਾਲ ਚਿੱਟੇ ਹੋ ਗਏ ਸਨ, ਪਰ ਉਹਨਾਂ ਦਾ ਉਹ ਕਰ ਵੀ ਕੀ ਸਕਦੀ ਸੀ। ਉਸ ਦੇ ਕੁਝ ਦੰਦ ਡਿਗ ਪਏ ਸਨ ਤੇ ਰਹਿੰਦੇ ਡਿਗਣ ਵਾਲੇ ਸਨ। ਭਾਵੇਂ ਉਸ ਦਾ ਘਰ ਵਾਲਾ ਢੇਰ ਚਿਰ ਪਹਿਲਾਂ ਪੂਰਾ ਹੋ ਗਿਆ ਸੀ। ਉਸ ਨੇ ਆਪਣੇ ਸੁਹਾਗ ਦੇ ਕੰਗਣ ਨਹੀਂ ਲਾਹੇ ਸਨ। ਉਸ ਦੇ ਘਰ ਲੁਚਿਆਂ ਅਤੇ ਵਿਸ਼ਈ ਲੋਕਾਂ ਦਾ ਆਉਣ ਜਾਣ ਸੀ। ਕਿਉਂਕਿ ਇਹ ਆਮ ਪ੍ਰਸਿਧ ਸੀ ਕਿ ਗੁਜਰੀ ਟੂਣੇ ਕਰਨ ਜਾਣਦੀ ਹੈ ਅਤੇ ਉਸ ਦੇ ਮੰਤ੍ਰੇ ਹੋਏ ਪਾਨ ਵੱਧ ਤੋਂ ਵੱਧ ਪਤੀ ਬ੍ਰਤਾ ਇਸਤ੍ਰੀ ਨੂੰ ਵੀ ਭਰਮਾ ਲੈਣ ਦੀ ਸ਼ਕਤੀ ਰਖਦੇ ਹਨ। ਉਸ ਦਾ ਮੰਤ੍ਰਿਆ ਹੋਇਆ ਤੇਲ ਵੀ ਬੜੀ ਸਮੱਰਥ ਸ਼ੈ ਸੀ। ਉਹ ਵੀ ਬੜੀਆਂ ਆਗਿਆਕਾਰ ਵਹੁਟੀਆਂ ਤੋਂ ਆਪਣੇ ਖਸਮ ਛੁਡਵਾ ਦੇਂਦਾ। ਇਕ ਹੋਰ ਟੂਣਾ ਸੀ ਜਿਹੜਾ ਗਿਧ ਦੇ ਕੰਨਾਂ, ਉਲੂ ਦੇ ਮਾਸ ਤੇ ਕਲਪਨਾ ਮੱਛੀ ਤੋਂ ਬਣਾਂਦੀ ਸੀ। ਇਹਨਾਂ ਤਿੰਨ ਚੀਜ਼ਾਂ ਨੂੰ ਉਹ ਪੱਥਰ ਉਤੇ ਕੁਟ ਲੈਂਦੀ ਤੇ ਫਿਰ ਨਿੱਕੀਆਂ ਨਿੱਕੀਆਂ ਗੋਲੀਆਂ ਵਟ ਲੈਂਦੀ। ਫਿਰ ਉਹਨਾਂ ਨੂੰ ਧੁਪ ਵਿਚ ਸੁਕਾ ਲੈਂਦੀ। ਇਹ ਗੋਲੀਆਂ ਉਹ ਬੜੀਆਂ

ਮਹਿੰਗੀਆਂ ਵੇਚਦੀ। ਇਹ ਇਕ ਦੋ ਦਿਨਾਂ ਦੇ ਬਹੇ ਠੰਡੇ ਪਾਣੀ ਨਾਲ ਖਾਣੀਆਂ ਹੁੰਦੀਆਂ। ਜੇ ਕੋਈ ਪਰੇਮੀ ਕਿਸੇ ਇਸਤ੍ਰੀ ਨੂੰ ਇਕ ਵੀ ਖੁਵਾਣ ਵਿਚ ਸਫਲ ਹੋ ਜਾਂਦਾ ਤਾਂ ਪਹਿਲਾਂ ਭਾਵੇਂ ਉਹ ਕਿੰਨੀ ਵੀ ਪਵਿਤ੍ਰ ਹੁੰਦੀ, ਉਸ ਨੂੰ ਆਪਣੇ ਪਤੀ ਦਾ ਕੋਈ ਖਿਆਲ ਨ ਰਹਿੰਦਾ।

3. ਕਮਲਾ ਆਪਣੀ ਜਵਾਨੀ ਵਿਚ ਪਰਵੇਸ਼ ਕਰਦੀ ਹੈ

ਚਕਲਾਦਾਰ ਦੀ ਧੀ ਦੀ ਸੁੰਦਰਤਾ ਅਜਿਹਾ ਵਿਸ਼ਾ ਹੈ ਜਿਸ ਦਾ ਵਿਸਥਾਰ ਵਿਚ ਵਰਣਨ ਹੋਣਾ ਚਾਹੀਦਾ ਹੈ। ਉਸ ਦੀ ਅਵਾਜ਼ ਕੋਇਲ ਵਰਗੀ ਸੀ। ਉਸ ਦੇ ਸੰਘਣੇ ਵਾਲ ਭਾਦਰੋਂ ਦੇ ਬਦਲਾਂ ਵਾਂਗ ਕਾਲੇ ਸਨ ਜਿਹੜੇ ਕਦੀ ਗੁਤਾਂ ਬਣ ਕੇ ਲਟਕਦੇ ਤੇ ਕਦੀਂ ਘੁੰਗਰਾਲੀਆਂ ਲਿਟਾਂ ਵਿਚ ਅਪਾਰਜਿਤ ਦਾ ਗੂੜ੍ਹਾ ਨੀਲਾ ਫੁੱਲ ਉਸ ਦੀਆਂ ਦੋ ਸੁੰਦਰ ਅੱਖਾਂ ਦੀ ਬਰਾਬਰੀ ਨਹੀਂ ਕਰ ਸਕਦਾ ਸੀ। ਜਦੋਂ ਉਹ ਬਲਦੀ ਅੱਗ ਦੇ ਰੰਗ ਦੇ ਕਪੜੇ ਪਾਉਂਦੀ ਤਾਂ ਉਸ ਦੀ ਸੁੰਦਰਤਾ ਅਕਾਸ਼ ਦੇ ਤਾਰਿਆਂ ਨੂੰ ਮਾਤ ਪਾ ਦੇਂਦੀ।

ਇਕ ਦਿਨ ਉਹ ਆਪਣੀਆਂ ਸਖੀਆਂ ਦੇ ਨਾਲ ਇਸ਼ਨਾਨ ਕਰਨ ਗਈ। ਪੌੜੀਆਂ ਉਤੇ ਬਹਿ ਕੇ ਉਸ ਨੇ ਆਪਣੇ ਹੱਥ ਅਤੇ ਪੈਰ ਧੋਤੇ। ਓਥੇ ਉਸ ਨੂੰ ਉਸ ਦੇ ਪਿਤਾ ਦੇ ਕਾਰਕੁਨ ਨੇ ਵੇਖ ਲਿਆ। ਅਤੇ ਜਦੋਂ ਉਸ ਨੇ ਪਾਣੀ ਵਿਚ ਛਾਲ ਮਾਰੀ ਤਾਂ ਇਕ ਪੂਰੇ ਖਿੜੇ ਹੋਏ ਕੰਵਲ ਵਾਂਗ ਉਸ ਦਾ ਮੁਖੜਾ ਉਤੇ ਟਿਕਿਆ ਰਿਹਾ। ਬਾਕੁਲ ਬਿਰਖ ਦੀ ਫੁੱਲਾਂ ਵਾਲੀ ਇਕ ਟਾਹਣੀ ਪਿਛੇ ਲੁਕ ਕੇ ਕਾਰਕੁਨ ਭੁੱਖੀਆਂ ਅੱਖਾਂ ਨਾਲ ਉਸ ਵਲ ਵੇਖਦਾ ਰਿਹਾ। ਫਿਰ ਇਸ਼ਨਾਨ ਤੋਂ ਪਿਛੋਂ ਜਦੋਂ ਉਹ ਮਟਕ ਨਾਲ ਟੁਰਦੀ ਟੁਰਦੀ ਆਪਣੇ ਘਰ ਵਲ ਨੂੰ ਆਈ ਤਾਂ ਕਾਰਕੁਨ ਆਪਣੀ ਥਾਂ ਬਦਲ ਕੇ ਕਾਦੰਬ ਰੁਖ ਪਿਛੇ ਜਾ ਲੁਕਿਆ ਤਾਂ ਜੋ ਉਸ ਦੀ ਚੁੰਧਿਆ ਦੇਣ ਵਾਲੀ ਸੁੰਦਰਤਾ ਦਾ ਅੱਖ ਭਰ ਕੇ ਦਰਸ਼ਨ ਕਰ ਸਕੇ।

ਪਰ ਉਸ ਨੇ ਮੂੰਹੋਂ ਕੋਈ ਗੱਲ ਨ ਕੱਢੀ। ਆਪਣੀ ਅੰਦਰਲੀ ਅੱਗ ਨੂੰ ਉਸ ਨੱਪੀ ਰਖਿਆ ਅਤੇ ਆਪਣੀ ਭੜਕਦੀ ਲਾਲਸਾ ਮਿਟਾਉਣ ਲਈ ਉਹ ਵਿਉਂਤ ਸੋਚਣ ਲੱਗਾ।

4. ਕਾਰਕੁਨ ਅਤੇ ਗੁਜਰੀ

ਬੁੱਢੀ ਗੁਜਰੀ ਚਕਲਾਦਾਰ ਦੇ ਘਰ ਆਮ ਆਉਂਦੀ ਜਾਂਦੀ ਸੀ। ਉਥੇ ਉਹ ਖੋਇਆ, ਮੱਖਣ ਅਤੇ ਦਹੀਂ ਵੇਚਦੀ ਹੁੰਦੀ ਸੀ। ਤੇ ਕਮਲਾ ਨਾਲ ਘੁਲੀ ਮਿਲੀ ਹੋਈ ਸੀ। ਜਦੋਂ ਉਹ ਇਕਠੀਆਂ ਹੁੰਦੀਆਂ ਤਾਂ ਮਿਠੀਆਂ ਘੜੀਆਂ ਗੱਲਾਂ ਵਿਚ ਲੰਘਾਦੀਆਂ।

ਕਾਰਕੁਨ ਨੂੰ ਵੀ ਦੋਹਾਂ ਦੀ ਨੇੜਤਾ ਦਾ ਪਤਾ ਲਗ ਗਿਆ ਅਤੇ ਨਾਲ ਹੀ ਗੁਜਰੀ ਦੇ ਦੇ ਅਸਚਰਜ ਟੂਣਿਆਂ ਦਾ। ਉਸ ਨੇ ਆਪਣੇ ਮੂੰਹ ਵਿਚ ਇਕ ਪਾਨ ਪਹਿਲਾਂ ਹੀ ਪਾਇਆ ਹੋਇਆ ਸੀ ਪਰ ਉਸ ਵਿਚ ਚੂਨਾ ਪਾਣਾ ਭੁੱਲ ਗਿਆ, ਜਿਸ ਤੋਂ ਬਿਨਾਂ ਪਾਨ ਦਾ ਕੋਈ ਸਵਾਦ ਨਹੀਂ ਆਉਂਦਾ। ਉਹ ਪੋਲੇ ਪੈਰੀਂ ਗੁਜਰੀ ਦੇ ਘਰ ਗਿਆ। ਗੁਜਰੀ ਨੇ ਪੁੱਛਿਆ ਉਸ ਆਉਣ ਦੀ ਕਿਸ ਤਰ੍ਹਾਂ ਕਿਰਪਾ ਕੀਤੀ ਹੈ "ਮੈਂ ਇਕ ਪਾਨ ਖਾਧਾ ਪਰ ਮੇਰੇ ਘਰ ਚੂਨਾ ਕੋਈ ਨਹੀਂ ਸੀ। ਮੈਂ ਤੇਰੇ ਕੋਲ ਥੋੜਾ ਜਿਹਾ ਚੂਨਾ ਲੈਣ ਆਇਆ ਹਾਂ" ਕਾਰਕੁਨ ਨੇ ਦੱਸਿਆ। "ਪਰ ਮੇਰੇ ਕੋਲ ਤੈਨੂੰ ਦੇਣ ਲਈ ਪੈਸਾ ਕੋਈ ਨਹੀਂ।" ਗੁਜਰੀ ਨੇ ਹਸ ਕੇ ਕਿਹਾ "ਮੈਂ ਨ ਪਾਨ

ਵੇਚਦੀ ਹਾਂ ਨ ਚੂਨਾ। ਅਤੇ ਜੇ ਕਿਸੇ ਨੂੰ ਦਿਆਂ ਤਾਂ ਪੈਸੇ ਨਹੀਂ ਲੈਂਦੀ ਪਰ ਸ਼ਰਤ ਇਹ ਹੈ ਕਿ ਉਹ ਕੋਈ ਹੋਵੇ ਮੇਰੀ ਮਨ ਪਸੰਦ ਦਾ।" ਕਾਰਕੁਨ ਨੇ ਮਖੌਲ ਨਾਲ ਕਿਹਾ "ਤੂੰ ਹੁਣ ਬੁੱਢੀ ਹੋ ਗਈ ਏਂ। ਪਰ ਤੇਰੇ ਗੁੱਜਰ ਨੇ ਟਿਕਚਰਾਂ ਦੀ ਬਹੁਤ ਸਮਗ੍ਰੀ ਤੈਨੂੰ ਦਿਤੀ ਹੈ। ਤੇਰਾ ਸਿਰ ਚਿੱਟਾ ਹੋ ਗਿਆ ਏ ਪਰ ਇਹ ਨਹੀਂ ਮੁਕੀਆਂ" ਗੁਜਰੀ ਨੇ ਮੋੜਵੀਂ ਟਕਾਈ : ਜਿਓਂ ਜਿਓਂ ਮਿਰਚ ਪਕਦੀ ਏ, ਬਹੁਤੀ ਕੌੜੀ ਤੇ ਸਵਾਦੀ ਹੁੰਦੀ ਜਾਂਦੀ ਏ। ਬੁੱਢਿਆਂ ਹੋ ਕੇ ਹਾਸਾ ਠੱਠਾ ਤੇ ਨਹੀਂ ਮੁਕ ਜਾਣਾ ਚਾਹੀਦਾ। ਮੇਰੀਆਂ ਗੱਲਾਂ ਕਰਕੇ ਹੀ ਲੋਕ ਮੈਨੂੰ ਪਸੰਦ ਕਰਦੇ ਨੇ। ਪਰ ਤੂੰ ਮੇਰੇ ਜਾਦੂ ਟੂਣਿਆਂ ਦੇ ਕਿੱਸੇ ਨਹੀਂ ਸੁਣੇ ਜਾਪਦੇ। ਮੈਂ ਆਪਣੇ ਜੰਤਰਾਂ ਨਾਲ ਚੰਨ ਨੂੰ ਆਕਾਸ਼ ਤੋਂ ਹੇਠਾਂ ਲਾਹ ਸਕਦੀ ਹਾਂ। ਹੁਣ, ਕਾਰਕੁਨ, ਤੂੰ ਮੈਨੂੰ ਇਹ ਦਸ ਕਿ ਤੂੰ ਅਸਲ ਵਿਚ ਆਇਆ ਕਿਸ ਕੰਮ ਏਂ ? ਗੁਜਰੀ ਨੇ ਉਸ ਨੂੰ ਬਹਾ ਦਿਤਾ। ਆਪਣੇ ਹੱਥਾਂ ਨਾਲ ਕਥਾ ਲਾ ਕੇ ਪਾਨ ਬਣਾਇਆ। ਫਿਰ ਉਸ ਨੇ ਹੁੱਕਾ ਲਿਆ ਕੇ ਉਸ ਨੂੰ ਛਿਕਣ ਲਈ ਕਿਹਾ। ਹੁੱਕੇ ਦਾ ਅਨੰਦ ਲੈਂਦਿਆਂ ਉਸ ਹੌਲੀ ਹੌਲੀ ਆਪਣੇ ਦਿਲ ਦੀ ਗੱਲ ਦੱਸੀ। "ਕਦੀਂ ਤੂੰ ਵੀ ਜਵਾਨ ਸੈਂ ਜਦੋਂ ਤੇਰੇ ਉਤੇ ਇਕ ਮੁਟਿਆਰ ਦਾ ਪੂਰਾ ਰੂਪ ਸੀ ਤਾਂ ਇਸ ਤਰ੍ਹਾਂ ਸੀ ਜਿਵੇਂ ਕਾਂਗ ਚੜ੍ਹੀ ਹੋਈ ਹੁੰਦੀ ਏ। ਤੈਨੂੰ ਪਤਾ ਈ ਏ ਕਿ ਜਵਾਨੀ ਦੇ ਜਜ਼ਬੇ ਮਨ ਨੂੰ ਕਿਵੇਂ ਕਲੇਸ਼ ਦਿੰਦੇ ਨੇ। ਮੈ ਤੈਨੂੰ ਦੱਸਦਾ ਹਾਂ ਕਿ ਮੈਂ ਕਿਸ ਕੰਮ ਆਇਆ ਹਾਂ। ਮੈਂ ਚਕਲਾਦਾਰ ਦੀ ਧੀ ਕਮਲਾ ਵੇਖ ਬੈਠਾ ਹਾਂ। ਉਹਨੂੰ ਵੇਖ ਲੈਣ ਪਿਛੋਂ ਮੈਂ ਬੜਾ ਬੇਅਰਾਮ ਹਾਂ। ਪਿਆਰੀ ਗੁਜਰੀ ! ਮੈਨੂੰ ਆਪਣੀ ਜਾਨ ਦੀ ਕਸਮ, ਮੈਨੂੰ ਉਹ, ਕੁੜੀ ਕਾਬੂ ਕਰ ਦੇ। ਜੇ ਤੂੰ ਨ ਕਰਕੇ ਦਿਤਾ ਤਾਂ ਮੈਂ ਏਥੇ ਆਪਣਾ ਖੂਨ ਕਰ ਲਵਾਂਗਾ। ਮੈਨੂੰ ਮਾਰਨਾ ਈ ਤਾਂ ਮਾਰ ਲੈ ਪਰ ਮੇਰੀ ਬਾਂਹ ਨ ਛੱਡੀਂ। ਹਾਂ, ਇਹ ਆਖ ਕੇ ਉਸ ਨੇ ਤਰਲੇ ਨਾਲ ਗੁਜਰੀ ਦੇ ਹੱਥ ਫੜ ਲਏ ਤੇ ਇਹ ਜਾਚਕ ਵਾਂਗ ਉਸ ਵਲ ਵੇਖਿਆ।

ਗੁਜਰੀ ਨੇ ਮੂੰਹ ਵਟ ਲਿਆ ਅਤੇ ਕਿਹਾ "ਮੈਂ ਤੈਨੂੰ ਤਾੜਨਾ ਕਰਦੀ ਹਾਂ ਕਿ ਜੋ ਕੁਝ ਤੂੰ ਹੁਣ ਕਿਹਾ ਹੈ ਉਹ ਫਿਰ ਨ ਕਹੀਂ। ਜੇ ਚਕਲਾਦਾਰ ਨੇ ਸੁਣ ਲਿਆ ਤਾਂ ਤੇਰਾ ਸਿਰ ਲਾਹ ਦੇਵੇਗਾ। ਕਿਹਾ ਸਿਰ ਫਿਰਿਆ ਖਿਆਲ ਹੈ। ਇਸ ਤਰ੍ਹਾਂ ਫਜ਼ੂਲ ਕੰਮ ਵਿਚ ਤੂੰ ਆਪਣੀ ਜਵਾਨੀ ਵਿਚ ਹੀ ਕਿਓਂ ਅਨਿਆਈ ਮੌਤੇ ਮਰਦਾ ਹੈਂ ?"

ਇਸ ਮੌਕੇ ਉਤੇ ਕਾਰਕੁਨ ਨੇ ਗੁਜਰੀਂ ਦੇ ਪੈਰੀਂ ਪੈ ਕੇ ਕਿਹਾ "ਮੈਨੂੰ ਤੇਰੇ ਕੋਲ ਅਸਚਰਜ਼ ਟੂਣਿਆਂ ਦਾ ਪਤਾ ਹੈ। ਮੈਨੂੰ ਆਪਣੀ ਸਹਾਇਤਾ ਤੋਂ ਇਸ ਤਰ੍ਹਾਂ ਵਾਂਝਿਆਂ ਨ ਰਖ। ਕੁਟ ਲੈ, ਭਾਵੇਂ ਜਾਨੋਂ ਮਾਰ ਦੇ, ਪਰ ਮੇਰੀ ਮਦਦ ਜ਼ਰੂਰ ਕਰ। ਇਹ ਆਖ ਕੇ ਉਸ ਨੇ ਉਸ ਨੂੰ ਇਕ ਬਟੂਆ ਦਿਤਾ ਜਿਸ ਵਿਚ ਸੌ ਰੁਪੈ ਸਨ।

5. ਸਨੇਹਾ ਲੈ ਜਾਣ ਵਾਲੇ ਦਾ ਇਨਾਮ

ਉਸ ਦਿਨ ਤੋਂ ਲੈ ਕੇ ਕਾਰਕੁਨ ਘੜੀ ਮੁੜੀ ਗੁਜਰੀ ਦੇ ਘਰ ਜਾਣ ਲਗ ਪਿਆ ਤੇ ਕਈ ਵਾਰੀ ਉਸ ਦੀ ਸਲਾਹ ਲਈ ਪੈਸੇ ਤਾਰਦਾ ਰਿਹਾ। ਫਿਰ ਇਕ ਦਿਨ ਉਸ ਨੇ ਕਮਲਾ ਦੇ ਦੇ ਨਾਂ ਇਸ ਤਰ੍ਹਾਂ ਦੀ ਚਿੱਠੀ ਲਿਖੀ :

"ਪਿਆਰੀ ਸੁੰਦਰੀ ! ਤੈਨੂੰ ਕੋਈ ਅਨੁਮਾਨ ਹੀ ਹੋ ਸਕਦਾ ਕਿ ਮੈਂ ਇਕ ਓਪਰਾ ਆਦਮੀ,

ਤੈਨੂੰ ਕਿੰਨਾ ਪਿਆਰ ਕਰਦਾ ਹਾਂ। ਤੇਰੀਆਂ ਅੱਖਾਂ ਦੀ ਇਕ ਨਜ਼ਰ ਮੇਰੇ ਬੁਝੇ ਹੋਏ ਮਨ ਨੂੰ ਸੁਰਜੀਤ ਕਰ ਸਕਦੀ ਹੈ। ਮੇਰਾ ਇਹ ਆਸ ਕਰਨਾ ਕਿ ਤੂੰ ਆਪਣੀ ਜਵਾਨੀ ਨੂੰ ਮੇਰੇ ਹਵਾਲੇ ਕਰ ਦੇਵੇਂਗੀ, ਕੀ ਬਹੁਤ ਦੂਰ ਦੀ ਗੱਲ ਹੈ ? ਮੈਂ ਇਸ ਚਿੱਠੀ ਰਾਹੀਂ ਆਪਣਾ ਸਭ ਕੁਝ ਤੇਰੇ ਹਵਾਲੇ ਕਰਨ ਦਾ ਇਕਰਾਰ ਕਰਦਾ ਹਾਂ। ਮੈਂ ਤੇਰੇ ਲਈ ਆਪਣੀ ਜਾਨ ਵੀ ਦੇਣ ਨੂੰ ਤਿਆਰ ਹਾਂ। ਤੂੰ ਹੀ ਮੇਰਾ ਧਰਮ, ਮੇਰੇ ਪਰਾਣ ਅਤੇ ਮੇਰਾ ਸਭ ਕੁਝ ਹੈਂ। ਤੂੰ ਮੇਰੀ ਛਾਤੀ ਦੇ ਫੁੱਲਾਂ ਦਾ ਹਾਰ ਹੈਂ। ਜੇ ਮੈਂ ਤੈਨੂੰ ਇਕ ਦਿਨ ਨ ਵੇਖਾਂ ਤਾਂ ਮੇਰਾ ਮਨ ਬੇਚੈਨ ਹੋ ਜਾਂਦਾ ਹੈ। ਮੇਰੀ ਆਤਮਾ ਮੇਰੇ ਗ਼ਮ ਦੇ ਭਾਰ ਥੱਲੇ ਦਬੀ ਹੋਈ ਹੈ। ਜਦੋਂ ਮੈਂ ਰੋਂਦਾ ਹਾਂ ਤਾਂ ਬਿਰਖ ਵੀ ਮੇਰੇ ਨਾਲ ਹਮਦਰਦੀ ਵਿਚ ਆਪਣੇ ਪੱਤਰ ਡੇਗ ਦੇਂਦੇ ਹਨ। ਕੀ ਤੇਰੇ ਮਨ ਵਿਚ ਦਇਆ ਨਹੀਂ ਆਵੇਗੀ ?"

ਗੁਜਰੀ ਚਿੱਠੀ ਲੈ ਕੇ ਕਮਲਾ ਕੋਲ ਗਈ। ਉਸ ਨੇ ਇਸ ਨੂੰ ਆਪਣੀ ਸਾੜ੍ਹੀ ਦੇ ਪਲੇ ਵਿਚ ਬੰਨ੍ਹ ਲਿਆ ਤੇ ਸਿਧੀ ਚਕਲਾਦਾਰ ਦੇ ਘਰ ਚਲੀ ਗਈ।

ਕਮਲਾ ਸੁਨਹਿਰੀ ਕੁਰਸੀ ਉਤੇ ਬੈਠੀ ਸੀ। ਉਹ ਖੁਸ਼ਬੂਦਾਰ ਪਾਨ ਚਬ ਰਹੀ ਸੀ। ਉਸ ਨੇ ਆਪਣੀ ਸੁੰਦਰਤਾ ਨੂੰ ਆਪਣੀ ਨੀਲੀ ਸਾੜ੍ਹੀ ਹੇਠ ਲੁਕਾਇਆ ਹੋਇਆ ਸੀ। ਜਿਵੇਂ ਕਮਲ ਦਾ ਬੂਟਾ ਅੱਸੂ ਵਿਚ ਆਪਣੇ ਫੁਲ ਨੂੰ ਲੁਕਾ ਲੈਂਦਾ ਹੈ ਤਾਂ ਜੋ ਮੱਖੀਆਂ ਉਸ ਨੂੰ ਵੇਖ ਨ ਸਕਣ। ਜਦੋਂ ਉਹ ਮੁਸਕਰਾਂਦੀ ਸੀ ਤਾਂ ਇਸ ਤਰ੍ਹਾਂ ਲਗਦਾ ਸੀ ਜਿਵੇਂ ਸਫ਼ੈਦ ਮਲਿਕਾ ਫੁੱਲ ਉਸ ਦੇ ਹੋਟਾਂ ਉਤੇ ਖਿੜ ਪਏ ਹਨ। ਦਰਿਆ ਦੇ ਪੱਤਨ ਉਤੇ ਜਦੋਂ ਉਹ ਨਹਾਉਣ ਜਾਂਦੀ ਅਤੇ ਆਪਣੇ ਖੁਲ੍ਹੇ ਵਾਲਾਂ ਦੀ ਸਾਰੀ ਦੌਲਤ ਪਿਛੇ ਖਲਾਰਦੀ ਤਾਂ ਉਹ ਉਸ ਦੇ ਗਿਟਿਆਂ ਤਕ ਆਉਂਦੇ। ਉਸ ਦੇ ਲਾਲ ਘੁੰਡ ਨਾਲ ਖੇਡਦੀ ਹਵਾ ਇਕ ਪਲ ਲਈ ਉਸ ਨੂੰ ਉਸ ਦੇ ਮੁਖੜੇ ਤੋਂ ਲਾਹਮੇ ਕਰ ਦੇਂਦੀ। ਉਸ ਵੇਲੇ ਸ਼ਹਿਦ ਦੀਆਂ ਮੱਖੀਆਂ ਪਾਣੀ ਦੇ ਕਮਲ ਨੂੰ ਛਡ ਕੇ ਧਰਤੀ ਦੇ ਇਸ ਹੋਰ ਵੀ ਸੁੰਦਰ ਕਮਲ ਵਲ ਆ ਜਾਂਦੀਆਂ।

ਪਿਆਰੇ ਮਾਲਤੀ ਫੁੱਲਾਂ ਦਾ ਇਕ ਹਾਰ ਉਸ ਦੀ ਛਾਤੀ ਨੂੰ ਸਜਾ ਰਿਹਾ ਸੀ। ਜਿਸ ਵੇਲੇ ਗੁਜਰੀ ਉਸ ਦੇ ਨੇੜੇ ਆਈ ਤਾਂ ਉਸ ਨੇ ਬਨਾਵਟੀ ਗੁੱਸੇ ਨਾਲ ਕਿਹਾ। ਗੁਜਰੀਏ ਜਿਹੜਾ ਦਹੀਂ ਤੂੰ ਸਾਡੇ ਘਰ ਦੇਂਦੀ ਏਂ ਉਹ ਖਟਾ ਹੁੰਦਾ ਏ। ਤੇਰਾ ਮੱਖਣ ਵੀ ਤਾਜ਼ਾ ਨਹੀਂ ਹੁੰਦਾ। ਮੈਂ ਇਹ ਸਭ ਗੱਲਾਂ ਆਪਣੇ ਪਿਤਾ ਜੀ ਨੂੰ ਦਸ ਦਿਆਂਗੀ। ਉਹ ਤੈਨੂੰ ਪਿੰਡੋਂ ਬਾਹਰ ਕੱਢ ਦੇਣਗੇ।"

ਗੁਜਰੀ

ਇਹ ਸਾਰਾ ਦੋਸ਼ ਮੇਰੀ ਵਡੇਰੀ ਉਮਰ ਅਤੇ ਮੇਰੀ ਭੈੜੀ ਕਿਸਮਤ ਦਾ ਹੈ। ਜਦੋਂ ਮੈਂ ਜਵਾਨ ਸਾਂ ਤਾਂ ਲੋਕਾਂ ਨੂੰ ਮੇਰਾ ਦਹੀਂ ਅਤੇ ਮੱਖਣ ਮਿੱਠਾ ਲਗਦਾ ਸੀ। ਤੇ ਮੈਂ ਇਕ ਸੇਰ ਦੁਧ ਵਿਚ ਸੱਤ ਸੇਰ ਪਾਣੀ ਮਿਲਾ ਦੇਂਦੀ ਤਾਂ ਵੀ ਲੋਕੀ ਖਾਲਸ ਦਹੀਂ ਦੇਣ ਲਈ ਮੇਰੀ ਉਸਤਤ ਕਰਦੇ। ਮੇਰੇ ਮੱਖਣ ਅਤੇ ਦਹੀਂ ਦੀ ਬੜੀ ਮੰਗ ਸੀ। ਆਪਣੇ ਛਾਤੇ ਦਵਾਲੇ ਭੌਂਦੀਆਂ ਮਧੂ ਮੱਖੀਆਂ ਵਾਂਗ ਇਹ ਲੋਕ, ਮੇਰੀਆਂ ਸਿਫ਼ਤਾਂ ਕਰਨ ਲਈ ਮੇਰੇ ਘਰ ਇਕੱਠੇ ਹੋ ਜਾਂਦੇ। ਮੇਰੇ ਖੱਟੇ ਦਹੀਂ ਦਾ ਉਸ ਵੇਲੇ ਮਿਠਾ ਸੁਆਦ ਹੁੰਦਾ ਸੀ। ਹੁਣ ਮੇਰੀ ਜਵਾਨੀ ਢਲ ਗਈ ਹੈ।

ਹੁਣ ਜੇ ਮੈਂ ਖਾਲਸ ਦੁੱਧ ਤੋਂ ਵੀ ਦਹੀਂ ਬਣਾਵਾਂ ਤਾਂ ਲੋਕੀ ਇਸ ਵਿਚ ਨੁਕਸ ਕੱਢਦੇ ਨੇ । ਹੁਣ ਮੈਂ ਮੱਖਣ ਬਨਾਣ ਵੇਲੇ ਬੜਾ ਧਿਆਨ ਰਖਦੀ ਹਾਂ ਪਰ ਕਦੀ ਕਿਸੇ ਮੇਰੇ ਕੰਮ ਦੀ ਤਾਰੀਫ਼ ਵਿਚ ਇਕ ਸ਼ਬਦ ਵੀ ਨਹੀਂ ਕਿਹਾ । ਅੱਜ ਤੋਂ ਪਿਛੋਂ ਕੁੜੀਏ ਮੈਂ ਕਦੀਂ ਵੀ ਦਹੀਂ ਅਤੇ ਮੱਖਣ ਨਹੀਂ ਵੇਚਣਾ ! ਮੇਰੇ ਨਾਲ ਏਸ ਬੁੱਢੀ ਉਮਰੇ ਭਾਵੇਂ ਕੁਝ ਵੀ ਬੀਤੇ ।"

ਕਵੀ ਈਸ਼ਨ ਦੁਖੀ ਹੋ ਕੇ ਆਖਦਾ ਹੈ : "ਕਿੰਨਾ ਮਾੜਾ ਦਿਨ ਹੈ। ਅੱਜ ਤੋਂ ਮਗਰੋਂ ਗੁਜਰੀ ਦੀ ਪਿਆਲੀ ਸਖਣੀ ਰਹੇਗੀ ।"

ਗੁਜਰੀ

ਰੂਪ ਮਤੀਏ ! ਤੇਰੇ ਤੇ ਜਵਾਨੀ ਚੜ੍ਹ ਆਈ ਹੈ। ਪਰ ਤੂੰ ਇਕ ਤਪਤਵਨ ਦਾ ਕਠੋਰ ਜੀਵਨ ਜੀਓ ਰਹੀ ਏਂ। ਜਦੋਂ ਫੁੱਲ ਖਿੜਦਾ ਏ ਤਾਂ ਮਧੂ ਮੱਖੀਆਂ ਦੁਆਲੇ ਆ ਇੱਕਠੀਆਂ ਹੁੰਦੀਆਂ ਨੇ ਪਰ ਕੁਮਲਾਏ ਹੋਏ ਫੁੱਲ ਉਤੇ ਕੋਈ ਮੱਖੀ ਨਹੀਂ ਆਉਂਦੀ। ਮੈਨੂੰ ਤੇਰੇ ਵਲੋਂ ਬੜਾ ਅਫ਼ਸੋਸ ਹੈ। ਤੂੰ ਆਪਣੀ ਜਵਾਨੀ ਨੂੰ ਸਜਾਣ ਲਈ ਆਪ ਹਾਰ ਗੁੰਦਦੀ ਹੈਂ। ਇਸ ਵਿਚ ਵੀ ਕੋਈ ਸਵਾਦ ਏ ? ਕਿਸੇ ਹੋਰ ਨੂੰ ਤੇਰੇ ਲਈ ਗੁੰਦਣਾ ਚਾਹੀਦਾ ਹੈ। ਮੇਰੇ ਮਨ-ਭਾਉਂਦੇ ਫੁੱਲ ! ਬਹੁਤ ਸਾਰੀਆਂ ਮੱਖੀਆਂ ਤੂੰ ਪਾਗ਼ਲ ਬਣਾ ਰਖੀਆਂ ਹਨ । ਤੂੰ ਆਪਣੇ ਆਪ ਨੂੰ ਉਹਨਾਂ ਤੋਂ ਲੁਕਾ ਕੇ ਰਖਦੀ ਹੈਂ ? ਜੇ ਤੂੰ ਵਿਆਹੀ ਹੋਈ ਹੁੰਦੀ ਤਾਂ ਮੈਂ ਤੇਰੇ ਪਤੀ ਨੂੰ ਬੜਾ ਵਧੀਆ ਦਹੀਂ ਦੇਂਦੀ ਤੇ ਉਹ ਖਾ ਕੇ ਕਿੰਨਾ ਖੁਸ਼ ਹੁੰਦਾ।"

ਜਦੋਂ ਕਮਲਾ ਨੇ ਗੁਜਰੀ ਦੇ ਇਹ ਸ਼ਬਦ ਸੁਣੇ ਤਾਂ ਉਹ ਉਸ ਦੇ ਕੋਲ ਆ ਕੇ ਹੌਲੀ ਜਹੀ ਕਹਿਣ ਲੱਗੀ ! "ਗੁਜਰੀ, ਮੈਂ ਤੈਨੂੰ ਆਪਣੇ ਵਿਆਹ ਬਾਰੇ ਬੜੀ ਅਦਭੁਤ ਕਥਾ ਸੁਣਾਂਦੀ ਹਾਂ।"

"ਇਸ ਜਗ ਵਿਚ ਤੇ, ਸੱਚੀਂ ਕੋਈ ਹੈ ਨਹੀਂ ਜਿਹੜਾ ਮੇਰੇ ਬਰਾਬਰ ਦਾ ਹੋਵੇ। ਮੈਂ ਆਪਣਾ ਹਾਰ ਕਿਸ ਦੇ ਗੱਲ ਪਾਵਾਂ। ਮੈਂ ਤੈਨੂੰ ਆਪਣੇ ਪਿਛਲੇ ਜਨਮ ਦੀ ਕਥਾ ਸੁਣਾਂਦੀ ਹਾਂ। ਸਵਰਗ ਵਿਚ ਮੈਂ ਕਾਮ ਦੇਤਤਾ ਦੀ ਪਤਨੀ ਰਤੀ ਸਾਂ। ਇਕ ਸਰਾਪ ਕਰਕੇ ਮੈਂ ਅਤੇ ਮੇਰਾ ਪਤੀ ਕਾਮ ਦੁਨੀਆ ਦੇ ਦੁਖਾਂ ਵਿਚ ਹਿਸਾ ਵੰਡਾਣ ਆ ਗਏ। ਮੇਰਾ ਆਕਾਰ ਵੇਖ ! ਕੀ ਇਹ ਚੰਦਰਮਾ ਨਾਲੋਂ ਵਧ ਨਹੀਂ ਚਮਕਦਾ ? ਕਿਹੜਾ ਨਾਸ਼ਮਾਨ ਪ੍ਰਾਣੀ ਹੈ ਜਿਹੜਾ ਮੇਰੇ ਲਈ ਯੋਗ ਵਰ ਹੋਵੇ ? ਪਰ ਇਕ ਹੋਰ ਵੀ ਕਾਰਨ ਹੈ ਜਿਸ ਕਰਕੇ ਮੈਨੂੰ ਵਿਆਹ ਨਹੀਂ ਕਰਵਾਣਾ ਚਾਹੀਦਾ। ਜੇ ਮੈਂ ਕਿਸੇ ਹੋਰ ਨੂੰ ਆਪਣਾ ਪਤੀ ਚੁਣ ਲਵਾਂ ਤੇ ਮੇਰਾ ਮਾਲਕ ਕਾਮ ਕਿਸੇ ਦਿਨ ਮੇਰੇ ਕੋਲ ਆ ਜਾਵੇ ਮੈਂ ਆਪਣੀ ਕੀਤੀ ਉਸ ਤੋਂ ਕਿਵੇਂ ਬਖਸ਼ਾਵਾਂਗੀ। ਇਸ ਲਈ ਮੈਂ ਸਾਰੀ ਉਮਰ ਕਵਾਰੀ ਰਹਿਣ ਦੀ ਪ੍ਰਤਿਗਿਆ ਕੀਤੀ ਹੈ। ਮੈਂ ਕਾਮ ਦੇਵਤਾ ਦਾ ਝੰਡਾ ਲਾ ਕੇ ਆਪਣੀ ਜਵਾਨੀ ਦੀ ਬੇੜੀ ਜੀਵਨ ਦੇ ਇਸ ਸਮੁੰਦਰ ਵਿਚੋਂ ਹੌਲੀ ਹੌਲੀ ਚਲਾ ਕੇ ਲੈ ਜਾਵਾਂਗੀ ਅਤੇ ਅਖੀਰ ਤਕ ਵਫ਼ਾਦਾਰ ਰਵ੍ਹਾਂਗੀ।"

ਗੁਜਰੀ ਕਮਲਾ ਦੀਆਂ ਚਤੁਰ ਤੇ ਹਸਾਉਣੀਆਂ ਗੱਲਾਂ ਉਤੇ ਬੜੀ ਖੁਸ਼ ਹੋਈ ਅਤੇ ਉਹ ਏਨਾ ਹਸੀ ਕਿ ਉਸ ਦੇ ਵਾਲ ਖਿਲਰ ਕੇ ਉਸ ਦੇ ਮੂੰਹ ਉਤੇ ਆ ਗਏ ।

ਗੁਜਰੀ

"ਮੈਂ ਵੀ ਤੈਨੂੰ ਇਕ ਸੱਚੀ ਕਹਾਣੀ ਦੱਸਦੀ ਹਾਂ ਜੇ ਤੂੰ ਇਸ ਨੂੰ ਸੱਚ ਮੰਨੇ ਤਾਂ। ਕੁਝ ਦਿਨ ਹੋਏ ਮੈਂ ਸਵਰਗ ਦੀ ਯਾਤਰਾ ਤੇ ਗਈ। ਮੈਂ ਓਥੇ ਦਹੀਂ ਵੇਚਣ ਗਈ ਸਾਂ। ਰਾਹ ਵਿਚ ਮੈਨੂੰ ਤੇਰਾ ਕਾਮ ਦੇਵਤਾ ਮਿਲ ਗਿਆ। ਤੇਰੇ ਤੋਂ ਵਿਛੜਿਆ ਉਹ ਪੀਲਾ ਪੈ ਗਿਆ ਲਗਦਾ ਸੀ। ਮੈਨੂੰ ਉਥੇ ਵੇਖ ਕੇ ਬਹੁਤ ਪ੍ਰਸੰਨ ਹੋਇਆ। ਮੇਰੇ ਕੋਲ ਆ ਕੇ ਉਸ ਨੇ ਕਿਹਾ, "ਤੂੰ ਮਾਤ ਲੋਕ ਤੋਂ ਆਈ ਹੈਂ। ਤੇਰਾ ਕੰਮ ਦੁਧ ਦਹੀਂ ਵੇਚਣਾ ਹੈ ਤੇ ਤੂੰ ਰਾਜਿਆਂ ਦੇ ਮਹਿਲਾਂ ਵਿਚ ਜਾਂਦੀ ਰਹਿੰਦੀ ਹੈਂ। ਹੇ ਗੁਜਰੀ ! ਤੂੰ ਉਥੇ ਮੇਰੀ ਰਤੀ ਤੇ ਨਹੀਂ ਵੇਖੀ ਕਿਧਰੇ ? ਮੈਨੂੰ ਸੱਚ ਮੁੱਚ ਦਸੀਂ। ਓਡੀ ਹੀ ਬੇਚੈਨੀ ਨਾਲ ਮੈਂ ਉਸ ਨੂੰ ਕਿਹਾ: ਹਾਂ ਉਸ ਨੂੰ ਜਾਣਦੀ ਹਾਂ। ਉਸਨੇ ਇਕ ਵੱਡੇ ਰਈਸ ਦੇ ਘਰ ਜਨਮ ਲਿਆ ਹੋਇਆ ਹੈ ਅਤੇ ਉਸ ਦੀ ਸੁੰਦਰਤਾ ਉਸ ਘਰ ਦਾ ਚਾਨਣ ਹੈ। ਮਾਤ ਲੋਕ ਵਿਚ ਉਸਦਾ ਨਾਂ ਕਮਲਾ ਹੈ। ਅਤੇ ਫਿਰ ਮੈਂ ਉਸ ਨੂੰ ਤੇਰੇ ਮਾਪਿਆਂ ਬਾਰੇ ਸਭ ਕੁਝ ਦੱਸਿਆ।"

"ਉਹ ਖਲੋਤਾ ਹੋਇਆ ਸੀ। ਪਰ ਜਦੋਂ ਉਸ ਮੈਥੋਂ ਇਹ ਸਭ ਕੁਝ ਸੁਣਿਆ ਤਾਂ ਨੀਵੇਂ ਹੋ ਕੇ ਮੈਨੂੰ ਮਥਾ ਟੇਕਿਆ ਅਤੇ ਫਿਰ ਬੜੇ ਧਿਆਨ ਨਾਲ ਉਸ ਨੇ ਤੇਰੇ ਨਾਂ ਇਕ ਚਿੱਠੀ ਲਿਖੀ। ਇਹ ਮੈਂ ਤੇਰੇ ਲਈ ਲੈ ਆਈ ਹਾਂ। ਇਸ ਚਿੱਠੀ ਵਿਚਲੀਆਂ ਗਲਾਂ ਪੜ੍ਹ ਤੇ ਤੈਨੂੰ ਪਤਾ ਲਗ ਜਾਏਗਾ ਕਿ ਉਹ ਤੈਥੋਂ ਵਿਛੜ ਕੇ ਕਿੰਨਾ ਦੁਖੀ ਹੈ।

"ਸੋਚ ! ਮੈਂ ਤੇਰੇ ਲਈ ਕਿੰਨਾ ਕੁਝ ਕੀਤਾ ਹੈ। ਤੇਰੇ ਲਈ ਮੈਂ ਧਰਤੀ ਤੋਂ ਸਵਰਗ ਦਾ ਸਾਰਾ ਪੈਂਡਾ ਮਾਰਿਆ। ਹਜ਼ਾਰਾਂ ਪੌੜੀਆਂ ਮੈਂ ਚੜ੍ਹੀ ਕਿਉਂਕਿ ਸਵਰਗਾਂ ਨੂੰ ਲਗੀ ਪੌੜੀ ਕਈ ਮੀਲ ਲੰਮੀ ਹੈ। ਹਾਏ ! ਕਿੰਨੀ ਪੀੜ ਹੁੰਦੀ ਏ । ਪੌੜੀਆਂ ਚੜ੍ਹਦਿਆਂ ਮੈਂ ਲੱਕ ਪੀੜ ਸਹੇੜ ਲਈ ਹੈ। ਕੋਈ ਮੇਰੇ ਵਰਗੀ ਸਿਰੜੀ ਤੇ ਤੇਰੀ ਪੁਜਾਰਨ ਹੀ ਤੇਰੇ ਲਈ ਏਨਾ ਕੁਝ ਕਰ ਸਕਦੀ ਸੀ।"

ਕਵੀ ਡੀਸ਼ਨ ਆਖਦਾ ਹੈ, ਕਿ "ਹਾਂ ਗੁਜਰੀ, ਤੈਨੂੰ ਤੇਰੀ ਮਿਹਨਤ ਦਾ ਪੂਰਾ ਇਨਾਮ ਮਿਲਣਾ ਚਾਹੀਦਾ ਹੈ, ਪਰ ਪਹਿਲਾਂ ਚਿੱਠੀ ਪੜ੍ਹੀ ਜਾਣੀ ਚਾਹੀਦੀ ਹੈ।

ਚਿੱਠੀ ਪੜ੍ਹਦਿਆਂ ਸਾਰ ਹੀ ਗੁੱਸੇ ਨਾਲ ਕਮਲਾ ਦੇ ਸਾਰੇ ਆਕਾਰ ਵਿਚ ਅੱਗ ਲਗ ਗਈ। ਉਹ ਇਸ ਤਰ੍ਹਾਂ ਲਗਦੀ ਸੀ ਜਿਵੇਂ ਕੋਈ ਫੁੱਲਾਂ ਦਾ ਬਾਗ ਸੜ ਰਿਹਾ ਹੋਵੇ। ਖ਼ੂਨ ਉਸ ਦੇ ਸਿਰ ਨੂੰ ਚੜ੍ਹ ਗਿਆ ਤੇ ਉਸ ਦਾ ਦਿਲ ਜ਼ੋਰ ਨਾਲ ਧੜਕਣ ਲਗ ਪਿਆ। ਪਰ ਆਪਣੇ ਭਾਵਾਂ ਨੂੰ ਦਬਾ ਕੇ ਉਸ ਨੇ ਫੋਕੀ ਮੁਸਕਾਨ ਨਾਲ ਕਿਹਾ, ਹਾਂ ਮੇਰੀ ਪਿਆਰੀ ਗੁਜਰੀ ! ਤੂੰ ਮੇਰੇ ਲਈ ਸਵਰਗ ਤਕ ਦਾ ਪੈਂਡਾ ਮਾਰਿਆ। ਤੈਨੂੰ ਤੇਰੀ ਮਿਹਨਤ ਦਾ ਚੋਖਾ ਬਦਲਾ ਮਿਲਣਾ ਚਾਹੀਦਾ ਹੈ। ਆਪਣੇ ਕਾਮ ਤੋਂ ਵਿਛੜੀ ਮੈਂ ਬੜੇ ਦੁਖੀ ਦਿਨ ਕੱਟ ਰਹੀ ਹਾਂ। ਪਰ ਲਗਦਾ ਹੈ ਕਿ ਤੇਰੀ ਸਹਾਇਤਾ ਨਾਲ ਮੇਰਾ ਜੀਵਨ ਬਦਲ ਜਾਏਗਾ। ਕਾਮ ਦੇਵਤਾ ਭਲਾ ਦੇਖਣ ਨੂੰ ਕਿਹੋ ਜਿਹਾ ਹੈ। ਮੈਂ ਤੇ ਕਿੰਨੇ ਚਿਰ ਤੋਂ ਉਸਨੂੰ ਵੇਖਿਆ ਹੀ ਨਹੀਂ"।

ਗੁਜਰੀ

"ਉਹ ਕੱਤਕ ਦੇਵਤੇ ਵਾਂਗ ਸੁੰਦਰ ਹੈ। ਉਸ ਦੇ ਸਿਰ ਦੁਆਲੇ ਚੰਨ ਦੀਆਂ ਕਿਰਨਾਂ ਵਰਗਾ ਚੱਕਰ ਹੈ। ਉਸ ਤੈਨੂੰ ਅਸ਼ਨਾਨ ਕਰਦੀ ਨੂੰ ਵੇਖਿਆ। ਉਸ ਵੇਲੇ ਉਹ ਬਾਕੁਲ ਦੇ ਬਿਰਖ ਹੇਠ ਖਲੋਤਾ ਸੀ। ਜਦੋਂ ਉਹ ਤੇਰੀ ਗੱਲ ਕਰਨ ਲਗਦਾ ਹੈ ਤਾਂ ਉਸ ਦਾ ਗਲਾ ਭਰ ਆਉਂਦਾ ਹੈ ਤੇ ਉਸ ਦੇ ਮੂੰਹੋਂ ਹਾਏ ਹਾਏ ਨਿਕਲਦੀ ਹੈ। ਉਸ ਦੀਆਂ ਅੱਖਾਂ, ਜੇ ਤੰ ਇਕ ਵਾਰ ਉਨ੍ਹਾਂ ਨੂੰ ਵੇਖ ਲਵੇਂ ਤਾਂ, ਤੈਨੂੰ ਖਿੱਚ ਲੈਣਗੀਆਂ ਜਿਵੇਂ ਉਹਨਾਂ ਨੇ ਹੋਰ ਕਈ ਇਸਤ੍ਰੀਆਂ ਨੂੰ ਖਿਚਿਆ ਹੈ। ਉਹ ਤੇਰੇ ਪਿਤਾ ਜੀ ਦੇ ਅਧੀਨ ਹੀ ਇਕ ਅਫ਼ਸਰ ਹੈ, ਕਮਲਾ।"

"ਤੇਰੀ ਮਿਹਨਤ ਦੇ ਇਨਾਮ ਬਦਲੇ ਮੈਂ ਤੈਨੂੰ ਕੀ ਦੇ ਸਕਦੀ ਹਾਂ ? ਪਰੰਤੂ ਕੁਝ ਲੈ ਹੀ ਜਾ।" ਇਹ ਆਖ ਕੇ ਕਮਲਾ ਨੇ ਆਪਣੇ ਗੱਲ ਦਾ ਹਾਰ ਚੁੱਕਿਆ ਜਿਵੇਂ ਗੁਜਰੀ ਨੂੰ ਦੇਣ ਲਗੀ ਹੋਵੇ। ਉਹ ਉਸ ਦੇ ਕੋਲ ਆਈ ਤਾਂ ਕਮਲਾ ਨੇ ਝਟ ਪਟ ਉਸ ਨੂੰ ਗੁਤੋਂ ਫੜ ਲਿਆ ਤੇ ਉਹਦੀਆਂ ਗਲ੍ਹਾਂ ਉਤੇ ਖੂਬ ਚਪੇੜਾਂ ਠੋਕੀਆਂ। ਜਿਹੜੇ ਥੋੜੇ ਜਹੇ ਦੰਦ ਉਸ ਦੇ ਰਹਿੰਦੇ ਸਨ ਉਹ ਪਹਿਲਾਂ ਹੀ ਹਿਲਦੇ ਸਨ ਤੇ ਉਸਨੂੰ ਸਦਾ ਦੰਦ ਪੀੜ ਲਗੀ ਰਹਿੰਦੀ ਸੀ। ਚਪੇੜਾਂ ਨਾਲ ਉਹ ਬਾਹਰ ਜਾ ਪਏ। ਕੁਝ ਮੁਕੇ ਵਾਧੂ ਇਨਾਮ ਵਜੋਂ, ਉਸ ਦੀ ਕੰਡ ਉਤੇ ਵੀ ਵਜੇ।"

ਗੁਜਰੀ ਨੇ ਕਮਲਾ ਦੇ ਪੈਰ ਫੜ ਲਏ ਤੇ ਤਰਲੇ ਪਾ ਕੇ ਉਸ ਨੂੰ ਹਟ ਜਾਣ ਦੀ ਮਿਨਤ ਕੀਤੀ। ਉਹ ਉਚੀ ਰੋ ਵੀ ਨਹੀਂ ਸਕਦੀ ਸੀ। ਕਿ ਲੋਕਾਂ ਨੂੰ ਉਸ ਦੀ ਬਦੀ ਦਾ ਪਤਾ ਨ ਲੱਗ ਜਾਵੇ।

ਕਮਲਾ

ਗੰਡੀਏ ਰੰਨੇ ! ਤੂੰ ਚੌਂਹ ਵਿਚੋਂ ਤਿੰਨ ਹਿੱਸੇ ਉਮਰ ਭੋਗ ਬੈਠੀ ਏਂ ਤੇ ਹੁਣ ਚੌਥੇ ਜਾਂ ਅਖੀਰਲੇ ਹਿਸੇ ਵਿਚੋਂ ਲੰਘ ਰਹੀ ਏਂ। ਤੂੰ ਆਪ ਸਾਰਾ ਜੀਵਨ ਕਾਮ ਵਿਚ ਰੁਲਦਿਆਂ ਲੰਘਾਇਆ ਹੈ ਤੇ ਹੁਣ ਚਾਹੁੰਦੀ ਹੈ ਕਿ ਦੂਜੇ ਵੀ ਇਉਂ ਹੀ ਕਰਨ। ਮੈਂ ਇਹ ਸਭ ਕੁਝ ਪਿਤਾ ਜੀ ਨੂੰ ਦੱਸ ਦੇਣਾ ਸੀ ਤੇ ਉਸ ਹਾਲਤ ਵਿਚ ਤੇਰੀ ਮੌਤ ਯਕੀਨੀ ਸੀ। ਪਰ ਮੈਂ ਇੰਜ ਨਹੀਂ ਕਰਦੀ। ਤੇਰੇ ਵਰਗੀ ਕਾਲੀ ਕੀੜੀ ਨੂੰ ਮਾਰ ਕੇ ਹੱਥ ਕਾਲੇ ਕਰਨ ਦਾ ਕੋਈ ਫਾਇਦਾ ਨਹੀਂ ! ਪਰ ਇਹ ਯਾਦ ਰਖ ਮੁੜ ਕੇ ਏਥੇ ਸਾਡੇ ਘਰ ਕਦੀਂ ਨ ਆਵੀਂ। ਜੇ ਤੂੰ ਆਈ ਤਾਂ ਤੇਰੀ ਜਾਨ ਦੀ ਖੈਰ ਨਹੀਂ। ਉਸ ਬਦਮਾਸ਼ ਕਾਰਕੁਨ ਨੂੰ ਵੀ ਇਹ ਸਭ ਕੁਝ ਦੱਸ ਦਈਂ। ਸਾਡਾ ਨੌਕਰ ਹੋ ਕੇ ਉਸ ਦੀ ਇਹ ਹਿੰਮਤ ਕਿਸ ਤਰ੍ਹਾਂ ਪਈ ? ਉਹ ਇਸ ਤਰ੍ਹਾਂ ਹੈ ਜਿਵੇਂ ਕੋਈ ਡੱਡੂ ਕਮਲ ਫੁੱਲ ਦੀ ਅਭਿਲਾਖਾ ਕਰ ਰਿਹਾ ਹੋਵੇ। ਇਕ ਗੋਲਾ ਸਿਰ ਉਤੇ ਚੜ੍ਹ ਕੇ ਬੈਠਣਾ ਚਾਹੁੰਦਾ ਹੈ। ਮੌਤ ਦੀ ਸਜ਼ਾ ਉਸ ਲਈ ਠੀਕ ਨਿਆਂ ਹੁੰਦਾ। ਪਰ ਜੇ ਹਲਕਾ ਕੁੱਤਾ ਵੱਢ ਖਾਵੇ ਤਾਂ ਕੋਈ ਸਿਆਣਾ ਆਦਮੀ ਬਦਲਾ ਲੈਣ ਲਈ ਉਸ ਨੂੰ ਦੰਦੀ ਨਹੀਂ ਵੱਢੇਗਾ।"

ਗੁਜਰੀ ਹੋਲੀ ਹੋਲੀ ਟੁਰਦੀ ਬਾਹਰ ਨਿਕਲ ਗਈ। ਉਸ ਦੇ ਮਸੂੜਿਆਂ ਵਿਚੋਂ ਲਹੂ ਵਗ ਰਿਹਾ ਸੀ। ਜਦੋਂ ਰਾਹ ਵਿਚ ਲੋਕਾਂ ਪੁੱਛਿਆ ਕਿ ਕੀ ਗਲ ਹੈ ਤਾਂ ਉਸਨੇ ਕਿਹਾ ਕਿ ਉਸ ਦੀ ਪੁਰਾਣੀ ਦੰਦ ਪੀੜ ਉਸ ਨੂੰ ਦੁਖ ਦੇ ਰਹੀ ਹੈ। ਜੇ ਫਿਰ ਵੀ ਕਿਸੇ ਨੇ ਹੋਰ ਪੁੱਛ ਗਿੱਛ ਕੀਤੀ

ਤਾਂ ਉਹ ਗੁੱਸੇ ਹੋ ਕੇ ਉਸ ਨੂੰ ਗਾਲਾਂ ਕੱਢਣ ਲਗ ਪਈ। ਘਰ ਅਪੜ ਕੇ ਉਸਨੇ ਕਿਸੇ ਨਾਲ ਗੱਲ ਨਾ ਕੀਤੀ, ਸਗੋਂ ਇਕੱਲੀ ਬੈਠ ਕੇ ਰੋਂਦੀ ਰਹੀ। ਕਵੀ ਦਵੀਜਾ ਈਸਨ ਆਖਦਾ ਹੈ "ਨਿਰਾਦਰ ਨੂੰ ਬਿਨਾਂ ਰੌਲਾ ਪਾਏ ਪੀ ਜਾਣਾ ਚਾਹੀਦਾ ਹੈ।

6. ਬਦਲਾ

ਕਾਰਕੁਨ ਨੇ ਦਿਨ ਬੇਅਰਾਮੀ ਵਿਚ ਕੱਟਿਆ। ਅਤੇ ਹੁਣ ਜਦੋਂ ਸੂਰਜ ਡੁੱਬਣ ਲਗਾ ਸੀ ਉਹ ਭੱਜ ਕੇ ਗੁਜਰੀ ਦੇ ਘਰ ਗਿਆ। ਰਾਹ ਵਿਚ ਉਸ ਦਾ ਦਿਲ ਬੜਾ ਦਿਲਗੀਰ ਸੀ ਕਿ ਖੌਰੇ ਕੁੜੀ ਨੇ ਉਸ ਦੀ ਚਿੱਠੀ ਦੇ ਜਵਾਬ ਵਿਚ ਕੀ ਕਿਹਾ ਹੋਵੇ, ਪਰ ਜਿਸ ਵੇਲੇ ਉਸ ਨੇ ਗੁਜਰੀ ਦੇ ਘਰ ਦੀਆਂ ਬਰੂਹਾਂ ਲੰਘੀਆਂ ਤਾਂ ਉਹ ਅੱਖਾਂ ਕੱਢ ਕੇ ਉਸ ਵਲ ਝਪਟੀ। ਉਸ ਦੇ ਕੋਈ ਗੱਲ ਕਰਨ ਤੋਂ ਪਹਿਲਾਂ ਹੀ ਗੁਜਰੀ ਨੇ ਉਸ ਉਤੇ ਗਾਲਾਂ ਦੀ ਵਾਛੜ ਕਰ ਦਿਤੀ। "ਬਦਮਾਸ਼ਾ ਜੇ ਤੂੰ ਫਿਰ ਏਥੇ ਆਇਆ ਤਾਂ ਮੈਂ ਆਪਣਾ ਝਾੜੂ ਤੇਰੀ ਕੰਢ ਉਤੇ ਤੋੜਾਂਗੀ। ਜੋ ਕੁਝ ਤੂੰ ਇਕ ਵਾਰੀ ਕੀਤਾ ਹੈ ਜੇ ਤੂੰ ਮੁੜ ਕੇ ਉਹ ਕੀਤਾ ਤਾਂ ਤੈਨੂੰ ਮੌਤ ਦੀ ਸਜ਼ਾ ਮਿਲੇਗੀ। ਜੇ ਮੈਂ ਇਕ ਨਿਰਬਲ ਇਸਤ੍ਰੀ ਦੀ ਥਾਂ ਮਨੁੱਖ ਹੁੰਦੀ ਤਾਂ ਮੈਂ ਤੇਰੇ ਦੋਵੇ ਕੰਨ ਵੱਢ ਦੇਣੇ ਸਨ।"

ਕਾਰਕੁਨ ਨੂੰ ਬਹੁਤ ਦੁਖ ਲਗਾ ਤੇ ਗੁਜਰੀ ਦੀਆਂ ਗਾਲਾਂ ਦਾ ਜਵਾਬ ਦਿਤੇ ਬਿਨਾਂ ਉਹ ਘਰ ਮੁੜ ਆਇਆ ਅਤੇ ਉਸ ਨੇ ਆਪਣੀ ਬੇਇਜ਼ਤੀ ਦਾ ਬਦਲਾ ਲੈਣ ਦਾ ਨਿਸਚਾ ਕਰ ਲਿਆ। "ਸਤਾਂ ਦਿਨਾਂ ਦੇ ਅੰਦਰ ਮੈਂ ਇਸ ਚਕਲਾਦਾਰ ਦੀ ਸਾਰੀ ਜਾਇਦਾਦ ਅਤੇ ਦੌਲਤ ਬਰਬਾਦ ਕਰ ਦਿਆਂਗਾ। ਇਹ ਜਿਮੀਦਾਰ ਦੇ ਪਰਦੇ ਹੇਠ ਕੇਵਲ ਇਕ ਠੇਕੇਦਾਰ ਹੀ ਤੇ ਹੈ। ਮੈਂ ਕਿਸੇ ਨਾ ਕਿਸੇ ਤਰ੍ਹਾਂ ਇਸ ਨਿਰਾਦਰ ਦਾ ਬਦਲਾ ਜ਼ਰੂਰ ਲਵਾਂਗਾ।"

ਉਸ ਨੇ ਜ਼ਿਮੀਦਾਰ ਨੂੰ ਇਕ ਚਿੱਠੀ ਲਿਖੀ। ਜ਼ਿਮੀਦਾਰ ਦਾ ਨਾਂ ਦਿਆਲ ਸੀ ਅਤੇ ਉਸ ਦੇ ਸ਼ਹਿਰ ਦਾ ਨਾਂ ਰਘੂਪੁਰ। ਮਾਨਿਕ ਚਕਲਾਦਾਰ ਜਿਸ ਦੇ ਕੋਲ ਉਹ ਨੌਕਰ ਸੀ। ਇਸ ਜ਼ਿਮੀਦਾਰ ਦਾ ਇਕ ਪਟੇਦਾਰ ਹੀ ਸੀ। ਕਾਰਕੁਨ ਦੀ ਚਿੱਠੀ ਇਸ ਤਰ੍ਹਾਂ ਸੀ :—

"ਮੈਂ ਹਜ਼ੂਰ ਦੇ ਨਿਆਂ ਸਰੂਪ ਹੋਣ ਕਰਕੇ ਸ੍ਰੀ ਹਜ਼ੂਰ ਨੂੰ ਬੰਦਨਾ ਕਰਦਾ ਹਾਂ। ਕਿਰਪਾ ਕਰਕੇ ਇਸ ਦੀਨ ਦੀ ਅਰਜ਼ੀ ਪੜ੍ਹੋ। ਚਕਲਾਦਾਰ ਨੂੰ ਜ਼ਮੀਨ ਦੇ ਹੇਠੋਂ ਬਹੁਤ ਵੱਡਾ ਖਜਾਨਾ ਲਭਾ ਹੈ। ਸੋਨੇ ਦੀਆਂ ਮੋਹਰਾਂ ਨਾਲ ਭਰੇ ਸਤ ਘੜੇ ਸਨ। ਇਹਨਾਂ ਉਤੇ ਅਸਲ ਹਕ ਜ਼ਿਮੀਦਾਰ ਦਾ ਹੈ। ਪਰ ਚਕਲਾਦਾਰ ਨੇ ਇਹ ਆਪਣੇ ਖਜਾਨੇ ਵਿਚ ਪਾ ਲਏ ਹਨ।

7. ਅਤਿਆਚਾਰ

ਜਿਸ ਵੇਲੇ ਜ਼ਿਮੀਦਾਰ ਨੂੰ ਚਿੱਠੀ ਮਿਲੀ ਉਸ ਹੁਕਮ ਦਿਤਾ ਕਿ ਚਕਲਾਦਾਰ ਨੂੰ ਇਕ ਦਮ ਉਸ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਹਜ਼ਾਰਾਂ ਆਦਮੀਆਂ ਨੇ ਚਕਲਾਦਾਰ ਦੇ ਘਰ ਨੂੰ ਘੇਰ ਲਿਆ। ਉਸ ਦੀਆਂ ਮੁਸ਼ਕਾਂ ਬਨ੍ਹ ਕੇ ਉਸ ਨੂੰ ਜ਼ਿਮੀਦਾਰ ਦੇ ਸਾਮ੍ਹਣੇ ਲਿਆਂਦਾ ਗਿਆ। ਜ਼ਿਮੀਦਾਰ ਨੇ ਉਸ ਤੋਂ ਪੁੱਛਿਆ "ਤੈਨੂੰ ਧਰਤੀ ਦੇ ਹੇਠੋਂ ਕਿੰਨਾ ਰੁਪਿਆ ਮਿਲਿਆ ਹੈ।"

ਚਕਲਾਦਾਰ ਨੂੰ ਇਸ ਸਵਲਾ ਤੇ ਬੜੀ ਹੈਰਾਨੀ ਹੋਈ ਤੇ ਉਸ ਨੇ ਕਿਹਾ "ਹਜ਼ੂਰ ਕੋਲ ਇਹ ਝੂਠ ਕਿਸ ਨੇ ਬੋਲਿਆ ਹੈ ? ਮੈਨੂੰ ਤੇ ਇਕ ਤ੍ਰੰਡੀ ਵੀ ਨਹੀਂ ਮਿਲੀ। ਮੇਰੇ ਨਾਲ ਬੇਵਜਾ

ਅਪਰਾਧੀਆਂ ਵਾਲਾ ਸਲੂਕ ਕਿਉਂ ਹੋ ਰਿਹਾ ਹੈ ?''

ਜ਼ਿਮੀਦਾਰ ਇਸ ਜਵਾਬ ਉਤੇ ਬੜਾ ਗੁੱਸੇ ਹੋਇਆ ਤੇ ਹੁਕਮ ਦਿਤਾ ਕਿ ਚਕਲਾਦਾਰ ਨੂੰ ਉਸ ਦੀ ਜੇਲ੍ਹ ਵਿਚ ਬੰਦ ਕਰ ਦਿਤਾ ਜਾਵੇ। ਜਿਸ ਦਾ ਨਾਂ ਖੂਨਸ਼ਾਲਾ (ਕਤਲਘਰ) ਸੀ।

ਓਧਰ ਕਾਰਕੁਨ ਦੀਆਂ ਵਿਉਂਤਾਂ ਹੋਰ ਅੱਗੇ ਤੁਰੀਆਂ। ਇਕ ਚੋਰ ਘਰ ਵਿਚ ਵੜਨ ਲਈ ਪਹਿਲਾਂ ਇਕ ਜੰਗਲਾ ਟਪਦਾ ਹੈ ਤੇ ਫਿਰ ਅਗਲਾ ਟੱਪਣ ਦੀ ਕੋਸ਼ਿਸ਼ ਕਰਦਾ ਹੈ। ਕਾਰਕੁਨ ਨੇ ਸੋਚਿਆ ''ਪਹਿਲਾ ਜੰਗਲਾ ਟੱਪਿਆ ਗਿਆ ਹੈ। ਹੁਣ ਦੂਜੇ ਉਤੋਂ ਦੀ ਲੰਘਣਾ ਚਾਹੀਦਾ ਹੈ। ਚਕਲਾਦਾਰ ਦੇ ਪੁੱਤਰ ਸਾਧਨ ਨੂੰ ਹੁਣ ਪਾਸੇ ਕਰਨਾ ਚਾਹੀਦਾ ਹੈ।''

ਉਹ ਉਸ ਜਵਾਨ ਮੁੰਡੇ ਕੋਲ ਗਿਆ ਤੇ ਕਹਿਣ ਲਗਾ ''ਇਹ ਬੜੇ ਦੁਖ ਦੀ ਗੱਲ ਹੈ ਕਿ ਤੁਹਾਡੇ ਪਿਤਾ ਜੀ ਏਨੀ ਔਖੀ ਸਥਿਤੀ ਵਿਚ ਹਨ। ਸੁਣਿਆ ਗਿਆ ਹੈ ਕਿ ਉਹਨਾਂ ਦੇ ਹੱਥ ਪੈਰ ਬੰਨ੍ਹ ਦਿਤੇ ਗਏ ਹਨ ਤੇ ਉਹਨਾਂ ਦੀ ਛਾਤੀ ਉਤੇ ਪੱਥਰ ਰਖ ਦਿਤਾ ਗਿਆ ਹੈ। ਉਹਨਾਂ ਦੇ ਬਿਸਤਰੇ ਉਤੇ ਕੰਡਿਆਂ ਵਾਲੇ ਬੂਟੇ ਖਲਾਰ ਦਿਤੇ ਗਏ ਹਨ। ਫਜ਼ੂਲ ਗਮ ਵਿਚ ਸਮਾਂ ਬਿਤਾਣ ਦਾ ਕੋਈ ਲਾਭ ਨਹੀਂ। ਤੁਹਾਨੂੰ ਝਟ ਪਟ ਜਾ ਕੇ ਉਹਨਾਂ ਨੂੰ ਇਸ ਬਿਪਤਾ ਵਿਚੋਂ ਕੱਢਣਾ ਚਾਹੀਦਾ ਹੈ। ਪੁਰਾਣਾਂ ਤੋਂ ਪਤਾ ਮਿਲਦਾ ਹੈ ਰਾਜਕੁਮਾਰ ਰਾਮ ਅਤੇ ਲਛਮਣ ਬਨਾਂ ਵਿਚ ਚਲੇ ਗਏ ਅਤੇ ਆਪਣੇ ਪਿਤਾ ਨੂੰ ਦਿਤਾ ਬਚਨ ਪਾਲਣ ਲਈ ਚੌਦਾਂ ਸਾਲ ਮੰਗਤਿਆਂ ਵਾਂਗ ਫਿਰਦੇ ਰਹੇ। ਪਰਸੂਰਾਮ ਨੇ ਆਪਣੇ ਪਿਤਾ ਦੇ ਹੁਕਮ ਹੇਠ ਆਪਣੀ ਮਾਂ ਦੀ ਹਤਿਆ ਕਰ ਦਿਤੀ। ਆਪਣੇ ਪਿਤਾ ਨੂੰ ਲੱਭਣ ਲਈ ਸ੍ਰੀ ਮੰਤ ਘਰ ਤੋਂ ਬਹੁਤ ਦੂਰ ਦੂਰ ਭਵਿਆਂ। ਇਸ ਔਖੇ ਸਮੇਂ ਤੁਹਾਨੂੰ ਘਰ ਰਹਿਣਾ ਨਹੀਂ ਸੋਭਦਾ। ਆਪਣੇ ਪਿਤਾ ਨੂੰ ਮੁਕਤ ਕਰਾਨ ਲਈ ਜਤਨ ਕਰੋ। ਜ਼ਿਮੀਦਾਰ ਨੂੰ ਮਿਲੋ ਅਤੇ ਉਸ ਨੂੰ ਸੋਨੇ ਦੀਆਂ ਕੁਝ ਮੁਹਰਾਂ ਭੇਟਾ ਕਰੋ।''

ਐਸੀਆਂ ਚਾਲਬਾਜ਼ ਗੱਲਾਂ ਕਰ ਕੇ ਉਸਨੇ ਸਾਧਨ ਨੂੰ ਘਰ ਛਡਵਾ ਕੇ ਜ਼ਿਮੀਦਾਰ ਦੇ ਸ਼ਹਿਰ ਵਲ ਟੋਰ ਦਿਤਾ। ਹੁਣ ਜਦੋ ਰਾਹ ਵਿਚੋਂ ਸਾਰੀਆਂ ਰੁਕਾਵਾਟਾਂ ਹਟ ਗਈਆਂ ਤਾਂ ਉਹ ਚਕਲਾਦਾਰ ਦੇ ਘਰ ਗਿਆ।

ਸਾਧਨ ਜ਼ਿਮੀਦਾਰ ਦੇ ਸ਼ਹਿਰ ਪਹੁੰਚ ਗਿਆ ਤੇ ਜਾ ਕੇ ਨਮਸਕਾਰ ਕੀਤੀ। ਉਸ ਨੇ ਸੋਨੇ ਦੀਆਂ ਮੁਹਰਾਂ ਦੀ ਇਕ ਥੈਲੀ ਭੇਟਾ ਕੀਤੀ।

ਜ਼ਿਮੀਦਾਰ ਨੇ ਸਾਧਨ ਦੇ ਆਉਣ ਦਾ ਕਾਰਨ ਪੁੱਛਿਆ। ਸਾਧਨ ਨੇ ਆਪਣੇ ਪਿਤਾ ਦੀ ਅਨਿਆਈ ਕੈਦ ਦਾ ਵਰਣਨ ਕੀਤਾ।

ਜ਼ਿਮੀਦਾਰ

''ਤੈਨੂੰ ਉਹ ਸਾਰੀਆਂ ਸੋਨੇ ਦੀਆਂ ਮੁਹਰਾਂ ਮੈਨੂੰ ਇਕ ਦਮ ਦੇ ਦੇਣੀਆਂ ਚਾਹੀਦੀਆਂ ਹਨ ਜਿਹੜੀਆਂ ਤੇਰੇ ਪਿਤਾ ਨੇ ਜ਼ਮੀਨ ਦੇ ਹੇਠੋਂ ਲਭੀਆਂ ਤੇ ਜਬਤ ਕਰ ਲਈਆਂ ਹਨ। ਤਦ ਹੀ ਮੈਂ ਉਸ ਨੂੰ ਮੁਕਤ ਕਰਨ ਬਾਰੇ ਸੋਚ ਸਕਦਾ ਹਾਂ। ਜਿਹੜਾ ਰੁਪਿਆ ਉਸ ਨੂੰ ਮਿਲਿਆ ਹੈ ਉਹ ਕਾਨੂੰਨ ਵਿਚ ਮੇਰਾ ਹੈ, ਪਰ ਉਸ ਨੇ ਮੇਰਾ ਧਨ ਦਬ ਲਿਆ ਹੈ।

''ਇਹ ਦੋਸ਼ ਝੂਠਾ ਹੈ, ਸਾਧਨ ਨੇ ਕਿਹਾ ਤੇ ਨਿਰਮਤਾ ਨਾਲ ਆਪਣੇ ਮਾਮਲੇ ਬਾਰੇ ਬਹਿਸ ਕੀਤੀ।

ਜ਼ਿਮੀਦਾਰ ਨੇ ਬਹਿਸ ਦਾ ਕੋਈ ਜਵਾਬ ਨਹੀਂ ਦਿਤਾ ਤੇ ਹੁਕਮ ਕੀਤਾ ਕਿ ਸਾਧਨ ਨੂੰ ਵੀ ਉਸੇ ਜੇਲ੍ਹ ਵਿਚ ਸੁੱਟ ਦਿਤਾ ਜਾਵੇ ਜਿਥੇ ਉਸ ਦਾ ਪਿਓ ਪਿਆ ਸੀ। ਅਤੇ ਓੱਥੇ ਇਕ ਭਾਰਾ ਪੱਥਰ ਉਸ ਦੀ ਹਿੱਕ ਉਤੇ ਰਖ ਦਿਤਾ ਗਿਆ।

ਹੁਕਮ ਇਹ ਸੀ ''ਸਾਰੀਆਂ ਸੋਨੇ ਦੀਆਂ ਮੋਹਰ ਮੈਨੂੰ ਮੋੜ ਦਿੱਤੀਆਂ ਜਾਣ। ਤਦ ਅਤੇ ਕੇਵਲ ਤਦ ਹੀ ਪਿਤਾ ਅਤੇ ਪੁੱਤਰ ਮੁਕਤੀ ਦੀ ਆਸ ਕਰ ਸਕਦੇ ਹਨ।

8. ਕਾਰਕੁਨ ਚਕਲਾਦਾਰ ਦੀ ਥਾਂ ਉਤੇ ਨਿਯੁਕਤ ਹੋ ਜਾਂਦਾ ਹੈ

ਓਧਰ ਕਾਰਕੁਨ, ਜੋ ਕੁਝ ਹੋਇਆ ਸੀ ਉਸ ਬਾਰੇ ਅਤਿ ਪ੍ਰਸੰਨ ਸੀ। ਉਸ ਨੇ ਮਜ਼ਾਰਿਆਂ ਤੋਂ ਸਾਰਾ ਰਹਿੰਦਾ ਮਾਮਲਾ ਭੱਜ ਦੌੜ ਕੇ ਇਕੱਠਾ ਕੀਤਾ ਤੇ ਜ਼ਿਮੀਦਾਰ ਦੇ ਪੇਸ਼ ਕੀਤਾ ਤੇ ਨਾਲ ਹੀ ਇਹ ਵੀ ਬੇਨਤੀ ਕੀਤੀ ਕਿ ਚਕਲਾਦਾਰ ਦੀ ਨੌਕਰੀ ਜਿਹੜੀ ਵਿਹਲੀ ਪਈ ਸੀ, ਉਸ ਨੂੰ ਦੇ ਦਿਤੀ ਜਾਵੇ। ਜ਼ਿਮੀਦਾਰ ਕਾਰਕੁਨ ਦੀ ਚੁਸਤੀ ਉਤੇ ਬੜਾ ਪ੍ਰਸੰਨ ਹੋਇਆ ਤੇ ਉਸ ਨੂੰ ਚਕਲਾਦਾਰ ਦੀ ਨੌਕਰੀ ਉਤੇ ਨਿਯੁਕਤ ਕਰਨ ਦੀ ਸਨਦ ਜਾਰੀ ਕਰ ਦਿਤੀ।

ਜਦੋਂ ਉਸ ਨੇ ਇਸ ਤਰ੍ਹਾਂ ਸਨਦ ਹਾਸਲ ਕਰ ਲਈ ਤਾਂ ਉਹ ਕਮਲਾ ਕੋਲ ਗਿਆ ਤੇ ਉਸ ਨੂੰ ਇਸ ਤਰ੍ਹਾਂ ਕਹਿਣ ਲੱਗਾ :—

''ਹੇ ਸੁੰਦਰੀਏ ! ਮੈਨੂੰ ਉੱਜ ਚਕਲਾਦਾਰੀ ਮਿਲ ਗਈ ਹੈ। ਜੇ ਤੂੰ ਮੇਰੇ ਨਾਲ ਵਿਆਹ ਕਰਨ ਉਤੇ ਰਾਜ਼ੀ ਹੋ ਜਾਵੇਂ ਤਾਂ ਅਸੀਂ ਦੋਵੇਂ ਬੜੀ ਮੌਜ ਵਿਚ ਰਵ੍ਹਾਂਗੇ। ਉਸ ਹਾਲਤ ਵਿਚ ਮੈਂ ਤੇਰੀ ਨਿੱਕੀ ਤੋਂ ਨਿੱਕੀ ਇਛਿਆ ਇਕ ਆਗਿਆਕਾਰੀ ਸੇਵਕ ਵਾਂਗ ਪੂਰੀ ਕਰਾਂਗਾ। ਪਰ ਜੇ ਤੂੰ ਨਾ ਮੰਨੇਗੀ ਤਾਂ ਬਹੁਤ ਦੁਖੀ ਹੋਵੇਂਗੀ। ਤੇਰੇ ਦੁਖ ਵੇਖ ਕੇ ਰੁੱਖਾਂ ਦੇ ਪੱਤਰ ਵੀ ਝੜ ਜਾਣਗੇ। ਹੁਣ ਤੂੰ ਚੰਗੀ ਤਰ੍ਹਾਂ ਵਿਚਾਰ ਕਰ ਲੈ। ਜੇ ਤੂੰ ਮੇਰੀ ਬੇਨਤੀ ਨਹੀਂ ਮੰਨਦੀ ਤਾਂ ਤੈਨੂੰ ਇਹ ਘਰ ਛੱਡਣਾ ਪਵੇਗਾ। ਇਹ ਹੁਣ ਤੇਰੇ ਪਿਤਾ ਦਾ ਨਹੀਂ ਰਿਹਾ ਸਗੋਂ ਮੇਰੀ ਨਿਯੁਕਤੀ ਕਰਕੇ ਮੇਰਾ ਹੋ ਗਿਆ ਹੈ।''

ਕਮਲਾ ਨੇ ਗੁੱਸੇ ਹੋ ਕੇ ਉਤਰ ਦਿਤਾ, ''ਕਦੀ ਕਿਸੇ ਸੁਣਿਆ ਹੈ ਕਿ ਕਿਸੇ ਨੇ ਮਨੁੱਖੀ ਸ਼ਕਲ ਵਿਚ ਫਿਰਦੇ ਸ਼ੈਤਾਨ ਨਾਲ ਵਿਆਹ ਕੀਤਾ ਹੋਵੇ ? ਤੂੰ ਸਾਰੀ ਉਮਰ ਮੇਰੇ ਪਿਤਾ ਦਾ ਲੂਣ ਖਾਧਾ ਹੈ। ਉਸ ਨੂੰ ਇਸ ਤਰ੍ਹਾਂ ਉਜਾੜਦਿਆਂ ਤੇਰੇ ਦਿਲ ਨੂੰ ਕੁਝ ਨਾ ਹੋਇਆ। ਮੇਰੇ ਪ੍ਰਾਣਾਂ ਤੋਂ ਪਿਆਰੇ ਵੀਰ ਨਾਲ ਤੂੰ ਇਸ ਤਰ੍ਹਾਂ ਕੀਤੀ ਹੈ। ਇਸ ਸਭ ਕੁਝ ਬਦਲੇ ਤੇਰੇ ਮੂੰਹ ਉਤੇ ਠੁਡੇ ਮਾਰਨੇ ਚਾਹੀਦੇ ਹਨ। ਤੇਰੇ ਜਿਹੇ ਰਾਖ਼ਸ਼ ਦੀ ਛੱਤ ਹੇਠ ਸ਼ਰਨ ਲੈਣ ਨਾਲੋਂ ਮੇਰੇ ਲਈ ਇਹੋ ਚੰਗਾ ਹੋਵੇਗਾ ਕਿ ਮੈਂ ਜੰਗਲੀ ਪਸ਼ੂਆਂ ਨਾਲ ਭਰੇ ਹੋਏ ਜੰਗਲ ਵਿਚ ਰਵ੍ਹਾਂ। ਇਸ ਘਰ ਵਿਚ ਇਕ ਪਲ ਹੋਰ ਰਹਿਣ ਨਾਲੋਂ ਮੈਂ ਬੂਹੇ ਬੂਹੇ ਮੰਗ ਕੇ ਖਾਣਾ ਚੰਗਾ ਸਮਝਦੀ ਹਾਂ। ਜੇ ਮੇਰਾ ਪਿਤਾ ਤੇ ਵੀਰ ਏਥੇ ਹੁੰਦੇ ਤਾਂ ਤੈਨੂੰ ਕਾਠ ਮਾਰ ਦਿਤੀ ਜਾਂਦੀ ਤੇ ਉਤੋਂ ਬੈਂਤ ਜਾਂ ਚਾਬੁਕ ਮਾਰ ਮਾਰ ਕੇ ਮਾਰ ਦਿਤਾ ਜਾਂਦਾ।''

ਦੋ ਪਾਲਕੀ ਬਰਦਾਰ ਆਂਧੀ ਅਤੇ ਸਾਂਧੀ ਸਨ ਜਿਹੜੇ ਮਾਨਿਕ ਚਕਲਾਦਾਰ ਦੇ ਘਰਾਣੇ

ਦੇ ਆਗਿਆਕਾਰ ਸਨ । ਕਮਲਾ ਨੇ ਉਨ੍ਹਾਂ ਨੂੰ ਸਦ ਘਲਿਆ । ਉਹ ਕਮਲਾ ਅਤੇ ਉਸ ਦੀ ਮਾਤਾ ਨੂੰ ਪਾਲਕੀ ਵਿਚ ਬਹਾ ਕੇ ਕਮਲਾ ਦੇ ਮਾਮੇ ਦੇ ਘਰ ਲੈ ਗਏ ।

9. ਤੁਹਮਤ

ਕਾਰਕੁਨ ਨੂੰ ਜਿਹੜਾ ਹੁਣ ਚਕਲਾਦਾਰ ਬਣਿਆ ਹੋਇਆ ਸੀ ਮਾਵਾਂ ਧੀਆਂ ਦੀ ਦਸ ਪੈ ਗਈ । ਉਸ ਨੇ ਇਕ ਦਮ ਕਮਲਾ ਦੇ ਮਾਮੇ ਨੂੰ ਜਿਹੜਾ ਉਸ ਵੇਲੇ ਪਰਦੇਸ ਵਿਚ ਰਹਿੰਦਾ ਸੀ । ਇਕ ਚਿੱਠੀ ਲਿਖੀ। ਚਿੱਠੀ ਇਸ ਤਰ੍ਹਾਂ ਸੀ :—

''ਤੁਹਾਡੀ ਭਣੇਵੀਂ ਦਾ, ਸ੍ਰੀ ਮਾਨ ਜੀ ਚਾਲ ਚਲਣ ਖਰਾਬ ਹੈ । ਜੇ ਤੁਸੀਂ ਉਸ ਨੂੰ ਆਪਣੇ ਘਰ ਵਿਚ ਰਹਿਣ ਦੀ ਆਗਿਆ ਦਿਓਗੇ ਤਾਂ ਪੰਚਾਇਤ ਤੁਹਾਡੇ ਟੱਬਰ ਨੂੰ ਬਰਾਦਰੀ ਵਿਚੋਂ ਖਾਰਜ ਕਰ ਦੇਵੇਗੀ, ਨਾਈ ਤੁਹਾਡੇ ਘਰ ਤੁਹਾਡੇ ਹਜਾਮਤ ਨਹੀਂ ਕਰਨਗੇ । ਅਤੇ ਪੁਜਾਰੀ ਉਥੇ ਕੋਈ ਧਾਰਮਿਕ ਕਿਰਿਆ ਨਹੀਂ ਕਰਨਗੇ । ਤੁਹਾਨੂੰ ਧਰਮ ਵਿਚੋਂ ਵੀ ਖਾਰਜ ਕਰ ਦਿੱਤਾ ਜਾਏਗਾ ਅਤੇ ਇਸ ਤੋਂ ਕੋਈ ਬਚਾ ਨਹੀਂ ਹੋਵੇਗਾ । ਉਹ ਇਕ ਚੰਡਾਲ ਗਭਰੂ ਦੇ ਪਰੇਮ ਵਿਚ ਪਾਗਲ ਹੋਈ ਹੋਈ ਹੈ । ਉਸ ਦੀ ਖਾਤਰ ਉਸ ਨੇ ਸਾਰੇ ਸਮਾਜਿਕ ਸਬੰਧ ਤਿਆਗ ਦਿਤੇ ਹਨ । ਆਪਣੇ ਪਿਤਾ ਦੇ ਘਰ ਵਿਚ ਉਸ ਲਈ ਕੋਈ ਥਾਂ ਨਹੀਂ ਰਹੀ ਤੇ ਹੁਣ ਤੁਹਾਡੇ ਘਰ ਦਾ ਬੇੜਾ ਗਰਕ ਕਰਨ ਲਈ ਉੱਥੇ ਜਾ ਵੜੀ ਹੈ । ਤੁਹਾਨੂੰ ਦ੍ਰਿੜਤਾ ਨਾਲ ਹੁਕਮ ਕਰ ਦੇਣਾ ਚਾਹੀਦਾ ਹੈ ਕਿ ਉਸ ਨੂੰ ਘਰੋਂ ਬਾਹਰ ਕੱਢ ਦਿਤਾ ਜਾਵੇ । ਇਕ ਗੱਲ ਹੋਰ ਹੈ । ਜ਼ਿਮੀਦਾਰ ਨੇ ਇਹ ਹੁਕਮ ਜਾਰੀ ਕੀਤਾ ਕਿ ਜਿਹੜਾ ਉਸ ਨੂੰ ਆਪਣੇ ਘਰ ਵਿਚ ਸ਼ਰਨ ਦੇਵੇਗਾ । ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਵੇਗੀ ।''

ਮਾਮਾ, ਜਿਵੇਂ ਕਿ ਪਹਿਲੇ ਦੱਸਿਆ ਗਿਆ ਹੈ ਪਰਦੇਸ ਵਿਚ ਰਹਿੰਦਾ ਸੀ । ਜਿਸ ਵੇਲੇ ਉਸ ਨੂੰ ਇਹ ਚਿੱਠੀ ਮਿਲੀ ਉਸਨੇ ਉਸੇ ਵੇਲੇ ਆਪਣੀ ਪਤਨੀ ਨੂੰ ਚਿੱਠੀ ਲਿਖੀ: ''ਮੈਨੂੰ ਏਥੇ ਪਤਾ ਲਗਾ ਹੈ ਕਿ ਕਮਲਾ ਆਪਣੀ ਮਾਂ ਸਮੇਤ, ਜਿਹੜੀ ਮੇਰੀ ਭੈਣ ਹੈ ਮੇਰੇ ਘਰ ਵਿਚ ਰਹਿ ਰਹੀ ਹੈ । ਉਹ ਅਜੇ ਕਵਾਰੀ ਹੈ ਤੇ ਕਿੱਡੀ ਸ਼ਰਮ ਦੀ ਗੱਲ ਹੈ ਕਿ ਉਸ ਦੇ ਨਾਂ ਦੇ ਨਾਲ ਏਡੀ ਵਡੀ ਤੁਹਮਤ ਲਗ ਗਈ ਹੈ । ਮੈਨੂੰ ਪਤਾ ਹੈ ਕਿ ਉਹ ਲੁਕੇ ਛਿਪੇ ਚੰਡਾਲ ਗਭਰੂ ਭਰਾਈ ਨਾਲ ਪਰੇਮ ਕਰਦੀ ਹੈ । ਤੂੰ ਉਸ ਨੂੰ ਇਕ ਦਮ ਬਾਹਰ ਕੱਢ ਦੇ । ਕਿਉਂਕਿ ਜੇ ਤੂੰ ਉਸ ਨੂੰ ਮੇਰੇ ਘਰ ਰਹਿਣ ਦਿਤਾ ਤਾਂ ਅਸੀਂ ਸਾਰੇ ਬਰਾਦਰੀ ਵਿਚੋਂ ਖਾਰਜ ਕਰ ਦਿਤੇ ਜਾਵਾਂਗੇ । ਇਹ ਚਿੱਠੀ ਮਿਲਣ ਉਤੇ ਇਕ ਪਲ ਵੀ ਨਾ ਲੰਘਣ ਦੇਵੀਂ, ਉਸ ਨੂੰ ਇਕ ਦਮ ਘਰੋਂ ਬਾਹਰ ਕੱਢ ਦੇਵੀਂ । ਜੇ ਉਹ ਓਥੇ ਹੋਰ ਰਹਿਣ ਦਾ ਜਤਨ ਕਰੇ ਤਾਂ ਉਸ ਨੂੰ ਗੁੱਤੋਂ ਫੜ ਕੇ ਧਕੋ ਜੋਰੀ ਘਰੋਂ ਬਾਹਰ ਕੱਢ ਦੇਵੀਂ ।''

ਮਾਮੀ ਆਪਣੇ ਪਤੀ ਵਲੋਂ ਇਹ ਚਿੱਠੀ ਆਉਣ ਉਤੇ ਬੜੀ ਦਿਲਗੀਰ ਹੋਈ ਤੇ ਸੋਚਣ ਲੱਗੀ । ਕਮਲਾ ਦੀ ਮਾਂ ਮੇਰੇ ਪਤੀ ਦੀ ਸਕੀ ਭੈਣ ਹੈ, ਤੇ ਇਹ ਸਾਡੀ ਭਣੇਵੀਂ ਹੈ । ਮੈਂ ਉਸ ਨੂੰ ਕਿਸ ਤਰ੍ਹਾਂ ਬਾਹਰ ਕਢ ਸਕਦੀ ਹਾਂ ? ਕਮਲਾ ਜਾਏਗੀ ਕਿਥੇ ਅਤੇ ਆਪਣੀ ਪਤ ਕਿਵੇਂ ਬਚਾਵੇਗੀ ? ਹਾਏ ਕਿੰਨਾ ਕਲੇਸ਼ ਹੈ । ਜਦੋਂ ਇਹ ਸੁਣ ਕੇ ਦੋਵੇਂ ਮਾਵਾਂ

ਧੀਆਂ ਰੋਣ ਲਗ ਜਾਣਗੀਆਂ ਤਾਂ ਮੈਂ ਉਹ ਦ੍ਰਿਸ਼ ਵੇਖ ਕੇ ਕਿਵੇਂ ਸਹਾਰਾਂਗੀ ? ਉਹ ਬੜੀਆਂ ਕੋਮਲ ਚਿਤ ਹਨ । ਮੈਂ ਉਹਨਾਂ ਨੂੰ ਕਿਸ ਤਰ੍ਹਾਂ ਦੁਖ ਦੇ ਸਕਦੀ ਹਾਂ ?

10. ਕਮਲਾ ਆਪਣੇ ਮਾਮੇ ਦਾ ਘਰ ਤਿਆਗ ਦੇਂਦੀ ਹੈ

ਮਾਮੀ ਬਹੁਤ ਦੇਰ ਇਸ ਮਾਮਲੇ ਉਤੇ ਵਿਚਾਰ ਕਰਦੀ ਹੈ ਤੇ ਫਿਰ ਇਕੱਲੀ ਕਮਲਾ ਦੇ ਕਮਰੇ ਵਿਚ ਗਈ । ਜਦੋਂ ਉਹ ਅਤੇ ਉਸ ਦੀ ਮਾਂ ਓਥੇ ਨਹੀਂ ਸਨ । ਉਸ ਨੇ ਆਪਣੇ ਪਤੀ ਦੀ ਚਿੱਠੀ ਬਿਸਤਰੇ ਉਤੇ ਰਖ ਦਿਤੀ ।

ਸ਼ਾਮ ਨੂੰ ਕਮਲਾ ਕਮਰੇ ਵਿਚ ਆਈ ਤੇ ਚਿੱਠੀ ਆਪਣੇ ਬਿਸਤਰੇ ਉਤੇ ਪਈ ਵੇਖੀ । ਜਦੋਂ ਉਸ ਪੜ੍ਹੀ ਤਾਂ ਉਸ ਦਾ ਮੁਖੜਾ ਹੰਝੂਆਂ ਨਾਲ ਭਿੱਜ ਗਿਆ । ''ਮੈਂ ਕਿੱਡੇ ਖੋਟੇ ਕਰਮਾਂ ਵਾਲੀ ਹਾਂ'' ਉਸ ਨੇ ਆਪਣੇ ਮਨ ਵਿਚ ਕਿਹਾ, ''ਮੇਰਾ ਪਿਤਾ ਤੇ ਵੀਰ ਕੈਦੀ ਹਨ ਅਤੇ ਪਰਮਾਤਮਾ ਜਾਣਦਾ ਹੈ ਕਿਹੜੇ ਮੰਦੇ ਭਾਗਾਂ ਨੂੰ ਮੈਂ ਆਪਣੇ ਮਾਮੇ ਦੇ ਘਰ ਆਈ । ਸਾਡੇ ਕੋਲ ਜਿੰਨੀ ਦੌਲਤ ਹੈ ਸੀ ਉਹ ਡਾਕੂਆਂ ਨੇ ਲੁੱਟ ਲਈ ਹੈ ।'' ਉਸ ਨੇ ਕਾਰਕੁਨ ਵਲੋਂ ਕੀਤਾ ਗਿਆ ਘੋਰ ਨਿਰਾਦਰ ਵੀ ਯਾਦ ਕੀਤਾ ਤੇ ਫਿਰ ਨਿਸ਼ਚਾ ਕੀਤਾ, ''ਕਿੰਨਾ ਭਿਆਨਕ ਅਕਾਸ਼ ਮੈਨੂੰ ਉਤੋਂ ਤਕ ਰਿਹਾ ਹੈ । ਓਥੇ ਨ ਸੂਰਜ ਹੈ ਨ ਚੰਨ । ਪਰ ਕੋਈ ਚਿੰਤਾ ਨਹੀਂ । ਮੈਂ ਇਕ ਪਲ ਵੀ ਹੋਰ ਇੱਥੇ ਨਹੀਂ ਠਹਿਰਾਂਗੀ । ਜੇ ਮੈਂ ਆਪਣੇ ਮਾਪਿਆਂ ਦੀ ਅਸਲੀ ਧੀ ਹਾਂ ਤਾਂ ਮੈਂ ਇਕ ਪਲ ਵੀ ਏਥੇ ਨਹੀਂ ਠਹਿਰਾਂਗੀ, ਭਾਵੇਂ ਮੈਂ ਡੁੱਬ ਮਰਾਂ, ਜ਼ਹਿਰ ਪੀਆਂ ਜਾ ਚਾਕੂ ਨਾਲ ਆਪਣਾ ਗੱਲ ਵੱਢਾਂ...ਕੁਝ ਵੀ ਹੋ ਜਾਏ ਪਰ ਏਥੇ ਨਹੀਂ ਰਵ੍ਹਾਂਗੀ । ਧਨ ਦੁਰਗਾ ਦੇਵੀ ਜਿਵੇਂ ਵੀ ਇੱਛਾ ਹੋਵੇ ਮੇਰੀ ਕਿਸਮਤ ਦਾ ਫ਼ੈਸਲਾ ਕਰ ਦੇਵੇ ।

ਇਕ ਵਾਰ ਵੀ ਉਸ ਕੰਨਿਆਂ ਨੇ ਆਪਣੀ ਮਾਂ ਨੂੰ ਮਿਲਣਾ ਨਹੀਂ ਚਾਹਿਆ, ਨ ਉਹ ਆਪਣੀ ਮਾਮੀ ਤੋਂ ਵਿਦਿਆ ਹੋਣ ਲਈ ਇਕ ਪਲ ਠਹਿਰੀ, ਉਸ ਦੀ ਮਾਂ ਨੂੰ ਇਸ ਗੱਲ ਦਾ ਕਿੰਨਾ ਦੁਖ ਹੋਵੇਗਾ, ਇਹ ਸੋਚ ਕੇ ਵੀ ਉਹ ਝਕੀ ਨਹੀਂ, ਨ ਇਸ ਗੱਲ ਤੋਂ ਕਿ ਇਕ ਇਕੱਲੀ ਜਵਾਨ ਰਾਹਿਨ ਬਣ ਕੇ ਉਹ ਖਤਰੇ ਵੇਲੇ ਆਪਣੀ ਪਤ ਕਿਵੇਂ ਬਚਾਵੇਗੀ ਤੇ ਆਪਣੇ ਰਸਤੇ ਵਿਚਲੇ ਖਤਰਿਆਂ ਉਤੇ ਕਿਵੇਂ ਕਾਬੂ ਪਾਵੇਗੀ । ਉਸ ਨੇ ਕਿਸੇ ਤੋਂ ਇਹ ਨਹੀਂ ਪੁੱਛਿਆ ਕਿ ਉਹ ਕਿਸ ਰਸਤੇ ਜਾਵੇ ਨ ਇਕ ਵਾਰ ਇਹ ਹੀ ਪੁੱਛਿਆ ਕਿ ਉਹ ਕਿਥੇ ਜਾ ਕੇ ਢੋਈ ਲਵੇ । ਚੁੱਪ ਚਾਂ ਵੇਲੇ ਜਦੋਂ ਤਾਰੇ ਅਜੇ ਅਕਾਸ਼ ਵਿਚ ਨਿਕਲ ਹੀ ਰਹੇ ਸੀ ਅਤੇ ਸੂਰਜ ਦੂਰ ਦਿਸ ਹੱਦੇ ਉਤੇ ਡੁੱਬ ਗਿਆ ਸੀ ਉਸ ਨੇ ਬਨ ਦੀ ਦੇਵੀ ਦੁਰਗਾ ਅਗੇ ਮੋਨ ਅਰਦਾਸ ਕੀਤੀ ਫਿਰ ਇਕਲੀ ਘਰੋਂ ਨਿਕਲ ਟੁਰੀ ।

11. ਉਹ ਇਕ ਛੇੜੂ ਨੂੰ ਮਿਲਦੀ ਹੈ

ਉਹ ਘੜੀ ਘੜੀ ਆਪਣੀਆਂ ਅੱਖਾਂ ਪੂੰਝਦੀ । ਉਸ ਦਾ ਕੋਮਲ ਸਰੀਰ ਜਿਹੜਾ ਟੁਰਨ ਨਹੀਂ ਹਿਲਿਆ ਹੋਇਆ ਸੀ ਹਰ ਪੈਰ ਉਤੇ ਕੰਬਦਾ ਸੀ । ਉਹ ਕੁਝ ਪੈਰ ਟੁਰ ਲੈਂਦੀ । ਫਿਰ ਥੋੜਾ ਦਮ ਲੈ ਲੈਂਦੀ ਅਤੇ ਫਿਰ ਟੁਰ ਪੈਂਦੀ । ਉਸੇ ਵੇਲੇ ਇਕ ਘਣਾ ਜੰਗਲ ਸਾਮ੍ਹਣੇ ਆਇਆ । ਉਥੇ ਮਨੁੱਖਾਂ ਦੀ ਕੋਈ ਵਸਤੀ ਨਹੀਂ ਸੀ । ਨ ਹੀ ਉਸ ਸਮੇਂ ਓਥੇ ਕੋਈ ਰਾਹੀ ਦਿਸਦਾ ਸੀ

ਜਿਹੜਾ ਉਹਨਾਂ ਪਾਸਿਆਂ ਵਲ ਟੁਰ ਰਿਹਾ ਹੋਵੇ। ਏਥੇ ਸ਼ਾਇਦ ਪ੍ਰਮਾਤਮਾ ਨੇ ਉਸ ਦੀ ਸਹਾਇਤਾ ਲਈ ਫਰਿਆਦ ਸੁਣ ਲਈ ਜਿਹੜੀ ਉਸ ਦੀ ਅੰਦਰਲੀਂ ਆਤਮਾ ਵਿਚੋਂ ਨਿਕਲੀ। ਉਸ ਡਰਾਉਣੀ ਇਕਾਂਤ ਵਿਚ ਇਕ ਥਕਿਆ ਟੁੱਟਿਆ ਬੁੱਢਾ ਪਾਂਧੀ, ਮਝ ਹਿੱਕੀ ਆਉਂਦਾ ਦਿੱਸਿਆ : ਕਮਲਾ ਉਸ ਛੇੜੂ ਦੇ ਕੋਲ ਗਈ।

ਕਮਲਾ

"ਹੇ ਛੇੜੂ" ਮੈਂ ਤੈਨੂੰ ਨਿਆਸਰਿਆਂ ਦਾ ਆਸਰਾ ਸਮਝਦੀ ਹਾਂ। ਤੂੰ ਮੈਨੂੰ ਪਿਤਾ ਕਹਿਣ ਦੀ ਆਗਿਆ ਦੇ। ਮੇਰੇ ਉਤੇ ਇਕ ਭਾਰੀ ਬਿਪਤਾ ਆ ਪਈ ਹੈ ਜਿਸ ਕਾਰਨ ਮੈਨੂੰ ਘਰ ਛੱਡਣਾ ਪਿਆ ਹੈ। ਮੇਰੇ ਲੇਖ ਕਿੰਨੇ ਮੰਦੇ ਹਨ। ਪਰ ਮੈਂ ਤੈਨੂੰ ਪ੍ਰਾਰਥਨਾ ਕਰਦੀ ਹਾਂ, ਹੇ ਛੇੜੂ ! ਕਿ ਤੂੰ ਮੈਨੂੰ ਆਪਣੇ ਗਾਵਾਂ ਵਾਲੇ ਵਾੜੇ ਦੀ ਇਕ ਗੁਠੇ ਸ਼ਰਨ ਦੇ ਦੇ, ਤਾਂ ਜੋ ਮੈਂ ਰਾਤ ਕੱਟ ਲਵਾਂ। ਮੈਨੂੰ ਨ ਅੰਨ ਚਾਹੀਦਾ ਹੈ ਨ ਪਾਣੀ। ਤੇ ਪਿਤਾ ਮੈਨੂੰ ਇਕ ਗੁੱਠੇ ਸਾੜੀ ਦਾ ਪਲਾ ਵਿਛਾ ਕੇ ਸੌਣ ਦੀ ਆਗਿਆ ਦੇ ਦੇ।"

ਕਮਲਾ ਦੀ ਲਿਸ਼ਕਦੀ ਸੁੰਦਰਤਾ ਵੇਖ ਕੇ ਛੇੜੂ ਹੈਰਾਨ ਰਹਿ ਗਿਆ। ਉਸ ਨੇ ਇਹ ਸਮਝਿਆ ਕਿ ਕਿਸਮਤ ਦੀ ਦੇਵੀ ਲਛਮੀ ਆਪ ਉਸ ਦੀ ਭਗਤੀ ਦੀ ਪ੍ਰੀਖਿਆ ਲੈਣ ਭੇਸ ਵਟਾ ਕੇ ਉਸ ਦੇ ਸਾਮ੍ਹਣੇ ਪ੍ਰਗਟ ਹੋ ਗਈ ਹੈ।

ਛੇੜੂ

"ਹੇ ਦੇਵੀ ! ਮੇਰੇ ਘਰ ਆਉਣ ਦੀ ਕਿਰਪਾ ਕਰ। ਮੈਂ ਤੈਨੂੰ ਵਿਸ਼ਵਾਸ ਦਵਾਂਦਾ ਹਾਂ ਕਿ ਮੈਂ ਦਿਲੋਂ ਮਨੋ ਤੇਰੀ ਪੂਜਾ ਕਰਾਂਗਾ। ਤੂੰ ਹਮੇਸ਼ਾ ਵਾਸਤੇ ਮੇਰੀ ਨਿਮਾਣੀ ਕੁਟੀਆ ਵਿਚ ਰਹੁ ਤੇ ਮੈਨੂੰ ਛੱਡ ਕੇ ਕਦੀ ਨ ਜਾਈਂ। ਤੂੰ ਮੈਨੂੰ ਇਹ ਵਰ ਦੇ ਕਿ ਮੇਰੀ ਕਿਸਮਤ ਚੜ੍ਹਦੀ ਜਾਵੇ। ਇਕ ਹੋਰ ਵਰ ਜੋ ਮੈਂ ਤੇਰੀ ਮਿਹਰ ਤੋਂ ਮੰਗਦਾ ਹਾਂ। ਇਹ ਹੈ ਕਿ ਕੋਈ ਖਤਰਾ ਜਾਂ ਬਿਪਤਾ ਮੇਰੀਆਂ ਬਰੂਹਾਂ ਨ ਲੰਘੇ ਤੇ ਮੇਰੀਆਂ ਮਝਾਂ ਤਿੰਨ ਗੁਣਾਂ ਦੁੱਧ ਹੋਰ ਦੇਣ।"

ਇਹ ਕਹਿਕੇ ਉਹ ਉਸ ਨੂੰ ਆਪਣੇ ਘਰ ਲੈ ਗਿਆ। ਕਮਲਾ ਨੇ ਦੀਵਾ ਜਗਾਇਆ ਤੇ ਘਰ ਦਾ ਸਾਰਾ ਕੰਮ ਕੀਤਾ। ਤਿੰਨ ਦਿਨ ਉਹ ਓਥੇ ਰਹੀ। ਸ਼ਾਮ ਨੂੰ ਦੀਵਾ ਬਾਲਣ ਪਿਛੋਂ ਉਹ ਡੰਗਰਾਂ ਦੇ ਵਾੜੇ ਵਿਚ ਅੱਗ ਬਾਲਦੀ ਤਾਂ ਜੋ ਧੂੰ ਨਾਲ ਮੱਛਰ ਅਤੇ ਕੀੜੇ ਉਥੋਂ ਪਰੇ ਚਲੇ ਜਾਣ। ਆਪਣੇ ਕੋਮਲ ਹਥਾਂ ਨਾਲ ਚਟਾਈ ਵਿਛਾ ਕੇ ਉਹ ਬਿਰਧ ਲਈ ਬਿਸਤਰਾ ਲਾਉਂਦੀ ਤੇ ਦਿਹਾੜੀ ਵਿਚ ਤਿੰਨ ਵਾਰ ਉਸ ਲਈ ਰੋਟੀ ਪਕਾਉਂਦੀ। ਇਸ ਤਰ੍ਹਾਂ ਸਾਰੇ ਪਾਸਿਆਂ ਤੋਂ ਉਹ ਘਰ ਚਲਾਂਦੀ। ਛੇੜੂ ਸਾਰੇ ਦਿਨ ਦਾ ਕੰਮ ਮੁਕਾ ਕੇ ਜਦੋਂ ਘਰ ਮੁੜਦਾ ਤਾਂ ਉਹ ਵੇਖਕੇ ਬਹੁਤ ਖੁਸ਼ ਹੁੰਦਾ ਕਿ ਉਸ ਦੀ ਰੋਟੀ ਪਕੀ ਹੋਈ ਹੈ। ਦੁੱਧ ਤੋਂ ਉਹ ਬੜਾ ਵਧੀਆ ਦਹੀਂ ਜਮਾਂਦੀ ਤੇ "ਉਲਾ" ਚਾਉਲਾਂ ਦਾ ਸਵਾਦੀ ਪਲਾਅ, ਇਹ ਉਹ ਆਪਣੇ ਧਰਮ ਪਿਤਾ ਨੂੰ ਖੁਵਾਂਦੀ ਤੇ ਜਦੋਂ ਉਹ ਖਾਂਦਾ ਹੁੰਦਾ ਤੇ ਉਸ ਦੇ ਕੋਲ ਖਲੋਤੀ ਰਹਿੰਦੀ। ਬਿਰਧ ਨੂੰ ਇਕ ਨਵੇਂ ਜੀਵਨ ਦਾ ਸੁਆਦ ਆ ਰਿਹਾ ਸੀ। ਅਤੇ ਉਸ ਦੇ ਘਰ ਵਿਚ ਸਭ ਕੁਝ ਬਦਲ ਕੇ ਵਧੀਆ ਦਿਸਣ ਲੱਗਾ।

12. ਉਹ ਓਪਰੇ ਆਦਮੀ ਨਾਲ ਜਾਂਦੀ ਹੈ

ਇਕ ਦਿਨ ਇਕ ਜਵਾਨ ਆਦਮੀ ਬਾਜਾਂ ਦਾ ਸ਼ਿਕਾਰ ਖੇਡਣ ਲਈ ਓਸ ਪਾਸੇ ਆਇਆ। ਕਿਸੇ ਨੂੰ ਪਤਾ ਨਹੀਂ ਸੀ ਕਿ ਉਹ ਕਿਸ ਥਾਂ ਤੋਂ ਆਇਆ ਹੈ ਜਾਂ ਕਿਸ ਘਰ ਦਾ ਸ਼ਿੰਗਾਰ ਹੈ। ਪਰ ਉਹ ਇਕ ਦੇਵਤੇ ਵਾਂਗ ਸੁੰਦਰ ਅਤੇ ਨਿਪੁੰਨ ਸੀ। ਉਸ ਦਾ ਰੰਗ ਕੁੰਦਨ ਵਾਂਗ ਚਮਕਦਾ ਸੀ ਤੇ ਉਸ ਨੇ ਸੁਨਹਿਰੀ ਬਸਤਰ ਪਾਏ ਹੋਏ ਸਨ। ਕਿ ਹਰ ਪਾਸਿਓਂ ਉਹ ਇਕ ਰਾਜਕੁਮਾਰ ਲਗਦਾ ਸੀ। ਜਦੋਂ ਆਜੜੀ ਸ਼ਾਮ ਨੂੰ ਘਰ ਆਇਆ ਤਾਂ ਉਸ ਗਭਰੂ ਨੂੰ ਆਪਣੀ ਕੁਟੀਆ ਦੇ ਨੇੜੇ ਖਲੋਤੇ ਵੇਖਿਆ, ਜਿਵੇਂ ਉਹ ਯੁਧ ਦੇਵਤਾ ਕੱਤਕ ਹੁੰਦਾ ਹੈ।

ਸ਼ਿਕਾਰੀ

"ਮੈਂ ਬਹੁਤ ਥੱਕਿਆ ਹੋਇਆ ਹਾਂ, ਜੰਗਲ ਵਿਚ ਮੈਂ ਬੜੀ ਚਿੰਤਾ ਅਤੇ ਔਖ ਕੱਟਿਆ ਹੈ ਤੇ ਮੈਨੂੰ ਤ੍ਰੇਹ ਲੱਗੀ ਹੋਈ ਹੈ। ਕੀ ਤੂੰ ਮੈਨੂੰ ਪਾਣੀ ਦਾ ਛੰਨਾ ਦੇਂਗੀ ?"

ਕਮਲਾ ਨੇ ਉਸ ਨੂੰ ਪਾਣੀ ਦਾ ਛੰਨਾ ਦਿਤਾ। ਪੀ ਕੇ ਉਸ ਨੂੰ ਆਪਣਾ ਥਕੇਵਾਂ ਲਹਿ ਗਿਆ ਲੱਗਾ।

ਸ਼ਿਕਾਰੀ

"ਬਜ਼ੁਰਗਾ ! ਮੈਂ ਇਸ ਵੇਲੇ ਬਹੁਤ ਥੱਕਿਆ ਅਤੇ ਹੰਭਿਆ ਹੋਇਆ ਹਾਂ। ਮੈਨੂੰ ਸਮਝ ਨਹੀਂ ਪੈਂਦੀ ਕਿ ਤੇਰੇ ਘਰ ਇਹ ਕੁੜੀ ਕੌਣ ਹੈ। ਜਿਸ ਨੇ ਮੈਨੂੰ ਪਾਣੀ ਦਿੱਤਾ ਸੀ। ਉਹ ਸੰਝ ਦੇ ਤਾਰੇ ਵਾਂਗ ਚੁੱਪ ਅਤੇ ਨੀਲੇ ਅਕਾਸ਼ ਵਿਚ ਥੋੜੇ ਦਿਨਾਂ ਦੇ ਚੰਨ ਵਾਂਗ ਸੁੰਦਰ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਮਾਇਆ ਦੀ ਦੇਵੀ ਲੱਛਮੀ ਸੁੰਦਰਤਾ ਵਿਚ ਇਸ ਦੇ ਸਾਮ੍ਹਣੇ ਕੋਈ ਚੀਜ਼ ਹੀ ਨ ਹੋਵੇ। ਇਹ ਹੈ ਕੌਣ ? ਇਸ ਦੇ ਮਾਪੇ ਕੌਣ ਹਨ। ਮੈਂ ਤੇ ਇਸ ਨੂੰ ਰਾਜਕੁਮਾਰੀ ਸਮਝਦਾ ਹਾਂ। ਜਾਂ ਕੀ ਇਹ ਗੱਲ ਹੈ ਕਿ ਦੇਵਤਿਆਂ ਦੀ ਉਚੇਚੀ ਕਿਰਪਾ ਨਾਲ ਇਸ ਨੇ ਤੇਰੀ ਧੀ ਬਣ ਕੇ ਜਨਮ ਲੈ ਲਿਆ ਹੈ। ਕੀ ਇਹ ਵਿਆਹੀ ਹੋਈ ਹੈ ਜਾਂ ਅਜੇ ਕਵਾਰੀ ਹੈ। ਤੈਨੂੰ ਇਸ ਬਾਰੇ ਸਭ ਕੁਝ ਮੈਨੂੰ ਸੱਚ ਸੱਚ ਦੱਸ ਦੇਣਾ ਚਾਹੀਦਾ ਹੈ।"

ਬਿਰਧ

"ਹੇ ਨਿਆਂ ਸਰੂਪ ! ਮੇਰੀ ਗੱਲ ਸੁਣਨ ਦੀ ਕ੍ਰਿਪਾ ਕਰੋ। ਮੈਨੂੰ ਆਪ ਇਹ ਪਤਾ ਨਹੀਂ ਕਿ ਇਸ ਦੇ ਮਾਤਾ ਪਿਤਾ ਕੌਣ ਹਨ। ਨ ਹੀ ਮੈ ਇਹ ਦੱਸਣ ਯੋਗ ਹਾਂ ਕਿ ਇਸ ਦਾ ਘਰ ਕਿਥੇ ਹੈ। ਮੈਂ ਤੇ ਇਸ ਨੂੰ ਆਪ ਲਛਮੀ ਦੇਵੀ ਹੀ ਸਮਝਦਾ ਹਾਂ। ਮੇਰੇ ਉਤੇ ਅਪਾਰ ਕ੍ਰਿਪਾ ਕਰਕੇ ਇਸ ਨੇ ਮੇਰੇ ਘਰ ਪ੍ਰਾਹੁਣਾ ਬਣਨਾ ਸਵੀਕਾਰ ਕੀਤਾ ਹੈ। ਜਿਸ ਦਿਨ ਦੀ ਇਹ ਆਈ ਹੈ ਮੇਰੇ ਭਾਗ ਖੁਲ੍ਹ ਗਏ ਹਨ। ਮੈਨੂੰ ਦੁੱਧ ਵੇਚ ਕੇ ਆਸ ਤੋਂ ਵਧ ਰੁਪਿਆ ਮਿਲਿਆ ਹੈ ਤੇ ਇਕ ਮਝ ਜਿਸ ਨੂੰ ਮੈਂ ਫੰਡਰ ਸਮਝ ਕੇ ਛੱਡਿਆ ਹੋਇਆ ਸੀ ਨਵੇਂ ਦੁਧ ਹੋ ਗਈ ਹੈ। ਇਸ ਤਰ੍ਹਾਂ ਲਗਦਾ ਹੈ ਕਿ ਇਸ ਦੀ ਕ੍ਰਿਪਾ ਨਾਲ ਹੁਣ ਮੇਰੇ ਦਿਨ ਫਿਰ ਗਏ ਹਨ।"

ਸ਼ਿਕਾਰੀ

"ਹੁਣ ਮੇਰੀ ਗੱਲ ਸੁਣ, ਛੇੜੂਆ। ਇਹ ਕੰਨਿਆ ਮੈਨੂੰ ਦੇ ਦੇ। ਮੈਂ ਇਸ ਨੂੰ ਆਪਣੇ

ਘਰ ਲੈ ਜਾਵਾਂਗਾ। ਮੈਂ ਸੋਨੇ ਅਤੇ ਮੋਤੀਆਂ ਦੀ ਇਕ ਟੋਕਰੀ ਤੋਲ ਕੇ ਤੈਨੂੰ ਇਨਾਮ ਵਜੋਂ ਦਿਆਂਗਾ।''

ਛੇੜੂ ਨੇ ਰੋ ਕੇ ਕਿਹਾ :

''ਨਹੀਂ, ਇਹ ਨਹੀਂ ਹੋ ਸਕਦਾ। ਮੈਨੂੰ ਮਾਇਆ ਨਹੀਂ ਚਾਹੀਦੀ। ਮੈਂ ਇਸ ਨੂੰ ਆਪਣੀ ਧੀ ਬਣਾ ਚੁੱਕਾ ਹਾਂ, ਹੁਣ ਮੈਂ ਇਸ ਤੋਂ ਬਿਨਾਂ ਜੀਓ ਨਹੀਂ ਸਕਦਾ। ਮੈਂ ਸਾਰੀ ਉਮਰ ਇਸ ਦੇ ਕੰਵਲ ਚਰਨਾਂ ਦੀ ਪੂਜਾ ਕਰਦਾ ਰਵ੍ਹਾਂਗਾ। ਇਹ ਲੱਛਮੀ ਦੇਵੀ ਆਪ ਹੈ। ਹੋਰ ਕੋਈ ਨਹੀਂ। ਏਨੇ ਥੋੜੇ ਜਿਹੇ ਸਮੇਂ ਵਿਚ ਇਹ ਮੈਨੂੰ ਸਭ ਤੋਂ ਵਧ ਪਿਆਰੀ ਹੋ ਗਈ ਹੈ, ਇਸ ਤੋਂ ਬਿਨਾਂ ਦੁਨੀਆ ਮੈਨੂੰ ਅਨ੍ਹੇਰੀ ਅਤੇ ਸਖੈਣੀ ਲਗੇਗੀ।''

ਜੋ ਕੁਝ ਵੀ ਉਸ ਗਭਰੂ ਨੇ ਕਿਹਾ ਉਸ ਦਾ ਕੁਝ ਅਸਰ ਨ ਹੋਇਆ। ਛੇੜੂ ਨੂੰ ਉਸ ਦੀ ਇਸ ਤਜਵੀਜ਼ ਦਾ ਬੜਾ ਦੁਖ ਹੋਇਆ ਅਤੇ ਉਹ ਹਾਂ ਕਾਰਨ ਉਤੇ ਰਾਜ਼ੀ ਨ ਹੋਇਆ।

ਇਕ ਪੂਰਾ ਦਿਨ ਇਸ ਤਰ੍ਹਾਂ ਝਗੜਦਿਆਂ ਲੰਘ ਗਿਆ। ਅਗਲੇ ਦਿਨ ਇਹ ਫ਼ੈਸਲਾ ਹੋਇਆ ਕਿ ਉਹ ਜਵਾਨ ਸ਼ਿਕਾਰੀ ਉਸ ਨੂੰ ਆਪਣੇ ਘਰ ਨਾਲ ਲੈ ਜਾਏ।

ਛੇੜੂ ਨੇ ਕਮਲਾ ਨੂੰ ਕਿਹਾ ''ਤੂੰ ਮੇਰੇ ਗ਼ਰੀਬ ਘਰ ਵਿਚ ਬੜੀ ਤੰਗੀ ਵਿਚ ਰਹੀ ਏਂ। ਜੋ ਔਖ ਤੇ ਬੇ ਆਰਾਮੀ ਤੈਨੂੰ ਏਥੇ ਹੋਈ ਹੈ ਉਸ ਲਈ ਮੈਨੂੰ ਖਿਮਾ ਕਰ ਦੇਵੀਂ ਅਤੇ ਮੇਰੇ ਉਤੇ ਮਿਹਰ ਰਖੀਂ। ਮੈਨੂੰ ਨ ਆਇਆ ਚਾਹੀਦੀ ਹੈ ਨ ਚੋਦਾਂ ਮੁਰੱਬੇ। ਬਸ ਤੇਰੇ ਚਰਨ ਕੰਵਲ ਮੇਰੇ ਮਰਨ ਵੇਲੇ ਮੇਰੇ ਉਤੇ ਪਰਮਾਤਮਾ ਦੀ ਮਿਹਰ ਵਰ੍ਹਾਂਦੇ ਰਹਿਣ।

ਛੇੜੂ ਦੇ ਹੰਝੂ ਉਸ ਘਾਹ ਉਤੇ ਡਿਗੇ ਜਿਹੜਾ ਉਸ ਦੇ ਵਿਹੜੇ ਵਿਚ ਉਗਿਆ ਹੋਇਆ ਸੀ।

ਸ਼ਹਿਜ਼ਾਦਾ ਉਸ ਸੁੰਦਰੀ ਨੂੰ ਆਪਣੇ ਨਾਲ ਘਰ ਲੈ ਗਿਆ।

13. ਰਾਜਕੁਮਾਰ ਪ੍ਰਦੀਪ ਕੁਮਾਰ ਅਤੇ ਕਮਲਾ

ਸੰਝ ਨੂੰ ਜਦੋਂ ਕਮਲਾ ਨੇ ਆਪਣੇ ਕਮਰੇ ਵਿਚ ਦੀਵਾ ਬਾਲਿਆ ਤਾਂ ਉਹ ਆਪਣੀ ਮਾਂ ਨੂੰ ਯਾਦ ਕਰਕੇ ਰੋਈ। ਉਸ ਵੇਲੇ ਰਾਜਕੁਮਾਰ ਪ੍ਰਦੀਪ ਕੁਮਾਰ ਪੋਲੇ ਪੈਰੀਂ ਕਮਰੇ ਵਿਚ ਦਾਖਲ ਹੋਇਆ। ਕੁਰਸੀ ਉਤੇ ਬੈਠੀ ਉਹ ਆਪਣੀ ਮਾਂ ਬਾਰੇ ਸੋਚ ਰਹੀ ਸੀ ਜਿਹੜੀ ਦੂਰ ਦੁਰਾਡੇ ਬੈਠੀ ਸੀ। ਉਸ ਵੇਲੇ ਰਾਜਕੁਮਾਰ ਉਸ ਦੇ ਕੋਲ ਗਿਆ।

ਰਾਜਕੁਮਾਰ

''ਅੱਜ ਨਹੀਂ ਕੱਲ'' ਆਖ ਕੇ ਹੀ, ਪਿਆਰੀ ਸੁੰਦਰੀ ਜਦੋਂ ਦੀ ਏਥੇ ਆਈ ਪ੍ਰਾਹੁਣੀ ਬਣੀ ਏਂ ਤੂੰ ਮੈਨੂੰ ਟਾਲਦੀ ਰਹੀ ਹੈਂ, ''ਮੈਂ ਤੈਥੋਂ ਕੇਵਲ ਇਹੀ ਗੱਲਾਂ ਪੁਛਣਾ ਚਾਹੁੰਦਾ ਹਾਂ। ਤੇਰਾ ਘਰ ਕਿਥੇ ਹੈ ਅਤੇ ਤੂੰ ਕਿਸਦੀ ਧੀ ਹੈਂ ? ਤੇਰੀ ਸੁੰਦਰਤਾ ਨੇ ਮੈਨੂੰ ਪਾਗਲ ਕਰ ਦਿਤਾ ਹੈ ਪਰ ਅਜਿਹੀ ਮੇਰੀ ਕਿਸਮਤ ਹੈ ਕਿ ਮੈਂ ਤੈਨੂੰ ਸਦਾ ਰੋਂਦੀ ਹੀ ਵੇਖਦਾ ਹਾਂ। ਜਿੰਨੇ ਹੰਝੂ ਤੂੰ

ਆਪਣੇ ਪੂੰਝਦੀ ਹੈ ਓਨੇ ਹੀ ਉਹ ਵਧਦੇ ਹਨ। ਤੈਨੂੰ ਦੁੱਖ ਕੀ ਹੈ ? ਕੀ ਤੂੰ ਮੇਰੇ ਨਾਲ ਵਿਆਹ ਕਰਕੇ ਮੇਰਾ ਜੀਵਨ ਸੁਖੀ ਨਹੀਂ ਬਣਾਵੇਂਗੀ। ਜਿਸ ਦਿਨ ਦਾ ਮੈਂ ਤੈਨੂੰ ਪਹਿਲੇ ਪਹਿਲ ਬਿਰਧ ਛੇੜੂ ਦੇ ਘਰ ਵੇਖਿਆ ਹੈ ਮੈਂ ਆਪਣਾ ਜੀਵਨ ਅਤੇ ਹੋਰ ਸਭ ਕੁਝ ਤੈਨੂੰ ਅਰਪਣ ਕਰ ਦਿਤਾ ਹੈ। ਓਸੇ ਦਿਨ ਤੋਂ ਮੇਰਾ ਬਾਜ਼ਾਂ ਦਾ ਸ਼ਿਕਾਰ ਖੇਡਣ ਦਾ ਸ਼ੌਕ ਖ਼ਤਮ ਹੋ ਗਿਆ ਤੇ ਤੈਨੂੰ ਪਤਾ ਹੈ ਕਿ ਹੁਣ ਮੈਂ ਘਟ ਵਧ ਹੀ ਕਿਤੇ ਬਾਹਰ ਜਾਂਦਾ ਹਾਂ। ਹੁਣ ਮੈਂ ਹੋਰ ਸਭ ਕੁਝ ਬਾਰੇ ਬੇਪ੍ਰਵਾਹ ਹਾਂ। ਮੇਰੇ ਬਾਗ ਵਿਚ ਖਿੜੇ ਫੁੱਲ, ਕਾਮਨੀ ਤੇ ਸਫੈਦ, ਹੁਣ ਮੈਨੂੰ ਬਿਲਕੁਲ ਨਹੀਂ ਖਿੱਚਦੇ। ਤੇਰੀ ਮੁਹੱਬਤ ਵਿਚ, ਪਿਆਰੀ, ਮੈਂ ਸੁਦਾਈਆਂ ਵਾਂਗ ਹੋ ਗਿਆ ਹਾਂ। ਤੇਰੀ ਖਿੱਚ ਮੈਨੂੰ ਸੋਨੇ ਨਾਲੋਂ ਵੀ ਵੱਧ ਹੈ। ਤੂੰ ਮੇਰੀ ਹਿੱਕ ਦਾ ਵੱਡਮੁਲਾ ਹੀਰਿਆਂ ਦਾ ਗਹਿਣਾ ਹੈਂ। ਜੇ ਤੂੰ ਮੈਨੂੰ ਛੱਡ ਦੇਏਂਗੀ ਤਾਂ ਵੀ ਮੈਂ ਤੈਨੂੰ ਨਹੀਂ ਛਡਾਂਗਾ। ਮੈਂ ਤੇਰੇ ਚਰਨਾਂ ਦੀਆਂ ਥਾਕਾਂ ਬਣਕੇ ਉਨ੍ਹਾਂ ਨੂੰ ਚੰਬੜ ਜਾਵਾਂਗਾ ਤੇ ਇਸ ਤਰ੍ਹਾਂ ਸਾਰਾ ਦਿਨ ਤੇਰੇ ਗੁਣ ਗਾਉਂਦਾ ਰਵ੍ਹਾਂਗਾ।

ਈਸਨ ਕਵੀ ਕਹਿੰਦਾ ਹੈ, ''ਇਹ ਕਾਮ ਦੇਵ ਦਾ ਤੀਰ ਹੈ ਜਿਸਨੇ ਦੋਹਾਂ ਦੇ ਦਿਲਾਂ ਨੂੰ ਵਿਨ੍ਹਿਆ ਹੈ।''

ਸਵੇਰੇ ਸਾਰ ਰਾਜਕੁਮਾਰ ਕਮਲਾ ਦੇ ਕਮਰੇ ਵਿਚ ਜਾਂਦਾ ਅਤੇ ਸ਼ਾਮ ਨੂੰ ਫਿਰ ਅਤੇ ਇਸ ਤਰ੍ਹਾਂ ਦਿਹਾੜੀ ਵਿਚ ਤਿੰਨ ਵਾਰ ਉਸ ਨੂੰ ਤਰਲੇ ਨਾਲ ਪੁੱਛਦਾ: 'ਮੈਨੂੰ ਦਸ ਤੂੰ ਕੌਣ ਹੈ'' ?

ਕਮਲਾ

''ਹੇ ਰਾਜਕੁਮਾਰ! ਮੈਂ ਤੈਨੂੰ ਜਰੂਰ ਦੱਸਾਂਗੀ ਮੈਂ ਕੌਣ ਹਾਂ ਪਰ ਠੀਕ ਸਮਾਂ ਆਉਣ ਉਤੇ। ਇਸ ਵੇਲੇ ਨਹੀਂ। ਓਨਾ ਚਿਰ ਤੂੰ ਇਹ ਧਿਆਨ ਰੱਖੀਂ ਕਿ ਤੈਂ ਛੇੜੂ ਨੂੰ ਬਚਨ ਦਿਤਾ ਸੀ ਕਿ ਤੂੰ ਇਹ ਪੁਛਣ ਲਈ ਮੇਰੇ ਉਤੇ ਸਖਤੀ ਨਹੀਂ ਕਰੇਂਗਾ। ਤੈਨੂੰ ਜ਼ਰੂਰ ਮੈਂ ਆਪਣੇ ਬਾਰੇ ਸਭ ਕੁਝ ਦਸਾਂਗੀ ਤੇ ਇਹ ਜਾਨਣ ਦਾ ਤੇਰਾ ਹੱਕ ਵੀ ਹੈ ਪਰ ਤੈਨੂੰ ਸਬਰ ਨਾਲ ਠੀਕ ਸਮੇਂ ਦੀ ਉਡੀਕ ਕਰਨੀ ਚਾਹੀਦੀ ਹੈ।''

ਇਸ ਤਰ੍ਹਾਂ ਰਾਜਕੁਮਾਰ ਦਿਹਾੜੀ ਵਿਚ ਕਈ ਵਾਰੀ ਸੁੰਦਰੀ ਕੋਲ ਜਾਂਦਾ ਰਿਹਾ। ਪਰ ਹਰ ਵਾਰ ਨਿਰਾਸ ਪਿਛਾਂ ਆਪਣੇ ਮਹਿਲ ਨੂੰ ਮੁੜ ਆਉਂਦਾ। ਇਸ਼ਕ ਉਸ ਦੇ ਦਿਲ ਨੂੰ ਚੁੱਪ ਚਾਪ ਸਾੜ ਰਿਹਾ ਸੀ ਪਰ ਉਹ ਸੰਗਦਾ ਬਹੁਤੀ ਗੱਲ ਨ ਕਰ ਸਕਦਾ। ਜਿਸ ਤਰ੍ਹਾਂ ਕੋਈ ਮਧੂ ਮੱਖੀ ਆਪਣੇ ਪਿਆਰੇ ਫੁੱਲ ਤੋਂ ਨਾਂਹ ਦਾ ਇਸ਼ਾਰਾ ਪਾ ਕੇ ਉੱਡ ਜਾਂਦੀ ਹੈ ਤੇ ਆਸ ਵਿਚ ਫਿਰ ਮੁੜ ਮੁੜ ਆਉਂਦੀ ਹੈ, ਇਸ ਤਰ੍ਹਾਂ ਹੀ ਰਾਜਕੁਮਾਰ ਆਉਂਦਾ ਅਤੇ ਜਾਂਦਾ ਰਿਹਾ।

ਅਤੇ ਇਸ ਤਰ੍ਹਾਂ ਤਿੰਨ ਮਹੀਨੇ ਲੰਘ ਗਏ।

14. ਮਨੁੱਖੀ ਬਲੀਦਾਨ

ਇਕ ਦਿਨ ਮਹਿਲਾਂ ਵਿਚ ਜ਼ੋਰ ਜ਼ੋਰ ਦੀ ਢੋਲ ਵੱਜਿਆ।

''ਮਹਿਲਾਂ ਵਿਚ ਇਹ ਢੋਲ ਕਿਹਾ ਵੱਜ ਰਿਹਾ ਹੈ ?''

''ਰਾਜਾ ਕਾਲੀ ਦੇਵੀ ਦੀ ਮਨੁੱਖੀ ਬਲੀਦਾਨ ਦੇ ਕੇ ਪੂਜਾ ਕਰੇਗਾ।''

ਕਮਲਾ ਨਾਰ ਨੂੰ ਹੌਲੀ ਹੌਲੀ ਪਤਾ ਲਗ ਗਿਆ ਕਿ ਜਿਨ੍ਹਾਂ ਮਨੁਖਾਂ ਦੀ ਕਾਲੀ ਸਾਮ੍ਹਣੇ

ਬਲੀ ਦਿਤੀ ਜਾਣੀ ਹੈ ਉਹ ਕੌਣ ਹਨ ਤੇ ਇਹ ਕਾਰਜ ਕਿਸ ਤਰ੍ਹਾਂ ਹੋਣਾ ਹੈ ।

ਇਹ ਉਸ ਦਾ ਪਿਤਾ ਅਤੇ ਵੀਰ ਹੀ ਸਨ ਜਿਨ੍ਹਾਂ ਦੀ ਬਲੀ ਦਿਤੀ ਜਾਣੀ ਸੀ । ਉਹ
ਰੋਣ ਲਗ ਪਈ ਅਤੇ ਉਸ ਦੇ ਹੰਝੂ ਵੇਖ ਕੇ ਰੁੱਖਾਂ ਨੇ ਵੀ ਹਮਦਰਦੀ ਵਜੋਂ ਆਪਣੇ ਫੁੱਲ ਅਤੇ
ਪੱਤੇ ਸੁਟ ਦਿਤੇ ।

ਉਸ ਦੇ ਇਸ ਮਾਤਮ ਦੇ ਵੇਲੇ ਰਾਜਕੁਮਾਰ ਪ੍ਰਦੀਪ ਕੁਮਾਰ ਨੇ ਉਸ ਦੇ ਕਮਰੇ ਵਿਚ
ਪ੍ਰਵੇਸ਼ ਕੀਤਾ ।

ਰਾਜਕੁਮਾਰ

''ਹੇ ਸੁੰਦਰੀ ਤੂੰ ਇਕ ਅਦਭੁਤ ਕਥਾ ਸੁਣੀ ਹੈ ? ਮੇਰੇ ਪਿਤਾ ਜੀ ਮਨੁੱਖੀ ਬਲੀਦਾਨ ਦੇ
ਕੇ ਕਾਲੀ ਦੀ ਪੂਜਾ ਕਰਨਗੇ । ਅਸੀਂ ਦੋਵੇਂ ਮੰਦਰ ਚਲੀਏ ਤੇ ਇਹ ਵਿਲਿਖਣ ਦ੍ਰਿਸ਼ ਵੇਖੀਏ ।''

ਕਮਲਾ ਨੇ ਗਮਗੀਨ ਆਵਾਜ਼ ਵਿਚ ਪੁੱਛਿਆ: ''ਇਹ ਵਿਚਾਰੇ ਕੌਣ ਹਨ ਜਿਹੜੇ
ਬਲੀਬਾਨ ਲਈ ਲਿਆਂਦੇ ਗਏ ਹਨ । ਤੁਹਾਡੇ ਪਿਤਾ ਜੀ ਨੇ ਇਹਨਾਂ ਲਈ ਕਿੰਨੀ ਕੀਮਤ
ਤਾਰੀ ਹੈ ।''

ਤਾਂ ਰਾਜਕੁਮਾਰ ਨੇ ਇਨ੍ਹਾਂ ਦੋ ਬਲੀਆਂ ਦਾ ਕਿੱਸਾ ਦੱਸਿਆ । ਤੇ ਜਦੋਂ ਮੁਟਿਆਰ ਨੇ
ਇਹ ਸੁਣਿਆ ਤਾਂ ਗ਼ਮ ਨਾਲ ਉਸ ਦਾ ਦਿਲ ਫਟ ਗਿਆ ।

ਉਸ ਨੇ ਆਪਣੇ ਵਧ ਰਹੇ ਹੰਝੂਆਂ ਨੂੰ ਪੂੰਝ ਸੁਟਿਆ ਅਤੇ ਰਾਜਕੁਮਾਰ ਤੋਂ ਆਪਣਾ ਮੂੰਹ
ਲੁਕਾ ਲਿਆ । ਧਿਆਨ ਦੂਜੇ ਪਾਸੇ ਕਰਕੇ ਉਸ ਨੇ ਕਿਹਾ: ''ਰਾਜਕੁਮਾਰ ਅੱਜ ਤੂੰ ਮੈਥੋਂ ਮੇਰੀ
ਪੂਰੀ ਕਹਾਣੀ ਸੁਣੇਂਗਾ । ਮੈਂ ਤੈਥੋਂ ਹੁਣ ਇਹ ਹੋਰ ਨਹੀਂ ਲੁਕਾਵਾਂਗੀ । ਤੇਰੇ ਰਾਜਾ ਪਿਤਾ
ਦੀ ਭਰੀ ਕਚਹਿਰੀ ਵਿਚ, ਜਿਥੇ ਨਿਆਂ ਹੁੰਦਾ ਹੈ, ਮੈਂ ਆਪਣੇ ਦੁੱਖ ਦਾ ਕਾਰਨ ਦਸਾਂਗੀ । ਪਰ
ਮੈਂ ਤੈਨੂੰ ਇਕ ਬੇਨਤੀ ਕਰਨੀ ਹੈ । ਹੁਲੀਆ ਪਿੰਡ ਵਿਚ ਕਾਕੁਰਨ ਰਹਿੰਦਾ ਹੈ ਜਿਸ ਨੂੰ ਹੁਣ
ਉਥੋਂ ਦਾ ਚਕਲਾਦਾਰ ਬਣਾ ਦਿਤਾ ਗਿਆ ਹੈ । ਸਨੇਹਾ ਘਲ ਕੇ ਤੂੰ ਉਸ ਨੂੰ ਏਥੇ ਮੰਗਵਾ ਲੈ ।
ਹੋਰ, ਉੱਥੇ ਦੋ ਪਾਲਕੀ ਬਰਦਾਰ ਆਂਧੀ ਅਤੇ ਸਾਂਧੀ ਰਹਿੰਦੇ ਸਨ । ਉਨ੍ਹਾਂ ਨੂੰ ਵੀ ਕਹਾਣੀ ਦੇ
ਇਕ ਹਿਸੇ ਦਾ ਪਤਾ ਹੈ ਤੇ ਉਨ੍ਹਾਂ ਨੂੰ ਵੀ ਤੁਹਾਡੇ ਰਾਜਾ ਪਿਤਾ ਦੇ ਦਰਬਾਰ ਵਿਚ ਆਉਣ ਦਾ
ਹੁਕਮ ਹੋਣਾ ਚਾਹੀਦਾ ਹੈ । ਉਸ ਪਿੰਡ ਵਿਚ ਇਕ ਗੁਜਰੀ ਰਹਿੰਦੀ ਹੈ ਜਿਸ ਦਾ ਨਾਂ ਚੀਕਨ ਹੈ ।
ਉਹ ਇਕ ਜ਼ਰੂਰੀ ਗ਼ਵਾਹ ਹੈ । ਫਿਰ ਉਸ ਨੇ ਆਪਣੇ ਮਾਮੇ ਅਤੇ ਮਾਮੀ ਦੇ ਨਾਂ ਦੱਸੇ, ਬਿਨਾਂ
ਆਪਣਾ ਰਿਸ਼ਤਾ ਦੱਸਣ ਦੇ । ਉਸ ਨੇ ਕਿਹਾ ਕਿ ਉਹ ਵੀ ਹਾਜ਼ਰ ਕੀਤੇ ਜਾਣ । ਫਿਰ ਉਸ ਨੇ
ਕਿਹਾ ਕਿ ਜਿਸ ਛੇੜੂ ਦੇ ਘਰੋਂ ਉਹ ਲੱਭੀ ਸੀ ਉਸਨੂੰ ਵੀ ਭੁੱਲਣਾ ਨਹੀਂ ਚਾਹੀਦਾ । ਇਹ ਸਾਰੇ
ਲੋਕ ਦਰਬਾਰ ਵਿਚ ਹਾਜ਼ਰ ਹੋਣੇ ਚਾਹੀਦੇ ਹਨ । ਜਿੰਨਾ ਚਿਰ ਇਹ ਨ ਕੀਤਾ ਗਿਆ ਉਹ
ਆਪਣੀ ਕਹਾਣੀ ਨਹੀਂ ਦੱਸੇਗੀ ।

ਦਰਬਾਰ ਲਗਦਾ ਹੈ । ਫਰੀਕ ਪੇਸ਼ ਹੁੰਦੇ ਹਨ । ਰਾਜਕੁਮਾਰ ਪ੍ਰਦੀਪ ਕੁਮਾਰ ਆਪਣੇ
ਪਿਤਾ ਦੇ ਕੋਲ ਬੈਠ ਜਾਂਦਾ ਹੈ । ਮੁਟਿਆਰ ਆਪਣੀ ਕਹਾਣੀ ਸੁਣਾਂਦੀ ਹੈ ।

15. ਬਾਰਾਂਮਾਹ

''ਹੇ ਦਰਬਾਰ ਦੇ ਦਾਨਾ ਲੋਕੋ ! ਇਹ ਵਸਾਖ ਦਾ ਮਹੀਨਾ ਹੈ । ਇਸ ਅਭਾਗਣ ਦੀ
ਦੁਖ ਭਰੀ ਕਹਾਣੀ ਸੁਣੋ ।

ਹੇ ਚੰਨ ਅਤੇ ਸੂਰਜ ! ਤੁਸੀਂ ਗਵਾਹੀ ਦੇਣਾ ! ਅਕਾਸ਼ ਦੇ ਦੇਵਤਿਓ ! ਬਿਰਖੋ ਅਤੇ
ਪੌਦਿਓ ! ਮੈਂ ਤੁਹਾਨੂੰ ਸਾਰਿਆਂ ਨੂੰ ਗਵਾਹੀ ਲਈ ਸਦਦੀ ਹਾਂ । ਇਹ ਮੇਰੇ ਸਾਮ੍ਹਣੇ ਦੇਵੀ ਮਾਤਾ
ਦਾ ਮੰਦਰ ਹੈ, ਮੈਂ ਉਸ ਅਗੇ ਵੀ ਗਵਾਹੀ ਦੇਣ ਲਈ ਅਰਦਾਸ ਕਰਦੀ ਹਾਂ । ਅਗਨੀ, ਜਲ,
ਅਕਾਸ਼ ਦੇ ਦੇਵਤਾ ਇੰਦਰ ਅਤੇ ਮ੍ਰਿਤੂ ਦੇਵਤਾ, ਜਮ ਤੁਸੀਂ ਸਾਰੇ ਗਵਾਹੀ ਦੇਣਾ, ਤੇ ਧਰਤੀ
ਮਾਤਾ । ਜੋ ਕੁਝ ਮੈਂ ਕਹਿਣ ਲਗੀ ਹਾਂ ਉਸ ਦਾ ਸਚ ਹੋਣਾ ਸਵੀਕਾਰ ਕਰਨਾ । ਜੰਗਲ ਵਿਚ
ਮੈਂ ਮੰਗਲ ਦੀ ਦੇਵੀ ਬਨ ਦੁਰਗਾ ਦੀ ਕਈ ਸਾਲ ਪੂਜਾ ਕੀਤੀ ਹੈ । ਉਸ ਨੂੰ ਮੈਂ ਗਵਾਹ ਵਜੋਂ
ਸਦਦੀ ਹਾਂ । ਤੁਸੀਂ ਜਿਹੜੇ ਜਿਹੜੇ ਜੀਵ ਹਵਾ ਵਿਚ ਉਡਦੇ ਹੋ ਜਾਂ ਧਰਤੀ ਉਤੇ ਭੌਂਦੇ ਹੋ
ਮੈਂ ਤੁਹਾਨੂੰ ਸਾਰਿਆਂ ਨੂੰ ਆਪਣੀ ਕਹਾਣੀ ਦਾ ਸਚ ਪਰਖਣ ਲਈ ਬੇਨਤੀ ਕਰਦੀ ਹਾਂ ।

''ਮੇਰੇ ਪਹਿਲੇ ਗਵਾਹ ਮੇਰੇ ਮਾਤਾ ਪਿਤਾ ਹਨ । ਉਨ੍ਹਾਂ ਦੇ ਚਰਨਾਂ ਉਤੇ ਮੈਂ ਸੌ ਵਾਰ
ਪਰਨਾਮ ਕਰਦੀ ਹਾਂ । ਮੇਰੇ ਲਈ ਉਹ ਓਨੇ ਹੀ ਉਚੇ ਅਤੇ ਆਦਰਯੋਗ ਹਨ ਜਿਨਾ ਰਬ ਆਪ ।
ਮੇਰਾ ਆਪਣਾ ਪਿਆਰਾ ਵੀਰ ਏਥੇ ਹੈ, ਉਹ ਵੀ ਮੇਰੀ ਗਵਾਹੀ ਦੇਵੇਗਾ । ਕਾਰਕੁਨ ਵੀ ਏਥੇ ਹੈ ।
ਉਸ ਨੂੰ ਵੀ ਸਚ ਬੋਲਣਾ ਪਵੇਗਾ । ਅਤੇ ਚੀਕਨ ਗੁਜਰੀ ਵੀ ਜ਼ਰੂਰ ਮੇਰੀ ਕਹਾਣੀ ਦੀ ਤਸਦੀਕ
ਕਰੇਗੀ । ਮੇਰਾ ਮਾਮਾ ਅਤੇ ਮਾਮੀ ਮੇਰੇ ਬੜੇ ਜ਼ਰੂਰੀ ਗਵਾਹ ਹਨ । ਸੰਝ ਦਾ ਤਾਰਾ ਜਿਹੜਾ
ਅਕਾਸ਼ ਵਿਚ ਚਮਕਦਾ ਹੈ, ਉਸ ਨੂੰ ਮੈਂ ਸਾਖੀ ਭਰਨ ਲਈ ਆਖਦੀ ਹਾਂ । ਅਤੇ ਮੇਰੇ ਆਪਣੇ
ਹੰਝੂ ਮੇਰੇ ਦੁਖਾਂ ਦੇ ਗਵਾਹ ਹਨ ਅਤੇ ਮੇਰੇ ਸਚ ਨੂੰ ਸਾਬਤ ਕਰਦੇ ਹਨ । ਆਹ ਵੀ ਇਕ ਗਵਾਹੀ
ਹੈ (ਉਹ ਇਕ ਚਿਠੀ ਕਢਦੀ ਹੈ ।) ਇਹ ਚਿਠੀ ਮੇਰੇ ਮਾਮੇ ਨੇ ਮੇਰੀ ਮਾਮੀ ਨੂੰ ਲਿਖੀ । ਜਿਸ
ਛੇੜੂ ਨੇ ਮੈਨੂੰ ਪਿਤਾ ਵਾਂਗ ਸ਼ਰਨ ਦਿਤੀ ਤੇ ਉਸ ਦੀ ਰਿਸ਼ਤੇਦਾਰ, ਇਹ ਸਭ ਮੇਰੇ ਗਵਾਹ ਹਨ ।
ਮੇਰਾ ਅਖੀਰਲਾ ਗਵਾਹ ਰਾਜਕੁਮਾਰ ਆਪ ਹੈ ਜਿਸ ਨੇ ਮੈਨੂੰ ਵਡੇ ਕਲੇਸ਼ ਵਿਚੋਂ ਕਢਿਆ ! ਉਹ
ਮੇਰੇ ਦਿਲ ਦਾ ਮਾਲਿਕ ਹੈ । ਹੇ ਮਹਾਂ ਪੁਰਖੋ ਮੈਂ ਤੁਹਾਥੋਂ ਕੁਝ ਨਹੀਂ ਲੁਕਾਵਾਂਗੀ ।

''ਜੇਠ ਦਾ ਮਹੀਨਾ ਸੀ । ਕਾਲੇ ਬਦਲਾਂ ਨੇ ਅਕਾਸ਼ ਉਤੇ ਅਨ੍ਹੇਰਾ ਕੀਤਾ ਹੋਇਆ ਸੀ ।
ਰਾਤ ਮੁਕਣ ਵਾਲੀ ਸੀ ਜਦੋਂ ਇਸ ਅਭਾਗਣ ਦਾ ਜਨਮ ਹੋਇਆ । ਮੇਰੀ ਮਾਂ ਨੇ ਪਿਆਰ ਨਾਲ
ਮੇਰਾ ਨਾਂ ਕਮਲਾ ਰਖਿਆ । (ਜਿਹੜਾ ਲਛਮੀ ਦੇਵੀ ਦਾ ਦੂਜਾ ਨਾਂ ਹੈ ।) ਜਦੋਂ ਮੇਰੀ ਪੈਦਾਇਸ਼
ਨੂੰ ਤਿੰਨ ਸਾਲ ਹੋ ਗਏ ਤਾਂ ਸਾਡੇ ਘਰ ਮੇਰੇ ਭਰਾ ਦਾ ਜਨਮ ਹੋਇਆ । ਚੰਨ ਵਰਗਾ ਸੁੰਦਰ
ਕਾਕਾ ਮੈਂ ਆਪਣੀ ਮਾਂ ਦੀ ਗੋਦ ਵਿਚ ਵੇਖਿਆ ਅਤੇ ਮਨ ਨੂੰ ਬੜੀ ਠੰਡ ਪਈ । ਮੈਂ ਉਸ ਨੂੰ
ਕੁਛੜ ਚੁਕ ਲੈਂਦੀ, ਉਸ ਨਾਲ ਖੇਡਦੀ ਤੇ ਉਸ ਨੂੰ ਪੰਘੂੜੇ ਵਿਚ ਝੂਟੇ ਦੇਂਦੀ । ਇਸ ਤਰ੍ਹਾਂ ਦੀ
ਖੁਸ਼ੀ ਅਤੇ ਖੇਡਾਂ ਵਿਚ ਮੇਰਾ ਬਚਪਣ ਲੰਘਿਆ । ਮੇਰਾ ਵੀਰ ਮੇਰੀਆਂ ਅਖਾਂ ਦਾ ਚਾਨਣ ਸੀ ਅਤੇ
ਮਾਤਾ ਪਿਤਾ ਦਾ ਪਿਆਰ ਮੇਰੇ ਲਈ ਸਾਲ ਤੋਂ ਵਡਮੁਲੀ ਸ਼ੈ ਸੀ । ਜਦੋਂ ਮੇਰੇ ਜੀਵਨ ਦੇ ਤੇਰਾਂ
ਸਾਲ ਲੰਘ ਗਏ ਤਾਂ ਮੈਂ ਆਪਣੇ ਪਿਤਾ ਜੀ ਨੂੰ ਮੇਰੇ ਵਿਆਹ ਦੀਆਂ ਗਲਾਂ ਕਰਦੇ ਸੁਣਿਆ । ਹੁਣ

ਮੈਂ ਤੁਹਾਨੂੰ ਆਪਣੇ ਜੀਵਨ ਦੀਆਂ ਕੁਝ ਗੁਝੀਆਂ ਘਟਨਾਵਾਂ ਦਸਾਂਗੀ ਅਤੇ ਮੈਂ ਬੇਨਤੀ ਕਰਦੀ ਹਾਂ ਕਿ ਹਜ਼ੂਰ ਮੇਰੇ ਮਾਮਲੇ ਵਿਚ ਠੀਕ ਇਨਸਾਫ਼ ਕਰਨ । ਜਦ ਮੈਂ ਜਵਾਨੀ ਚੜ੍ਹੀ ਤਾਂ ਮੇਰੇ ਰੰਗ ਦੀ ਲਾਲੀ ਚਮਕਣ ਲਗੀ । ਮਾਂ ਨੇ ਕਿਹਾ, ''ਦਰਿਆ ਦੇ ਘਾਟ ਉਤੇ ਇਕੱਲੀ ਨਾ ਜਾਇਆ ਕਰ । ਮੈਂ ਅਤਿ ਸੁੰਦਰ ਕਪੜੇ ਪਾਂਦੀ ਅਤੇ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸਜਾਂਦੀ। ਆਪ-ਣੀਆਂ ਲੰਮੀਆਂ ਗੁਤਾਂ ਵਿਚ ਮੈਂ ਹਰ ਰੋਜ਼ ਚੰਪਾ ਫੂਲਾਂ ਦੇ ਹਾਰ ਗੁੰਦਦੀ । ਅਸ਼ਨਾਨ ਵੇਲੇ ਸੇਵਾ ਵਿਚ ਖਲੋਤੀਆਂ ਗੋਲੀਆਂ ਮੇਰੀਆਂ ਜ਼ੁਲਫਾਂ ਵਿਚ ਸੁਗੰਧਾਂ ਲਾਂਦੀਆਂ ਤੇ ਅਬਰਕ ਨਾਲ ਸਜਾਈਆਂ ਕੰਘੀਆਂ ਨਾਲ ਮੇਰੇ ਉਲਝੇ ਹੋਏ ਕੇਸਾਂ ਨੂੰ ਕੰਘੀ ਕਰਕੇ ਸੰਵਾਰਦੀਆਂ । ਮੈਂ ਆਪਣੀਆਂ ਗੋਲੀਆਂ ਨਾਲ ਹਰ ਰੋਜ਼ ਨਹਾਉਣ ਵਾਲੇ ਘਾਟ ਉਤੇ ਜਾਂਦੀ ਪਰ ਕਿਸੇ ਨੂੰ ਬਹੁਤਾ ਨੇੜੇ ਆਉਣ ਦਾ ਹੌਂਸਲਾ ਨ ਪੈਂਦਾ ।''

ਪੋਹ ਦਾ ਮਹੀਨਾ ਸੀ ਜਦੋਂ ਦਿਨ ਅਸਲੋਂ ਛੋਟੇ ਸਨ । ਆਪਣੀਆਂ ਗਿਆਰਾਂ ਭੈਣਾਂ ਵਿਚੋਂ ਉਹ (ਪੋਹ) ਸਭ ਤੋਂ ਛੋਟੀ ਸੀ । ਇਕ ਦਿਨ ਮੈਂ ਸਵੇਰੇ ਉਠੀ ਅਤੇ ਜੰਗਲ ਦੀ ਦੇਵੀ ਬਨ ਦੁਰਗਾ ਦੀ ਪੂਜਾ ਕੀਤੀ । ਜਦੋਂ ਦੁਪਹਿਰ ਹੋਈ ਤਾਂ ਮੈਂ ਆਪਣੇ ਸਰੀਰ ਨੂੰ ਤੇਲ ਨਾਲ ਸੁਗੰਧਤ ਕੀਤਾ ਤੇ ਆਪਣੀ ਛਾਤੀ ਤੋਂ ਹੀਰਿਆਂ ਦਾ ਵਡਾ ਹਾਰ ਲਾਹਿਆ । ਫਿਰ ਇਕ ਸੋਨੇ ਦੀ ਗਾਗਰ ਹਥ ਵਿਚ ਲੈ ਕੇ ਮੈਂ ਆਪਣੀਆਂ ਗੋਲੀਆਂ ਸਮੇਤ ਦਰਿਆ ਦੇ ਘਾਟ ਉਤੇ ਗਈ । ਉਹ ਖ਼ੁਸ਼ੀ ਖ਼ੁਸ਼ੀ ਗਾਉਂਦੀਆਂ ਸਨ ਤੇ ਕੁਝ ਨਚਦੀਆਂ ਸਨ । ਅਸੀਂ ਖ਼ੁਸ਼ੀ ਖ਼ੁਸ਼ੀ ਗਲਾਂ ਕਰਦੀਆਂ ਪੌੜੀਆਂ ਤੀਕਰ ਅਪੜ ਗਈਆਂ । ਪਰ ਜਦੋਂ ਅਸੀਂ ਮੁੜਨ ਲਗੀਆਂ ਤਾਂ ਮੇਰਾ ਪੈਰ ਇਟ ਵਿਚ ਵੱਜਾ ਜਿਹੜਾ ਕਿ ਇਕ ਭੈੜਾ ਸਗਨ ਸੀ । ਹੁਣ ਕੀ ਹੋਵੇਗਾ ? ਇਹ ਸੋਚ ਕੇ ਮੈਂ ਡਰ ਨਾਲ ਕੰਬਨ ਲਗ ਪਈ । ਜੇ ਮੈਨੂੰ ਪਤਾ ਹੁੰਦਾ ਕਿ ਮੇਰੇ ਰਾਹ ਵਿਚ ਇਕ ਕਾਲਾ ਸਪ ਲੇਟਿਆ ਹੋਇਆ ਹੈ ਤਾਂ ਮੈਂ ਕਦੀ ਬਾਹਰ ਨ ਨਿਕਲਦੀ । ''ਉਹ ਵੇਗ ਵਿਚ ਚੁਪ ਹੋ ਗਈ ਤੇ ਕਾਰਕੁਨ ਵਲ ਉਂਗਲ ਕਰਕੇ ਦਰਬਾਰ ਨੂੰ ਕਿਹਾ ਕਿ ਉਸ ਨੂੰ ਪੁਛਿਆ ਜਾਏ ਕਿ ਉਸ ਨੂੰ ਇਸ ਕਿਸੇ ਬਾਰੇ ਕੀ ਪਤਾ ਹੈ ।

''ਹੁਣ ਮਾਘ ਅਤੇ ਫਗਣ ਆਏ । ਚੀਰਵੀਂ ਠੰਢ ਹੋ ਗਈ । ਗਰੀਬ ਕਪੜਿਆਂ ਖੁਣੋਂ ਦੁਖੀ ਸਨ ਤੇ ਲੰਮੀਆਂ ਰਾਤਾਂ ਲੰਮਕਦੀਆਂ ਟਿਕੀਆਂ ਰਹਿੰਦੀਆਂ ਜਿਵੇਂ ਉਹਨਾਂ ਦਾ ਜਾਣ ਨੂੰ ਜੀ ਨਾ ਕਰਦਾ ਹੋਵੇ । ਇਕ ਦਿਨ ਇਹ ਗੁਜਰੀ ਚੀਕਨ, ਸਾਡੇ ਘਰ ਦਹੀਂ ਵੇਚਣ ਆਈ । ਇਹ ਉਹ ਚਿਠੀ ਹੈ ਜਿਹੜੀ ਉਹ ਲੈ ਕੇ ਆਈ । (ਉਹ ਚਿਠੀ ਪੇਸ਼ ਕਰਦੀ ਹੈ ਤੇ ਕਹਿੰਦੀ ਹੈ) ।

''ਮੈਨੂੰ ਇਹ ਦਸਣ ਦੀ ਲੋੜ ਨਹੀਂ ਕਿ ਇਸ ਵਿਚ ਕੀ ਲਿਖਿਆ ਹੈ । ਮੈਂ ਦਰਬਾਰ ਅਗੇ ਬੇਨਤੀ ਕਰਦੀ ਹਾਂ ਕਿ ਇਹ ਸਾਰੀ ਪੜ੍ਹ ਲਈ ਜਾਏ ।''

ਫਿਰ ਪਿਆਰਾ ਚੇਤਰ ਆਇਆ । ਫੁਲ ਬੂਟਿਆਂ ਅਤੇ ਹੋਰ ਬਨਸਪਤੀ ਨੇ ਆਪਣੇ ਰੰਗਾਂ ਦੇ ਖਜ਼ਾਨੇ ਖੋਲ੍ਹੇ । ਇਸ ਤਰ੍ਹਾਂ ਲਗਦਾ ਸੀ ਜਿਵੇਂ ਕਾਮ ਦੇਵਤਾ ਆਪਣੇ ਫੁਲਾਂ ਦੇ ਤੀਰ ਲੈ ਕੇ ਹਰ ਬੂਟੇ ਪਿਛੇ ਲੁਕਿਆ ਬੈਠਾ ਸੀ । ਸਜਣਾਂ ਤੋਂ ਵਿਛੜਿਆਂ ਨੂੰ ਵਿਛੋੜਾ ਵਢ ਵਢ ਖਾਂਦਾ ਸ਼ੀ । ਮਧੂ ਮਖੀਆਂ ਦੀ ਭਿੰਨ ਭਿੰਨ ਨਾਲ ਬਾਗਾਂ ਵਿਚ ਰੌਣਕ ਲਗੀ ਰਹਿੰਦੀ ਸੀ ਤੇ ਕੋਇਲ ਸਾਰਾ ਦਿਨ ਗਾਉਂਦੀ । ਮੈਂ ਸੁਣਿਆ ਕਿ ਮੇਰੇ ਮਾਤਾ ਪਿਤਾ ਆਪੋ ਵਿਚ ਹੌਲੀ ਹੌਲੀ ਮੇਰੇ

ਵਿਆਹ ਦੀਆਂ ਗਲਾਂ ਕਰਦੇ । ਬਸ ਓਨ੍ਹੀਂ ਦਿਨੀਂ ਹਜ਼ੂਰ ਵਲੋਂ ਹਰਕਾਰਾ ਆਇਆ ਜਿਸ ਨੇ ਮੇਰੇ ਪਿਤਾ ਨੂੰ ਹਜ਼ੂਰ ਸਾਮਣੇ ਪੇਸ਼ ਹੋਣ ਦਾ ਹੁਕਮ ਸੁਣਾਇਆ । ਹਾਥੀ ਘੋੜੇ ਤਿਆਰ ਕੀਤੇ ਗਏ ਅਤੇ ਆਪਣੇ ਅੰਗ ਰਖਿਅਕਾਂ ਅਤੇ ਮੁਸਾਹਿਬਾਂ ਦੇ ਨਾਲ ਉਨ੍ਹਾਂ ਨੇ ਹਜ਼ੂਰ ਦੀ ਰਾਜਧਾਨੀ ਦਾ ਰਾਹ ਫੜਿਆ । ਟੁਰਨ ਲਗਿਆਂ ਉਹ ਮੇਰੇ ਕੋਲ ਆਏ ਅਤੇ ਕਿਹਾ, ''ਮੇਰੀ ਬਚੀ ! ਪਤਾ ਨਹੀਂ ਮੈਨੂੰ ਕਿੰਨੇ ਦਿਨ ਬਾਹਰ ਰਹਿਣਾ ਪਵੇ, ਮੇਰੇ ਪਿਛੋਂ ਆਪਣੇ ਆਪ ਦਾ ਪੂਰਾ ਖਿਆਲ ਰਖੀਂ ।'' ਉਨ੍ਹਾਂ ਦੇ ਵਿਛੜਨ ਲਗਿਆਂ ਮੇਰੀਆਂ ਅਖਾਂ ਵਿਚ ਹੰਝੂ ਆ ਗਏ । ਜਦੋਂ ਮੇਰੇ ਪਿਤਾ ਜੀ ਚਲੇ ਗਏ ਤਾਂ ਸਾਰਾ ਘਰ ਅਨ੍ਹੇਰਾ ਲਗਦਾ ਸੀ ।

''ਫਿਰ ਜੇਠ ਆ ਗਿਆ । ਸਾਰੇ ਲੋਕ ਸਜ ਧਜ ਬਨ ਦੁਰਗਾ ਦੀ ਪੂਜਾ ਕਰਨ ਲਗੇ । ਢੋਲ ਢਮਕੇ ਵਜ ਰਹੇ ਸਨ । ਮੰਦਰਾਂ ਦੇ ਅੰਦਰ ਖ਼ੁਸ਼ੀ ਖ਼ੁਸ਼ੀ ਛੈਣੇ ਅਤੇ ਖੜਤਾਲਾਂ ਖੜਕਦੀਆਂ ਸਨ । ਮੰਦਰਾਂ ਨੂੰ ਬੜੇ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ ਅਤੇ ਤੀਵੀਆਂ ਅਤੇ ਬਚੇ ਸੋਹਣੇ ਸੋਹਣੇ ਕਪੜੇ ਪਾ ਕੇ ਸ਼ਾਮਿਆਨਿਆਂ ਦੇ ਹੇਠਾਂ ਮੌਜ ਮੇਲੇ ਵਿਚ ਲਗੇ ਹੋਏ ਸਨ । ਮੈਂ ਅਤੇ ਮੇਰੀ ਮਾਤਾ ਇਕੱਲੀਆਂ ਬਹਿ ਕੇ ਰੋਂਦੀਆਂ, ਇਹ ਸੋਚ ਕੇ ਕਿ ਮੇਰੇ ਪਿਤਾ ਨਾਲ ਖਬਰੇ ਕੀ ਬੀਤੀ ਹੈ । ਇਸ ਵੇਲੇ ਸਾਨੂੰ ਹਜ਼ੂਰ ਦੇ ਮਹਿਲਾਂ ਤੋਂ ਖਬਰ ਅਪੜੀ ਕਿ ਮੇਰੇ ਪਿਤਾ ਜੀ ਨੂੰ ਕੈਦ ਕਰ ਲਿਆ ਗਿਆ ਹੈ । ਇਹ ਹੈ ਉਹ ਚਿਠੀ ਜਿਸ ਰਾਹੀਂ ਇਹ ਨਿਰਦਈ ਖਬਰ ਮਿਲੀ (ਉਹ ਚਿਠੀ ਕਢਦੀ ਹੈ ਤੇ ਫਿਰ ਕਹਿੰਦੀ ਹੈ ।

''ਹੁਣ ਕੀ ਮੈਂ ਹਜ਼ੂਰ ਨਿਆਂ ਸਰੂਪ ਨੂੰ ਪੁਛ ਸਕਦੀ ਹਾਂ ਕਿ ਮੇਰੇ ਪਿਤਾ ਜੀ ਨੂੰ ਕਿਸ ਗਲ ਦੀ ਸਜ਼ਾ ਦਿਤੀ ਗਈ ?''

''ਸਾਡੇ ਕਰਿੰਦੇ, ਕਾਕੁਰਨ ਨੇ ਮੇਰੇ ਵੀਰ ਨੂੰ ਸਮਝਾਇਆ ਕਿ ਇਹ ਉਸ ਦਾ ਧਰਮ ਬਣਦਾ ਹੈ ਕਿ ਉਹ ਜਾ ਕੇ ਪਿਤਾ ਜੀ ਨੂੰ ਖਤਰੇ ਤੋਂ ਛੁਡਾਵੇ । ਇਸ ਤਰ੍ਹਾਂ ਮੇਰੇ ਵੀਰ ਨੂੰ, ਜਿਹੜਾ ਇਕ ਮਾਸੂਮ ਛੋਹਰ ਸੀ ਤੇ ਜਿਸ ਨੂੰ ਦੁਨੀਆਂ ਦੀਆਂ ਚਾਲਾਕੀਆਂ ਦਾ ਕੁਝ ਪਤਾ ਨਹੀਂ ਸੀ, ਸਾਡੇ ਕੋਲੋਂ ਟੋਰ ਦਿਤਾ ਗਿਆ । ਮੈਂ ਅਤੇ ਮੇਰੀ ਮਾਤਾ ਖੂੰਜੇ ਬਹਿ ਕੇ ਰੋਂਦੀਆਂ । ਮੈਂ ਬਨ ਦੁਰਗਾ ਦੀ ਪੂਜਾ ਵਿਚ ਕਿਵੇਂ ਰਲ ਸਕਦੀ ਸਾਂ । ਆਪਣੀਆਂ ਸਾੜ੍ਹੀਆਂ ਨਾਲ ਗਲ ਵਿਚ ਪਲਾ ਪਾ ਕੇ ਅਸਾਂ ਦੇਵੀ ਅਗੇ ਮਨ ਦੀ ਅਰਦਾਸ ਕੀਤੀ । ਵਰ ਅਸਾਂ ਇਹ ਮੰਗਿਆ ਕਿ ਮੇਰਾ ਪਿਤਾ ਅਤੇ ਮੇਰਾ ਵੀਰ ਘੜ ਮੁੜ ਆਉਣ ।

''ਜੇਠ ਦਾ ਮਹੀਨਾ ਅਗੇ ਟੁਰਿਆ । ਰੁਖਾਂ ਦੀਆਂ ਟਾਹਣੀਆਂ ਉਤੇ ਅੰਬਾਂ ਦੇ ਬੂਰ ਵੀ ਅੰਬ ਬਣ ਗਏ । ਪਿੰਡਾਂ ਵਿਚ ਇਸਤ੍ਰੀਆਂ ਅਤੇ ਮਨੁਖ ਖ਼ੁਸ਼ੀ ਨਾਲ ਫੁਲਾਂ ਵਾਲੀਆਂ ਪੀਘਾਂ ਉਤੇ ਝੂਟਦੇ ਰਹੇ । ਸਾਨੂੰ ਇਕ ਪਤ੍ਰ ਆਇਆ ਜਿਸ ਵਿਚ ਲਿਖਿਆ ਸੀ ਕਿ ਮੇਰੇ ਪਿਤਾ ਜੀ ਅਤੇ ਵੀਰ ਦੋਵੇਂ ਜੇਲ੍ਹ ਵਿਚ ਸੁਟ ਦਿਤੇ ਗਏ ਹਨ । ਅਸੀਂ ਜਿਹੜੇ ਪਹਿਲਾਂ ਹੀ ਮਜਬੂਰ ਸਾਂ ਸਵਾਏ ਸਾਰਾ ਦਿਨ ਰੋਂਦੇ ਰਹਿਣ ਦੇ ਹੋਰ ਕੀ ਕਰ ਸਕਦੀਆਂ ਸੀ ? 'ਅਸੀਂ ਸੋਚਦੀਆਂ ਕਿ ਹੁਣ ਕਿਹੜੇ ਦੇਵਤੇ ਦੀ ਮੰਨਤ ਮੰਨੀਏ ਕਿ ਉਹ ਸਾਨੂੰ ਵਾਪਸ ਮਿਲ ਜਾਣ । ਕਾਲਾ ਸਪ ਦਫਤਰ ਵਾਲੇ ਕਮਰੇ ਵਿਚ ਸੀ । ਅਸੀਂ ਉਸ ਤੋਂ ਡਰਦੀਆਂ ਉਚੀ ਰੋਂਦੀਆਂ ਵੀ ਨ ।

"ਜੇਠ ਦੇ ਅਖ਼ੀਰ ਵਿਚ ਬਿਰਖਾਂ ਦੀਆਂ ਟਾਹਣੀਆਂ ਉਤੇ ਅੰਬ ਪਕ ਗਏ। ਮੇਰੇ ਮਾਤਾ ਜੀ ਚੰਡੀ ਦੇ ਮੰਦਰ ਗਏ ਅਤੇ ਬੰਦਿਆਂ ਦੇ ਘਰ ਮੁੜ ਆਉਣ ਦੀ ਅਰਦਾਸ ਕਰਕੇ ਵਰਤ ਰਖਿਆ। ਵਰਤ ਰਖ ਕੇ ਉਹ ਮੰਦਰ ਦੇ ਦਰਵਾਜ਼ੇ ਨੇੜੇ ਡੰਡੌਤ ਵਿਚ ਪਈ ਰਹੀ। ਇਕ ਹਥ ਨਾਲ ਮੈਂ ਆਪਣੇ ਹੰਝੂ ਪੂੰਝੇ ਤੇ ਦੂਜੇ ਨਾਲ ਮਾਂ ਦੀ ਬਾਂਹ ਫੜ ਕੇ ਉਸ ਨੂੰ ਘਰ ਲੈ ਆਂਦਾ। ਉਹ ਸ਼ਸਥੀ ਦੇਵੀ ਦੀ ਪੂਜਾ ਕਰਦੀ, ਜਿਹੜੀ ਬਚਿਆਂ ਦੀ ਰਖਿਆ ਕਰਦੀ ਹੈ, ਤੇ ਦਿਨ ਰਾਤ ਉਸ ਦੇ ਕਦੀਂ ਹੰਝੂ ਬੰਦ ਨਾ ਹੁੰਦੇ। ਇਕ ਦਿਨ ਬਦਮਾਸ਼ ਕਾਰਕੁਨ ਸਾਡੇ ਅੰਦਰ ਆਇਆ ਤੇ ਹਜ਼ੂਰ ਵਲੋਂ ਮਿਲੀ ਸਨਦ ਮੈਨੂੰ ਵਿਖਾਈ। ਉਹ ਸਨਦ ਉਸ ਨੂੰ ਹੁਣ ਪੇਸ਼ ਕਰਨੀ ਚਾਹੀਦੀ ਹੈ। ਉਹ ਵੀ ਮੇਰੀ ਗਵਾਹੀ ਹੈ।"

"ਅਸੀਂ ਆਪਣੇ ਘਰ ਵਿਚ ਕੈਦੀਆਂ ਵਾਂਗ ਹੋ ਗਏ। ਫਿਰ ਮੈਂ ਅਤੇ ਮੇਰੀ ਮਾਤਾ ਨੇ ਘਰ ਛਡ ਦਿਤਾ। ਸਾਡੇ ਕੋਲ ਇਕ ਕੌਡੀ ਵੀ ਨਹੀਂ ਸੀ। ਪਾਲਕੀ ਉਤੇ ਚੜ੍ਹ ਕੇ ਅਸੀਂ ਮਾਮੇ ਦੇ ਘਰ ਟੁਰ ਗਈਆਂ। ਹਾੜ ਵਿਚ ਦਿਨ ਰਾਤ ਮੀਂਹ ਪੈਂਦਾ ਤੇ ਮੀਂਹ ਵਾਂਗ ਹੀ ਡਿਗਦੇ ਸਾਡੇ ਹੰਝੂ, ਮਾਮੇ ਦੇ ਘਰ ਦੇ ਇਕ ਕਮਰੇ ਵਿਚ ਜਿਥੇ ਅਸੀਂ ਰਹਿੰਦੀਆਂ। । ਸਾਡੇ ਜੀਵਨ ਆਸ ਦੀ ਇਕੋ ਤੰਦ ਨਾਲ ਲਮਕ ਰਹੇ ਸਨ। ਦਰਿਆ ਹੁਣ ਭਰ ਕੇ ਵਗ ਰਹੇ ਸਨ। ਬੇੜੀ ਚਲਾਨ ਵਾਲੇ ਸਾਡੀ ਬੇੜੀ ਚਲਾ ਕੇ ਲਿਆਉਣਗੇ ਤੇ ਮੇਰਾ ਪਿਤਾ ਅਤੇ ਵੀਰ ਬਾਰਸ਼ਾਂ ਵਿਚ ਹੀ ਘਰ ਮੁੜ ਆਉਣਗੇ।"

"ਪਰ ਅਚਾਨਕ ਮੇਰੇ ਮਾਮੇ ਵਲੋਂ ਜਿਹੜਾ ਪਰਦੇਸ ਵਿਚ ਰਹਿੰਦਾ ਸੀ, ਇਕ ਚਿਠੀ ਆਈ। ਇਹ ਸਾਡੇ ਦੁਖ ਦੀ ਬਲਦੀ ਉਤੇ ਤੇਲ ਪਾਉਣ ਵਾਂਗ ਸੀ। ਮੈਨੂੰ ਕਹੀ ਬਿਜ ਪਈ। ਮੇਰੀ ਮਾਂ ਵਿਚਾਰੀ ਨੂੰ ਅਜੇ ਇਸ ਚਿਠੀ ਦੇ ਮਜ਼ਮੂਨ ਦਾ ਪਤਾ ਨਹੀਂ। ਮੈ ਉਸ ਤੋਂ ਵਿਦਿਆ ਹੋਣ ਲਈ ਵੀ ਨਹੀਂ ਉਡੀਕਿਆ। ਬਸ ਇਕ ਦਮ ਮਾਮੇ ਦਾ ਘਰ ਛਡ ਦਿਤਾ। ਇਹ ਹੈ ਉਹ ਚਿਠੀ। ਇਹ ਵੀ ਮੇਰੀ ਗਵਾਹੀ ਹੈ (ਉਹ ਚਿਠੀ ਪੇਸ਼ ਕਰਦੀ ਹੈ ਤੇ ਫਿਰ ਅਗ੍ਹਾਂ ਟੁਰਦੀ ਹੈ)"

"ਮੈਂ ਆਪਣੇ ਮਾਮੇ ਦਾ ਘਰ ਛਡ ਦਿਤਾ। ਮੇਰੇ ਦਿਲ ਨੇ ਇਹੋ ਧਾਰਿਆ ਹੋਇਆ ਸੀ ਕਿ ਨਾ ਮੈਂ ਏਥੋਂ ਕੁਝ ਮੂੰਹ ਵਿਚ ਪਾਵਾਂਗੀ ਅਤੇ ਨ ਹੀ ਇਕ ਪਲ ਏਸ ਘਰ ਵਿਚ ਠਹਿਰਾਂਗੀ। ਇਸ ਨਾਲੋਂ ਤੇ ਮੈਂ ਕਿਸੇ ਦਰਿਆ ਵਿਚ ਡੁਬ ਕੇ ਮਰ ਜਾਵਾਂਗੀ ਜਾਂ ਜ਼ਹਿਰ ਪੀ ਲਵਾਂਗੀ।"

"ਮੈਂ ਇਕੱਲੀ ਇਕ ਵਡੇ ਜੰਗਲ ਕੋਲ ਆ ਗਈ। ਸਾਰੇ ਪਾਸੇ ਅਨ੍ਹੇਰਾ ਸੀ। ਜ਼ਹਿਰੀ ਸਪਾਂ ਨੇ ਮੈਨੂੰ ਨ ਵਢਿਆ। ਨ ਹੀ ਜੰਗਲ ਦੇ ਸ਼ੇਰਾਂ ਨੇ ਮੇਰੇ ਦਿਨਾਂ ਦਾ ਅੰਤ ਕੀਤਾ। ਅਕਾਸ਼ ਦਾ ਕਿਹੜਾ ਦੇਵਤਾ ਇਸ ਵੇਲੇ ਮੈਨੂੰ ਸ਼ਰਨ ਦੇਵੇਗਾ। ਮੈਂ ਆਪਣੇ ਮਨ ਤੋਂ ਪੁਛਿਆ। ਫਿਰ ਮੈਂ ਰੋ ਕੇ ਉਚੀ ਸਾਰੀ ਕਿਹਾ, "ਹੇ ਦੇਵਤਿਓ! ਮੈਨੂੰ ਆਪਣਾ ਆਪ ਲੁਕਾਣ ਲਈ ਕੋਈ ਥਾਂ ਦੱਸੋ। ਮੇਰੀਆਂ ਅਖਾਂ ਨੇ ਹੰਝੂਆਂ ਦੀ ਝੜੀ ਲਾਈ ਹੋਈ ਸੀ। ਜਿੰਨਾ ਮੈਂ ਉਹਨਾਂ ਨੂੰ ਪੂੰਝਦੀ ਉਨਾਂ ਹੀ ਉਹ ਵਧਦੇ ਜਾਂਦੇ। ਹੰਝੂਆਂ ਕਰਕੇ ਮੈਨੂੰ ਰਾਹ ਵੀ ਨ ਦਿਸਦਾ। ਮੇਰੇ ਨੇੜੇ ਕੋਈ ਹਮਦਰਦ, ਕੋਈ ਮਿਤਰ ਨਹੀਂ ਸੀ। ਇਹੋ ਜਿਹੀ ਨਿਰਾਸ਼ਾ ਵੇਲੇ ਮੈਂ ਇਕ ਛੇੜੂ ਨੂੰ ਮਿਲੀ। ਉਹ ਪਿਛਲੇ ਕਈ ਜਨਮਾਂ ਵਿਚ ਮੇਰਾ ਮਿਤ੍ਰ ਰਿਹਾ ਹੋਵੇਗਾ। ਇਸ ਦੁੱਖ ਵਿਚ ਉਹ ਇਕਲਾ ਮੇਰਾ ਸਹਾਇਕ ਸੀ ਤੇ ਮੇਰੇ ਨਾਲ ਓਸੇ ਤਰ੍ਹਾਂ ਦਾ ਹੀ ਵਰਤਾਓ ਉਸ ਕੀਤਾ ਜਿਹੋ ਜਿਹਾ ਮੇਰਾ ਪਿਤਾ ਆਪ ਕਰਦਾ। ਉਸ ਦਾ ਮੇਰੇ ਲਈ ਪਿਆਰ ਮੇਰੇ ਆਪਣੇ ਮਾਪਿਆਂ ਤੋਂ ਵੀ ਵਧ ਸੀ। ਉਸ ਦੀ ਕੁਟੀਆ ਵਿਚ ਮੈਨੂੰ ਤਿੰਨ ਰਾਤਾਂ ਸ਼ਰਨ ਮਿਲੀ। ਇਹ ਛੇੜੂ ਮੇਰਾ ਮੁਖ ਸਾਖੀ ਹੈ। ਜਦੋਂ ਮੈਂ ਅਮਲੋਂ ਬੇ-ਆਸਰਾ ਸਾਂ ਤਾਂ ਇਸ ਨੇ ਮੇਰੀ ਪਤ ਬਚਾਈ।"

"ਮੈਂ ਆਪਣੇ ਸਾਰੇ ਗਵਾਹਾਂ ਦੇ ਨਾਂ ਦਸ ਦਿਤੇ ਹਨ। ਹੁਣ ਮੈਂ ਉਸ ਦੀ ਗਲ ਕਰਾਂਗੀ ਜੋ ਮੇਰੇ ਦਿਲ ਦਾ ਸਵਾਮੀ ਹੈ। ਹੁਣ ਸੌਣ ਦਾ ਮਹੀਨਾ ਸੀ। ਉਸ ਦਲਦਲੀ ਇਲਾਕੇ ਵਿਚ ਬਾਜਾਂ ਨੇ ਆਪਣੀ ਕੂਕ ਨਾਲ ਅਸਮਾਨ ਸਿਰ ਉਤੇ ਚੁਕਿਆ ਹੋਇਆ ਸੀ। ਰਾਜਕੁਮਾਰ ਓਥੇ ਸ਼ਿਕਾਰ ਖੇਡਣ ਆਇਆ।" ਛੇੜੂ ਦੀ ਕੁਟੀਆ ਵਿਚ ਮੈਂ ਉਸਨੂੰ ਮਿਲੀ। ਉਸ ਮੈਥੋਂ ਪੁਛਿਆ ਤੂੰ ਕੌਣ ਹੈਂ। ਮੈਂ ਕਿਹਾ "ਅਜੇ ਨਹੀਂ, ਵੇਲਾ ਆਉਣ ਉਤੇ ਸਭ ਕੁਝ ਦਸਾਂਗੀ। ਮੈਂ ਠੰਡੇ ਪਾਣੀ ਦਾ ਛੰਨਾ ਉਸ ਨੂੰ ਦਿਤਾ ਕਿਉਂਕਿ ਉਹ ਤਿਹਾਇਆ ਸੀ। ਪਰ ਉਸ ਵੇਲੇ ਮੇਰੇ ਮਨ ਵਿਚ ਇਕ ਭਾਵ ਜਾਗ ਪਿਆ, ਜਿਹੜਾ ਕਮਲ ਵਾਂਗ ਕੋਮਲ ਅਤੇ ਪਿਆਰਾ ਸੀ। ਉਹ ਕੱਤਕ ਦੇਵਤਾ ਵਾਂਗ ਸੁੰਦਰ ਲਗਦਾ ਸੀ ਤੇ ਉਸਨੂੰ ਵੇਖ ਕੇ ਮੇਰੀਆਂ ਅਖਾਂ ਕੀਲੀਆਂ ਗਈਆਂ। ਉਹ ਮੇਰੇ ਖੂਨ ਦਾ ਸਵਾਮੀ ਮੈਨੂੰ ਆਪਣੇ ਨਾਲ ਲੈ ਆਇਆ। ਮੈਂ ਆਪਣੇ ਸਾਰੇ ਭਾਵਾਂ ਨੂੰ ਦਬੀ ਰਖਿਆ ਅਤੇ ਇਕੱਲੀ ਹੀ ਰਹਿਣਾ ਚਾਹੁੰਦੀ ਸਾਂ। ਬੇੜੀ ਵਾਲੇ ਨੇ ਸੁਨਹਿਰੀ ਬੇੜੀ ਦੇ ਚਪੂ ਚਲਾਏ। ਆਪਣੇ ਨੀਲੇ ਬਾਦਬਾਨ ਨਾਲ ਇਹ ਬੜੀ ਸ਼ਾਨਦਾਰ ਲਗਦੀ ਸੀ ਤੇ ਹਵਾ ਵੀ ਸਿਧੀ ਸੀ। ਏਥੇ ਆ ਕੇ ਮੈਂ ਆਪਣੀ ਮਰਜ਼ੀ ਨਾਲ ਰਾਣੀ ਦੀ ਗੋਲੀ ਬਣ ਗਈ ਉਸ ਨੇ ਮੈਨੂੰ ਆਪਣੀ ਧੀ ਵਾਂਗ ਰਖਿਆ ਹੈ। ਦਿਨ ਰਾਤ ਮੈਂ ਉਸ ਦੀ ਸੇਵਾ ਵਿਚ ਹਾਜ਼ਰ ਰਹਿੰਦੀ। ਉਸ ਦੀ ਛੋਟੀ ਤੋਂ ਛੋਟੀ ਇੱਛਾ ਪੂਰੀ ਕਰਨ ਨੂੰ ਤਿਆਰ ਰਹਿੰਦੀ ਇਕ ਦਿਨ ਮੈਂ ਢੋਲ ਵਜਦੇ ਸੁਣੇ। ਨਾਚੇ ਨਚ ਰਹੇ ਸਨ ਤੇ ਨੌਕਰ ਸੋਹਣੇ ਸੋਹਣੇ ਕਪੜੇ ਪਾਈ ਬਾਜਾਰਾਂ ਵਿਚ ਫਿਰ ਰਹੇ ਸਨ। ਇਹ ਰੌਣਕ ਕਿਸ ਗਲ ਦੀ ਹੈ? ਮੈਂ ਪੁਛਿਆ। ਇਹ ਸੌਣ ਦਾ ਅਖੀਰਲਾ ਦਿਨ ਸੀ ਤੇ ਉਹ ਮਨਸਾ ਦੇਵੀ ਦੀ ਪੂਜਾ ਕਰ ਰਹੇ ਸਨ। ਜਦ ਮੈਂ ਇਹ ਸੁਣਿਆ ਤਾਂ ਮੈਨੂੰ ਆਪਣਾ ਘਰ ਯਾਦ ਆ ਗਿਆ ਤੇ ਮੇਰੇ ਦਿਲ ਵਿਚ ਜਿਵੇਂ ਬਰਛੀ ਵਜ ਗਈ। ਮੇਰੇ ਪਿਤਾ ਦੇ ਘਰ ਵਾਲਾ ਮੰਦਰ ਖਾਲੀ ਸੀ। ਹਾਏ ਦੇਵੀ ਕਿਥੇ ਚਲੀ ਗਈ ਤੇ ਕਿਥੇ ਉਸ ਦੇ ਸ਼ਰਧਾਵਾਨ ਪੁਜਾਰੀ। ਮੈਨੂੰ ਆਪਣੀ ਮਾਤਾ ਦਾ ਵੀ ਚੇਤਾ ਆਇਆ ਜਿਸ ਨੂੰ ਮੈਂ ਇਕ ਸ਼ਾਮ ਨੂੰ ਦਿਲ ਕਰੜਾ ਕਰਕੇ ਛਡ ਆਈ ਸਾਂ। ਮੇਰੇ ਨਾਲੋਂ ਇਕ ਪਲ ਲਈ ਵਿਛੜ ਕੇ ਵੀ ਉਹ ਗਮ ਨਾਲ ਪਾਗਲ ਹੋ ਜਾਂਦੀ ਸੀ। ਭਾਦਰੋਂ ਦੇ ਮਹੀਨੇ ਵਿਚ ਮੇਰੀ ਮਾਂ ਤਾਲ ਦੇ ਫਲਾਂ ਦੀਆਂ ਮਠਾਈਆਂ ਬਣਾਂਦੀ ਹੁੰਦੀ ਸੀ। ਉਹ ਬੀਤੇ ਦਿਨ ਯਾਦ ਕਰਕੇ ਮੇਰੇ ਮਨ ਨੂੰ ਬੜੀ ਠੇਸ ਵਜੀ। ਮਾਂ ਤੋਂ ਵਿਛੜ ਕੇ ਮੈਂ ਗ਼ਮ ਵਿਚ ਡੁਬੀ ਹੋਈ ਸਾਂ। ਭਾਦਰੋਂ ਦੀਆਂ ਰਾਤਾਂ ਵਿਚ ਚੰਨ ਏਨਾ ਤੇਜ ਹੁੰਦਾ ਹੈ ਕਿ ਉਸ ਦੀਆਂ ਕਿਰਨਾਂ ਹੇਠ ਦਰਿਆ ਦਾ ਥਲਾ ਵੀ ਦਿਸਦਾ ਹੈ ਪਰ ਮੈਨੂੰ ਇਹ ਚੰਨ ਅਨ੍ਹੇਰਾ ਲਗਦਾ ਸੀ। ਫਿਰ ਅਨ੍ਹ ਵਿਚ ਹਰ ਘਰ ਵਿਚ ਪੂਜਾ ਮਨਾਈ ਗਈ। ਮੇਰੇ ਪਿਤਾ ਦੇ ਘਰ ਵਾਲੇ ਮੰਦਰ ਵਿਚ ਕੋਈ ਬਤੀ ਨਹੀਂ ਸੀ ਜਗਾਈ ਗਈ। ਮੈਂ ਆਪਣੇ ਮਨ ਵਿਚ ਦੁਰਗਾ ਮਾਤਾ ਅਗੇ ਅਰਦਾਸ ਕਰਦੀ ਸਾਂ ਕਿ ਉਸ ਦੀ ਕਿਰਪਾ

ਨਾਲ ਪਿਤਾ ਅਤੇ ਵੀਰ ਘਰ ਮੁੜ ਆਉਣ। ਕਤੇਂ ਵਿਚ ਲੋਕ ਦੀਵੇ ਬਾਲਦੇ ਤੇ ਰਾਤ ਜਾਗਦੇ ਰਹਿੰਦੇ। ਘਰਾਂ ਦੀਆਂ ਛਤਾਂ ਦੀਵਿਆਂ ਦੀਆਂ ਪਾਲਾਂ ਨਾਲ ਜਗਮਗ ਕਰਦੀਆਂ। ਇਸਤ੍ਰੀਆਂ ਅਤੇ ਮਰਦਾਂ ਨੂੰ ਸੌਣਾ ਭੁਲਿਆ ਹੋਇਆ ਸੀ। ਉਹ ਸਾਰਾ ਸਮਾਂ ਰਾਗ ਰੰਗ ਵਿਚ ਲੰਘਾਉਂਦੇ। ਨਾਰਾਂ ਬਹੁਤ ਸੁੰਦਰ ਕਪੜੇ ਪਾ ਕੇ ਤਿਉਹਾਰ ਦੀਆਂ ਰਾਤਾਂ ਮਨਾਉਂਦੀਆਂ। ਫਿਰ ਮਘਰ ਆਇਆ ਖੇਤ ਪਕੀਆਂ ਹੋਈਆਂ ਫਸਲਾਂ ਨਾਲ ਢਕੇ ਗਏ। ਸੁਨਹਿਰੀ ਫਸਲਾਂ ਵੇਖ ਕੇ ਕ੍ਰਿਸਾਨਾਂ ਦੇ ਮਨ ਖਿੜ ਜਾਂਦੇ। ਰਾਤ ਨੂੰ ਉਹ ਘਰ ਮੁੜਦੇ ਤਾਂ ਅਨਾਜ ਦੀਆਂ ਸੁਨਹਿਰੀ ਮੁੰਜਰਾਂ ਉਹਨਾਂ ਦਿਆਂ ਸਿਰਾਂ ਤੋਂ ਹੇਠਾਂ ਪਲਮਦੀਆਂ ਹੁੰਦੀਆਂ। ਉਹਨਾਂ ਦੀਆਂ ਤੀਵੀਆਂ ਹਥਾਂ ਵਿਚ ਦੀਵੇ ਲੈ ਉਹਨਾਂ ਨੂੰ ਅਗੋਂ ਮਿਲਦੀਆਂ। ਉਹ ਤਿਓਹਾਰਾਂ ਦੇ ਗੀਤ ਗਾਉਂਦੀਆਂ। ਤੇ ਭਾਗਾਂ ਵਾਲੇ ਵਰ੍ਹੇ ਲਈ ਅਰਦਾਸ ਕਰਦੀਆਂ। ਫਸਲਾਂ ਦੀ ਦੇਵੀ ਲਛਮੀ ਦੀ ਹਰ ਘਰ ਵਿਚ ਪੂਜਾ ਹੁੰਦੀ। ਨਵੀਂ ਫਸਲ ਦੀ ਚਾਉਲਾਂ ਨਾਲ ਖਿਚੜੀ ਤੇ ਰੋਟੀ ਬਣਾ ਕੇ ਨਾਰਾਂ ਦੇਵੀ ਦੀ ਭੇਟਾ ਕਰਦੀਆਂ। ਜਦੋਂ ਸਾਰੀ ਦੁਨੀਆਂ ਚੰਗੇ ਭਾਗਾਂ ਦੀ ਦੇਵੀ ਦੀ ਪੂਜਾ ਕਰ ਰਹੀ ਸੀ ਤਾਂ ਮੈਂ ਆਪਣੇ ਆਪ ਤੋਂ ਪੁਛਿਆ, "ਮੇਰੇ ਭਾਗ ਕਿਵੇਂ ਜਾਗਣਗੇ ?" ਮੇਰੇ ਮਾਪੇ ਨਹੀਂ ਰਹੇ ਸਨ। ਮੇਰਾ ਵੀਰ ਨਹੀਂ ਰਿਹਾ ਸੀ ਤੇ ਇਸ ਦੁਨੀਆ ਵਿਚ ਕੋਈ ਵੀ ਨਹੀਂ ਸੀ ਜਿਸ ਨੂੰ ਮੈਂ ਆਪਣਾ ਆਖ ਸਕਦੀ। ਸਾਰੀ ਰਾਤ ਮੈਂ ਰੋਦਿਆਂ ਕਟੀ। ਹੁਣ ਇਸ ਥਾਂ ਉਤੇ ਮੇਰੀ ਗਵਾਹ ਰਾਣੀ ਆਪ ਹੈ। ਇਕ ਦਿਨ ਜਦੋਂ ਮੈਂ ਉਸ ਦੇ ਅਸ਼ਨਾਨ ਲਈ ਖੁਸ਼ਬੂਦਾਰ ਤੇਲ ਲਿਆਂਦਾ ਅਤੇ ਪਾਣੀ ਲਿਆਉਣ ਲਈ ਘਾਟ ਨੂੰ ਜਾਣ ਲਈ ਤਿਆਰ ਸੀ ਤਾਂ ਮੈਂ ਢੋਲਾਂ ਦੀ ਆਵਾਜ਼ ਸੁਣੀ ਅਤੇ ਵੇਖਿਆ ਕਿ ਲੋਕੀ ਸੁਹਣੇ ਸੁਹਣੇ ਕਪੜੇ ਪਾ ਕੇ ਭਜੇ ਜਾਰਹੇ ਸਨ। ਮੈਂ ਪੁਛਿਆ ਮੰਦਰ ਵਿਚ ਕਿਸ ਦੇਵਤਾ ਦੀ ਪੂਜਾ ਹੋ ਰਹੀ ਹੈ। ਉਹਨਾਂ ਦਸਿਆ ਕਿ ਕਾਲੀ ਦੇਵੀ ਦੀ ਪੂਜਾ ਹੋਣੀ ਹੈ ਤੇ ਕਿਹਾ ਕਿ ਉਸ ਦੇਵੀ ਅਗੇ ਅਜ ਮਨੁਖਾਂ ਦਾ ਬਲੀਦਾਨ ਦਿਤਾ ਜਾਵੇਗਾ, ਫਿਰ ਉਹਨਾਂ ਘੁਸਰ ਮੁਸਰ ਸ਼ੁਰੂ ਕਰ ਦਿੱਤੀ। ਤੇ ਜਦੋਂ ਉਹਨਾਂ ਨਾਂ ਲਿਆ ਤਾਂ ਮੈਨੂੰ ਪਤਾ ਲਗਾ ਕਿ ਇਹ ਮੇਰਾ ਹੀ ਪਿਤਾ ਅਤੇ ਵੀਰ ਹਨ ਜਿਨ੍ਹਾਂ ਦੀ ਬਲੀ ਦਿਤੀ ਜਾਣੀ ਹੈ। ਮੈਂ ਛੇਤੀ ਆਪਣੀ ਗਾਰ ਪਾਣੀ ਦੀ ਭਰੀ ਅਤੇ ਰਾਣੀ ਨੂੰ ਅਸ਼ਨਾਨ ਕਰਵਾਇਆ। ਰਾਣੀ ਨੇ ਮੰਦਰ ਨੂੰ ਜਾਣ ਲਈ ਸੁੰਦਰ ਬਸਤਰ ਸਜਾ ਲਏ। ਪਰ ਮੈਂ ਇਕੱਲੀ ਆਪਣੇ ਕਮਰੇ ਨੂੰ ਮੁੜ ਆਈ। ਆਪਣੀ ਸਾੜੀ ਦੇ ਪਲੇ ਨਾਲ ਮੈਂ ਆਪਣੇ ਹੰਝੂ ਪੂੰਝੇ। ਇਸ ਭਾਰੀ ਬਿਪਤਾ ਨੂੰ ਟਾਲਣ ਦਾ ਮੈਨੂੰ ਕੋਈ ਰਾਹ ਨਹੀਂ ਲਭਦਾ ਸੀ।

ਇਸ ਸਮੇਂ ਰਾਜਕੁਮਾਰ ਮੇਰੇ ਕਮਰੇ ਵਿਚ ਆਇਆ ਅਤੇ ਕਿਹਾ" ਸੁੰਦਰੀਏ! ਮੇਰੇ ਨਾਲ ਵਿਆਹ ਕਰ ਲੈ ਤੇ ਮੈਨੂੰ ਸੁਖੀ ਕਰ ਦੇ" ਮੈਂ ਉਸ ਤੋਂ ਪੁਛਿਆ ਕਿ ਮਹਿਲ ਵਿਚ ਇਹ ਕੀ ਰੌਲਾ ਹੈ ਤੇ ਢੋਲ ਏਨਾਂ ਉਚੀ ਉਚੀ ਕਿਓਂ ਵਜ ਰਹੇ ਹਨ। ਉਸ ਨੇ ਕਿਹਾ ਅਜ ਮੇਰੇ ਪਿਤਾ ਜੀ ਮਨੁਖੀ ਬਲੀਦਾਨ ਦੇ ਕੇ ਕਾਲੀ ਦੀ ਪੂਜਾ ਕਰਨਗੇ। ਉਸ ਤੋਂ ਸੁਣਿਆ ਕਿ ਬਲੀ ਕੌਣ ਹਨ ਤੇ ਗਮ ਨਾਲ ਪਾਗਲ ਹੋ ਗਈ। ਪਰ ਮੈਂ ਧੀਰਜ ਨਾਲ ਰਾਜਕੁਮਾਰ ਨੂੰ ਦਸਿਆ "ਹੇ ਰਾਜਕੁਮਾਰ! ਅਜ ਉਹ ਦਿਨ ਆ ਗਿਆ ਹੈ ਜਿਸ ਦਿਨ ਮੈਂ ਆਪਣੀ ਕਹਾਣੀ ਦਸਣੀ ਹੈ। ਮੈਨੂੰ ਉਸ ਮੰਦਰ ਵਿਚ ਘਲ ਜਿਥੇ ਢੋਲ ਵਜ ਰਹੇ ਹਨ। ਰਾਜਕੁਮਾਰ ਏਥੇ ਆ ਗਿਆ ਅਤੇ ਮੈਂ ਉਸ

ਦੇ ਪਿਛੇ ਟੁਰੀ ਆਈ। ਏਥੇ ਕਾਲੀ ਦੇਵੀ ਆਪ ਮੇਰੀ ਗਵਾਹ ਹੈ। ਏਥੇ ਮੇਰੀ ਕਹਾਣੀ ਦਾ ਅੰਤ ਹੁੰਦਾ ਹੈ। ਮੈਂ ਹਜ਼ੂਰ ਅਗੇ ਇਨਸਾਫ਼ ਲਈ ਬੇਨਤੀ ਕਰਦੀ ਹਾਂ। ਪਹਿਲੇ ਇਨਸਾਫ਼ ਕਰੋ। ਪਹਿਲੇ ਇਸ ਮੁਕਦਮੇ ਦਾ ਫ਼ੈਸਲਾ ਕਰੋ ਤੇ ਫਿਰ ਜਿਵੇਂ ਤੁਹਾਡੀ ਮਰਜ਼ੀ ਹੋਵੇ ਬਲੀਆਂ ਦੇਣਾ।

16. ਫ਼ੈਸਲਾ

ਬਾਰਾਂਮਾਹ ਅਰਥਾਤ ਬਾਰਾਂ ਮਹੀਨਿਆਂ ਦਾ ਗੀਤ ਏਥੇ ਖਤਮ ਹੁੰਦਾ ਹੈ। ਹੁਣ ਜੋ ਫ਼ੈਸਲਾ ਬਾਦਸ਼ਾਹ ਨੇ ਦਿਤਾ, ਉਹ ਸੁਣੋ। ਰਾਜੇ ਦੇ ਸਾਰੇ ਮਿਤਰ, ਵਜ਼ੀਰ ਅਤੇ ਹੋਰ ਦਰਬਾਰੀ ਸਦ ਲਏ ਗਏ ਤੇ ਹਜ਼ੂਰ ਆਪ ਫ਼ੈਸਲਾ ਸੁਨਾਣ ਬੈਠੇ। ਬੜੇ ਗੁਸੇ ਵਿਚ ਉਨ੍ਹਾਂ ਕਾਰਕੁਨ ਨੂੰ ਸਚ ਸਚ ਦੱਸਣ ਲਈ ਕਿਹਾ..."ਦੁਸ਼ਟਾ! ਤੂੰ ਦਇਆ ਦੀ ਮੰਗ ਨਹੀਂ ਕਰ ਸਕਦਾ।" ਉਸ ਦੇ ਸਿਰ ਉਤੇ ਮਾਨੋ ਅਕਾਸ਼ ਤੋਂ ਬਿਜਲੀ ਡਿਗ ਪਈ, ਉਹ ਬਹੁਤ ਘਾਬਰ ਗਿਆ। ਬੋਲਣ ਤੋਂ ਅਸਮਰਥ ਉਹ ਚੁਪ ਕਰਕੇ ਖਲੋਤਾ ਰਿਹਾ ਰਾਜੇ ਨੇ ਉਸ ਦੀਆਂ ਚਿਠੀਆਂ ਸਾਰੇ ਦਰਬਾਰੀਆਂ ਦੇ ਸਾਮਣੇ ਪੜ੍ਹ ਕੇ ਸੁਣਾਈਆਂ। ਫਿਰ ਉਸ ਨੇ ਚੀਕਨ ਗੁਜਰੀ ਨੂੰ ਪੁਛਿਆ "ਚੁੜੇਲੇ" ਤੇਰੇ ਦੰਦ ਕਿਸ ਤਰ੍ਹਾਂ ਟੁਟੇ ? ਰਾਜਾ ਗੁਸੇ ਵਿਚ ਆ ਗਿਆ ਤੇ ਉਸ ਦੇ ਹੁਕਮ ਨਾਲ ਪੁਲਸ ਦੇ ਦਰੋਗੇ ਨੇ ਉਸ ਨੂੰ ਗੁਤੋਂ ਫੜ ਲਿਆ। ਇਸ ਸੰਕਟ ਵਿਚ ਉਹ ਕਾਰਕੁਨ ਨੂੰ ਗਾਲ੍ਹਾਂ ਕੱਢਣ ਲਗ ਪਈ ਕਿ ਤੂੰ ਹੀ ਮੈਨੂੰ ਬਰਬਾਦ ਕੀਤਾ ਹੈ।" ਸਾਰਾ ਕਸੂਰ ਇਸੇ ਦਾ ਹੈ। ਮੈਨੂੰ ਤੇ ਪਤਾ ਹੀ ਨਹੀਂ ਸੀ ਕਿ ਚਿਠੀ ਵਿਚ ਕੀ ਲਿਖਿਆ ਹੈ। ਮੈਂ ਬੇਗੁਨਾਹ ਹਾਂ। ਮੈਨੂੰ ਗਰੀਬਨੀ ਨੂੰ ਛਡ ਦਿਓ। ਅੰਧੀ ਤੇ ਸੰਧੀ ਦੋਹਾਂ ਭਰਾਵਾਂ ਨੇ ਗਵਾਹੀ ਦਿਤੀ ਕਿ ਉਹ ਕਮਲਾ ਅਤੇ ਉਸ ਦੀ ਮਾਤਾ ਨੂੰ ਪਾਲਕੀ ਵਿਚ ਚੁਕ ਕੇ ਉਸ ਦੇ ਮਾਮੇ ਦੇ ਘਰ ਲੈ ਗਏ ਸਨ। ਮਾਮੇ ਅਤੇ ਮਾਮੀ ਦੀ ਕਹਾਣੀ ਦੇ ਉਸ ਹਿਸੇ ਦਾ ਸਮਰਥਕ ਕੀਤਾ ਜਿਹੜਾ ਉਨ੍ਹਾਂ ਨਾਲ ਸਬੰਧਤ ਸੀ। ਛੇੜੂ ਨੇ ਵੀ ਸਾਰਾ ਕੁਝ ਸਚ ਦਸ ਦਿਤਾ ਰਾਜਕੁਮਾਰ ਨੇ ਵੀ ਦਸਿਆ ਕਿ ਉਹ ਕਮਲਾ ਨੂੰ ਛੇੜੂ ਦੀ ਕੁਟੀਆ ਵਿਚ ਮਿਲਿਆ ਸੀ। ਜਦੋਂ ਉਹ ਸ਼ਿਕਾਰ ਖੇਡਣ ਗਿਆ ਹੋਇਆ ਸੀ।"

ਸਾਰੇ ਗਵਾਹਾਂ ਨੇ ਗਵਾਹੀ ਦਿਤੀ। ਹੁਣ ਫ਼ੈਸਲਾ ਸੁਣਾਇਆ ਗਿਆ। ਕਾਰਕੁਨ ਦੀਆਂ ਮੁਸ਼ਕਾਂ ਬਨ੍ਹ ਕੇ ਰਾਜੇ ਦੇ ਸਾਮ੍ਹਣੇ ਸੁਟਿਆ ਗਿਆ। ਰਾਜੇ ਨੇ ਕਿਹਾ ਕਿ ਚਰਖੜੇ ਉਤੇ ਚਾੜ੍ਹ ਕੇ ਮੌਤ ਇਸ ਲਈ ਕਾਫ਼ੀ ਸਜ਼ਾ ਨਹੀਂ। ਉਸ ਰਾਤ ਮੁਕਣ ਵੇਲੇ ਕਾਲੀ ਮਾਤਾ ਦੀ ਪੂਜਾ ਖਤਮ ਹੋਵੇਗੀ। ਉਸ ਵੇਲੇ ਦੇਵੀ ਉਤੇ ਕਾਰਕੁਨ ਦੀ ਬਲੀ ਦਿਤੀ ਜਾਵੇ।

ਕਵੀ ਈਸਨ ਕਹਿੰਦਾ ਹੈ ਕਿ ਕਾਲੀ ਦੀ ਪੂਜਾ ਹੁਕਮ ਅਨੁਸਾਰ ਹੋਈ ਅਤੇ ਹੁਣ ਪਵਿਤ੍ਰ ਮਾਤਾ ਦੀ ਸ਼ਾਨ ਵਿਚ ਪਾਠਕ ਸਰਬਤ ਲਈ ਸੁਖ ਬੋਲਣ।

17. ਵਿਆਹ

ਸਾਨੂੰ ਇਹ ਦਸਣ ਦੀ ਲੋੜ ਨਹੀਂ ਕਿ ਕਾਰਕੁਨ ਦੀ ਬਲੀ ਇਸ ਤਰ੍ਹਾਂ ਦਿਤੀ ਗਈ। ਆਓ ਕਮਲਾ ਦੇ ਵਿਆਹ ਦੀ ਗਲ ਕਰੀਏ।

ਬ੍ਰਾਹਮਣ ਅਤੇ ਜੋਤਸ਼ੀ ਸਦੇ ਗਏ ਤੇ ਉਹਨਾਂ ਵਿਆਹ ਲਈ ਸ਼ੁਭ ਦਿਹਾੜਾ ਨੀਯਤ ਕਰ ਦਿਤਾ। ਚਮਕਦੀ ਸਿਆਹੀ ਵਿਚ ਨਿਮੰਤ੍ਰਨ ਪਤ੍ਰ ਘਲੇ ਗਏ। ਹਰ ਅਖਰ ਉਤੇ ਸੰਧੂਰ ਨਾਲ ਸਤ

ਨਿਸ਼ਾਨ ਲਾਏ ਗਏ । ਇਹ ਪਤ੍ਰ ਸਾਰੇ ਦੇਸ਼ ਵਿਚ ਮਿਤ੍ਰਾਂ ਅਤੇ ਰਿਸ਼ਤੇਦਾਰਾਂ ਨੂੰ ਘਲੇ ਗਏ । ਦਿਨ ਰਾਤ ਢੋਲ ਨਗਾਰੇ ਵਜਦੇ ਰਹਿੰਦੇ ਤੇ ਨਾਲ ਹੀ ਸ਼ਹਿਨਾਈਆਂ ਵੀ । ਵਿਹੜੇ ਵਿਚ ਨਾਚ ਅਤੇ ਗਾਉਣ ਹੁੰਦਾ ਰਹਿੰਦਾ । ਮਹਿਲ ਇਸਤ੍ਰੀਆਂ ਮਰਦਾਂ ਨਾਲ ਭਰ ਗਿਆ । ਚਾਰ ਉਸਤਾਦ ਹਲਵਾਈਆਂ ਦੀਆਂ ਢਾਣੀਆਂ ਨੇ ਮਠਾਈਆਂ ਬਣਾਈਆਂ । ਹਜ਼ਾਰਾਂ ਗੁਜਰਾਂ ਨੇ ਦੁਧ ਅਤੇ ਦਹੀਂ ਲਿਆਂਦਾ । ਮਹਿਲ ਵਿਚ ਹਜਾਰਾਂ ਦੀਵਿਆਂ ਨਾਲ ਪ੍ਰਕਾਸ਼ ਕੀਤਾ ਗਿਆ ਤੇ ਬੜੇ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ।

ਰਿਸ਼ਤੇਦਾਰ ਅਤੇ ਸਬੰਧੀ ਸਾਰੇ ਪਾਸਿਆਂ ਤੋਂ ਆਏ । ਪੁਜਾਰੀਆਂ ਤੇ ਬਰਾਹਮਣ ਵਿਦਵਾਨਾਂ ਨੇ ਮਹਿਲਾਂ ਵਿਚ ਫੇਰੇ ਪਾਏ । ਅੰਦਰ ਸੁੰਦਰ ਇਸਤ੍ਰੀਆਂ ਦਾ ਮੇਲਾ ਲਗਾ ਹੋਇਆ ਸੀ । ਸਾਰੇ ਦੇਵਤਿਆਂ ਦੀ ਮਰਯਾਦਾ ਅਨੁਸਾਰ ਪੂਜਾ ਹੋਈ । ਜੰਗਲ ਦੀ ਦੇਵੀ ਬਨ ਦੁਰਗਾ ਦੀ ਗੀਤ ਗਾਓਂ ਕੇ ਪੂਜਾ ਹੋਈ । ਕਾਲੀ ਦੀ ਦੋ ਬਕਰਿਆਂ ਤੇ ਇਕ ਸੰਢੇ ਦੀ ਬਲੀ ਦੇ ਕੇ ਮੰਦਰ ਦੇ ਇਹਾਤੇ ਵਿਚ ਵਡਕਿਆਂ ਦੇ ਸਰਾਧ ਮਨਾਏ ਗਏ । ਸਾਰਾ ਅਕਾਸ਼ ਗੀਤਾਂ ਨਾਲ ਗੂੰਜ ਉਠਿਆ ।

ਜਦੋਂ ਪਹਿਲਾਂ ਪਹਿਲ ਕਮਲਾ ਮਹਿਲਾਂ ਵਿਚ ਆਈ ਤਾਂ ਉਸ ਨੇ ਇਕ ਗੀਤ ਗਵਿਆਂ ਸੀ । ਉਹ ਵੀ ਸੁਣ ਲਓ :

"ਮੈਂ ਤੇਰੇ ਪੈਰਾਂ ਦਾ ਖੜਾਕ ਸੁਣ ਕੇ ਚੌਂਕ ਪੈਂਦੀ ਹਾਂ ।
ਮੇਰੇ ਪ੍ਰੀਤਮ ! ਅਤੇ ਜਦੋਂ ਸੌਂ ਕੇ ਜਾਗਦੀ ਹਾਂ ਤਾਂ ਮੈਂ ਕਿੰਨੀ ਬੇਚੈਨ ਹੁੰਦੀ ਹਾਂ ।
ਮੇਰਾ ਦਿਲ ਟੁਟਦਾ ਹੈ ਪਰ ਸੰਗਦੀ ਮੈਂ ਤੈਨੂੰ ਦਸ ਨਹੀਂ ਸਕਦੀ ਕਿ ਮੇਰੇ ਮਨ ਵਿਚ ਕੀ ਹੈ ।
ਜੇ ਤੂੰ ਪੰਛੀ ਹੁੰਦਾ ਤਾਂ ਮੇਰਾ ਦਿਲ ਤੇਰੇ ਲਈ ਪਿੰਜਰਾ ਹੁੰਦਾ ।
ਜੇ ਤੂੰ ਫੁਲ ਹੁੰਦਾ ਤਾਂ ਮੈਂ ਤੈਨੂੰ ਆਪਣੀ ਛਾਤੀ ਉਤੇ ਰਖ ਲੈਂਦੀ ।
ਜੇ ਤੂੰ ਚੰਨ ਹੁੰਦਾ ਤਾਂ ਮੈਂ ਇਸ ਆਪਣੇ ਇਕਾਂਤ ਥਾਂ ਤੋਂ ਸਾਰੀ ਰਾਤ ਜਾਗਦੀ ਤੇਰਾ ਮੁਖੜਾ ਵੇਖਦੀ ਰਹਿੰਦੀ ।

ਮੈਂ ਮਿਠੇ ਪਾਨ ਲਾਂਦੀ ਹਾਂ ।
ਪਾਨਾਂ ਵਾਲੀ ਡੱਬੀ ਉਹਨਾਂ ਨਾਲ ਭਰ ਦੇਂਦੀ ਹਾਂ ।
ਪਰ ਸੰਗਦੀ ਮੈਂ ਤੈਨੂੰ ਭੇਟਾ ਨਹੀਂ ਕਰ ਸਕਦੀ ।
ਅਤੇ ਆਪਣੀ ਲਾਚਾਰੀ ਉਤੇ ਹੰਝੂ ਵਿਹਾਂਦੀ ਹਾਂ ।

———

ਦੀਵਾਨ ਭਾਬਨਾ

(ਦੀਵਾਨ ਭਾਬਨਾ 378 ਲਾਈਨਾਂ ਦਾ ਕਿੱਸਾ ਹੈ । ਇਹੋ ਜਹੇ ਕਿੱਸੇ ਕਿਸਾਨ ਆਪਣੇ ਵਿਹਲੇ ਦਿਨਾਂ ਵਿਚ ਗਾਉਂਦੇ ਸਨ । ਇਨ੍ਹਾਂ ਨੂੰ ਜੋੜਨ ਵਾਲੇ ਵੀ ਅਤੇ ਗਾਉਣ ਵਾਲੇ ਦੋਵੇਂ ਹੀ ਅਨਪੜ੍ਹ ਹੁੰਦੇ ਸਨ । ਇਸ ਲਈ ਹਰ ਚੀਜ਼ ਮੂੰਹ ਜਬਾਨੀ ਯਾਦ ਕਰਨੀ ਪੈਂਦੀ ਸੀ । ਪਹਿਲੇ ਸਮਿਆਂ ਵਿਚ ਲੋਕਾਂ ਦੀਆਂ ਲੋੜਾਂ ਏਨੀਆਂ ਵਧੀਆਂ ਹੋਈਆਂ ਨਹੀਂ ਸਨ ਅਤੇ ਉਨ੍ਹਾਂ ਨੂੰ ਗੀਤਾਂ ਨਾਲ ਪਿਆਰ ਸੀ । ਕਈ ਲੋਕ ਇਹ ਕਿੱਸੇ ਕੰਠ ਕਰ ਲੈਂਦੇ ਤੇ ਸਭਾਵਾਂ ਵਿਚ, ਜਿਹੜੀਆਂ ਇਹ ਕਿੱਸੇ ਸੁਣਨ ਲਈ ਸ਼ੌਕ ਨਾਲ ਜੁੜਦੀਆਂ, ਗਾ ਕੇ ਸੁਣਾਂਦੇ । ਪਰ ਅਜ ਕਲ ਸਮੇਂ ਬਦਲ ਗਏ ਹਨ । ਹੁਣ ਕਿੱਸੇ ਘਟ ਵਧ ਹੀ ਕਿਧਰੇ ਗਾਵੇਂ ਜਾਂਦੇ ਹਨ । ਚੂੰਕਿ ਇਹ ਲਿਖਤ ਵਿਚ ਨਹੀਂ ਮਿਲਦੇ ਇਸ ਲਈ ਜਿਸ ਕਿਸੇ ਨੇ ਕੋਈ ਕਿੱਸਾ ਇਕੱਤ੍ਰ ਕਰਨਾ ਹੋਵੇ ਉਸ ਨੂੰ ਇਕੱਲੇ ਇਕੱਲੇ ਗਵਈਯੇ ਕੋਲੋਂ ਟੋਟੇ ਇਕੱਠੇ ਕਰਨ ਉਤੇ ਹੀ ਸਿਦਕ ਕਰਨਾ ਪੈਂਦਾ ਹੈ । ਇਹ ਗਵਈਯੇ ਇਕ ਦੋ ਗੀਤ ਸੁਣਾ ਕੇ ਹੋਰ ਚੇਤਾ ਕਰ ਸਕਣ ਤੋਂ ਅਸਮਰਥ ਹੁੰਦੇ ਹਨ ।

ਸੂਨਾਈ ਦੀ ਮਿਰਤੂ ਨੇ ਓਦੋਂ ਦੇਸ਼ ਵਿਚ ਕਾਫ਼ੀ ਹਲਚਲ ਪੈਦਾ ਕੀਤੀ । ਪਰ ਏਥੋਂ ਦੇ ਲੋਕ ਹਕੂਮਤ ਦੇ ਜਬਰ ਨੂੰ ਕਿਸਮਤ ਸਮਝ ਕੇ ਸਹਿਣ ਹਿਲੇ ਹੋਏ ਹਨ । ਉਂਜ ਕਿੱਸਿਆਂ ਵਿਚ ਪੈਦਾ ਹੋਏ ਦਰਦ ਤੋਂ ਪਤਾ ਲਗਦਾ ਹੈ ਕਿ ਇਹ ਇਸ ਜਬਰ ਅਤੇ ਜ਼ੁਲਮ ਤੋਂ ਓਨੇ ਹੀ ਔਖੇ ਹੁੰਦੇ ਹਨ ਜਿੰਨੇ ਹੋਰ ਲੋਕ । ਹੁਣ ਤਕ ਵੀ ਕਿਸੇ ਹਲ ਵਾਹੁੰਦੇ ਬੰਗਾਲੀ ਕਿਸਾਨਾਂ ਦੀਆਂ ਅਖਾਂ ਵਿਚ ਇਸ ਕਿੱਸੇ ਦੇ ਬੈਂਤ ਯਾਦ ਕਰਕੇ ਹੰਝੂ ਆ ਜਾਂਦੇ ਹਨ । ਇਸ ਕਿੱਸੇ ਵਿਚ ਇਕ ਜਾਸੂਸ ਦੀਵਾਨ ਨੂੰ ਇਕ ਸੁੰਦਰ ਹਿੰਦੂ ਕੁੜੀ ਬਾਰੇ ਸੂਚਨਾ ਦੇਂਦਾ ਹੈ । ਓਦੋਂ ਇਹੋ ਜਿਹੇ ਬਹੁਤ ਸਾਰੇ ਲੋਕ ਦੀਵਾਨਾਂ ਕੋਲ ਇਸ ਕੰਮ ਲਈ ਨੌਕਰੀ ਕਰਦੇ ਹੁੰਦੇ ਸਨ । ਉਹਨਾਂ ਦੀਆਂ ਸੰਤਾਨਾਂ ਕੋਲ ਅਜ ਤਕ ਬਿਨਾਂ ਮਾਮਲੇ ਤੋਂ ਜਗੀਰਾਂ ਹਨ ਜਿਹੜੀਆਂ ਉਹਨਾਂ ਨੂੰ ਇਸ ਸੇਵਾ ਬਦਲੇ ਬਖਸ਼ੀਆਂ ਗਈਆਂ । ਇਸ ਕਿੱਸੇ ਦੇ ਲਿਖਣ ਵਾਲੇ ਦਾ ਨਾਂ ਕਿਧਰੇ ਨਹੀਂ ਆਇਆ । ਜਿਨ੍ਹਾਂ ਕਿੱਸਿਆਂ ਵਿਚ ਦੀਵਾਨਾਂ ਦੇ ਪਾਪਾਂ ਦਾ ਵਰਨਣ ਹੈ ਉਹਨਾਂ ਦੇ ਲਿਖਣ ਵਾਲੇ ਆਪਣਾ ਨਾਂ ਨਹੀਂ ਸੀ ਦਸਦੇ ਹੁੰਦੇ । ਇਸ ਵਿਚ ਉਹਨਾਂ ਲਈ ਖ਼ਤਰਾ ਹੁੰਦਾ ਸੀ ।)

ਦੀਵਾਨ ਭਾਬਨਾ

ਜਦੋਂ ਸੁਨਾਈ ਅਜੇ ਮਸਾਂ ਛੇ ਵਰ੍ਹਿਆ ਦੀ ਸੀ ਤਾਂ ਉਹ ਹੀਰੇ ਜਾਂ ਮੋਤੀ ਵਾਂਗ ਚਮਕਦੀ, ਜਦੋਂ ਉਹ ਹਸਦੀ ਹੋਈ ਦੌੜ ਕੇ ਮਾਂ ਦੀ ਗੋਦ ਵਿਚ ਚੜ੍ਹਦੀ।

ਜਦੋਂ ਉਹ ਸੱਤਾਂ ਦੀ ਹੋਈ ਤਾਂ ਉਹਦੇ ਬੁਲ੍ਹਾਂ ਉਤੇ ਸਦਾ ਇਕ ਮਿਠੀ ਮੁਸਕਾਨ ਰਹਿੰਦੀ। ਆਪਣੀ ਮਾਂ ਦੀ ਝੋਲੀ ਵਿਚ ਬੈਠੀ ਉਹ ਆਲੇ ਦੁਆਲੇ ਚੰਨ ਦੀਆਂ ਰਿਸ਼ਮਾਂ ਖਿਲਾਰਦੀ ਰਹਿੰਦੀ।

ਜਦੋਂ ਉਹ ਅਠਾਂ ਵਰ੍ਹਿਆਂ ਦੀ ਹੋਈ ਤਾਂ ਉਸ ਨੇ ਆਪਣੇ ਲੰਮੇ ਲੰਮੇ ਵਾਲਾਂ ਦੀ ਆਪ ਹੀ ਗੁੱਤ ਕਰਨੀ ਸਿਖ ਲਈ। ਅਤੇ ਸੌ ਕਮਲਾ ਜਿਨ੍ਹਾਂ ਖੇੜਾ ਉਸ ਦੀਆਂ ਗਲ੍ਹਾਂ ਉਤੇ ਆ ਗਿਆ।

ਨਵਾਂ ਵਰ੍ਹਿਆਂ ਦੀ ਹੋ ਕੇ ਉਹ ਘਰ ਦਾ ਦੀਪਕ ਸੀ। ਉਸ ਦੀ ਹੋਂਦ ਨਾਲ ਵਿਹੜੇ ਵਿਚ ਚਾਨਣ ਰਹਿੰਦਾ ਜਿਵੇਂ ਅਕਾਸ਼ਾਂ ਤੋਂ ਪ੍ਰਕਾਸ਼ ਆ ਰਿਹਾ ਹੋਵੇ।

ਹੁਣ ਉਸ ਦਾ ਦਸਵਾਂ ਵਰ੍ਹਾ ਸੀ, ਉਹ ਸਮਾਂ ਜਦੋਂ ਗਣਿਤ ਦੇ ਇਕ ਦੇ ਨਾਲ ਸਿਫਰ ਲਗ ਜਾਂਦੀ ਹੈ, ਪ੍ਰਮਾਤਮਾ ਉਸ ਦੇ ਵਿਰੁਧ ਸੀ ਤੇ ਉਹ ਘਣੇ ਦੁਖਾਂ ਵਿਚ ਘਿਰ ਗਈ!

ਹੇ ਮੇਰੇ ਸਰੋਤਿਓ! ਤੁਸੀਂ ਇਸ ਅਭਾਗਨ ਕੁੜੀ ਦੀ ਕਥਾ ਸੁਣੋਂ :—

ਦਸਵੇਂ ਸਾਲ ਵਿਚ ਉਹ ਆਪਣੇ ਪਿਤਾ ਤੋਂ ਵੰਚਿਤ ਹੋ ਗਈ। ਭਰਾ ਤੇ ਉਸ ਦਾ ਕੋਈ ਹੈ ਈ ਨਹੀਂ ਸੀ। ਹੁਣ ਜਦੋਂ ਉਸ ਦੇ ਪਿਤਾ ਦਾ ਵੀ ਦੇਹਾਂਤ ਹੋ ਗਿਆ ਤਾਂ ਉਸ ਕੋਲ ਆਪਣੀ ਵਿਧਵਾ ਮਾਂ ਤੋਂ ਬਿਨਾਂ ਕੋਈ ਆਸਰਾ ਨਾ ਰਿਹਾ। ਇਸ ਬਾਲ ਉਮਰ ਵਿਚ ਹੀ ਉਸ ਦਾ ਮੰਦਾ ਹਾਲ ਹੋ ਗਿਆ। ਇਨ੍ਹਾਂ ਦੋ ਜੀਆਂ ਦੀ ਸਹਾਇਤਾ ਕਰਨ ਵਾਲਾ ਕੋਈ ਚੰਗਾ ਗਵਾਂਢੀ

ਵੀ ਨਹੀਂ ਸੀ । ਨਾ ਹੀ ਉਹਨਾਂ ਦੇ ਕੋਲ ਰਹਿ ਕੇ ਕੋਈ ਉਹਨਾਂ ਦੇ ਦੁਖ ਵੰਡਾਣ ਵਾਲਾ ਅਭਾਗਣ ਘਰ ਵਿਚ ਇਕੱਲੀ ਦੁਖ ਸਹਾਰਦੀ ਰਹੀ । ਉਹ ਇਕ ਵੇਲ ਵਾਂਗ ਸੀ ਜਿਹੜੀ ਰੁਖ ਦੇ ਡਿਗ ਪੈਣ ਬਿਨਾਂ ਸਹਾਰੇ ਨਾਲ ਭੋਂ ਉਤੇ ਰੁਲ ਜਾਂਦੀ ਹੈ । ਜਾਂ ਉਨ੍ਹਾਂ ਪਤਿਆਂ ਅਤੇ ਫੁਲਾਂ ਵਾਂਗ ਸੀ ਜਿਹੜੇ ਵੇਲ ਦੇ ਪੁਟੇ ਜਾਣ ਨਾਲ ਮੁਰਝਾ ਜਾਂਦੇ ਹਨ । ਸੁਨਾਈ ਉਸ ਦੁਖ ਨੂੰ ਬੁਰੀ ਤਰ੍ਹਾਂ ਮਹਿਸੂਸ ਕਰ ਰਹੀ ਸੀ ਜਿਹੜਾ ਉਸ ਦੀ ਮਾਂ ਦੇ ਦਿਲ ਨੂੰ ਚੀਰ ਰਿਹਾ ਸੀ ਤੇ ਹਮਦਰਦੀ ਵਿਚ ਕਈ ਵਾਰ ਚੋਰੀ ਚੋਰੀ ਰੋਂਦੀ ।

ਮਾਂ ਕੋਲੋਂ ਆਪਣੀ ਧੀ ਵਿਚਾਰੀ ਲਈ ਰੋਟੀ ਕਪੜਾ ਵੀ ਔਖਾ ਹੀ ਸਰਦਾ ਸੀ । ਉਨ੍ਹਾਂ ਦੇ ਦੁਖਾਂ ਦਾ ਕੋਈ ਅੰਤ ਨਹੀਂ ਸੀ ।

ਸੁਨਾਈ ਦਾ ਮਾਮਾ ਦੀਘਨਹਾਡੀ ਪਿੰਡ ਵਿਚ ਰਹਿੰਦਾ ਸੀ ਉਹ ਉਸ ਦੀ ਮਾਂ ਦਾ ਸੱਕਾ ਭਰਾ ਸੀ । ਸੁਨਾਈ ਦਾ ਖਿਆਲ ਸੀ ਕਿ ਇਕੱਲੇ ਘਰ ਵਿਚ ਰਹਿਣਾ ਠੀਕ ਨਹੀਂ ਲਗਦਾ ਸੀ । ਉਹ ਸੁੰਦਰੀ ਸਦਾ ਆਪਣੇ ਮਨ ਵਿਚ ਰਾਹ ਲਭਦੀ ਰਹਿੰਦੀ ਕਿ ਇਸ ਕਲੇਸ਼ ਵਿਚ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ । ਉਸ ਨੇ ਹੁਣ ਆਪਣੇ ਯਾਰ੍ਹਵੇਂ ਵਰ੍ਹੇ ਵਿਚ ਪੈਰ ਧਰਿਆ ਸੀ । ਬਰੂਹਾਂ ਉਤੇ ਖਲੋਤੀ ਉਸ ਦੀ ਜਵਾਨੀ ਦਾ ਖਿਆਲ ਕਰਕੇ ਮਾਂ ਦੇ ਫਿਕਰ ਵਧ ਜਾਂਦੇ । ਇਹ ਏਨੀ ਸੁੰਦਰ ਹੈ ਅਤੇ ਛੇਤੀ ਹੀ ਜਵਾਨ ਹੋ ਜਾਏਗੀ । ਹਾਏ ! ਇਸ ਲਈ ਯੋਗ ਵਰ ਕੌਣ ਲੱਭੇਗਾ ? ਜਾਂ ਗੁਜ਼ਾਰੇ ਦਾ ਕੋਈ ਹੋਰ ਸਾਧਨ ?'' ਉ ਵਾਰ ਵਾਰ ਇਹ ਗੱਲਾਂ ਸੋਚਦੀ ਅਤੇ ਫਿਰ ਉਸ ਨੇ ਆਪਣੇ ਭਰਾ ਦੇ ਘਰ ਜਾਣ ਦਾ ਫ਼ੈਸਲਾ ਕਰ ਲਿਆ ।

ਭਟੁਕ ਠਾਕੁਰ ਇਕ ਬ੍ਰਾਹਮਣ ਸੀ ਜਿਹੜਾ ਪਿੰਡ ਵਿਚ ਪੁਜਾਰੀ ਦਾ ਕੰਮ ਕਰਦਾ ਸੀ । ਏਥੇ ਮੈਂ ਇਸ ਬ੍ਰਾਹਮਣ ਦਾ ਕੁਝ ਹਾਲ ਦਸਦਾ ਹਾਂ । ਉਸ ਦਾ ਕੋਈ ਬਾਲ ਨਹੀਂ ਸੀ । ਉਸ ਦੀ ਵਹੁਟੀ, ਸੁਨਾਈ ਦੀ ਮਾਮੀ, ਘਰ ਵਿਚ ਇਕੱਲੀ ਹੀ ਰਹਿੰਦੀ । ਭਟੁਕ ਠਾਕਰ ਦਾ ਰੋਜ਼ੀ ਦਾ ਸਾਧਨ ਉਸ ਨੂੰ ਮਿਲਦੀ ਦਛਣਾ ਹੀ ਸੀ ।

ਸੁਨਾਈ ਦੀ ਵਿਧਵਾ ਮਾਤਾ ਉਸ ਨੂੰ ਲੈ ਇਕ ਸ਼ਾਮ ਨੂੰ ਕੰਗਾਲੀ ਦੀ ਹਾਲਤ ਵਿਚ ਆਪਣੇ ਭਰਾ ਦੇ ਘਰ ਜਾ ਅਪੜੀ । ਉਸ ਨੇ ਕਿਹਾ, ''ਮੇਰੇ ਵੀਰ ! ਮੈਂ ਤੈਨੂੰ ਆਪਣੀ ਮੰਦਾ ਹਾਲ ਕੀ ਦਸਾਂ ! ਤੈਨੂੰ ਸਾਡੇ ਦੁਖਾਂ ਦਾ ਪਤਾ ਹੀ ਹੋਵੇਗਾ । ਇਹ ਮੇਰੇ ਖੋਟੇ ਕਰਮ ਹੀ ਹਨ । ਸੁਨਾਈ ਛੇਤੀ ਛੇਤੀ ਜਵਾਨ ਹੋ ਰਹੀ ਹੈ । ਇਹਦੇ ਲਈ ਕੋਈ ਚੰਗਾ ਵਰ ਲਭਣ ਵਾਲਾ ਅਤੇ ਸਾਡਾ ਧਿਆਨ ਕਰਨ ਵਾਲਾ ਹੋਰ ਕੋਈ ਨਹੀਂ, ਮੈਂ ਇਸ ਗਲ ਉਤੇ ਚੋਖੀ ਵਿਚਾਰ ਕੀਤੀ ਸੀ ਤੇ ਫਿਰ ਤੇਰੇ ਘਰ ਆ ਜਾਣ ਦਾ ਫ਼ੈਸਲਾ ਕਰ ਲਿਆ ।''

ਬ੍ਰਾਹਮਣ ਦਾ, ਜਿਵੇਂ ਮੈਂ ਅਗੇ ਦਸਿਆ ਹੈ, ਆਪਣਾ ਕੋਈ ਬਚਾ ਨਹੀਂ ਸੀ । ਉਹ ਆਪਣੀ ਪਤਨੀ ਦੇ ਨਾਲ ਇਕੱਲਾ ਹੀ ਸੀ । ਇਸ ਲਈ ਉਸ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਘਰ ਵਿਚ ਆਏ ਵੇਖ ਕੇ ਬਹੁਤ ਖੁਸ਼ੀ ਹੋਈ ।

ਇਸ ਤਰ੍ਹਾਂ ਸੁਨਾਈ ਆਪਣੀ ਮਾਂ ਦੇ ਨਾਲ ਰਹਿੰਦੀ ਰਹੀ । ਕਈ ਵਾਰ ਭੈਣ ਭਰਾ ਬੈਠ ਕੇ ਸੋਚਾਂ ਸੋਚਦੇ ਕਿ ਕਿਵੇਂ ਕੁੜੀ ਲਈ ਯੋਗ ਘਰ ਲਭਿਆ ਜਾਵੇ ।

ਉਸ ਦੀਆਂ ਗਲ੍ਹਾਂ ਉਤੇ ਸੌ ਭਰ ਖਿੜੇ ਚੰਪਕ ਫੁਲਾਂ ਦੀ ਚਮਕ ਸੀ । ਉਹ ਬੇਹਦ ਸੁੰਦਰ ਸੀ ਤੇ ਉਸ ਦੇ ਭਰਵੇਂ ਵਾਲ ਲੰਮੇ ਅਤੇ ਘੁੰਘਰਾਲੇ ਸਨ । ਉਸ ਦੇ ਮਾਮੇ ਨੇ ਉਸ ਨੂੰ ਇਕ ਨੀਲੇ ਰੰਗ ਦੀ ਸਾੜ੍ਹੀ ਲੈ ਦਿਤੀ ਹੋਈ ਸੀ ਜਿਸਦੇ ਦੋਵਾਂ ਪਾਸਿਆਂ ਉਤੇ ਅਤੇ ਵਿਚਕਾਰ ਵੀ ਕੰਨੀ ਲਗੀ ਹੋਈ ਸੀ । ਇਹ ਸਾੜ੍ਹੀ ਪਾ ਕੇ ਉਹ ਹਰ ਰੋਜ਼ ਆਪਣੀ ਗਾਗਰ ਭਰਨ ਦਰਿਆ ਉਤੇ ਜਾਂਦੀ ਹੁੰਦੀ ਸੀ । ਕੰਢੇ ਉਤੇ ਕੇਵਾ ਦੇ ਫੁੱਲ ਖਿੜੇ ਹੋਏ ਸਨ ਜਿਨ੍ਹਾਂ ਦੇ ਓਥੇ ਬਹੁਤ ਸਾਰੇ ਝੁੰਡ ਸਨ । ਮਿਠੀ ਮਿਠੀ ਸੁਗੰਧੀ ਉਤੇ ਮਧੂ ਮਖੀਆਂ ਖਿਚੀਆਂ ਆਉਂਦੀਆਂ ਜਿਨ੍ਹਾਂ ਦੀ ਭਿਣ-ਭਨਾਹਟ ਨਾਲ ਉਹ ਥਾਂ ਗੂੰਜਦੀ ਰਹਿੰਦੀ । ਹਥ ਵਿਚ ਗਾਗਰ ਫੜੀ ਅਤੇ ਨੀਲੀ ਸਾੜ੍ਹੀ ਪਾਈ ਉਹ ਏਡੀ ਸੁੰਦਰ ਲਗਦੀ ਕਿ ਲੰਘਦੇ ਜਾਂਦੇ ਲੋਕ ਕਈ ਵਾਰ ਉਸ ਨੂੰ ਵੇਖਣ ਲਈ ਖਲੋ ਜਾਂਦੇ । ਇਸ ਤਰ੍ਹਾਂ ਲਗਦਾ ਕਿ ਉਸ ਦੇ ਪਤਲੇ ਸਰੀਰ ਤੋਂ ਉਸ ਦੀ ਸੁੰਦਰਤਾ ਡੁਲ੍ਹ ਡੁਲ੍ਹ ਕੇ ਇਕ ਪ੍ਰਭਾਮੰਡਲ ਬਣਾ ਦੇਂਦੀ ਹੈ ਤੇ ਜਿਸ ਥਾਓਂ ਉਹ ਲੰਘਦੀ ਓਥੇ ਚਾਨਣ ਕਰੀ ਜਾਂਦੀ ਹੈ । ਬਾਰ੍ਹਵਾਂ ਵਰ੍ਹਾ ਪੂਰਾ ਹੋ ਗਿਆ ਹੈ ਤੇ ਉਹ ਜਵਾਨੀ ਦੀ ਪਹਿਲੀ ਪੌੜੀ ਉਤੇ ਖਲੋਤੀ ਹੈ । ਜੀਵਨ ਦੇ ਸਜਰੇ ਹੜ੍ਹਾਂ ਉਤੇ ਤਰਦੀ ਕਿਸੇ ਬੇੜੀ ਵਾਂਗ ਸੁਨਾਈ ਦੀ ਜਵਾਨੀ ਚੰਚਲ ਅਤੇ ਪ੍ਰਸੰਨ ਸੀ ।

ਗੁਆਂਢੀ ਘੁਸਰ ਮੁਸਰ ਕਰਦੇ । ਇਹ ਸੋਹਣੀ ਕੁੜੀ ਸਾਡੇ ਪਿੰਡ ਕਿਥੋਂ ਆਈ ਏ ? ਜਿਸ ਤਰ੍ਹਾਂ ਬਦਲਾਂ ਦੀਆਂ ਕੰਨੀਆਂ ਉਤੇ ਬਿਜਲੀ ਦੀਆਂ ਸੁਨਹਿਰੀ ਲਕੀਰਾਂ ਲਿਸ਼ਕਦੀਆਂ ਨੇ, ਉਸੇ ਤਰ੍ਹਾਂ ਇਹ ਆਪਣੀ ਸੁੰਦਰਤਾ ਨਾਲ ਇਕ ਅਨ੍ਹੇਰੇ ਅਤੇ ਦੁਖੀ ਘਰ ਦਾ ਅੰਧਕਾਰ ਹਟਾਂਦੀ ਹੈ ।

'ਹੇ ਬਾਂਕੀਏ ਕੁੜੀਏ ! ਤੂੰ ਮਾਲਤੀ ਦੇ ਫੁਲਾਂ ਨਾਲ ਆਪਣਾ ਹਾਰ ਗੁੰਦੀ ਜਾ ਅਤੇ ਉਸ ਬਿਰਖ ਤੋਂ ਡਿਗੇ ਬੇਸ਼ੁਮਾਰ ਛੋਟੇ ਛੋਟੇ ਬਾਕੁਲ ਦੇ ਫੁਲਾਂ ਨੂੰ ਵੀ ਨ ਭੁਲੀਂ ਜਿਹੜੇ ਮੋਤੀਆਂ ਵਾਂਗ ਚਮਕ ਰਹੇ ਹਨ । ਤੇਰਾ ਕੋਈ ਜੀਵਨ-ਸਾਥੀ ਲੱਭ ਲੈਣ ਦਾ ਵੇਲਾ ਨੇੜੇ ਆ ਗਿਆ ਹੈ । ਕੀ ਤੈਨੂੰ ਪਤਾ ਹੈ ਕਿ ਕਲ ਸਵੇਰੇ ਇਕ ਵਿਚੋਲਾ ਸਾਕ ਲੈ ਕੇ ਤੁਹਾਡੇ ਘਰ ਆਇਆ ਸੀ ? ਵਿਚਾਰ ਕਰਨ ਵਾਲੀ ਗਲ ਤੇ ਇਹ ਹੈ ਕਿ ਲਾੜਾ ਕਿਹੋ ਜਿਹਾ ਹੈ ।

''ਹੇ ਸੁੰਦਰੀਏ, ਜੋ ਕੁਝ ਪ੍ਰਮਾਤਮਾ ਨੇ ਤੇਰੇ ਮਥੇ ਉਤੇ ਲਿਖ ਦਿਤਾ ਹੈ ਉਹ ਅਟਲ ਹੈ, ਮਾਤਾ ਦੁਬਧਾ ਵਿਚ ਹੈ ਤੇ ਕੋਈ ਫ਼ੈਸਲਾ ਨਹੀਂ ਕਰ ਸਕਦੀ ।''

ਵਿਚੋਲੇ ਨੂੰ ਮੋੜ ਦਿਤਾ ਜਾਂਦਾ ਹੈ, ਲਾੜਾ ਮਾਂ ਦੀ ਪਸੰਦ ਦਾ ਨਹੀਂ ।

ਉਸ ਨੇ ਸੋਚਿਆ 'ਮੇਰੀ ਧੀ ਤੇ ਚੰਨ ਵਾਂਗ ਸੋਹਣੀ ਹੈ ਪਰ ਇਹ ਗਭਰੂ ਪੱਕੇ ਰੰਗ ਦਾ ਹੈ ।

ਇਕ ਹੋਰ ਥਾਂ ਤੋਂ ਸਾਕ ਲੈ ਕੇ ਇਕ ਹੋਰ ਵਿਚੋਲਾ ਆਉਂਦਾ ਹੈ, ਪਰ ਮਾਂ ਇਸ ਸਾਕ ਉਤੇ ਵੀ ਰਾਜ਼ੀ ਨਹੀਂ ਹੁੰਦੀ । ਉਸ ਨੇ ਇਹ ਆਖ ਕੇ ਨਾਂਹ ਕਰ ਦਿੱਤੀ, ''ਮੇਰੀ ਸੋਹਣੀ ਧੀ ਲਈ ਇਹ ਵੀ ਯੋਗ ਵਰ ਨਹੀਂ ਹੈ । ਮੇਰੀ ਧੀ ਦੇ ਪਤੀ ਕੋਲ ਇਕ ਸੁੰਦਰ ਬੰਗਲਾ ਹੋਣਾ ਚਾਹੀਦਾ ਹੈ ਜਿਸ ਦੇ ਬਾਰਾਂ ਬੂਹੇ ਹੋਣ । ਉਹ ਯੁੱਧ ਦੇਵਤਾ ਕੱਤਕ ਵਾਂਗ ਸੁੰਦਰ ਹੋਣਾ ਚਾਹੀਦਾ ਹੈ । ਉਹਦਾ ਰੰਗ ਚੰਨ ਦੀਆਂ ਰਿਸ਼ਮਾਂ ਵਾਂਗ ਲਿਸ਼ਕਣਾ ਹੋਣਾ ਚਾਹੀਦਾ ਹੈ । ਸਮਾਜ ਵਿਚ ਉਸ ਦੀ ਥਾਂ ਪੱਕੀ ਹੋਣੀ ਚਾਹੀਦੀ ਹੈ ਤੇ ਬੰਸ ਉਚਾ । ਇਸ ਤੇ ਬਿਨਾਂ ਉਸ ਕੋਲ ਬਹੁਤ ਸਾਰੀ ਜ਼ਮੀਨ ਹੋਣੀ ਚਾਹੀਦੀ ਹੈ ।

ਹਰ ਮਹੀਨੇ ਨਵੇਂ ਨਵੇਂ ਵਿਚੋਲੇ ਨਵੇਂ ਸਾਕ ਲੈ ਕੇ ਆਉਂਦੇ ਪਰ ਸੁਨਾਈ ਦੀ ਮਾਂ ਨੇ ਕਿਸੇ ਦੇ ਪੈਰ ਨਾ ਲਗਣ ਦਿਤੇ ।

ਕਾਹੀ ਦੇ ਬੂਟਿਆਂ ਉਤੋਂ ਦੀ ਹਵਾ ਸਰ ਸਰ ਕਰਦੀ ਲੰਘਦੀ ਹੈ । ਇਸ ਦਿਆਂ ਕਾਨਿਆਂ ਵਿਚਕਾਰ ਮਕੜੀ ਨੇ ਪਤਲਾ ਪਤਲਾ ਜਾਲਾ ਉਣਿਆ ਹੋਇਆ ਹੈ । ਏਥੇ ਇਕ ਬਿਰਖ ਵੀ ਹੈ ਜਿਸ ਉਤੇ ਸੋਨੇ ਰੰਗੇ ਫੁਲ ਬਾਰਾਂ ਮਹੀਨੇ ਖਿੜਦੇ ਹਨ । ਟਹਿਣੀਆਂ ਉਤੇ ਇਹਨਾਂ ਚਮਕਦਾਰ ਫੁਲਾਂ ਨੂੰ ਵੇਖਿਆ ਜਾ ਸਕਦਾ ਹੈ, ਜਿਨ੍ਹਾਂ ਦਾ ਰੰਗ ਵਖੋ ਵਖ ਰੁੱਤਾਂ ਵਿਚ ਵਖੋ ਵਖਰੀ ਭਾਹ ਮਾਰਦਾ ਹੈ ।

ਲੰਮੇ ਮਸ਼ਕ ਬੈਂਤ ਦੇ ਬਣੇ ਹੋਏ ਤੀਰ ਅਤੇ ਹਥ ਵਿਚ ਇਕ ਪਿੰਜਰਾ ਫੜੀ ਇਕ ਗਭਰੂ ਹਰ ਸ਼ਾਮ ਦਰਿਆ ਕੰਢੇ ਆਉਂਦਾ ਹੈ । ਆਪਣੇ ਨਾਲ ਉਹ ਇਕ ਸਿਖਿਆ ਹੋਇਆ ਬਾਜ਼ ਲਿਆਉਂਦਾ ਹੈ । ਉਹ ਆਪ ਟੁਰਦਾ, ਚੰਨ ਵਾਂਗ ਸੋਹਣਾ ਅਤੇ ਸ਼ਾਨਦਾਰ ਲਗਦਾ ਹੈ । ਯੁੱਧ ਦੇਵਤਾ ਕੱਤਕ ਵਾਂਗ ਉਹ ਹਥ ਵਿਚ ਤੀਰ ਕਮਾਨ ਫੜੀ ਪਿੰਡ ਦੇ ਪਹੇ ਉਤੇ ਭੌਂਦਾ ਰਹਿੰਦਾ ਹੈ । ਦਰਿਆ ਦੇ ਕੰਢੇ ਉਤੇ ਉਸ ਨੇ ਉਹ ਸੁੰਦਰੀ, ਸੁਨਾਈ ਵੇਖ ਲਈ । ਕੇਤਕੀ ਅਜੇ ਖਿੜੀ ਹੀ ਸੀ ਅਤੇ ਇਸ ਦੀ ਮਿਠੀ ਸੁਗੰਧੀ ਨੇ ਹਵਾ ਨਾਲ ਖਿਲਰ ਕੇ ਧਰਤੀ ਉਤੇ ਜਾਦੂ ਕੀਤਾ ਹੋਇਆ ਸੀ, ਜਦੋਂ ਬੂਟਿਆਂ ਦੇ ਇਕ ਝੁੰਡ ਕੋਲ ਉਹਨਾਂ ਦੋਹਾਂ ਨੇ ਪਹਿਲੀ ਵਾਰ ਇਕ ਦੂਜੇ ਨੂੰ ਵੇਖਿਆ ।

ਸੁਨਾਈ ਦੇ ਖਿਲਰੇ ਹੋਏ ਖਿਆਲ

"ਹੇ ਬਾਂਕੇ ਗਭਰੂ ਤੂੰ ਕੌਣ ਹੈਂ ? ਤੇਰਾ ਘਰ ਕਿਥੇ ਹੈ ? ਮੈਂ ਇਹ ਗਲਾਂ ਕਿਸ ਤੋਂ ਪੁੱਛਾਂ ਅਤੇ ਕੌਣ ਮੈਨੂੰ ਇਨ੍ਹਾਂ ਦਾ ਠੀਕ ਉਤਰ ਦੇਵੇਗਾ, ਸਾਡੀਆਂ ਚਾਰ ਅਖਾਂ ਮਿਲੀਆਂ ਅਤੇ ਨਜ਼ਰਾਂ ਦੇ ਵਟਾਂਦਰੇ ਹੋਏ ਉਸੇ ਵੇਲੇ ਹੀ ਓਥੇ ਮੇਰਾ ਦਿਲ ਫੜਿਆ ਗਿਆ । ਇਹ ਕਿਹੜੀ ਮਿਹਰ ਵਾਲੀ ਤਕਦੀਰ ਸੀ ਜਿਸ ਨੇ ਮੇਰੇ ਮਨ ਪਸੰਦ ਦਾ ਗਭਰੂ ਮੇਰੀਆਂ ਅਖਾਂ ਅਗੇ ਲੈ ਆਂਦਾ ।

"ਹੇ ਮੇਰੀ ਮਧੂ-ਮਖੀ, ਤੇਰਾ ਆਪਣਾ ਬਾਗ਼ ਕਿਥੇ ਹੈ ਤੂੰ ਕਿਹੜੇ ਸੁੰਦਰ ਫੁਲ ਦੀ ਭਾਲ ਵਿਚ ਹੈਂ ?"

ਮਧੂ-ਮੱਖੀ ਅਣਥਕ ਆਪਣੇ ਫੁਲ ਦੀ ਭਾਲ ਵਿਚ ਉਡਦੀ ਰਹਿੰਦੀ ਹੈ । ਇਹ ਆਉਂਦੀ ਹੈ ਤੇ ਟੁਰ ਜਾਂਦੀ ਹੈ । ਕਦੀ ਕਦੀ ਝਟ ਕੁ ਖਲੋਂਦੀ ਹੈ ਅਤੇ ਪਿਛਾ ਨਜ਼ਰ ਮਾਰਦੀ ਹੈ ।

"ਮੈਨੂੰ ਦਸ ਤੂੰ ਏਨੇ ਫਿਕਰ ਨਾਲ ਕਿਸ ਫੁਲ ਦੀ ਭਾਲ ਕਰ ਰਹੀਂ ਹੈ ? ਮੇਰਾ ਜੀ ਕਰਦਾ ਹੈ ਕਿ ਤੈਨੂੰ ਅਧੀ ਰਾਤ ਦੀ ਚੁਪ ਚਾਂ ਵਿਚ ਫੜ ਕੇ ਆਪਣੇ ਜੂੜੇ ਵਿਚ ਲਗੇ ਫੁਲਾਂ ਵਿਚ ਲੁਕਾ ਲਵਾਂ । ਮੈਂ ਤੇਰੇ ਲਈ ਵਖਰੀ ਥਾਂ ਬਣਾ ਕੇ ਰਖਾਂਗੀ (ਆਪਣੇ ਦਿਲ ਵਿਚ) ਅਤੇ ਤੈਨੂੰ ਸ਼ਹਿਦ ਦੀ ਇਕ ਕੌਲੀ ਦਿਆਂਗੀ ਅਤੇ ਫਿਰ ਤੇਰੇ ਨਾਲ ਮੈਂ ਦੂਰ ਦੇਸ਼ਾਂ ਵਿਚ ਉਡ ਜਾਵਾਂਗੀ ।"

"ਸੱਜਣਾ ! ਜੇ ਤੂੰ ਪੰਛੀ ਹੁੰਦਾ ਤਾਂ ਮੈਂ ਤੈਨੂੰ ਪਿੰਜਰੇ ਵਿਚ ਪਾ ਕੇ ਦਿਨ ਰਾਤ ਆਪਣੇ ਕੋਲ ਰਖਦੀ । ਜੇ ਤੂੰ ਕੱਜਲ ਹੁੰਦਾ ਤਾਂ ਮੈਂ ਤੈਨੂੰ ਆਪਣੀਆਂ ਕਾਲੀਆਂ ਅਖਾਂ ਵਿਚ ਲੁਕਾ ਲੈਂਦੀ । ਜੇ ਤੂੰ ਫੁਲ ਹੁੰਦਾ ਤਾਂ ਤੈਨੂੰ ਆਪਣੀ ਗੁਤ ਵਿਚ ਪਾ ਕੇ ਦੂਜਿਆਂ ਦੀਆਂ ਅਖਾਂ ਤੋਂ ਲੁਕਾ ਲੈਂਦੀ । ਜਿਥੇ ਤੂੰ ਚਲੇਂਗਾ, ਮੈਂ ਓਥੇ ਹੀ ਤੇਰੇ ਨਾਲ ਚਲਣ ਦਾ ਨਿਸਚਾ ਕੀਤਾ ਹੋਇਆ ਹੈ । ਕੋਈ ਵੀ ਦੇਸ ਹੋਵੇ ਕੋਈ ਪਰਵਾਹ ਨਹੀਂ ।"

ਰਾਜਕੁਮਾਰ

"ਹੇ ਬਾਂਕੀਏ ਨਾਰੇ ! ਤੂੰ ਅਜ ਇਕੱਲੀ ਬੈਠੀ ਇਹ ਹਾਰ ਕਿਸ ਦੇ ਲਈ ਗੁੰਦ ਰਹੀ ਏਂ ? ਮੈਂ ਕਮਲ ਦੇ ਪਤੇ ਉਤੇ ਕਲ ਤੈਨੂੰ ਇਕ ਚਿਠੀ ਲਿਖੀ ਸੀ । ਕੀ ਤੂੰ ਇਹ ਪਤਾ ਕਰਨ ਦੀ ਤਕਲੀਫ ਕੀਤੀ ਹੈ ਕਿ ਉਹ ਕਿਸ ਨੇ ਲਿਖੀ ਸੀ ਤੇ ਉਸ ਦੇ ਅੰਦਰ ਕੀ ਲਿਖਿਆ ਸੀ ?"

ਚਿਠੀ

ਚਿਠੀ ਉਸ ਕੋਲ ਪਹੁੰਚ ਗਈ । ਉਸ ਨੇ ਪੜ੍ਹ ਲਈ । ਗਭਰੂ ਦਾ ਨਾਂ ਮਾਧਬ ਸੀ । ਉਸ ਨੇ ਧੜਕਦੇ ਦਿਲ ਨਾਲ ਚਿਠੀ ਪੜ੍ਹੀ । ਇਕ ਵਾਰ, ਦੋ ਵਾਰ, ਤਿੰਨ ਵਾਰ । ਉਸ ਨੇ ਸਤਰ ਸਤਰ ਵੇਖੀ । ਫਿਰ ਭਾਰੇ ਦਿਨ ਨਾਲ ਉਹ ਬਹਿ ਕੇ ਰੋਣ ਲਗ ਪਈ ।

ਮਾਧਬ ਜਵਾਨ ਲਿਖਦਾ ਹੈ ਕਿ ਉਸ ਨੇ ਪਹਿਲਾਂ ਪਹਿਲ ਉਸ ਨੂੰ ਇਕੱਲੀ ਆਪਣੇ ਘਰ ਵਿਚ ਬੈਠੀ ਵੇਖਿਆ । ਫਿਰ ਉਹ ਇਹ ਬੇਨਤੀ ਕਰਦਾ ਹੈ, "ਦਰਿਆ ਦੇ ਕੰਢੇ ਉਤੇ ਹੰਜਿਲ ਦਾ ਇਕ ਬਿਰਖ ਹੈ ਜਿਹੜਾ ਆਪਣੇ ਛੋਟੇ ਪਤਲੇ ਪਤਰਾਂ ਨਾਲ ਪੂਰੀ ਤਰ੍ਹਾਂ ਢਕਿਆ ਹੋਇਆ ਹੈ, ਜੇ ਤੂੰ ਓਥੇ ਬਿਰਖ ਹੇਠ ਝੱਟ ਕੁ ਆ ਜਾਵੇਂ ਤਾਂ ਮੈਂ ਤੇਰੇ ਕੋਲ ਆਪਣਾ ਦਿਲ ਖੋਲ ਸਕਾਂਗਾ ਤੇ ਜੋ ਕੁਝ ਮੇਰੇ ਮਨ ਵਿਚ ਹੈ ਉਹ ਸਭ ਕੁਝ ਤੈਨੂੰ ਦਸ ਦਿਆਂਗਾ । ਦਰਿਆ ਦੇ ਕੰਢੇ ਉਤੇ ਕੇਤਕੀ ਦੇ ਬਿਰਖਾਂ ਦੇ ਝੁੰਡ ਹਨ । ਓਥੇ ਅਸੀਂ ਇਕਲੇ ਬਹਿ ਕੇ ਪਿਆਰ ਦੀਆਂ ਗਲਾਂ ਕਰਾਂਗੇ । ਤੂੰ ਮੇਰੇ ਲਈ ਸ਼ਹਿਦ ਵਾਂਗ ਮਿੱਠੀ ਹੈਂ ਤੇ ਮੇਰੀ ਛਾਤੀ ਨੂੰ ਸਜਾਣ ਵਾਲੇ ਫੁਲਾਂ ਦੇ ਹਾਰ ਵਾਂਗ ਪਿਆਰੀ । ਮੇਰੀ ਰਾਣੀ ! ਤੇਰੀ ਖ਼ਾਤਰ ਮੈਂ ਸੁਦਾਈ ਹੋ ਗਿਆ ਹਾਂ । ਮੇਰਾ ਪਿਤਾ ਲਖਾਂ ਪਤੀ ਹੈ । ਇਸ ਤੋਂ ਬਿਨਾਂ ਉਸ ਕੋਲ ਬਹੁਤ ਖੁਲ੍ਹੀ ਜ਼ਮੀਨ ਹੈ । ਮੇਰੀ ਜਾਨ ! ਮੈਂ ਤੈਨੂੰ ਪ੍ਰਸੰਨ ਕਰਨ ਲਈ ਕੀ ਕਰਾਂ ?

"ਮੈਂ ਤੈਨੂੰ ਬਲਦੀ ਅਗ ਦੇ ਰੰਗ ਦੀ ਇਕ ਸਾੜ੍ਹੀ ਦਿਆਂਗਾ । ਸਾਡੇ ਘਰ ਦੇ ਸਾਮ੍ਹਣੇ ਫੁਲਾਂ ਦਾ ਇਕ ਬਾਗ ਹੈ ਜਿਥੇ ਬੇਸ਼ਮਾਰ ਨੀਲੇ ਅਤੇ ਲਾਲ ਫੁਲ ਖਿੜਦੇ ਹਨ । ਮੈਂ ਹਰ ਪਰਭਾਤੇ ਇਹ ਤੇਰੇ ਲਈ ਇਕੱਠੇ ਕੀਤਾ ਕਰਾਂਗਾ ਤੇ ਤੂੰ ਇਨ੍ਹਾਂ ਦੇ ਹਾਰ ਗੁੰਦਿਆ ਕਰੀਂ । ਸਾਡੇ ਵਡੇ ਸਾਰੇ ਘਰ ਦੇ ਸਾਮ੍ਹਣੇ ਇਕ ਤਲਾ ਹੈ ਜਿਸ ਵਿਚ ਪਥਰ ਦੀਆਂ ਪੌੜੀਆਂ ਉਤਰਦੀਆਂ ਹਨ । ਮੇਰੀ ਰਾਣੀ ਤੂੰ ਓਥੇ ਨਹਾਇਆ ਕਰੇਂਗੀ ਅਤੇ ਮੈਂ ਤੇਰਾ ਸਾਥੀ ਹੋਵਾਂਗਾ । ਜੇ ਤੇਰੀਆਂ ਕੋਮਲ ਬਾਹਾਂ ਘੜਾ ਨ ਚੁਕ ਸਕਣਗੀਆਂ ਤਾਂ ਮੈਂ ਤੈਨੂੰ ਚੁਕਵਾ ਦਿਆਂਗਾ । ਅਸੀਂ ਹਸਦੇ ਖੇਡਦੇ ਤਲਾ ਦੇ ਨੀਲੇ ਪਾਣੀ ਵਿਚ ਤਰਿਆ ਕਰਾਂਗੇ । ਤੇਰੀਆਂ ਬਾਹਾਂ ਉਤੇ ਮੋਤੀਆਂ ਜੜੇ ਕੰਗਣ ਲਿਸ਼ਕਿਆ ਕਰਨਗੇ ਅਤੇ ਹੀਰਿਆਂ ਦਾ ਇਕ ਕੰਠਾ ਮੇਰੀ ਛਾਤੀ ਨੂੰ ਸਜਾਵੇਗਾ । ਸਾਡੇ ਘਰ ਤਲਾ ਦੇ ਵਿਚਕਾਰ ਇਕ ਐਸ਼-ਘਰ ਬਣਿਆ ਹੋਇਆ ਹੈ । ਤੂੰ ਆਪਣੀ ਸੰਝ ਓਥੇ ਲੰਘਾਵੇਂਗੀ ਅਤੇ ਇਸ ਦੇ ਦੀਪਕ ਵਾਂਗ ਚਮਕੇਂਗੀ । ਸਾਡੇ ਮਹਿਲ ਵਿਚ ਇਕ ਵਡਾ ਸਾਰਾ ਗੋਲ ਕਮਰਾ ਹੈ । ਓਥੇ ਅਸੀਂ ਪਾਸਾ ਖੇਡਦੇ ਰਾਤ ਲੰਘਾ ਦਿਆ ਕਰਾਂਗੇ । ਤੇਰੇ ਗਲ ਦਾ ਹਾਰ ਇਸ ਤਰ੍ਹਾਂ

ਚਮਕੇਗਾ ਜਿਵੇਂ ਟਟਹਿਣਿਆਂ ਦੀ ਲੜੀ ਹੋਵੇ । ਅਤੇ ਸੁਹਾਗ-ਕਮਰੇ ਵਿਚ ਮੈਂ ਤੈਨੂੰ ਅਨੰਦ ਲੈਣ ਦੇ ਸੌ ਤਰੀਕੇ ਸਿਖਾਵਾਂਗਾ । ਤੇਰੇ ਵਾਲਾਂ ਨੂੰ ਸਜਾਣ ਲਈ ਮੈਂ ਆਪਣੇ ਬਾਗ ਵਿਚੋਂ ਸਭ ਤੋਂ ਸੁੰਦਰ ਫੁਲ ਇਕੱਠੇ ਕਰਨ ਦਾ ਮਾਨ ਲਵਾਂਗਾ । ਰਾਤ ਦੀ ਨੀਂਦ ਪਿਛੋਂ ਹਰ ਸਵੇਰੇ ਜਦੋਂ ਤੂੰ ਅਖਾਂ ਖੋਲ੍ਹੇਂਗੀ ਤਾਂ ਖੁਸ਼ਬੂਦਾਰ ਮਾਲਤੀ ਦੇ ਫੁਲਾਂ ਨਾਲ ਭਰੇ ਹੋਏ ਫੁਲਦਾਨ ਤੈਨੂੰ ਪੇਸ਼ ਕੀਤੇ ਜਾਣਗੇ । ਮੈਂ ਆਪਣਾ ਧਨ ਤੈਨੂੰ ਦੇ ਦਿਆਂਗਾ, ਆਪਣਾ ਸਾਰਾ ਖ਼ਜ਼ਾਨਾ ਤੇ ਉਸ ਦੇ ਨਾਲ, ਅਤੇ ਸਭ ਤੋਂ ਉਤਮ, ਆਪਣਾ ਦਿਲ ਜਿਹੜਾ ਪਹਿਲਾਂ ਹੀ ਤੇਰਾ ਹੋ ਚੁਕਿਆ ਹੈ । ਮੇਰੇ ਉਤੇ ਕਿਰਪਾ ਕਰ ਮੇਰੀ ਰਾਣੀ ਅਤੇ ਮੈਨੂੰ ਆਪਣਾ ਜ਼ੀਵਨ ਸਾਥੀ ਮੰਨ ਲੈ ।''

ਉੱਤਰ

''ਹੇ ਮੇਰੇ ਦਿਲ ਦੇ ਮਿਤ੍ਰ ! ਮੇਰੀ ਕਹਾਣੀ ਸੁਣ । ਮੈਂ ਤੇ ਅਜੇ ਬਾਲੜੀ ਹਾਂ, ਜਿਸ ਨੇ ਹੁਣੇ ਹੀ ਜਵਾਨੀ ਵਿਚ ਪੈਰ ਧਰਿਆ ਹੈ । ਮੇਰਾ ਅਜੇ ਵਿਆਹ ਨਹੀਂ ਹੋਇਆ । ਮੇਰੀ ਮਾਂ ਅਤੇ ਮਾਮੀ ਮੇਰੇ ਲਈ ਮੁੰਡਾ ਲਭ ਰਹੀਆਂ ਹਨ । ਹਾਏ ! ਜੇ ਕਦੀ ਮੈਂ ਕੇਤਕੀ ਦਾ ਫੁਲ ਹੁੰਦੀ ਜਿਹੜੇ ਦਰਿਆ ਦੇ ਕੰਢੇ ਖਿੜੇ ਹੁੰਦੇ ਹਨ ਤਾਂ ਮੈਂ ਬਿਨਾਂ ਕੋਈ ਤੁਹਮਤ ਲੁਵਾਏ ਤੈਨੂੰ ਹਰ ਰੋਜ਼ ਮਿਲ ਸਕਦੀ । ਜੇ ਮਿਤ੍ਰਾ ! ਤੂੰ ਚੰਦ ਹੁੰਦਾ ਜਿਹੜਾ ਉਤੇ ਚਮਕਦਾ ਹੈ ਤਾਂ ਮੈਂ ਅਖਾਂ ਟਡਕੇ ਭੁਖੀ ਨਿਗਾਹ ਨਾਲ ਸਾਰੀ ਰਾਤ ਤੇਰੇ ਵਲ ਵੇਖਦੀ ਰਹਿੰਦੀ ਤੇ ਲੋਕੀਂ ਕੁਝ ਨ ਕਹਿ ਸਕਦੇ । ਜੇ ਸੱਜਣਾ ਤੂੰ ਦਰਿਆ ਹੁੰਦਾ ਤਾਂ ਮੈਂ ਬਿਨਾਂ ਝਾਕੇ ਆਪਣੀ ਭੁਖੀ ਰੂਹ ਤੇਰੇ ਵਿਚ ਘੋਲ ਦੇਂਦੀ । ਪਰ ਮੈਂ ਹਾਂ ਕੀ ? ਸਮਾਜ ਦੀ ਇਕ ਔਰਤ ਅਤੇ ਆਪਣੇ ਘਰ ਦੀਆਂ ਚੋਂਹ ਕੰਧਾਂ ਅੰਦਰ ਕੈਦ ਮੇਰੇ ਦੁਖ ਮੇਰੇ ਆਪਣੇ ਸਹੇੜੇ ਹੋਏ ਹਨ । ਜਿਸ ਦਿਨ ਤੋਂ ਮੈਂ ਤੈਨੂੰ ਉਸ ਦਰਿਆ ਦੇ ਕੰਢੇ ਪਹਿਲੀ ਵਾਰੀ ਵੇਖਿਆ ਹੈ ਮੇਰਾ ਦਿਲ ਸੁਦਾਈਆਂ ਵਾਂਗ ਤੇਰੇ ਪਿਛੇ ਹਰ ਪਾਸੇ ਭਜਦਾ ਰਿਹਾ ਹੈ । ਮੈਂ ਆਪਣੀ ਮਾਂ ਨਾਲ ਦਿਲ ਦੀ ਗਲ ਨਹੀਂ ਕਰ ਸਕਦੀ । ਸ਼ਰਮ ਮੇਰਾ ਮੂੰਹ ਬੰਦ ਕਰ ਦੇਂਦੀ ਹੈ ਅਤੇ ਮੈਨੂੰ ਬੇਵਸ ਬਣਾ ਦੇਂਦੀ ਹੈ ।

''ਮੇਰੀ ਸਹੇਲੀ ਸ਼ਲਾ ਦੇ ਹੱਥ ਆਪਣਾ ਸਨੇਹਾ ਘਲ ਦੇ । ਉਸ ਦੀ ਰਾਹੀਂ ਮੈਨੂੰ ਦਸ ਕਿ ਸਾਡੇ ਮਿਲ ਸਕਣ ਦੀ ਕਿੰਨੀ ਕੁ ਉਮੀਦ ਹੈ ਅਤੇ ਸਾਡੀਆਂ ਸਧਰਾਂ ਕਦੋਂ ਪੂਰੀਆਂ ਹੋਣਗੀਆਂ । ਇਹ ਚਿਠੀ ਲਿਖਦੀ ਹੋਈ ਮੈਂ ਉਹਨਾਂ ਸਾਰੀਆਂ ਖੁਸ਼ੀਆਂ ਦੀ ਉਡੀਕ ਕਰ ਰਹੀ ਹਾਂ ਜਿਹੜੀਆਂ ਅਜੇ ਦੁਰੇਡੀਆਂ ਹਨ ।''

ਉਸ ਨੇ ਚਿਠੀ ਸੰਦਲ ਨਾਲ ਸੁਗੰਧਤ ਕਰਕੇ ਆਪਣੀ ਸਹੇਲੀ ਸ਼ਲਾ ਨੂੰ ਦੇ ਦਿਤੀ ਤੇ ਨਾਲ ਹੀ ਆਪਣੇ ਹੱਥਾ ਨਾਲ ਗੁੰਦਿਆ ਫੁਲਾਂ ਦਾ ਇਕ ਹਾਰ ਦੇ ਕੇ ਉਸਨੂੰ ਮਾਧਬ ਕੋਲ ਘਲ ਦਿਤਾ । ਸ਼ਲਾ ਟੁਰ ਗਈ ਅਤੇ ਚੜ੍ਹਦੀ ਜਵਾਨੀ ਦੀਆਂ ਸਧਰਾਂ ਹੇਠ ਸੁਨਾਈ ਦੇ ਮਨ ਵਿਚ ਆਸ਼ਾ ਅਤੇ ਨਿਰਾਸ਼ਾ ਵਿਚਕਾਰ ਘੋਲ ਹੁੰਦਾ ਰਿਹਾ ।

ਭਾਗੜਾ ਇਕ ਦੁਸ਼ਟ ਆਦਮੀ ਸੀ । ਸਿਰ ਦੇ ਵਾਲਾਂ ਤਕ ਭੈੜਾ ਸੀ । ਉਹੀ ਸੀ ਜਿਸਨੇ ਦੀਵਾਨ ਭਾਬਨਾ ਕੋਲ ਜਾ ਕੇ ਚੁਗਲੀ ਖਾਧੀ । ਬਾਰਾਂ ਬੂਹਿਆਂ ਵਾਲੇ ਆਪਣੇ ਬੰਗਲੇ ਵਿਚ ਦੀਵਾਨ ਆਰਾਮ ਵਿਚ ਬੈਠਾ ਸੀ ਜਦੋਂ ਭਾਗੜਾ ਨੇ ਉਸ ਕੋਲ ਜਾ ਕੇ ਕਿਹਾ :—

''ਹਜ਼ੂਰ ਤੁਹਾਡੇ ਆਪਣੇ ਅਧਿਕਾਰ ਖੇਤਰ ਦੇ ਅੰਦਰ ਇਕ ਬ੍ਰਾਹਮਣ, ਭਟੁਕ ਦੇ ਘਰ ਇਕ ਕੁੜੀ ਹੈ । ਉਹ ਇਕ ਪਰੀ ਵਾਂਗ ਸੁੰਦਰ ਹੈ । ਉਹਨੂੰ ਤੇਰ੍ਹਵਾਂ ਸਾਲ ਚੜ੍ਹਿਆ ਹੈ । ਜਿਥੋਂ ਤਕ ਮੈਨੂੰ ਪਤਾ ਹੈ ਇਸ ਦੇਸ਼ ਵਿਚ ਹੋਰ ਕੋਈ ਕੁੜੀ ਸੁਹੱਪਣ ਵਿਚ ਉਸ ਨਾਲ ਮੇਲ ਨਹੀਂ ਖਾਂਦੀ । ਅਜੇ ਕੰਵਾਰੀ ਹੈ । ਜੇ ਹਜ਼ੂਰ ਦੀ ਇੱਛਾ ਹੋਵੇ ਤਾਂ ਉਸ ਨੂੰ ਲਿਆ ਕੇ ਤੁਹਾਡੇ ਘਰ ਵਸਾਇਆ ਜਾ ਸਕਦਾ ਹੈ ।''

ਜਦੋਂ ਭਾਬਨਾ ਨੇ ਇਹ ਗਲਾਂ ਸੁਣੀਆਂ ਤਾਂ ਉਹ ਏਨਾ ਖ਼ੁਸ਼ ਹੋਇਆ ਕਿ ਉਸ ਨੇ ਕੁਝ ਸੋਨਾ ਤੋਲ ਕੇ ਪਹਿਲਾਂ ਹੀ ਉਸ ਦੇ ਹਵਾਲੇ ਕੀਤਾ ।

''ਹੇ ਬ੍ਰਾਹਮਣ, ਮੇਰੀ ਗੱਲ ਸੁਣ ,'' ਭਾਗੜਾ ਨੇ ਭਟੁਕ ਨੂੰ ਕਿਹਾ, ਤੇਰੇ ਘਰ ਇਕ ਸੁੰਦਰ ਲੜਕੀ ਹੈ । ਪਿੱਛਲੇ ਦਿਨੀਂ ਦੀਵਾਨ ਭਾਬਨਾ ਆਪਣੀ ਬੇੜੀ ਵਿਚ ਚੜ੍ਹ ਕੇ ਬੇੜੀਆਂ ਦੀ ਦੌੜ ਵੇਖ ਰਿਹਾ ਸੀ ਕਿ ਉਸ ਨੇ ਪੱਤਣ ਦੀਆਂ ਪੌੜੀਆਂ ਉਤੇ ਇਹ ਕੁੜੀ ਵੇਖ ਲਈ । ਉਸ ਦਿਨ ਤੋਂ ਉਹ ਇਹਦੇ ਪਿੱਛੇ ਝਲਾ ਹੋਇਆ ਫਿਰਦਾ ਹੈ ।

''ਜੇ ਤੂੰ ਇਸ ਕੁੜੀ ਨੂੰ ਦੀਵਾਨ ਨਾਲ ਵਿਆਹੁਣਾ ਮੰਨ ਜਾਵੇਂ ਤਾਂ ਦੀਵਾਨ ਦੇ ਹਰਮ ਦੀਆਂ ਨਿਕਾਹ ਕੀਤੀਆਂ ਸਾਰੀਆਂ ਬੇਗਮਾਂ ਇਸ ਕੁੜੀ ਦੀਆਂ ਇੱਛਾਵਾਂ ਦੀਆਂ ਗੋਲੀਆਂ ਬਣ ਜਾਣਗੀਆਂ । ਉਹ ਤੇਰੇ ਘਰ ਦੇ ਸਾਮ੍ਹਣੇ ਤੇਰੇ ਵਰਤਣ ਲਈ ਇਕ ਤਲਾ ਪੁਟਵਾ ਦੇਵੇਗਾ ਜਿਸ ਦੀਆਂ ਪੌੜੀਆਂ ਸਾਰੀਆਂ ਪਥਰ ਦੀਆਂ ਹੋਣਗੀਆਂ । ਇਸ ਤੋਂ ਬਿਨਾਂ ਉਹ 52 ਪੁਰੇ ਜ਼ਮੀਨ ਤੈਨੂੰ ਇਨਾਮ ਵਜੋਂ ਬਿਨਾਂ ਮਾਮਲੇ ਤੋਂ ਦੇ ਦੇਵੇਗਾ । ਹੁਣ ਦੀਵਾਨ ਦੀ ਇਹ ਇੱਛਾ ਹੈ ਕਿ ਤੂੰ ਉਸਦਾ ਇਹ ਪ੍ਰਸਤਾਵ ਮੰਨ ਲਵੇਂ ।''

ਕਿੱਤੇ ਵਜੋਂ ਪੁਜਾਰੀ ਹੋਣ ਕਰਕੇ ਉਹ ਕੁਦਰਤੀ ਤੌਰ ਤੇ ਲਾਲਚੀ ਸੀ । ਜਿਹੇ ਲਾਲਚ ਉਹਨੂੰ ਦਿੱਤੇ ਗਏ, ਖ਼ਾਸ ਕਰਕੇ ਜ਼ਮੀਨ ਵਾਲਾ, ਉਹ ਉਸ ਦੇ ਸਵੈਮਾਨ ਉਤੇ ਭਾਰੂ ਹੋ ਗਏ ਅਤੇ ਉਸਨੇ ਹਾਂ ਕਰ ਦਿੱਤੀ । ਬ੍ਰਾਹਮਣ ਦੀ ਵਿਉਂਤ ਇਹ ਸੀ ਕਿ ਕੁੜੀ ਦਾ ਧਰਮ ਚੋਰੀ ਚੋਰੀ ਹੀ ਭ੍ਰਸ਼ਟ ਕਰ ਦਿੱਤਾ ਜਾਏ ਉਸ ਲਈ ਉਸ ਨੇ ਉਹਨਾਂ ਮਾਵਾਂ ਧੀਆਂ ਨੂੰ ਪਤਾ ਨ ਲਗਣ ਦਿੱਤਾ । ਪਰ ਫਿਰ ਵੀ ਪਿੰਡ ਵਿਚ ਇਸ ਚੁੱਪ ਕੀਤੇ ਸੌਦੇ ਬਾਰੇ ਘੁਸਰ ਮੁਸਰ ਹੋ ਰਹੀ ਸੀ ।

''ਹੇ ਮੇਰੀ ਪਿਆਰੀ ਸਹੇਲੀ ਸ਼ੱਲਾ ! ਹੁਣੇ ਹੀ ਮੇਰੀ ਇਹ ਚਿੱਠੀ ਲੈ ਕੇ ਮੇਰੇ ਮਿੱਤ੍ਰ ਕੋਲ ਜਾ । ਉਸ ਨੂੰ ਕਹੀਂ ਕਿ ਉਹ ਹਰ ਹਾਲਤ ਵਿਚ ਮੈਨੂੰ ਸ਼ਾਮ ਤੋਂ ਪਹਿਲਾਂ ਪਹਿਲਾਂ ਏਥੋਂ ਲੈ ਜਾਵੇ । ਜੇ ਸੰਝ ਦਾ ਤਾਰਾ ਡੁੱਬ ਗਿਆ ਅਤੇ ਉਹ ਨ ਆਇਆ ਤਾਂ ਪਤਾ ਨਹੀਂ ਮੇਰੇ ਨਾਲ ਕੀ ਬੀਤੇ । ਮੇਰਾ ਮਾਮਾ ਦੁੱਸ਼ਟ ਅਤੇ ਕਪਟੀ ਹੈ ਉਸ ਨੇ ਅਜ ਭਾਬਨਾ ਨਾਲ ਮੇਰਾ ਵਿਆਹ ਕਰਨ ਦਾ ਸਾਰਾ ਬੰਦੋਬਸਤ ਕਰ ਦਿੱਤਾ ਹੈ । ਇਹ ਸਾਰੀਆਂ ਗੱਲਾਂ ਜਾ ਕੇ ਮੇਰੇ ਮਿੱਤ੍ਰ ਨੂੰ ਦਸੀਂ ਤੇ ਉਸ ਨੂੰ ਕਹੀਂ ਕਿ ਮੈਨੂੰ ਅਜ ਹੀ ਏਥੋਂ ਲੈ ਜਾਵੇ ।''

ਸਹੇਲੀ ਝੱਟਪੱਟ ਮਾਧਬ ਦੇ ਸ਼ਹਿਰ ਨੂੰ ਟੁਰੀ ਅਤੇ ਥੋੜੇ ਚਿਰ ਵਿਚ ਹੀ ਓਥੇ ਅਪੜ ਗਈ । ਉਸ ਨੇ ਸਾਰੀਆਂ ਗੱਲਾਂ ਉਸ ਗਭਰੂ ਨੂੰ ਦੱਸੀਆਂ ਅਤੇ ਫਿਰ ਚਿੱਠੀ ਦਿੱਤੀ । ਉਸ ਦਾ ਜਵਾਬ ਲੈ ਉਹ ਝੱਟ ਪੱਟ ਘਰ ਮੁੜ ਆਈ ।

ਸੂਨਾਈ

"ਰਾਤੀਂ ਮੈਨੂੰ ਬੜਾ ਭੈੜਾ ਸੁੱਪਨਾ ਆਇਆ । ਅਜ ਮੇਰਾ ਦਿਲ ਇਹ ਕਹਿੰਦਾ ਜਾਪਦਾ ਹੈ: 'ਦਰਿਆਂ ਕੰਢੇ ਨ ਜਾਈਂ' । ਬਿਨਾਂ ਕਾਰਨ ਮੇਰੀ ਖੱਬੀ ਅੱਖ ਵਿਚ ਇਕ ਹੰਝੂ ਆ ਗਿਆ ਹੈ। ਮੇਰਾ ਮਨ ਇਕ ਅਜੀਬ ਡਰ ਦੀ ਪਕੜ ਵਿਚ ਹੈ। ਮੈਨੂੰ ਆਪਣੀ ਜ਼ਬਾਨ ਸੁਕ ਗਈ ਲਗਦੀ ਹੈ ਅਤੇ ਮੇਰੇ ਵਿਚ ਅਜ ਇਕ ਸਖਣੀ ਗਾਗਰ ਚੁਕਣ ਦੀ ਤਾਕਤ ਵੀ ਨਹੀਂ । ਪਤਾ ਨਹੀਂ ਮੈਨੂੰ ਕੀ ਹੋ ਗਿਆ ਹੈ। ਇਸ ਤਰ੍ਹਾਂ ਲਗਦਾ ਹੈ ਕਿ ਮੇਰੇ ਪੈਰ ਘਾਟ ਦੇ ਰਾਹ ਉਤੇ ਟੁਰਨ ਨੂੰ ਤਿਆਰ ਨਹੀਂ । ਉਸ ਦਰੱਖ਼ਤ ਦੀ ਸੁੱਕੀ ਟਹਿਣੀ ਉਤੋਂ ਢੋਡਰ ਕਾਂ ਆਪਣੇ ਬੈਠੇ ਹੋਏ ਸੰਘ ਨਾਲ ਕਾਂ ਕਾਂ ਕਰ ਰਿਹਾ ਹੈ। ਮੈਨੂੰ ਕੋਹੜ ਕਿਰਲੀ ਦੀ ਕਿੜ ਕਿੜ ਸੁਣੀਂਦੀ ਹੈ ਅਤੇ ਨਿੱਛ ਵੱਜਣ ਦੀ ਆਵਾਜ਼ ਆਈ ਹੈ। ਇਹ ਭੈੜੇ ਸ਼ਗਨ ਹਨ ਅਤੇ ਮੈਨੂੰ ਅਜ ਦਰਿਆ ਦੇ ਘਾਟ ਉਤੇ ਜਾਣ ਤੋਂ ਰੋਕਦੇ ਜਾਪਦੇ ਹਨ।

ਉਹ ਕੁਝ ਦੇਰ ਚੁੱਪ ਬੈਠੀ ਰਹਿੰਦੀ ਹੈ ਅਤੇ ਫਿਰ ਸੋਚਦੀ ਹੈ ਕਿ ਮੈਨੂੰ ਅਜ ਕਿਧਰੇ ਨਹੀਂ ਜਾਣਾ ਚਾਹੀਦਾ। ਮੈਂ ਆਪਣੀ ਮਾਂ ਕੋਲ ਹੀ ਰਵ੍ਹਾਂਗੀ। ਪਤਾ ਨਹੀਂ ਮੇਰੇ ਲਈ ਕੀ ਕੀ ਬਦੀਆਂ ਰਖੀਆਂ ਗਈਆਂ ਹਨ। "ਕੁਝ ਚਿਰ ਠਹਿਰ ਕੇ ਉਹ ਸ਼ੱਲਾ ਨੂੰ ਆਖਦੀ ਹੈ ਮੇਰੀ ਪਿਆਰੀ ਸਹੇਲੀ, ਮੇਰੀ ਗੱਲ ਸੁਣ, ਜੇ ਮੈਂ ਦਰਿਆ ਕੰਢੇ ਨਾ ਗਈ ਤਾਂ ਸ਼ਾਇਦ ਮੈਂ ਉਸ ਨੂੰ ਮਿਲਣ ਦਾ ਮੌਕਾ ਸਦਾ ਲਈ ਗੁਵਾ ਬਵ੍ਹਾਂ। ਮੇਰੇ ਦਿਲ ਦਾ ਸਜਣ ਨਿਰਾਸ ਹੋ ਕੇ ਮੁੜ ਜਾਵੇਗਾ । ਹੋ ਸਕਦਾ ਹੈ ਉਹ ਫਿਰ ਕਦੀਂ ਦਰਿਆ ਕੰਢੇ ਆਵੇ ਹੀ ਨਾ।"

ਇਹ ਆਖ ਕੇ ਮੁਟਿਆਰ ਜ਼ਰਾ ਨਾ ਖਲੋਤੀ । ਆਪਣੇ ਆਪ ਨੂੰ ਆਪਣੀ ਕਿਸਮਤ ਦੇ ਹਵਾਲੇ ਕਰ ਅਤੇ ਸਖਣੀ ਗਾਗਰ ਕੱਛੇ ਮਾਰਕੇ ਉਸ ਨੇ ਹੋਲੀ ਹੋਲੀ ਦਰਿਆ ਦਾ ਰਾਹ ਫੜਿਆ।

ਸ਼ੱਲਾ, ਉਸ ਦੀ ਸਹੇਲੀ ਅਤੇ ਭੇਤਣ ਅਗੇ ਅਗੇ ਟੁਰਦੀ ਗਈ । ਅਤੇ ਉਹ ਆਪ ਸੰਗਦੇ ਪੈਰੀਂ ਉਸ ਦੇ ਪਿੱਛੇ ਟੁਰਦੀ ਗਈ ।

ਬਦਕਿਸਰਤੀ ਨਾਲ ਬਿਰਖਾਂ ਦੇ ਇਕ ਝੁੰਡ ਦੇ ਨੇੜੇ ਇਕ ਬੇੜੀ ਪੱਤਣ ਲਗੀ ਹੋਈ ਸੀ। ਜਿਸ ਵੇਲੇ ਸੂਨਾਈ ਉਸ ਥਾਂ ਤੇ ਅਪੜੀ ਤਾਂ ਦੀਵਾਨ ਦੇ ਆਦਮੀ ਉਸ ਨੂੰ ਬਦੋ ਬਦੀ ਫੜ ਕੇ ਬੇੜੀ ਵਿਚ ਲੈ ਗਏ ।

ਸੂਨਾਈ

"ਹੇ ਮੇਰੀ ਸਹੇਲੀ ਸ਼ੱਲਾ ! ਛੇਤੀ ਛੇਤੀ ਸਾਡੇ ਘਰ ਜਾ ਅਤੇ ਮੇਰੀ ਮਾਂ ਨੂੰ ਦੱਸੀਂ ਕਿ ਦੀਵਾਨ ਭਾਬਨਾ ਦੇ ਆਦਮੀ ਮੈਨੂੰ ਬਦੋ ਬਦੀ ਚੁਕ ਕੇ ਲਿਜਾ ਰਹੇ ਹਨ। ਹੇ ਮੇਰੀ ਪਿਆਰੀ ਸਖੀ ਉਸਨੂੰ ਆਖੀਂ ਜਿਹੜੀ ਗਾਗਰ ਮੈਂ ਆਪਣੇ ਨਾਲ ਲਿਆਈ ਸਾਂ ਉਹ ਪੌੜੀਆਂ ਦੇ ਨੇੜੇ ਪਾਣੀ ਉਤੇ ਤਰ ਰਹੀ ਹੈ ਅਤੇ ਮੇਰੀ ਦੁੱਖੀ ਕਹਾਣੀ ਸੁਣਾ ਰਹੀ ਹੈ।

"ਮੇਰੇ ਮਾਮੇ ਨੂੰ ਆਖੀਂ ਜਿਹੜੀ 52 ਪੁਰੇ ਜ਼ਮੀਨ ਇਨਾਮ ਵਿਚ ਮਿਲੀ ਹੈ ਉਸ ਦੇ ਨਾਲ ਉਹ ਖ਼ੁਸ਼ ਹੋ ਲਵੇ।"

'ਹੇ ਸੂਰਜ ਤੇ ਚੰਨ ! ਤੁਸਾਂ ਮੇਰੀ ਗਵਾਹੀ ਦੇਣੀ। ਹੇ ਦਿਨ ਰਾਤ ਤੁਸਾਂ ਵੀ ਮੇਰੀ ਗਵਾਹੀ

ਦੇਣੀ। ਜੇ ਤੁਹਾਨੂੰ ਕਿਧਰੇ ਮੇਰਾ ਪਿਆਰਾ ਮਿਤ੍ਰ ਦਿਸੇ ਤਾਂ ਉਸ ਨੂੰ ਮੇਰੇ ਦੁੱਖ ਦਾ ਹਾਲ ਦੱਸਣਾ।

"ਹਵਾ ਵਿਚ ਉੱਡਣ ਵਾਲੇ ਪੰਛੀਓ ! ਤੁਸੀਂ ਦੂਰ ਦੂਰ ਤਕ ਨਜ਼ਰ ਮਾਰ ਸਕਦੇ ਹੋ ! ਮੇਰੇ ਸੱਜਣ ਨੂੰ ਕਹਿਣਾ ਤੇਰੀ ਸੂਨਾਈ ਨੂੰ ਇਕ ਚੋਰ ਲੈ ਗਿਆ ਹੈ।

"ਹੇ ਹੀਜਲ ਦੇ ਬਿਰਖ ! ਤੂੰ ਦਰਿਆ ਦੇ ਕੰਢੇ ਉਤੇ ਖਲੋਤਾ ਹੈਂ ਤੇ ਜੋ ਕੁਝ ਹੋਇਆ ਹੈ ਤੂੰ ਸਭ ਵੇਖਿਆ ਹੈ। ਜੇ ਮੇਰਾ ਮਿਤ੍ਰ ਪਿਆਰਾ ਮੈਨੂੰ ਲੱਭਣ ਏਥੇ ਆਵੇ ਤਾਂ ਉਸ ਨੂੰ ਸਭ ਕੁਝ ਦੱਸ ਦੇਵੀਂ । ਇਹਨਾਂ ਇਕਾਂਤ ਕੰਢਿਆਂ ਉਤੇ ਕੇਤਕੀ ਦੇ ਫੁੱਲ ਆਪਣੀ ਸੁਗੰਧੀ ਖਲਾਰ ਰਹੇ ਹਨ। ਜੇ ਮੇਰਾ ਪਿਆਰਾ ਮੈਨੂੰ ਲੱਭਣ ਏਥੇ ਆਵੇ ਤਾਂ ਮੇਰੀ ਤੁਹਾਡੇ ਅਗੇ ਬੇਨਤੀ ਹੈ, ਤੁਸਾਂ ਵੀ ਮੇਰੇ ਦੁੱਖ ਉਸਨੂੰ ਦੱਸਿਓ।

"ਹੇ ਦਰਿਆਓ ਅਤੇ ਨਹਿਰੋ, ਪਸ਼ੂਓ ਅਤੇ ਪੰਛੀਓ ਤੁਸੀਂ ਸਾਰੇ ਮੇਰੀ ਗਵਾਹੀ ਦਿਓ ਜੇ। ਤਕਦੀਰ ਅਭਾਗਣ ਸੂਨਾਈ ਦੇ ਵਿਰੁੱਧ ਹੈ। ਹੇ ਹਵਾਓ ! ਤੁਸੀਂ ਜੀਵ ਪੈਦਾ ਹੋਣ ਵੇਲੇ ਤੋਂ ਇਸ ਧਰਤੀ ਉਤੇ ਚਲ ਰਹੀਆਂ ਹੋ। ਮੇਰੇ ਮਿੱਤ੍ਰ ਨੂੰ ਦੱਸਣਾ ਕਿ ਉਸ ਦੀ ਸੂਨਾਈ ਹੁਣ ਉਸ ਲਈ ਮਰ ਗਈ ਹੈ।"

"ਹਾਏ ਮੈਂ ਕਹੀ ਚੰਦਰੀ ਹਾਂ ! ਮੈਂ ਇਸ ਥਾਂ ਉਤੇ ਆਈ ਹੀ ਕਿਉਂ ? ਵੇਦੀ ਦੀ ਅਗ ਦੇ ਪਵਿੱਤ੍ਰ ਮੱਖਣ ਨੂੰ ਇਕ ਅਛੂਤ ਚਖੇਗਾ । ਜੇ ਮੈਨੂੰ ਪਤਾ ਹੁੰਦਾ ਕਿ ਇਹ ਭਾਣਾ ਵਰਤ ਜਾਣਾ ਏ ਤਾਂ ਮੈਂ ਇਕ ਰਸੇ ਨਾਲ ਇਹ ਗਾਗਰ ਆਪਣੇ ਗਲ ਨਾਲ ਬੰਨ੍ਹ ਲੈਂਦੀ ਤੇ ਇਸ ਪਾਣੀ ਵਿਚ ਡੁੱਬ ਕੇ ਮਰ ਜਾਂਦੀ।"

"ਉਸ ਨੇ ਆਉਣ ਦਾ ਬਚਨ ਦਿੱਤਾ ਸੀ। ਉਹ ਪੂਰਾ ਕਿਓਂ ਨਹੀਂ ਕੀਤਾ ? ਕੀ ਉਸ ਉਤੇ ਵੀ ਕੋਈ ਬਿਪਤਾ ਆ ਪਈ ਹੈ ? ਚਲੋ ਨਹੀਂ ਆਇਆ ਤਾਂ ਕੀ ਏ। ਮੈਂ ਆਪਣੇ ਸਿਰ ਪਈ ਆਪ ਝਲਾਂਗੀ। ਪਰ ਮੈਨੂੰ ਇਹ ਸੋਚ ਕੇ ਬੜਾ ਡਰ ਲਗਦਾ ਹੈ ਕਿ ਉਸ ਨੂੰ ਕਿਸ਼ੇ ਖ਼ਤਰੇ ਨੇ ਘੇਰ ਲਿਆ ਹੋਵੇਗਾ। ਦਰਿਆ ਬੜੇ ਕਹਿਰ ਵਿਚ ਹੈ। ਲਹਿਰਾਂ ਚੜ੍ਹ ਰਹੀਆਂ ਹਨ ਤੇ ਘੁੰਮਣ ਘੇਰੀਆਂ ਬਣਾ ਰਹੀਆਂ ਹਨ। ਸ਼ਾਇਦ ਉਹਦੀ ਬੇੜੀ ਹੀ ਡੁੱਬ ਗਈ ਹੋਵੇ। ਹਾਏ ! ਮੈਂ ਅਜੇ ਵੀ ਉਮੀਦ ਕਰਦੀ ਹਾਂ ਕਿ ਉਹ ਠੀਕ ਹੀ ਹੋਵੇਗਾ, ਹੇ ਪੰਛੀਓ ! ਛੇਤੀ ਉੱਠ ਕੇ ਜਾਓ ਅਤੇ ਮੇਰੇ ਮਿਤ੍ਰ ਨੂੰ ਇਹ ਸੰਦੇਸ਼ਾ ਦਿਓ। ਤੇਰੀ ਸੂਨਾਈ ਨੂੰ ਦੀਵਾਨ ਭਾਬਨਾ ਦੇ ਮਹਿਲੀਂ ਲਿਜਾਇਆ ਜਾ ਰਿਹਾ ਹੈ। ਉਹ ਮੈਨੂੰ ਬੇਦੋਸ਼ੀ ਨੂੰ ਚੁਕਵਾ ਰਿਹਾ ਹੈ। ਉਹ ਮੈਨੂੰ ਇਸ ਲਈ ਚੁਕਵਾ ਰਿਹਾ ਹੈ ਕਿ, ਲੋਕੀ ਕਹਿੰਦੇ ਹਨ, ਮੈਂ ਸੋਹਣੀ ਹਾਂ।"

"ਓਏ ਕੌਣ ਓ ਤੁਸੀਂ ਜਿਹੜੇ ਆਪਣੀ ਬੇੜੀ ਨੂੰ ਏਨਾ ਭਜਾਈ ਲਿਜਾ ਰਹੇ ਓ ? ਕਿਸ ਦੀ ਵਹੁੱਟੀ ਨੂੰ ਮਲੋਜੋਰੀ ਇਸ ਵਿਚ ਪਾ ਕੇ ਲਿਜਾ ਰਹੇ ਓ ?"

ਆਪਣੀ ਬੇੜੀ ਵਿਚੋਂ ਮਾਧਬ ਨੇ ਫਿਰ ਉੱਚੀ ਵਾਜ ਦੇ ਕੇ ਪੁੱਛਿਆ "ਕੁੜੀਏ ਤੂੰ ਕੌਣ ਏਂ: ਤੂੰ ਬੇੜੀ ਵਿਚ ਇਸ ਤਰ੍ਹਾਂ ਰੋ ਕਿਓਂ ਰਹੀ ਏਂ ?"

ਜਦੋਂ ਸੂਨਾਈ ਨੇ ਆਪਣੇ ਮਾਧਬ ਦੀ ਆਵਾਜ਼ ਪਛਾਣੀ ਤਾਂ ਉਹ ਉੱਚੀ ਉੱਚੀ ਵੈਣ ਪਾਣ ਲਗ ਪਈ।

ਰਾਤ ਦੇ ਹਨੇਰ੍ਹੇ ਵਿਚ ਇਕ ਤਗੜੀ ਲੜਾਈ ਹੋਈ। ਦੀਵਾਨ ਦੀ ਬੇੜੀ ਦੇ ਮਲਾਹ ਤੇ ਹੋਰ ਆਦਮੀ ਕੁਟ ਕੁਟ ਕੇ ਦਰਿਆ ਵਿਚ ਡੋਬ ਦਿੱਤੇ ਗਏ।

ਸ਼ਹਿਰ ਵਿੱਚ ਇਹ ਉੱਚੀ ਉੱਚੀ ਢੋਲ ਕਿਓਂ ਵਜ ਰਿਹਾ ਹੈ ? ਇਹ ਕਿਹੜਾ ਜਸ਼ਨ ਹੈ ਜਿਸ ਨੂੰ ਮਨਾਣ ਲਈ ਸ਼ਹਿਰ ਵਾਲੇ ਏਨੇ ਚਾਅ ਵਿਚ ਆਏ ਹੋਏ ਹਨ।

ਹੇ ਮਿਤ੍ਰੋ ! ਸ਼ਹਿਰ ਦੇ ਬਾਗ਼ਾਂ ਵਿਚੋਂ ਜਿੰਨੇ ਮਨ ਆਉਂਦਾ ਜੇ ਫੁੱਲ ਤੋੜ ਲਵੋ। ਅਜ ਮਾਧਬ ਸੂਨਾਈ ਨਾਲ ਵਿਆਹ ਕਰੇਗਾ। ਸੁਣੋ, ਇਸਤ੍ਰੀਆਂ ਘੋੜੀਆਂ ਗੌਂ ਰਹੀਆਂ ਹਨ ਅਤੇ ਅਸੀਸਾਂ ਦੇ ਰਹੀਆਂ ਹਨ, ਕਈ ਜੋੜੀ ਦੇ ਸੌਣ ਵਾਲੇ ਕਮਰੇ ਨੂੰ ਫੁੱਲਾਂ ਦੇ ਹਾਰਾਂ ਨਾਲ ਸਜਾ ਰਹੀਆਂ ਹਨ। ਅਤੇ ਸ਼ਹਿਰ ਦੀਆਂ ਇਸਤ੍ਰੀਆਂ ਘਾਟ ਉਤੇ ਇਕੱਠੀਆਂ ਹੋ ਗਈਆਂ ਹਨ ਅਤੇ ਸਗਨ ਮਨਾਣ ਲਈ ਗਾਗਰਾਂ ਭਰ ਰਹੀਆਂ ਹਨ। ਉਹ ਬੜੀਆਂ ਖ਼ੁਸ਼ ਹਨ ਕਿਉਂਕਿ ਅਜ ਮਾਧਵ ਸੂਨਾਈ ਨਾਲ ਵਿਆਹ ਕਰੇਗਾ।

"ਮਾਧਵ ਤੈਨੂੰ ਇਹ ਸੋਭਦਾ ਨਹੀਂ ਕਿ ਆਰਾਮ ਨਾਲ ਘਰ ਬੈਠਾ ਹੋਵੇਂ ਜਦੋਂ ਤੇਰੇ ਪਿਤਾ ਨੂੰ ਦੀਵਾਨ ਭਾਬਨਾ ਦੇ ਹੁਕਮ ਨਾਲ ਸੰਗਲਾਂ ਨਾਲ ਬੰਨ੍ਹ ਉਸ ਦੇ ਮਹਿਲਾਂ ਨੂੰ ਲੈ ਜਾਇਆ ਗਿਆ ਹੈ।

ਡਰ ਨਾਲ ਪੀਲਾ ਹੋਇਆ ਮਾਧਬ ਇਹ ਖ਼ਬਰ ਸੁਣ ਕੇ ਇਕ ਦਮ ਉੱਠ ਬੈਠਾ ਅਤੇ ਆਪਣੀ ਬੇੜੀ ਤਿਆਰ ਕੀਤੇ ਜਾਣ ਦਾ ਹੁਕਮ ਦਿੱਤਾ। ਉਹ ਦੀਵਾਨ ਦੇ ਮਹਿਲ ਨੂੰ ਗਿਆ। ਸੂਨਾਈ ਆਪਣੀਆਂ ਗੋਲੀਆਂ ਨਾਲ ਘਰੇ ਹੀ ਰਹੀ। ਹੁਣ ਮੈਂ ਤੁਹਾਨੂੰ ਬਾਰਾਂਮਾਹ ਸੁਣਾਂਦਾ ਹਾਂ।

ਸੌਣ ਦੇ ਮਹੀਨੇ ਵਿਚ ਮਾਧਬ ਆਪਣੇ ਪਿਤਾ ਨੂੰ ਦੀਵਾਨ ਦੀ ਕੈਦ ਵਿਚੋਂ ਛੁਡਾਣ ਲਈ ਬੇੜੀ ਵਿਚ ਟੁਰਿਆ। ਸੂਨਾਈ ਆਪਣੇ ਕਮਰੇ ਵਿਚ ਸ਼ੱਲਾ ਦੇ ਨਾਲ ਇਕੱਲੀ ਸੀ। ਸਾਰਾ ਮਹੀਨਾ ਉਸ ਨੇ ਉਸ ਦੀ ਦੇਰੀ ਤੋਂ ਦੁੱਖੀ ਹੋ ਕੇ ਡਰ ਤੇ ਆਸ਼ਾ ਵਿਚ ਲੰਘਾਇਆ।

"ਭਾਦਰੋਂ ਵਿਚ ਬੜੀ ਸ਼ਾਨ ਨਾਲ ਮਨਸਾ ਦੇਵੀ ਦੀ ਪੂਜਾ ਹੋਈ।" ਇਸ ਘਰ ਵਿਚ ਕਿਵੇਂ ਖ਼ੁਸ਼ੀ ਹੋ ਸਕਦੀ ਹੈ ? ਉਸ ਨੇ ਸੋਚਿਆ। "ਮੈਂ ਦੁਖਿਆਰ ਦੀਆਂ ਆਸਾਂ ਪੂਰੀਆਂ ਕਰਨ ਕੋਈ ਨਹੀਂ ਆਇਆ।"

"ਅਸੂ ਵਿਚ ਤਾਲ ਦੇ ਫਲ ਆਮ ਸਨ। ਲੋਕਾਂ ਨੇ ਉਹਨਾਂ ਦੇ ਭੋਜਨ ਬਣਾਏ। ਸਾਰੇ ਖ਼ੁਸ਼ ਹਨ। ਕੇਵਲ ਮੇਰਾ ਘਰ ਅਤੇ ਮੇਰੀ ਜਵਾਨੀ ਹੀ ਹੈ ਜਿਸ ਉਤੇ ਇਕ ਵੱਡੇ ਦੁੱਖ ਦਾ ਪ੍ਰਛਾਵਾਂ ਆ ਗਿਆ ਹੈ।"

"ਕੱਤਕ ਵਿਚ ਹਰ ਘਰ ਵਿਚ ਦੁਰਗਾ ਦੀ ਪੂਜਾ ਹੁੰਦੀ ਹੈ। ਲੋਕੀਂ ਆਪਣੇ ਘਰੀਂ ਆਏ ਹਨ। ਹਾਏ ! ਉਹ ਦੇਸ਼ ਦੇ ਇਸ ਉਤੱਸਵ ਵਿਚ ਭਾਗ ਲੈਣ ਨਹੀਂ ਆਇਆ। ਮੱਘਰ ਵਿਚ ਦਰਿਆ ਡੂੰਘੇ ਨਹੀਂ ਰਹਿੰਦੇ ਕਿਉਂਕਿ ਉਹ ਆਪਣੇ ਪਾਣੀ ਦਾ ਖ਼ਜ਼ਾਨਾ ਗਵਾ ਬਹਿੰਦੇ ਹਨ।

ਮੈਂ ਕਿੰਨੇ ਫਿਕਰ ਨਾਲ ਉਸ ਦੀ ਉਡੀਕ ਕੀਤੀ ਹੈ। ਘਰ ਦੇ ਨੌਕਰ ਉਸ ਲਈ ਚੁੱਪ ਕਰਕੇ ਰੋਂਦੇ ਰਹਿੰਦੇ ਹਨ। ਮੈਂ ਆਪਣੇ ਥਾਂ ਤਰਲੇ ਲੈ ਰਹੀ ਹਾਂ। ਇਸ ਤਰ੍ਹਾਂ ਬੜੇ ਦੁੱਖ ਵਿਚ ਇਹ ਮਹੀਨਾ ਲੰਘਿਆ ਹੈ।

"ਪੋਹ ਵਿਚ ਧੁੰਦ ਅਸਮਾਨ ਨੂੰ ਉੱਠਦੀ ਹੈ, ਮੇਰਾ ਪਿਆਰਾ ਦੂਰ ਹੈ। ਮੇਰੇ ਲਈ ਦੁਨੀਆ ਵਿਚ ਕੀ ਸੁਖ਼ ਹੋ ਸਕਦਾ ਹੈ ?"

"ਮਾਘ ਵਿਚ ਚੀਰਵੀਂ ਠੰਢ ਸਾਰਿਆਂ ਨੂੰ ਕਾਂਬਾ ਲਾ ਦਿੰਦੀ ਹੈ ਅਤੇ ਧੁੰਦ ਨਿਗ੍ਹਾ ਨੂੰ ਦੂਰ ਨਹੀਂ ਜਾਣ ਦੇਂਦੀ। ਏਨੇ ਪਾਲੇ ਵਿਚ ਮਨ ਆਪਣੇ ਰਾਂਝੇ ਲਈ ਲੋਚਦਾ ਹੈ। ਮੈਂ ਆਪਣੇ ਬਿਸਤਰੇ ਵਿਚ ਇਕੱਲੀ ਹੀ ਸਮਾਂ ਕੱਟ ਰਹੀ ਹਾਂ ਜਦੋਂ ਕਿ ਉਹ ਬੜੀ ਦੂਰ ਹੈ।"

ਪੋਹ ਅਤੇ ਮਾਘ ਲੰਘ ਗਏ ਅਤੇ ਫਗਣ ਅਤੇ ਚੇਤਰ ਆ ਗਏ। ਬਸੰਤ ਰੁੱਤ ਵਿਚ ਹਰ ਕੋਈ ਖ਼ੁਸ਼ ਹੈ ਸਿਵਾਏ ਅਭਾਗਨ ਵਹੁਟੀ ਸੂਨਾਈ ਦੇ।

"ਵਸਾਖ ਵਿਚ ਹਰ ਪਾਸੇ ਰੌਣਕਾਂ ਹਨ ਪਰ ਮੈਂ ਗ਼ਮ ਨਾਲ ਸੁਦੈਣ ਹੋ ਗਈ ਹਾਂ। ਇਸ ਮਹੀਨੇ ਨਾਲ ਵਰ੍ਹਾ ਖ਼ਤਮ ਹੋ ਜਾਂਦਾ ਹੈ। ਇਹ ਸਾਰਾ ਵਰਾ ਮੈਂ ਇਕ ਦਿਨ ਵੀ ਆਪਣੇ ਵਾਲ ਨਹੀਂ ਵਾਹੇ ਅਤੇ ਇਕ ਵਾਰ ਤੋਂ ਸਿਵਾ ਬਾਗ਼ ਵਿਚੋਂ ਕਦੀ ਫੁੱਲ ਵੀ ਨਹੀਂ ਤੋੜੇ। ਮੇਰੀ ਜਵਾਨੀ ਬੇੜ੍ਹਾਇਦਾ ਹੈ। ਮੈਂ ਲਿਸੀ ਅਤੇ ਪੀਲੀ ਹੋ ਗਈ ਹਾਂ। ਹਾਏ ! ਮੇਰਾ ਪ੍ਰੀਤਮ ਇਹ ਸਾਰਾ ਸਮਾਂ ਕਿਥੇ ਬੈਠਾ ਹੈ ? ਕਿਸ ਇਸਤ੍ਰੀ ਦੀ ਗੁੱਪਤ ਕੋਠੜੀ ਵਿਚ ਮੇਰਾ ਰਾਂਝਾ ਆਪਣਾ ਥਕੇਵਾਂ ਲਾਹ ਰਿਹਾ ਹੈ।

"ਜੇਠ ਵਿਚ ਪਕੇ ਹੋਏ ਅੰਬ ਬਿਰਖਾਂ ਦੇ ਪੱਤਿਆਂ ਵਿਚ ਦੀ ਝਾਕਦੇ ਹਨ। ਗਰਮੀ ਸਹਾਰੀ ਨਹੀਂ ਜਾਂਦੀ। ਗੋਲੀਆਂ ਮੈਨੂੰ ਤਾੜ ਦੇ ਪਤਿਆਂ ਨਾਲ ਪੱਖਾ ਝਲਦੀਆਂ ਹਨ। ਪਰ ਉਹ ਮੇਰੇ ਸੜਦੇ ਦਿਲ ਨੂੰ ਠੰਡਾ ਕਰਨ ਦੀ ਆਸ ਕਿਵੇਂ ਕਰ ਸਕਦੀਆਂ ਹਨ ?"

ਸੂਨਾਈ ਦਾ ਸਹੁਰਾ ਘਰ ਮੁੜ ਆਇਆ ਹੈ। ਉਹ ਆਪਣੀ ਨੂੰਹ ਨੂੰ ਮਿਲਦਾ ਹੈ ਤੇ ਅੱਖਾਂ ਵਿਚ ਹੰਝੂ ਭਰ ਕੇ ਆਖਦਾ ਹੈ ?

"ਬੇਸ਼ਕ ਤੂੰ ਸਾਨੂੰ ਆਪਣੇ ਪ੍ਰਾਣਾਂ ਵਾਂਗ ਪਿਆਰੀ ਹੈਂ। ਮੈਂ ਤੇਰੇ ਨਾਲ ਖੁਲ੍ਹ ਕੇ ਗੱਲ ਕਰਨ ਲੱਗਾ ਹਾਂ। ਮੇਰਾ ਇਕੋ ਇਕ ਪੁੱਤਰ ਹੈ। ਮੇਰੇ ਘਰ ਦਾ ਉਹ ਇਕੱਲਾ ਚਾਨਣ ਹੈ। ਮੰਦੇ ਭਾਗਾਂ ਨੂੰ ਮੈਥੋਂ ਮੇਰੇ ਦਿਲ ਦਾ ਇਹ ਖ਼ਜ਼ਾਨਾ ਵੀ ਖੁਸ ਚਲਿਆ ਹੈ।

"ਦੀਵਾਨ ਭਾਬਨਾ ਤੇਰੇ ਕਰ ਕੇ ਮੇਰੇ ਉਤੇ ਗੁਸੇ ਹੋ ਗਿਆ ਹੈ। ਉਸ ਨੇ ਮੈਨੂੰ ਸੰਗਲਾਂ ਵਿਚ ਬੰਨ੍ਹ ਕੇ ਆਪਣੇ ਸ਼ਹਿਰ ਮੰਗਵਾਇਆ। ਜਦੋਂ ਮਾਧਬ ਮੇਰੀ ਸਹਾਇਤਾ ਲਈ ਗਿਆ ਤਾਂ ਉਸ ਨੇ ਮੈਨੂੰ ਛੱਡ ਦਿੱਤਾ ਅਤੇ ਉਸ ਨੂੰ ਕੈਦ ਕਰ ਲਿਆ। ਮੇਰੀ ਬੇਟੀ ! ਜੇ ਤੂੰ ਇਸ ਸੰਕਟ ਸਮੇਂ ਸਾਨੂੰ ਨਾ ਛੁਡਾਏਂਗੀ ਤਾਂ ਮੇਰੇ ਪੁੱਤਰ ਨੂੰ ਮਾਰ ਦਿੱਤਾ ਜਾਵੇਗਾ। ਭਾਬਨਾ ਇਕ ਰਾਖਸ਼ ਵਾਂਗ ਬੇਤਰਸ ਹੈ। ਉਸ ਨੇ ਪ੍ਰਣ ਕੀਤਾ ਹੋਇਆ ਹੈ ਕਿ ਜੇ ਤੂੰ ਉਸ ਨੂੰ ਮਿਲ ਜਾਵੇਂ ਤਾਂ ਉਹ ਮਾਧਬ ਨੂੰ ਛਡ ਦੇਵੇਗਾ। ਮੈਂ ਕੀ ਆਖ ਸਕਦਾ ਹਾਂ। ਉਹ ਮੇਰਾ ਇਕੱਲਾ ਪੁੱਤਰ ਹੈ। ਇਸ ਬੰਸ ਦੀ ਇਕ ਇਕ ਨਿਸ਼ਾਨੀ ਮੇਰਾ ਹੋਰ ਕੋਈ ਬੱਚਾ ਨਹੀਂ, ਤੈਨੂੰ ਪਤਾ ਹੀ ਹੈ। ਤੈਨੂੰ ਗਵਾ ਕੇ-ਭਾਵੇਂ ਇਹ

ਕਿੰਨੇ ਹੀ ਦੁੱਖ ਕਲੇਸ਼ ਦੀ ਗੱਲ ਹੋਵੇ...ਸਾਨੂੰ ਆਪਣਾ ਪਿਆਰਾ ਪੁੱਤਰ ਵਾਪਸ ਮਿਲ ਜਾਣ ਦੀ ਆਸ ਹੋ ਸਕਦੀ ਹੈ।''

ਜਦੋਂ ਸੁਨਾਈ ਨੇ ਇਹ ਸੁਣਿਆ ਤਾਂ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਇਕ ਹੱਥ ਨਾਲ ਉਸ ਨੇ ਆਪਣੇ ਲੰਘੇ ਪਲਮਦੇ ਵਾਲਾਂ ਨੂੰ ਠੀਕ ਕੀਤਾ ਅਤੇ ਦੂਜੇ ਨਾਲ ਉਸ ਆਪਣੇ ਹੰਝੂ ਪੂੰਜ ਦਿੱਤੇ। ਉਸ ਨੇ ਆਪਣੇ ਸਹੁਰੇ ਨੂੰ ਕਿਹਾ ਕਿ ਇਕ ਵਡੀ ਬੇੜੀ ਤਿਆਰ ਕੀਤੀ ਜਾਏ। ਉਹ ਆਪਣੇ ਪਤੀ ਨੂੰ ਛੁਡਵਾਣ ਲਈ ਦੀਵਾਨ ਦੇ ਮਹਿਲਾਂ ਵਿਚ ਜਾਣ ਨੂੰ ਤਿਆਰ ਸੀ। ਇਕ ਨਿੱਕੀ ਜਿਹੀ ਡੱਬੀ ਵਿਚ ਉਸ ਮਾਰੂ ਜ਼ਹਿਰ ਦੀਆਂ ਗੋਲੀਆਂ ਪਾ ਲਈਆਂ ਅਤੇ ਛੇਤੀ ਹੀ ਉਹ ਭਾਬਨਾ ਦੇ ਸ਼ਹਿਰ ਪਹੁੰਚ ਗਈ। ਜਦ ਹੀ ਦੀਵਾਨ ਨੇ ਉਸ ਦੇ ਆਉਣ ਦੀ ਖ਼ਬਰ ਸੁਣੀ ਉਹ ਛੇਤੀ ਛੇਤੀ ਉਸ ਨੂੰ ਬੇੜੀ ਵਿਚ ਮਿਲਣ ਗਿਆ। ਉਸ ਦੀ ਸੁੰਦਰਤਾ ਵੇਖ ਕੇ ਉਹ ਝੱਲਾ ਹੋ ਗਿਆ। ਉਸ ਨੂੰ ਇਸ ਤਰ੍ਹਾਂ ਲਗਾ ਕਿ ਪੂਰਾ ਚੰਨ ਆਕਾਸ਼ ਤੋਂ ਉਸ ਦੇ ਸ਼ਹਿਰ ਉਤੇ ਉਤਰ ਆਇਆ ਹੈ।

ਸੁਨਾਈ

''ਹੁਣ ਮੇਰੀ ਗੱਲ ਸੁਣ, ਦੀਵਾਨ ! ਤੂੰ ਮੇਰੇ ਪਿਆਰੇ ਪਤੀ ਨੂੰ ਆਪਣੇ ਸ਼ਹਿਰ ਵਿਚ ਕੈਦ ਕੀਤਾ ਹੋਇਆ ਹੈ। ਕਿਰਪਾ ਕਰਕੇ ਇਹ ਗੱਲ ਉਸ ਤੋਂ ਲੁਕਾਈ ਰਖੀਂ ਕਿ ਮੈਂ ਏਥੇ ਆ ਗਈ ਹਾਂ। ਮੈਂ ਆਪਣੇ ਪ੍ਰਾਣਾਂ ਦਾ ਵਾਸਤਾ ਪਾ ਕੇ ਤੈਥੋਂ ਇਹ ਮੰਗ ਮੰਗਦੀ ਹਾਂ ਕਿ ਤੂੰ ਆਪਣੇ ਸਾਰੇ ਆਦਮੀਆਂ ਅਤੇ ਸ਼ਹਿਰੀਆਂ ਨੂੰ ਇਹ ਹੁਕਮ ਦੇ ਦੇ ਕਿ ਉਹ ਉਸ ਕੋਲ ਮੇਰੇ ਬਾਰੇ ਕੋਈ ਗੱਲ ਨਾ ਕਰਨ। ਨਾਲ ਹੀ ਤੈਨੂੰ ਉਸ ਨੂੰ ਇਕ ਦਮ ਰਿਹਾ ਕਰ ਦੇਣਾ ਚਾਹੀਦਾ ਹੈ। ਜੇ ਤੂੰ ਇਹ ਸਾਰਾ ਕੁਝ ਕਰੇਂਗਾ ਤਾਂ ਹੀ ਮੈਂ ਤੇਰੀ ਚਾਹ ਪੂਰੀ ਕਰ ਸਕਦੀ ਹਾਂ।''

ਜੇਲ ਵਿਚ ਮਾਧਬ ਪਿਆ ਸੀ। ਇਕ ਭਾਰਾ ਪੱਥਰ ਉਸ ਦੀ ਛਾਤੀ ਉਤੇ ਰਖਿਆ ਹੋਇਆ ਸੀ। ਉਸ ਦੇ ਹੱਥ ਪੈਰ ਲੋਹੇ ਦੇ ਸੰਗਲਾਂ ਨਾਲ ਬਨ੍ਹੇ ਹੋਏ ਸਨ। ਉਸ ਨੂੰ ਹੁਣ ਰਿਹਾ ਕਰ ਦਿੱਤਾ ਗਿਆ। ਦੀਵਾਨ ਨੇ ਉਸ ਨੂੰ ਵਾਪਸੀ ਲਈ ਉਹੋ ਬੇੜੀ ਦੇ ਦਿੱਤੀ ਜਿਸ ਉਤੇ ਚੜ੍ਹ ਕੇ ਸੁਨਾਈ ਉਸ ਦੇ ਸ਼ਹਿਰ ਆਈ ਸੀ। ਇਸ ਤਰ੍ਹਾਂ ਆਜ਼ਾਦ ਹੋ ਕੇ ਮਾਧਬ ਨੇ ਘਰ ਨੂੰ ਬੇੜੀ ਠੇਲ ਦਿੱਤੀ। ਹੁਣ ਸੁਣੋ ਸੁਨਾਈ ਨਾਲ ਕੀ ਬੀਤੀ।

ਕਾਲੀ ਰਾਤ ਦਾ ਅਨ੍ਹੇਰਾ ਸੀ ਤੇ ਅਕਾਸ਼ ਉਤੇ ਕੋਈ ਤਾਰਾ ਵੀ ਨਹੀਂ ਦਿਸਦਾ ਸੀ। ਇਕ ਵੱਡੇ ਬੰਗਲੇ ਵਿਚ ਜਿਸ ਦੇ ਬਾਰਾਂ ਬੂਹੇ ਸਨ ਸੁਨਾਈ ਇਕੱਲੀ ਲੇਟੀ ਹੋਈ ਸੀ। ਬੰਗਲੇ ਦੇ ਚਾਰੇ ਪਾਸੇ ਸਿਪਾਹੀ ਅਤੇ ਪਹਿਰੇਦਾਰ ਸਨ। ਏਨੀ ਦੂਰ ਤੋਂ ਹੀ ਉਸ ਨੇ ਆਪਣੀ ਮਾਤਾ ਦੇ ਚਰਨਾਂ ਉਤੇ ਮੱਥਾ ਟੇਕਿਆ ਅਤੇ ਅਸੀਸ ਮੰਗੀ।

ਫਿਰ ਉਸ ਨੇ ਮਾਧਬ ਦਾ ਪਿਆਰਾ ਮੁੱਖੜਾ ਯਾਦ ਕੀਤਾ। ਇਸ ਦੁੱਖ ਦੇ ਅਨ੍ਹੇਰੇ ਵਿਚ ਪ੍ਰੀਤਮ ਦਾ ਚੇਤਾ ਕਰ ਕੇ ਹੀ ਉਸ ਨੂੰ ਕੁਝ ਪ੍ਰਸੰਨਤਾ ਹੋਈ। ਉਸ ਦੇ ਚਰਨਾਂ ਨੂੰ ਯਾਦ ਕਰਕੇ ਉਸ ਨੇ ਸੌ ਵਾਰ ਮੱਥਾ ਟੇਕਿਆ। ਫਿਰ ਉਸ ਨੇ ਪਵਿੱਤ੍ਰ ਮਾਤਾ ਦੁਰਗਾ ਅਗੇ ਅਰਦਾਸ ਕੀਤੀ ਕਿ ਉਹ ਉਸ ਨੂੰ ਬਲ ਬਖ਼ਸ਼ੇ।

ਅਕਾਸ਼ ਕਾਲਾ ਸੀ ਅਤੇ ਧਰਤੀ ਹਰ ਪਾਸੇ ਕਾਲੀ ਸੀ ਅਤੇ ਅਨ੍ਹੇਰੇ ਨਾਲ ਕੱਜੀ ਹੋਈ ਸੀ। ਉਸ ਦੇ ਸਾਮਣੇ ਖਲੋਤੀ ਰਾਤ ਵੀ ਕਾਲੀ ਲਗਦੀ ਸੀ। ਇਸ ਸਮੇਂ ਅਭਾਗਨ ਕੁੜੀ ਨੇ ਕਾਲੇ ਜ਼ਹਿਰ ਵਾਲੀ ਆਪਣੀ ਨਿੱਕੀ ਜਿਹੀ ਡਬੀ ਖੋਲੀ।

ਅਜ ਉਸ ਨੇ ਢੇਰ ਚਿਰ ਪਹਿਲਾਂ ਪੂਰੇ ਹੋ ਚੁੱਕੇ ਪਿਤਾ ਦਾ ਅਕਾਰ ਯਾਦ ਕੀਤਾ। ਉਸ ਨੂੰ ਉਸ ਦੀ ਮਾੜੀ ਮਾੜੀ ਹੀ ਸੰਭਾਲ ਸੀ ਪਰ ਅਜ ਉਸ ਨੂੰ ਆਪਣੇ ਪਿਤਾ ਦਾ ਭਿਆਨਕ ਅੰਤਲਾ ਸਮਾਂ ਸਾਫ਼ ਸਾਫ਼ ਚੇਤੇ ਆਇਆ।

ਡੂੰਘੀ ਰਾਤੀਂ ਦੀਵਾਨ ਪੋਲੇ ਪੈਰੀਂ ਕਮਰੇ ਵਿਚ ਆਇਆ। ਉਸ ਨੇ ਵੇਖਿਆ ਕਿ ਉਹ ਮੰਜੇ ਉਤੇ ਬੇਹੋਸ਼ ਪਈ ਹੈ। ਜ਼ਹਿਰ ਉਸ ਦੇ ਸਾਰੇ ਸਰੀਰ ਵਿਚ ਫਿਰ ਗਈ ਸੀ। ਜਿਸ ਨਾਲ ਉਸ ਦਾ ਸੁੰਦਰ ਪਿੰਡਾ ਕਾਲਾ ਅਤੇ ਬੇਰੰਗ ਹੋ ਗਿਆ ਸੀ। ਉਹ ਮੌਤ ਦੀਆਂ ਪੀੜਾਂ ਸਹਿ ਰਹੀ ਸੀ ਤੇ ਉਸ ਦਾ ਸਰੀਰ ਇਸ ਤਰ੍ਹਾਂ ਬਲ ਰਿਹਾ ਸੀ ਜਿਵੇਂ ਅੱਗ ਵਿਚ ਪਿਆ ਹੋਵੇ।

ਸ਼ੋਕ ! ਉਹ ਇਸ ਅਖ਼ੀਰਲੇ ਵੇਲੇ ਆਪਣੀ ਮਾਂ ਦੇ ਦਰਸ਼ਨ ਨਾ ਕਰ ਸਕੀ। ਸ਼ੋਕ ! ਉਹ ਅਖ਼ੀਰਲੀ ਵਿਦਾਇਗੀ ਲਈ ਆਪਣੇ ਪਤੀ ਦੇ ਮੱਥੇ ਨਾ ਲਗ ਸਕੀ। ਹਾਏ ! ਉਸ ਦੇ ਸੱਸ ਅਤੇ ਸੌਹੁਰਾ ਕਿਥੇ ਹਨ ਜਿਹੜੇ ਉਸ ਨੂੰ ਏਨਾ ਪਿਆਰ ਕਰਦੇ ਸਨ। ਅਤੇ ਕਿਥੇ ਹੈ ਉਸ ਦੀ ਸਹੇਲੀ ਅਤੇ ਭੇਤਨ ਸ਼ੱਲਾ ? ਪਰ ਸਭ ਤੋਂ ਵੱਡਾ ਦੁੱਖ ਤੇ ਇਹ ਹੈ ਕਿ ਇਸ ਅਖ਼ੀਰਲੇ ਵੇਲੇ ਉਸ ਦਾ ਪਤੀ ਉਸ ਦੀ ਮੰਜੀ ਕੋਲ ਨਹੀਂ।

ਬਦਮਾਸ਼ ਦੀਵਾਨ ਆਪਣਾ ਸ਼ੈਤਾਨੀ ਵਿਸ਼ਾ ਪੂਰਾ ਨਾ ਕਰ ਸਕਿਆ। ਆਪਣੇ ਪਤੀ ਦੀ ਜਾਨ ਬਚਾਣ ਲਈ ਸੁਨਾਈ ਨੇ ਆਪਣੀ ਜਾਨ ਦੇ ਦਿੱਤੀ।

———

ਕੇਨਾ ਰਾਮ ਡਾਕੂਆਂ ਦਾ ਸਰਦਾਰ

(ਦੁਨੀਆ ਦੇ ਸਾਹਿਤਕ ਇਤਹਾਸ ਵਿੱਚ ਕਵਿਤ੍ਰੀ ਚੰਦਰਾਵਤੀ ਦਾ ਭਾਣਾ ਮੰਨ ਕੇ ਆਪਣਾ ਦੁੱਖ ਭਰਿਆ ਜੀਵਨ ਕੱਟਣ ਤੋਂ ਵੱਧ ਕੋਮਲ ਵਾਰਤਾ ਸ਼ਾਇਦ ਕੋਈ ਹੋਵੇ। ਚੰਦਰਾਵਤੀ ਬੰਗਸ਼ੀ ਦਾਸ ਦੀ ਇਕ ਗੁਣੀ ਧੀ ਸੀ ਜੋ 1550 ਵਿਚ ਜਨਮੀ। ਮਨਸਾ ਦੇਵੀ ਦੀ ਭਗਤੀ ਦੇ ਸਬੰਧ ਵਿਚ ਰਚੀ ਕਵਿਤਾ ਸਾਹਿਤ ਵਿਚ ਉਸ ਦੀ ਦੇਣ ਸਭ ਤੋਂ ਉਤਮ ਹੈ। ਬੰਗਸ਼ੀ ਦਾਸ ਜਿਸ ਦਾ ਪਿੰਡ ਫੁਲੇਸ਼ਵਰੀ ਦਰਿਆ ਉਤੇ ਸੀ ਇਕ ਗ਼ਰੀਬ ਬ੍ਰਾਹਮਣ ਸੀ ਪਰ ਉਸ ਨੂੰ ਆਪਣੀ ਨਿਰਧਨਤਾ ਉਤੇ ਮਾਣ ਸੀ ਅਤੇ ਉਹ ਮਾਇਆ ਕਮਾਣ ਲਈ ਕੋਈ ਘਟੀਆ ਸਾਧਨ ਵਰਤਣ ਨੂੰ ਤਿਆਰ ਨਹੀਂ ਸੀ। ਬੰਗਸ਼ੀ ਦਾਸ ਹੱਥੀ ਡਾਕੂ ਕੇਨਾ ਰਾਮ ਦੇ ਸੁਧਾਰ ਦੀ ਕਹਾਣੀ, ਜਿਹੜੀ ਚੰਦਰਾਵਤੀ ਨੇ ਆਪ ਲਿਖੀ, ਸ਼ਰਧਾ ਦੀ ਅਸ਼ਚਰਜ ਸ਼ਕਤੀ ਵਿਖਾਂਦੀ ਹੈ, ਬੰਗਾਲ ਰਾਜਨੀ ਉੱਥਲ ਪੁੱਥਲ ਵਿਚੋਂ ਦੀ ਲੰਘ ਰਿਹਾ ਸੀ। ਪਠਾਨਾਂ ਦੀ ਪਕੜ ਕਮਜ਼ੋਰ ਹੋ ਰਹੀ ਸੀ ਅਤੇ ਮੁਗ਼ਲ ਬੂਹਾ ਖੜਕਾ ਰਹੇ ਸਨ। ਗੌਰ ਦੇ ਬਾਦਸ਼ਾਹ ਦਾ ਸਾਰਾ ਧਿਆਨ ਦੇਸ਼ ਨੂੰ ਬਾਹਰਲੇ ਹਮਲੇ ਤੋਂ ਬਚਾਣ ਵੱਲ ਲੱਗਾ ਹੋਇਆ ਸੀ। ਇਸ ਲਈ ਛੋਟੇ ਛੋਟੇ ਸਰਦਾਰਾਂ ਨੂੰ ਆਪਣੀਆਂ ਮਨ ਆਈਆਂ ਕਰਨ ਦਾ ਅਵਸਰ ਮਿਲਿਆ ਹੋਇਆ ਸੀ ਤੇ ਉਹ ਲੱਗ ਪੱਗ ਸਵਾਧੀਨ ਹੋ ਚੁਕੇ ਸਨ। ਇਸ ਆਪੋ ਧਾਪੀ ਵਿਚ ਬਦ-ਅਮਨੀ ਦੀ ਹਾਲਤ ਪੈਦਾ ਹੋ ਗਈ ਸੀ। ਚੰਦਰਾਵਤੀ ਲਿਖਦੀ ਹੈ ਕਿ ਡਾਕੂ ਹੀ ਦੇਸ਼ ਦੇ ਅਸਲੀ ਮਾਲਕ ਹਨ ਤੇ ਬਾਦਸ਼ਾਹ ਦੀ ਤਾਕਤ ਵਿਚ ਕਿਸੇ ਨੂੰ ਵੀ ਵਿਸ਼ਵਾਸ਼ ਨਹੀਂ। ਉਹ ਠਗਾਂ ਬਾਰੇ ਵੀ ਦੱਸਦੀ ਹੈ ਜਿਹੜੇ ਰਸੇ ਦੀਆਂ ਫਾਹੀਆਂ ਪਾ ਕੇ ਲੋਕਾਂ ਨੂੰ ਫਾਹ ਦੇ ਦੇਂਦੇ। ਜਨਤਾ ਭੈ ਵਿਚ ਜੀਉਂਦੀ ਸੀ। ਲੁੱਟੇ ਜਾਣ ਦੇ ਡਰ ਤੋਂ ਲੋਕੀ ਆਪਣਾ ਧਨ ਧਰਤੀ ਦੇ ਹੇਠਾਂ ਦੱਬ ਰਖਦੇ। ਕਈ ਪਿੰਡ ਅਸਲੋਂ ਉਜੜ ਗਏ ਸਨ। ਪੱਛਮੀ ਮੈਮਨਸਿੰਗ ਵਿਚ ਲੋਕ ਕਿਸੇ ਹੋਰ ਦੇ ਨਾਂ ਤੋਂ ਏਨਾ ਭੈ ਨਹੀਂ ਖਾਂਦੇ ਸਨ ਜਿੰਨਾ ਇਕ ਤੱਗੜੇ ਟੋਲੇ ਦੇ ਸਰਦਾਰ ਕੇਨਾ ਰਾਮ ਤੋਂ। ਕੇਨਾ ਰਾਮ ਦੇ ਸੁਧਾਰ ਦੀ ਵਾਰਤਾ ਇਕ ਇਤਹਾਸਕ ਬ੍ਰਿਤਾਂਤ ਹੈ ਤੇ ਕਵਿਤਾ ਵਿਚ ਹੋਣ ਨਾਲ ਇਸ ਦਾ ਇਤਹਾਸਕ ਮੁੱਲ ਘਟਿਆ ਨਹੀਂ। ਕਵਿਤਾ ਵਿਚ ਜਿਨ੍ਹਾਂ ਥਾਵਾਂ ਦੇ ਨਾਂ ਆਏ ਹਨ ਉਹਨਾਂ ਵਿਚੋਂ ਕੁਝ ਅਜੇ ਤਕ ਹੋਣ। ਇਹ ਘਟਨਾ 1574 ਅਤੇ 1590 ਦੇ ਵਿਚਾਲੇ ਹੋਈ।)

ਕੇਨਾ ਰਾਮ ਡਾਕੂਆਂ ਦਾ ਸਰਦਾਰ

ਇਕ ਲੰਮੇ ਚੌੜੇ ਬੇ ਆਬਾਦ ਇਲਾਕੇ ਦੇ ਨੇੜੇ ਇਕ ਪਿੰਡ ਹੈ ਜਿਸ ਦਾ ਨਾਂ ਬਕੂਲੀਆ ਹੈ, ਇਸ ਪਿੰਡ ਵਿਚ ਇਕ ਬ੍ਰਾਹਮਣ ਰਹਿੰਦਾ ਸੀ ਜਿਸ ਦਾ ਨਾਂ ਖੇਲਾ ਰਾਮ ਸੀ। ਉਸ ਦੀ ਵਹੁੱਟੀ ਦਾ ਨਾਂ ਯਸ਼ੋਧਰਾ ਸੀ। ਇਹ ਜੋੜਾ ਹੋਰ ਤੇ ਸਭ ਪਾਸਿਓਂ ਸੁਖੀ ਸੀ ਪਰ ਉਹਨਾਂ ਦੀ ਕੋਈ ਔਲਾਦ ਨਹੀਂ ਸੀ। ਇਸ ਗੱਲ ਦਾ ਉਹਨਾਂ ਨੂੰ ਬੜਾ ਦੁੱਖ ਸੀ। ਪਿੰਡਾਂ ਵਿਚ ਬਿਨ-ਔਲਾਦ ਆਦਮੀ ਲਈ ਘ੍ਰਿਣਾ ਭਰਿਆ ਸ਼ਬਦ ਔਤਰਾ ਵਰਤਿਆ ਜਾਂਦਾ ਹੈ। ਉਹ ਆਪਣੀ ਕਿਸਮਤ ਉਤੇ ਝੂਰਦੇ ਹੋਏ ਕਹਿੰਦੇ, "ਬਿਨਾਂ ਕਿਸੇ ਬਾਲ ਬੱਚੇ ਦੇ ਸਾਡੇ ਜੀਉਣ ਦਾ ਕੀ ਲਾਭ ਹੈ। ਅਸੀਂ ਆਪਣੇ ਆਪ ਨੂੰ ਭੁੱਖ ਨਾਲ ਮਾਰ ਲਵਾਂਗੇ ਪਰ ਗਵਾਂਡੀਆਂ ਦੇ ਮੰਦੇ ਬੋਲ ਸੁਨਣ ਲਈ ਉਨਾਂ ਦੇ ਮੱਥੇ ਨਹੀਂ ਲਗਾਂਗੇ। ਅਸੀਂ ਨ ਸ਼ਾਮ ਨੂੰ ਦੀਵਾ ਬਾਲਾਂਗੇ ਨ ਦਿਨੇ ਸੂਰਜ ਨੂੰ ਆਪਣਾ ਮੂੰਹ ਵਿਖਾਵਾਂਗੇ। ਅਸੀਂ ਅੰਦਰੋ ਕੁੰਡੇ ਮਾਰ ਕੇ ਘਰ ਦੇ ਵਿਚੇ ਹੀ ਬੈਠੇ ਰਵ੍ਹਾਂਗੇ। ਅਨੰਤ ਅਨ੍ਹੇਰਾ ਹੀ ਕਿਧਰੇ ਸਾਡੀ ਸ਼ਰਮ ਨੂੰ ਕੱਜ ਲਵੇ।" ਇਸ ਜੋੜੀ ਨੇ ਤਿੰਨ ਦਿਨ ਇਸ ਤਰ੍ਹਾਂ ਵਰਤ ਰਖ ਕੇ ਕੱਢੇ। ਤੀਜੇ ਦਿਨ ਦੀ ਰਾਤ ਨੂੰ ਯਸ਼ੋਧਰਾ ਨੂੰ ਸੁੱਪਨਾ ਆਇਆ ਕਿ ਮਨਸਾ ਦੇਵੀ ਨੇ ਉਸ ਨੂੰ ਉਤੇ ਸਦਿਆ ਹੈ। ਤੇ ਸਦ ਕੇ ਹੁਕਮ ਦਿੱਤਾ ਹੈ ਕਿ ਉਹ ਹਾੜ ਦੇ ਅਖ਼ੀਰਲੇ ਦਿਨ ਇਕ ਛੰਨਾ ਉਸ ਨੂੰ ਚੜ੍ਹਾਏ ਅਗਲੇ ਤੀਹ ਦਿਨ ਉਸ ਨੂੰ ਕਰੜਾ ਤੱਪ ਅਤੇ ਪੂਜਾ ਕਰਨ ਅਤੇ ਸ਼ਾਮ ਨੂੰ ਦੇਵੀ ਨੂੰ ਸਾਮਣੇ ਧੂਪ ਦੇਣ ਅਤੇ ਫੁੱਲ ਚੜ੍ਹਾਣ ਦਾ ਹੁਕਮ ਸੀ। ਸਾਉਣ ਦੇ ਅਖ਼ੀਰਲੇ ਦਿਨ ਦੇਵੀ ਦੀ ਪੂਜਾ ਧਾਰਮਕ ਮਰਯਾਦਾ ਅਨੁਸਾਰ ਸਮਾਪਤ ਕੀਤੀ ਜਾਣੀ ਸੀ।

ਤ੍ਰੀਮਤ ਨੇ ਆਪਣੇ ਸੁੱਪਨੇ ਦੀ ਕਥਾ ਆਪਣੇ ਪਤੀ ਨੂੰ ਸੁਣਾਈ ਅਤੇ ਦੋਹਾਂ ਨੇ ਜਿਵੇਂ ਹੁਕਮ ਹੋਇਆ ਸੀ ਓਵੇਂ ਹੀ ਕੀਤਾ।

2. ਕੇਨਾ ਰਾਮ ਦਾ ਜਨਮ-ਉਸ ਦੀ ਕਿਸਮਤ ਦਾ ਫੇਰ

ਦੇਵੀ ਦੀ ਕ੍ਰਿਪਾ ਨਾਲ ਇਸ ਜੋੜੀ ਨੂੰ ਪੁੱਤ੍ਰ ਦੀ ਬਖ਼ਸ਼ਿਸ਼ ਹੋਈ। ਇਹ ਪੁੱਤ੍ਰ ਜਿਹੜਾ ਇਸ ਜੋੜੀ ਦੇ ਘਰ ਪਿੱਛਲੀ ਉਮਰ ਵਿਚ ਪੈਦਾ ਹੋਇਆ ਕਾਲੇ ਰੰਗ ਦਾ ਬੜਾ ਸੁਅਸਥ ਬੱਚਾ ਸੀ। ਚਾਵਾਂ-ਮਤੀ ਮਾਂ ਆਪਣੇ ਚੰਗੇ ਭਾਗ ਮਾਨਣ ਲਗੀ-ਬਹੁਤਾ ਚਿਰ ਨ ਜੀਵੀ । ਜਦੋਂ ਅਜੇ ਬਚਾ ਸੱਤਾਂ ਮਹੀਨਿਆਂ ਦਾ ਹੀ ਸੀ ਕਿ ਉਹ ਪੂਰੀ ਹੋ ਗਈ। ਬਚੇ ਦਾ ਨਾਂ ਕੇਨਾ ਰਾਮ ਰਖਿਆ ਗਿਆ ਜਿਸ ਦੇ ਅਰਥ ਬੰਗਾਲੀ ਵਿਚ ਰਾਮ ਦਾ ਆਪਣਾ ਜਾਂ ਰਾਮ ਦਾ ਖ਼ਰੀਦਿਆ ਹੋਇਆ ਬਣਦੇ ਹਨ। ਆਪਣੀ ਪਿਆਰੀ ਪਤਨੀ ਦੀ ਮ੍ਰਿਤੂ ਦਾ ਬ੍ਰਾਹਮਣ ਨੂੰ ਏਨਾ ਧੱਕਾ ਲਗਾ ਕਿ ਕੁਝ ਚਿਰ ਪਿੱਛੋਂ ਉਹ ਤੀਰਥਾਂ ਦੀ ਯਾਤਰਾ ਨੂੰ ਟੁਰ ਗਿਆ ਅਤੇ ਤਿੰਨ ਸਾਲ ਮਗਰੋਂ ਵੀ ਉਹ ਮੁੜਿਆ ਨਾ । ਉਹਦਾ ਨਿੱਕਾ ਜਿਹਾ ਪੁੱਤ੍ਰ ਜਿਹੜਾ ਅਜੇ ਮਸਾਂ ਇਕ ਸਾਲ ਦਾ ਸੀ ਆਪਣੇ ਮਾਪਿਆਂ ਕੋਲ ਛੱਡ ਦਿੱਤਾ ਗਿਆ ਜਿਹੜੇ ਮੈਮਨਸਿੰਗ ਵਿਚ ਪਿੰਡ ਦੇਵਪੁਰ ਵਿਚ ਰਹਿੰਦੇ ਸਨ। ਉਹ ਬਾਲ ਨੂੰ ਗਾਂ ਦਾ ਦੁੱਧ ਪਿਆਂਦੇ ਤੇ ਉਸ ਦਾ ਬਹੁਤ ਧਿਆਨ ਰਖਦੇ। ਇਸ ਤਰ੍ਹਾਂ ਬਾਲਪਨ ਦੀਆਂ ਮੁਸੀਬਤਾਂ ਦੇ ਬਾਵਜੂਦ ਸਮਾਂ ਉਸ ਦੇ ਲਈ ਸਿਧਾ ਹੀ ਰਿਹਾ ਅਤੇ ਉਹ ਤਿੰਨਾਂ ਸਾਲਾਂ ਦਾ ਹੋ ਗਿਆ।

ਇਸ ਸਮੇਂ ਮੈਮਨਸਿੰਗ ਦੇ ਜ਼ਿਲੇ ਵਿਚ ਏਨਾ ਭਿਆਨਕ ਕਾਲ ਪਿਆ ਜਿਹੋ ਜਿਹਾ ਬੰਗਾਲ ਵਿਚ ਪਹਿਲਾਂ ਕਦੀ ਨਹੀਂ ਸੀ ਪਿਆ। ਮੀਂਹ ਦੀ ਰੁੱਤ ਮੀਂਹ ਨਾ ਪਿਆ ਤੇ ਸਿੱਟੇ ਵਜੋਂ ਖੇਤੀ ਦੀ ਹਾਲਤ ਬੜੀ ਖ਼ਤਰਨਾਕ ਹੋ ਗਈ। ਕਈ ਘਰ ਅਤਿ ਦਰਦਨਾਕ ਦ੍ਰਿਸ਼ ਪੇਸ਼ ਕਰ ਰਹੇ ਸਨ। ਇਸਤ੍ਰੀਆਂ ਅਤੇ ਮਰਦ ਸੈਂਵਾਂ ਦੀ ਗਿਣਤੀ ਵਿਚ ਮਰ ਗਏ। ਪਹਿਲਾਂ ਉਹ ਫਲਾਂ ਉਤੇ ਗੁਜ਼ਾਰਾ ਕਰਦੇ ਰਹੇ, ਫਿਰ ਉਹ ਘਾਹ ਖਾਂਦੇ ਰਹੇ ਤੇ ਫਿਰ ਜਦੋਂ ਸੂਰਜ ਦੀ ਤਪਸ਼ ਨੇ ਉਹਵੀ ਸਾੜ ਸੁਟਿਆ ਤਾਂ ਉਹਨਾਂ ਆਪਣੇ ਡੰਗਰ ਅਤੇ ਘਰ ਦੇ ਭਾਂਡੇ ਵੇਚ ਦਿੱਤੇ। ਫਿਰ ਪਤੀਆਂ ਨੇ ਪੱਤਨੀਆਂ ਵੇਚੀਆਂ ਅਤੇ ਪੱਤਨੀਆਂ ਨੇ ਬੱਚੇ। ਸਾਰੀ ਮਰਿਯਾਦਾ, ਸਾਰਾ ਪਿਆਰ ਅਤੇ ਭਾਵ ਖ਼ਤਮ ਹੋ ਗਏ ਅਤੇ ਬੰਦੇ ਘਟੀਆ ਪਸ਼ੂਆਂ ਵਾਂਗ ਹੋ ਗਏ ਜਿਹੜੇ ਸਾਰਾ ਦਿਨ ਗੁਜ਼ਾਰੇ ਲਈ ਕੁਝ ਲੱਭਦੇ ਰਹਿੰਦੇ। ਕੇਨਾ ਰਾਮ ਦੇ ਮਾਮਿਆਂ ਨੇ ਪੰਜ ਸੇਰ ਚੌਲ ਲੈ ਕੇ ਉਸ ਨੂੰ ਵੇਚ ਦਿੱਤਾ।

ਕੈਵਰਤਾ ਜਾਤ ਦੇ ਇਕ ਆਦਮੀ ਨੇ ਮੁੰਡੇ ਨੂੰ ਖ਼ਰੀਦ ਲਿਆ। ਆਪਣੇ ਸੌਦੇ ਉਤੇ ਉਹ ਬੜਾ ਖ਼ੁਸ਼ ਹੋਇਆ ਕਿਉਂਕਿ ਮੁੰਡਾ ਸਰੀਰ ਦਾ ਬੜਾ ਤੱਗੜਾ ਸੀ।

ਇਸ ਕੈਵਰਤਾ ਦੇ ਸੱਤ ਪੁੱਤਰ ਡਾਕੂਆਂ ਦੀਆਂ ਵਖ ਵਖ ਸੱਤ ਢਾਣੀਆਂ ਦੇ ਸਰਦਾਰ ਸਨ। ਗਰੋ ਦੀਆਂ ਪਹਾੜੀਆਂ ਤੋਂ ਲੈ ਕੇ ਦੱਖਣ ਵਿਚ ਸਮੁੰਦਰ ਦੇ ਤੱਟ ਤਕ ਸਾਰਾ ਇਲਾਕਾ ਉਨ੍ਹਾਂ ਦਿਨਾਂ ਵਿਚ ਮਨੁੱਖਾਂ ਵੱਲੋਂ ਬੇ ਆਬਾਦ ਸੀ। ਇਸ ਧਰਤੀ ਉਤੇ ਮੁਸ਼ਕ ਬੈਂਤ ਦਾ ਸੰਘਣਾ ਜੰਗਲ ਉਗਿਆ ਹੋਇਆ ਸੀ। ਜਿਹੜਾ ਡਾਕੂਆਂ ਲਈ ਲੁੱਕਣ ਦਾ ਕੰਮ ਦੇਂਦਾ ਸੀ। ਲੁਟੇ ਜਾਣ ਦੇ ਡਰ ਤੋਂ ਲੋਕ ਆਪਣਾ ਧਨ ਧਰਤੀ ਵਿਚ ਦੱਬ ਦੇਂਦੇ ਸਨ। ਡਾਕੂ ਅਸਲ ਵਿਚ ਦੇਸ਼ ਦੇ ਮਾਲਕ ਬਣ ਗਏ ਹੋਏ ਸਨ ਅਤੇ ਬਾਦਸ਼ਾਹ ਦੀ ਸ਼ਕਤੀ ਵਿਚ ਕਿਸੇ ਨੂੰ ਵਿਸ਼ਵਾਸ ਨਹੀਂ ਰਿਹਾ

ਸੀ। ਕਾਜ਼ੀਆਂ ਦੇ ਰਾਜ ਥੱਲੇ ਕਈ ਪਿੰਡ ਬਿਲਕੁਲ ਉਜੜੇ ਹੋਣ ਦਾ ਦ੍ਰਿੱਸ਼ ਪੇਸ਼ ਕਰਦੇ ਸਨ।

ਬਾਲਪਨ ਤੋਂ ਡਾਕੂਆਂ ਵਿਚ ਪਲਿਆ ਹੋਣ ਕਰਕੇ ਕੇਨਾ ਰਾਮ ਲੋਕਾਂ ਨੂੰ ਲੁਟਣ ਅਤੇ ਮਾਰ ਦੇਣ ਦੇ ਕੰਮ ਵਿਚ ਉਸਤਾਦ ਹੋ ਗਿਆ । ਇਹ ਕੈਵਰਤਾ ਭਰਾ ਆਪਣੇ ਭੈੜੇ ਕਿੱਤੇ ਕਰਕੇ ਬਹੁਤ ਅਮੀਰ ਹੋ ਗਏ ਸਨ ਪਰ ਫਿਰ ਵੀ ਉਹਨਾਂ ਇਹ ਕੰਮ ਛਡਿਆ ਨਾ। ਡਾਕਿਆਂ ਨਾਲ ਜਿੰਨਾ ਮਾਲ ਮਿਲਦਾ ਉਹ ਸਾਰਾ ਉਹ ਬੈਂਤ ਦੇ ਇਸ ਲੰਮੇ ਚੌੜੇ ਜੰਗਲ ਵਿਚ ਧਰਤੀ ਦੇ ਹੇਠਾਂ ਦਬ ਦੇਂਦੇ।

ਚੰਦਰਾ ਕਵਿਤ੍ਰੀ ਲਿਖਦੀ ਹੈ ਕਿ 'ਕੇਨਾ ਰਾਮ ਬਹੁਤ ਵੱਡੇ ਸਰੀਰ ਦਾ ਆਦਮੀ ਬਣ ਗਿਆ। ਜਦੋਂ ਉਹ ਖਲੋਂਦਾ ਤਾਂ ਇਸ ਤਰ੍ਹਾਂ ਲਗਦਾ ਕਿ ਉਸ ਦਾ ਸਿਰ ਅਕਾਸ਼ ਨੂੰ ਲਗ ਰਿਹਾ ਹੈ ਅਤੇ ਧਰਤੀ ਉਸ ਦੇ ਪੈਰ ਰਖਣ ਲਈ ਪੀੜੀ ਲਗਦੀ। ਉਹ ਇਕ ਛੋਟੀ ਪਹਾੜੀ ਵਾਂਗ ਲਗਦਾ ਸੀ। ਕਾਲਾ ਅਤੇ ਹੱਡਾਂ ਪੈਰਾਂ ਦਾ ਰਾਵਣ ਵਾਂਗ ਤੱਗੜਾ।

ਭਾਵੇਂ ਜਨਮ ਦਾ ਉਹ ਬ੍ਰਾਹਮਣ ਸੀ ਪਰ ਉਹਨੂੰ ਕਿਸੇ ਨੇ ਧਰਮ ਵਾਲੇ ਪਾਸੇ ਨਹੀਂ ਸੀ ਲਾਇਆ। ਉਸ ਨੇ ਨੇਕੀ ਬਦੀ ਵਿਚ ਫਰਕ ਕਰਨਾ ਸਿਖਿਆ ਹੀ ਨਹੀਂ ਸੀ । ਉਸ ਨੇ ਦੇਵਤਿਆਂ ਦੀਆਂ ਸਾਖੀਆਂ ਸੁਣਨ ਦੀ ਕਦੀ ਪਰਵਾਹ ਨਹੀਂ ਕੀਤੀ ਸੀ। ਗੁਨਾਹ ਕੀ ਸ਼ੈ ਹੈ। ਇਸ ਦਾ ਉਸ ਨੂੰ ਅਸਲੋਂ ਕੋਈ ਗਿਆਨ ਨਹੀਂ ਸੀ। ਉਸ ਦੀਆਂ ਲੋੜਾਂ ਘਟ ਸਨ ਕਿਉਂਕਿ ਉਸ ਦਾ ਟੱਬਰ ਕੋਈ ਨਹੀਂ ਸੀ। ਫਿਰ ਵੀ ਉਹ ਲੋਕਾਂ ਨੂੰ ਲੁੱਟ ਕੇ, ਮਾਰ ਕੇ ਕੇਵਲ ਧਰਤੀ ਹੇਠਾਂ ਧਨ ਦਬਣ ਦੀ ਖ਼ਾਤਰ ਹੀ ਲੁੱਟ ਲੈਂਦਾ। ਜਿਸ ਤਰ੍ਹਾਂ ਸ਼ੇਰ ਪਸ਼ੂਆਂ ਨੂੰ ਖੇਡ ਲਈ ਹੀ ਮਾਰ ਸੁਟਦਾ ਹੈ ਏਸੇ ਤਰ੍ਹਾਂ ਕੇਨਾ ਰਾਮ ਆਦਮੀਆਂ ਨੂੰ ਮਾਰ ਦੇਂਦਾ।

ਉਹ ਕਦੀ ਘਟ ਵਧ ਹੀ ਆਪਣੇ ਮਾਮੇ ਦੇ ਘਰ ਜਾਂਦਾ। ਇਕ ਜੰਗਲੀ ਸੂਰ ਵਾਂਗ ਉਹ ਜੰਗਲ ਦੇ ਵਿਚਕਾਰ ਨੰਗੀ ਭੋਂ ਉਤੇ ਸੌਂ ਰਹਿੰਦਾ। ਮੱਛਰਾਂ ਅਤੇ ਕੀੜਿਆਂ ਦੇ ਵੱਢਣ ਦੀ ਉਸ ਨੂੰ ਕੋਈ ਪਰਵਾਹ ਨਹੀਂ ਸੀ ਉਹਨੂੰ ਸੁਖ ਆਰਾਮ ਦਾ ਕੋਈ ਧਿਆਨ ਨਹੀਂ ਸੀ, ਨ ਹੀ ਆਪਣੇ ਅਰਾਮ ਲਈ ਉਹ ਨੂੰ ਕੋਈ ਖ਼ਿਆਲ ਸੀ, ਨ ਹੀ ਆਪਣੇ ਅਰਾਮ ਲਈ ਕੋਈ ਪੈਸਾ ਖ਼ਰਚਦਾ ਸੀ। ਹਰ ਰੋਜ਼ ਉਸ ਲੁੱਟਦਾ ਅਤੇ ਹਰ ਰੋਜ਼ ਆਪਣੀ ਲੁੱਟ ਦਾ ਮਾਲ ਭੋਂ ਦੇ ਹੇਠਾਂ ਦਬ ਦੇਂਦਾ।

ਗਾਵਾਂ ਅਤੇ ਮੱਝਾਂ ਦੇ ਬੇਅੰਤ ਵੱਗ ਨੇੜੇ ਦੀਆਂ ਚਰਾਂਦਾਂ ਵਿਚ ਰੁਲੇ ਫਿਰਦੇ। ਕੇਨਾ ਰਾਮ ਅਤੇ ਉਸ ਦੇ ਆਦਮੀ ਬਹੁਤ ਦੁੱਧ ਪੀਂਦੇ ਅਤੇ ਹਦ ਤੋਂ ਵਧ ਬਲਵਾਨ ਹੋ ਗਏ। ਸੂਸੰਗ ਦੀਆਂ ਪਹਾੜੀਆਂ ਤੋਂ ਲੈ ਕੇ ਜਾਲੀਆ ਹੋਵਰ ਦੇ ਜੰਗਲਾ ਤਕ ਦੇ ਸਾਰੇ ਇਲਾਕੇ ਵਿਚ ਕੇਨਾ ਰਾਮ ਅਤੇ ਉਸ ਦੀ ਢਾਣੀ ਧਨੀ ਰਾਹੀਆਂ ਅਤੇ ਯਾਤ੍ਰੀਆਂ ਦੀ ਭਾਲ ਵਿਚ ਫਿਰਦੀ ਰਹਿੰਦੀ। ਕਈਂ ਵਾਰ ਆਪਣਾ ਮਾਲ ਲੈ ਕੇ ਦਰਿਆ ਵਿਚ ਦੀ ਲੰਘਦਾ ਕੋਈ ਬਿਉਪਾਰੀ ਮਾਰ ਦਿੱਤਾ ਜਾਂਦਾ ਅਤੇ ਉਸ ਦਾ ਸਾਮਾਨ ਲੁੱਟ ਕੇ ਉਸ ਦੀ ਬੇੜੀ ਦਰਿਆ ਵਿਚ ਡੋਬ ਦਿੱਤੀ ਜਾਂਦੀ। ਦੇਸ਼ ਵਿਚ ਉਸ ਦਾ ਨਾਂ ਸੁਣ ਕੇ ਲੋਕ ਕੰਬਣ ਲਗ ਪੈਂਦੇ । ਮਾਵਾਂ ਆਪਣੇ ਅੰਞਾਣਿਆਂ ਦੇ ਕੰਨਾਂ ਵਿਚ ਪੋਲਾ ਜਿਹਾ ਉਸ ਦਾ ਨਾਂ ਲੈਂਦੀਆਂ ਤਾਂ ਲੋਰੀ ਨਾਲੋਂ ਵੀ ਛੇਤੀ ਉਨ੍ਹਾਂ ਦੀਆਂ ਅਖਾਂ

ਮੀਟੀਆਂ ਜਾਂਦੀਆਂ ਅਤੇ ਉਨ੍ਹਾਂ ਨੂੰ ਨੀਂਦਰ ਆ ਜਾਂਦੀ।

ਚੰਦਰਾ ਕਹਿੰਦੀ ਹੈ ਕਿ ਜਦੋਂ ਕੇਨਾ ਰਾਮ ਦੀ ਢਾਣੀ ਦੇ ਡਾਕੂ ਆਪਣਾ ਜੈਕਾਰਾ ਗਜਾਉਂਦੇ ਤਾਂ ਦਰੱਖ਼ਤਾਂ ਦੇ ਪੱਤੇ ਵੀ ਡਰ ਨਾਲ ਕੰਬਣ ਲਗ ਜਾਂਦੇ। ਰਾਤ ਨੂੰ ਕੋਈ ਘਰ ਵਿਚ ਦੀਵਾ ਨਾ ਬਾਲਦਾ ਕਿ ਕਿਧਰੇ ਡਾਕੂਆਂ ਦੀ ਨਜ਼ਰ ਨ ਪੈ ਜਾਏ। ਨ ਹੀ ਕੋਈ ਅਨ੍ਹੇਰੇ ਪਏ ਘਰੋਂ ਬਾਹਰ ਨਿਕਲਦਾ।

4. ਕੇਨਾ ਰਾਮ ਬੰਗਸ਼ੀ ਦਾਸ ਨੂੰ ਮਿਲਦਾ ਹੈ

ਇਕ ਵਾਰ ਬੰਗਸ਼ੀ ਦਾਸ ਜਿਹੜਾ ਕਵੀ ਅਤੇ ਭਗਤ ਸੀ ਅਤੇ ਸਦਾ ਮਨਸਾ ਦੇਵੀ ਦਾ ਨਾਂ ਲੈਕੇ ਪ੍ਰਸੰਨ ਹੁੰਦਾ ਆਪਣੇ ਰਾਗੀਆਂ ਦੇ ਜਥੇ ਸਮੇਤ ਜਾਲੀਆ ਹਵਾਰ ਦੇ ਇਸ ਘਨਾਉਂਣੇ ਇਲਾਕੇ ਵਿਚੋਂ ਲੰਘਿਆ। ਉਹ ਦੇਸ਼ ਦੇ ਕਿਸੇ ਦੁਰਾਡੇ ਹਿੱਸੇ ਵੱਲ ਧਾਰਮਕ ਪ੍ਰਚਾਰ ਲਈ ਗਿਆ ਹੋਇਆ ਸੀ ਅਤੇ ਹੁਣ ਪਿਛਾਂ ਘਰ ਮੁੜ ਰਿਹਾ ਸੀ। ਉਸ ਦਾ ਮਨ ਭਗਤੀ ਭਾਵ ਨਾਲ ਭਰਿਆ ਹੋਇਆ ਸੀ ਤੇ ਉਹ ਟੁਰਦਾ ਟੁਰਦਾ ਵੀ ਆਪਣੇ ਇਕਤਾਰੇ ਉਤੇ ਮਨਸਾ ਦੇਵੀ ਦੇ ਭਜਨ ਗੌਂ ਰਿਹਾ ਸੀ। ਨਾਲ ਦੇ ਸਾਜਿੰਦੇ ਢੋਲਕੀਆਂ ਛੈਣੇ ਵਜਾ ਰਹੇ ਸਨ। ਉਹ ਭਗਤੀ ਭਾਵ ਵਿਚ ਏਨੇ ਮਸਤਾਨੇ ਹੋਏ ਹੋਏ ਸਨ ਕਿ ਉਹ ਟੁਰਦੇ ਟੁਰਦੇ ਨ ਕੇਵਲ ਸਾਜ਼ ਵਜਾ ਰਹੇ ਅਤੇ ਗਓਂ ਰਹੇ ਸਨ ਸਗੋਂ ਨਾਲ ਨਾਲ ਨੱਚਦੇ ਵੀ ਜਾਂਦੇ ਸਨ। ਚੰਦਰਾ ਲਿਖਦੀ ਹੈ ਕਿ "ਬੰਗਸ਼ੀ ਦਾਸ ਨੇ ਆਪਣੇ ਦੁਆਲੇ ਇਕ ਕੱਪੜਾ ਵਲੇਟਿਆ ਹੋਇਆ ਸੀ। ਜਿਸ ਉਤੇ ਉਸ ਦੇ ਦੇਵਤੇ ਦੇ ਨਾਮ ਲਿਖੇ ਹੋਏ ਸਨ। ਅਜਿਹੇ ਕਪੜੇ ਨੂੰ ਨਾਮਾਵਲੀ ਆਖਦੇ ਸਨ। ਉਸ ਨੇ ਸਨਿਆਸੀਆਂ ਵਾਲੇ ਕਪੜੇ ਪਾਏ ਹੋਏ ਸਨ, ਉਸ ਦੇ ਸਿਰ ਉਤੇ ਜਟਾਂ ਸਨ ਅਤੇ ਮੱਥੇ ਉਤੇ ਆਪਣੇ ਮਤ ਦੀ ਨਸ਼ਾਨੀ ਲੰਮਾ ਤਿਲਕ ਸੀ। ਸਾਰਾ ਜਥਾ ਸਿਮਰਨ ਵਿਚ ਮਸਤ ਸੀ। ਨ ਉਨ੍ਹਾਂ ਨੂੰ ਜੰਗਲ ਵਿਚ ਆਪਣੇ ਰਾਹ ਵੱਲ ਵੇਖਣ ਦੀ ਚਾਹ ਸੀ। ਨ ਅਕਾਸ਼ ਵੱਲ ਅਤੇ ਨ ਹੀ ਆਲੇ ਦੁਆਲੇ ਦੇ ਦ੍ਰਿਸ਼ ਵੱਲ। ਉਹ ਇਸ ਗਲੋਂ ਹੀ ਵਿਸਮਾਦ ਵਿਚ ਆਏ ਹੋਏ ਸਨ ਕਿ ਉਹ ਦੇਵੀ ਮਾਤਾ ਦਾ ਭਜਨ ਕਰ ਰਹੇ ਸਨ। ਇਕ ਦਮ ਉਨ੍ਹਾਂ ਦੇ ਰਾਹ ਵਿਚ ਲੰਮੇ ਲੰਮੇ ਬਾਂਸ ਦੇ ਜੰਗਲ ਆ ਗਏ ਤਾਂ ਉਹ ਸਮਝ ਗਏ ਕਿ ਉਹ ਜਾਲੀਆ ਹੋਵਰ ਦੇ ਇਲਾਕੇ ਵਿਚ ਪਹੁੰਚ ਗਏ ਹਨ। ਜਿਸ ਨੂੰ ਪਾਰ ਕਰਨ ਵਿਚ ਉਨ੍ਹਾਂ ਨੂੰ ਪੂਰਾ ਦਿਨ ਲਗੇਗਾ। ਉਸ ਵੇਲੇ ਉਨ੍ਹਾਂ ਦੇ ਕੰਨਾਂ ਵਿਚ ਇਕ ਜੈਕਾਰਾ ਪਿਆ" ਕਾਲੀ ਦੇਵੀ ਦੀ ਜੈ। ਇਹ ਸੁਣ ਕੇ ਬੰਗਸ਼ੀ ਦਾਸ ਦੇ ਰਾਗੀ ਜਥੇ ਦਾ ਖ਼ੂਨ ਖ਼ੁਸ਼ਕ ਹੋ ਗਿਆ। ਇਕ ਪਲ ਵਿਚ ਡਾਕੂਆਂ ਦੇ ਸਰਦਾਰ ਕੇਨਾ ਰਾਮ ਦੀ ਦੈਂਤਾਂ ਵਰਗੀ ਸ਼ਕਲ ਉਨ੍ਹਾਂ ਦੇ ਸਾਮ੍ਹਣੇ ਸੀ। ਉਸ ਨੇ ਉੱਤਰ-ਪੱਛਮ ਦੇ ਲੋਕਾਂ ਵਾਂਗ ਆਪਣੇ ਕਪੜੇ ਲੱਕ ਦੁਆਲੇ ਵਲੇਟੇ ਹੋਏ ਸਨ। ਉਹ ਇਕ ਬੱਦਲ ਵਾਂਗ ਡਰਾਉਣਾ ਲਗਦਾ ਸੀ ਜਿਸ ਵਿਚ ਬਿਜਲੀ ਭਰੀ ਹੋਈ ਹੋਵੇ। ਜਿਵੇਂ ਯਮ ਦੇਵਤਾ ਆਪ ਆਇਆ ਹੋਵੇ। ਕੇਨਾ ਰਾਮ ਅਤੇ ਉਸ ਦੇ ਸਾਥੀ ਸਾਮਣੇ ਖਲੋਤੇ ਉਨ੍ਹਾਂ ਦੇ ਮਾਲ ਅਤੇ ਜਾਨਾਂ ਦੀ ਮੰਗ ਕਰ ਰਹੇ ਸਨ। ਕੇਨਾ ਰਾਮ ਨੇ ਉੱਚੀ ਸਾਰੀ ਹੱਸ ਕੇ ਕਿਹਾ "ਤੁਹਾਨੂੰ ਪਤਾ ਹੈ ਕਿ ਮੈਂ ਕੌਣ ਹਾਂ ?" ਬੰਗਸ਼ੀ ਦਾਸ ਮੁਸਕ੍ਰਾਇਆ ਅਤੇ ਉੱਤਰ ਦਿੱਤਾ "ਤੂੰ ਦੁਸ਼ਟ ਪਾਪੀ ਹੈਂ। ਉਹ ਕੌਣ ਹੈ ਜਿਹੜਾ ਅਜਿਹੇ ਆਦਮੀ ਨੂੰ ਨਹੀਂ

ਜਾਣਦਾ। ਪਰ ਸਾਡੇ ਕੋਲ ਕੀ ਹੈ ਜਿਹੜਾ ਤੂੰ ਸਾਡੇ ਮਗਰ ਆ ਪਿਆ ਹੈਂ। ਆਹ ਵੇਖ ਲੈ !" ਇਹ ਆਖ ਕੇ ਉਸ ਨੇ ਆਪਣੀ ਥੈਲੀ ਖੋਲ੍ਹ ਕੇ ਕੇਨਾ ਰਾਮ ਦੇ ਸਾਮ੍ਹਣੇ ਕਰ ਦਿੱਤੀ।" ਥੋੜੇ ਜਹੇ ਪਾਏ ਹੋਏ ਕਪੜੇ ਅਤੇ ਕੁਝ ਸੇਰ ਚੌਲ ਹੀ ਮੇਰੀ ਸਾਰੀ ਜਾਇਦਾਦ ਹਨ। ਇਹਨਾਂ ਦਾ ਤੂੰ ਕੀ ਕਰੇਂਗਾ। ਪਰ ਜੇ ਤੂੰ ਲੈਣੇ ਹੋਣ ਤਾਂ ਬੇਸ਼ਕ ਲੈ ਲੈ। ਇਹ ਸੋਚ ਕੇ ਬੜਾ ਅਫ਼ਸੋਸ ਹੁੰਦਾ ਹੈ ਕਿ ਤੈਨੂੰ ਅਸਲੀ ਖ਼ਜ਼ਾਨੇ ਦਾ, ਜਿਹੜਾ ਮਨਸਾ ਦੇਵੀ ਦੀ ਪੂਜਾ ਹੈ, ਕੋਈ ਫਿਕਰ ਨਹੀਂ। ਤੂੰ ਸੰਸਾਰੀ ਖ਼ਜ਼ਾਨਿਆਂ ਲਈ ਘੋਰ ਅਪਰਾਧ ਕਰਦਾ ਹੈਂ ਜਿਹੜ੍ਹੇ ਤੱਗਣੇ ਨਹੀਂ।

"ਨਹੀਂ, ਮੈਂ ਇਹਨਾਂ ਕੰਮਾਂ ਵਿਚ ਤੈਥੋਂ ਸਿਖਿਆ ਨਹੀਂ ਲੈ ਸਕਦਾ। ਕਈ ਸਾਲਾਂ ਤੋਂ ਕਤਲ ਮੇਰਾ ਕਿੱਤਾ ਹੈ। ਮੈਨੂੰ ਇਸ ਵਿਖਿਆਨ ਨਾਲ ਬਦਲ ਲੈਣ ਦੀ ਆਸ ਕਰਨਾ ਤੇਰੇ ਲਈ ਬੇਫ਼ਾਇਦਾ ਹੈ। ਡਾਕੂ ਨੇਤਾ ਨੇ ਮੁਸਕਰਾ ਕੇ ਕਿਹਾ, "ਮੈਂ ਤੈਨੂੰ ਅਤੇ ਤੇਰੇ ਸਾਰੇ ਆਦਮੀਆਂ ਨੂੰ ਮਾਰ ਦਿਆਂਗਾ। ਤੇਰੇ ਕੋਲ ਕੁਝ ਹੈ ਜਾਂ ਨਹੀਂ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਹੱਤਿਆ ਕਰਨਾ ਮੇਰਾ ਪੇਸ਼ਾ ਹੈ ਅਤੇ ਹੱਤਿਆ ਕਰਕੇ ਮੈਨੂੰ ਮੈਨੂੰ ਬੜਾ ਸਵਾਦ ਆਉਂਦਾ ਹੈ। ਮੇਰੀ ਹੋਰ ਕੋਈ ਮਨਸ਼ਾ ਨਹੀਂ। ਜਿਥੇ ਮੈਨੂੰ ਰੁਪਿਆ ਮਿਲੇ ਮੈਂ ਲੁਟ ਲੈਂਦਾ ਹਾਂ। ਪਰ ਜਿਥੇ ਮੈਨੂੰ ਰੁਪਿਆ ਨਾ ਮਿਲੇ ਮੈਂ ਹੱਤਿਆ ਕਰਦਾ ਹਾਂ।

"ਤੂੰ ਰੁਪਈਏ ਦਾ ਕੀ ਕਰਦਾ ਹੈਂ ? ਕੀ ਤੂੰ ਉਸ ਨੂੰ ਗ਼ਰੀਬਾਂ ਵਿਚ ਵੰਡ ਦੇਂਦਾ ਹੈਂ ਜਿਵੇਂ ਕਈ ਹੋਰ ਡਾਕੂ ਕਰਦੇ ਹਨ।"

"ਨਹੀਂ ਮੈਂ ਜ਼ਮੀਨ ਦੇ ਹੇਠਾਂ ਦਬ ਦੇਂਦਾ ਹਾਂ। ਮੈਂ ਗਰੀਬਾਂ ਨੂੰ ਇਹ ਰੁਪਈਆ ਕਿਉਂ ਦਿਆਂ ? ਜੇ ਮੈਂ ਇਸ ਤਰ੍ਹਾਂ ਕਰਾਂ ਤਾਂ ਉਹ ਅਮੀਰ ਹੋ ਜਾਣਗੇ ਅਤੇ ਮਾੜੇ ਸਵਾਦਾਂ ਪਿਛੇ ਨੱਸਣਗੇ ਅਤੇ ਸਾਡੇ ਵਿਚੋਂ ਕੁਝ ਕੁ ਵਰਗੇ ਹੋ ਜਾਣਗੇ। ਪੈਸਾ ਪੱਲੇ ਹੋਣ ਨਾਲ ਮਨ ਵਿਚ ਕਈ ਭੈੜ ਆ ਵੱਸਦੇ ਹਨ।"

ਨਾਜ਼ਕ ਹਾਲਤ ਵਿਚ ਖਲੋਤੇ ਹੋਣ ਦੇ ਬਾਵਜੂਦ ਬੰਗਸ਼ੀ ਨੂੰ ਡਾਕੂ ਦੀ ਇਸ ਨਿਆਰੀ ਗੱਲ ਉਤੇ ਹਾਸਾ ਆ ਗਿਆ। ਉਸ ਨੇ ਡਾਕੂ ਤੋਂ ਉਸ ਦਾ ਨਾਂ ਪੁੱਛਿਆ, ਕੇਨਾ ਰਾਮ ਮੁਸਕਾਇਆ ਅਤੇ ਹੌਲੀ ਜਿਹੀ ਕਿਹਾ, "ਹਾਂ ਮੇਰਾ ਨਾਂ ਕੇਨਾ ਰਾਮ ਹੈ।" ਰਾਗੀਆਂ ਦੀਆਂ ਨਾੜਾਂ ਕੰਬ ਗਈਆਂ। ਇਸ ਤਰ੍ਹਾਂ ਲਗਦਾ ਸੀ ਜਿਵੇਂ ਡਰ ਨਾਲ ਉਨ੍ਹਾਂ ਦਾ ਖ਼ੂਨ ਠੰਢਾ ਬਰਫ਼ ਹੋ ਗਿਆ ਹੈ। ਪਰ ਬੰਗਸ਼ੀ ਡਾਕੂ ਦੇ ਸਾਮਣੇ ਅਡੋਲ ਖਲੋਤਾ ਰਿਹਾ ਜਿਵੇਂ ਕੋਈ ਗੱਲ ਹੀ ਨਹੀਂ ਹੋਈ ਹੁੰਦੀ। ਉਸ ਦੇ ਬੁਲ੍ਹਾਂ ਉਤੇ ਉਹੀ ਸ਼ਾਂਤ ਮੁਸ਼ਕਾਰਹਟ ਸੀ ਜਿਸ ਤੋਂ ਡਾਕੂ-ਨੇਤਾ ਪਹਿਲੇ ਹੀ ਕੁਝ ਹੈਰਾਨ ਹੋ ਰਿਹਾ ਸੀ। "ਸਾਵਧਾਨ ਹੋ, ਕੇਨਾ ਰਾਮ ! ਤੂੰ ਆਪਣਾ ਜੀਵਨ ਕੁਕਰਮਾਂ ਵਿਚ ਗੁਆ ਰਿਹਾ ਏਂ। ਪਰ ਅੰਤ ਨੇੜੇ ਆ ਰਿਹਾ ਏ। ਤੈਨੂੰ ਆਪ ਨੂੰ ਨਜ਼ਰ ਨਹੀਂ ਆਉਂਦਾ ? ਕੀ ਇਹ ਠੀਕ ਨਹੀਂ ਕਿ ਤੂੰ ਆਪਣੀਆਂ ਆਦਤਾਂ ਸੋਧ ਲਵੇਂ ?"

ਇਸ ਤੋਂ ਪਹਿਲਾਂ ਕਦੀ ਕਿਸੇ ਹੋਰ ਨੇ ਕੇਨਾ ਰਾਮ ਦੇ ਪੰਜੇ ਵਿਚ ਫੱਸ ਕੇ ਉਸ ਨੂੰ ਧਰਮ ਦਾ ਦਰਸ਼ਨ ਸਮਝਾਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਉਹ ਇਸ ਆਦਮੀ ਦੀ ਦਲੇਰੀ ਉਤੇ ਹੈਰਾਨ

ਹੋ ਰਿਹਾ ਸੀ। ਉਸ ਕਿਹਾ "ਹੋਰ ਗੱਲਾਂ ਬੰਦ ਕਰ ਦੇ ਅਤੇ ਹੁਣ ਮਰਨ ਲਈ ਤਿਆਰ ਹੋ ਜਾ।"

ਬੰਗਸ਼ੀ ਨੇ ਕਿਹਾ, "ਮੈਂ ਹੁਣੇ ਹੀ ਤਿਆਰ ਹੋ ਜਾਂਦਾ ਹਾਂ। ਪਰ ਤੂੰ ਮੈਨੂੰ ਇਕ ਗੱਲ ਦੱਸ। ਕੀ ਤੂੰ ਆਪਣੇ ਰੁਪਈਏ ਦਾ ਕੁਝ ਹਿੱਸਾ ਆਪਣੇ ਸੁਖ ਲਈ ਖ਼ਰਚਦਾ ਹੈਂ ?"

"ਬਿਲਕੁਲ ਨਹੀਂ। ਇਹ ਤੇ ਲਾਲਚ ਪਾਲਣਾ ਤੇ ਆਪਣੇ ਆਪ ਨੂੰ ਕਮਜ਼ੋਰ ਕਰਨਾ ਹੋਵੇਗਾ। ਇਸ ਤਰ੍ਹਾਂ ਮੈਂ ਇੱਛਾਵਾ ਦੇ ਜਾਲ ਵਿਚ ਫੱਸ ਜਾਵਾਂਗਾ ਅਤੇ ਜਿਸ ਤਰ੍ਹਾਂ ਦਾ ਆਜ਼ਾਦ ਮਨੁੱਖ ਮੈਂ ਹੁਣ ਹਾਂ ਉਹ ਨਹੀਂ ਰਵਾਂਗਾ।

ਡਾਕੂ ਨੇਤਾ ਦੇ ਨਿਰਾਲੇ ਬਚਨਾਂ ਉਤੇ ਹੋਰ ਵੀ ਹੈਰਾਨ ਹੋ ਕੇ ਬੰਗਸ਼ੀ ਨੇ ਕਿਹਾ "ਜੇ ਤੂੰ ਧਨ ਗ਼ਰੀਬਾਂ ਨੂੰ ਨਹੀਂ ਦੇਂਦਾ ਨਾ ਹੀ ਆਪ ਐਸ਼ ਅਰਾਮ ਕਰਦਾ ਹੈਂ ਤਾਂ ਇਸ ਨੂੰ ਜ਼ਮੀਨ ਹੇਠ ਦਬ ਕੇ ਅਤੇ ਲੋਕਾਂ ਨੂੰ ਬੇਫ਼ਾਇਦਾ ਮਾਰ ਕੇ ਤੈਨੂੰ ਕੀ ਮਿਲਦਾ ਹੈ ?"

ਕੇਨਾ ਰਾਮ ਨੇ ਬੇਧਿਆਨ ਹੋ ਕੇ ਕਿਹਾ "ਕੀ ਤੁਹਾਡੇ ਦੇਸ਼ ਦੇ ਸਾਰੇ ਧਨਾਡ ਲੋਕ ਆਪਣਾ ਧਨ ਗ਼ਰੀਬਾਂ ਨੂੰ ਦੇਂਦੇ ਹਨ ? ਬਿਲਕੁਲ ਨਹੀਂ। ਵੇਖ ਲੈ ਮੈਂ ਉਹਨਾਂ ਤੋਂ ਮਾੜਾ ਨਹੀਂ ਉਹਨਾਂ ਉਹਨਾਂ ਵਿਚੋਂ ਬਹੁਤ ਸਾਰੇ ਆਪਣੇ ਸੁਖ ਅਰਾਮ ਉਤੇ ਵੀ ਰੁਪਿਆ ਨਹੀਂ ਲਾਂਦੇ। ਉਹ ਉਸ ਨੂੰ ਸਾਂਭ ਕੇ ਹੀ ਖ਼ੁਸ਼ ਹੋ ਲੈਂਦੇ ਹਨ। ਮੈਂ ਤੇ ਸਗੋਂ ਸਾਰਾ ਧਨ ਉਸ ਦੇ ਅਸਲੀ ਮਾਲਕ ਨੂੰ ਦੇਂਦਾ ਹਾਂ।

"ਉਹ ਮਾਲਕ ਕੌਣ ਹੈ ? "ਬੰਗਸ਼ੀ ਨੇ ਪੁੱਛਿਆ। "ਧਰਤੀ ਮਾਤਾ ਹੋਰ ਕੌਣ ?" ਸਾਰੇ ਸਿੱਕੇ ਸੋਨਾ ਅਤੇ ਚਾਂਦੀ ਧਰਤੀ ਵਿਚੋਂ ਹੀ ਆਉਂਦੇ ਹਨ ਅਤੇ ਉਥੇ ਹੀ ਵਾਪਸ ਹੋ ਜਾਣਗੇ। ਇਸ ਲਈ ਮੈਂ ਉਹਨਾਂ ਭੋਏਂ ਹੇਠਾਂ ਦਬ ਦੇਂਦਾ ਹਾਂ। ਕੀ ਜੋ ਮੈਂ ਕਰਦਾ ਹਾਂ ਉਹ ਠੀਕ ਨਹੀਂ। ਮੈਂ ਆਦਮੀਆਂ ਦੀ ਹੱਤਿਆ ਕਰਦਾ ਹਾਂ ਕਿਉਂਕਿ ਮੈਂ ਇੰਜ ਕਰਨ ਹਿਲ ਗਿਆ ਹਾਂ ਅਤੇ ਪੁਰਾਨੀ ਵਾਦੀ ਹੋਣ ਕਰਕੇ ਮੈਨੂੰ ਇਸ ਵਿਚ ਬੜਾ ਸੁਆਦ ਆਉਂਦਾ ਹੈ।" ਫਿਰ ਉਸ ਨੇ ਛੇਤੀ ਨਾਲ ਕਿਹਾ "ਮੈਂ ਇਸ ਤਰ੍ਹਾਂ ਵਕਤ ਨਹੀਂ ਗੁਆ ਸਕਦਾ। ਤੇਰਾ ਨਾਂ ਕੀ ਹੈ। ਮੈਂ ਇਸ ਲਈ ਪੁੱਛਦਾ ਹਾਂ ਕਿ ਮੇਰੇ ਸਾਮ੍ਹਣੇ ਇਸ ਤਰ੍ਹਾਂ ਬੋਲਣ ਕਰਕੇ ਤੂੰ ਮੈਨੂੰ ਬੜਾ ਦਲੇਰ ਆਦਮੀ ਲਗਾ ਹੈਂ।"

"ਮੈਂ ਬੰਗਸ਼ੀ ਦਾਸ ਹਾਂ" ਕਵੀ ਨੇ ਠੰਡੇ ਮਨ ਨਾਲ ਕਿਹਾ। ਇਹ ਸੁਣ ਕੇ ਕੇਨਾ ਰਾਮ ਚੋਂਕਿਆ। ਉਸ ਨੇ ਕਿਹਾ "ਕੀ ਤੂੰ ਉਹੋ ਪ੍ਰਸਿੱਧ ਆਦਮੀ ਹੈਂ ਜਿਸ ਦੇ ਗੀਤ, ਕਹਿੰਦੇ ਨੇ, ਪੱਥਰਾਂ ਨੂੰ ਵੀ ਪੰਘਰਾ ਦੇਂਦੇ ਨੇ ?" ਬੰਗਸ਼ੀ ਨੇ ਕਿਹਾ "ਹਾਂ, ਉਹ ਕਿਸੇ ਪੱਥਰ ਨੂੰ ਸ਼ਾਇਦ ਪਿਘਲਾ ਦੇਣ ਪਰ ਇਕ ਡਾਕੂ ਦਾ ਪੱਥਰ ਦਿਲ ਨਹੀਂ ਪਿਘਲਾ ਸਕਦੇ।"

ਫਿਰ ਡਾਕੂ ਨੇਤਾ ਨੇ ਉਸ ਨੂੰ ਦੱਸਿਆ ਕਿ ਇਸ ਸਭ ਕੁਝ ਦੇ ਬਾਵਜੂਦ ਉਹ ਉਸ ਨੂੰ ਜਾਂ ਉਸ ਦੇ ਜਥੇ ਨੂੰ ਜੀਉਂਦਿਆਂ ਨਹੀਂ ਛੱਡੇਗਾ। ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਅਤੇ ਉਨ੍ਹਾਂ ਨੂੰ ਆਪਣੇ ਆਪ ਨੂੰ ਤਿਆਰ ਕਰ ਲੈਣਾ ਚਾਹੀਦਾ ਹੈ।

5, ਮਨਸਾ ਦੇਵੀ ਦਾ ਭਜਨ

ਬੰਗਸ਼ੀ ਨੇ ਕਿਹਾ, "ਵੇਖ, ਡਾਕੂ ਨੇਤਾ ! ਸ਼ਾਮ ਹੋ ਗਈ ਹੈ ਅਤੇ ਅਸੀਂ ਨਵੇਂ ਤਟਾਂ ਵੱਲ

ਨੂੰ ਜਾਣ ਲਗੇ ਹਾਂ। ਪਰ ਇਸ ਬੁਢੀ ਧਰਤੀ ਉਤੇ ਖਲੋ ਕੇ ਜਿਥੋਂ ਅਸੀਂ ਸਦਾ ਲਈ ਟੁਰ ਚਲੇ ਹਾਂ, ਮੈਂ ਅਖੀਰਲੀ ਵਾਰ ਮਨਸਾ ਦੇਵੀ ਦੇ ਉਹ ਭਜਨ ਗਾਉਣਾ ਚਾਹੁੰਦਾ ਹਾਂ ਜਿਨ੍ਹਾਂ ਮੈਨੂੰ ਸਾਰਾ ਜੀਵਨ ਸਵਰਗ ਦਾ ਅਨੰਦ ਦਿੱਤਾ ਹੈ।

ਕੇਨਾ ਰਾਮ ਇਕ ਪਲ ਲਈ ਝਕਿਆ ਪਰ ਫਿਰ ਉਸ ਇਹ ਬੇਨਤੀ ਮੰਨ ਲੈਣ ਦਾ ਫੈਸਲਾ ਕਰ ਲਿਆ। ਫਿਰ ਰਾਗੀਆਂ ਨੇ, ਜਿਹੜੇ ਮਨਸਾ ਦੇਵੀ ਦੀ ਰਜ਼ਾ ਵਿਚ ਰਹਿਣ ਵਾਲੇ ਉਸ ਦੇ ਬਚੇ ਸਨ, ਹੰਝੂ ਭਰੀਆਂ ਅੱਖਾਂ ਨਾਲ ਉਹ ਗੀਤ ਸ਼ੁਰੂ ਕੀਤੇ ਜਿਨ੍ਹਾਂ ਨੇ ਇਸ ਪਸਰੇ ਹੋਏ ਇਲਾਕੇ ਵਿਚ ਮੁਦਤਾਂ ਤੋਂ ਪੁਰਸ਼ਾਂ ਅਤੇ ਇਸਤ੍ਰੀਆਂ ਦੇ ਮਨ ਟੁੰਬੇ ਸਨ। ਕੇਨਾ ਰਾਮ ਨੇ ਕਿਹਾ "ਸੁਣੋਂ ਮੈਂ ਇਹ ਤਲਵਾਰ ਮਿਆਨ ਵਿਚ ਪਾਂਦਾ ਹਾਂ। ਮੈਂ ਤੁਹਾਨੂੰ ਉਨਾ ਚਿਰ ਇਹ ਗੀਤ ਗਾਉਣ ਦੀ ਆਗਿਆ ਦੇਂਦਾ ਹਾਂ ਜਿਨਾ ਚਿਰ ਮੈਂ ਫਿਰ ਇਸ ਨੂੰ ਮਿਆਨ ਵਿਚੋਂ ਨਹੀਂ ਕੱਢਦਾ।"

ਉਸ ਸੁਨਸਾਨ ਇਲਾਕੇ ਵਿਚ, ਜਿਥੇ ਅਕਾਸ਼ ਦੀ ਚਾਨਣੀ ਲਗੀ ਹੋਈ ਸੀ, ਕੁਝ ਕਰਕੇ ਡਾਕੂ ਹੀ ਉਨ੍ਹਾਂ ਦੇ ਚੁਪ ਕੀਤੇ ਸੋਤੇ ਸਨ। ਹਰੇ ਘਾਹ ਉਤੇ ਕੇਨਾ ਰਾਮ ਆਪਣੀ ਢਾਣੀ ਸਮੇਤ ਬੈਠਾ ਸੀ। ਆਪਣੀ ਤਲਵਾਰ ਦੀ ਮੁਠ ਉਸ ਨੇ ਸਜੇ ਹਥ ਵਿਚ ਫੜੀ ਹੋਈ ਸੀ। ਆਪਣੀ ਸੁਸਖਿਸ਼ਤ ਭਜਨ ਮੰਡਲੀ ਦੇ ਨਾਲ ਬੰਗਸ਼ੀ ਦਾਸ ਨੇ ਗਾਉਣਾ ਸ਼ੁਰੂ ਕੀਤਾ। ਆਪਣਾ ਅੰਤ ਨੇੜੇ ਹੋਣ ਦੇ ਖ਼ਿਆਲ ਨਾਲ ਉਹਨਾਂ ਦੇ ਭਗਤੀ ਭਾਵ ਵਧੇ ਹੋਏ ਸਨ। ਬੰਗਸ਼ੀ ਦਾ ਕੀਰਤਨ ਰਸ ਭਰਿਆ ਸੀ ਅਤੇ ਉਸ ਦੇ ਹਰ ਸ਼ਬਦ ਵਿਚ ਉਸ ਦੇ ਹੰਝੂ ਭਾਵ ਭਰ ਰਹੇ ਸਨ। ਸਾਰੇ ਕੀਰਤਨ ਵਿਚ ਕੋਮਲ ਭਗਤੀ ਭਾਵ ਭਰਿਆ ਹੋਇਆ ਸੀ ਜਿਸ ਦੀ ਖਿਚ ਪ੍ਰਬਲ ਸੀ। ਹਵਾ ਵਿਚ ਉਡਦੇ ਪੰਛੀ ਵੀ ਬੰਗਸ਼ੀ ਦੇ ਗੀਤ ਦੀ ਲੈ ਨਾਲ ਖਿਚੇ ਕੋਲ ਆ ਗਏ ਅਤੇ ਨੇੜੇ ਦੇ ਰੁਖਾਂ ਦੀਆਂ ਟਹਿਣੀਆਂ ਉਤੇ ਬਹਿ ਗਏ। ਘੁਸਮਸੇ ਤੋਂ ਪਿਛੋਂ ਜੰਗਲ੍ਹ ਵਿਚ ਸੰਘਣਾ ਹਨੇਰਾ ਹੋ ਗਿਆ। ਪਰ ਕੇਨਾ ਰਾਮ ਨੇ ਆਪਣੀ ਟੋਲੀ ਨੂੰ ਹੁਕਮ ਦਿੱਤਾ ਕਿ ਸਾਰੇ ਪਾਸੇ ਚਾਨਣ ਕਰ ਦਿਤਾ ਜਾਵੇ। ਸਾਰੇ ਥਾਂ ਉਤੇ ਸੈਂਕੜੇ ਮਸਾਲਾਂ ਨੇ ਚਾਨਣ ਖਲਾਰ ਦਿਤਾ ਅਤੇ ਰਾਤ ਆਪਣਾ ਸਾਰਾ ਭੈ ਛਡ ਕੇ ਦਿਨ ਵਾਂਗ ਲਿਸ਼ਕਦੀ ਅਤੇ ਹਸੂ ਹਸੂ ਕਰਦੀ ਬਣ ਗਈ।

ਤਲਵਾਰ ਪਾਸੇ ਨਾਲ ਲਾਈ ਕੇਨਾ ਰਾਮ ਚੁਪ ਚਾਪ ਬੈਠਾ ਸੀ। ਜਿਉਂ ਜਿਉਂ ਕਿੱਸਾ ਅਗੇ ਟੁਰਦਾ ਗਿਆ ਉਹ ਪ੍ਰਭਾਵਤ ਹੁੰਦਾ ਗਿਆ। ਅਤੇ ਉਸ ਦੇ ਪ੍ਰਭਾਵ ਮੂੰਹ ਉਤੋਂ ਦਿੱਸਣ ਲਗ ਪਏ। ਗੀਤ ਦਾ ਵਿਸ਼ਾ ਪਤੀ ਭਗਤ ਇਸਤ੍ਰੀ ਬਹੂਲਾ ਸੀ। ਸੁਹਾਗ ਕੋਠੜੀ ਵਿਚ ਉਸ ਦਾ ਪਤੀ ਸਪ ਲੜਨ ਨਾਲ ਪੂਰਾ ਹੋ ਗਿਆ ਸੀ। ਲੋਕਾਂ ਵੇਖਿਆ ਕਿ ਉਹ ਚੁਪ ਚਾਪ ਬੁਤ ਬਣੀ ਬੈਠੀ ਸੀ ਘਰ ਦੀਆਂ ਇਸਤ੍ਰੀਆਂ ਨੇ ਉਸ ਨੂੰ ਕਲਮੂੰਹੀ ਚੁੜੇਲ ਕਿਹਾ। ਸੁਹਾਗ ਰਾਤ ਨੂੰ ਉਸ ਦਾ ਪਤੀ ਜੁ ਮਰ ਗਿਆ ਸੀ। ਉਸ ਨੂੰ ਸਪ ਨੇ ਨਹੀਂ ਮਾਰਿਆ ਤੇਰੇ ਖੋਟੇ ਕਰਮਾਂ ਨੇ, ਤੇਰੀ ਭੈੜੀ ਨਜ਼ਰ ਨੇ ਮਾਰਿਆ ਹੈ, ਕੁੜੀਆਂ ਆਖਦੀਆਂ ਸਨ। ਗਾਲਾਂ ਅਤੇ ਹਮਦਰਦੀ ਤੋਂ ਬੇ-ਪ੍ਰਵਾਹ ਉਹ ਅਡੋਲ ਬੈਠੀ ਰਹੀ ਸੀ ਅਤੇ ਜਿਹੜੇ ਹੰਝੂ ਉਹਦੀਆਂ ਅੱਖਾਂ ਵਿਚ ਆਉਣ ਆਉਣ ਕਰਦੇ ਸਨ ਉਹਨਾਂ ਨੂੰ ਵਿਚੇ ਵਿਚ ਪੀਂਦੀ ਗਈ। ਉਹ ਆਪਣੇ ਪਤੀ ਦੀ ਉਸ ਇਛਾ ਦਾ ਚੇਤਾ ਕਰ ਰਹੀ ਸੀ ਜਿਹੜੀ ਉਸ ਨੇ ਉਸਦੇ ਹੋਰ ਨੇੜੇ ਲਗ ਜਾਣ ਲਈ ਪ੍ਰਗਟ ਕੀਤੀ ਸੀ ਤੇ ਕਿਹੜੀ ਉਸ ਨੇ ਸੰਗਾ ਕਰ ਕੇ ਪੂਰੀ

ਨਹੀਂ ਕੀਤੀ ਸੀ।

ਫਿਰ ਲੋਥ ਨੂੰ ਸਸਕਾਰ ਲਈ ਲਿਜਾਣ ਦਾ ਵੇਲਾ ਹੋ ਗਿਆ। ਹੁਣ ਉਸ ਨੇ ਅਗੇ ਵਧ ਕੇ ਕਿਹਾ ਕਿ ਉਹ ਉਸ ਨੂੰ ਬੇੜੇ ਉਤੇ ਰਖ ਕੇ ਉਨ੍ਹਾਂ ਤਟਾਂ ਤਕ ਲੈ ਜਾਏਗੀ। ਜਿਥੋਂ ਉਸ ਨੂੰ ਮੁੜ ਸੁਰਜੀਤ ਹੋਣ ਦੀ ਆਗਿਆ ਮਿਲ ਜਾਵੇ। ਉਸ ਤੋਂ ਬਿਨਾਂ ਨਾ ਉਹ ਜੀਉਂਦੀ ਰਹਿ ਸਕਦੀ ਹੈ ਅਤੇ ਨਾ ਹੀ ਰਹਿਣਾ ਚਾਹੁੰਦੀ ਹੈ। ਉਹ ਆਪ ਮੌਤ ਦੇ ਖੰਡਾਂ ਵਿਚ ਜਾਵੇਗੀ ਅਤੇ ਆਪਣੇ ਪਤੀ ਨੂੰ ਸੁਰਜੀਤ ਕਰਨ ਲਈ, ਜੇ ਲੋੜ ਹੋਈ ਤਾਂ ਬੇਅੰਤ ਪੀੜਾਂ ਸਹਾਰੇਗੀ।

ਲੋਕਾਂ ਦਾ ਦਰਦ ਉਸ ਵੇਲੇ ਸਿਖਰ ਉਤੇ ਪਹੁੰਚਿਆ ਜਦੋਂ ਗੰਗੂਰ ਦੇ ਕੰਢਿਆਂ ਉਤੇ ਖਲੋਤੇ ਹਜ਼ਾਰਾਂ ਲੋਕਾਂ ਦੇ ਸਮਝਾਣ ਦੇ ਬਾਵਜੂਦ ਉਹ ਕੇਵਲ ਚੌਦਾਂ ਵਰ੍ਹਿਆਂ ਦੀ ਬਾਲੜੀ ਆਪਣੇ ਨਿਸ਼ਚੇ ਤੇ ਬਹਾਦਰੀ ਨਾਲ ਡਟ ਕੇ ਖਲੋਤੀ ਰਹੀ। ਗਮ ਕਰ ਰਹੇ ਬੇਅੰਤ ਲੋਕਾਂ ਵਿਚ ਉਹ ਬੇਗਮ ਸੀ ਅਤੇ ਸੈਂਕੜੇ ਹੰਝੂ ਕੇਰ ਰਹੇ ਮਰਦਾਂ ਅਤੇ ਇਸਤ੍ਰੀਆਂ ਵਿਚ ਹੰਝੂਆਂ ਤੋਂ ਰਹਿਤ ਸੀ। ਆਪਣੇ ਵਰਤਾਂ ਅਤੇ ਦਿਲ ਦੀ ਗੁਝੀ ਪੀੜ ਨਾਲ ਲਿਸੀ ਹੋਈ ਹੋਈ ਉਹ ਪਿਆਰ ਦਾ ਫਰਿਸ਼ਤਾ ਲਗ ਰਹੀ ਸੀ—ਹਰ ਸ਼ਹਾਦਤ ਹਰ ਖ਼ਤਰੇ ਅਤੇ ਹਰ ਕੁਰਬਾਨੀ ਲਈ ਤਿਆਰ ਸੀ "ਹੇ ਸਾਡੀ ਪਿਆਰੀ ਸਵਿੱਤ੍ਰੀ!" ਉਨ੍ਹਾਂ ਸਾਰਿਆਂ ਨੇ ਉਚੀ ਸਾਰੀ ਕਿਹਾ ਅਤੇ ਉਸ ਨੂੰ ਘਰੇਲੂ ਜੀਵਨ ਵਲ ਪਰਤ ਆਉਣ ਲਈ ਤਰਲੇ ਕੀਤੇ। ਸਵਿਤ੍ਰੀ ਸਾਡੇ ਇਤਿਹਾਸ ਦੀ ਉਸ ਵੀਰਾਂਗਨਾ ਦਾ ਪਿਆਰਾ ਨਾਂ ਹੈ ਪਿਆਰ ਲਈ ਜਿਸ ਦੀ ਕੁਰਬਾਨੀ ਦੀ ਦੁਨੀਆਂ ਦੇ ਇਤਿਹਾਸ ਵਿਚ ਅਜੇ ਤਕ ਕਿਧਰੇ ਮਿਸਾਲ ਨਹੀਂ ਮਿਲਦੀ।

6. **ਸੁਧਾਰ**

ਗੀਤ ਦੇ ਇਸ ਪੜਾ ਉਤੇ ਆ ਕੇ ਕੇਨਾ ਰਾਮ ਨੇ ਆਪਣੀ ਤਲਵਾਰ ਸੁਟ ਦਿੱਤੀ ਅਤੇ ਤ੍ਰੀਮਤਾਂ ਵਾਂਗ ਉਚੀ ਉਚੀ ਰੋਣ ਲਗ ਪਿਆ। ਅਖ਼ੀਰ ਪੱਥਰ ਸਚੀ ਮੁਚੀ ਪਘਰ ਗਿਆ ਸੀ। ਉਸ ਨੇ ਕਿਹਾ "ਹੇ ਬ੍ਰਾਹਮਣ ਜੋ ਕੁਝ ਤੂੰ ਗਾਵਿਆ ਹੈ ਉਹ ਮੁੜ ਮੁੜ ਕੇ ਗਓ" ਉਹ ਕੁਝ ਰੁਕ ਗਿਆ, ਕੇਵਲ ਆਪਣੀ ਆਵਾਜ਼ ਠੀਕ ਕਰਨ ਲਈ ਜਿਹੜੀ ਹੰਝੂਆਂ ਕਰਕੇ ਭਰੜਾਈ ਹੋਈ ਸੀ। ਫਿਰ ਉਸ ਬੰਗਸ਼ੀ ਨੂੰ ਕਿਹਾ: ਮੈਂ ਆਪਣੇ ਆਪ ਨੂੰ ਤੇਰੇ ਹਵਾਲੇ ਕਰਦਾ ਹਾਂ, ਹੇ ਬ੍ਰਾਹਮਣ! ਮੈਂ ਏਨੀ ਦੌਲਤ ਇਕੱਠੀ ਕਰ ਲਈ ਹੈ ਜਿਸ ਉਤੇ ਇਕ ਟੱਬਰ ਕਈ ਪੁਸ਼ਤਾਂ ਲਈ ਗੁਜ਼ਾਰਾ ਕਰ ਸਕਦਾ ਹੈ। ਇਹ ਸਭ ਕੁਝ ਮੈਂ ਤੈਨੂੰ ਭੇਟ ਕਰਦਾ ਹਾਂ। ਤੈਨੂੰ ਬੂਹੇ ਜਾ ਕੇ ਮੰਗਣ ਦੀ ਕੋਈ ਲੋੜ ਨਹੀਂ। ਮੇਰੇ ਉਤੇ ਕਿਰਪਾ ਕਰ ਅਤੇ ਮੈਨੂੰ ਇਹ ਦੱਸ ਕਿ ਮੈਂ ਗੁਨਾਹਾਂ ਤੋਂ ਕਿਵੇਂ ਬਚ ਸਕਦਾ ਹਾਂ। ਜਵਾਬ ਵਿਚ ਬੰਗਸ਼ੀ ਨੇ ਕਿਹਾ, "ਮੈਂ ਮਨਸਾ ਦੇਵੀ ਦੀ ਉਸਤਤ ਗਾਉਂਦਾ ਹਾਂ ਮੈਂ ਅਤੇ ਮੇਰੇ ਧਰਮੀ ਸਰੋਤੇ ਜੋ ਥੋੜੀ ਬਹੁਤ ਦਛਣਾ ਮੈਨੂੰ ਦੇਂਦੇ ਹਨ ਮੈਂ ਉਸ ਨਾਲ ਗੁਜ਼ਾਰਾ ਕਰਦਾ ਹਾਂ। ਮੈਂ ਉਸ ਧਨ ਦੀ ਭਾਲ ਵਿਚ ਹਾਂ ਜਿਸ ਦੇ ਸਾਮ੍ਹਣੇ ਤੇਰੀ ਦੌਲਤ ਇਸ ਤਰ੍ਹਾਂ ਹੈ ਜਿਵੇਂ ਹੀਰੇ ਦੇ ਸਾਮਣੇ ਸਿੱਕਾ। ਮੈਂ ਇਕ ਈਮਾਨਦਾਰ ਬ੍ਰਾਹਮਣ ਵਾਂਗ ਜੀਊਣਾ ਅਤੇ ਮਰਨਾ ਚਾਹੁੰਦਾ ਹਾਂ। ਮੈਂ ਸੰਸਾਰਕ ਪਦਾਰਥਾਂ ਨੂੰ ਲੈ ਕੇ ਕੀ ਕਰਾਂਗਾ? ਨਹੀਂ ਜੋ ਕੁਝ ਤੂੰ ਬੇ-ਗੁਨਾਹ ਬੰਦਿਆਂ ਦੀ ਹੱਤਿਆ ਕਰ ਕੇ ਲਿਆ ਹੈ ਮੈਂ ਉਸ ਨੂੰ ਅਗੋਂ ਲੈ ਕੇ ਆਪਣੇ ਹੱਥ ਮੈਲੇ ਨਹੀਂ ਕਰਨਾ ਚਾਹੁੰਦਾ।"

ਉਸ ਵੇਲੇ ਕੇਨਾ ਰਾਮ ਨੇ ਆਪਣੇ ਆਪ ਨੂੰ ਨਿਆਸਰਾ ਅਨੁਭਵ ਕਰਕੇ ਆਪਣੇ ਆਲੇ ਦੁਆਲੇ ਵੇਖਿਆ। ਉਸ ਨੂੰ ਆਪਣੇ ਸਾਹਮਣੇ ਹਨੇਰਾ ਲਗਾ। ਉਸ ਨੇ ਆਪਣੇ ਬੀਤੇ ਜੀਵਨ ਉਤੇ ਵਿਚਾਰ ਕੀਤੀ ਅਤੇ ਉਸਦੇ ਬਾਲਪਨ ਦੀ ਯਾਦ ਕਰਕੇ ਉਸ ਨੂੰ ਬਹੁਤ ਦੁਖੀ ਕੀਤਾ। "ਮੈਨੂੰ ਆਪਣੇ ਮਾਤਾ ਪਿਤਾ ਦੀ ਸੰਭਾਲ ਨਹੀਂ। ਮੈਨੂੰ ਸਚਾਈ ਦੇ ਮਾਪਿਆਂ ਤੋਂ ਵਾਂਜੇ ਹੋ ਜਾਣ ਤੋਂ ਪਿਛੋਂ ਮੈਂ ਆਪਣੇ ਮਾਮਾ ਦੇ ਘਰ ਸ਼ਰਨ ਲਈ। ਉਸ ਨੇ ਕਾਲ ਦੇ ਦਿਨਾਂ ਵਿਚ ਮੈਨੂੰ ਚੌਲਾਂ ਦੇ ਪੰਜ ਕਟਿਆਂ ਲਈ ਵੇਚ ਦਿਤਾ। ਬੁਰੇ ਆਦਮੀਆਂ ਨਾਲ ਮੇਰੀ ਸੰਗਤ ਹੋ ਗਈ ਤੇ ਓਦੋਂ ਤੋਂ ਇਸ ਜੰਗਲ ਵਿਚ ਡਾਕੂ ਬਣ ਕੇ ਰਹਿੰਦਾ ਹਾਂ। ਮੇਰੇ ਤੋਂ ਡਰਦੇ ਬਿਉਪਾਰੀ ਇਸ ਇਲਾਕੇ ਵਿਚ ਆਪਣੀਆਂ ਬੇੜੀਆਂ ਨਹੀਂ ਚਲਾਂਦੇ। ਹਾਏ! ਜਦੋਂ ਮੈਂ ਮਰਾਂਗਾ ਤਾਂ ਮੇਰੀ ਦੌਲਤ ਕਿਸੇ ਕੰਮ ਨਹੀਂ ਆਵੇਗੀ। ਮੈਂ ਆਪਣਾ ਸਾਰਾ ਧਨ ਜਿੰਨਾ ਵੀ ਮੈਂ ਸਾਰੇ ਜੀਵਨ ਵਿਚ ਇੱਕਠਾ ਕਰ ਸਕਿਆ ਹਾਂ, ਉਸ ਦਰਿਆ ਵਿਚ ਸੁਟ ਦਿਆਂਗਾ ਅਤੇ ਆਪ ਵੀ ਵਿਚੇ ਡੁਬ ਕੇ ਮਰ ਜਾਵਾਂਗਾ। ਕੇਨਾ ਰਾਮ ਦੇ ਭਾਵ ਇਸ ਵੇਲੇ ਤੀਬਰਤਾ ਦੀਆਂ ਸਿਖਰਾਂ ਛੋਹ ਰਹੇ ਸਨ। ਉਸ ਨੇ ਆਪਣੇ ਆਦਮੀਆਂ ਨੂੰ ਹੁਕਮ ਦਿੱਤਾ ਕਿ ਕੁਹ ਉਸ ਦਾ ਧਰਤੀ ਹੇਠ ਦਬਿਆ ਸਾਰਾ ਧਨ ਪੁਟ ਕੇ ਲਿਆਉਣ। ਇਹ ਘੜਿਆਂ ਵਿਚ ਪਿਆ ਉਸ ਦੇ ਸਾਮ੍ਹਣੇ ਲਿਆਂਦਾ ਗਿਆ। ਕੇਨਾ ਰਾਮ ਨੇ ਨੇੜੇ ਵਗਦੇ ਦਰਿਆ ਵਲ ਵੇਖਿਆ ਅਤੇ ਇਕ ਇਕ ਕਰਕੇ ਸਾਰੇ ਘੜੇ ਉਸ ਵਿਚ ਸੁਟੀ ਗਿਆ ਜਿੰਨਾ ਚਿਰ ਉਹ ਸਾਰੇ ਮੁਕ ਨਾ ਗਏ। ਉਹ ਬਲਵਾਨ ਪੁਰਸ਼ ਦਬਾ ਦਬ ਹੰਝੂ ਵਹਾ ਰਿਹਾ ਸੀ ਅਤੇ ਘੋਰ ਪਸਚਾ-ਤਾਪ ਵਿਚ ਆਪਣੇ ਆਪ ਨੂੰ ਚੱਕ ਵਢ ਰਿਹਾ ਸੀ ਅਤੇ ਵਾਲ ਪੁਟ ਰਿਹਾ ਸੀ। ਉਸ ਨੇ ਆਪਣੀ ਤਲਵਾਰ ਨੰਗੀ ਕਰਕੇ ਕਿਹਾ, "ਹੇ ਮੇਰੇ ਸਵਾਮੀ ਵੇਖ, ਮੈਂ ਆਪਣੇ ਪਾਪ ਧੋਣ ਲਈ ਤੇਰੇ ਸਾਮ੍ਹਣੇ ਆਪਣੀ ਹੱਤਿਆ ਕਰ ਲਵਾਂਗਾ।"

ਬੰਗਸ਼ੀ ਨੇ ਉਸ ਉਤੇ ਦਇਆ ਕੀਤੀ ਅਤੇ ਚੂੰਕਿ ਉਹ ਦਿਲੋਂ ਮਨੋ-ਪਸ਼ਚਾਤਾਪ ਕਰ ਰਿਹਾ ਸੀ ਉਸ ਨੇ ਉਸ ਨੂੰ ਆਪਣਾ ਆਪ ਸੁਧਾਰਨ ਲਈ ਚੰਗੀ ਸਿਖਿਆ ਦਿੱਤੀ। ਕੇਨਾ ਰਾਮ ਦੀ ਆਵਾਜ਼ ਬੜੀ ਮਿੱਠੀ ਸੀ। ਸਮਾਂ ਪਾ ਕੇ ਉਹ ਬੰਗਸ਼ੀ ਦਾ ਬੜਾ ਪਕਾ ਚੇਲਾ ਬਣ ਗਿਆ ਅਤੇ ਮਨਸਾ ਦੇਵੀ ਦੇ ਭਜਨ ਗਓ ਕੇ ਗੁਜ਼ਾਰਾ ਕਰਦਾ ਰਿਹਾ। ਚੰਦਰਾਵਤੀ ਦਸਦੀ ਹੈ ਕਿ ਉਸ ਦੇ ਮਹਾਨ ਤਿਆਗ ਅਤੇ ਸੁਚੇ ਜੀਵਨ ਦੀ ਛੇਤੀ ਹੀ ਲੋਕ ਬਹੁਤ ਕਦਰ ਕਰਨ ਲਗ ਪਏ। ਕੀਰਤਨ ਕਰਦਿਆਂ ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਅਤੇ ਇਸ ਤਰ੍ਹਾਂ ਮਸਤਾਨਾ ਹੋ ਕੇ ਨਚਦਾ ਸੀ ਜਿਵੇਂ ਇਸ ਦੁਨੀਆਂ ਦਾ ਕੁਝ ਪਤਾ ਹੀ ਨਾ ਹੋਵੇ—ਬਸ ਆਪਣੇ ਰੰਗ ਵਿਚ ਗੁਆਚਾ ਹੋਇਆ। ਜਿਨ੍ਹਾਂ ਲਈ ਉਹ ਇਕ ਹਊਆ ਹੁੰਦਾ ਸੀ ਉਹ ਹੁਣ ਉਸ ਕੋਲ ਮਨਸਾ ਦੇਵੀ ਦੇ ਸੁੰਦਰ ਗੀਤ ਸੁਣਨ ਦੀ ਇਛਾ ਲੈ ਕੇ ਆਉਂਦੇ ਅਤੇ ਇਹ ਗਾਇਕ ਜੋ ਕਵੀ ਇਕ ਬਦਮਾਸ਼ ਸੀ, ਏਨਾ ਦਰਦ ਪੈਦਾ ਕਰਦਾ ਕਿ ਸੁਣਨ ਵਾਲਿਆਂ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ, ਇਸ ਤਰ੍ਹਾਂ ਇਕ

ਪਵਿਤ੍ਰ ਜੀਵਨ ਦੇ ਪ੍ਰਭਾਵ ਨੇ ਇਕ ਪਥਰ ਨੂੰ ਇਕ ਨਰਮ ਦਿਲ ਇਨਸਾਨ ਬਣਾ ਦਿਤਾ।

ਜਦੋਂ ਉਹ ਗਾਉਂਦਾ ਸੀ ਤਾਂ ਇਸ ਤਰ੍ਹਾਂ ਲਗਦਾ ਸੀ ਕਿ ਬਿਰਖ ਵੀ ਸੁਣ ਕੇ ਕੀਲੇ ਗਏ ਹਨ ਅਤੇ ਤ੍ਰੇਲ ਦੇ ਰੂਪ ਵਿਚ ਹੰਝੂ ਵਹਾ ਰਹੇ ਹਨ। "ਬੰਗਸ਼ੀ ਦੀ ਧੀ ਚੰਦਰਾ ਇਓਂ ਲਿਖਦੀ ਹੈ।"

ਰੂਪਵਤੀ

(ਇਹ ਕਥਾ ਸਚਾਈ ਦੇ ਇੰਨੀ ਨੇੜੇ ਹੈ ਕਿ ਅੰਗ੍ਰੇਜ਼ੀ ਵਿਚ ਛਾਪਣ ਲਗਿਆਂ ਨਾਇਕ ਅਤੇ ਨਾਇਕਾ ਦੇ ਨਾਂ ਬਦਲਣੇ ਪਏ ਹਨ। ਇਹ ਘਟਨਾ ਸਤਾਰ੍ਹਵੀਂ ਸਦੀ ਦੇ ਪਿਛਲੇ ਅਧ ਵਿਚ ਹੋਈ। ਇਹ ਵਰਨਣ ਜਿਸ ਵਿਚ ਨਾਇਕਾ ਦਾ ਵਿਆਹ ਰਾਜੇ ਦੀ ਮਰਜ਼ੀ ਨਾਲ ਹੋਇਆ ਲਿਖਿਆ ਹੈ ਗਲਤ ਜਾਪਦੀ ਹੈ। ਕਈ ਲੋਕ-ਕਥਾਵਾਂ ਵਿਚ ਰਾਜਿਆਂ ਵਲੋਂ ਇਹ ਪ੍ਰਣ ਕੀਤਾ ਮਿਲਦਾ ਹੈ ਕਿ ਉਹ ਆਪਣੀ ਧੀ ਨੂੰ ਉਸੇ ਆਦਮੀ ਨਾਲ ਵਿਆਹ ਦੇਣਗੇ ਜਿਸ ਨੂੰ ਉਹ ਕਿਸੇ ਖਾਸ ਸਵੇਰ ਨੂੰ ਸਭ ਤੋਂ ਪਹਿਲਾਂ ਵੇਖਣਗੇ। ਇਸ ਖਿਆਲ ਨੂੰ ਮਲੋ ਜ਼ੋਰੀ ਇਸ ਕਥਾ ਨਾਲ ਜੋੜ ਲਿਆ ਗਿਆ ਹੈ ਤਾਂ ਜੋ ਇਹ ਲੋਕਾਂ ਨੂੰ ਵਧੇਰੀ ਖਿਚ ਪਾ ਸਕੇ। ਦੂਸਰਾ ਵਰਨਣ ਠੀਕ ਲਗਦਾ ਹੈ। ਜੇ ਰਾਜਾ ਨਵਾਬ ਨੂੰ ਨਾਂਹ ਕਰਦਾ ਤਾਂ ਰਾਜ ਗਵਾ ਬਹਿੰਦਾ ਤੇ ਜੇ ਹਾਂ ਕਰਦਾ ਅਤੇ ਆਪਣੀ ਧੀ ਨੂੰ ਨਵਾਬ ਨਾਲ ਵਿਆਹ ਦੇਂਦਾ ਤਾਂ ਧਰਮ ਵਿਚੋਂ ਖਾਰਜ ਹੁੰਦਾ ਅਤੇ ਸਾਕਾਂ ਅੰਗਾਂ ਤੋਂ ਵੀ ਜਾਂਦਾ। ਇਸ ਦਸ਼ਾ ਵਿਚ ਰਾਣੀ ਨੇ ਆਪਣੀ ਅਕਲ ਨਾਲ ਇਕ ਸਬੀਲ ਬਣਾ ਕੇ ਰਾਜੇ ਨੂੰ ਬਚਾਇਆ। ਰਾਣੀ ਨੇ ਅਧੀ ਰਾਤੀਂ ਕੁੜੀ ਮਹਿਲਾਂ ਦੇ ਇਕ ਸੁੰਦਰ ਅਤੇ ਸਜੀਲੇ ਸੇਵਾਦਾਰ ਦੇ ਲੜ ਲਾ ਕੇ ਟੋਰ ਦਿੱਤੀ। ਕਿਸੇ ਨੂੰ ਇਸ ਗੱਲ ਦਾ ਪਤਾ ਨਾ ਲਗਣ ਦਿੱਤਾ। ਰਾਜਕੁਮਾਰੀ ਦੇ ਇਕ ਨੌਕਰ ਨਾਲ ਨੱਸ ਜਾਣ ਉਤੇ ਸੁਭਾਵਕ ਹੀ ਬਹੁਤ ਰੌਲਾ ਪਿਆ ਤੇ ਬੜੀ ਬਦਨਾਮੀ ਹੋਈ ਪਰ ਇਸ ਨਾਲ ਰਾਜਾ ਇਕ ਮਹਾਨ ਖਤਰੇ ਚੋਂ ਬਚ ਗਿਆ। ਨਵਾਬ ਨੂੰ ਗੁਸੇ ਹੋਣ ਦੀ ਥਾਂ, ਉਸ ਨਾਲ ਹਮਦਰਦੀ ਹੋ ਗਈ। ਕੁਝ ਚਿਰ ਪਿੱਛੋਂ ਰਾਜੇ ਦੇ ਹੁਕਮ ਨਾਲ ਮਦਨ ਨੂੰ ਕੈਦ ਕਰ ਲਿਆ ਗਿਆ। ਰੂਪਵਤੀ ਇਹ ਸੁਣ ਕੇ ਛੇਤੀ ਨਾਲ ਮਹਿਲੀਂ ਅਪੜ ਗਈ ਤਾਂ ਜੋ ਤੈਸ਼ ਵਿਚ ਆਏ ਰਾਜੇ ਤੋਂ ਮਦਨ ਨੂੰ ਛੁੜਾਵੇ। ਨਵਾਬ ਨੂੰ ਵੀ ਹੁਣ ਕੁੜੀ ਵਿਚ ਕੋਈ ਦਿਲਚਸਪੀ ਨਹੀਂ ਰਹਿ ਹੋਣੀ। ਹੁਣ ਰਾਜੇ ਨੂੰ ਸਾਰੀ ਗਲ ਦਸ ਦਿੱਤੀ ਗਈ ਤੇ ਵਿਆਹ ਕਰ ਦਿੱਤਾ ਗਿਆ। ਪਰ ਚੂੰਕਿ ਜਵਾਈ ਨੀਵੀਂ ਜਾਤ ਦਾ ਸੀ ਇਸ ਲਈ ਦੋ ਸੌ ਸਾਲ ਲੰਘ ਜਾਣ ਪਿਛੋਂ ਵੀ ਊਝਾਂ ਤੁਹਮਤਾਂ ਲਗਦੀਆਂ ਰਹੀਆਂ।)

ਰੂਪਵਤੀ

ਫੁਲੇਸ਼ਵਰੀ ਦਰਿਆ ਦੇ ਕੰਢਿਆਂ ਉਤੇ ਵੱਸੇ ਰਾਮਪੁਰ ਦੇ ਸ਼ਹਿਰ ਵਿਚ ਇਕ ਰਾਜਾ ਰਾਜ ਕਰਦਾ ਸੀ ਜਿਸ ਦਾ ਨਾਂ ਰਾਜ ਚੰਦਰ ਸੀ। ਉਸ ਨੇ ਉਥੇ ਇਕ ਬਹੁਤ ਵੱਡਾ ਬੰਗਲਾ ਬਣਾਇਆ ਹੋਇਆ ਸੀ ਜਿਸ ਦੇ ਬਾਰਾਂ ਬੂਹੇ ਸਨ। ਉਸ ਨੂੰ ਆਪਣੀ ਜ਼ਮੀਨ ਤੋਂ ਕਈ ਲੱਖ ਰੁਪੈ ਦੀ ਆਮਦਨੀ ਸੀ ਅਤੇ ਉਸ ਕੋਲ ਘੋੜਿਆਂ ਅਤੇ ਹਾਥੀਆਂ ਨਾਲ ਭਰੇ ਹੋਏ ਤਬੇਲੇ ਸਨ। ਉਸ ਕੋਲ ਬੇਸ਼ੁਮਾਰ ਸਪਾਹੀ ਸਨ ਅਤੇ ਬਹੁਤ ਸਾਰੇ ਅਫ਼ਸਰ ਮਾਮਲਾ ਉਗਰਾਹੁਣ ਲਈ ਰਖੇ ਹੋਏ ਸਨ। ਉਸ ਦੇ ਸ਼ਹਿਰ ਵਿਚ ਬਹੁਤ ਸਾਰੇ ਢੋਲ ਅਤੇ ਨਗਾਰੇ ਵਜਾਣ ਵਾਲੇ ਰਹਿੰਦੇ ਸਨ ਅਤੇ ਸਾਜ਼ਿੰਦੇ ਹਰ ਰੋਜ਼ ਸਵੇਰੇ ਸਾਜ਼ ਵਜਾ ਕੇ ਰਾਜੇ ਨੂੰ ਜਗਾਂਦੇ।

ਇਕ ਦਿਨ ਉਸ ਨੇ ਸਦਾ ਵਾਂਗ ਦਰਬਾਰ ਕੀਤਾ ਉਸ ਦੇ ਅਫ਼ਸਰ ਸਾਰੇ ਹਾਜ਼ਰ ਸਨ। ਉਸ ਨੇ ਉਨ੍ਹਾਂ ਕੋਲ ਇਹ ਇਛਾ ਪ੍ਰਗਟ ਕੀਤੀ ਕਿ ਉਹ ਬੰਗਾਲ ਦੇ ਨਵਾਬ ਨੂੰ ਜਿਹੜਾ ਉਸ ਦਾ ਸੁਆਮੀ ਹੈ ਪਰਨਾਮ ਕਰਨਾ ਚਾਹੁੰਦਾ ਹੈ। ਉਸ ਨੇ ਦਰਬਾਰੀ ਜੋਤਸ਼ੀ ਨੂੰ ਹੁਕਮ ਦਿਤਾ ਕਿ ਉਹ ਕੋਈ ਸ਼ੁਭ ਦਿਹਾੜਾ ਲੱਭੇ। ਜੋਤਸ਼ੀ ਨੇ ਦਿਨ ਅਤੇ ਸਮਾਂ ਦਸਿਆ ਜਿਹੜਾ ਅਠਾਂ ਦਿਨਾਂ ਪਿਛੋਂ ਆਉਣਾ ਸੀ। ਉਸ ਸ਼ੁਭ ਸਮੇਂ ਰਾਜੇ ਨੇ ਟੁਰਨ ਦੀ ਤਿਆਰੀ ਕੀਤੀ। ਕਾਨਾ ਚੈਤਾ ਅਤੇ ਉਭੁਤੀਆਂ ਨਾਂ ਦੇ ਦੋ ਭਰਾਵਾਂ ਨੇ ਰਾਜੇ ਦੀ ਬੇੜੀ ਨੂੰ ਸੰਭਾਲ ਲਿਆ। ਸੋਲਾਂ ਮਲਾਹ ਸਨ ਅਤੇ ਚਾਲ ਵਧਾਨ ਲਈ ਇਕ ਸ਼ਾਨਦਾਰ ਬਾਦਬਾਨ ਸੀ। ਉਸ ਰਾਜੇ ਨੇ ਬੇੜੀ ਨੂੰ ਕੀਮਤੀ ਚੀਜ਼ਾਂ ਨਾਲ ਭਰ ਲਿਆ। ਉਸ ਨੇ ਅਬਰਕ ਦੀਆਂ ਬਣੀਆਂ ਹੋਈਆਂ ਕੰਘੀਆਂ ਅਤੇ ਪੱਖੇ ਨਾਲ ਲਏ ਅਤੇ ਉਥੋਂ ਦੀਆਂ ਬਣੀਆਂ ਹੋਈਆਂ ਹੋਰ ਸੁਗਾਤਾਂ ਵੀ ਜਿਵੇਂ ਦੰਦ ਖੰਡ ਦੀਆਂ ਚੌਕੀਆਂ ਅਤੇ ਵੱਡੇ ਮੋਤੀਆਂ ਦੀਆਂ ਮਾਲਾਂ। ਇਹ ਸਭ ਕੁਝ ਨਵਾਬ ਦੀ ਭੇਟਾ ਕਰਨ ਲਈ ਸੀ। ਇਸ ਤੋਂ ਬਿਨਾਂ

ਉਸ ਨੇ ਦਸ ਹਜ਼ਾਰ ਰੁਪੈ ਵੀ ਨਵਾਬ ਨੂੰ ਨਜ਼ਰ ਦੇਣ ਲਈ ਲਏ। ਰਾਗੀਆਂ ਅਤੇ ਸਾਜ਼ਿੰਦਿਆਂ ਦਾ ਇਕ ਜਥਾ ਵੀ ਉਸ ਦੇ ਨਾਲ ਸੀ।

ਟੁਰਨ ਲੱਗਿਆਂ ਰਾਜੇ ਨੇ ਰਾਣੀ ਤੋਂ ਵਿਦਾਇਗੀ ਲਈ ਅਤੇ ਆਪਣੀ ਇਕੋ ਇਕ ਧੀ ਨੂੰ ਉਸ ਦੀ ਸੰਭਾਲ ਵਿਚ ਛੱਡਦਿਆਂ ਹੋਇਆਂ ਕਈ ਪਕੀਆਂ ਕੀਤੀਆਂ। ਉਸ ਇਕੱਤਰ ਹੋਏ ਸ਼ਹਿਰੀਆਂ ਤੋਂ ਵੀ ਵਿਦਾਇਗੀ ਲਈ ਅਤੇ ਧਾਰਮਿਕ ਗੁਣਾਂ ਵਾਲੇ ਕਈ ਕੰਮ ਕਰਕੇ ਜਿਵੇਂ ਦਾਨ ਲਈ ਅਤੇ ਧਾਰਮਕ ਕੰਮਾਂ ਲਈ ਮਾਇਆ ਦੇ ਕੇ, ਆਪਣੀ ਬੇੜੀ ਟੋਰ ਲਈ। ਹਵਾ ਹੱਕ ਵਿਚ ਹੋਣ ਕਰਕੇ ਇਹ ਵਹਾਓ ਦੀ ਉਲਟ ਵੀ ਤੇਜ਼ੀ ਨਾਲ ਚਲਦੀ ਸੀ। ਉਹ ਦਰਿਆ ਦੇ ਦੋਹਾਂ ਪਾਸਿਆਂ ਉਤੇ ਪਿੰਡ ਵੇਖਕੇ ਬੜਾ ਪ੍ਰਸੰਨ ਹੋਇਆ ਅਤੇ ਫੁਲੇਸ਼ਵਰੀ ਦਾ ਰਸਤਾ ਮੁਕਾ ਕੇ ਨਰੰਸੁੰਦਾ ਦੇ ਮੂੰਹ ਉਤੇ ਆ ਗਿਆ। ਉਸ ਉਹ ਦਰਿਆ ਵੀ ਮੁਕਾ ਲਿਆ ਅਤੇ ਇਕ ਹੋਰ ਵਿਚ ਪ੍ਰਵੇਸ਼ ਕੀਤਾ ਜਿਸ ਨੂੰ ਘੋਰਤੋਰਾ ਆਖਦੇ ਹਨ। ਇਹ ਦਰਿਆ ਵੀ ਲੰਘ ਕੇ ਉਹ ਮੇਘਨਾ ਨਾਂ ਦੀ ਪਿਆਰੀ ਨਦੀ ਤਕ ਪਹੁੰਚ ਗਿਆ। ਉਸ ਵਿਚ ਲਹਿਰਾਂ ਅੰਨ੍ਹੇਵਾਹ ਨਾਚ ਕਰ ਰਹੀਆਂ ਸਨ, ਗੁਸੇ ਵਿਚ ਜਿਵੇਂ ਝਗ ਛੱਡ ਰਹੀਆਂ ਹੋਣ। ਜਦੋਂ ਉਹ ਜ਼ੋਰ ਨਾਲ ਆ ਕਿ ਕੰਢਿਆਂ ਨਾਲ ਵਜਦੀਆਂ ਤਾਂ ਕਦੀ ਕਦੀ ਕੰਢੇ ਟੁਟ ਜਾਂਦੇ। ਤਿੰਨ ਮਹੀਨੇ ਰਾਜਾ ਇਨ੍ਹਾਂ ਪਾਣੀਆਂ ਵਿਚ ਰਿਹਾ ਅਤੇ ਚੌਥੇ ਮਹੀਨੇ ਉਹ ਨਵਾਬ ਦੇ ਸ਼ਹਿਰ ਪਹੁੰਚ ਗਿਆ।

ਰਾਜੇ ਦੇ ਆਦਮੀ ਉਸ ਦੀਆਂ ਭੇਟਾਵਾਂ ਦਰਬਾਰ ਵਿਚ ਲੈ ਗਏ। ਅਬਰਕ ਦੀਆਂ ਸੁੰਦਰ ਕੰਘੀਆਂ, ਦੰਦ ਖੰਦ ਦੀਆਂ ਚੌਕੀਆਂ ਜਿਹੜੀਆਂ ਰਾਜਾ ਆਪਣੇ ਨਾਲ ਲਿਆਇਆ ਸੀ, ਉਸ ਸ਼ਹਿਰ ਵਿਚ ਪਹਿਲਾਂ ਕਦੀਂ ਕਿਸੇ ਵੇਖੀਆਂ ਹੀ ਨਹੀਂ ਸਨ। ਨਵਾਬ ਉਨ੍ਹਾਂ ਨੂੰ ਵਡਮੁਲੀਆਂ ਵਸਤੂਆਂ ਗਿਣਦਾ ਸੀ। ਉਹ ਰਾਜੇ ਤੋਂ ਦਸ ਹਜ਼ਾਰ ਰੁਪਿਆ ਵੀ ਮਿਲਣ ਉਤੇ ਬੜਾ ਖੁਸ਼ ਹੋਇਆ ਅਤੇ ਸ਼ਹਿਰ ਵਿਚ ਉਸਦੇ ਰਹਿਣ ਲਈ ਵਧੀਆ ਨਿਵਾਸ ਸਥਾਨ ਨੀਯਤ ਕਰਨ ਦਾ ਹੁਕਮ ਦੇ ਦਿੱਤਾ। ਉਥੇ ਰਾਜਾ ਕੁਝ ਚਿਰ ਖੁਸ਼ੀ ਖੁਸ਼ੀ ਰਿਹਾ।

ਇਸ ਤਰ੍ਹਾਂ ਇਕ ਦੋ ਅਤੇ ਤਿੰਨ ਮਹੀਨੇ ਲੰਘ ਗਏ ਫਿਰ ਹੋਰ ਸਮਾਂ ਲੰਘਦਿਆਂ ਲੰਘਦਿਆਂ ਪੂਰਾਂ ਵਰ੍ਹਾ ਲੰਘ ਗਿਆ, ਇਕ ਹੋਰ ਵਰ੍ਹਾ ਲੰਘ ਗਿਆ ਅਤੇ ਰਾਜਾ ਅਜੇ ਵੀ ਮੁੜ ਕੇ ਘਰ ਨਾ ਗਿਆ ਤਾਂ ਰਾਣੀ ਨੂੰ ਫਿਕਰ ਪੈ ਗਿਆ। ਉਸ ਨੂੰ ਭੈੜੇ ਭੈੜੇ ਸੁਪਨੇ ਆਉਂਦੇ। ਏਨੇ ਚਿਰ ਨੂੰ ਉਸ ਦੀ ਧੀ ਜਵਾਨ ਹੋ ਗਈ ਸੀ ਅਤੇ ਉਸ ਨੇ ਆਪਣਾ ਚੌਧਵਾਂ ਵਰ੍ਹਾ ਵੀ ਪੂਰਾ ਕਰ ਲਿਆ ਸੀ। ਉਹ ਅਜੇ ਕੁਆਰੀ ਸੀ। ਆਂਢੀ ਗੁਆਂਢੀ ਸਿਰ ਮਾਰਦੇ ਅਤੇ ਉਸ ਢਿੱਲ ਦੇ ਵਿਰੁਧ ਘੁਸਰ ਮੁਸਰ ਕਰਦੇ, ਇਹ ਗਲ ਉਨ੍ਹਾਂ ਦੀ ਗੰਭੀਰ ਗਲ ਬਾਤ ਦਾ ਵਿਸ਼ਾ ਹੀ ਬਣ ਗਈ। ਰਾਣੀ ਨੇ ਇਹ ਸਭ ਕੁਝ ਸੁਣਿਆ। ਕੁੜੀ ਮੁਟਿਆਰ ਹੋ ਗਈ ਸੀ ਪਰ ਅਜੇ ਤਕ ਉਸ ਦੇ ਵਿਆਹ ਦੀ ਕੋਈ ਗਲ ਬਾਤ ਨਹੀਂ ਸੀ। ਰਾਣੀ ਆਪਣੀ ਧੀ ਸਦਕਾ ਫਿਕਰ ਨਾਲ ਬੇਹਾਲ ਹੋਈ ਦਿਨ ਰਾਤ ਦੁਖੀ ਰਹਿੰਦੀ।

ਫ਼ਿਰ ਸੋਚ ਸੋਚ ਕੇ ਉਸ ਨੇ ਰਾਜੇ ਨੂੰ ਇਕ ਚਿਠੀ ਲਿਖੀ। ਇਸ ਵਿਚ ਪਹਿਲਾਂ ਉਸ ਨੇ ਨਮਸਕਾਰ ਕੀਤੀ ਅਤੇ ਫਿਰ ਰਾਜ ਭਾਗ ਦਾ ਜੋ ਹਾਲ ਸੀ ਦਸਿਆ। ਚਿੱਠੀ ਦਾ ਅੰਤ ਇਸ ਤਰ੍ਹਾਂ

ਕੀਤਾ, "ਤੁਹਾਨੂੰ ਸਾਡੇ ਕੋਲੋਂ ਗਿਆਂ ਤਿੰਨ ਸਾਲ ਹੋ ਗਏ ਹਨ। ਏਨਾਂ ਚਿਰ ਤੁਸਾਂ ਇਹ ਪਤਾ ਕਰਨ ਦੀ ਪਰਵਾਹ ਨਹੀਂ ਕੀਤੀ ਕਿ ਤੁਹਾਡੀ ਲੜਕੀ ਦਾ ਕੀ ਹਾਲ ਹੈ। ਉਹ ਹੁਣ ਮੁਟਿਆਰ ਹੋਈ ਹੈ ਤੇ ਗਵਾਂਢੀ ਬੜੀਆਂ ਗੱਲਾਂ ਬਣਾਂਦੇ ਹਨ। ਮੈਂ ਮਾਂ ਹੋ ਕੇ ਇਹ ਸਭ ਕੁਝ ਕਿਵੇਂ ਸਹਾਰ ਸਕਦੀ ਹਾਂ? ਜੇ ਇਕ ਲੜਕੀ ਦਾ ਉਸ ਦੇ ਜਵਾਨ ਹੋਣ ਉਤੇ ਵਿਆਹ ਨਾ ਕੀਤਾ ਜਾਵੇ ਤਾਂ ਉਸ ਦੇ ਮਾਪਿਆਂ ਦੇ ਸਾਰੇ ਧਾਰਮਿਕ ਗੁਣ ਨਾਸ ਹੋ ਜਾਂਦੇ ਹਨ। ਜਦੋਂ ਇਹ ਚਿਠੀ ਤੁਹਾਨੂੰ ਮਿਲੇ ਤਾਂ ਇਕ ਪਲ ਵੀ ਹੋਰ ਨਾ ਠਹਿਰਨਾ ਸਗੋਂ ਇਕ ਦਮ ਘਰ ਆ ਜਾਣਾ।"

ਇਹ ਚਿੱਠੀ ਲਿਖਕੇ ਉਸ ਨੇ ਇਕ ਨੌਕਰ ਦੇ ਹਥ ਫੜਾਈ ਅਤੇ ਉਸਨੂੰ ਮੁਰਸ਼ਿਦਾਬਾਦ ਭੇਜ ਦਿੱਤਾ।

ਇਕ ਜੋਤਸ਼ੀ ਆਪਣੀਆਂ ਪੁਰਾਣੀਆਂ ਪੋਥੀਆਂ ਲੈ ਕੇ ਆਇਆ ਅਤੇ ਬੜੀ ਮਿਹਨਤ ਨਾਲ ਉਸ ਮੁਟਿਆਰ ਦੇ ਸੰਜੋਗ ਲੱਭੇ। ਉਸਨੇ ਆਪਣਾ ਗਿਆਨ ਇਨ੍ਹਾਂ ਸ਼ਬਦਾਂ ਵਿੱਚ ਦਸਿਆ "ਇਹ ਇਕ ਪਰੀ ਜਾਂ ਅਪਸਰਾ ਵਾਂਗ ਸੁੰਦਰ ਹੈ। ਜਦੋਂ ਮੈਂ ਇਸ ਦੇ ਲਿਖੇ ਚੰਗੇ ਭਾਗਾਂ ਦਾ ਵਰਨਣ ਕਰਨ ਲਗਦਾ ਹਾਂ ਤਾਂ ਸ਼ਬਦ ਮੁਕ ਜਾਂਦੇ ਹਨ। ਇਸ ਦਾ ਵਿਆਹ ਜ਼ਰੂਰ ਹੀ ਇਕ ਰਾਜਕੁਮਾਰ ਨਾਲ ਹੋਵੇਗਾ ਅਤੇ ਇਹ ਉਸ ਦੀ ਪਟਰਾਨੀ ਬਣੇਗੀ।" ਇਕ ਹੋਰ ਜੋਤਸ਼ੀ ਨੇ ਇਸ ਤਰ੍ਹਾਂ ਕਿਹਾ "ਇਹ ਬੜੀ ਸੁਸ਼ੀਲ ਹੈ। ਇਹ ਵੀ ਬੜਾ ਸੁਭ ਸਗਨ ਹੈ। ਇਸ ਦੇ ਸੁੰਦਰ ਭਰਵੱਟੇ ਸਾਫ ਅਤੇ ਵਖਰੇ ਹਨ। ਇਸ ਦਾ ਮਥਾ ਚੌੜਾ ਅਤੇ ਦੰਦ ਮੋਤੀਆਂ ਦੀ ਲੜੀ ਵਰਗੇ ਹਨ। ਮੈਂ ਇਹ ਭਵਿੱਖ ਬਾਣੀ ਕਰਦਾ ਹਾਂ ਕਿ ਦਖਣ ਤੋਂ ਇਕ ਸੌਦਾਗਰ ਇਸ ਨਾਲ ਵਿਆਹ ਕਰੇਗਾ ਅਤੇ ਇਕ ਸੌ ਗੋਲੇ ਇਸ ਦੇ ਪੈਰ ਧੋਣਗੇ।"

ਇਕ ਹੋਰ ਜੋਤਸ਼ੀ ਨੇ ਕਿਹਾ "ਇਕ ਵਡੇ ਭਾਗਾਂ ਵਾਲੀ ਕੁੜੀ ਦੇ ਸਾਰੇ ਚਿੰਨ੍ਹ ਇਸ ਵਿਚ ਹਨ। ਇਸ ਦੇ ਪੈਰ ਕੰਵਲ ਦੀਆਂ ਕਲੀਆਂ ਵਰਗੇ ਹਨ। ਜਦੋਂ ਇਹ ਟੁਰਦੀ ਹੈ ਤਾਂ ਇਸ ਦੇ ਪੈਰ ਸਾਫ ਪੈੜ ਛਡਦੇ ਹਨ। ਇਸ ਦੇ ਪੈਰ ਦੀ ਤਲੀ ਵਿਚ ਕੋਈ ਨਿਵਾਨ ਨਹੀਂ। ਇਸ ਦਾ ਲਾੜਾ ਉਤਰ ਵਲੋਂ ਆਵੇਗਾ। ਸਾਰੇ ਸਗਨ ਬਹੁਤ ਹੀ ਚੰਗੇ ਹਨ ਅਤੇ ਮੈਂ ਭਵਿੱਖ ਬਾਣੀ ਕਰਦਾ ਹਾਂ ਕਿ ਇਸ ਦਾ ਦਰਜਾ ਮਹਾਰਾਣੀ ਤੋਂ ਘਟ ਨਹੀਂ ਹੋਵੇਗਾ।"

ਇਕ ਹੋਰ ਜੋਤਸ਼ੀ ਨੇ ਚੰਗੀ ਤਰ੍ਹਾਂ ਉਸ ਦੇ ਹਥਾਂ ਦੀਆਂ ਤਲੀਆਂ ਵੇਖ ਕੇ ਕਿਹਾ, "ਜਿੰਨਾ ਵਿਸ਼ਵਾਸ ਮੈਨੂੰ ਆਪਣੇ ਜਿਉਂਦੇ ਹੋਣ ਉਤੇ ਹੈ ਉਨੇ ਹੀ ਵਿਸ਼ਵਾਸ ਨਾਲ ਮੈਂ ਕਹਿੰਦਾ ਹਾਂ ਕਿ ਇਸ ਕੁੜੀ ਦਾ ਵਿਆਹ ਇਕ ਰਾਜਕੁਮਾਰ ਨਾਲ ਹੋਵੇਗਾ; ਇਸ ਦਾ ਮੁਖੜਾ ਕਿੰਨਾ ਸੁੰਦਰ ਹੈ। ਕੰਵਲ ਨਾਲੋਂ ਵੀ ਸੁੰਦਰ ਹੈ। ਇਸ ਦੀਆਂ ਗੱਲਾਂ ਉਤੇ ਲਾਲੀ ਭਾਹ ਮਾਰਦੀ ਹੈ ਅਤੇ ਇਸ ਦਾ ਰੰਗ ਚੰਦ ਦੀਆਂ ਕਿਰਨਾਂ ਵਰਗਾ ਹੈ। ਇਸ ਦਾ ਕੋਈ ਵੀ ਨਿੱਛੱਤ੍ਰ ਮਾੜਾ ਨਹੀਂ—ਮੈਨੂੰ ਤੇ ਕੋਈ ਨਹੀਂ ਲੱਭਾ। ਮੈਂ ਇਹ ਟੇਵਾ ਲਾਇਆ ਹੈ ਕਿ ਇਹ ਸਤਾਂ ਪੁਤਰਾਂ ਦੀ ਮਾਂ ਹੋਵੇਗੀ ਅਤੇ ਮਹਾਰਾਣੀ ਬਣੇਗੀ।"

ਅਖੀਰ ਵਿਚ ਇਕ ਉਲਿਯਾ ਆਇਆ ਜਿਸ ਨੇ ਇਹ ਗਲ ਕੱਢੀ "ਇਸ ਕੁੜੀ ਦੀਆਂ ਅਖਾਂ ਕਾਲੀਆਂ ਅਤੇ ਠੰਢ ਪਾਉਣ ਵਾਲੀਆਂ ਹਨ। ਇਹ ਸੁਭਾਗੀ ਦੇਵੀ ਹੋਵੇਗੀ। ਬੇਸ਼ੱਕ ਇਹ

ਇਕ ਮਹਾਰਾਣੀ ਬਣੇਗੀ । ਪਰ ਇਸ ਦੀ ਕਿਸਮਤ ਵਿਚ ਇਕ ਦੋਸ਼ ਹੈ ਜਿਸ ਨੂੰ ਹੁਣ ਹੀ ਠੀਕ ਕੀਤਾ ਜਾ ਸਕਦਾ ਹੈ। ਰੇਸ਼ਮੀ ਕਪੜਿਆਂ ਦਾ ਇਕ ਜੋੜਾ ਅਤੇ ਕੁਝ ਕੇਲੇ ਦੀਆਂ ਫਲੀਆਂ ਲੈ ਆਓ । ਇਕ ਥਾਲ ਰਬੜੀ ਮਖਣ ਅਤੇ ਚੌਲਾਂ ਨਾਲ ਭਰ ਲਓ । ਇਸ ਨਾਲ ਬਾਰ੍ਹਾਂ ਬ੍ਰਾਹਮਣਾਂ ਨੂੰ ਭੋਜਨ ਕਰਵਾਓ । ਇਸ ਦੇ ਭਾਗਾਂ ਵਿਚ ਇਹ ਮਾੜਾ ਜਿਹਾ ਦੋਸ਼ ਮਿਟ ਜਾਏਗਾ । ਤੀਰਥਾਂ ਤੋਂ ਲਿਆਂਦੇ ਪਵਿੱਤ੍ਰ ਪਾਣੀ ਨਾਲ ਇਸ ਨੂੰ ਨਹਾਉਣਾ ਪਵੇਗਾ। ਇਹ ਮੇਰੇ ਸਾਹਮਣੇ ਹੋਣਾ ਚਾਹੀਦਾ ਹੈ । ਮੈਂ ਤੁਹਾਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਜੇ ਇਹ ਉਪਾ ਤੁਸੀਂ ਅਜ ਹੀ ਕਰ ਲਓ ਤਾਂ ਨਿਛੱਤਰਾਂ ਦਾ ਸਾਰਾ ਭਾਰ ਟਲ ਜਾਵੇਗਾ ਅਤੇ ਭਲਕੇ ਇਸ ਦਾ ਵਿਆਹ ਹੋ ਜਾਵੇਗਾ। ਰਾਣੀ ਨੇ ਸ਼ਰਧਾ ਨਾਲ ਇਹ ਸਭ ਕੁਝ ਕੀਤਾ ।

: ੩ :

ਰਾਜਾ ਕੁਝ ਵਧੇਰਾ ਹੀ ਚਿਰ ਬਾਹਰ ਰਹਿਣ ਪਿਛੋਂ ਆਪਣੇ ਸ਼ਹਿਰ ਆਇਆ ਹੈ । ਆਉਣ ਦੀ ਜੋ ਮਨਸ਼ਾ ਦਸੀ ਗਈ ਹੈ ਉਹ ਕੰਨਿਆ ਦਾ ਵਿਆਹ ਕਰਨਾ ਹੈ ।

ਉਹ ਪੀਲਾ ਅਤੇ ਫਿਕਰ ਖਾਧਾ ਲਗਦਾ ਹੈ । ਰਾਜ ਭਾਗ ਦੇ ਕੰਮ ਵਲੋਂ ਅਵੇਸਲਾ ਅਤੇ ਆਪਣੀ ਉਚੀ ਪਦਵੀ ਵਲੋਂ ਉਦਾਸੀਨ । ਉਹ ਸਾਰਾ ਦਿਨ ਮੰਜੀ ਉਤੇ ਪਿਆ ਰਹਿੰਦਾ ਹੈ ਪਰ ਕਦੀ ਘਟ ਵਧ ਹੀ ਸੌਣ ਲਈ ਅੱਖਾਂ ਮੀਟਦਾ ਹੈ । ਬਿਸਤਰੇ ਵਿਚ ਵੀ ਉਹ ਬੇਆਰਾਮ ਹੈ । ਉਹ ਕਈ ਵਾਰ ਉਠ ਉਠ ਕੇ ਕਮਰੇ ਵਿਚ ਫਿਰਦਾ ਰਹਿੰਦਾ ਹੈ । ਕਦੀਂ ਕਦੀਂ ਉਹ ਧੀਮੀ ਆਵਾਜ਼ ਵਿਚ 'ਹਾਏ ਹਾਏ' ਕਰਦਾ ਹੈ ।

ਰਾਣੀ ਇਸ ਗਲ ਦਾ ਧਿਆਨ ਕਰਦੀ ਹੈ ਅਤੇ ਉਸ ਨੂੰ ਪੁਛਦੀ ਹੈ, "ਮੇਰੇ ਸਵਾਮੀ, ਤੁਹਾਨੂੰ ਕੀ ਹੋ ਗਿਆ ਹੈ, ਮੇਰੇ ਆਪਣੇ ਹਥਾਂ ਦੇ ਬਣਾਏ ਖੁਸ਼ਬੂਦਾਰ ਪਾਨ ਬਿਨਾਂ ਛੂਏ ਪਾਨ ਦਾਨ ਵਿਚ ਪਏ ਰਹਿੰਦੇ ਹਨ ਮੈਂ ਵੇਖਦੀ ਹਾਂ ਕਿ ਬਿਸਤਰੇ ਵਿਚ ਤੁਹਾਨੂੰ ਨੀਂਦਰ ਨਹੀਂ ਆਉਂਦੀ । ਚੌਲ ਅਤੇ ਸ਼ੋਰਬਾ ਨੌਕਰ ਥਾਲ ਵਿਚ ਪਾ ਕੇ ਸਾਮ੍ਹਣੇ ਰਖ ਜਾਂਦੇ ਹਨ ਪਰ ਤੁਸੀਂ ਉਨਾਂ ਨੂੰ ਮੂੰਹ ਨਹੀਂ ਲਾਉਂਦੇ । ਅਸਲ ਵਿਚ ਤੁਹਾਨੂੰ ਕਿਸੇ ਵੀ ਭੋਜਨ ਦਾ ਅਨੰਦ ਨਹੀਂ ਆਉਂਦਾ । ਤੁਹਾਡੀ ਪੁਤ੍ਰੀ ਤੁਹਾਨੂੰ ਪ੍ਰਾਣਾਂ ਵਾਂਗ ਪਿਆਰੀ ਸੀ ਪਰ ਹੁਣ ਕੀ ਗਲ ਹੈ ਕਿ ਤੁਸੀਂ ਕਦੀ ਉਸਨੂੰ ਮਿੱਠੇ ਬੋਲਾਂ ਨਾਲ ਬੁਲਾਂਦੇ ਹੀ ਨਹੀਂ । ਇਸ ਤਰ੍ਹਾਂ ਲਗਦਾ ਹੈ ਕਿ ਕਿਸੇ ਗੁਪਤ ਕਾਰਨ ਕਰਕੇ ਇਹ ਮਹਿਲ ਤੁਹਾਨੂੰ ਜ਼ਹਿਰ ਵਾਂਗ ਲਗਦਾ ਹੈ । ਤੁਸੀਂ ਮੇਰੇ ਅਤੇ ਸਾਡੀ ਪਿਆਰੀ ਬੱਚੀ ਉਤੇ ਕਿਸੇ ਅਨਜਾਣੇ ਅਪਰਾਧ ਕਾਰਨ ਗੁਸੇ ਹੋ ਗਏ ਹੋ । ਤੁਸੀਂ ਉਸ ਦੇ ਵਿਆਹ ਦੇ ਅਤਿ ਅਵੱਸ਼ਕ ਕਾਰਜ ਵਲੋਂ ਵੀ ਬੇਪਰਵਾਹ ਹੋ । ਮੈਨੂੰ ਤੁਹਾਡੇ ਆਚਾਰ ਉਤੇ ਏਨਾ ਰੰਜ ਆਉਂਦਾ ਹੈ ਕਿ ਕਈ ਕਈ ਵਾਰ ਆਤਮ ਘਾਤ ਕਰਨ ਨੂੰ ਜੀ ਕਰਦਾ ਹੈ ।"

ਰਾਜਾ......"ਪਿਆਰੀ ! ਤੂੰ ਪਲ ਕੁ ਧੀਰਜ ਕਰ ਤੇ ਮੇਰੇ ਨਾਲ ਗੁਸੇ ਨਾ ਹੋ । ਮੈਂ ਤੈਨੂੰ ਸਭ ਕੁਝ ਦਸਦਾ ਹਾਂ । ਮੈਂ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਜਿਵੇਂ ਸਮੁੰਦਰ ਵਿਚ ਡਿਗ ਪਿਆ ਹਾਂ । ਮਗਰਮੱਛ ਮੇਰੀਆਂ ਪਸਲੀਆਂ ਖਾ ਰਹੇ ਹਨ । ਜਾਂ ਮੈਂ ਜੰਗਲ ਵਿਚ ਘਿਰ ਗਿਆ ਹਾਂ ਜਿਥੇ ਸ਼ੇ ਸ਼ੇਰ ਮੇਰੇ ਸਰੀਰ ਦੇ ਟੋਟੇ ਟੋਟੇ ਕਰ ਰਹੇ ਹਨ । ਇਸ ਤਰ੍ਹਾਂ ਲਗਦਾ ਹੈ ਜਿਵੇਂ ਕੋਈ ਤੀਰ ਮੇਰੇ ਦਿਲ ਵਿਚ ਡੂੰਘਾ ਲੰਘ ਗਿਆ ਹੈ ।

"ਹੇ ਰਾਣੀ, ਇਹ ਤੂੰ ਕੀ ਕੀਤਾ ! ਕਹੀ ਅਸ਼ੁਭ ਘੜੀ ਤੂੰ ਉਹ ਚਿੱਠੀ ਲਿਖੀ । ਮੈਂ ਉਹ ਚਿੱਠੀ ਨਵਾਬ ਕੋਲ ਲੈ ਗਿਆ ਤਾਂ ਜੋ ਉਸਨੂੰ ਦਸ ਸਕਾਂ ਕਿ ਘਰ ਵਿਚ ਮੇਰੀ ਕਿੰਨੀ ਛੇਤੀ ਲੋੜ ਹੈ ਅਤੇ ਉਸ ਕੋਲੋਂ ਪਿਛਾਂਹ ਮੁੜਨ ਦੀ ਆਗਿਆ ਮੰਗਾਂ । ਉਸ ਨੇ ਉਹ ਚਿੱਠੀ ਪੜ੍ਹੀ ਜਿਸ ਵਿਚ ਇਹ ਸਮਾਚਾਰ ਦਿੱਤਾ ਹੋਇਆ ਸੀ ਕਿ ਸਾਡੀ ਧੀ ਮੁਟਿਆਰ ਹੋ ਗਈ ਹੈ । ਨਵਾਬ ਨੇ ਕਿਹਾ 'ਹੇ ਰਾਜਾ ! ਮੈਂ ਸੁਣਿਆ ਹੈ ਕਿ ਤੇਰੀ ਧੀ ਬੜੀ ਸੁੰਦਰ ਹੈ । ਤੂੰ ਉਸ ਨੂੰ ਮੇਰੇ ਨਾਲ ਹੀ ਕਿਉਂ ਨਹੀਂ ਵਿਆਹ ਦੇਂਦਾ ਅਤੇ ਇਸ ਤਰ੍ਹਾਂ ਵਡੇ ਘਰ ਸਾਕ ਹੋਣ ਦਾ ਜਸ ਮਾਣਦਾ । ਮੈਂ ਤੈਨੂੰ ਬੇਸ਼ੁਮਾਰ ਖਤਾਬ ਦੇਵਾਂਗਾ ਅਤੇ ਦਰਬਾਰ ਵਿਚ ਤੂੰ ਮੇਰਾ ਮਾਨਯੋਗ ਸਬੰਧੀ ਹੋਣ ਦੇ ਨਾਤੇ ਮੈਥੋਂ ਨਮਸਕਾਰ ਦਾ ਅਧਿਕਾਰੀ ਹੋਵੇਂਗਾ । ਇਸ ਲਈ ਤੂੰ ਛੇਤੀ ਛੇਤੀ ਆਪਣੇ ਸ਼ਹਿਰ ਜਾ ਏਨੇ ਵਿਚ ਮੈਂ ਏਥੇ ਵਿਆਹ ਦੀ ਤਿਆਰੀ ਕਰਦਾਂ ਹਾਂ ।"

"ਹੇ ਰਾਣੀ, ਹੁਣ ਮੇਰੇ ਧਰਮ ਅਤੇ ਮੇਰੀ ਕੁਲ ਦਾ ਨਾਸ ਹੋਣ ਲਗਾ ਹੈ । ਇਸ ਦੁਖੀ ਜੀਵਨ ਨੂੰ ਧਰੀਕਣ ਦਾ ਕੀ ਫਾਇਦਾ ? ਮੈਨੂੰ ਆਪਣੀ ਰਿਆਸਤ ਦਾ ਹੁਣ ਕੋਈ ਫਿਕਰ ਨਹੀਂ । ਮੇਰੀ ਪਿਆਰੀ ਰਾਣੀ ! ਚਲ ਅਸੀਂ ਜੰਗਲਾਂ ਨੂੰ ਨਿਕਲ ਚਲੀਏ । ਜੋ ਮੈਂ ਨਿਸਚਾ ਕੀਤਾ ਹੈ ਉਹ ਮੈਂ ਤੈਨੂੰ ਦਸਦਾ ਹਾਂ । ਕਲ ਆਪਣੇ ਪਲੰਘ ਤੋਂ ਉਠਣ ਤੋਂ ਪਿਛੋਂ ਜਿਸ ਆਦਮੀ ਨੂੰ ਮੈਂ ਸਭ ਤੋਂ ਪਹਿਲਾਂ ਵੇਖਾਂਗਾ ਉਸੇ ਨਾਲ ਮੈਂ ਆਪਣੀ ਧੀ ਵਿਆਹ ਦਿਆਂਗਾ, ਭਾਵੇਂ ਚੂਹੜਾ ਹੋਵੇ ਜਾਂ ਡੂਮ ਜਾਂ ਇਸ ਤੋਂ ਵੀ ਨੀਵੀਂ ਜਾਤ ਦਾ ਕੋਈ ਵੀ ਹੋਵੇ, ਮੈਂ ਜਾਤ ਤੇ ਵੇਖਣੀ ਹੀ ਨਹੀਂ । ਬਸ ਹਿੰਦੂ ਹੋਵੇ, ਮੈਂ ਉਸ ਨੂੰ ਆਪਣੀ ਧੀ ਦਾ ਸਾਕ ਦੇ ਦਿਆਂਗਾ ਪਰ ਮੁਸਲਮਾਨ ਨੂੰ ਦੇਣਾ ਅਸੰਭਵ ਹੈ, ਕਦੀ ਵੀ ਨਹੀਂ । ਤੂੰ ਸਮਝ ਗਈ ਹੋਵੇਂਗੀ, ਮੇਰੀ ਪਿਆਰੀ ਰਾਣੀ, ਇਹ ਰਾਜ ਤੇ ਬਸ ਘੁਣ ਹੈ. ਇਕ ਕਲੇਸ਼ । ਕਈ ਵਾਰੀ ਮੇਰਾ ਜੀ ਕਰਦਾ ਹੈ ਕਿ ਰੱਸੀ ਨਾਲ ਗਲ ਦੁਵਾਲੇ ਘੜਾ ਬੰਨ੍ਹ ਕੇ ਡੁਬ ਕੇ ਮਰ ਜਾਵਾਂ ਤੂੰ ਜ਼ਹਿਰ ਦੀ ਗਲ ਕਰਦੀ ਹੈਂ । ਜਿਹੜਾ ਜ਼ਹਿਰ ਮੈਨੂੰ ਖਾ ਰਿਹਾ ਹੈ ਉਸ ਦਾ ਇਲਾਜ਼ ਤੇ ਧਨਵੰਤਰੀ ਕੋਲ ਵੀ ਨਹੀਂ ।"

ਪਹਿਲਾ ਰੂਪਾਂਤਰ

ਜਦੋਂ ਰਾਣੀ ਨੇ ਇਹ ਸੁਣਿਆ ਤਾਂ ਆਪਣੇ ਮਨ ਵਿਚ ਬਹੁਤ ਦੁਖੀ ਅਤੇ ਪੀੜ ਵਿਚ ਸੋਚਣ ਲਗੀ । "ਜੇ ਇਹ ਰਾਤ ਲੰਘ ਗਈ ਤਾਂ ਅਸੀਂ ਤਬਾਹ ਹੋ ਜਾਵਾਂਗੇ । ਮੈਂ ਪ੍ਰਮਾਤਮਾ ਅਗੇ ਅਰਦਾਸ ਕਰਦੀ ਹਾਂ ਕਿ ਇਹ ਰਾਤ ਸਦਾ ਹੀ ਰਹੇ । ਅਤੇ ਸਾਨੂੰ ਹਮੇਸ਼ਾਂ ਦੀ ਬਦਨਾਮੀ ਅਤੇ ਕਲੰਕ ਦਾ ਟਿੱਕਾ ਲਾਣ ਲਈ ਸੂਰਜ ਕਦੀ ਨਾ ਚੜ੍ਹੇ ।"

ਮਹਿਲਾਂ ਵਿਚ ਇਕ ਮੁੰਡਾ ਸੀ ਜਿਹੜਾ ਬਖਸ਼ੀ ਦਾ ਕੰਮ ਕਰਦਾ ਸੀ । ਉਸ ਦਾ ਨਾਂ ਮਦਨ ਸੀ । ਉਹ ਬਹੁਤ ਉਚੇ ਘਰਾਣੇ ਦਾ ਨਹੀਂ ਸੀ । ਉਹ ਮਹਿਲਾਂ ਲਈ ਬਜ਼ਾਰੋਂ ਛੋਟੀਆਂ ਮੋਟੀਆਂ ਚੀਜ਼ਾਂ ਖਰੀਦ ਲਿਆਉਂਦਾ ਤੇ ਹਰ ਵੇਲੇ ਹੁਕਮ ਦੀ ਪਾਲਣਾ ਲਈ ਨੇੜੇ ਨੇੜੇ ਹਾਜ਼ਰ ਰਹਿੰਦਾ । ਉਹ ਸ਼ਕਲ ਦਾ ਸੁਹਣਾ ਸੀ ਅਤੇ ਪ੍ਰਭਾਤ ਦੇ ਤਾਰੇ ਵਾਂਗ ਚੁਪਕੀਤਾ ਅਤੇ ਸੁੰਦਰ ਲਗਦਾ ਸੀ । ਇਸ ਮੁੰਡੇ ਨੂੰ ਮਹਿਲਾਂ ਦੇ ਅੰਦਰਲਿਆਂ ਕਮਰਿਆਂ ਵਿਚ ਜਾਣ ਦੀ ਖੁੱਲ੍ਹ ਸੀ । ਉਸ ਦਾ ਰੰਗ ਪਘਰੇ ਹੋਏ ਸੋਨੇ ਵਾਂਗ ਲਿਸ਼ਕਦਾ ਸੀ । ਰਾਣੀ ਨੇ ਉਸ ਨੂੰ ਸੱਦ ਘਲਿਆ ਤੇ ਜਦੋਂ ਉਹ ਉਸਦੇ ਕੋਲ ਆਇਆ

ਤਾਂ ਕਿਹਾ, "ਮੇਰੇ ਬੱਚੇ ਤੂੰ ਡਰੀਂ ਨਾ ਮੈਂ ਤੈਨੂੰ ਆਪਣਾ ਪੁਤ੍ਰ ਸਮਝ ਕੇ ਸਾਰੀ ਗਲ ਠੀਕ ਠੀਕ ਦਸ ਦੇਂਦੀ ਹਾਂ।" ਫਿਰ ਉਸ ਨੇ ਰਾਜੇ ਦੇ ਨਿਰਦਈ ਨਿਸਚੇ ਦੀ ਸਾਰੀ ਕਥਾ ਦਸੀ ਅਤੇ ਆਪਣੀ ਵਾਰਤਾ ਨੂੰ ਇਸ ਤਰ੍ਹਾਂ ਖਤਮ ਕੀਤਾ। 'ਮਦਨ! ਹੁਣ ਮੇਰੀ ਗਲ ਸੁਣ। ਕਲ ਸਵੇਰੇ ਪ੍ਰਭਾਤ ਰਾਜੇ ਲਈ ਤਮਾਕੂ ਫੜ ਕੇ ਤੂੰ ਉਥੇ ਖਲੋਤਾ ਰਹੀਂ। ਇਹੀ ਤੇਰਾ ਬਹਾਨਾ ਹੋਵੇਗਾ। ਬਸ ਤੂੰ ਉਥੇ ਖਲੋਤਾ ਰਹੀਂ ਵਿਸਾਰੀਂ ਬਿਲਕੁਲ ਨਾਂ।"

ਮਦਨ ਨੇ ਇਸ ਅਦਭੁਤ ਬੇਨਤੀ ਉਤੇ ਇਕ ਪਲ ਲਈ ਵੀ ਨਾ ਸੋਚਿਆ। ਉਸ ਨੂੰ ਇਹ ਪਰਵਾਹ ਹੀ ਨਹੀਂ ਸੀ ਕਿ ਉਹ ਪੂਰਬ ਪੱਛਮ ਜਾਂ ਉਤਰ ਵਲ ਨੂੰ ਜਾ ਰਿਹਾ ਹੈ। ਇਕ ਦਮ ਉਸ ਨੇ ਰਾਣੀ ਦੇ ਹੁਕਮ ਦੀ ਪਾਲਣਾ ਕਰਨੀ ਮੰਨ ਲਈ। ਰਾਣੀ ਆਪਣੇ ਸੌਣ-ਕਮਰੇ ਵਿਚ ਚਲੀ ਗਈ। ਅਤੇ ਮਦਨ ਨੂੰ ਜਿਸ ਤਰ੍ਹਾਂ ਉਸ ਨੂੰ ਹੁਕਮ ਹੋਇਆ ਸੀ, ਪ੍ਰਭਾਤ ਵੇਲੇ ਬੂਹੇ ਦੇ ਨੇੜੇ ਆ ਕੇ ਖਲੋ ਗਿਆ।

ਆਕਾਸ਼ ਉਤੇ ਕਾਲੇ ਬਦਲ ਖਿਲਰੇ ਹੋਏ ਸਨ ਅਤੇ ਪੂਰਬੀ ਦਿਸਹੱਦੇ ਤੋਂ ਸੂਰਜ ਅਜੇ ਝਾਕਣ ਹੀ ਲੱਗਾ ਸੀ। ਸੰਗੀਤ ਘਰ ਵਿਚ ਸਾਜ਼ ਵਜਣੇ ਅਜੇਂ ਸ਼ੁਰੂ ਹੋਏ ਹੀ ਸਨ। ਰਾਜਾ ਆਪਣੇ ਪਲੰਘ ਤੋਂ ਉਠਿਆ ਅਤੇ ਰਾਣੀ ਨੇ ਉਸ ਲਈ ਬੂਹਾ ਖੋਲ੍ਹਿਆ। ਉਹ ਕਮਰੇ ਵਿਚੋਂ ਬਾਹਰ ਆਇਆ ਅਤੇ ਜਦ ਉਸ ਨੇ ਪਿਛਾਂਹ ਧਿਆਨ ਮਾਰਿਆ ਤਾਂ ਵੇਖਿਆ ਕਿ ਮੁੰਡਾ ਹਥ ਵਿਚ ਹੁੱਕਾ ਫੜੀ ਉਸ ਨੂੰ ਉਡੀਕ ਰਿਹਾ ਸੀ। ਰਾਜਾ ਇਕ ਲਕੜ ਦੀ ਚੌਕੀ ਉਤੇ ਬੈਠ ਗਿਆ ਜਿਸਦੇ ਸਾਰੇ ਪਾਸੇ ਫੁਲਾਂ ਦੀਆਂ ਵੇਲਾਂ ਕਟੀਆਂ ਹੋਈਆਂ ਸਨ। ਉਸ ਦੇ ਸਾਮ੍ਹਣੇ ਠੰਢੇ ਪਾਣੀ ਨਾਲ ਭਰਿਆ ਇਕ ਸੋਨੇ ਦਾ ਛੰਨਾ ਪਿਆ ਸੀ। ਉਸ ਨੇ ਮੂੰਹ ਹਥ ਧੋਤਾ ਅਤੇ ਤਾਜ਼ਾ ਦਮ ਹੋ ਗਿਆ। ਫਿਰ ਉਸ ਨੇ ਮਦਨ ਤੋਂ ਪੁਛਿਆ "ਤੂੰ ਇਸ ਵੇਲੇ ਮੇਰੇ ਸੌਣ-ਕਮਰੇ ਦੇ ਨੇੜੇ ਕੀ ਲੈਣ ਆਇਆ ਏਂ? ਉਸ ਨੇ ਪ੍ਰਣਾਮ ਕਰਕੇ ਕਿਹਾ "ਮੈਂ ਹਜ਼ੂਰ ਦਾ ਗੋਲਾ ਹਾਂ ਅਤੇ ਹਰ ਵੇਲੇ ਹਜ਼ੂਰ ਦੇ ਹੁਕਮ ਦੀ ਪਾਲਣਾ ਕਰਨ ਲਈ ਤਿਆਰ ਰਹਿੰਦਾ ਹਾਂ। ਮੈਨੂੰ ਇਸ ਮਹਿਲ ਵਿਚ ਸੇਵਾ ਕਰਦਿਆਂ ਬਾਰ੍ਹਾਂ ਸਾਲ ਹੋ ਗਏ ਹਨ ਅਤੇ ਅੰਦਰਲਿਆਂ ਕਮਰਿਆਂ ਵਿਕ ਜਾਣ ਦੀ ਖੁਲ੍ਹੀ ਆਗਿਆ ਹੈ। ਦਇਆ ਅਤੇ ਉਦਾਰਤਾ ਵਾਲਾ ਜੋ ਸਲੂਕ ਮੇਰੇ ਨਾਲ ਏਥੇ ਹੁੰਦਾ ਹੈ ਉਸ ਕਰਕੇ ਮੈਂ ਬਹੁਤ ਖੁਸ਼ ਹਾਂ।"

ਰਾਜੇ ਨੇ ਉਸਨੂੰ ਕਈ ਸਵਾਲ ਪੁਛੇ ਤੇਰੇ ਮਾਤਾ ਪਿਤਾ ਕੌਣ ਸਨ? ਤੂੰ ਕਿਸ ਦੇਸ਼ ਤੋਂ ਆਇਆ ਹੈਂ? ਜਦੋਂ ਉਸ ਨੂੰ ਸਭ ਕੁਝ ਪਤਾ ਲਗ ਗਿਆ ਤਾਂ ਉਸ ਨੇ ਵਿਆਹ ਦਾ ਹੁਕਮ ਦੇ ਦਿੱਤਾ। ਇਕ ਸ਼ੁਭ ਦਿਨ ਨੀਯਤ ਕੀਤਾ ਕਿਆ ਅਤੇ ਇਕ ਸ਼ੁਭ ਘੜੀ ਨੂੰ ਉਸ ਨੂੰ ਮਦਨ ਦੇ ਲੜ ਲਾ ਦਿਤਾ ਗਿਆ। ਰੂਪਵਤੀ ਨੂੰ ਬਹੁਤ ਸਾਰਾ ਦਾਜ ਦਿੱਤਾ ਗਿਆ ਅਤੇ ਇਕ ਸਾਰਾ ਪਿੰਡ ਵੀ ਨਾਲ ਦਿੱਤਾ ਗਿਆ।

ਦੂਜਾ ਰੂਪਾਂਤਰ

ਰਾਜੇ ਨੇ ਕਿਹਾ "ਪਿਆਰੀ ਰਾਣੀ ਸਾਨੂੰ ਫੈਸਲਾ ਕਰਨਾ ਚਾਹੀਦਾ ਹੈ ਕਿ ਅਸਾਂ ਕਿਹੜਾ ਰਾਹ ਫੜਨਾ ਹੈ, ਜੇ ਆਪਣੀ ਧੀ ਨਵਾਬ ਕੋਲ ਨਾ ਘਲੀ ਤਾਂ ਸਾਡਾ ਰਾਜ ਖਤਮ ਹੋ ਜਾਵੇਗਾ। ਇਹ ਗਲ ਪੱਕੀ ਹੈ। ਇਹ ਤੂੰ ਮੰਨ ਲੈ ਮੇਰੀ ਰਾਣੀ! ਕਿ ਮੈਂ ਆਪਣੇ ਸ਼ਹਿਰ ਨੂੰ ਆਪਣੇ ਹਥਾਂ

ਨਾਲ ਤਬਾਹ ਕਰ ਦਿਆਂਗਾ। ਪਠਾਨ ਸਪਾਹੀ ਆਉਣਗੇ ਅਤੇ ਮੇਰੀਆਂ ਮੁਸ਼ਕਾਂ ਬੰਨ ਕੇ ਬੁਰੀ ਹਾਲਤ ਵਿਚ ਲੈ ਜਾਣਗੇ। ਇਸ ਕੁੜੀ ਕਰਕੇ ਹੀ ਅਸੀਂ ਇਸ ਬੁਰੀ ਹਾਲਤ ਵਿਚ ਹਾਂ ਇਹ ਮੇਰੇ ਦਿਲ ਵਿਚ ਖੁਭੀ ਛੁਰੀ ਵਾਂਗ ਹੈ। ਹਾਏ! ਮੇਰਾ ਧਰਮ ਅਤੇ ਮੇਰੀ ਕੁਲ ਦਾ ਨਾਸ਼ ਹੋਣ ਲਗਾ ਹੈ ਅਤੇ ਮੈਂ ਛੇਤੀ ਇਕ ਦੁਖੀ ਅੰਤ ਵਲ ਨੂੰ ਜਾ ਰਿਹਾ ਹਾਂ। ਜਿੰਨੀ ਮੁਹਲਤ ਦੇ ਅੰਦਰ ਅੰਦਰ ਲੜਕੀ ਘਲਣੀ ਹੈ ਉਹ ਨੀਯਤ ਹੋ ਚੁਕੀ ਹੈ। ਹੁਣ ਮੈਂ ਕੀ ਕਰਾਂ? ਉਸਨੂੰ ਮੈਂ ਜ਼ਹਿਰ ਦੇ ਦਿਆਂ ਜਾਂ ਜਿਊਂਦੀ ਨੂੰ ਹੀ ਸਾੜ ਦਿਆਂ? ਉਸਨੂੰ ਇਸ ਘੋਰ ਬਿਪਤਾ ਤੋਂ ਬਚਣ ਲਈ ਮੈਂ ਕਿਸ ਦੇਸ਼ ਨੂੰ ਨਸ ਜਾਵਾਂ! ਹੇ ਰਾਣੀ! ਉਸ ਨੂੰ ਕਿਧਰੇ ਘਲਣ ਲਈ ਜਿਥੇ ਵੀ ਤੇਰਾ ਜੀ ਕਰਦਾ ਹੈ ਝਟ ਪਟ ਤਿਆਰੀਆਂ ਕਰ ਲੈ। ਮੈਂ ਆਪਣੇ ਬਾਰੇ ਤੇ ਇਹ ਨਿਸਚਾ ਕੀਤਾ ਹੈ ਕਿ ਮੈਂ ਦਰਿਆ ਵਿਚ ਡੁਬ ਕੇ ਮਰ ਜਾਵਾਂਗਾ।"

ਜਦੋਂ ਰਾਣੀ ਨੇ ਰਾਜੇ ਦੀ ਗਲ ਸੁਣੀ ਤਾਂ ਉਸ ਨੇ ਆਪਣੇ ਰਾਹ ਦਾ ਇਕ ਦਮ ਫੈਸਲਾ ਕਰ ਲਿਆ।

ਉਸਦਾ ਇਕ ਨੌਕਰ ਸੀ, ਮਦਨ ਜਿਹੜਾ ਬੜਾ ਸੁੰਦਰ ਮੁੰਡਾ ਸੀ ਉਸਦੇ ਜ਼ੁਮੇ ਮੰਦਰ ਲਈ ਫੁੱਲ ਇਕੱਠੇ ਕਰਨਾ ਅਤੇ ਰਾਣੀ ਦੇ ਹੋਰ ਨਿੱਕੇ ਮੋਟੇ ਕੰਮ ਕਰਨਾ ਸੀ। ਉਹ ਚੁਪਕੀਤਾ ਮਸਕੀਨ ਜਿਹਾ ਮੁੰਡਾ ਸੀ ਜਿਹੜਾ ਹੁਕਮ ਦੀ ਪੁਲਣਾ ਲਈ ਸਦਾ ਹਾਜ਼ਰ ਰਹਿੰਦਾ। ਪ੍ਰਭਾਤ ਦੇ ਤਾਰੇ ਵਾਂਗ ਉਹ ਬੜਾ ਸੁੰਦਰ ਸੀ। ਰਾਣੀ ਨੂੰ ਉਸਦੀ ਜਾਤ ਜਾਂ ਘਰਾਨੇ ਦਾ ਕੋਈ ਫਿਕਰ ਨਹੀਂ ਸੀ। ਉਸਨੇ ਆਪਣੀ ਪਿਆਰੀ ਧੀ ਦਾ ਮੋਹ ਦਿਲ ਵਿਚੋਂ ਕੱਢ ਦਿੱਤਾ। ਰੂਪਵਤੀ ਨੂੰ ਇਨ੍ਹਾਂ ਗੱਲਾਂ ਬਾਰੇ ਕੁਝ ਪਤਾ ਨਹੀਂ ਸੀ। ਅਧੀ ਰਾਤ ਵੇਲੇ ਰਾਣੀ ਇਕੱਲੀ ਉਸਦੇ ਕਮਰੇ ਵਿਚ ਗਈ। ਉਥੇ ਉਹ ਸੁਤੀ ਪਈ ਚੰਨ ਵਾਂਗ ਚਮਕ ਰਹੀ ਸੀ। ਉਸ ਸੁੰਦਰ ਆਕਾਰ ਨੂੰ ਵੇਖਕੇ ਅਜ ਮਾਂ ਦੇ ਦਿਲ ਵਿਚ ਕੇਵਲ ਇਕ ਡੂੰਘੀ ਪੀੜ ਹੀ ਹੋਈ। "ਹਾਏ, ਇਹ ਮੇਰਾ ਰਾਖਵਾਂ ਪੰਛੀ, ਮੇਰੀ ਹਿਕ ਦੀ ਪਸਲੀ ਵਾਂਗ ਪਿਆਰੀ ਹੈ। ਇਸ ਪਿਆਰ ਦੇ ਸੁਨਹਿਰੀ ਪਿੰਜਰੇ ਵਿਚੋਂ, ਜਿਸ ਵਿਚ ਮੈਂ ਇਸ ਨੂੰ ਪਾਲਿਆ ਇਸਨੂੰ ਬਾਹਰ ਕੱਢਣ ਦੀ ਗਲ ਮੈਂ ਕਿਵੇਂ ਸੋਚ ਸਕਦੀ ਹਾਂ"? ਤੇ ਫਿਰ ਉਸ ਨੇ ਵਾਜ ਮਾਰ ਕੇ ਆਖਿਆ "ਹੁਣ ਉਠ, ਮੇਰੀ ਬੱਚੀ, ਅਤੇ ਆਪਣੀ ਅਭਾਗਣ ਮਾਂ ਨੂੰ ਆਪਣੇ ਪਲੰਘ ਨੇੜੇ ਖਲੋਤੀ ਵੇਖ! ਜਾਗ ਮੇਰੀ ਰਾਣੋ ਅਤੇ ਵੇਖ ਸਾਰੇ ਸ਼ਹਿਰ ਨੂੰ ਤੇਰੇ ਕਰਕੇ ਕਿਵੇਂ ਅਗ ਲਗੀ ਹੋਈ ਹੈ ਅਤੇ ਉਹ ਸੜ ਰਿਹਾ ਹੈ। ਤੇਰੇ ਸਦਕਾ ਤੇਰੇ ਪਿਆਰੇ ਪਿਤਾ ਨੇ ਦਰਿਆ ਵਿਚ ਡੁਬ ਮਰਨ ਦਾ ਫੈਸਲਾ ਕੀਤਾ ਹੈ, ਤੇਰੇ ਕਰਕੇ ਅਸੀਂ ਦੇਸੋਂ ਕਢਿਆਂ ਵਾਂਗ ਜੰਗਲਾਂ ਵਿਚ ਰਹਿਣ ਜਾ ਰਹੇ ਹਾਂ।"

ਰੂਪਵਤੀ ਨੂੰ ਉਸ ਵੇਲੇ ਸੁਪਨਾ ਆ ਰਿਹਾ ਸੀ ਜਿਵੇਂ ਸਾਰਾ ਸ਼ਹਿਰ ਮਾਤਮ ਵਿਚ ਹੋਵੇ। ਉਹ ਘਬਰਾ ਕੇ ਉਠੀ ਅਤੇ ਵੇਖਿਆ ਕਿ ਉਸ ਦੀ ਮਾਂ ਆਪਣੀ ਸਾੜੀ ਦੇ ਪਲੇ ਨਾਲ ਆਪਣੇ ਹੰਝੂ ਪੂੰਝ ਰਹੀ ਹੈ। ਉਸਨੇ ਪੁਛਿਆ "ਮਾਤਾ ਜੀ ਤੁਸੀਂ ਕਿਸ ਕਾਰਨ ਤੋਂ ਰੋ ਰਹੇ ਹੋ? ਮੇਰੇ ਕੋਲੋਂ ਇਹ ਵੇਖਿਆ ਨਹੀਂ ਜਾਂਦਾ। ਮੈਂ ਤੁਹਾਡਾ ਦਿਲ ਦੁਖਾਣ ਵਾਲਾ ਕੀ ਕੰਮ ਕੀਤਾ ਹੈ?"
"ਨਹੀਂ ਧੀਏ! ਤੂੰ ਤੇ ਦੋਸ਼ ਵਾਲਾ ਕੋਈ ਕੰਮ ਨਹੀਂ ਕੀਤਾ" ਅਭਾਗਣ ਮਾਂ ਨੇ ਕਿਹਾ। "ਕੁਦਰਤ

ਹੀ ਸਾਡੇ ਵਿਰੁਧ ਹੋ ਗਈ ਅਤੇ ਉਸ ਸਾਡੀਆਂ ਸਾਰੀਆਂ ਉਮੀਦਾਂ ਖਤਮ ਕਰ ਦਿੱਤੀਆਂ ਹਨ। ਹੇ ਰੱਬਾ! ਜਿਸ ਰੁਖ ਥਲੇ ਮੈਂ ਛਾਂ ਦੀ ਭਾਲ ਵਿਚ ਆ ਖਲੋਤੀ ਸਾਂ ਉਸ ਨੂੰ ਤੂੰ ਕਿਓਂ ਵੱਢ ਦਿੱਤਾ। ਹਾਏ! ਹੁਣ ਕਦੀ ਵੀ ਤੇਰਾ ਚੰਨ ਵਰਗਾ ਮੁਖੜਾ ਵੇਖਣਾ ਮੇਰੇ ਭਾਗਾਂ ਵਿਚ ਨਹੀਂ ਹੋਵੇਗਾ। ਤੇਰੇ ਬੁਲਾਂ ਤੋਂ ਮੈਂ 'ਮਾਂ' ਦੀ ਵਾਜ਼ ਕਦੀਂ ਨਹੀਂ ਸੁਣਾਂਗੀ। ਹੇ ਮੇਰੇ ਲਾਡਲੇ ਪੰਛੀਆ ਹੁਣ ਤੂੰ ਇਸ ਥਾਂ ਨਾਲੋਂ ਪਿਆਰ ਦੀ ਤੰਦ ਸਦਾ ਲਈ ਤੋੜਕੇ ਉਠ ਚਲਿਆ ਹੈਂ।

ਨਾ ਕੋਈ ਸੁਹਾਗ ਗਾਵਿਆ ਗਿਆ, ਨਾ ਕੋਈ ਸ਼ਗਨ ਹੋਇਆ ਘਰ ਦੀਆਂ ਇਸਤ੍ਰੀਆਂ ਨੇ ਸੁਭ ਸਮੇਂ ਉਤੇ "ਜੈ ਅਤੇ ਅਨੰਦਾ" ਨਾ ਆਖਿਆ ਅਤੇ ਨਾ ਹੀ ਅਸੀਸਾਂ ਦਿੱਤੀਆਂ। ਕਿਸੇ ਨੇ ਆ ਕੇ ਵਹੁਟੀ ਨੂੰ ਹਲਦੀ ਦਾ ਅਤੇ ਸੁਗੰਧ ਵਾਲਾ ਟਿਕਾ ਨਾ ਲਾਇਆ। ਮਾਤਾ ਚੰਗੇ ਆਂਢ ਗੁਆਂਢ ਕੋਲ ਬੱਚੀ ਲਈ ਅਸੀਸਾਂ ਮੰਗਣ ਨਾ ਗਈ। ਅਤੇ ਨਾ ਹੀ ਘਰਾਂ ਦੀਆਂ ਇਸਤ੍ਰੀਆਂ ਨੇ ਇਕੱਠੀਆ ਹੋ ਕੇ ਸ਼ਗਨ ਕਰਨ ਲਈ ਰੀਤ ਅਨੁਸਾਰ ਗੀਤ ਗਉਂਦਿਆਂ ਤਲਾ ਤੋਂ ਪਾਣੀ ਦੇ ਘੜੇ ਭਰੇ।

ਮਾਂ ਦਾ ਦਿਲ ਚੋਰੀ ਚੋਰੀ ਲਹੂ ਰੋਂਦਾ ਰਿਹਾ। ਰਾਤ ਅਨ੍ਹੇਰੀ ਅਤੇ ਖਾਮੋਸ਼ ਸੀ। ਅਸਮਾਨ ਉਤੇ ਤਾਰੇ ਲਿਸ਼ਕ ਰਹੇ ਸਨ। ਉਸ ਵੇਲੇ ਮਦਨ ਆ ਕੇ ਬੂਹੇ ਵਿਚ ਉਡੀਕਣ ਲਗਾ। ਲਾਜ ਦੀ ਮਾਰੀ ਰੂਪਵਤੀ ਤੋਂ ਆਪਣੇ ਵਾਲ ਵੀ ਸੰਵਾਰੇ ਨਹੀਂ ਜਾਂਦੇ ਸਨ ਜਿਹੜੇ ਘੁੰਗਰ ਬਣਾ ਕੇ ਉਸ ਦੇ ਚਿਹਰੇ ਦੁਵਾਲੇ ਡਿਗ ਰਹੇ ਸਨ। ਝਟ ਪਟ ਉਸ ਨੇ ਸੁਹਾਗ ਦਾ ਜੋੜਾ ਪਾਇਆ। ਕੋਈ ਪੁਜਾਰੀ ਦੇ ਸੰਸਕਾਰ ਪੂਰੇ ਕਰਨ ਨਾ ਆਇਆ। ਰਾਤ ਦੇ ਉਸ ਪਵਿੱਤ੍ਰ ਸਮੇਂ ਮਾਂ ਨੇ ਆਪਣੀ ਬੱਚੀ ਨੂੰ ਮਦਨ ਦੇ ਹਥਾਂ ਵਿਚ ਦੇ ਦਿੱਤਾ। ਕੁੜੀ ਦੇ ਹਥ ਫੜ ਕੇ ਉਸ ਨੇ ਮਦਨ ਦੇ ਹਥਾਂ ਵਿਚ ਰਖ ਦਿੱਤੇ। ਉਸ ਵੇਲੇ ਕੋਈ ਜੀ ਉਥੇ ਗਵਾਹੀ ਭਰਨ ਲਈ ਨਹੀਂ ਸੀ। ਉਹ ਕਮਰਾ ਜੋੜੀ ਨੂੰ ਅਸੀਸਾਂ ਦੇਂਦੀ ਮਾਂ ਤੇ ਜਨਾਨੀਆਂ ਦੀਆਂ ਖਿੜੀਆਂ ਹੋਈਆਂ ਅਵਾਜ਼ਾਂ ਨਾਲ ਨਾ ਗੂੰਜਿਆ। ਰਾਜੇ ਦੇ ਉਸ ਮਹਿਲ ਵਿਚ ਖੁਸ਼ੀ ਦੇ ਗੀਤਾਂ ਦੀ ਥਾਂ ਖਾਮੋਸ਼ ਦਰਦ ਮਾਂ ਦੇ ਦਿਲ ਵਿਚ ਉਛਾਲੇ ਮਾਰ ਰਿਹਾ ਸੀ।

ਜਦ ਰੂਪਵਤੀ ਨੂੰ ਗਭਰੂ ਮਦਨ ਦੇ ਹਵਾਲੇ ਕੀਤਾ ਤਾਂ ਚੰਦ ਅਤੇ ਸੂਰਜ ਨੂੰ ਆਪਣੇ ਗਵਾਹ ਬਣਾਇਆ।

ਰਾਣੀ — "ਹੁਣ ਮਦਨ, ਮੈਂ ਤੈਨੂੰ ਇਕ ਗੱਲ ਕਹਿਣੀ ਹੈ। ਮੈਂ ਆਪਣੀ ਪਿਆਰੀ ਬੱਚੀ ਤੇਰੇ ਹਵਾਲੇ ਕਰ ਦਿੱਤੀ ਹੈ। ਉਹ ਇਸ ਘਰ ਦਾ ਇਕੱਲਾ ਦੀਪਕ ਹੈ—ਮੇਰੀ ਇਕਲਾਪੀ ਬੱਚੀ। ਉਸ ਨੂੰ ਤੈਨੂੰ ਦੇਣ ਲਗਿਆਂ ਮੈਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਮੈਂ ਆਪਣੀ ਹਿੱਕ ਵਿਚੋਂ ਇਕ ਪਸਲੀ ਕੱਢ ਕੇ ਤੈਨੂੰ ਦੇ ਦਿੱਤੀ ਹੋਵੇ। ਆਪਣਾ ਪਿਆਰਾ ਰਾਖਵਾਂ ਪੰਛੀ ਜਿਸ ਨਾਲ ਮੈਂ ਐਨੇ ਸਾਲ ਪਿਆਰ ਕੀਤਾ ਹੈ ਅਤੇ ਦਿਲ ਨਾਲ ਲਾ ਕੇ ਰੱਖਿਆ ਹੈ। ਹੁਣ ਮੈਂ ਆਪਣੀ ਹਥੀਂ ਸੁਨਹਿਰੀ ਪਿੰਜਰਾ ਤੋੜ ਕੇ ਤੇਰੇ ਹਵਾਲੇ ਕਰ ਦਿੱਤਾ ਹੈ। ਭਾਵੇਂ ਤੁਹਾਡੀ ਕਿਸਮਤ ਵਿਚ ਸ਼ਹਿਰ ਵਿਚ ਰਹਿਣਾ ਹੋਵੇ ਜਾਂ ਜੰਗਲਾ ਵਿਚ ਭੌਣਾ, ਮੇਰੀ ਇਕ ਗਲ ਸਦਾ ਚੇਤੇ ਰੱਖੀਂ ਇਸ ਮੇਰੀ ਬੱਚੀ ਦਾ ਦਿਲ ਨਾ ਦੁਖਾਈਂ। ਤੂੰ ਚੂੰਕਿ ਹੁਣ ਇਸ ਦਾ ਸੁਆਮੀ ਬਣ ਗਿਆ ਹੈਂ ਇਸ ਲਈ ਇਸ ਨੂੰ

ਸੁਖੀ ਜਾਂ ਦੁਖੀ ਰਖਣਾ ਹੁਣ ਤੇਰੇ ਹੱਥ ਵਿਚ ਹੈ, ਇਸ ਸੰਸਾਰ ਵਿਚ ਇਸ ਕੁੜੀ ਦੀ ਪਾਲਣਾ ਕਰਨ ਵਾਲਾ ਤੇਰੇ ਤੋਂ ਬਿਨਾਂ ਹੋਰ ਕੋਈ ਨਹੀਂ।

ਮਾਵਾਂ ਧੀਆਂ ਦੋਵੇਂ ਰੋ ਪਈਆਂ, ਰੁੱਖ ਦੀਆਂ ਟਹਿਣੀਆਂ ਉਤੇ ਪੰਛੀ ਚੁੱਪ ਕੀਤੇ ਬੈਠੇ ਸਨ। ਜਿਵੇਂ ਦਰਦ ਨਾਲ ਬੋਲਣੋਂ ਰਹਿ ਗਏ ਹੋਣ। ਪੱਤਿਆਂ ਵਿਚੋਂ ਦੀ ਹਵਾ ਰੋਂਦੀ ਹੋਈ ਲੰਘ ਰਹੀ ਸੀ।

ਉਸ ਡੂੰਘੀ ਰਾਤ ਵੇਲੇ ਰਾਣੀ ਨੇ ਮਲਾਹ ਨੂੰ ਮਹਿਲਾਂ ਵਿਚ ਸਦਿਆ ਹੋਇਆ ਸੀ। ਸ਼ਹਿਰ ਵਿਚ ਹੋਰ ਕਿਸੇ ਨੂੰ ਵੀ ਇਸ ਗਲ ਦਾ ਪਤਾ ਨਹੀਂ ਸੀ। ਚੈਤਾ ਮਲਾਹ ਇਕ ਅਖੋਂ ਕਾਣਾ ਸੀ ਪਰ ਆਪਣੇ ਕੰਮ ਦਾ ਬੜਾ ਸਿਆਣਾ ਸੀ। ਰਾਣੀ ਨੇ ਉਸ ਨੂੰ ਰੁਪਿਆਂ ਦੀ ਇਕ ਥੈਲੀ ਦਿੱਤੀ। ਮਦਨ ਆਪਣੀ ਲਾੜੀ ਰੂਪਵਤੀ ਨੂੰ ਨਾਲ ਲੈ ਕੇ ਬੇੜੀ ਉਤੇ ਆ ਗਿਆ, ਰਾਣੀ ਨੇ ਉਹਨਾਂ ਨੂੰ ਵਿਦਿਆ ਕੀਤਾ ਅਤੇ ਫਿਰ ਆਪਣੇ ਕਮਰੇ ਵਿਚ ਮੁੜ ਗਈ।

ਬੇੜੀ ਆਪਣੇ ਸਾਰੇ ਬਾਦਬਾਨ ਖੁਲ੍ਹੇ ਹੋਣ ਕਰ ਕੇ ਉਸਤਾਦ ਹਥਾਂ ਵਿਚ ਹੋਣ ਕਰਕੇ ਟੁਟਦੇ ਤਾਰੇ ਵਾਂਗ ਤੇਜ਼ ਜਾ ਰਹੀ ਸੀ। ਉਹ ਦਰਿਆ ਦਿਆਂ ਤੇਰਾਂ ਮੋੜਾਂ ਨੂੰ ਲੰਘ ਗਈ ਤੇ ਜਦੋਂ ਉਹ ਚੌਧਵਾਂ ਮੋੜ ਵੀ ਅਧਾ ਲੰਘ ਗਈ ਤਾਂ ਉਨ੍ਹਾਂ ਵੇਖਿਆ ਕਿ ਪੂਰਬ ਵਲ ਸੂਰਜ ਚੜ੍ਹ ਆਇਆ ਸੀ, ਚੈਤਾ ਮਲਾਹ ਉਥੇ ਹੀ ਖਲੋ ਗਿਆ ਅਤੇ ਕਹਿਣ ਲੱਗਾ "ਮੁਸਾਫਰੋ, ਜਿਹੜੇ ਵੀ ਤੁਸੀਂ ਹਉਂ ਰਾਣੀ ਦਾ ਹੁਕਮ ਹੈ ਕਿ ਜਿਸ ਵੇਲੇ ਰਾਤ ਮੁੱਕ ਜਾਵੇ ਤੁਸੀਂ ਮੇਰੀ ਬੇੜੀ ਵਿਚੋਂ ਉਤਰ ਜਾਵੋ।"

ਨੇੜੇ ਕੋਈ ਪਿੰਡ ਜਾਂ ਸ਼ਹਿਰ ਨਹੀਂ ਸੀ। ਮੂੰਹ ਜ਼ੋਰ ਲਹਿਰਾਂ ਦਰਿਆ ਵਿਚ ਜ਼ੋਰ ਜ਼ੋਰ ਨਾਲ ਨੱਚ ਰਹੀਆਂ ਸਨ। ਕੰਢੇ ਦੇ ਜੰਗਲਾਂ ਵਿਚੋਂ ਸ਼ੇਰਾਂ ਅਤੇ ਰਿੱਛਾਂ ਦੀਆਂ ਅਵਾਜ਼ਾਂ ਆ ਰਹੀਆਂ ਸਨ ਅਤੇ ਪਾਣੀ ਵਿਚ ਮਗਰ ਮੱਛ ਸ਼ਿਕਾਰ ਦੀ ਭਾਲ ਵਿਚ ਫਿਰ ਰਹੇ ਸਨ। ਉਥੇ ਚੈਤਾ ਨੇ ਇਸ ਜੋੜੀ ਨੂੰ ਦੇਸੋਂ ਕੱਢੇ ਬਨਵਾਸੀਆਂ ਵਾਂਗ ਛੱਡ ਦਿਤਾ ਅਤੇ ਬੇੜੀ ਘਰ ਨੂੰ ਮੋੜ ਲਿਆਇਆ।

"ਹਾਏ ਮੇਰੇ ਪਿਤਾ ਦੇ ਮਹਿਲਾਂ ਦੀ ਸਜਿੰਦ ਬੇੜੀ, "ਕੁੜੀ ਨੇ ਮਨ ਵਿਚ ਕਿਹਾ "ਤੂੰ ਵੀ ਮੈਨੂੰ ਛੱਡ ਕੇ ਜਾ ਰਹੀ ਏਂ। ਮੈਂ ਤੈਨੂੰ ਵਾਸਤਾ ਪਾਉਂਦੀ ਹਾਂ ਕਿ ਤੂੰ ਮੇਰੀ ਮਾਂ ਨੂੰ ਉਸ ਦੀ ਅਭਾਗਣ ਧੀ ਦੀ ਸੂਹ ਦਸੀਂ, ਆਖੀਂ ਉਸ ਨੂੰ ਦੇਸੋਂ ਕੱਢੀਆਂ ਵਾਂਗ ਮਲਾਹ ਨੇ ਜੰਗਲ ਵਿਚ ਛੱਡ ਦਿੱਤਾ ਹੈ। ਤੈਨੂੰ ਮੇਰੀ ਸਹੁੰ, ਮੇਰੇ ਪਿਤਾ ਨੂੰ ਦਸੀਂ ਕਿ ਮੈਂ ਜੰਗਲ ਵਿਚ ਸੁਟੀ ਪਈ ਹਾਂ ਅਤੇ ਮੇਰੇ ਕੋਲ ਡੰਗ ਟੋਰਨ ਦਾ ਕੋਈ ਸਾਧਨ ਨਹੀਂ।"

ਝਟ ਪਟ ਬੇੜੀ ਨਜ਼ਰੋਂ ਉਹਲੇ ਹੋ ਗਈ। ਇਕ ਜੰਗਲੀ ਹਰਨੀ ਵਾਂਗ ਰੂਪਵਤੀ ਜੰਗਲ ਵਿਚ ਫਿਰਨ ਲੱਗੀ "ਹੇ ਬੀਆਬਾਨ ਤੂੰ ਹੀ ਜਾ ਕੇ ਮੇਰੀ ਮਾਂ ਨੂੰ ਦੱਸ ਕਿ ਉਸ ਦੀ ਧੀ ਨੂੰ ਭੁਖੇ ਸ਼ੇਰ ਖਾ ਜਾਣ ਲਗੇ ਹਨ।" ਉਸ ਰੋਂਦੀ ਹੋਈ ਕਿਹਾ।

ਮਦਨ......"ਨਾ ਰੋ ਚੰਨੀਏ! ਆਪਣੀ ਕਿਸਮਤ ਉਤੇ ਰੋਣ ਦਾ ਕੀ ਫਾਇਦਾ? ਇਹ ਪਰਮਾਤਮਾ ਦਾ ਹੁਕਮ ਹੈ। ਉਸ ਦੀ ਹੁਕਮ ਨੂੰ ਕੋਣ ਮੋੜ ਸਕਦਾ ਹੈ। ਸਪ ਨੇ ਸਿਰ ਉਤੇ ਵੱਢ

ਖਾਧਾ ਹੈ ਜ਼ਹਿਰ ਦਿਮਾਗ਼ ਵਿਚ ਪਹੁੰਚ ਚੁੱਕਿਆ ਹੈ। ਹੁਣ ਇਸ ਹਾਲਤ ਵਿਚ ਮਾਂਦਰੀ ਕੀ ਕਰੇਗਾ। ਪਿਛਲੇ ਜਨਮ ਦੇ ਕਿਸੇ ਗੁਨਾਹ ਦੇ ਬਦਲੇ ਸਾਨੂੰ ਜੰਗਲ ਵਿਚ ਦੇਸ਼ ਨਿਕਾਲਾ ਮਿਲਿਆ ਹੈ।

"ਤੂੰ ਤਾਂ ਗੋਰੀਏ, ਦੇਵਤਿਆਂ ਲਈ ਇਕ ਪਵਿੱਤ੍ਰ ਭੇਟਾ ਹੈਂ। ਮੈਂ ਇਕ ਕੁੱਤਾ ਹਾਂ ਜਿਸ ਨੇ ਇਸ ਨੂੰ ਮੂੰਹ ਮਾਰਿਆ ਹੈ। ਕੀ ਤੂੰ ਇਸ ਲਈ ਰੋ ਰਹੀ ਏਂ ? ਮੈਂ ਅਛੂਤਾਂ ਵਾਂਗ ਘਿਰਨਾ ਯੋਗ ਹਾਂ ਅਤੇ ਤੂੰ ਗੰਗਾ ਨਦੀ ਵਾਂਗ ਪਵਿੱਤ੍ਰ ਹੈਂ। ਪਰ ਮੈਂ ਆਪਣੇ ਪ੍ਰਾਣਾਂ ਦੀ ਕਸਮ ਖਾ ਕੇ ਤੈਨੂੰ ਵਿਸ਼ਵਾਸ਼ ਦੁਵਾਂਦਾ ਹਾਂ ਕਿ ਮੈਂ ਬਹੁਤਾ ਨੇੜੇ ਨਹੀਂ ਆਵਾਂਗਾ, ਨਹੀਂ ! ਤੇਰੇ ਚਰਨੀ ਹਥ ਲਾਵਾਂਗਾ, ਮੈਂ ਏਥੇ ਇਸ ਲਈ ਹਾਂ ਕਿ ਜਦੋਂ ਤੈਨੂੰ ਭੁਖ ਲਗੇ ਤਾਂ ਤੈਨੂੰ ਜੰਗਲ ਵਿਚੋਂ ਫਲ ਤੋੜ ਦਿਆਂ ਅਤੇ ਜਦੋਂ ਤੈਨੂੰ ਤ੍ਰੇਹ ਲਗੇ ਤਾਂ ਤੈਨੂੰ ਪਾਣੀ ਲਿਆ ਦਿਆਂ। ਤੇਰਾ ਬਿਸਤਰਾ ਬਨਾਣ ਲਈ ਮੈਂ ਬ੍ਰਿਖਾਂ ਦੇ ਕੂਲੇ ਪੱਤੇ ਹੇਠ ਵਿਛਾ ਦਿਆਂਗਾ ਤੂੰ ਰਾਜੇ ਦੀ ਜਾਈ ਹੈਂ, ਮੁਟਿਆਰੇ, ਅਤੇ ਇਹਨਾਂ ਦੁਖਾਂ ਤੋਂ ਓਪਰੀ, ਹਾਏ ! ਤੂੰ ਇਕੱਲੀ ਜੰਗਲ ਵਿਚ ਆਪਣੇ ਬਨਵਾਸ ਦੇ ਦਿਨ ਕਿਵੇਂ ਕੱਟੇਂਗੀ। ਕਿਨੇ ਦੁਖ ਦੀ ਗੱਲ ਹੈ ਕਿ ਤੈਨੂੰ ਸਾਥੀ ਵੀ ਉਹ ਮਿਲਿਆ ਹੈ ਜਿਹੜਾ ਇਕ ਗੋਲੇ ਤੋਂ ਵੱਧ ਤੇਰੇ ਲਈ ਕੁਝ ਨਹੀਂ।"

ਜਦੋਂ ਰੂਪਵਤੀ ਨੇ ਇਹ ਸੁਣਿਆ ਤਾਂ ਉਹ ਰੋ ਪਈ ਅਤੇ ਕਹਿਣ ਲੱਗੀ "ਮੇਰੇ ਦਿਲ ਦੇ ਸੁਵਾਮੀ, ਮੈਂ ਤੈਨੂੰ ਸਾਫ਼ ਸਾਫ਼ ਦੱਸ ਦਿਆਂ ਕਿ ਮੇਰੀ ਮਾਂ ਨੇ ਮੈਨੂੰ ਤੇਰੇ ਲੜ ਲਾਇਆ ਹੈ, ਭਾਵੇਂ ਮੈਂ ਇਹਨਾਂ ਜੰਗਲਾਂ ਵਿਚ ਹੀ ਰਵਾਂ ਮੈਨੂੰ ਪਤਾ ਹੈ ਕਿ ਮੈਂ ਆਪਣੇ ਪਤੀ ਦੇ ਹੱਥਾਂ ਵਿਚ ਹਾਂ। ਇਸ ਦੁਨੀਆਂ ਵਿਚ ਮੈਂ ਕਿਸੇ ਹੋਰ ਨੂੰ ਆਪਣੇ ਮਨ ਵਿਚ ਥਾਂ ਨਹੀਂ ਦੇ ਸਕਦੀ। ਹਾਏ ! ਮੰਦੇ ਭਾਗਾਂ ਨੇ ਸਾਡੇ ਉਤੇ ਇਹ ਸਾਰੇ ਕਲੇਸ਼ ਲਿਆਂਦੇ ਹਨ। ਮੈਨੂੰ ਇਸ ਗਲ ਦਾ ਕਿੰਨਾ ਦੁਖ ਹੈ ਕਿ ਮੇਰੇ ਕਰ ਕੇ ਹੀ ਤੂੰ ਦੇਸ਼ੋਂ ਨਿਕਲ ਕੇ ਜੰਗਲ ਵਿਚ ਫਿਰ ਰਿਹਾ ਹੈਂ।

ਕਾਗਾਂਲੀਆਂ ਅਤੇ ਜੰਗਾਲੀਆਂ ਦੋ ਭਰਾ ਹਨ ਉਨ੍ਹਾਂ ਦਾ ਕੰਮ ਜਾਲ ਲਾ ਕੇ ਮੱਛੀਆਂ ਫੜਣਾ ਹੈ। ਇਹੀ ਉਹਨਾਂ ਦਾ ਕਿੱਤਾ ਅਤੇ ਆਮਦਨੀ ਦਾ ਸਾਧਨ ਹੈ। ਆਪਣੇ ਲੱਕਾ ਦੁਵਾਲੇ ਉਹ ਟੋਕਰੀਆਂ ਬੰਨ੍ਹੀ ਫਿਰਦੇ ਹਨ ਅਤੇ ਜਾਲ ਹਥ ਵਿਚ ਫੜ ਕੇ ਉਹ ਸਵੇਰੇ ਸ਼ਾਮ ਮੱਛੀਆਂ ਦੀ ਭਾਲ ਵਿਚ ਦਰਿਆ ਕੰਢੇ ਫਿਰਦੇ ਹਨ।

ਇਸ ਤਰ੍ਹਾਂ ਫਿਰਦਿਆਂ ਉਹ ਇਕ ਦਿਨ ਰੂਪਵਤੀ ਨੂੰ ਮਿਲ ਪਏ। ਦੋਹਾਂ ਭਰਾਵਾ ਦੀਆਂ ਤਿੰਨ ਵਹੁਟੀਆਂ ਸਨ ਪਰ ਕਿਸੇ ਇਕ ਦੇ ਕੁੱਖੋਂ ਵੀ ਕੋਈ ਸੰਤਾਨ ਪੈਦਾ ਨਹੀਂ ਹੋਈ ਸੀ। ਸਭ ਤੋਂ ਵੱਡੀ ਦਾ ਨਾਂ ਪੁਨਾਈ ਸੀ। ਉਹ ਕਾਗਾਂਲੀਆਂ ਦੀ ਵਹੁਟੀ ਸੀ।

ਕਾਗਾਂਲੀਆਂ ਨੇ ਘਰ ਆ ਕੇ ਵਾਜ ਮਾਰੀ "ਪੁਨਾਈ ਬਾਹਰ ਨਿਕਲ ਕੇ ਵੇਖ" ਪੁਨਾਈ ਨੇ ਬਾਹਰ ਨਿਕਲ ਕੇ ਦੁਵਾਲੇ ਨਜ਼ਰ ਮਾਰੀ ਉਸ ਵੇਖਿਆ ਕਿ ਇਕ ਓਪਰਾ ਆਦਮੀ ਅਤੇ ਇਕ ਅਪਸਰਾ ਵਰਗੀ ਸੁੰਦਰ ਮੁਟਿਆਰ ਹੈ। ਲਛਮੀ ਆਪ ਖਲੋਤੀ ਲਗਦੀ ਸੀ ਉਹ।

ਕਾਗਾਂਲੀਆਂ ਨੇ ਕਿਹਾ "ਮੈਂ ਸਵੇਰ ਤੋਂ ਸ਼ਾਮ ਤਕ ਆਪਣਾ ਜਾਲ ਪਾਣੀ ਵਿਚ

ਖਿਚੀ ਫਿਰਿਆ ਪਰ ਮੈਨੂੰ ਇਕ ਕੇਕੜਾ ਵੀ ਨਹੀਂ ਲੱਭਾ ਦਰਿਆ ਵਿਚੋਂ। ਪਰ ਅਜੀਬ ਗੱਲ ਹੈ ਇਹ ਲਛਮੀ ਮੈਨੂੰ ਰਾਹ ਵਿਚੋਂ ਹੀ ਲਭ ਗਈ। ਇਸ ਨੂੰ ਧਿਆਨ ਨਾਲ ਘਰ ਲੈ ਜਾ ਅਤੇ ਇਸ ਦੀ ਸੇਵਾ ਕਰ।"

ਜਿਵੇਂ ਪਹਿਲੇ ਦਸਿਆ ਗਿਆ ਹੈ ਪੁਨਾਈ ਦਾ ਨਾ ਪੁੱਤਰ ਸੀ ਨਾ ਧੀ। ਇਸ ਗਲੋਂ ਉਹ ਸਦਾ ਦੁਖੀ ਰਹਿੰਦੀ। ਉਹ ਉਸ ਸੁੰਦਰੀ ਨੂੰ ਧੀ ਬਣਾ ਕੇ ਬਹੁਤ ਖ਼ੁਸ਼ ਹੋਈ। "ਬੱਚੀ, ਤੂੰ ਕਿਸ ਦੀ ਧੀ ਹੈਂ ? ਤੇਰਾ ਘਰ ਕਿਥੇ ਹੈ ਅਤੇ ਤੇਰੇ ਨਾਲ ਇਹ ਗਭਰੂ ਕੌਣ ਹੈ ? ਪਿਆਰ ਨਾਲ ਉਸ ਨੇ ਇਸ ਤਰ੍ਹਾਂ ਦੇ ਸੈਂਕੜੇ ਸਵਾਲ ਪੁੱਛੇ।

"ਮੇਰਾ ਮਾਂ ਪਿਓ ਕੋਈ ਨਹੀਂ ਭਰਾ ਵੀ ਕੋਈ ਨਹੀਂ ਰੋੜ੍ਹ ਹੇਠ ਆਈ ਬੂਟੀ ਵਾਂਗ ਜਿਧਰ ਕਿਸਮਤ ਲਿਜਾਂਦੀ ਹੈ ਮੈਂ ਟੁਰੀ ਫਿਰਦੀ ਹਾਂ। ਮੇਰੇ ਭੈੜੇ ਨਿੱਛਤਰਾਂ ਨੇ ਮੈਨੂੰ ਏਥੇ ਦੇਸ਼ ਨਿਕਾਲਾ ਦਿੱਤਾ ਹੈ। ਮੈਂ ਬੜੇ ਔਖ ਵਿਚ ਅਤੇ ਬੇ-ਆਸਰਾ ਦਿਨ ਲੰਘਾ ਰਹੀ ਸਾਂ। ਚੰਗਾ ਅਸੀਂ ਤੁਹਾਨੂੰ ਮਿਲ ਗਏ। ਤੁਸੀਂ ਮੇਰੇ ਮਾਤਾ ਵਾਂਗ ਹੋ। ਮੈਂ ਤੁਹਾਡੇ ਚਰਨਾਂ ਵਿਚ ਥੋੜੀ ਜਿਹੀ ਥਾਂ ਮੰਗਦੀ ਹਾਂ।"

ਬਚਿਆਂ ਤੋਂ ਬਿਨਾਂ ਪੁਨਾਈ ਨੂੰ ਦੁਨੀਆਂ ਖ਼ਾਲੀ ਖ਼ਾਲੀ ਲਗਦੀ ਸੀ। ਪ੍ਰਮਾਤਮਾ ਦੀ ਕ੍ਰਿਪਾ ਨਾਲ ਹੁਣ ਉਸ ਨੂੰ ਇਕ ਪੁਤਰ ਅਤੇ ਇਕ ਧੀ ਮਿਲ ਗਈ। ਇਸ ਨੂੰ ਉਹ ਧਰਤੀ ਉਤੇ ਸਭ ਤੋਂ ਵਡਾ ਸੁਭਾਗ ਸਮਝਦੀ ਸੀ।

"ਮੇਰੀ ਪ੍ਰੇਮ ਪਿਆਰੀ ! ਮੈਂ ਤੈਥੋਂ ਦੋ ਹਫ਼ਤੇ ਦੀ ਛੁੱਟੀ ਮੰਗਦਾ ਹਾਂ ਮੈਂ ਪਿਛੇ ਲਗਾਤਾਰ ਛੇ ਸਾਲ ਤੇਰੇ ਪਿਤਾ ਜੀ ਦੇ ਮਹਿਲਾਂ ਵਿਚ ਰਿਹਾ। ਇਹ ਸਾਰਾ ਸਮਾਂ ਮੈਂ ਆਪਣੇ ਮਾਪਿਆਂ ਵਲ ਕੋਈ ਧਿਆਨ ਨਹੀਂ ਦਿੱਤਾ ਮੈਨੂੰ ਪਤਾ ਨਹੀਂ ਉਹ ਜੀਊਂਦੇ ਹਨ ਕਿ ਮਰ ਗਏ ਹਨ। ਮੈਂ ਇਕ ਵਾਰ ਉਨ੍ਹਾਂ ਨੂੰ ਮਿਲਣ ਆਪਣੇ ਘਰ ਜਾਣਾ ਚਾਹੁੰਦਾ ਹਾਂ। ਤੇਰੀ ਆਗਿਆ ਨਾਲ ਮੈਂ ਕੁਝ ਦੇਰ ਲਈ ਏਥੋਂ ਵਾਂਢੇ ਜਾਣਾ ਚਾਹੁੰਦਾ ਹਾਂ।

ਰੂਪਵਤੀ

"ਹੇ ਪਿਆਰੀ ਮਧੂ ਮੱਖੀ ! ਰਾਤ ਲੰਘ ਚਲੀ ਹੈ ਅਤੇ ਦਿਨ ਚੜ੍ਹਨ ਹੀ ਵਾਲਾ ਹੈ। ਰੰਗ ਤੇ ਤੇਰਾ ਕਾਲਾ ਹੈ ਪਰ ਤੇਰੀਆਂ ਅੱਖਾਂ ਚਾਂਦੀ ਵਾਂਗ ਚਮਕਦੀਆਂ ਹਨ ਤੈਨੂੰ ਕਿਸ ਦੇਵਤੇ ਨੇ ਬਣਾਇਆ ਹੈ ਜੰਗਲਾਂ ਵਿਚ ਉਡਣ ਲਈ। ਮੇਰੀ ਪਿਆਰੀ ! ਤੂੰ ਮੇਰੇ ਉਤੇ ਇਕ ਕ੍ਰਿਪਾ ਕਰੇਂਗੀ ਜਿਥੇ ਮੇਰਾ ਜਾਨੀ ਹੈ ਉਥੇ ਉਡ ਕੇ ਜਾ ਅਤੇ ਉਸ ਦੀ ਕੋਈ ਖ਼ਬਰ ਲਿਆ। ਉਹ ਛੇਤੀ ਮੁੜ ਕੇ ਆਉਣ ਦਾ ਬਚਨ ਦੇ ਕੇ ਗਿਆ ਸੀ ਮੈਥੋਂ ਦੋ ਹਫ਼ਤੇ ਲਈ ਛੁਟੀ ਲੈ ਕੇ। ਚੰਨ ਓਦੋਂ ਗੋਡਾ ਲਾ ਕੇ ਖ਼ਤਮ ਹੋ ਗਿਆ ਸੀ। ਪਰ ਹੁਣ ਅਸਮਾਨ ਵਲ ਵੇਖ ਉਹ ਫਿਰ ਗੋਲ ਹੋ ਗਿਆ ਹੈ ਪਰ ਉਹ ਅਜੇ ਤਕ ਮੁੜ ਕੇ ਮੇਰੇ ਕੋਲ ਨਹੀਂ ਆਇਆ। ਇਕ ਪੰਦ੍ਰਵਾੜਾ ਮੁਕ ਗਿਆ ਹੈ ਅਤੇ ਦੂਜਾ ਮੁਕਣ ਵਾਲਾ ਹੈ। ਕੀ ਉਹ ਮੈਨੂੰ ਅਭਾਗਣ ਨੂੰ ਭੁਲ ਗਿਆ ਹੈ ? ਸਵੇਰ ਸ਼ਾਮ ਮੈਂ ਫੋਕੀ ਆਸ ਵਿਚ ਅਡੀਆਂ ਚੁਕ ਚੁਕ ਉਸ ਦਾ ਰਾਹ ਵੇਖਦੀ ਹਾਂ। ਅਨ੍ਹੇਰੇ ਵਿਚ ਹੰਝੂਆਂ ਦੀ ਧੁੰਦ ਇਕ ਜਾਲੇ ਵਾਂਗ ਮੇਰੀਆਂ ਅੱਖਾਂ ਨੂੰ ਕਜੀ ਰਖਦੀ ਹੈ, ਮੈਂ ਤੇਰੇ ਲਈ, ਮੇਰੇ ਢੋਲ ਫੁਲਾਂ ਦੇ ਕਈ ਹਾਰ ਗੁੰਦੇ। ਪਰ

ਉਹ ਸਾਰੇ ਕੁਮਲਾ ਗਏ ਹਨ । ਤੂੰ ਮੇਰੀ ਆਸਵੰਦ ਜਵਾਨੀ ਨੂੰ ਦਿਨੋ ਦਿਨ ਨਿਘਰਦੀ ਛਡ ਕੇ ਕਿਉਂ ਦੂਰ ਬੈਠਾ ਹੈਂ । ਸਾਰੀ ਰਾਤ ਮੈਂ ਆਸਾਂ ਬਣਾਂਦੀ ਅਤੇ ਢਾਂਦੀ ਰਹਿੰਦੀ ਹਾਂ ਤੇ ਦਿਨ ਵੀ ਮੈਨੂੰ ਝੂਠੀਆਂ ਆਸਾਂ ਦਵਾਂਦਾ ਲਮਕ ਲਮਕ ਕੇ ਲੰਘ ਜਾਂਦਾ ਹੈ । ਮੈਂ ਏਥੇ ਬੈਠੀ ਸਾਰਾ ਦਿਨ ਅਨਥਕ ਅੱਖਾਂ ਨਾਲ ਜਿਹੜੀਆਂ ਮਿੱਟੀ ਨਾਲ ਮਧਮ ਹੋ ਗਈਆਂ ਹਨ, ਤੇਰਾ ਰਾਹ ਵੇਖਦੀ ਰਹਿੰਦੀ ਹਾਂ । ਇਸ ਤਰ੍ਹਾਂ ਕੁੜੀ ਇਕੱਲੀ ਬੈਠੀ ਕੀਰਨੇ ਪਾਂਦੀ ਰਹਿੰਦੀ । ਹੁਣ ਜੋ ਅਗੋਂ ਹੋਇਆ ਉਹ ਸੁਣੋ ।

ਉਧਰ ਰਾਜੇ ਨੇ ਢੋਲ ਵਜਵਾ ਕੇ ਸ਼ਹਿਰ ਵਿਚ ਅਤੇ ਬਾਜ਼ਾਰਾਂ ਵਿਚ ਇਹ ਏਲਾਨ ਕਰਵਾਇਆ ।

ਜੋ ਕੋਈ ਮੇਰੇ ਉਸ ਦੁਸ਼ਮਣ ਨੂੰ ਲੱਭੇਗਾ ਜਿਸ ਨੇ ਮੇਰੇ ਖਾਨਦਾਨ ਨੂੰ ਇਹ ਬੱਜ ਲਾਈ ਹੈ ਅਤੇ ਇਸ ਉਤੇ ਊਜਾਂ ਅਤੇ ਤੁਹਮਤਾਂ ਲਵਾਈਆਂ ਹਨ ਅਤੇ ਮੇਰੀ ਬਰਾਦਰੀ ਨੂੰ ਨੀਵਿਆਂ ਕੀਤਾ ਹੈ ਉਸ ਨੂੰ ਯੋਗ ਇਨਾਮ ਦਿੱਤਾ ਜਾਵੇਗਾ । ਅਤੇ ਬਦਮਾਸ਼ ਦੀ ਕਾਲੀ ਦੇਵੀ ਦੀ ਵੇਦੀ ਉਤੇ ਬਲੀ ਦੇ ਦਿੱਤੀ ਜਾਵੇਗੀ ।

ਕਿਸੇ ਇਹ ਸੁਨੇਹਾ ਰੂਪਵਤੀ ਦੇ ਕੰਨ ਵਿਚ ਜਾ ਦਸਿਆ "ਤੇਰੇ ਪਤੀ ਨੂੰ ਕੈਦ ਕਰ ਲਿਆ ਗਿਆ ਹੈ । ਉਸ ਦਾ ਮੌਤੋਂ ਬਚਨ ਦਾ ਕੋਈ ਤਰੀਕਾ ਨਹੀਂ ।

ਰੂਪਵਤੀ ਦੇ ਸਿਰ ਉਤੇ ਜਿਵੇਂ ਬਿਜਲੀ ਡਿਗ ਪਈ । ਅਤੇ ਉਸ ਦੇ ਦਿਲ ਜਿਵੇਂ ਤੀਰ ਨਾਲ ਵਿੰਨਿਆ ਗਿਆ ।

"ਹੇ ਮੇਰੀ ਧਰਮ ਦੀ ਮਾਂ ਪੂਨਾਈ ਮੈਨੂੰ ਏਥੋਂ ਜਾਣ ਦੀ ਆਗਿਆ ਦੇ ।"'

'ਮੈਂ ਇਹ ਕੀ ਸੁਣਿਆ ਹੈ ? ਹਾਏ ! ਕਿੰਨੀ ਭੈੜੀ ਖਬਰ ਹੈ । ਮੈਨੂੰ ਏਥੋਂ ਜਾਣ ਦੀ ਆਗਿਆ ਦੇ ।

"ਮੈਂ ਮਹਿਲਾਂ ਵਿਚ ਜੰਮੀ ਸਾਂ । ਇਹ ਸਭ ਮੁਸੀਬਤਾਂ ਮੇਰੇ ਖੋਟੇ ਕਰਮਾਂ ਕਰਕੇ ਆਈਆਂ ਹਨ । ਹਾਏ ! ਮੈਂ ਕਿਸ ਨੂੰ ਦੋਸ਼ ਦੇਵਾਂ । ਮੇਰੀ ਪਿਆਰੀ ਧਰਮ ਦੀ ਮਾਂ ਮੈਨੂੰ ਏਥੋਂ ਵਿਦਿਆ ਕਰ ।"

"ਡੂੰਘੀ ਰਾਤ ਵੇਲੇ ਮੇਰੀ ਮਾਂ ਨੇ ਮੈਨੂੰ ਉਸ ਦੇ ਲੜ ਲਾਇਆ, ਰਾਤ ਦੇ ਅਨ੍ਹੇਰੇ ਵਿਚ ਅਤੇ ਆਪਣੇ ਖਿਆਲਾਂ ਤੋਂ ਦੁਖੀ ਮੈਂ ਆਪਣਾ ਘਰ ਛੱਡਿਆ ਸੀ ਅਤੇ ਮੈਨੂੰ ਪਤਾ ਨਹੀਂ ਸੀ ਮੈਂ ਕਿਧਰ ਜਾਣਾ ਹੈ । ਮੇਰੀ ਧਰਮ ਦੀ ਮਾਂ ਵਿਦਿਆ ਕਰ ।"

"ਮੈਂ ਆਪਣੇ ਪਿਤਾ ਦਾ ਉਹ ਮਹਿਲ ਛਡ ਦਿੱਤਾ, ਨਾਲ ਹੀ ਇਕ ਸੌ ਨੌਕਰ ਅਤੇ ਗੋਲੀਆਂ । ਇਕੋ ਆਪਣੇ ਚੰਨ ਨੂੰ ਨਾਲ ਲੈ ਕੇ ਮੈਂ ਇਸ ਜੰਗਲ ਵਿਚ ਦੇਸ਼ ਨਿਕਾਲਾ ਲੈ ਲਿਆ । ਮੇਰੀ ਧਰਮ ਦੀ ਮਾਂ ਮੈਨੂੰ ਵਿਦਿਆ ਕਰ ।

"ਪ੍ਰਮਾਤਮਾ ਦੀ ਕ੍ਰਿਪਾ ਨਾਲ ਮੈਨੂੰ ਕੋਈ ਮਿਲ ਪਿਆ ਜਿਹੜਾ ਮੇਰਾ ਧਰਮ ਦਾ ਪਿਤਾ ਬਣ ਗਿਆ । ਥੋੜੇ ਸਮੇਂ ਲਈ ਮੇਰੇ ਦੁਖਾਂ ਭਰੇ ਜੀਵਨ ਨੂੰ ਚਾਂਦੀ ਕਿਨਾਰੀ ਲਗ ਗਈ, ਮੈਨੂੰ ਹੁਣ ਵਿਦਿਆ ਕਰ ।"

"ਮੈਂ ਆਪਣੇ ਪਿਤਾ ਨੂੰ ਭੁਲ ਗਈ, ਮਾਤਾ ਨੂੰ ਅਤੇ ਹੋਰ ਸਾਰਿਆਂ ਨੂੰ । ਇਹ ਮੇਰੇ ਮਥੇ

ਵਿਚ ਲਿਖਿਆ ਸੀ ਕਿ ਮੈਂ ਆਪਣੇ ਸਾਰੇ ਸਾਕਾਂ ਸਬੰਧੀਆਂ ਨੂੰ ਛਡ ਜਾਵਾਂਗੀ । ਹਾਏ ! ਮੈਂ ਇਸ ਗਲ ਨੂੰ ਕਿਵੇਂ ਟਾਲ ਸਕਦੀ ਸਾਂ ਮੈਨੂੰ ਵਿਦਿਆ ਕਰ ।"

"ਹਾਏ ਕਲੇਸ਼ ! ਮੈਂ ਇਕ ਵਾਰ ਵੀ ਆਪਣੇ ਚੰਨ ਨੂੰ ਦੇਣ ਲਈ ਆਪਣੇ ਹਥਾਂ ਨਾਲ ਖੁਸ਼ਬੂਦਾਰ ਪਾਨ ਤਿਆਰ ਨਹੀਂ ਕੀਤਾ । ਨ ਹੀ ਘਿਓ ਨਾਲ ਜਗਦੇ ਕਿਸੇ ਦੀਵੇ ਦੇ ਚਾਨਣ ਵਿਚ ਇਕ ਵਾਰ ਵੀ ਉਸ ਦੇ ਚੰਦ ਜਹੇ ਮੁਖੜੇ ਉਤੇ ਨਜ਼ਰ ਟਿਕਾ ਕੇ ਵੇਖਿਆ । ਮੈਨੂੰ ਵਿਦਿਆ ਕਰ ਦੇ ।"

"ਫਰਸ਼ ਉਤੇ ਹਾਥੀ ਦੰਦ ਦੀਆਂ ਚੌਕੀਆਂ ਡਾਹ ਕੇ ਇਕ ਵਾਰ ਵੀ ਮੈਂ ਉਹਦੇ ਪਾਸੇ ਨਾਲ ਲਗ ਕੇ ਆਰਾਮ ਨਹੀਂ ਕੀਤਾ ਤੇ ਨ ਹੀ ਉਸ ਦੀ ਸੰਗਤ ਦਾ ਰਸ ਮਾਣਿਆ । ਮੈਨੂੰ ਹੁਣ ਜਾਣ ਦੇ ।"

"ਅਸੀਂ ਥੋੜ੍ਹਾ ਚਿਰ ਵੀ ਘਰ ਵਿਚ ਪਤੀ ਪਤਨੀ ਵਾਂਗ ਇਕੱਠੇ ਨਹੀਂ ਰਹੇ । ਮੰਦੇ ਕਰਮ ਸਾਡਾ ਪਿੱਛਾ ਕਰ ਰਹੇ ਹਨ ਅਤੇ ਜੋ ਵੀ ਉਮੀਦਾਂ ਅਸੀਂ ਘੜਦੇ ਹਾਂ ਉਹ ਸਾੜ ਕੇ ਸਵਾਹ ਕਰ ਦੇਂਦੇ ਹਨ । ਮੈਨੂੰ ਹੁਣ ਜਾਣ ਦੇ ।"

ਪੂਨਾਈ ਨੇ ਉਸ ਨੂੰ ਧੀਰਜ ਦੇਣ ਦੀ ਬੜੀ ਕੋਸ਼ਿਸ਼ ਕੀਤੀ ਪਰ ਬੇਅਸਰ ਰੂਪਵਤੀ——

"ਮੇਰੀ ਚੰਗੀ ਮਾਂ, ਮੈਂ ਤੇਰੇ ਪੈਰੀਂ ਪੈਂਦੀ ਹਾਂ ਅਤੇ ਬੜੇ ਜ਼ੋਰ ਨਾਲ ਇਕ ਬੇਨਤੀ ਕਰਦੀ ਹਾਂ । ਜਿਥੇ ਉਹ ਹੁਣ ਹੈ ਉਥੇ ਮੈਨੂੰ ਲੈ ਚਲ । ਜਿਥੇ ਉਹ ਤੇ ਉਥੇ ਮੈਂ । ਮੈਂ ਮੌਤ ਵਿਚ ਉਸਦੀ ਸਾਥਨ ਬਣਾਂਗੀ । ਮੈਂ ਉਸਤੋਂ ਬਿਨਾਂ ਨ ਹੀ ਰਹਿਣਾ ਹੈ ਅਤੇ ਨ ਰਹਿ ਸਕਦੀ ਹਾਂ ।"

"ਮੈਂ ਕਿੱਡੀ ਅਭਾਗਣ ਹਾਂ ਕਿ ਸਾਨੂੰ ਪਤੀ ਪਤਨੀ ਬਣ ਕੇ ਖੁਸ਼ੀ ਖੁਸ਼ੀ ਰਹਿਣ ਲਈ ਕੁਝ ਦਿਨ ਵੀ ਨਹੀਂ ਮਿਲੇ ! ਮੇਰਾ ਪਿਤਾ ਹੁਣ ਮੇਰਾ ਦੁਸ਼ਮਣ ਹੈ । ਉਸੇ ਨੇ ਹੀ ਮੈਨੂੰ ਇਹ ਸਾਰੇ ਦੁਖ ਦਿੱਤੇ ਹਨ । ਮੇਰੇ ਮਾਪੇ ਇਸ ਤਰ੍ਹਾਂ ਵਿਹਾਰ ਕਰ ਰਹੇ ਹਨ ਜਿਵੇਂ ਉਹ ਮੇਰੇ ਕੁਝ ਲਗਦੇ ਹੀ ਨਹੀਂ । ਜੇ ਤੂੰ ਮੈਨੂੰ ਮੇਰੇ ਪਤੀ ਕੋਲ ਨਾ ਲੈ ਗਈ ਤਾਂ ਮੈਂ ਏਥੇ ਜ਼ਹਿਰ ਖਾ ਲਵਾਂਗੀ । ਮੈਂ ਡੁਬ ਕੇ ਮਰ ਜਾਵਾਂਗੀ ਜਾਂ ਚਾਕੂ ਨਾਲ ਆਪਣਾ ਗਲ ਵਢ ਲਵਾਂਗੀ । ਮੈਂ ਇਹ ਤੁਹਾਨੂੰ ਦਸ ਦਿਆਂ ਕਿ ਮੈਨੂੰ ਕੋਈ ਰੋਕ ਨਹੀਂ ਸਕੇਗਾ ।"

ਪੂਨਾਈ ਨੇ ਉਸ ਦੇ ਬੇ-ਆਰਾਮ ਮਨ ਨੂੰ ਧਰਵਾਸ ਦੇਣ ਲਈ ਆਪਣੀ ਪੂਰੀ ਵਾਹ ਲਾਈ । ਪਰ ਇਹ ਬੜਾ ਔਖਾ ਕੰਮ ਸੀ, ਪਰ ਆਸ ਅਤੇ ਧੀਰਜ ਦੇਣ ਵਾਲੇ ਮਿਠੇ ਸ਼ਬਦਾਂ ਨਾਲ ਉਸ ਦੁਖਿਆਰੀ ਨੂੰ ਉਸ ਰਾਤ ਆਪਣੇ ਘਰ ਰਖਿਆ ਹੀ ਗਿਆ ।

ਅਗਲੇ ਦਿਨ ਪ੍ਰਭਾਤ ਵੇਲੇ ਪੂਨਾਈ ਨੇ ਜੰਗਾਲੀਆ ਨੂੰ ਕਿਹਾ ਕਿ ਉਹ ਆਪਣੀ ਬੇੜੀ ਤਿਆਰ ਕਰੇ । ਉਹ ਉਸ ਨੂੰ ਘਾਟ ਉਤੇ ਲੈ ਆਇਆ । ਪੂਨਾਈ ਰੋਂਦੀ ਮੁਟਿਆਰ ਨੂੰ ਨਾਲ ਲੈ ਕੇ ਰਾਜੇ ਦੇ ਸ਼ਹਿਰ ਵਲ ਨੂੰ ਟੁਰ ਪਈ ।

ਉਹ ਉਸ ਵੇਲੇ ਦਰਬਾਰ ਲਾ ਰਿਹਾ ਸੀ । ਪੂਨਾਈ ਦਰਬਾਰ ਵਿਚ ਚਲੀ ਗਈ ਅਤੇ ਸਵਾਲੀ ਬਣ ਕੇ ਖਲੋ ਗਈ । ਦੋਵੇਂ ਭਰਾ ਕਾਂਗਾਂਲੀਆ ਅਤੇ ਜੰਗਾਲੀਆ ਉਸ ਦੇ ਪਿਛੇ ਖਲੋ ਗਏ ।

ਪੂਨਾਈ ਨੇ ਹਥ ਜੋੜ ਕੇ ਧਰਮ ਦੇਵਤਾ ਨੂੰ ਬੰਦਨਾ ਕੀਤੀ ਅਤੇ ਫਿਰ ਉਸ ਨੂੰ ਪ੍ਰਨਾਮ ਕਰਕੇ ਇਸ ਤਰ੍ਹਾਂ ਕਿਹਾ:

"ਮੈਂ ਹਜ਼ੂਰ ਕੋਲ ਇਕ ਸ਼ਕਾਇਤ ਕਰਨੀ ਹੈ, ਤੁਸਾਂ ਮੇਰੇ ਜਵਾਈ ਨੂੰ ਕਿਥੇ ਕੈਦ ਕਰਕੇ ਰਖਿਆ ਹੋਇਆ ਹੈ, ਅਤੇ ਕਿਓਂ ਕੈਦ ਕੀਤਾ ਹੈ, ਕੀ ਮੈਂ ਹਜ਼ੂਰ ਤੋਂ ਪੁਛ ਸਕਦੀ ਹਾਂ ਕਿ ਤੁਸਾਂ ਉਸ ਨੂੰ ਕਿਓਂ ਇਸ ਤਰਾਂ ਕੈਦ ਕੀਤਾ ਹੈ ?"

ਦਰਬਾਰੀਆਂ ਨੇ ਉਸ ਨੂੰ ਰੁਕਣ ਦਾ ਹੁਕਮ ਕੀਤਾ ਅਤੇ ਫਿਰ ਪੁਛਿਆ ਤੇਰਾ ਜਵਾਈ ਕੌਣ ਹੈ ਜਿਸ ਬਾਰੇ ਤੂੰ ਗਲਾਂ ਕਰ ਰਹੀ ਹੈਂ ?

ਪੂਨਾਈ ਆਪਣੇ ਹੰਝੂ ਨ ਰੋਕ ਸਕੀ। ਸਗੋਂ ਬੇਆਸਰਿਆਂ ਵਾਂਗ ਰੋਣ ਲਗ ਪਈ। ਫਿਰ ਭਰੇ ਹੋਏ ਗਲ ਨਾਲ ਉਸ ਨੇ ਕਿਹਾ "ਉਹ ਬੜੀ ਅਭਾਗਣ ਕੁੜੀ ਹੈ। ਆਪਣੀ ਧੀ ਦੀ ਗਲ ਦਸਦਿਆਂ ਮੇਰਾ ਦਿਲ ਟੁੱਟਦਾ ਹੈ।

"ਹੇ ਆਦਰ ਯੋਗ ਰਾਜਾ ਕਿਸੇ ਨੇ ਸੁਣਿਆ ਹੈ ਕਿ ਕਿਸੇ ਆਪਣੇ ਪਾਲੇ ਹੋਏ ਪੰਛੀ ਨੂੰ ਆਪਣੇ ਹੱਥ ਨਾਲ ਗੋਲੀ ਮਾਰ ਦਿੱਤੀ ਹੋਵੇ ਜਾਂ ਆਪੇ ਹੀ ਘਰ ਬਣਾ ਕੇ ਉਸ ਨੂੰ ਅਗ ਲਾ ਦਿੱਤੀ ਹੋਵੇ ਜਾਂ ਆਪੇ ਮਿਹਨਤ ਨਾਲ ਬੀਜੇ ਬੂਟੇ ਵਢ ਦਿੱਤੇ ਹੋਣ। ਕਿਸੇ ਇਹ ਸੁਣਿਆ ਹੈ ਕਿ ਲੱਤ ਮਾਰ ਕੇ ਕਿਸੇ ਦੇਵਤਿਆਂ ਦੇ ਮੰਦਰ ਵਿਚ ਰਖਿਆ ਪਵਿੱਤ੍ਰ ਪਿਆਲਾ ਤੋੜ ਦਿੱਤਾ ਹੋਵੇ।

"ਅਧੀ ਰਾਤ ਦੀਆਂ ਕਾਲੀਆਂ ਘੜੀਆਂ ਗਵਾਹ ਸਨ ਜਦੋਂ ਰਾਣੀ ਨੇ ਆਪਣੀ ਧੀ ਨੂੰ ਕਿਸੇ ਦੇ ਲੜ ਲਾ ਦਿੱਤਾ। ਉਹੀ ਤੇਰਾ ਜਵਾਈ ਹੈ। ਕੀ ਉਸ ਨੂੰ ਤੇਰਾ ਪਿਆਰ ਅਤੇ ਦਇਆ ਨਹੀਂ ਮਿਲਣੀ ਚਾਹੀਦੀ। ਉਹ ਤੈਨੂੰ ਪੁਤਰਾਂ ਵਾਂਗ ਹੀ ਹੈ। ਇਸ ਗਲ ਵਿਚ ਤੇਰੀ ਧੀ ਅਤੇ ਜਵਾਈ ਦਾ ਕੀ ਕਸੂਰ ਹੋ ਸਕਦਾ ਹੈ ?"

"ਆਪਣਾ ਪਤੀ ਗਵਾ ਕੇ ਉਹ ਗਮ ਨਾਲ ਪਾਗਲ ਹੋ ਗਈ ਹੈ। ਉਸ ਨੇ ਜੀਉਂਦੀ ਨਾ ਰਹਿਣ ਦਾ ਫ਼ੈਸਲਾ ਕੀਤਾ ਹੈ। ਉਹ ਡੁਬ ਮਰਨ ਲਗੀ ਸੀ। ਤੇਰੀ ਸੁਦੈਨ ਹੋਈ ਕੁੜੀ ਨੂੰ ਅਸਾਂ ਕਿੰਨੇ ਔਖ ਨਾਲ ਆਤਮਘਾਤ ਕਰਨ ਤੋਂ ਰੋਕਿਆ ਹੈ।"

"ਮੇਰੀ ਬੇਨਤੀ ਸੁਣੋ ਹਜ਼ੂਰ। ਤੁਸੀਂ ਆਪ ਜੇਲ ਵਿਚ ਜਾਕੇ ਉਸ ਨੂੰ ਆਪਣੇ ਹਥਾਂ ਨਾਲ ਰਿਹਾ ਕਰੋ। ਜੇ ਤੁਸਾਂ ਪਿਛੋਂ ਉਸ ਨੂੰ ਮੌਤ ਦੀ ਸਜ਼ਾ ਦੇਣੀ ਸੀ ਤਾਂ ਪਹਿਲਾਂ ਇਹ ਵਿਆਹ ਹੋਣ ਹੀ ਕਿਓਂ ਦਿੱਤਾ। ਉਸਨੂੰ ਜੰਗਲਾਂ ਵਿਚ ਦੇਸ ਨਿਕਾਲਾ ਦਿਤਾ ਗਿਆ ਜਿਥੇ ਉਹ ਗਰੀਬ ਲੋਕਾਂ ਕੋਲ ਰਹੀ ਜਿਹੜੇ ਉਸਦੇ ਨ ਸਾਕ ਸਨ ਨ ਅੰਗ। ਅਸੀਂ ਲੋਕ ਭਾਵੇਂ ਮਾੜੇ ਹਾਂ ਪਰ ਇਹ ਸਾਡੀ ਸਮਝ ਨਹੀਂ ਆਉਂਦਾ ਕਿ ਹਜ਼ੂਰ ਆਪਣੇ ਬਚਿਆਂ ਨਾਲ ਇਸ ਤਰ੍ਹਾਂ ਦਾ ਵਰਤਾ ਕਿਵੇਂ ਕਰ ਸਕਦੇ ਹਨ।"

ਪੂਨਾਈ ਖੁਲ੍ਹ ਕੇ ਰਾਜੇ ਨੂੰ ਮੰਦਾ ਬੋਲੀ। ਨਾਲੇ ਨਾਲ ਉਸ ਦੀਆਂ ਗਲਾਂ ਉਤੇ ਹੰਝੂ ਵੀ ਚਲ ਰਹੇ ਸਨ। ਸਾਰੇ ਦਰਬਾਰੀਆਂ ਨੇ ਚੁਪ ਕਰ ਕੇ ਉਸ ਦੀਆਂ ਗੱਲਾਂ ਸੁਣੀਆਂ। ਰਾਜੇ ਨੂੰ ਆਪਣੀ ਬਚੀ ਦਾ ਪਿਆਰਾ ਮੁਖੜਾ ਯਾਦ ਆਇਆ ਅਤੇ ਸੋ ਤਰਸ ਨਾਲ ਉਸ ਦਾ ਦਿਲ ਪਘਰ ਗਿਆ। ਹੰਝੂ ਵਗ ਕੇ ਉਸ ਦੀਆਂ ਗੱਲ੍ਹਾਂ ਉਤੇ ਆ ਗਏ। ਦਰਬਾਰੀਆਂ ਨੇ ਹੌਸਲਾ ਕਰਕੇ

ਸਾਰੀ ਗਲ ਰਾਜੇ ਨੂੰ ਸਮਝਾ ਦਿੱਤੀ। ਅਤੇ ਰਾਜੇ ਨੇ ਰੀਤ ਅਨੁਸਾਰ ਉਨ੍ਹਾਂ ਦੇ ਵਿਆਹ ਦਾ ਹੁਕਮ ਦੇ ਦਿੱਤਾ।

ਮਦਨ ਨੂੰ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ। ਘੋੜੇ ਹਾਥੀ ਜ਼ਮੀਨਾਂ ਅਤੇ ਸ਼ਾਨਦਾਰ ਕੋਠੀਆਂ ਉਸ ਨੂੰ ਦਾਜ ਵਿਚ ਦੇ ਦਿੱਤੀਆਂ ਗਈਆਂ। ਰਾਜੇ ਨੇ ਇਸ ਜੋੜੀ ਨੂੰ ਆਪਣੇ ਮਹਿਲ ਅਤੇ ਸਾਰੀ ਜਾਇਦਾਦ ਦਾ ਵਾਰਿਸ ਥਾਪਿਆ ਉਨ੍ਹਾਂ ਦੀ ਆਰਜ਼ੀ ਰਿਹਾਇਸ਼ ਲਈ ਸ਼ਹਿਰ ਵਿਚ ਬਾਰਾਂ ਬੂਹਿਆਂ ਵਾਲੀ ਇਕ ਵੱਡੀ ਕੋਠੀ ਬਣਾ ਦਿੱਤੀ ਗਈ।

ਕੁਝ ਦਿਨਾਂ ਪਿਛੋਂ ਮਦਨ ਰੂਪਵਤੀ ਨੂੰ ਵਹੁਟੀ ਬਣਾ ਪਿੱਛਾਂਹ ਆਪਣੇ ਘਰ ਨੂੰ ਟੁਰ ਪਿਆ।

ਕਣਕਾ ਤੇ ਲੀਲਾ

(ਇਸ ਕਵਿਤਾ ਨੂੰ ਚਾਰ ਕਵੀਆਂ ਨੇ ਲਿਖਿਆ। ਇਨ੍ਹਾਂ ਵਿੱਚੋਂ ਸਭ ਤੋਂ ਉੱਤਮ ਕਵੀ ਦਾ ਨਾਂ ਰਘੂਸੁਤ ਸੀ। ਇਸ ਦਾ ਪਿੰਡ ਕਣਕਾ ਦੇ ਜਨਮ ਪਿੰਡ ਤੋਂ ਚਾਰ ਮੀਲ ਸੀ। ਇਸ ਦੀ ਸੰਤਾਨ ਦੇ ਆਦਮੀ ਬਾਰਾਂਮਾਹ ਗੀਤਾਂ ਦੇ ਪੇਸ਼ਾਵਰ ਗਵਈਏ ਸਨ ਜਿਸ ਲਈ ਉਨ੍ਹਾਂ ਨੂੰ ਜਗੀਰਾਂ ਮਿਲੀਆਂ ਹੋਈਆਂ ਸਨ। ਉਹ ਜਾਤ ਦੇ ਮਲਾਹ ਸਨ ਜਿਨ੍ਹਾਂ ਨੂੰ ਬੰਗਾਲੀ ਵਿਚ ਪਤਣੀ ਆਖਦੇ ਹਨ। ਹੋਰਨਾਂ ਕਿੱਸਿਆਂ ਵਿਚ ਨਾਇਕਾ ਨੂੰ ਹੀ ਬਹੁਤੀ ਮਹਾਨਤਾ ਦਿੱਤੀ ਜਾਂਦੀ ਹੈ ਅਤੇ ਬਾਕੀ ਦੇ ਪਾਤਰ ਉਸ ਦਾ ਕ੍ਰਿਤ ਉਜਾਗਰ ਕਰਨ ਵਾਲੇ ਹੀ ਹੁੰਦੇ ਹਨ ਪਰ ਇਥੇ ਗਰਗ ਅਤੇ ਕਣਕਾ ਦੇ ਚਰਿਤ੍ਰ ਵੀ ਕਾਫੀ ਉਘੜੇ ਹੋਏ ਹਨ। ਇਸ ਕਵਿਤਾ ਦੇ ਬਾਰਾਮਾਹ ਹੋਰਨਾਂ ਨਾਲੋਂ ਵਧੇਰੇ ਸੁੰਦਰ ਹਨ ਪਰ ਇਹ ਸੁੰਦਰਤਾ ਅਨੁਵਾਦ ਵਿਚ ਨਹੀਂ ਆ ਸਕਦੀ। ਇਹ ਇਕ ਇਤਿਹਾਸਕ ਕਿੱਸਾ ਹੈ। ਕਣਕਾ ਦਾ ਨਾਂ ਮੈਮਨਸਿੰਘ ਦੇ ਸਾਹਿਤਕ ਇਤਿਹਾਸ ਵਿਚ ਜਾਣਿਆ ਪਛਾਣਿਆ ਹੈ। ਇਸ ਦਾ ਅਰਥ ਇਹ ਹੈ ਕਿ ਉਹ ਸੋਲ੍ਹਵੀਂ ਸਦੀ ਵਿਚ ਹੋਇਆ, ਬੰਗਸ਼ੀ ਦਾਸ ਅਤੇ ਚੰਦਰਾਵਤੀ ਤੋਂ ਕੁਝ ਸਮਾਂ ਪਹਿਲਾਂ ਸਾਡੇ ਹੀਰ ਦੇ ਕਿੱਸੇ ਦੇ ਅੰਤ ਵਾਂਗ ਇਸ ਕਿੱਸੇ ਦਾ ਅੰਤ ਵੀ ਕਈ ਪਿਛਲੇ ਕਵੀਆਂ ਨੇ ਸੁਖਾਂਤ ਕੀਤਾ ਹੈ। ਕਣਕਾ ਦੇ ਮੁਢਲੇ ਜੀਵਨ ਦੀਆਂ ਘਟਨਾਵਾਂ ਜਿਸ ਤਰ੍ਹਾਂ ਇਥੇ ਲਿਖੀਆਂ ਹਨ ਇਤਿਹਾਸਕ ਹਨ। ਸਤ ਪੀਰ ਉਸ ਇਲਾਕੇ ਵਿਚ ਰਹਿੰਦਾ ਸੀ ਅਤੇ ਉਸ ਦੇ ਕਹਿਣ ਉਤੇ ਕਣਕਾ ਨੇ ਇਕ ਕਵਿਤਾ ਵੀ ਲਿਖੀ ਜਿਸ ਦਾ ਨਾਂ ਵਿਦਿਆ ਸੁੰਦਰ ਜਾਂ ਸਤ ਪੀਰ ਕਥਾ ਹੈ। ਇਹ ਕਵਿਤਾ ਸਾਰੀ ਦੀ ਸਾਰੀ ਮਿਲਦੀ ਹੈ। ਸੁੰਦਰ ਰਾਜਕੁਮਾਰ ਦਾ ਨਾਂ ਹੈ ਅਤੇ ਵਿਦਿਆ ਰਾਜਕੁਮਾਰੀ ਦਾ। ਇਹ ਉਨ੍ਹਾਂ ਦੇ ਪਿਆਰ ਦਾ ਕਿੱਸਾ ਹੈ ਜਿਸ ਵਿਚ ਸਤ ਪੀਰ ਦਾ ਬੜਾ ਹਥ ਹੈ। ਸਤ ਪੀਰ ਦਾ ਮਤ ਬੰਗਾਲ ਵਿਚ ਸੋਲ੍ਹਵੀਂ ਸਦੀ ਦੇ ਅਰੰਭ ਵਿਚ ਪ੍ਰਚਲਤ ਹੋਇਆ। ਲੀਲਾ ਦਾ ਕਣਕਾ ਲਈ ਪਿਆਰ ਪਹਿਲਾਂ ਕੁਝ ਮਿਤ੍ਰਾਂ ਵਾਲਾ ਜਾਪਦਾ ਹੈ ਪਰ ਪਿਛੋਂ ਭਰਾਵਾਂ ਵਾਲਾ ਹੋ ਗਿਆ ਅਤੇ ਬ੍ਰਾਹਮਣਾਂ ਦੇ ਕਪਟ ਦੇ ਸਾਮ੍ਹਣੇ ਉਹ ਬਹੁਤ ਪਵਿੱਤ੍ਰ ਲਗਦੀ ਹੈ। ਸਾਰੀ ਕਵਿਤਾ ਦੀਆਂ 1122 ਪੰਗਤੀਆਂ ਹਨ।)

ਕਣਕਾ ਤੇ ਲੀਲਾ

1. ਕਣਕਾ ਦਾ ਜਨਮ ਅਤੇ ਉਸ ਦੇ ਮਾਪਿਆਂ ਦੀ ਮੌਤ

ਧਾਰਨਾ......"ਮਾਨਸ ਜਨਮ ਦੁਰਲਭ ਹੈ । ਅਗਲੇ ਜਨਮ ਵਿਚ ਖਬਰੇ ਮਨੁਖੀ ਦੇਹ ਮਿਲੇ ਕਿ ਨਾ ।"

ਬਿਪਰਾ ਪੁਰ ਪਿੰਡ ਵਿਚ ਇਕ ਗਰੀਬ ਬ੍ਾਹਮਣ ਰਹਿੰਦਾ ਸੀ, ਜਿਸਦਾ ਨਾਂ ਗੁਣ ਰਾਮ ਸੀ। ਉਹ ਭਿਛਿਆ ਮੰਗ ਕੇ ਗੁਜ਼ਾਰਾ ਕਰਦਾ ਸੀ। ਉਹ ਬੂਹਿਓਂ ਬੂਹੇ ਮੰਗਦਾ ਫਿਰਦਾ ਤੇ ਜੋ ਕੁੱਝ ਮਿਲਦਾ ਉਹ ਰਾਤ ਨੂੰ ਘਰ ਲੈ ਆਉਂਦਾ । ਉਸ ਦੀ ਪਤਨੀ ਬਸੂਮਤੀ ਇਕ ਸਤਿਆਵਾਨ ਅਤੇ ਪਤੀ-ਭਗਤ ਇਸਤ੍ਰੀ ਸੀ। ਜਿਹੜੀ ਆਪਣੇ ਪਵਿੱਤ੍ਰ ਅਤੇ ਸਾਫ਼ ਜੀਵਨ ਕਰਕੇ ਪ੍ਰਸਿੱਧ ਸੀ । ਸਮਾਂ ਪਾਕੇ ਇਸ ਜੋੜੀ ਦੇ ਘਰ ਪੁਤਰ ਨੇ ਜਨਮ ਲਿਆ। ਮਾਤਾ ਨੇ ਉਸ ਦਾ ਨਾਂ ਕਣਕਾ ਰਖਿਆ। ਉਹ ਏਨੇ ਗਰੀਬ ਸਨ ਕਿ ਉਨ੍ਹਾਂ ਨੂੰ ਬੱਚੇ ਨੂੰ ਪਾਲਣ ਲਈ ਸਾਧਨ ਨਹੀਂ ਲਭਦੇ ਸਨ। ਕਵੀ ਫਰਿਆਦ ਕਰਦਾ ਹੈ, "ਕਈਆਂ ਦੇ ਘਰ ਪੁਤਰ ਹੁੰਦਾ ਹੈ ਪਰ ਉਸ ਨੂੰ ਪਾਲਣ ਦਾ ਕੋਈ ਸਾਧਨ ਨਹੀਂ ਹੁੰਦਾ। ਕਈਆਂ ਦੇ ਘਰ ਬਹੁਲਤਾ ਹੁੰਦੀ ਹੈ ਪਰ ਉਨ੍ਹਾਂ ਨੂੰ ਪੁਤਰ ਨਹੀਂ ਮਿਲਦਾ।" ਇਕ ਸ਼ੁਭ ਦਿਹਾੜੇ ਇਕ ਤਾੜ ਦਾ ਪਤਾ ਲਿਆਂਦਾ ਗਿਆ ਅਤੇ ਮਾਤਾ ਨੇ ਬਾਲ ਦਾ ਨਾਂ ਕਣਕਾ ਰਖਿਆ ਅਤੇ ਇਹ ਠੀਕ ਤਰ੍ਹਾਂ ਪਤੇ ਦੇ ਉਤੇ ਲਿਖ ਦਿੱਤਾ । ਜਦੋਂ ਬਚਾ ਅਜੇ ਮਸਾਂ ਛੇ ਮਹੀਨਿਆਂ ਦਾ ਹੀ ਸੀ, ਇਸ ਦੀ ਮਾਂ ਬਸੂਮਤੀ ਮਰ ਗਈ। ਗੁਣਰਾਜ ਬੜੀ ਮੁਸੀਬਤ ਵਿਚ ਫਸਿਆ। ਜਦੋਂ ਉਹ ਮੰਗਣ ਜਾਂਦਾ ਤਾਂ ਪਿਛੋਂ ਬੱਚੇ ਦਾ ਧਿਆਨ ਰਖਣ ਵਾਲਾ ਕੋਈ ਨ ਹੁੰਦਾ। ਬ੍ਾਹਮਣ ਆਪਣਾ ਵਿਯੋਗ ਅਤੇ ਝੋਰਾ ਬਹੁਤਾ ਚਿਰ ਨਾ ਸਹਾਰ ਸਕਿਆ। ਕੁਝ ਚਿਰ ਪਿਛੋਂ ਉਹ ਵੀ ਮਰ ਗਿਆ। ਕਵੀ ਨਾਇਨ ਚੰਦ ਲਿਖਦਾ ਹੈ ਕਿ "ਕੁਦਰਤ

ਦਾ ਇਹੀ ਕਠੋਰ ਹੁਕਮ ਸੀ ।''

ਧਾਰਨਾ—''ਹੇ ਮਾਤਾ ਬਾਲ ਨੂੰ ਜੀਵਨ ਦੇ ਸਮੁੰਦਰ ਵਿਚ ਬੇਆਸਰਾ ਛਡ ਕੇ ਤੂੰ ਕਿਥੇ ਟੁਰ ਗਈ ਹੈਂ ।''

2. ਉਸ ਨੂੰ ਇਕ ਚੰਡਾਲ ਪਾਲਦਾ ਹੈ

ਬਚੇ ਨੂੰ ਸੰਭਾਲਣ ਲਈ ਕੋਈ ਵੀ ਬ੍ਰਾਹਮਣ ਅਗ੍ਹਾਂ ਨਾ ਹੋਇਆ । ਉਸ ਨੂੰ ਮੰਦੇ ਭਾਗਾਂ ਵਾਲਾ ਆਖ ਦਿੱਤਾ ਗਿਆ । ਪਰ ਇਕ ਚੰਡਾਲ ਨੂੰ ਦਇਆ ਆ ਗਈ ਅਤੇ ਉਹ ਲਾਵਾਰਿਸ ਬੱਚੇ ਨੂੰ ਆਪਣੇ ਘਰ ਲੈ ਗਿਆ । ਉਸ ਬੰਦੇ ਦਾ ਨਾਂ ਮੁਮਰੀ ਸੀ ਅਤੇ ਉਸ ਦੀ ਵਹੁਟੀ ਦਾ ਨਾਂ ਕੁਸ਼ਲਿਆ ਸੀ । ਉਹੀ ਉਸ ਬੱਚੇ ਦੇ ਮਾਤਾ ਪਿਤਾ ਬਣ ਗਏ । ਉਸ ਨੂੰ ਹੋਰ ਕਿਸੇ ਦਾ ਤੇ ਚੇਤਾ ਹੀ ਨਹੀਂ ਸੀ । ਉਹ ਆਪਣੇ ਨਵੇਂ ਮਾਪਿਆਂ ਨਾਲ ਬੜਾ ਖੁਸ਼ ਸੀ । ਕਵੀ ਗਪੂਸੂਤ ਕਹਿੰਦਾ ਹੈ ''ਵੇਖੋ ਕੁਦਰਤ ਦੇ ਰੰਗ । ਇਕ ਬ੍ਰਾਹਮਣ ਦਾ ਪੁਤਰ ਇਸ ਤਰ੍ਹਾਂ ਚੰਡਾਲ ਬਣ ਜਾਂਦਾ ਹੈ ।''

ਜਦੋਂ ਕਣਕਾ ਪੰਜ ਵਰ੍ਹਿਆਂ ਦਾ ਹੋਇਆ ਤਾਂ ਉਸ ਦਾ ਧਰਮ ਪਿਤਾ ਚੰਡਾਲ ਮਿਆਦੀ ਬੁਖਾਰ ਨਾਲ ਮਰ ਗਿਆ । ਸਤਿਆਵਾਨ ਪਤਨੀ ਨੇ ਭੋਜਨ ਤਿਆਗ ਦਿੱਤਾ ਅਤੇ ਕਈ ਰਾਤਾਂ ਗਮ ਕਰਕੇ ਅਖ ਨਾ ਲਾਈ । ਥੋੜ੍ਹੇ ਚਿਰ ਪਿਛੋਂ ਉਹ ਵੀ ਇਸ ਦੁਨੀਆਂ ਤੋਂ ਟੁਰ ਗਈ ।

ਕਵੀ ਕਹਿੰਦਾ ਹੈ ''ਜਿਥੇ ਵੀ ਕਿਧਰੇ ਬਚੇ ਨੂੰ ਝਟ ਕੁ ਆਸਰਾ ਮਿਲਿਆ ਉਹਦੇ ਪੈਰਾਂ ਹੇਠੋਂ ਜ਼ਮੀਨ ਤਿਲਕ ਗਈ । ਹੁਣ ਉਹ ਕਿਵੇਂ ਜੀਵੇਗਾ ।''

ਆਪਣੇ ਸੁਰਗਵਾਸੀ ਧਰਮ ਦੇ ਪਿਤਾ ਅਤੇ ਮਾਤਾ ਦਾ ਸ਼ਮਸ਼ਾਨ ਭੂਮੀਂ ਵਿਚ ਬਚਾ ਮੁਰਦਿਆਂ ਵਾਂਗ ਪਿਆ ਸੀ ਅਤੇ ਅਸਲੋਂ ਬੇ-ਆਸਰਾ ਹੋਣ ਕਰਕੇ ਰੋ ਰਿਹਾ ਸੀ । ਉਹਨੂੰ ਕੋਈ ਘਰ ਲਿਜਾਣ ਵਾਲਾ ਨਹੀਂ ਸੀ ਅਤੇ ਨਾ ਹੀ ਕੋਈ ਉਸ ਇਕਲਾਪੇ ਦੀ ਹਾਲਤ ਵਿਚ ਉਸ ਨੂੰ ਰੋਟੀ ਦੇਣ ਵਾਲਾ । ਦੋ ਦਿਨ ਉਹ ਬਿਨਾਂ ਕੁਝ ਖਾਦੇ ਪੀਤੇ ਸ਼ਮਸ਼ਾਨ ਵਿਚ ਪਿਆ ਰਿਹਾ । ਕਵੀ ਕਹਿੰਦਾ ਹੈ ''ਪਰ ਜਿਸ ਨੂੰ ਰਬ ਰਖੇ ਉਹਨੂੰ ਕੋਣ ਚਖੇ ।''

3. ਕਣਕਾ ਨੂੰ ਗਰਗ ਬ੍ਰਾਹਮਣ ਦੇ ਘਰ ਆਸਰਾ ਮਿਲਦਾ ਹੈ

ਧਾਰਨਾ........''ਹਾਏ ; ਮੌਤ ਆ ਕੇ ਮੈਨੂੰ ਸੁਖ ਨਹੀਂ ਦੇਵੇਗੀ ? ਇਸ ਤਰ੍ਹਾਂ ਜਾਪਦਾ ਹੈ ਕਿ ਮੇਰਾ ਜੀਵਨ ਇਕ ਹੰਝੂਆ ਦੀ ਲੜੀ ਹੈ ।''

ਦੇਸ਼ ਵਿਚ ਇਕ ਬੜਾ ਵਿਦਵਾਨ ਬ੍ਰਾਹਮਣ ਸੀ ਜਿਹੜਾ ਵੇਦਾਂ ਵਿਚ ਨਿਪੁੰਨ ਅਤੇ ਆਪਣੇ ਸੁਚੇ ਆਚਰਨ ਅਤੇ ਈਸ਼ਵਰ ਭਗਤੀ ਲਈ ਪ੍ਰਸਿੱਧ ਸੀ । ਉਸਨੂੰ ਗਰਗ ਰਿਸ਼ੀ ਆਖਦੇ ਸਨ । ਇਕ ਦਿਨ ਉਹ ਆਪਣੇ ਇਕ ਚੇਲੇ ਦੇ ਘਰੋਂ ਆ ਰਿਹਾ ਸੀ ਜਦੋਂ ਰਬੋਂ ਹੀ ਉਹਦੀ ਨਜ਼ਰ ਬਚੇ ਉਤੇ ਪੈ ਗਈ ਜਿਹੜਾ ਸ਼ਮਸ਼ਾਨ ਭੂਮੀ ਵਿਚ ਚਿਕੜ ਵਿਚ ਲੇਟ ਰਿਹਾ ਸੀ ਅਤੇ ਭੁਖ ਤ੍ਰੇਹ ਨਾਲ ਅਧਮੋਇਆ ਹੋਇਆ ਹੋਇਆ ਸੀ । ਉਸਨੂੰ ਝੱਟ ਉਸ ਨੇ ਬਾਹੋਂ ਫੜ ਕੇ ਉਠਾਇਆ, ਮੂੰਹ ਉਤੋਂ ਮਿੱਟੀ ਅਤੇ ਚਿਕੜ ਪੂੰਝਿਆ ਅਤੇ ਉਸ ਨੂੰ ਆਪਣੇ ਘਰ ਲੈ ਆਂਦਾ । ਉਸ ਦੀ ਪਤਨੀ ਬਚੇ ਨੂੰ ਲੈ ਬੜੀ ਖੁਸ਼ੀ ਹੋਈ ਕਿਉਂਕਿ ਉਸਦਾ ਪੁਤਰ ਕੋਈ ਨਹੀਂ ਸੀ । ਮਹਿੱਟਰ ਬਚੇ ਨੂੰ ਮਾਂ ਲਭ

ਗਈ ਅਤੇ ਔਤਰੀ ਮਾਂ ਨੂੰ ਬਚਾ ਲਭ ਪਿਆ । ਉਹ ਉਸਨੂੰ ਬੜਾ ਪਿਆਰ ਕਰਨ ਲਗੀ ਬੱਚੇ ਨੂੰ ਘਰ ਦੀ ਇਕ ਗਾਂ ਚਾਰਨ ਲਾ ਦਿੱਤਾ ਗਿਆ । ਸਵੇਰੇ ਕਣਕਾ ਗਾਂ ਨੂੰ ਖੇਤਾਂ ਵਿਚ ਲੈ ਜਾਂਦਾ ਅਤੇ ਸ਼ਾਮ ਨੂੰ ਜਦੋਂ ਉਹ ਮੁੜਦਾ ਤਾਂ ਗਾਯਤ੍ਰੀ ਪਕੇ ਹੋਏ ਕੇਲੇ ਅਤੇ ਰਬੜੀ ਜਿਹੜੀ ਉਸ ਸਾਂਭ ਕੇ ਰਖੀ ਹੁੰਦੀ ਉਸ ਲਈ ਲੈ ਆਉਂਦੀ ਅਤੇ ਉਸ ਨੂੰ ਆਪਣੇ ਹਥਾਂ ਨਾਲ ਖਵਾਂਦੀ । ਉਸ ਦਾ ਮਿਠਾ ਸੁਭਾ ਅਤੇ ਚੰਗਾ ਆਚਾਰ ਹਰ ਇਕ ਨੂੰ ਖੁਸ਼ ਕਰਦਾ । ਕਵੀ ਆਖਦਾ ਹੈ ਕਿ ਉਸ ਦਾ ਚੇਤਾ ਏਨਾ ਤਿੱਖਾ ਸੀ ਕਿ ਇਸ ਛੋਟੀ ਉਮਰ ਵਿਚ ਹੀ ਉਸ ਨੇ ਗਰਗ ਤੋਂ ਸੰਸਕ੍ਰਿਤ ਦੇ ਕਈ ਸਲੋਕ ਜ਼ਬਾਨੀ ਚੇਤੇ ਕਰ ਲਏ ਹੋਏ ਸਨ ।

ਗਰਗ ਬ੍ਰਾਹਮਣ ਨੇ ਬਚੇ ਨੂੰ ਬੇਹਦ ਚਤਰ ਵੇਖਕੇ ਦਸਾਂ ਸਾਲਾਂ ਦੀ ਉਮਰ ਵਿਚ ਇਸ ਨੂੰ ਸੰਸਕ੍ਰਿਤ ਪੜ੍ਹਾਣੀ ਸ਼ੁਰੂ ਕੀਤੀ । ਇਸ ਤਰ੍ਹਾਂ ਸਵੇਰ ਵੇਲੇ ਅਤੇ ਰਾਤ ਨੂੰ ਉਹ ਗਰਗ ਤੋਂ ਸੰਥਾ ਲੈਂਦਾ ਅਤੇ ਦੁਪਹਿਰ ਨੂੰ ਗਾਂ ਨੂੰ ਪਿੰਡ ਦੀਆਂ ਚਰਾਂਦਾ ਵਿਚ ਚਰਾਦਾ ।

4. ਮੁਸੀਬਤ ਉਤੇ ਮੁਸੀਬਤ

ਫਿਰ ਬੱਚੇ ਨੂੰ ਇਕ ਬੜੀ ਭਾਰੀ ਬਿਪਤਾ ਆ ਪਈ । ਗਰਗ ਦੀ ਵਹੁਟੀ ਗਾਯਤ੍ਰੀ ਚਾਨਚਕ ਮਾਤਾ ਨਿਕਲਣ ਨਾਲ ਮਰ ਗਈ । ਗਪੂਸੂਤ ਕਵੀ ਕਹਿੰਦਾ ਹੈ ''ਪ੍ਰਮਾਤਮਾ ਨੇ ਉਸ ਦੀ ਜਾਨ ਏਸੇ ਲਈ ਬਚਾ ਕੇ ਰਖੀ ਕਿ ਉਸ ਨੂੰ ਹੋਰ ਤੋਂ ਹੋਰ ਬਿਪਤਾ ਵਿਚ ਪਾ ਸਕੇ ।''

''ਸ਼ੇਰ ਅਤੇ ਜੰਗਲੀ ਭੈਂਸੇ ਉਸ ਨੂੰ ਨਹੀਂ ਮਾਰਦੇ ਸਨ । ਜੰਗਲ ਦੀਆਂ ਚੁੜੇਲਾਂ ਨੇ ਵੀ ਉਸ ਦੇ ਦਿਨ ਖਤਮ ਨਾ ਕੀਤੇ ਜਿਵੇਂ ਉਨ੍ਹਾਂ ਹੋਰ ਕਈਆਂ ਲੋਕਾਂ ਦੇ ਕਰ ਦਿੱਤੇ । ਜਿਸ ਤਰ੍ਹਾਂ ਰੋੜ੍ਹ ਵਿਚ ਕੋਈ ਬੂਟੀ ਰੁੜ੍ਹਦੀ ਫਿਰਦੀ ਹੈ ਉਹ ਹੁਣ ਤੀਜੀ ਵਾਰ ਆਪਣੀ ਮਾਂ ਗਵਾ ਕੇ ਬੇ-ਆਸਰਾ ਹੋ ਗਿਆ ਸੀ । ਗਰਗ ਦੀ ਇਕ ਧੀ ਸੀ ਜਿਸ ਦਾ ਨਾਂ ਲੀਲਾ ਸੀ । ਉਹ ਕੇਵਲ ਅਠਾਂ ਵਰ੍ਹਿਆਂ ਦੀ ਸੀ । ਆਪਣੀ ਮਾਂ ਦੇ ਮਰ ਜਾਣ ਕਰਕੇ ਉਹ ਬੜੇ ਦੁਖ ਵਿਚ ਸੀ । ਪਰ ਇਸ ਦੁਖ ਵਿਚ ਉਹ ਕਣਕਾ ਦਾ ਦੁਖ ਵੀ ਪੂਰੀ ਤਰ੍ਹਾਂ ਵੰਡਾ ਰਹੀ ਸੀ । ਦੋਵੇਂ ਘਰ ਵਿਚ ਭੈਣ ਭਰਾਵਾਂ ਵਾਂਗ ਰਹਿਣ ਲਗੇ । ਜੇ ਇਕ ਰੋਂਦਾ ਤਾਂ ਦੂਜੀ ਹੌਸਲਾ ਦੇਂਦੀ ਜਿਨ੍ਹਾਂ ਚਿਰ ਕਣਕਾ ਖਾ ਨਾ ਲੈਂਦਾ, ਲੀਲਾ ਆਪਣੀ ਰੋਟੀ ਨੂੰ ਹਥ ਨਾ ਲਾਂਦੀ । ਇਕ ਦੂਜੇ ਦੇ ਸਾਥ ਵਿਚ ਖੁਸ਼ ਉਹ ਖੇਤਾਂ ਵਿਚ ਭੌਂਦੇ ਰਹਿੰਦੇ । ਲੀਲਾ ਦਾ ਜੀ ਨਹੀਂ ਸੀ ਕਰਦਾ ਕਿ ਕਣਕਾ ਧੁਪੇ ਖੇਤਾਂ ਵਿਚ ਗਾਂ ਚਾਰਨ ਜਾਏ । ਉਹ ਕੁਝ ਘੰਟੇ ਵੀ ਉਸ ਨਾਲੋਂ ਵਖ ਨਹੀਂ ਹੋਣਾ ਚਾਹੁੰਦੀ ਸੀ । ਜਿਤਨਾ ਚਿਰ ਮੁੰਡਾ ਮੁੜ ਨਾ ਆਉਂਦਾ ਉਹ ਫਿਕਰ ਨਾਲ ਬੇਚੈਨ ਰਹਿੰਦੀ । ਕਦੀ ਉਸ ਦੀਆਂ ਗੱਲ੍ਹਾਂ ਉਤੇ ਹੰਝੂ ਡਿਗ ਰਹੇ ਹੁੰਦੇ ਅਤੇ ਕਦੀ ਉਹ ਚਿੰਤਾਤੁਰ ਹੋਈ ਬੂਹੇ ਵਿਚ ਖਲੋ ਕੇ ਖੇਤਾਂ ਵਲ ਵੇਖਦੀ ਹੁੰਦੀ । ਘਰ ਦੇ ਕੰਮ ਕਾਜ ਵਿਚ ਉਸ ਦਾ ਜੀ ਨਾ ਲਗਦਾ ਅਤੇ ਉਹ ਅਨਕੀਤਾ ਹੀ ਪਿਆ ਰਹਿੰਦਾ । ਜਦੋਂ ਕਣਕਾ ਗਾਂ ਨਾਲ ਘਰ ਮੁੜ ਕੇ ਆਉਂਦਾ ਤਾਂ ਉਸ ਦਾ ਮੁਖੜਾ ਮੁਸਕਾਨ ਨਾਲ ਖਿੜ ਜਾਂਦਾ ਅਤੇ ਅਬਰਕ ਨਾਲ ਸਜਾਇਆ ਪਖਾ ਲੈ ਕੇ ਉਹ ਉਸ ਦੀ ਸੇਵਾ ਕਰਨ ਬੈਠ ਜਾਂਦੀ ।

5. ਲੀਲਾ ਮੁਟਿਆਰ ਹੋ ਜਾਂਦੀ ਹੈ

ਸਾਰਾ ਦਿਨ ਖੇਡਦੇ, ਹਸਦੇ ਤੇ ਗਲਾਂ ਕਰਦੇ ਉਨ੍ਹਾਂ ਆਪਣਾ ਬਚਪਨ ਲੰਘਾਇਆ ਅਤੇ

ਹੁਣ ਉਸਨੇ ਜਵਾਨੀ ਦੇ ਸੁਨਹਿਰੇ ਕਾਲ ਵਿਚ ਪੈਰ ਪਾਇਆ । ਸਾਉਣ ਵਿਚ ਜਦੋਂ ਦਰਿਆ ਵਿਚ ਹੜ ਆਉਂਦਾ ਹੈ ਤਾਂ ਉਸ ਦੇ ਕੰਢੇ ਚੜ੍ਹਦੇ ਪਾਣੀਆਂ ਨੂੰ ਰੋਕ ਨਹੀਂ ਸਕਦੇ । ਇਸ ਤਰ੍ਹਾਂ ਹੀ ਲੀਲਾਂ ਦੀ ਵਧ ਰਹੀ ਸੁੰਦ੍ਰਤਾ ਜਿਵੇਂ ਸਾਰੀਆਂ ਸਰੀਰਕ ਹੱਦਾਂ ਟਪ ਗਈ । ਉਸ ਦਾ ਲਿਸ਼ਕਦਾ ਰੂਪ ਕੱਤੇ ਦੀਆਂ ਚੰਨ ਰਿਸ਼ਮਾਂ ਵਾਂਗ ਸੀ, ਜਿਹੜੀਆਂ ਦਰਿਆ ਦੀਆਂ ਡੂੰਘਾਣਾ ਵਿਚੋਂ ਦੀ ਲੰਘ ਕੇ ਉਸ ਦਾ ਥਲਾ ਵਿਖਾਂਦੀਆਂ ਹਨ । ਜਦੋਂ ਉਹ ਕਿਸੇ ਬਿਰਖ ਹੇਠ ਖਲੋਂਦੀ ਤਾਂ ਉਸ ਦੀ ਸੁੰਦਰਤਾ ਨਾਲ ਹੇਠਲੀ ਛਾਂ ਚਮਕ ਪੈਂਦੀ । ਜੇ ਦਰਿਆ ਦੀ ਕਿਸੇ ਛੋਟੀ ਜਹੀ ਲਹਿਰ ਨੂੰ ਹਥ ਲਾਂਦੀ ਤਾਂ ਇਸ ਤਰ੍ਹਾਂ ਲਗਦਾ ਕਿ ਚੰਨ ਦੀਆਂ ਰਿਸ਼ਮਾਂ ਉਸ ਉਤੇ ਖੇਡ ਰਹੀਆਂ ਹਨ । ਉਸ ਦੇ ਚਿਹਰੇ ਉਤੇ ਇਕ ਝਾਤ ਮਾਰਨ ਲਈ ਬਿਓਪਾਰੀ ਆਪਣੀਆਂ ਬੇੜੀਆਂ ਰੋਕ ਲੈਂਦੇ ਕੋਈ ਚੁਪ ਕੀਤਾ ਰਾਹੀ ਉਸ ਨੂੰ ਵੇਖਣ ਲਈ ਖੜਾ ਹੋ ਜਾਂਦਾ ਅਤੇ ਇਕ ਪਲ ਲਈ ਉਸੇ ਥਾਂ ਉਤੇ ਹੀ ਜੰਮ ਜਾਂਦਾ । ਉਸ ਦੇ ਘੁੰਘਰਾਲੇ ਵਾਲ ਕਦੀਂ ਉਸ ਦਾ ਮੁਖੜਾ ਲੁਕਾ ਲੈਂਦੇ ਅਤੇ ਕਦੀ ਵਿਖਾ ਦੇਂਦੇ ਜਿਸ ਤਰ੍ਹਾਂ ਮੀਂਹ ਵਾਲੀ ਰਾਤ ਨੂੰ ਬਦਲ ਕਦੀਂ ਚੰਨ ਨੂੰ ਲੁਕਾ ਲੈਂਦੇ ਹਨ ਅਤੇ ਕਦੀਂ ਨੰਗਾ ਕਰ ਦੇਂਦੇ ਹਨ । ਇਸ ਸ਼ਾਨਦਾਰ ਮਨੁੱਖੀ ਫੁਲ ਨੂੰ ਵੇਖ ਕੇ ਫੁਲ ਸ਼ਰਮ ਦੇ ਮਾਰੇ ਆਪਣੇ ਆਪ ਨੂੰ ਪਤਰਾਂ ਵਿਚ ਲੁਕਾ ਲੈਂਦੇ ਪਰ ਆਪਣੇ ਹੁਸਨ ਤੋਂ ਅਨਜਾਣ ਉਸ ਨੂੰ ਕਦੀ ਆਪਣੀਆਂ ਜ਼ੁਲਫਾਂ ਨੂੰ ਸੰਵਾਰਨ ਦਾ ਖਿਆਲ ਨਹੀਂ ਆਇਆ ਸੀ, ਨਾ ਹੀ ਉਸਨੂੰ ਆਪਣੇ ਕਪੜਿਆਂ ਦੀ ਪਰਵਾਹ ਸੀ । ਕਵੀ ਪੁਛਦਾ ਹੈ "ਜਵਾਨੀ ਦਾ ਇਹ ਝੱਲਾ ਉਬਾਲ ਉਸ ਉਤੇ ਕਿਧਰੋਂ ਆ ਗਿਆ ਹੈ ?" ਉਸ ਦੀ ਚਾਲ ਲਾਜ ਵਾਲੀ ਸੀ ਜਿਵੇਂ ਭਰੇ ਹੋਏ ਘੜੇ ਵਿਚ ਪਾਣੀ ਜਿਹੜਾ ਚੁਕਣ ਵਾਲੀ ਦੀਆਂ ਬਾਹਾਂ ਵਿਚ ਇਧਰ ਉਧਰ ਹਿਲਦਾ ਹੈ ਪਰ ਫਿਰ ਵੀ ਕੰਢਿਆਂ ਦੇ ਅੰਦਰ ਹੀ ਰਹਿੰਦਾ ਹੈ ਅਤੇ ਬਾਹਰ ਨਹੀਂ ਡੁਲ੍ਹਦਾ । ਉਹ ਇਕ ਦਿਲ ਖੁਸ਼ ਕਰ ਦੇਣ ਵਾਲੀ ਚੀਜ਼ ਸੀ ਜਿਸਤਰ੍ਹਾਂ ਸ਼ਾਮ ਦੇ ਬਦਲ ਹੇਠੋਂ ਨਿਕਲਿਆ ਤਾਰਾ ਜਾਂ ਹਵਾ ਵਿਚ ਹੌਲੀ ਹੌਲੀ ਹਿਲ ਰਿਹਾ ਅਨਾਰ ਦਾ ਫੁੱਲ ।

ਇਸ ਇਲਾਕੇ ਵਿਚ ਉਹ ਇਸ ਤਰ੍ਹਾਂ ਹੀ ਜਵਾਨ ਹੋਈ ਜਿਵੇਂ ਜੰਗਲ ਵਿਚ ਸੁੰਝਾ ਫੁਲ ਨਾਇਨ ਚੰਦ ਕਵੀ ਕਹਿੰਦਾ ਹੈ, "ਇਹ ਜਵਾਨੀ ਹੈ ਜਿਹੜੀ ਆਪਣੇ ਸਮੇਂ ਨਾਲ ਆਉਂਦੀ ਹੈ, ਪਹਿਲਾ ਨਹੀਂ ਅਤੇ ਲੰਘਦੀ ਡੱਕੀ ਨਹੀਂ ਜਾ ਸਕਦੀ ।" ਰਾਜੇਸ਼ਵਰੀ ਦਰਿਆ ਦੇ ਕੰਢੇ ਖਲੋ ਕੇ ਇਹ ਕਈ ਵਾਰ ਹੇਠਾਂ ਕਾਲੀਆਂ ਲਹਿਰਾਂ ਵਲ ਵੇਖਦੀ ਪਰ ਜਦੋਂ ਉਸ ਨੂੰ ਸਾਫ ਪਾਣੀ ਵਿਚ ਆਪਣੇ ਰੂਪ ਦਾ ਪਰਛਾਵਾਂ ਦਿਸਦਾ ਤਾਂ ਉਹ ਆਪਣੀ ਨਵੀਂ ਸੁੰਦਰਤਾ ਨੂੰ ਵੇਖਕੇ ਹੈਰਾਨ ਰਹਿ ਜਾਂਦੀ । ਫਿਰ ਉਹ ਝਟ ਪਟ ਘੜਾ ਚੁਕ ਕੇ ਘਰ ਨੂੰ ਮੁੜ ਆਉਂਦੀ ਤਾਂ ਜੋ ਹੋਰ ਲੋਕ ਵੀ ਉਸ ਨੂੰ ਵੇਖ ਕੇ ਹੈਰਾਨ ਨਾ ਹੋ ਜਾਣ ।

ਗਰਗ ਦੇ ਘਰ ਕਣਕਾ ਪ੍ਰਸੰਨ ਸੀ । ਵਿਦਵਾਨ ਬ੍ਰਾਹਮਣ ਨੇ ਉਸ ਨੂੰ ਹੁਣ ਸੋਹਣੀ ਵਿਦਿਆ ਦੇ ਦਿੱਤੀ ਸੀ । ਉਸ ਨੂੰ ਹੁਣ ਪੁਰਾਣ ਅਤੇ ਸਮਰਿਤੀਆਂ ਚੰਗੀ ਤਰ੍ਹਾਂ ਯਾਦ ਹੋ ਗਈਆਂ ਸਨ ਅਤੇ ਉਸ ਨੇ ਅਲੰਕਾਰ ਸ਼ਾਸਤਰ ਅਤੇ ਗਿਆਨ ਦੇ ਕਈ ਹੋਰ ਵਿਸ਼ੇ ਪੜ੍ਹ ਲਏ ਸਨ । ਇਸ ਤੋਂ ਬਿਨਾਂ ਉਸ ਨੇ ਇਕ ਸੌ ਬਾਰਾਂਮਾਹ ਵੀ ਯਾਦ ਕੀਤੇ ਸਨ । ਉਹ ਉਨ੍ਹਾਂ ਨੂੰ ਗੌਂਦਾ ਤੇ ਬੰਸਰੀ

ਵਜਾਉਂਦਾ ਸੀ । ਦਰਖਤਾਂ ਦੇ ਪੱਤਰ ਵੀ ਉਸ ਦੀ ਮਿਠੀ ਆਵਾਜ਼ ਦਾ ਅਨੰਦ ਮਾਣਦੇ ਜਾਪਦੇ ਤੇ ਇਸ ਨੂੰ ਸੁਣਨ ਲਈ ਦਰਿਆ ਦੀਆਂ ਲਹਿਰਾਂ ਪੁਠੀਆਂ ਵਗਣ ਲਗ ਪੈਂਦੀਆਂ ।

ਕਈ ਵਾਰ ਜਦੋਂ ਉਹ ਆਪਣੀ ਗਾਂ ਨਾਲ ਚਾਰਾਂਦ ਤੋਂ ਮੁੜਦਾ ਤਾਂ ਲੀਲਾ ਉਸ ਨੂੰ ਆਉਂਦਾ ਵੇਖਣ ਲਈ ਰਾਹ ਉਤੇ ਅਖਾਂ ਗੱਡੀ ਖਲੋਤੀ ਹੁੰਦੀ । ਉਹ ਇਹ ਨਹੀਂ ਚਾਹੁੰਦੀ ਸੀ ਕਿ ਉਹ ਹਰ ਰੋਜ਼ ਹੀ ਚਰਾਂਦ ਨੂੰ ਟੁਰਿਆ ਰਹੇ । ਉਹ ਉਸਦੇ ਪੈਰਾਂ ਵਿਚ ਨਿਰਦਈ ਕੰਡਿਆਂ ਦੀਆਂ ਚੋਭਾਂ ਵੇਖਕੇ ਰੋ ਪੈਂਦੀ । ਜਦੋਂ ਉਹ ਖੇਤਾਂ ਵਿਚ ਦੇਰ ਲਾ ਦੇਂਦਾ ਤਾਂ ਉਹ ਆਪਣੇ ਆਪ ਨੂੰ ਆਖਦੀ "ਆਪਣੀ ਲੀਲਾ ਤੋਂ ਘਰ ਵਿਚ ਇਕੱਲਿਆਂ ਉਡੀਕ ਕਰਵਾਣੀ ਅਤੇ ਉਸ ਨੂੰ ਰੁਵਾਣਾ ਕਿੰਨੀ ਭੈੜੀ ਗੱਲ ਹੈ ।"

ਵੇਖੋ, ਸੁਰੁਵੀ ਗਾਂ ਖੇਤਾਂ ਵਿਚੋਂ ਮੁੜ ਕੇ ਆ ਰਹੀ ਹੈ । ਦੂਰੋਂ ਉਸ ਦੀ ਬੰਸਰੀ ਦੀ ਲੈ ਵੀ ਹਵਾ ਵਿਚ ਤਰਦੀ ਆ ਰਹੀ ਹੈ । ਤੂੰ ਥਕਿਆ ਹੋਇਆ ਮੁੜਿਆ ਹੈਂ । ਤੇਰੇ ਵਾਲ ਮੁੜ੍ਹਕੇ ਨਾਲ ਗਿੱਲੇ ਹੋਏ ਹੋਏ ਹਨ । ਇਹ ਆਖ ਕੇ ਉਹ ਪਖਾ ਲੈਣ ਅੰਦਰ ਚਲੀ ਗਈ । ਕਣਕਾ ਨੇ ਆਪਣੇ ਕਪੜੇ ਦਾ ਇਕ ਪਲਾ ਵਿਛਾਇਆ ਅਤੇ ਵਿਹੜੇ ਵਿਚ ਆਰਾਮ ਕਰਨ ਲੇਟ ਗਿਆ ।

6. ਸਤ ਪੀਰ ਮਤ ਦਾ ਪ੍ਰਚਾਰਨ

ਇਸ ਵੇਲੇ ਉਸ ਪਿੰਡ ਵਿਚ ਇਕ ਮੁਸਲਮਾਨ ਪੀਰ ਆਇਆ । ਉਸ ਨੇ ਬਾਹਰ ਇਕ ਮਸੀਤ ਬਣਵਾਈ ਅਤੇ ਆਪ ਸਾਰਾ ਦਿਨ ਇਕ ਅੰਜੀਰ ਦੇ ਬਿਰਖ ਹੇਠ ਬੈਠਾ ਰਹਿੰਦਾ । ਉਸ ਨੇ ਸਾਰੀ ਥਾਂ ਬੜੇ ਧਿਆਨ ਨਾਲ ਸਾਫ਼ ਕੀਤੀ ਅਤੇ ਘਾਹ ਦੀ ਕਿਧਰੇ ਇਕ ਬੁਚੜੀ ਵੀ ਨਹੀਂ ਦਿੱਸਦੀ ਸੀ । ਉਸਦੀ ਪ੍ਰਸਿੱਧਤਾ ਦੂਰ ਦੂਰ ਤਕ ਖਿਲਰ ਗਈ । ਹਰ ਕੋਈ ਉਸ ਦੀਆਂ ਅਲੌਕਿਕ ਸ਼ਕਤੀਆਂ ਦੀਆਂ ਗਲਾਂ ਕਰਦਾ ਸੀ, ਜੇ ਕੋਈ ਬੀਮਾਰ ਉਸ ਕੋਲ ਜਾਂਦਾ ਤਾਂ ਉਹ ਉਸ ਨੂੰ ਥੋੜੀ ਧੂੜ ਜਾਂ ਕੋਈ ਹੋਰ ਸ਼ੈ ਆਪਣਾ ਹਥ ਲਾ ਕੇ ਦਿੰਦਾ ਤੇ ਉਹ ਝਟ ਰਾਜ਼ੀ ਹੋ ਜਾਂਦਾ । ਬਿਨਾਂ ਕਿਸੇ ਦੇ ਗਲ ਕਰਨ ਦੇ ਉਹ ਉਸ ਦੇ ਮਨ ਦੇ ਡੂੰਘੇ ਤੋਂ ਡੂੰਘੇ ਵਿਚਾਰ ਬੁਝ ਕੇ ਦੱਸ ਦੇਂਦਾ । ਉਹ ਥੋੜੀ ਜਹੀ ਸੁਆਹ ਆਪਣੀ ਮੁੱਠ ਵਿਚ ਲੈ ਕੇ ਉਸ ਤੋਂ ਮਿਠੇ ਪਤਾਸੇ ਬਣਾ ਦੇਂਦਾ ਤੇ ਇਸ ਤਰ੍ਹਾਂ ਕੋਲ ਖੜੇ ਮੁੰਡੇ ਕੁੜੀਆਂ ਨੂੰ ਹੈਰਾਨ ਕਰ ਦੇਂਦਾ । ਉਨ੍ਹਾਂ ਨੂੰ ਉਸ ਦੀਆਂ ਸੁਗਾਤਾਂ ਦਾ ਬੜਾ ਸੁਆਦ ਆਉਂਦਾ । ਸੈਂਕੜੇ ਬੰਦੇ ਜ਼ਨਾਨੀਆਂ, ਰੋਜ਼ ਉਸ ਨੂੰ ਮਥਾ ਟੇਕਣ ਆਉਂਦੇ, ਜੋ ਕੁਝ ਉਹ ਮੰਗਦੇ ਉਹਨਾਂ ਨੂੰ ਇਸ ਫਕੀਰ ਤੋਂ ਮਿਲ ਜਾਂਦਾ । ਚੌਲ, ਫਲ ਅਤੇ ਹੋਰ ਸਵਾਦੀ ਭੋਜਨ, ਬਕਰੀਆਂ, ਕੁਕੜੀਆਂ ਅਤੇ ਪੰਛੀ ਉਸ ਦੇ ਬੂਹੇ ਉਤੇ ਢੇਰ ਚੜ੍ਹਾਵੇ ਚੜ੍ਹਦੇ । ਇਨ੍ਹਾਂ ਚੜ੍ਹਾਵਿਆਂ ਵਿਚੋਂ ਪੀਰ ਆਪ ਕਿਸੇ ਚੀਜ਼ ਦਾ ਭੋਰਾ ਵੀ ਨਹੀਂ ਖਾਂਦਾ ਸੀ । ਸਭ ਕੁਝ ਖੁਲ੍ਹਾ ਗ਼ਰੀਬਾਂ ਵਿਚ ਵੰਡ ਦਿੱਤਾ ਜਾਂਦਾ ।

7. ਕਣਕਾ ਪੀਰ ਨੂੰ ਮਿਲਦਾ ਹੈ

ਗਾਂ ਪਰ੍ਹਾਂ ਚੁਗ ਰਹੀ ਸੀ ਅਤੇ ਕਣਕਾ ਆਪ ਇਕ ਬਿਰਖ ਹੇਠ ਬੈਠਾ ਬੰਸਰੀ ਬਜਾ ਰਿਹਾ ਸੀ, ਆਵਾਜ਼ ਇੰਨੀ ਮਧੁਰ ਸੀ ਕਿ ਮੁੰਡੇ ਅਤੇ ਬੰਦੇ ਉਸ ਦੇ ਗੀਤ ਸੁਣਨ ਲਈ ਉਸ ਦੇ ਦੁਆਲੇ

ਇਕੱਠੇ ਹੋਏ ਹੋਏ ਸਨ । ਪੰਛੀ ਚੁਪ ਕਰਕੇ ਬਿਰਖਾਂ ਦੀਆਂ ਟਹਿਣੀਆਂ ਉਤੇ ਬੈਠੇ ਹੋਏ ਸਨ ਅਤੇ ਮਸਤ ਹੋਏ ਓਥੋਂ ਹਿੱਲਦੇ ਨਹੀਂ ਸਨ । ਬੰਸਰੀ ਸੁਣਕੇ ਕੋਇਲ ਨੇ ਗਾਉਣਾ ਬੰਦ ਕਰ ਦਿੱਤਾ । ਸੁਰ ਸੁਣ ਕੇ ਬੁੱਢੇ ਜਵਾਨ ਹੁੰਦੇ ਜਾਪਦੇ ਸਨ । ਦਰਿਆ ਤੋਂ ਪਾਣੀ ਲੈਣ ਗਈਆਂ ਜ਼ਨਾਨੀਆਂ ਆਪਣੇ ਘੜੇ ਉਥੇ ਤਰਦੇ ਛਡਕੇ ਬੰਸਰੀ ਸੁਣਨ ਖਲੋ ਗਈਆਂ ।

ਜਿਥੇ ਉਹ ਬੰਸਰੀ ਵਜਾ ਰਿਹਾ ਸੀ ਉਥੋਂ ਪੀਰ ਦੀ ਮਸੀਤ ਬਹੁਤੀ ਦੂਰ ਨਹੀਂ ਸੀ । ਹਰ ਰੋਜ਼ ਪੀਰ ਉਸ ਗਭਰੂ ਦੇ ਬੰਸਰੀ ਉਤੇ ਵਜਾਏ ਮਧੁਰ ਗੀਤ ਸੁਣਦਾ ਸੀ ਅਤੇ ਵਜਾਣ ਵਾਲੇ ਨੂੰ ਵੇਖਣ ਲਈ ਉਸਦਾ ਦਿਲ ਬੜਾ ਭਰ ਆਇਆ । ਇਕ ਦਿਨ ਉਸ ਕਿਸੇ ਨੂੰ ਘਲ ਕੇ ਕਣਕਾ ਨੂੰ ਆਪਣੇ ਕੋਲ ਸਦ ਲਿਆ । ਉਸ ਦੇ ਆਖਣ ਉਤੇ ਕਣਕਾ ਨੇ ਬੰਸਰੀ ਵਜਾਈ । ਵਿਸ਼ਾ ਮਲਵਾਰ ਬਾਰਾਂਮਾਹ ਸੀ ਜਿਹੜਾ ਉਸ ਨੇ ਆਪ ਜੋੜਿਆ ਹੋਇਆ ਸੀ ।

ਉਹ ਸਾਧੂ ਆਦਮੀ ਬੰਸਰੀ ਵਾਲੇ ਦੇ ਗੀਤ ਸੁਣ ਕੇ ਏਨਾ ਵੈਰਾਗਿਆ ਗਿਆ ਕਿ ਹੰਝੂ ਵਹਾਉਣ ਲਗ ਪਿਆ । ਦੋਵੇਂ ਇਕ ਦੂਜੇ ਦੇ ਮਨ ਲਗ ਗਏ, ਗਭਰੂ ਨੂੰ ਪੀਰ ਦੇ ਵਖਿਆਨ ਖਿੱਚ ਪਾਂਦੇ ਸਨ ਅਤੇ ਪੀਰ ਨੂੰ ਗਭਰੂ ਦੇ ਮਿੱਠੇ ਗੀਤ । ਹਰ ਰੋਜ਼ ਗਾਂ ਤੇ ਚਰਾਂਦ ਵਿਚ ਚਰਦੀ ਰਹਿੰਦੀ ਅਤੇ ਕਣਕਾ ਘੰਟਿਆਂ ਬਧੀ ਪੀਰ ਦੇ ਚਰਨਾਂ ਵਿਚ ਬੈਠਾ ਰਹਿੰਦਾ । ਬਿਰਧ ਗਭਰੂ ਦੀ ਅਕਲ, ਹੁਨਰ ਅਤੇ ਮਿਲਣ ਸਾਰੀ ਉੱਤੇ ਬੜਾ ਪ੍ਰਸੰਨ ਹੁੰਦਾ । ਉਹ ਏਨਾ ਮਿਲਾਪੜਾ ਸੀ ਕਿ ਕੋਈ ਵੀ ਉਸ ਨੂੰ ਪਿਆਰ ਕਰਨ ਤੋਂ ਬਿਨਾਂ ਰਹਿ ਨਹੀਂ ਸਕਦਾ ਸੀ । ਪੀਰ ਦਾ ਜੀ ਕਰਦਾ ਕਿ ਉਹ ਮੁੰਡਾ ਹਰ ਵੇਲੇ ਉਸ ਦੇ ਕੋਲ ਹੀ ਟਹੇ । ਕਣਕਾ ਜਿਹੜਾ ਪਹਿਲਾਂ ਫਕੀਰ ਦੇ ਦਯਾਲੂ ਸ਼ਬਦਾਂ ਨਾਲ ਖਿੱਚਿਆ ਹੋਇਆ ਸੀ ਛੇਤੀ ਹੀ ਉਸ ਦਾ ਮੁਰਸ਼ਦ ਬਣ ਗਿਆ ਅਤੇ ਰੀਤ ਅਨੁਸਾਰ ਉਸ ਦੇ ਮਤ ਵਿਚ ਸ਼ਾਮਲ ਹੋ ਗਿਆ । ਉਸ ਨੇ ਵੇਖਿਆ ਕਿ ਮੁੰਡਾ ਸੱਚ ਮੁੱਚ ਹੀ ਅੱਦਭੁਤ ਹੈ । ਯੋਗ ਉਪਦੇਸ਼ ਨਾਲ ਇਹ ਛੇਤੀ ਹੀ ਜੀਵਨ ਮਰਨ ਬਾਰੇ ਸੱਚੀ ਵਿਦਿਆ ਪ੍ਰਾਪਤ ਕਰ ਲਵੇਗਾ । ਦਮੋਦਰ ਦਾਸ ਕਵੀ ਕਹਿੰਦਾ ਹੈ, "ਇਹ ਮੁੰਡਾ ਕੋਈ ਸਾਧਾਰਨ ਨਹੀਂ ਹੈ । ਇਹ ਚਿਕੜ ਵਿਚ ਨਿਕਲੇ ਕੰਵਲ ਵਾਂਗ ਹੈ । ਇਹ ਆਪਣੇ ਗੁਣਾਂ ਨਾਲ ਆਪਣੀ ਕੁਲ ਦਾ ਜਿਸ ਵਿਚ ਇਹ ਜੰਮਿਆ ਹੈ, ਨਾਂ ਉਜਾਗਰ ਕਰੇਗਾ ।"

8. ਕਣਕਾ ਗੱਲ ਭੇਤ ਵਿਚ ਰਖਦਾ ਹੈ

ਜੌਹਰੀ ਆਪਣੇ ਹੀਰੇ ਨੂੰ ਜਾਣਦਾ ਹੈ ਅਤੇ ਸੁਨਿਆਰਾ ਆਪਣੇ ਸੋਨੇ ਨੂੰ । ਮਹਾਂ ਪੁਰਸ਼ ਸਹਿਜੇ ਹੀ ਦੂਜਿਆਂ ਦੇ ਚੰਗੇ ਗੁਣ ਲਭ ਲੈਂਦੇ ਹਨ । ਪੀਰ ਨੇ ਆਪਣੀਆਂ ਅਲੌਕਿਕ ਸ਼ਕਤੀਆਂ ਨਾਲ ਕੁਝ ਕਰਾਮਾਤਾਂ ਵਿਖਾਈਆਂ ਅਤੇ ਕਣਕਾ ਦਾ ਮਨ ਵਿਸਮਾਦ ਨਾਲ ਭਰ ਗਿਆ । ਪੀਰ ਲਈ ਉਸ ਦਾ ਪਿਆਰ ਅਤੇ ਆਦਰ ਦਿਨੋ ਦਿਨ ਵਧਦਾ ਗਿਆ ਅਤੇ ਹਰ ਰੋਜ਼ ਉਹ ਦੁਪਹਿਰੀਂ ਆ ਕੇ ਉਸ ਦੇ ਚਰਨਾਂ ਵਿਚ ਬੈਠਦਾ ਅਤੇ ਸਿੱਖਿਆ ਲੈਂਦਾ । ਆਉਣ ਲਗਿਆਂ ਵੀ ਅਤੇ ਜਾਣ ਲਗਿਆਂ ਵੀ ਉਹ ਉਸ ਦੇ ਚਰਨੀਂ ਹਥ ਲਾਂਦਾ ਅਤੇ ਹੋਰ ਹਰ ਤਰ੍ਹਾਂ ਉਸ ਦਾ ਆਦਰ ਕਰਦਾ ਜਿਵੇਂ ਕੇਵਲ ਚੇਲਾ ਹੀ ਆਪਣੇ ਗੁਰੂ ਦਾ ਕਰਦਾ ਹੈ ।

ਪਰ ਇਸ ਤੋਂ ਵੱਡੀ ਗੱਲ ਇਹ ਸੀ ਕਿ ਕਣਕਾ ਆਪਣੇ ਧਰਮ ਦੇ ਅਸੂਲ ਭੁਲ ਗਿਆ ਅਤੇ ਜ਼ਾਤ ਪਾਤ ਦੇ ਨਿਯਮਾਂ ਦੀ ਉਲੰਘਣਾ ਕਰਨ ਲੱਗ ਪਿਆ । ਉਹ ਉਸੇ ਥਾਲੀ ਵਿਚ ਖਾ ਲੈਂਦਾ ਜਿਸ ਵਿਚ ਪੀਰ ਨੇ ਭੋਜਨ ਕੀਤਾ ਹੁੰਦਾ । ਉਸ ਦੀਕਸ਼ਾ ਲੈ ਕੇ ਫ਼ਕੀਰ ਨੂੰ ਆਪਣਾ ਗੁਰੂ ਧਾਰਨ ਕਰ ਲਿਆ । ਇਹ ਭਿਆਨਕ ਖਬਰ ਕਿਸੇ ਨੇ ਵੀ ਗਰਗਾ ਨੂੰ ਨ ਦੱਸੀ ਕਿਉਂਕਿ ਕਣਕਾ ਦੇ ਆਪਣੇ ਗੁਰੂ ਨਾਲ ਸਬੰਧ ਅਜੇ ਤੱਕ ਪੂਰੀ ਤਰ੍ਹਾਂ ਗੁਪਤ ਸਨ । ਉਸ ਨੇ ਪੀਰ ਦਾ ਮਤ ਧਾਰਨ ਕਰ ਲਿਆ ਅਤੇ ਆਪਣਾ ਜੀਵਨ ਉਸ ਨੂੰ ਸਮਰਪਨ ਕਰ ਦਿੱਤਾ । ਦਮੋਦਰ ਦਾਸ ਕਵੀ ਕਹਿੰਦਾ ਹੈ, "ਗੁਰੂ ਵਿਚ ਅਟੁੱਟ ਭਰੋਸਾ ਕਿਸੇ ਪੁਰਸ਼ ਅੰਦਰ ਵੱਧ ਰਹੀ ਅਧਿਆਤਮਕਤਾ ਦੀ ਨਿਸ਼ਾਨੀ ਹੈ ।

9. ਕਣਕਾ ਕਵੀ

ਪੀਰ ਨੇ ਖੁਸ਼ ਹੋ ਕੇ ਕਣਕਾ ਨੂੰ ਹੁਕਮ ਦਿੱਤਾ ਕਿ ਉਹ ਸਤ ਪੀਰ ਬਾਰੇ ਇਕ ਕਵਿਤਾ ਲਿਖੇ ਅਤੇ ਆਪ ਉਸ ਇਲਾਕੇ ਵਿਚ ਟੁਰ ਗਿਆ । ਪੀਰ ਮਤ ਦੇ ਅਨੁਆਈ ਬੰਗਾਲ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਹਨ । ਕਣਕਾ ਨੇ ਇਹ ਕਵਿਤਾ ਲਿਖੀ ਜਿਹੜੀ ਛੇਤੀ ਹੀ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਗਈ । ਪੀਰ ਦੇ ਹੁਕਮ ਅਨੁਸਾਰ ਉਸ ਨੇ ਦੂਰ ਦੂਰ ਤਕ ਇਹ ਘੱਲੀ । ਹੁਣ ਸੈਂਕੜੇ ਪੁਰਸ਼ ਅਤੇ ਇਸਤ੍ਰੀਆਂ ਸਨ ਜਿਹੜੇ ਕਣਕਾ ਦੇ ਕਵਿਤਾ ਲਿਖਣ ਦੇ ਢੰਗ ਦੇ ਪ੍ਰਸੰਸਕ ਸਨ । ਹੁਣ ਉਸ ਨੂੰ ਲੋਕ ਗਵਾਲਾ ਨਹੀਂ ਆਖਦੇ ਸਨ ਸਗੋਂ ਕਣਕਾ ਕਵੀ ਕਰਕੇ ਸਾਰੇ ਦੇਸ਼ ਵਿਚ ਪ੍ਰਸਿੱਧ ਹੋ ਗਿਆ । ਹਿੰਦੂ ਅਤੇ ਮੁਸਲਮਾਨ ਦੋਵੇਂ ਕਵਿਤਾ ਨੂੰ ਬਰਾਬਰ ਪਸੰਦ ਕਰਦੇ ਸਨ । ਇਹੋ ਜਿਹੇ ਉਤਸ਼ਾਹੀ ਸ਼ਰਧਾਲੂ ਵੀ ਸਨ ਜਿਨ੍ਹਾਂ ਨੇ ਕਵਿਤਾ ਦੀ ਭਰਪੂਰ ਉਸਤਤ ਰਾਹੀਂ ਇਸ ਦੀ ਪ੍ਰਸਿਧਤਾ ਦੂਰ ਦੂਰ ਦੇਸ਼ਾਂ ਵਿਚ ਫੈਲਾ ਦਿੱਤੀ ।

ਹੁਣ ਇਹ ਆਸ ਬਝਦੀ ਹੈ ਕਿ ਕਣਕਾ ਦਾ ਭਵਿਖ ਸ਼ਾਨਦਾਰ ਹੋ ਰਿਹਾ ਹੈ ਅਤੇ ਉਸ ਦੇ ਚੰਗੇ ਦਿਨ ਆ ਗਏ ਹਨ । ਕਵੀ ਰਘੁਸੂਤ ਆਖਦਾ ਹੈ "ਜੋ ਕੋਈ ਦੁਖਾਂ ਵਿਚ ਜੰਮਿਆ ਹੈ ਉਹ ਫਿਰ ਸਾਰੀ ਉਮਰ ਕਦੀ ਸੁਖੀ ਨਹੀਂ ਹੋ ਸਕਦਾ ।"

10. ਉਸ ਨੂੰ ਫਿਰ ਬ੍ਰਾਹਮਣ ਬਨਾਉਣ ਦਾ ਸਵਾਲ

ਕਣਕਾ ਦੀ ਸਾਹਿੱਤਕ ਪ੍ਰਸਿੱਧੀ ਉਤੇ ਗਰਗਾ ਨਾਲੋਂ ਵਧ ਖੁਸ਼ ਹੋਰ ਕੋਈ ਨਹੀਂ ਸੀ ਪਰ ਉਸ ਨੂੰ ਮੁੰਡੇ ਦੇ ਪੀਰ ਨਾਲ ਸਬੰਧਾ ਦੀ ਕੋਈ ਸੂਹ ਨਹੀਂ ਸੀ ।

ਇਕ ਦਿਨ ਗਰਗਾ ਨੇ ਉਸ ਥਾਂ ਦੇ ਸਾਰੇ ਬ੍ਰਾਹਮਣਾਂ ਨੂੰ ਆਪਣੇ ਘਰ ਸਦਿਆ ਅਤੇ ਕਿਹਾ "ਜਿਸ ਤਰ੍ਹਾਂ ਹਰ ਇਕ ਨੂੰ ਪਤਾ ਹੈ ਇਹ ਆਪਣਾ ਕਣਕਾ ਇਕ ਬ੍ਰਾਹਮਣ ਦਾ ਪੁਤ੍ਰ ਹੈ, ਉਸ ਦਾ ਦੋਸ਼ ਕੇਵਲ ਇੰਨਾ ਹੈ ਕਿ ਜਦੋਂ ਇਹ ਅਜੇ ਬਾਲ ਹੀ ਸੀ ਅਤੇ ਇਸ ਨੂੰ ਭਲੇ ਬੁਰੇ ਦੀ ਪਛਾਣ ਨਹੀਂ ਸੀ, ਇਹ ਇਕ ਚੰਡਾਲ ਦੇ ਘਰ ਪਲਿਆ । ਇਸ ਗਲ ਨੂੰ ਭੁਲਾ ਕੇ ਇਸ ਨੂੰ ਖਿਮਾ ਕਰ ਦੇਣੀ ਚਾਹੀਦੀ ਹੈ ਤੇ ਸਾਨੂੰ ਫਿਰ ਉਸਨੂੰ ਆਪਣੀ ਬਰਾਦਰੀ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ ।

ਨੰਦੂ ਬ੍ਰਾਹਮਣ ਅਤੇ ਬਰਾਦਰੀ ਦੇ ਹੋਰ ਕੱਟੜ ਆਦਮੀਆ ਨੇ ਸਿਰ ਫੇਰ ਦਿੱਤੇ ਅਤੇ ਦ੍ਰਿੜ੍ਹ ਸ਼ਬਦਾਂ ਵਿਚ ਕਿਹਾ—"ਨਹੀਂ, ਅਸੀਂ ਨਹੀਂ ਮੰਨਦੇ, ਪਰ ਸ੍ਰੀ ਮਾਨ ਜੀ ਚੂੰਕਿ ਤੁਹਾਨੂੰ ਬਚੇ ਨਾਲ ਪਿਆਰ ਹੈ ਤੁਸੀਂ ਸਾਨੂੰ ਛਡ ਦਿਉ ਅਤੇ ਇਸ ਨਾਲ ਰਹਿਣ ਲਗ ਜਾਓ ।"

ਕਟੜ ਬ੍ਰਾਹਮਣਾਂ ਨੇ ਸਖਤ ਵਿਰੋਧਤਾ ਕੀਤੀ ਅਤੇ ਕਿਹਾ ਬ੍ਰਾਹਮਣ ਦੇ ਘਰ ਪੈਦਾ ਹੋ ਕੇ ਜਿਹੜਾ ਚੰਡਾਲ ਦੇ ਘਰ ਦਾ ਖਾਂਦਾ ਹੈ ਉਹ ਬ੍ਰਾਹਮਣ ਹੋਣ ਦੀ ਪਦਵੀ ਉਤੇ ਸਾਰਾ ਅਧਿਕਾਰ ਗਵਾ ਬੈਠਦਾ ਹੈ । ਜੇ ਅਸੀਂ ਇਸ ਇਕ ਗਲ ਉਤੇ ਨਿਯਮਾਂ ਦੀ ਉਲੰਘਣਾ ਨੂੰ ਸਹਾਰ ਲਿਆ ਤਾਂ ਅਸੀਂ ਸਾਰਾ ਸਮਾਜਿਕ ਢਾਂਚਾ ਤੋੜਨ ਦੇ ਭਾਗੀ ਹੋਵਾਂਗੇ । ਜਿਹੜਾ ਫੁਲ ਭੌਂ ਉਤੇ ਡਿਗ ਪਵੇ ਕੀ ਉਸਨੂੰ ਕਦੀ ਕੋਈ ਦੇਵਤਿਆਂ ਨੂੰ ਭੇਟ ਕਰਨ ਲਈ ਚੁਕਦਾ ਹੈ ?"

ਇਹ ਇਕ ਧੜੇ ਦੀ ਰਾਏ ਸੀ । ਪਰ ਕੁਝ ਇਹੋ ਜਹੇ ਵੀ ਸਨ ਜਿਹੜੇ ਗਰਗਾਂ ਤੋਂ ਡਰਦੇ ਸਨ, ਉਹ ਉਸ ਦੀ ਮਹਾਨ ਈਸ਼ਵਰ ਭਗਤੀ ਅਤੇ ਸਮਾਜ ਵਿਚ ਉਸਦੇ ਰਸੂਖ ਤੋਂ ਜਾਣੂ ਸਨ, ਉਤੋਂ ਉਤੋਂ ਉਹਨਾਂ ਗਰਗਾ ਦੇ ਪ੍ਰਸਤਾਵ ਬਾਰੇ 'ਹਾਂ' ਕਰ ਦਿੱਤੀ ਪਰ ਉਸ ਦੀ ਕੰਡ ਪਿਛੇ ਉਸ ਦੀ ਇੱਛਾ ਨੂੰ ਨਿਸਫਲ ਬਨਾਣ ਲਈਂ ਚੋਰੀ ਛੁਪੀ ਜਤਨ ਕਰਦੇ ਰਹੇ । ਗਰਗਾ ਨੇ ਬ੍ਰਾਹਮਣਾਂ ਨੂੰ ਆਪਣੇ ਵਿਚਾਰ ਦੇ ਨਿਆਂ ਪੂਰਬਕ ਹੋਣ ਬਾਰੇ ਵਿਸ਼ਵਾਸ ਦਿਵਾਣ ਦੀ ਪੂਰੀ ਕੋਸ਼ਿਸ ਕੀਤੀ ਅਤੇ ਸੋਹਣੀਆਂ ਦਲੀਲਾਂ ਪੇਸ਼ ਕੀਤੀਆਂ । ਪਰ ਸਾਰੇ ਬ੍ਰਾਹਮਣ ਇਕ ਰਾਏ ਦੇ ਨਾ ਹੋ ਸਕੇ । ਸਭਾ ਦਾ ਝੁਕਾ ਕਣਕਾ ਦੇ ਹਕ ਵਿਚ ਨਹੀਂ ਸੀ । ਕਈਆਂ ਨੇ ਕਿਹਾ "ਉਸ ਨੂੰ ਵਾਪਸ ਬਰਾਦਰੀ ਵਿਚ ਵਾੜ ਲੈਣਾ ਚਾਹੀਦਾ ਹੈ ।" ਦੂਜੀਆਂ ਨੇ ਸਿਰ ਫੇਰਿਆ ਅਤੇ ਰਾਜ਼ੀ ਨਾ ਹੋਏ । ਬ੍ਰਾਹਮਣਾ ਦੇ ਸਮਾਜ ਦੇ ਬਾਹਰ ਵੀ ਬੜੀਆਂ ਬਹਿਸਾਂ ਹੋਈਆਂ, ਕੁਝ ਕਣਕਾ ਦੇ ਹਕ ਵਿਚ ਬੋਲਦੇ ਅਤੇ ਕੁਝ ਉਲਟ । ਰੌਲਾ ਪਿਆ, "ਵੇਖੋ ! ਕਿਵੇਂ ਚੰਡਾਲ ਬ੍ਰਾਹਮਣ ਬਣੀ ਜਾ ਰਿਹਾ ਹੈ ।" ਗਰਗਾ ਦਾ ਘਰ ਪੈਦਾ ਹੋਈ ਵਿਰੋਧਤਾ ਨਾਲ ਸੜ ਚਲਿਆ ਸੀ । ਭਗਤ ਬ੍ਰਾਹਮਣ ਗਰਗਾ ਨੂੰ ਸਜ਼ਾ ਭੁਗਤਨੀ ਪਈ । ਬ੍ਰਾਹਮਣ ਹੁਣ ਜਾਣ ਬੁਝ ਕੇ ਕਣਕਾ ਨੂੰ ਉਜਾੜਨ ਦੀ ਕੋਸ਼ਿਸ਼ ਕਰ ਰਹੇ ਸਨ ।

11. ਕਣਕਾ ਦੇ ਵਿਰੁਧ ਸਾਜ਼ਸ

ਵਿਰੋਧੀ ਬ੍ਰਾਹਮਣਾਂ ਨੇ ਗਰਗਾ ਦਾ ਨੁਕਸਾਨ ਕਰਨ ਲਈ ਚੰਗੇ ਮਾੜੇ ਸਭ ਸਾਧਨ ਵਰਤੇ । ਉਨ੍ਹਾਂ ਨੇ ਹਰ ਥਾਂ ਤੁਹਮਤਾਂ ਫੈਲਾਈਆਂ । ਉਨ੍ਹਾਂ ਕਿਹਾ "ਕਣਕਾ ਨੂੰ ਨਾ ਕੇਵਲ ਚੰਡਾਲ ਨੇ ਆਪਣਾ ਪੁੱਤਰ ਬਣਾਇਆ ਸੀ, ਸਗੋਂ ਉਸ ਨੇ ਪੀਰ ਤੋਂ ਇਸਲਾਮ ਵੀ ਕਬੂਲ ਕਰ ਲਿਆ ਹੈ ।"

ਤੁਹਮਤਾਂ ਲਾਉਣ ਵਾਲਿਆਂ ਦੇ ਅਟੁਟ ਯਤਨਾ ਸਦਕਾ ਲੋਕਿਕ ਭਾਵ ਦਿਨੋਂ ਦਿਨ ਤਗੜੇ ਹੁੰਦੇ ਗਏ । ਗੁਸੇ ਵਿਚ ਲੋਕਾਂ ਨੇ ਕਣਕਾ ਦੀ ਸਤਪੀਰ ਬਾਰੇ ਲਿਖੀ ਕਵਿਤਾ ਪਾੜ ਸੁਟੀ । ਕਈਆਂ ਨੇ ਕਿਤਾਬ ਅਗ ਵਿਚ ਸੁਟ ਦਿੱਤੀ । ਹਰ ਇਕਨੇ ਕਿਹਾ ਇਹ ਪੁਸਤਕ ਇਸਲਾਮ ਮਤ ਦੀ ਵਿਆਖਿਆ ਕਰਦੀ ਹੈ । ਇਸ ਦੇ ਨਾਲ ਲਗਣ ਨਾਲ ਹੀ ਆਦਮੀ ਭਿਟਿਆ ਜਾਂਦਾ ਹੈ । ਜਿਨ੍ਹਾਂ ਹਿੰਦੂਆਂ ਦੇ ਘਰੋਂ ਇਹ ਕਿਤਾਬ ਲਭੀ ਉਹਨਾਂ ਨੂੰ ਰੀਤ ਅਨੁਸਾਰ ਪ੍ਰਾਸਚਿਤ ਕਰਨਾ ਪਿਆ । ਪਰ ਸਭ ਤੋਂ ਭੈੜੀ ਗਲ ਤੇ ਅਜੇ ਹੋਣੀ ਸੀ । ਉਨ੍ਹਾਂ ਅਤਿ ਨਿਰਦਈ ਊਜ ਇਹ ਲਾਈ ਕਿ ਲੀਲਾ ਕਹਿੰਦੀ ਹੈ ਕਿ ਉਸ ਨੇ ਆਪਣੀ ਜਵਾਨੀ ਕਣਕਾ ਦੇ ਹਵਾਲੇ

ਹਵਾਲੇ ਕਰ ਦਿੱਤੀ ਹੋਈ ਹੈ । ਉਹ ਬ੍ਰਾਹਮਣ ਜਿਨ੍ਹਾਂ ਨੂੰ ਧਰਮ ਸ਼ਾਸਤਰਾਂ ਦਾ ਭੋਰਾ ਵੀ ਗਿਆਨ ਨਹੀਂ ਸੀ, ਜਿਹੜੇ ਨਾ ਸੰਧਿਆ ਕਰਦੇ ਸਨ ਅਤੇ ਨਾ ਬ੍ਰਾਹਮਣਾਂ ਵਾਲੇ ਹੋਰ ਧਾਰਮਿਕ ਸੰਸਕਾਰ ਕਰਦੇ ਸਨ, ਜਿਹੜੇ ਮਾਸ ਖਾਂਦੇ ਅਤੇ ਸ਼ਰਾਬ ਪੀਂਦੇ ਸਨ ਅਤੇ ਹੋਰ ਹਰ ਤਰ੍ਹਾਂ ਭ੍ਰਿਸ਼ਟ ਅਤੇ ਦੁਰਾਚਾਰੀ ਸਨ, ਉਹ ਵਿਚਾਰੀ ਲੀਲਾ ਨੂੰ ਹਰ ਤਰ੍ਹਾਂ ਬਦਨਾਮ ਕਰਨ ਵਿਚ ਸਭ ਤੋਂ ਅੱਗੇ ਸਨ । ਉਨ੍ਹਾਂ ਆਪਣੇ ਦੂਸ਼ਨ ਬਾਰੇ ਝੂਠ ਬੋਲ ਕੇ ਅਤੇ ਉਲਟੀਆਂ ਗਵਾਹੀਆਂ ਦੇ ਕੇ ਇਸ ਤਰ੍ਹਾਂ ਵਿਸ਼ਵਾਸ ਦਵਾਇਆ ਕਿ ਭਗਤ ਲੋਕ ਗਰਗਾ ਬ੍ਰਾਹਮਣ ਉਹਨਾਂ ਦੀ ਮੰਨ ਲੈਣ ਉਤੇ ਮਜਬੂਰ ਹੋ ਗਿਆ । ਇਸ ਤਰ੍ਹਾਂ ਇਕ ਪਿਤਾ ਨੇ ਆਪਣੀ ਨਿਰਦੋਸ਼ ਧੀ ਦੇ ਚਲਨ ਉੱਤੇ ਸ਼ਕ ਕੀਤਾ, ਜਿਸ ਨੂੰ ਦੁਨੀਆਂ ਦੇ ਕਪਟੀ ਢੰਗਾਂ ਦਾ ਪਤਾ ਨਹੀਂ ਸੀ ।

ਜਦੋਂ ਝੂਠੀਆਂ ਗਵਾਹੀਆਂ ਨਾਲ ਜਿਹੜੀਆਂ ਉਨ੍ਹਾਂ ਖੜੀਆਂ ਕੀਤੀਆਂ ਸਨ, ਬੁੱਢੇ ਬ੍ਰਾਹਮਣ ਦਾ ਵਿਸ਼ਵਾਸ ਪੱਕਾ ਹੋ ਗਿਆ, ਉਸ ਦਾ ਸਾਫ ਅਤੇ ਨਿਰਮਲ ਮਨ ਗੁਸੇ ਨਾਲ ਬਲਣ ਲਗ ਪਿਆ । ਉਸ ਨੇ ਸੋਚਿਆ, "ਮੈਂ ਇਕ ਜ਼ਹਿਰੀ ਸਪ ਨੂੰ ਦੁਧ ਪਿਆ ਕੇ ਪਾਲਦਾ ਰਿਹਾ ਹਾਂ, ਜੇ ਮੈਂ ਉਸ ਨੂੰ ਘਰੋਂ ਕੱਢ ਦਿਆਂ ਤਾਂ ਇਹ ਕਾਫੀ ਨਹੀਂ ਹੋਵੇਗਾ । ਮੈਨੂੰ ਉਸਨੂੰ ਆਪਣੇ ਹੱਥ ਨਾਲ ਵੱਢ ਦੇਣਾ ਚਾਹੀਦਾ ਹੈ ।" ਕਵੀ ਰੂਘਨੂਤ ਆਖਦਾ ਹੈ, "ਆਪਣੇ ਗੁੱਸੇ ਵਿਚ ਉਸਨੂੰ ਦੋਸਤ ਦੁਸ਼ਮਣ ਦੀ ਪਛਾਣ ਨਾ ਰਹੀ, ਸਗੋਂ ਉਸ ਨੇ ਸਖ਼ਤ ਅਤੇ ਖ਼ਤਰਨਾਕ ਕਦਮ ਚੁਕਣ ਦਾ ਨਿਸ਼ਚਾ ਕਰ ਲਿਆ ।"

12. ਕਣਕਾ ਅਤੇ ਲੀਲਾ ਨੂੰ ਮਾਰਨ ਦਾ ਜਤਨ

"ਪਹਿਲਾਂ ਮੈਂ ਕਣਕਾ ਨੂੰ ਮਾਰਾਂਗਾ ਅਤੇ ਫਿਰ ਲੀਲਾ ਨੂੰ ਅਤੇ ਫਿਰ ਆਪਣੇ ਗੁਨਾਹਾਂ ਦੇ ਪ੍ਰਾਸਚਿਤ ਲਈ ਅੱਗ ਵਿਚ ਛਾਲ ਮਾਰ ਕੇ ਆਪਣੀ ਜਾਨ ਖਤਮ ਕਰ ਦਿਆਂਗਾ" ਉਸ ਨੇ ਸੋਚਿਆ ।

ਆਪਣੇ ਘਰਾਣੇ ਦੀ ਬਦਨਾਮੀ ਦੀ ਸ਼ਰਮ ਅਤੇ ਗੁੱਸੇ ਨੇ ਗਰਗਾ ਨੂੰ ਪਾਗਲ ਕਰ ਦਿਤਾ । ਉਹ ਮਨ ਦੀ ਬੇਚੈਨੀ ਕਰਕੇ ਕੁਝ ਚਿਰ ਦਰਿਆ ਦੇ ਨੇੜੇ ਖੇਤਾਂ ਵਿੱਚ ਫਿਰਦਾ ਰਿਹਾ । ਉਸ ਨੇ ਲੀਲਾ ਨੂੰ ਆਪਣੇ ਸਾਮ੍ਹਣੇ ਸਦਿਆ ਤੇ ਕਿਹਾ "ਘੜਾ ਲੈ ਜਾ ਅਤੇ ਝਟ ਪਟ ਦਰਿਆ ਤੋਂ ਪਾਣੀ ਭਰ ਲਿਆ । ਮੰਦਰ ਭਿਟਿਆ ਗਿਆ ਹੈ । ਮੈਨੂੰ ਸੁਪਨਾ ਆਇਆ ਹੈ ਕਿ ਮੇਰਾ ਦੇਵਤਾ ਸਾਡੇ ਨਾਲ ਗੁਸੇ ਹੋ ਕੇ ਮੰਦਰ ਛੱਡ ਚਲਿਆ ਹੈ । ਇਕ ਦਮ ਜਾ ਕੇ ਪਾਣੀ ਲਿਆ, ਤਾਂ ਜੋ ਮੈਂ ਆਪਣੇ ਹੱਥ ਨਾਲ ਮੰਦਰ ਦਾ ਫਰਸ਼ ਧੋਵਾਂ । ਮੈਂ ਉਥੇ ਅਖੀਰਲੀ ਵਾਰ ਪੂਜਾ ਕਰਨ ਬੈਠਣਾ ਹੈ ।"

ਲੀਲਾ ਨੇ ਅਨੁਭਵ ਕੀਤਾ ਕਿ ਉਸਦੇ ਪਿਤਾ ਦੀ ਆਵਾਜ਼ ਵਿਚ ਕਠੋਰਤਾ ਸੀ, ਜਿਸ ਤੋਂ ਉਹ ਡਰ ਗਈ, ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ । ਏਨੀ ਡਰੀ ਹੋਈ ਉਹ ਆਪਣੇ ਪਿਤਾ ਤੋਂ ਇਹ ਵੀ ਨਾ ਪੁੱਛ ਸਕੀ ਕਿ ਉਸ ਨੂੰ ਕਿਸ ਗਲ ਕਰਕੇ ਏਨਾ ਗੁੱਸਾ ਆਇਆ ਹੋਇਆ ਸੀ । ਜਿਸ ਤਰ੍ਹਾਂ ਉਸ ਦੇ ਪਿਤਾ ਨੇ ਕਿਹਾ ਸੀ, ਉਹ ਝਟ ਪਟ ਦਰਿਆ ਉਤੇ ਗਈ ,,ਮੇਰੇ ਪਿਤਾ ਜੀ ਅਜ ਏਨੇ ਗੁੱਸੇ

ਕਿਉਂ ਹਨ ? ਏਨੀ ਕਠੋਰਤਾ ਨਾਲ ਉਹ ਪਹਿਲਾਂ ਮੇਰੇ ਨਾਲ ਕਦੀ ਨਹੀਂ ਬੋਲੇ । ਇਹ ਉਸ ਦੇ ਮਨ ਵਿਚ ਸੀ ਅਤੇ ਉਸ ਦੀਆਂ ਅੱਖਾਂ ਵਿਚ ਏਨੇ ਹੰਝੂ ਸਨ ਕਿ ਉਨ੍ਹਾਂ ਕਰਕੇ ਉਸ ਨੂੰ ਰਾਹ ਵੀ ਨਹੀਂ ਦਿਸ ਰਿਹਾ ਸੀ ।''

ਫਿਰ ਜਦੋਂ ਉਹ ਟੁਰਦੀ ਜਾ ਰਹੀ ਸੀ ਤਾਂ ਪਿੱਛੋਂ ਉਸਨੇ ਆਪਣੇ ਪਿਤਾ ਦੀ ਅਵਾਜ਼ ਸੁਣੀ । ਉਸ ਨੇ ਕਿਹਾ ''ਠਹਿਰ ! ਘੜਾ ਏਥੇ ਹੀ ਰੱਖ ਦੇ ਅਤੇ ਪਿਛਾਂਹ ਮੁੜ ਜਾ । ਮੈਂ ਆਪ ਪਾਣੀ ਲੈ ਆਵਾਂਗਾ । ਮੇਰੇ ਦੇਵਤਾ ਲਈ ਰੱਖੀ ਭੇਟ ਕੁਤਾ ਭਿੱਟ ਗਿਆ ਹੈ, ਜਿਸਨੇ ਉਸ ਵਿਚ ਮੂੰਹ ਮਾਰਿਆ ਹੈ ।'' ਅਸਲ ਵਿਚ ਉਹ ਉਸਦੇ ਲਿਆਂਦੇ ਪਾਣੀ ਨਾਲ ਮੰਦਰ ਨਹੀਂ ਧੋਣਾ ਚਾਹੁੰਦਾ ਸੀ । ਘੜਾ ਹੱਥ ਵਿਚ ਫੜ ਕੇ ਬ੍ਰਾਹਮਣ ਆਪ ਦਰਿਆ ਦੇ ਘਾਟ ਉੱਤੇ ਗਿਆ ਅਤੇ ਆਪ ਪਾਣੀ ਲਿਆਇਆ । ਉਸ ਨੇ ਮੰਦਰ ਵਿੱਚੋਂ ਚੀਜ਼ਾਂ ਬਾਹਰ ਕੱਢੀਆਂ ਅਤੇ ਧਿਆਨ ਨਾਲ ਫਰਸ਼ ਨੂੰ ਧੋਤਾ । ਇਸ ਤਰ੍ਹਾਂ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਹਰ ਚੀਜ਼ ਮੁੜ ਕੇ ਪਵਿੱਤ੍ਰ ਹੋ ਗਈ ਹੈ । ਉਸ ਨੇ ਲੀਲਾ ਦੇ ਤੋੜੇ ਫੁੱਲ ਅਪਵਿੱਤ੍ਰ ਸਮਝ ਕੇ ਬਾਹਰ ਸੁਟ ਦਿੱਤੇ । ਉਸ ਨੇ ਪੱਥਰ ਦਾ ਸਾਲਗਰਾਮ ਧੋਤਾ ਅਤੇ ਨਾਲ ਹੀ ਉਸ ਦਾ ਆਸਨ ਵੀ । ਅਤੇ ਫਿਰ ਉਹ ਪੂਜਾ ਕਰਨ ਬੈਠ ਗਿਆ । ਪੂਜਾ ਖਤਮ ਕਰਕੇ ਉਹ ਖਾਣ ਵਾਲੇ ਕਮਰੇ ਵਿਚ ਗਿਆ । ਪਹਿਲਾ ਜਦੋਂ ਉਹ ਛਾਹ ਵੇਲਾ ਕਰਨ ਬਹਿੰਦਾ, ਉਹ ਪਿਆਰ ਨਾਲ ਲੀਲਾ ਨੂੰ ਆਪਣੇ ਕੋਲ ਸਦਦਾ ਹੁੰਦਾ ਸੀ । ਉਹ ਉਸ ਨੂੰ ਖਾਂਦੇ ਨੂੰ ਪੱਖਾ ਝਲਦੀ ਅਤੇ ਬੜੇ ਧਿਆਨ ਨਾਲ ਉਸਦੀ ਸੇਵਾ ਕਰਦੀ ''ਮੇਰੇ ਪਿਤਾ ਜੀ ਅਜ ਮੈਨੂੰ ਆਪਣੇ ਕੋਲ ਕਿਉਂ ਨਹੀਂ ਸਦਦੇ'' ਉਸ ਨੇ ਅੱਖਾਂ ਵਿਚ ਹੰਝੂ ਭਰ ਕੇ ਆਪਣੇ ਆਪ ਨੂੰ ਕਿਹਾ । ਕਣਕਾ ਲਈ ਤਿਆਰ ਕੀਤਾ ਭੋਜਨ ਚੌਲ ਅਤੇ ਕੜ੍ਹੀ ਲੀਲਾ ਨੇ ਬੜੇ ਧਿਆਨ ਨਾਲ ਸਾਫ ਥਾਂ ਉੱਤੇ ਰਖਿਆ ਹੋਇਆ ਸੀ । ਗਰਗਾ ਅੰਦਰ ਵੜਿਆ ਅਤੇ ਦਵਾਲੇ ਵੇਖਿਆ ਉਹ ਉਥੇ ਇਕੱਲਾ ਸੀ । ਉਸ ਨੇ ਇਕ ਨਿਕੀ ਜਿਹੀ ਸੰਦੂਕੜੀ ਖੋਲ੍ਹੀ ਅਤੇ ਉਸ ਵਿੱਚੋਂ ਜ਼ਹਿਰ ਦੀਆਂ ਕਾਲੀਆਂ ਗੋਲੀਆਂ ਕੱਢ ਕੇ ਕਣਕਾ ਲਈ ਰਖੇ ਭੋਜਨ ਵਿਚ ਮਿਲਾ ਦਿੱਤੀਆਂ । ਬਿਨਾ ਆਪਣੇ ਪਿਤਾ ਨੂੰ ਪਤਾ ਲਗਣ ਦੇ ਲੀਲਾ ਨੇ ਸਭ ਕੁਝ ਵੇਖ ਲਿਆ ਜੋ ਉਸਨੇ ਕੀਤਾ ਸੀ ।

ਆਪਣੇ ਪਿਤਾ ਦੀ ਕਰਤੂਤ, ਜਿਹੜੀ ਨਿਰਦੈਤਾ ਜਿੰਨੀ ਨਿਰਦਈ ਅਤੇ ਕਠੋਰ ਸੀ, ਵੇਖਕੇ ਉਹ ਏਨਾ ਡਰੀ ਕਿ ਡਰ ਨਾਲ ਜਿਵੇਂ ਉਸਦੀ ਰੂਹ ਨਿਕਲ ਕੇ ਦੌੜ ਗਈ ।

ਚਰਾਂਦ ਵਿੱਚੋਂ ਕਣਕਾ ਹੁਣ ਸੂਰਵੀ ਗਾਂ ਲੈ ਕੇ ਮੁੜ ਆਇਆ । ਨਾਲ ਹੀ ਉਸ ਦਾ ਟਪੋਸੀਆਂ ਮਾਰਦਾ ਅਤੇ ਚਾਂਈ ਚੜ੍ਹਿਆ ਵੱਛਾ ਪਟੂਲੀ ਸੀ । ਰੋਜ਼ ਵਾਂਗ ਉਸ ਨੇ ਇਸ਼ਨਾਨ ਕੀਤਾ ਅਤੇ ਖਾਣ ਵਾਲੇ ਕਮਰੇ ਵਿਚ ਆ ਗਿਆ । ਉਹ ਇਹ ਵੇਖ ਕੇ ਹੈਰਾਨ ਪਰੇਸ਼ਾਨ ਹੋ ਗਿਆ ਕਿ ਲੀਲਾ ਰੋ ਰਹੀ ਸੀ । ਉਸ ਪੁਛਿਆ ''ਕੀ ਗਲ ਹੈ, ਤੂੰ ਰੋਂਦੀ ਕਿਉਂ ਹੈਂ ? ਇਸ ਘਰ ਨੂੰ ਕੀ ਹੋ ਗਿਆ ਹੈ ? ਮੁੜਦਿਆਂ ਹੋਇਆਂ ਮੈਂ ਕਈ ਕੁਸ਼ਗਨ ਵੇਖੇ । ਸੁਰਵੀ ਗਾਂ ਦੁਖੀ ਲਗਦੀ ਸੀ ਅਤੇ ਉਸਦੀ ਘਾਹ ਖਾਣ ਜਾਂ ਪਾਣੀ ਪੀਣ ਦੀ ਕੋਈ ਇੱਛਾ ਨਹੀਂ ਸੀ । ਅੱਗੇ ਮੈਨੂੰ ਪਿਤਾ ਜੀ ਮੁਸਕਰਾ ਕੇ ਮਿਲਦੇ ਹੁੰਦੇ ਸਨ, ਪਰ ਮੈਂ ਉਨ੍ਹਾਂ ਨੂੰ ਕਿਸੇ ਗਲੋਂ ਗੁਸੇ ਕਰ ਬੈਠਾ ਹਾਂ । ਉਹਨਾਂ ਮੇਰੇ ਨਾਲ ਗਲ ਨਹੀਂ ਕੀਤੀ ਅਤੇ ਤੇਰੀਆਂ ਅਖਾਂ ਵਿਚ ਇਹ ਹੰਝੂ ਭਰੇ ਹਨ?''

ਉਸ ਨੇ ਉਸ ਤੋਂ ਇਕ ਵਾਰ ਪੁਛਿਆ, ਦੋ ਵਾਰੀ ਪੁਛਿਆ, ਪਰ ਉਸਨੇ ਕੋਈ ਜਵਾਬ ਨਾ ਦਿੱਤਾ ਅਤੇ ਰੋਂਦੀ ਰਹੀ । ਕਣਕਾ ਨੇ ਜਵਾਬ ਲਈ ਜ਼ੋਰ ਨ ਦਿੱਤਾ ਸਗੋਂ ਬੁਤ ਵਾਂਗ ਚੁਪ ਚਾਪ ਖਲੋਤਾ ਰਿਹਾ । ਲੀਲਾ ਨੂੰ ਰੋਂਦੀ ਵੇਖ ਕੇ ਉਸਦਾ ਦਿਲ ਦੋ ਟੋਟੇ ਹੁੰਦਾ ਜਾ ਰਿਹਾ ਸੀ । ਫਿਰ ਉਸਨੇ ਝਕਦੇ ਝਕਦੇ ਦੁਬਾਰਾ ਕਿਹਾ ''ਜੇ ਜਾਣ ਬੁਝ ਕੇ ਜਾਂ ਅਨਭੋਲ, ਸੁਤਿਆਂ ਜਾਂ ਜਾਗਦਿਆਂ ਮੈਂ ਤੈਨੂੰ ਗੁੱਸੇ ਕਰਨ ਵਾਲੀ ਜ਼ਰਾ ਵੀ ਗਲ ਕੀਤੀ ਹੈ ਤਾਂ, ਲੀਲਾ, ਤੂੰ ਮੈਨੂੰ ਮੁਆਫ ਕਰਦੇ । ਇਸ ਤੋਂ ਪਹਿਲਾਂ ਮੈਂ ਤੈਨੂੰ ਕਦੀ ਰੋਂਦੀ ਨਹੀਂ ਵੇਖਿਆ । ਮੈਨੂੰ ਯਾਦ ਨਹੀਂ ਆਉਂਦਾ ਕਿ ਮੈਂ ਤੈਨੂੰ ਦੁਖ ਦੇਣ ਵਾਲੀ ਕਿਹੜੀ ਗਲ ਕੀਤੀ ਹੈ । ਕਿਰਪਾ ਕਰ ਕੇ ਮੈਨੂੰ ਦਸ ਕਿ ਗਲ ਕੀ ਹੈ ।''

ਫਿਰ ਲੀਲਾ ਬੋਲੀ । ਸਾਰਾ ਸਮਾਂ ਹੰਝੂਆਂ ਨੇ ਉਸਦਾ ਗਲਾ ਰੋਕੀ ਰਖਿਆ । ਪਰ ਕਿਸੇ ਨਾ ਕਿਸੇ ਤਰ੍ਹਾਂ ਉਹ ਇਹ ਕਹਿਣ ਵਿਚ ਸਫਲ ਹੋ ਗਈ । '' ਸੁਣ ਕਣਕਾ ! ਇਸ ਥਾਂ ਤੋਂ ਉਠ ਜਾ, ਓਥੇ ਚਲਾ ਜਾ ਜਿੱਥੇ ਨਾ ਮਾਂ, ਨਾ ਪਿਓ, ਅਤੇ ਨਾ ਮਿਤ੍ਰ ਹੋਵੇ ਅਤੇ ਨਾ ਮਨੁੱਖਾਂ ਦੀ ਵੱਸੋਂ ਹੋਵੇ, ਓਥੇ ਚਲਾ ਜਾ ਜਿਥੇ ਲੋਕ ਮਿਤ੍ਰ ਹੋਣ ਦੀ ਗਲ ਨਾ ਕਰਦੇ ਹੋਣ'' ਏਥੇ ਆ ਕੇ ਉਹ ਭੁਬਾਂ ਮਾਰਨ ਲੱਗੀ ਅਤੇ ਕੁਝ ਚਿਰ ਲਈ ਰੁਕ ਗਈ । ਫਿਰ ਆਪਣੇ ਦਿਲ ਦੀਆਂ ਡੂੰਘਾਈਆਂ ਵਿੱਚੋਂ ਨਿਕਲੇ ਸ਼ਬਦਾਂ ਨਾਲ ਉਸਨੇ ਝੂਠੀ ਤੁਹਮਤਾਂ ਦੀ ਅਤੇ ਆਪਣੇ ਪਿਤਾ ਦੀ ਕਰਤੂਤ ਦੀ ਵਿਥਿਆ ਦਸੀ । ਇਸ ਕਥਨੀ ਵਿਚ ਕਣਕਾ ਲਈ ਓੜਕਾਂ ਦੀ ਹਮਦਰਦੀ ਅਤੇ ਪਿਆਰ ਸੀ । ਉਸ ਅੰਤ ਇਸ ਤਰ੍ਹਾਂ ਕੀਤਾ, ''ਇਸ ਚੁੜੇਲ ਵਲ ਵੇਖ, ਜਿਹੜੀ ਤੈਨੂੰ ਭੋਜਨ ਖੁਵਾਣ ਲਈ ਨਿਯਤ ਹੈ, ਭੁਖੀ ਅਤੇ ਸਾਰੇ ਦਿਨ ਦੇ ਕੰਮ ਨਾਲ ਥਕੀ ਹੋਈ । ਇਹ ਉਹ ਭੋਜਨ ਹੈ ਜਿਹੜਾ ਤੈਨੂੰ ਖਤਮ ਕਰ ਦੇਵੇਗਾ । ਕੀ ਮੈ ਇਨਸਾਨ ਹਾਂ ? ਸ਼ਕਲ ਵੱਲੋਂ ਤਾਂ ਮੈਂ ਜ਼ਰੂਰ ਲਗਦੀ ਹਾਂ ਪਰ ਕਿਹੜਾ ਦੈਂਤ ਏਨਾ ਨਿਰਦਈ ਹੋਵੇਗਾ ਜਿੰਨੀ ਮੈਂ ਹਾਂ । ਇਕ ਨਿਰਦੋਸ਼ ਆਦਮੀ ਨੂੰ ਜਿਹੜਾ ਮੇਰੇ ਹੱਥੋਂ ਰੋਟੀ ਮੰਗ ਰਿਹਾ ਹੈ, ਜ਼ਹਿਰ ਦੇਣ ਲਈ ਤਿਆਰ ਇਕ ਦਮ ਚਲਿਆ ਜਾ ਇਹ ਘਰ ਛਡ ਦੇ । ਇਹ ਜ਼ਹਿਰ ਭਰੀ ਖੁਰਾਕ ਮੈਂ ਆਪ ਖਾ ਲਵਾਂਗੀ । ਪਰ ਠਹਿਰ ਪਿਆਰੇ ਕਣਕਾ ! ਅਜੇ ਇਸ ਘਰ ਨੂੰ ਛਡ ਕੇ ਨਾ ਜਾਈਂ । ਘਰ ਛੱਡਣ ਤੋਂ ਪਹਿਲਾਂ ਮੈਨੂੰ ਮਰੀ ਹੋਈ ਵੇਖ ਜਾ ।''

ਜੇ ਕਣਕਾ ਦੇ ਸਿਰ ਉਤੇ ਬਿਜਲੀ ਵੀ ਡਿਗ ਪੈਂਦੀ ਤਾਂ ਉਹ ਇਸ ਤੋਂ ਵਧ ਹੈਰਾਨ ਨਾ ਹੁੰਦਾ । ਉਹ ਕੁਝ ਚਿਰ ਇਸ ਤਰ੍ਹਾਂ ਖੜਾ ਰਿਹਾ, ਜਿਵੇਂ ਸੱਟ ਨਾਲ ਬੌਂਦਲ ਗਿਆ ਹੋਵੇ । ਪਰ ਹੌਲੀ ਹੌਲੀ ਸੁਰਤ ਸੰਭਾਲ ਕੇ ਉਸ ਨੇ ਕਿਹਾ :

''ਚੰਨ ਅਤੇ ਸੂਰਜ ਅਤੇ ਅਕਾਸ਼ ਦੇ ਦੇਵਤੇ ਮੇਰੇ ਗਵਾਹ ਹੋਣ । ਮੈਂ ਆਪਣੇ ਪਿਤਾ ਗਰਗ ਦੇ ਵਿਰੁੱਧ ਕੋਈ ਕੰਮ ਨਹੀਂ ਕੀਤਾ । ਦੁਸ਼ਟ ਲੋਕਾਂ ਵੱਲੋਂ ਧੁਮਾਈ ਤੁਹਮਤ ਸਦਕਾ ਉਹ ਭੁਲੇਖੇ ਵਿਚ ਪੈ ਗਿਆ ਹੈ । ਉਸ ਦਾ ਇਹ ਭਾਵ ਬਹੁਤੀ ਦੇਰ ਨਹੀਂ ਰਹਿਣ ਲੱਗਾ । ਉਹ ਇਕ ਸਿਆਣਾ ਮਨੁਖ ਹੈ ਅਤੇ ਧੁਰੰਦਰ ਵਿਦਵਾਨ । ਛੇਤੀ ਜਾਂ ਚਿਰਕੇ ਉਸਨੂੰ ਵਿਸ਼ਵਾਸ ਹੋ ਜਾਵੇਗਾ ਕਿ ਅਸੀਂ ਨਿਰਦੋਸ਼ ਹਾਂ । ਲੀਲਾ ਮੇਰੀ ਇੱਛਾ ਇਹ ਹੈ ਕਿ ਅਸੀਂ ਠੰਡੇ ਦਿਲ ਨਾਲ ਕੰਮ ਕਰੀਏ । ਕੁਝ ਦਿਨਾਂ ਲਈ ਮੈਂ ਏਥੋਂ ਟੁਰ ਜਾਵਾਂਗਾ ਅਤੇ ਤੀਰਥ ਯਾਤਰਾ ਕਰਦਾ ਦੂਰ ਨੇੜੇ ਥਾਵਾਂ ਉੱਤੇ ਭੌਂਦਾ ਰਵ੍ਹਾਂਗਾ । ਜਦੋਂ ਪਿਤਾ ਜੀ ਦਾ ਭੁਲੇਖਾ ਨਿਕਲ ਜਾਵੇ ਤਾਂ ਮੈਂ ਮੁੜ ਆਵਾਂਗਾ । ਤੂੰ ਉਨ੍ਹਾਂ ਦਾ

ਆਦਰ ਕਰਨਾ ਨਾ ਛਡ। ਉਨ੍ਹਾਂ ਨਾਲ ਧੋਖਾ ਹੋਇਆ ਹੈ। ਉਨ੍ਹਾਂ ਦਾ ਤੂੰ ਪੂਰਾ ਧਿਆਨ ਰਖੀਂ। ਮੈਂ ਤੈਨੂੰ ਦਸਦਾ ਹਾਂ ਕਿ ਛੇਤੀ ਹੀ ਉਹ ਹੋਸ਼ ਵਿਚ ਆ ਜਾਣਗੇ। ਜਿੰਨਾ ਮੈਨੂੰ ਆਪਣੇ ਨਿਰਦੋਸ਼ ਹੋਣ ਉਤੇ ਵਿਸ਼ਵਾਸ ਹੈ ਉਨਾ ਹੀ ਮੈਨੂੰ ਉਨ੍ਹਾਂ ਦੀ ਠੀਕ ਨਤੀਜੇ ਉਤੇ ਅਪੜਨ ਦੀ ਸ਼ਕਤੀ ਉੱਤੇ ਹੈ। ਉਨ੍ਹਾਂ ਦੀ ਅਕਲ ਉਤੇ ਪਿਆ ਪਰਦਾ ਬਹੁਤੀ ਦੇਰ ਨਹੀਂ ਰਹਿਣ ਲੱਗਾ। ਹੁਣ ਰੱਬ ਰਾਖਾ, ਲੀਲਾ। ਜੇ ਜੀਉਂਦੇ ਰਹੇ ਤਾਂ ਫੇਰ ਮਿਲਾਂਗੇ। ਮੇਰੇ ਟੁਰ ਜਾਣ ਦਾ ਅਫਸੋਸ ਨਾ ਕਰੀਂ। ਸੁਰਵੀ ਅਤੇ ਉਸ ਦਾ ਵੱਛਾ ਪਟੂਲੀ ਇਥੇ ਹੀ ਰਹਿਣਗੇ। ਉਨ੍ਹਾਂ ਨਾਲ ਮਿਤ੍ਰਤਾ ਬਣਾ ਲੈ। ਅਤੇ ਸਾਡਾ ਪਿਆਰਾ ਪੰਛੀ ਹੀਰਾ ਮਨ ਆਪਣੇ ਖੁਸ਼ੀ ਦੇ ਗੀਤ ਗਾਉਂਦਾ ਰਹੇਗਾ। ਉਸ ਨੂੰ ਮੇਰੇ ਨਾਂ ਨਾਲ ਸੱਦੀਂ, ਕਣਕਾ ਆਖੀਂ, ਇਸ ਨਾਲ ਤੈਨੂੰ ਕੁਝ ਧਰਵਾਸ ਹੋਵੇਗਾ, ਮੇਰਾ ਤੇ ਨਾ ਪਿਤਾ ਹੈ, ਨਾ ਮਾਤਾ ਅਤੇ ਨਾ ਕੋਈ ਮਿਤ੍ਰ। ਮੇਰੀ ਕਿਸਮਤ ਨੇ ਮੇਰੇ ਜੀਵਨ ਵਿਚ ਕਈ ਵਾਰ ਐਸੇ ਪੁੱਠੇ ਚੱਕਰ ਚਲਾਏ, ਹਨ ਜਿਨ੍ਹਾਂ ਦਾ ਮੈਨੂੰ ਕਦੀਂ ਸੁਪਨਾ ਵੀ ਨਹੀਂ ਆ ਸਕਦਾ ਸੀ, ਮੈਂ ਤੇ ਇਕ ਕੱਖ ਵਾਂਗ ਹਾਂ ਜਿਸ ਨੂੰ ਦਰਿਆ ਦੀ ਲਹਿਰ ਜਿਧਰ ਮਰਜ਼ੀ ਹੋਵੇ ਲਈ ਫਿਰਦੀ ਹੈ। ਪਿਆਰੀ ਲੀਲਾ, ਮੇਰੀ ਤੇਰੇ ਅਗੇ ਅਖੀਰਲੀ ਪ੍ਰਾਰਥਨਾ ਇਹ ਹੈ ਕਿ ਤੂੰ ਮੈਨੂੰ ਆਪਣੇ ਬਚਪਨ ਦੇ ਸਾਥੀ ਨੂੰ ਭੁਲੀਂ ਨਾ''। ਉਹ ਪਲ ਕੁ ਲਈ ਰੁਕ ਗਿਆ ਇਕ ਹੰਝੂ ਪੂੰਝਨ ਲਈ। ਆਪਣੀ ਦੁਖੀ ਆਵਾਜ਼ ਵਿਚ ਫਿਰ ਉਹ ਮਿੱਠਾ ਮਿੱਠਾ ਬੋਲਿਆ, ''ਇਥੇ ਪੰਛੀ ਵੀ ਹਨ, ਹੀਰਾ ਮਨ ਅਤੇ ਸੂਕਾ। ਉਹਨਾਂ ਨੂੰ ਦੁੱਧ ਅਤੇ ਮੱਖਣ ਪਾਣਾ ਨਾ ਭੁਲੀਂ। ਫੁਲਾਂ ਦੇ ਬੂਟੇ ਵੀ ਹਨ। ਹਰ ਸ਼ਾਮ ਉਹਨਾਂ ਨੂੰ ਪਾਣੀ ਪਾਣਾ ਨਾ ਭੁਲੀਂ, ਜਿਵੇਂ ਮੈਂ ਪਾਂਦਾ ਹੁੰਦਾ ਸਾਂ। ਫੁਲਾਂ ਡੋਡੀਆਂ ਨਾਲ ਲੱਦੀ ਮਾਲਤੀ ਵੇਲ ਵੀ ਹੈ। ਅਜੇ ਕਲ ਹੀ ਅਸਾਂ ਇਕੱਠਿਆਂ ਇਨ੍ਹਾਂ ਦੇ ਫੁਲਾਂ ਦੇ ਖਜ਼ਾਨੇ ਵਿੱਚੋਂ ਹਾਰ ਬਣਾਏ ਸਨ। ਸ਼ਾਇਦ ਅਖੀਰਲੀ ਵਾਰੀ ਸੁਰਵੀ ਅਤੇ ਪਟੂਲੀ ਵੀ ਘਰ ਵਿਚ ਹੀ ਹਨ। ਜੇ ਉਹ ਮੈਨੂੰ ਯਾਦ ਕਰਕੇ ਹਸਰਤ ਨਾਲ ਚਰਾਂਦ ਵਲ ਵੇਖਣ ਤਾਂ ਪਿਆਰ ਨਾਲ ਇਹਨਾਂ ਦੀ ਕੰਡ ਉੱਤੇ ਹਥ ਫੇਰ ਕੇ ਇਨ੍ਹਾਂ ਨੂੰ ਧੀਰਜ ਦੇਵੀਂ। ਸਾਲਗਰਾਮ ਪੱਥਰ ਵੀ ਘਰ ਵਿਚ ਹੀ ਹੈ। ਉਸ ਦੀ ਪੂਜਾ ਕਰੀਂ ਕਿਉਂਕਿ ਇਸ ਦੁਖ ਵਿਚ ਉਹੀ ਇਕੱਲਾ ਸਾਡਾ ਸਹਾਰਾ ਹੈ। ਜੋ ਕੁਝ ਵੀ ਹੋਇਆ ਹੈ ਉਸ ਦੇ ਬਾਵਜੂਦ ਪਿਤਾ ਜੀ ਵਲ ਆਪਣਾ ਪਿਆਰ ਨ ਘਟਾਵੀਂ, ਕਿਉਂਕਿ ਮਨੁੱਖੀ ਜਾਮੇ ਵਿਚ ਉਹ ਸਾਡੇ ਲਈ ਪਰਮਾਤਮਾ ਦਾ ਰੂਪ ਹਨ। ਜੇ ਭੁਲੇਖੇ ਵਿਚ ਉਹ ਕੁਝ ਚਿਰ ਲਈ ਤੇਰੇ ਉਤੇ ਕਹਿਰਵਾਨ ਵੀ ਹੋ ਜਾਣ ਤਾਂ ਤੂੰ ਸਬਰ ਰਖੀਂ ਅਤੇ ਉਨ੍ਹਾਂ ਦੀਆਂ ਸਜ਼ਾਵਾਂ ਨੂੰ ਸਹਾਰ ਲਵੀਂ ਅਤੇ ਸਾਰਾ ਸਮਾਂ, ਪਿਆਰੀ ਲੀਲਾ, ਤੂੰ ਰਬ ਦੀ ਰਜ਼ਾ ਵਿਚ ਰਹੀਂ, ਕਿਉਂਕਿ ਉਸ ਦੇ ਬਿਨਾਂ ਨਿਆਸਰਿਆਂ ਦਾ ਕੋਈ ਆਸਰਾ ਨਹੀਂ। ਮੇਰੇ ਦੁੱਖਾਂ ਉਤੇ ਤੂੰ ਨਾ ਰੋਵੀਂ, ਜੇ ਜੀਉਂਦੇ ਰਹੇ ਤਾਂ ਜ਼ਰੂਰ ਮਿਲਾਂਗੇ।'' ਇਹ ਆਖ ਕੇ ਕਣਕਾ ਮਨ ਵਿਚ ਸੋਚਣ ਲਗਾ ''ਮੈਂ ਪਿਤਾ ਗਰਗਾ ਤੋਂ ਆਗਿਆ ਕਿਸ ਤਰ੍ਹਾਂ ਲਵਾਂਗਾ, ਕੀ ਉਨ੍ਹਾਂ ਤੋਂ ਵਿਦਾਇਗੀ ਲਏ ਬਿਨਾਂ ਘਰ ਛਡ ਜਾਣਾ ਠੀਕ ਹੋਵੇਗਾ।''

13. ਸੁਰਵੀ ਗਾਂ ਜ਼ਹਰ ਨਾਲ ਮਰ ਜਾਂਦੀ ਹੈ

ਇਸ ਵੇਲੇ ਗਰਗ ਦੇ ਮਨ ਵਿਚ ਜਿਹੜਾ ਘਰੋਂ ਨਿਕਲ ਕੇ ਬਾਹਰ ਭੌਂ ਰਿਹਾ ਸੀ, ਪੁੱਠੇ

ਸਿੱਧੇ ਖਿਆਲ ਆ ਰਹੇ ਸਨ ''ਮੇਰਾ ਘਰ ਭ੍ਰਿਸ਼ਟਿਆ ਗਿਆ ਹੈ। ਚੁੜੇਲਾਂ ਮੰਦਰਾਂ ਵਿਚ ਘੁੰਮ ਰਹੀਆਂ ਹਨ। ਚੰਨ ਦੇ ਦਾਗ਼ ਨੇ ਵਧ ਕੇ ਸਾਰੇ ਦੇ ਸਾਰੇ ਨੂੰ ਢਕ ਲਿਆ ਹੈ। ਦੇਵਤਿਆਂ ਦੇ ਚੜ੍ਹਾਵੇ ਨੂੰ ਬਾਂਦਰਾਂ ਨੇ ਜੂਠਾ ਕਰ ਦਿਤਾ ਹੈ, ਨਹੀਂ ਸਹਾਰਨਾ ਚਾਹੀਦਾ, ਮੈਂ ਘਰ ਮੁੜ ਕੇ ਨਹੀਂ ਜਾਵਾਂਗਾ ਸਗੋਂ ਇਸ ਨੂੰ ਅੱਗ ਲਾ ਕੇ ਸਭ ਕੁਝ ਸਾੜ ਦਿਆਂਗਾ। ਬੱਚੀ ਲੀਲਾ! ਤੂੰ ਕਿੰਨੀ ਸੁੰਦਰ ਅਤੇ ਪਿਆਰੀ ਹੈਂ। ਮੈਂ ਘਰ ਛਡ ਕੇ ਸਨਿਆਸੀ ਹੋਣ ਨੂੰ ਫਿਰਦਾ ਸਾਂ ਜਦੋਂ ਤੇਰੀ ਮਾਂ ਮਰ ਗਈ। ਤੇਰੀ ਖਾਤਰ ਲੀਲਾ, ਮੈਂ ਉਹ ਖਿਆਲ ਛੱਡ ਦਿੱਤਾ ਅਤੇ ਘਰੇ ਹੀ ਟਿਕਿਆ ਰਿਹਾ। ਦੁਸ਼ਮਣ ਵੀ ਮੇਰਾ ਮੁਖੜਾ ਵੇਖਣ ਲਈ ਖਲੋ ਜਾਂਦੇ ਹਨ ਅਤੇ ਪੱਥਰ ਵੀ ਹਮਦਰਦੀ ਨਾਲ ਪਘਰ ਜਾਂਦਾ ਹੈ, ਏਨੀ ਸੁੰਦਰ ਹੈਂ ਤੂੰ! ਪਰ ਹੁਣ ਗਰਗਾ ਪੱਥਰ ਬਣ ਗਿਆ ਹੈ। ਤੇਰੇ ਲਈ ਉਸ ਅੰਦਰ ਪਿਆਰ ਦਾ ਇਕ ਤੁਪਕਾ ਵੀ ਨਹੀਂ। ਪਰਮਾਤਮਾ ਨੂੰ ਮੈਂ ਕਣਕਾ ਦੇ ਲਹੂ ਦੀ ਭੇਟ ਚੜ੍ਹਾਵਾਂਗਾ।''

ਕਣਕਾ ਨੇ ਘਰ ਛਡਣ ਦੀ ਧਾਰ ਲਈ। ਉਥੇ ਜਾਣਾ ਚਾਹੁੰਦਾ ਸੀ ਜਿਥੇ ਮਨੁਖੀ ਵੱਸੋਂ ਨਾ ਹੋਵੇ। ਕੋਈ ਉਸ ਤੋਂ ਗੱਲਾਂ ਪੁਛਣ ਅਤੇ ਉਸ ਨੂੰ ਦੁਖੀ ਕਰਨ ਨਹੀਂ ਆਵੇਗਾ, ਘਬਰਾਇਆ ਹੋਇਆ ਅਤੇ ਫਿਕਰ ਵਿਚ ਉਹ ਕੋਈ ਫੈਸਲਾ ਕਰਨ ਦੇ ਯੋਗ ਨਹੀਂ ਸੀ। ਜਦੋਂ ਲੀਲਾ ਉਸ ਕੋਲ ਦੌੜਦੀ ਹੋਈ ਆਈ ਉਸ ਦੇ ਵਾਲ ਖਿਲਰੇ ਹੋਏ ਸਨ ਅਤੇ ਉਸ ਦੀ ਆਵਾਜ਼ ਥਿੜਕਦੀ ਸੀ ਜਦੋਂ ਉਸ ਨੇ ਕਿਹਾ ''ਛੇਤੀ ਆ ਕਣਕਾ, ਇਕ ਪਲ ਦੀ ਡੇਰ ਨ ਲਾ। ਵੇਖ ਸਾਡੇ ਘਰ ਉਤੇ ਕਿੰਨੀ ਬਿਪਤਾ ਆ ਪਈ ਹੈ। ਸਾਡੀ ਗਾਂ ਸੁਰਵੀ ਕਿਵੇਂ ਬੇਹੋਸ਼ ਪਈ ਤੜਫ ਰਹੀ ਹੈ। ਕੋਈ ਜ਼ਹਿਰੀ ਸੱਪ ਉਸ ਨੂੰ ਵੱਢ ਗਿਆ ਹੈ। ਜਾ ਭਜ ਕੇ ਕਿਸੇ ਵੈਦ ਨੂੰ ਸਦ ਲਿਆ।''

ਕਣਕਾ ਅਤੇ ਲੀਲਾ ਭਜ ਕੇ ਗਾਂ ਨੂੰ ਵੇਖਣ ਗਏ। ਉਹ ਭੋਂਏ ਉਤੇ ਲੇਟੀ ਅੰਤਕਾਲ ਦੀਆਂ ਪੀੜਾਂ ਸਹਿ ਰਹੀ ਸੀ। ਕਣਕਾ ਨੇ ਪੁਛਿਆ, ''ਤੂੰ ਜ਼ਹਿਰ ਵਾਲਾ ਭੋਜਨ ਕਿਥੇ ਸੁੱਟਿਆ ਸੀ?'' ਉਹ ਵਲ ਦੇ ਤੰਤੂ ਵਾਂਗ ਕੰਬ ਗਈ ਜਦੋਂ ਉਸ ਉਹ ਥਾਂ ਵਿਖਾਈ ਜਿਥੇ ਚੌਲ ਸੁਟੇ ਸਨ। ਕਣਕਾ ਨੇ ਕਿਹਾ ਜੇ ਮੈਂ ਆਪ ਮਰ ਜਾਂਦਾ ਤਾਂ ਕੋਈ ਗਲ ਨਹੀਂ ਸੀ। ਇਹ ਕਿੱਡਾ ਉਪੱਦਰ ਹੋਇਆ ਹੈ। ਇਕ ਮੰਦਰ ਵਾਲੇ ਘਰ ਵਿਚ ਇਕ ਗਾਂ ਨੂੰ ਜ਼ਹਿਰ ਦਿੱਤੀ ਗਈ ਹੈ।'' ਅਜੇ ਗਲ ਉਸ ਦੇ ਮੂੰਹ ਵਿਚ ਹੀ ਸੀ ਕਿ ਗਾਂ ਨੇ ਕਿਸੇ ਵੈਦ ਦੇ ਆਉਣ ਤੋਂ ਪਹਿਲਾਂ ਹੀ ਅੰਤਮ ਸਵਾਸ ਲੈ ਲਏ।

ਲੀਲਾ ਨੇ ਜਦੋਂ ਇਹ ਦਿਲ ਚੀਰਨ ਵਾਲਾ ਦ੍ਰਿਸ਼ ਵੇਖਿਆ ਤਾਂ ਰਸੋਈ ਵਿਚ ਵੜ ਗਈ ਅਤੇ ਸਾੜੀ ਦਾ ਇਕ ਪੱਲਾ ਵਿਛਾ ਕੇ ਸ਼ਰਮ, ਦੁਖ ਅਤੇ ਪਸਚਾਤਾਪ ਵਿਚ ਡੁੱਬੀ ਉਹ ਲੇਟ ਗਈ।

ਕਣਕਾ ਚੋਖੀ ਰਾਤ ਗਈ ਤਕ ਬੁਤ ਬਣਿਆ ਬੈਠਾ ਰਿਹਾ। ਫਿਰ ਉਹ ਉਠਿਆ ਅਤੇ ਬਾਹਰ ਜਾ ਕੇ ਕਦੰਬ ਬ੍ਰਿਖ ਹੇਠਾਂ ਲੇਟ ਗਿਆ ਜਿਸਨੂੰ ਅਜੇ ਹੁਣੇ ਹੁਣੇ ਹੀ ਫੁਲ ਲੱਗੇ ਸਨ। ਉਸ ਨੂੰ ਭੈੜੇ ਭੈੜੇ ਸੁਪਨੇ ਆਉਂਦੇ ਸਨ। ਉਸ ਦੀ ਨੀਂਦਰ ਉਖੜੀ ਹੋਈ ਸੀ ਅਤੇ ਉਹ ਕਈ ਵਾਰ ਚੀਕਾਂ ਮਾਰ ਕੇ ਉਠ ਬਹਿੰਦਾ। ਰਾਤ ਮੁਕਣ ਵੇਲੇ ਉਸ ਨੂੰ ਇਕ ਅਜੀਬ ਸੁਪਨਾ ਆਇਆ। ਉਸ ਨੂੰ ਜਾਪਿਆ ਕਿ ਉਹ ਮਰ ਗਿਆ ਹੈ ਅਤੇ ਉਸ ਨੂੰ ਸ਼ਮਸ਼ਾਨ ਭੂਮੀ ਲੈ ਗਏ ਹਨ। ਇਕ ਵੱਡੀ ਚਿਤਾ ਬਣਾਈ ਗਈ ਹੈ ਅਤੇ ਉਸ ਦਾ ਸਰੀਰ ਹੌਲੀ ਹੌਲੀ ਸੜ ਰਿਹਾ ਹੈ। ਮਸਤ ਹੋਏ ਭੂਤਨੇ ਦੁਵਾਲੇ ਨੱਚ ਰਹੇ ਹਨ। ਉਸ ਅਸਹਿ ਕਸ਼ਟ ਵੇਲੇ ਉਸ ਨੇ ਕਿਸੇ ਨੂੰ ਜਿਸ ਨੂੰ

ਅਸਲ ਵਿਚ ਉਹ ਜਾਣਦਾ ਨਹੀਂ ਸੀ ਬੇਨਤੀ ਕੀਤੀ, "ਮੈਨੂੰ ਬਚਾਓ, ਮੈਨੂੰ ਇਸ ਕਸ਼ਟ ਵਿਚੋਂ ਕੱਢੋ।"

ਇਕ ਦਮ ਉਸ ਨੇ ਵੇਖਿਆ ਕਿ ਇਕ ਲੰਮਾ ਅਤੇ ਸੁੰਦਰ ਆਦਮੀ ਉਸ ਦੇ ਵੱਲ ਨੂੰ ਆ ਰਿਹਾ ਸੀ। ਉਸ ਦਾ ਗੋਰਾ ਰੰਗ ਭਖ ਕੇ ਲਾਲ ਹੋ ਗਿਆ ਸੀ।

ਉਹ ਤਪਦੇ ਸੋਨੇ ਦੀ ਕਿਸੇ ਮੂਰਤੀ ਵਾਂਗ ਲਿਸ਼ਕ ਰਿਹਾ ਸੀ। ਉਸ ਨੇ ਕਣਕਾ ਨੂੰ ਬਾਂਹੋਂ ਫੜ ਕੇ ਉਠਾਇਆ ਤੇ ਓਥੋਂ ਛੁਟਕਾਰਾ ਦਵਾ ਦਿੱਤਾ। ਜਦੋਂ ਉਹ ਉਸ ਦਾ ਧੰਨਵਾਦ ਕਰਨ ਲੱਗਾ ਤਾਂ ਉਸ ਦੇਵਤਿਆਂ ਵਰਗੇ ਆਦਮੀ ਨੇ ਉਸ ਦੀ ਭਾਲ ਵਿਚ ਨਿਕਲਨ ਲਈ ਆਖਿਆ। ਸਵੇਰੇ ਕਣਕਾ ਓਥੋਂ ਟੁਰ ਪਿਆ ਅਤੇ ਜਿਸ ਤਰ੍ਹਾਂ ਉਸ ਨੂੰ ਹੁਕਮ ਹੋਇਆ ਸੀ ਚੈਤਨਿਯ ਦੀ ਭਾਲ ਕਰਨ ਲਗਾ। ਉਹੀ ਸੀ, ਜਿਹੜਾ ਉਸ ਨੂੰ ਸੁਪਨੇ ਵਿਚ ਮਿਲਿਆ ਸੀ।

14. ਲੀਲਾ ਦੀ ਕਣਕਾ ਲਈ ਭਾਲ

ਡਰ ਨਾਲ ਸੁਕੜੀ ਹੋਈ ਲੀਲਾ ਆਪਣੇ ਬਿਸਤਰੇ ਵਿੱਚੋਂ ਉੱਠੀ। ਉਸ ਨੂੰ ਵੀ ਆਰਾਮ ਦੀ ਨੀਂਦਰ ਨਹੀਂ ਆਈ ਸੀ। ਉਸ ਦੇ ਵਾਲ ਖਿਲਰੇ ਹੋਏ ਸਨ। ਉਹ ਕਣਕਾ ਦੇ ਸੌਣ ਦੇ ਕਮਰੇ ਵਿਚ ਗਈ ਪਰ ਉਹ ਓਥੇ ਨਹੀਂ ਸੀ। ਉਹ ਗਾਂ ਦੇ ਵਾੜੇ ਵਲ ਗਈ ਪਰ ਉਹ ਉਥੇ ਨਹੀਂ ਸੀ। ਨਿੰਦਰਾਈਆਂ ਅੱਖਾਂ ਨਾਲ ਅਤੇ ਭੁੱਖ ਨਾਲ ਅਤੇ ਦੁਖ ਨਾਲ ਪੀਲੀ ਹੋਈ ਉਸ ਨੇ ਪਿੰਡ ਦੀ ਹਰ ਥਾਂ ਵੇਖੀ, ਪਰ ਕਣਕਾ ਉਸ ਨੂੰ ਕਿਧਰੋਂ ਨ ਲਭਾ।

ਸਿਆਲ ਮੁਕਣ ਵੇਲੇ ਦਰਿਆ ਵਿਚ ਉਤਾਰ ਚੜ੍ਹਾ ਅਰੰਭ ਹੋ ਗਏ ਸਨ। ਗ਼ਮ ਖਾਧੀ ਮੁਟਿਆਰ ਉਸ ਦੇ ਕੰਢਿਆਂ ਉੱਤੇ ਕਣਕਾ ਨੂੰ ਲਭਦੀ ਫਿਰਦੀ ਰਹਿੰਦੀ। ਉਹ ਮਾਲਤੀ ਅਤੇ ਬੱਕੁਲ ਦੇ ਫੁੱਲਾਂ ਕੋਲ ਜਾਂਦੀ ਅਤੇ ਪਾਗਲਾਂ ਵਾਂਗ ਉਹਨਾਂ ਤੋਂ ਪੁਛਦੀ ਕਿ ਉਹਨਾਂ ਕਿਧਰੇ ਕਣਕਾ ਤੇ ਉਧਰੋਂ ਲੰਘਦਾ ਨਹੀਂ ਵੇਖਿਆ। ਉਹ ਫਿਰ ਫਿਰ ਉਹੀ ਥਾਵਾਂ ਵੇਖਦੀ ਅਤੇ ਕਣਕਾ ਕਣਕਾ ਆਖ ਕੇ ਵਾਜਾਂ ਮਾਰਦੀ।। ਸ਼ੋਕ ਕੋਈ ਉੱਤਰ ਨਹੀਂ ਸੀ ਮਿਲਦਾ। ਉਹ ਰੋਂਦੀ ਅਤੇ ਆਪਣੇ ਪਿੰਜਰੇ ਵਿਚ ਰਾਖਵੇਂ ਪੰਛੀਆਂ ਤੋਂ ਪੁੱਛਦੀ "ਮੇਰੇ ਪਿਆਰਿਓ! ਮੈਨੂੰ ਦੱਸੋ ਉਹ ਕਿਧਰ ਨੂੰ ਗਿਆ ਹੈ,'! ਮਧੂ ਮਖੀਆਂ ਮਾਲਤੀ ਦੇ ਫੁੱਲਾਂ ਉਤੇ ਭਿੰਨ ਭਿਨਾ ਰਹੀਆਂ ਸਨ ਤੇ ਝਲੀਆਂ ਵਾਂਗ ਉਹ ਖਲੋ ਕੇ ਸੁਣਦੀ ਰਹੀ ਜਿਵੇਂ ਉਨ੍ਹਾਂ ਤੋਂ ਹੀ ਕੋਈ ਅਤਾ ਪਤਾ ਮਿਲ ਜਾਵੇ।

15. ਗਰਗਾ ਦਾ ਵਰਤ ਅਤੇ ਪਸ਼ਚਾਤਾਪ ਦੀ ਪ੍ਰਤਿਗਿਆ ਅਤੇ ਮੰਦਰ ਵਿੱਚੋਂ ਆਵਾਜ਼

ਆਓ! ਹੁਣ ਗਰਗਾ ਦਾ ਹਾਲ ਵੇਖੀਏ। ਸਾਰਾ ਦਿਨ ਅਤੇ ਰਾਤ ਉਹ ਪਾਗਲਾਂ ਵਾਂਗ ਕਦੀ ਦਰਿਆ ਦੇ ਕੰਢੇ ਉੱਤੇ ਅਤੇ ਕਦੀ ਸੁੰਨੇ ਰਾਹਾਂ ਉੱਤੇ ਫਿਰਦਾ ਰਿਹਾ। ਸਵੇਰ ਵੇਲੇ ਥਕਿਆ ਟੁਟਿਆ ਅਤੇ ਵਿਆਕੁਲ ਹੋਇਆ ਘਰ ਮੁੜਿਆ। ਰਾਹ ਵਿਚ ਉਸ ਨੇ ਕਈ ਕੁਸ਼ਗਨ ਵੇਖੇ। ਹਵਾ ਵਿਚ ਉਸ ਨੂੰ ਭੂਤਨੇ ਅਤੇ ਚੁੜੇਲਾਂ ਹੌਲੀ ਹੌਲੀ ਟੁਰਦੀਆਂ ਲਗਦੀਆਂ ਸਨ। ਕਾਂ ਅਤੇ ਗਿਰਝਾਂ ਚਿੱਟੇ ਦਿਨ ਆਪਣੀਆਂ ਆਵਾਜ਼ਾਂ ਨਾਲ ਉਸ ਦੇ ਦਿਲ ਨੂੰ ਕੰਬਾ ਰਹੀਆਂ ਸਨ, ਇਕ ਗਿੱਦੜ ਉਸ ਦੇ ਅੱਗੋਂ ਦੀ ਲੰਘ ਗਿਆ ਅਤੇ ਉਸ ਮੁੜ ਕੇ ਪਿਛਾਂਹ ਨਾ ਵੇਖਿਆ। ਉਸ ਨੇ ਹਵਾ ਵਿਚ ਅਜੀਬ ਚੀਕਾਂ ਸੁਣੀਆਂ। ਘਰ ਆਇਆ ਤਾਂ ਉਸ ਦੇ ਘਰ ਦੇ ਬੂਹੇ ਅੱਗੋਂ ਉਸਨੂੰ ਅੰਦਰੋਂ

ਬੰਦ ਮਿਲੇ। ਬਾਗ਼ ਵਿਚ ਫੁਲ ਸਾਰੇ ਮੁਰਝਾਏ ਪਏ ਸਨ। ਮਖੀਆਂ ਵੀ ਪਹਿਲੇ ਵਾਂਗ ਭਿਨ ਭਿਨਾ ਨਹੀਂ ਰਹੀਆਂ ਸਨ। ਉਸ ਨੇ ਮਨ ਵਿਚ ਸੋਚਿਆ, "ਕਲ ਏਥੇ ਰਾਤ ਨੂੰ ਮੰਦਰ ਵਿਚ ਦੀਵਾ ਬਾਲਣ ਵਾਲਾ ਕੋਈ ਨਹੀਂ ਸੀ। "ਕਿੰਨੇ ਸ਼ੋਕ ਦੀ ਗਲ ਹੈ, ਰਾਖਵੇਂ ਪੰਛੀ ਗੁੰਗੇ ਬਣੇ ਬੈਠੇ ਸਨ ਤੇ ਸਦਾ ਵਾਂਗ ਕਣਕਾ ਅਤੇ ਲੀਲਾ ਦਾ ਨਾਂ ਲੈ ਲੈ ਨਹੀਂ ਸਦਦੇ ਸਨ। ਪਰ ਸਭ ਤੋਂ ਵਧ ਦੁਖ ਵਾਲਾ ਦ੍ਰਿਸ਼ ਇਸ ਤੋਂ ਪਿੱਛੋਂ ਆਇਆ। ਪਿਆਰੀ ਗਾਂ ਸੁਰਵੀ ਦਾ ਮੁਰਦਾ ਪਿਆ ਸੀ, ਉਹ ਜ਼ਹਿਰ ਨਾਲ ਨੀਲੀ ਹੋਈ ਸੀ ਅਤੇ ਦੁਖੀ ਵੱਛਾ ਪਟੂਲੀ ਉਸਦੇ ਕੋਲ ਖੜਾ ਅੜਿੰਗ ਰਿਹਾ ਸੀ। ਇਹ ਵੇਖ ਕੇ ਤਰਸ ਨਾਲ ਉਸਦਾ ਦਿਲ ਪਿਘਰ ਗਿਆ। ਵੱਛਾ ਰਿੰਗਦਾ ਰਿੰਗਦਾ ਘੜੀ ਘੜੀ ਆਪਣੀ ਮਰੀ ਹੋਈ ਮਾਂ ਕੋਲ ਜਾਂਦਾ ਸੀ ਅਤੇ ਉਸ ਨੂੰ ਆਪਣੇ ਰਿੰਗਣ ਨਾਲ ਜਗਾਣਾ ਚਾਹੁੰਦਾ ਸੀ, ਫਿਰ ਜਦੋਂ ਉਸਨੇ ਕੋਈ ਜਵਾਬ ਨਾ ਦਿੱਤਾ, ਉਹ ਭਜ ਕੇ ਗਰਗਾ ਵਲ ਆਇਆ ਅਤੇ ਨਿਆਸਰਾ ਹੋ ਕੇ ਆਪਣਾ ਸਿਰ ਉਸ ਦੇ ਪੈਰਾਂ ਉੱਤੇ ਰਖ ਦਿੱਤਾ।

ਬਲਵਾਨ ਪੁਰਸ਼ ਹੁਣ ਜ਼ਬਤ ਨਾ ਰਖ ਸਕਿਆ। ਉਹ ਬਚਿਆਂ ਵਾਂਗ ਰੋਣ ਲਗ ਪਿਆ। ਫਿਰ ਹੌਲੀ ਹੌਲੀ ਸੁਰਤ ਸੰਭਾਲ ਕੇ ਉਹ ਆਪਣੇ ਨਿਸਚੇ ਵਿਚ ਪੱਕਾ ਹੋ ਗਿਆ ਕਿ ਵਰਤ ਅਤੇ ਜਗਰਾਤੇ ਰਖ ਕੇ ਦੇਵਤਿਆਂ ਨੂੰ ਪ੍ਰਸੰਨ ਕਰਨਾ ਹੈ। ਮੰਦਰ ਵਿਚ ਵੜ ਕੇ ਉਸ ਅੰਦਰੋਂ ਬੂਹਾ ਮਾਰ ਲਿਆ। ਉਹ ਪੂਜਾ ਕਰਨ ਬੈਠ ਗਿਆ ਅਤੇ ਉਸਦੀਆਂ ਅੱਖਾਂ ਵਿਚ ਲਗਾਤਾਰ ਹੰਝੂ ਵਗ ਰਹੇ ਸਨ।

ਕਵੀ ਦਮੋਦਰ ਕਹਿੰਦਾ ਹੈ: ਕਿ ਉਸ ਨੇ ਆਪਣੀ ਜਾਨ ਦੇ ਦੇਣ ਦਾ ਮਨ ਬਣਾਇਆ ਹੋਇਆ ਸੀ। ਉਹ ਆਪਣੇ ਦੇਵਤਿਆਂ ਨੂੰ ਹੰਝੂਆਂ ਤੋਂ ਬਿਨਾਂ ਹੋਰ ਕੋਈ ਭੇਟਾ ਨਹੀਂ ਦੇਣਾ ਚਾਹੁੰਦਾ ਸੀ। ਪਿੰਡ ਇਹ ਗਲ ਟੁਰ ਪਈ ਕਿ ਗਰਗਾ ਬ੍ਰਾਹਮਣ ਨੇ ਆਪਣੀ ਜਾਨ ਦੇਵਤਿਆਂ ਨੂੰ ਅਰਪਣ ਕਰ ਦੇਣ ਦਾ ਨਿਸ਼ਚਾ ਕੀਤਾ ਹੋਇਆ ਹੈ, ਜੇ ਉਹ ਉਸ ਦੇ ਵਰਤ ਅਤੇ ਜਗਰਾਤੇ ਉੱਤੇ ਸੰਤੁਸ਼ਟ ਹੋ ਗਏ ਤਾਂ ਠੀਕ, ਨਹੀਂ ਤਾਂ ਉਹ ਆਪਣੀ ਥਾਂ ਤੋਂ ਇਕ ਇੰਚ ਵੀ ਨਹੀਂ ਹਿੱਲੇਗਾ। ਅਤੇ ਉਸੇ ਆਸਨ ਵਿਚ ਹੀ ਮਰ ਜਾਵੇਗਾ।

ਦੋ ਦਿਨ ਉਸ ਨੇ ਕੋਈ ਭੋਜਨ ਨਾ ਖਾਧਾ ਅਤੇ ਨਾ ਹੀ ਮੰਦਰ ਦਾ ਦਰਵਾਜ਼ਾ ਖੋਲ੍ਹਿਆ। ਉਸ ਦੇ ਸ਼ਿਸ਼ ਸਵੇਰੇ ਸ਼ਾਮ ਹਾਲ ਪੁੱਛਣ ਆਉਂਦੇ, ਪਰ ਬੂਹਾ ਨਾ ਖੁੱਲ੍ਹਿਆ।

ਫਿਰ ਉਸ ਨੇ ਮੰਦਰ ਵਿੱਚੋਂ ਇਹ ਆਵਾਜ਼ ਸੁਣੀ:

"ਸੁਣ ਗਰਗਾ, ਕਿਓਂ ਦੇਵਤੇ ਤੇਰੇ ਉਤੇ ਗੁੱਸੇ ਹਨ। ਉਹ ਉਸ ਪੁਰਸ਼ ਨੂੰ ਕਿਸਤਰ੍ਹਾਂ ਪਸੰਦ ਕਰ ਸਕਦੇ ਹਨ, ਜਿਹੜਾ ਆਪਣੇ ਬੱਚੇ ਦੀ ਜਾਨ ਲੈਣ ਦੀ ਵਿਉਂਤ ਬਣਾਂਦਾ ਹੈ। ਅਤੇ ਉਸ ਨੂੰ ਜ਼ਹਿਰ ਦੇਣ ਦੀ ਕੋਸ਼ਸ਼ ਕਰਦਾ ਹੈ ਜਿਹੜਾ ਉਸ ਉਤੇ ਹੀ ਆਸਵਿਕਰਿਤ ਹੈ। ਤੇਰੀਆਂ ਮੁਸੀਬਤਾਂ ਤੇਰੀਆਂ ਆਪਣੀਆਂ ਬਦੀਆਂ ਕਰਕੇ ਹਨ। ਕਣਕਾ ਦੇ ਭੋਜਨ ਵਿਚ ਤੂੰ ਜਿਹੜਾ ਜ਼ਹਿਰ ਮਿਲਾਇਆ ਸੀ ਉਸ ਨਾਲ ਸੁਰਵੀਗਾਂ ਮਰ ਗਈ ਹੈ।" ਤਿੰਨਾਂ ਦਿਨਾਂ ਦੇ ਵਰਤ ਅਤੇ ਜਗਰਾਤੇ ਪਿੱਛੋਂ ਗਰਗ ਨੇ ਇਹ ਆਵਾਜ਼ ਸੁਣੀ ਅਤੇ ਉਸ ਨੇ ਬਹੁਤ ਪਸ਼ਚਾਤਾਪ ਕੀਤਾ। ਉਹ ਰੋ ਰੋ ਕੇ ਆਖਦਾ ਸੀ "ਗਲਤ ਗੱਲ ਉਤੇ ਵਿਸ਼ਵਾਸ ਕਰਕੇ ਮੈਂ ਬੜਾ ਗੁਨਾਹ ਕੀਤਾ ਹੈ।

ਮੇਰੀਆਂ ਚੰਗਿਆਈਆਂ ਸਿਫਰ ਹੋ ਗਈਆਂ ਹਨ। ਮੈਂ ਬਦੀ ਕਰਕੇ ਆਪਣੀ ਕੰਨਿਆਂ ਦੀ ਹਤਿਆ ਕਰਨੀ ਚਾਹੀ ਅਤੇ ਉਸ ਆਦਮੀ ਨੂੰ ਜ਼ਹਿਰ ਦੇਣੀ ਚਾਹੀ ਜਿਹੜਾ ਸਚਾਈ ਦੀ ਰੂਹ ਹੈ ਅਤੇ ਫਰਿਸ਼ਤੇ ਵਾਂਗ ਪਵਿੱਤ੍ਰ ਹੈ। ਮੈਂ ਉਸ ਦੇ ਭੋਜਨ ਵਿਚ ਜ਼ਹਿਰ ਮਿਲਾਇਆ। ਮੈਂ ਸੁਰਵੀ ਦੀ ਜਾਨ ਲਈ ਹੈ, ਜਿਹੜੀ ਮੰਦਰ ਦੀ ਗਾਂ ਹੈ। ਹੁਣ ਪਰਾਸਚਿਤ ਵਜੋਂ ਮੈਨੂੰ ਕੀ ਕਰਨਾ ਚਾਹੀਦਾ ਹੈ ? ਕੀ ਮੈਂ ਅੱਗ ਵਿਚ ਪੈ ਕੇ ਸੜ ਜਾਵਾਂ ? ਗਾਂ ਮਾਰਨ ਦਾ ਭਾਰਾ ਅਪਰਾਧ ਮੇਰਾ ਆਪਣਾ ਹੈ। ਮੈਂ ਇਸ ਤੋਂ ਕਿਵੇਂ ਬਚ ਸਕਦਾ ਹਾਂ ਅਤੇ ਦੇਵਤਿਆਂ ਦੀਆਂ ਨਜ਼ਰਾਂ ਵਿਚ ਕਿਵੇਂ ਸੁਰਖਰੂ ਹੋ ਸਕਦਾ ਹਾਂ ?

ਉਸ ਨੇ ਫਿਰ ਮੰਦਰ ਦਾ ਬੂਹਾ ਬੰਦ ਕਰ ਲਿਆ ਅਤੇ ਤਿੰਨ ਦਿਨ ਹੋਰ ਵਰਤ ਅਤੇ ਜਗਰਾਤਾ ਕੀਤਾ। ਆਵਾਜ਼ ਫਿਰ ਆਈ "ਕੁਮਲਾਏ ਹੋਏ ਫੁਲ, ਜਿਹੜੇ ਲੀਲਾ ਨੇ ਇਕੱਠੇ ਕੀਤੇ ਸਨ ਅਤੇ ਤੂੰ ਅਪਵਿੱਤ੍ਰ ਸਮਝ ਕੇ ਸੁਟ ਦਿੱਤੇ ਸਨ, ਚੁਕ ਲੈ ਅਤੇ ਉਨ੍ਹਾਂ ਨਾਲ ਦੇਵਤਿਆਂ ਦੀ ਪੂਜਾ ਕਰ। ਤੇਰਾ ਸਭ ਗੁਨਾਹਾਂ ਤੋਂ ਛੁਟਕਾਰਾ ਹੋ ਜਾਵੇਗਾ।"

ਜਦੋਂ ਬ੍ਰਾਹਮਣ ਨੇ ਲੀਲਾ ਦੇ ਤੋੜੇ ਹੋਏ ਫੁਲ ਚੁੱਕੇ ਤਾਂ ਉਹ ਰੋ ਪਿਆ। ਜਦੋਂ ਉਸ ਨੇ ਉਨ੍ਹਾਂ ਨਾਲ ਦੇਵਤਿਆਂ ਦੀ ਪੂਜਾ ਕੀਤੀ ਉਦੋਂ ਵੀ ਉਹ ਰੋਇਆ। ਇਸ ਤਰ੍ਹਾਂ ਉਸ ਦੀ ਗਊ ਹੱਤਿਆ ਦੇ ਅਪਰਾਧ ਤੋਂ ਖਲਾਸੀ ਹੋਈ।

ਹੁਣ ਉਸ ਨੂੰ ਚੰਗੀ ਤਰ੍ਹਾਂ ਸਮਝ ਆ ਗਈ ਕਿ ਦੁਸ਼ਟ ਬ੍ਰਾਹਮਣਾਂ ਨੇ ਕਣਕਾ ਅਤੇ ਲੀਲਾ ਦੇ ਵਿਰੁਧ ਸ਼ਰਾਰਤ ਕੀਤੀ ਸੀ। ਅਤੇ ਉਨ੍ਹਾਂ ਦੀ ਚਲਾਕੀ ਕਰਕੇ ਹੀ ਕਣਕਾ ਨੂੰ ਘਰ ਛਡਣਾ ਪਿਆ ਸੀ।

ਜਦੋਂ ਉਸਨੂੰ ਕਣਕਾ ਅਤੇ ਲੀਲਾ ਦੇ ਨਿਰਦੋਸ਼ ਹੋਣ ਦਾ ਅਤੇ ਬ੍ਰਾਹਮਣਾਂ ਦੇ ਪਾਪ ਦਾ ਵਿਸ਼ਵਾਸ ਹੋ ਗਿਆ ਤਾਂ ਗਰਗਾ ਨੇ ਆਪਣੇ ਸ਼ਿਸ਼ਾਂ ਨੂੰ ਸਦਿਆ ਤੇ ਉਨ੍ਹਾਂ ਨੂੰ ਕਿਹਾ ਕਿ ਕਣਕਾ ਦੀ ਭਾਲ ਵਿਚ ਜਾਓ ਅਤੇ ਉਸ ਨੂੰ ਲਭ ਕੇ ਲਿਆਓ।

16. ਕਣਕਾ ਦੀ ਭਾਲ ਵਿਚ ਦੋ ਸ਼ਿਸ਼ਾਂ ਦਾ ਜਾਣਾ

ਬਿਚਿਤ੍ਰ ਅਤੇ ਮਾਧਵ ਦੋ ਜਵਾਨ ਮੁੰਡੇ ਸਨ ਜਿਨ੍ਹਾਂ ਨੂੰ ਗਰਗਾ ਨੇ ਕਣਕਾ ਦੀ ਭਾਲ ਕਰਨ ਲਈ ਕਿਹਾ। ਜਦੋਂ ਉਹ ਟੁਰਨ ਲਗੇ ਤਾਂ ਗਰਗਾ ਨੇ ਕਿਹਾ 'ਉਹ ਏਥੇ ਬਹੁਤ ਸਮਾਂ ਪੁਤ੍ਰਾਂ ਵਾਂਗ ਪਲਦਾ ਰਿਹਾ ਹੈ, ਮੈਂ ਉਸ ਤੋਂ ਬਿਨਾਂ ਕਿਵੇਂ ਰਹਿ ਸਕੰਦਾ ਹਾਂ ? ਇਸ ਪੰਛੀ ਹੀਰਾਮਨ ਵਾਂਗ ਹੀ ਉਹ ਮੈਨੂੰ ਪਿਆਰਾ ਸੀ ਜਿਹੜਾ ਸਦਾ ਮੇਰੇ ਕੰਨਾਂ ਨੂੰ ਆਪਣੀਆਂ ਮਿੱਠੀਆਂ ਗਲਾਂ ਨਾਲ ਅਨੰਦ ਦੇਂਦਾ ਸੀ। ਹਾਏ, ਹੁਣ ਉਹ ਟੁਰ ਗਿਆ ਹੈ। ਤੁਸੀਂ ਸਦਾ ਉਸ ਨੂੰ ਆਪਣਾ ਭਰਾ ਸਮਝ ਕੇ ਪਿਆਰ ਕੀਤਾ ਹੈ। ਤੁਸੀਂ ਸਦਾ ਹੁਣ ਉਸਦੇ ਵਾਸਤੇ ਅਤੇ ਮੇਰੇ ਵਾਸਤੇ ਉਸ ਨੂੰ ਲਭ ਕੇ ਲਿਆਓ ਮੇਰੇ ਕਸੂਰ ਕਰਕੇ ਹੀ ਕਣਕਾ ਇਸ ਵੇਲੇ ਬੇਘਰ ਹੈ। ਜੇ ਤੁਹਾਨੂੰ ਉਹ ਮਿਲੇ ਤਾਂ ਉਸ ਨੂੰ ਕਹਿਣਾ ਕਿ ਮੈਂ ਆਪਣੇ ਪ੍ਰਾਣਾਂ ਦੀ ਕਸਮ ਖਾਧੀ ਹੋਈ ਹੈ। ਉਸ ਤੋਂ ਬਿਨਾ ਆਪਨੇ ਪ੍ਰਾਣ ਤਿਆਗ ਦਿਆਂਗਾ। ਉਸ ਨੂੰ ਇਹ ਵੀ ਦਸਣਾ ਕਿ ਇਸ ਘਰ ਵਿਚ ਉਸ ਤੋਂ ਬਿਨਾ ਵੱਛੇ ਪਟੂਲੀ ਦੀ ਸੇਵਾ ਕਰਨ ਵਾਲਾ ਹੋਰ ਕੋਈ ਨਹੀਂ, ਨਾ ਕੋਈ ਇਸ ਨੂੰ ਚਰਾਂਦ ਵਿਚ ਲਿਜਾਣ ਵਾਲਾ ਨਾਂ ਕੋਈ

ਪੱਠੇ ਪਾਣ ਵਾਲਾ। ਉਸ ਨੂੰ ਕਹਿਣਾ ਕਿ ਹੀਰਾਮਨ ਅਤੇ ਸੂਕਾ ਪੰਛੀਆਂ ਨੇ ਭਾਵੇਂ ਉਹ ਬੇਜਬਾਨ ਹਨ ਗ਼ਮ ਵਿਚ ਅੰਨ ਤਿਆਗ ਦਿੱਤਾ ਹੈ। ਮੇਰਾ ਬਾਗ਼ ਜਿਹੜਾ ਕਦੀ ਚੰਨ ਵਾਂਗ ਮੁਸਕਰਾਂਦਾ ਸੀ ਹੁਣ ਅਨ੍ਹੇਰੇ ਵਿਚ ਹੈ ਅਤੇ ਸਾਡੀ ਇਹ ਕੁਟੀਆ ਸ਼ਮਸ਼ਾਨਾਂ ਵਾਂਗ ਵੀਰਾਨ ਹੈ। ਜਿੰਨਾਂ ਚਿਰ ਤੂੰ ਮੁੜ ਕੇ ਨਹੀਂ ਆਉਂਦਾ ਮੈਂ ਇਹ ਮੰਦਰ ਨਹੀਂ ਛਡਾਂਗਾ। ਜੇ ਤੁਸੀਂ ਉਸ ਨੂੰ ਨਾ ਲਭ ਸਕੇ ਤਾਂ ਮੈਂ ਭੁਖਾ ਰਹਿ ਕੇ ਮਰ ਜਾਵਾਂਗਾ। ਜੇ ਤੁਹਾਨੂੰ ਉਹ ਮਿਲ ਜਾਵੇ ਤਾਂ ਉਸਦਾ ਹਥ ਫੜ ਕੇ ਆਖਣਾ "ਜਿਸ ਨੂੰ ਤੂੰ ਪਿਤਾ ਕਹਿੰਦਾ ਹੁੰਦਾ ਸੀ ਉਹ ਸ਼ਰਮ ਅਤੇ ਪਛਤਾਵੇ ਵਿਚ ਡੁਬਿਆ ਹੋਇਆ ਹੈ ਅਤੇ ਤੇਰੇ ਤੋਂ ਖਿਮਾ ਮੰਗਦਾ ਹੈ।"

ਉਨ੍ਹਾਂ ਉਸ ਨੂੰ ਨਿਮਸਕਾਰ ਕੀਤੀ ਅਤੇ ਕਣਕਾ ਨੂੰ ਲੱਭਣ ਪਿੰਡੋਂ ਟੁਰ ਪਏ, ਜਿਸ ਨੂੰ ਉਹ ਭਰਾਵਾਂ ਵਾਂਗ ਪਿਆਰ ਕਰਦੇ ਸਨ।

ਆਪਣੇ ਕਮਰੇ ਵਿਚ ਇਕੱਲੀ ਲੀਲਾ, ਜੋ ਕੁਝ ਹੋ ਰਿਹਾ ਸੀ, ਸੁਣ ਰਹੀ ਸੀ।

17. ਲੀਲਾ ਨੇ ਆਪਣਾ ਵਿਛੋੜਾ ਕਿਵੇਂ ਕੱਟਿਆ

ਲੀਲਾ ਨੇ ਘਟ ਹੀ ਕੁਝ ਖਾਧਾ ਅਤੇ ਬਹੁਤ ਸਾਰੀਆ ਰਾਤਾਂ ਬਿਨਾਂ ਨੀਂਦਰ ਤੋਂ ਲੰਘਾਈਆਂ। ਉਹ ਭੋਂਏ ਉੱਤੇ ਸਾੜ੍ਹੀ ਦਾ ਪਲਾ ਵਿਛਾ ਕੇ ਲੇਟੀ ਰਹਿੰਦੀ, ਜਿਵੇਂ ਉਸ ਕੋਲੋਂ ਉਠਿਆ ਨਹੀਂ ਜਾਂਦਾ। ਕਈ ਵਾਰ ਜਦੋਂ ਸਵੇਰੇ ਸੂਰਜ ਬਾਰੀਆਂ ਵਿੱਚੋਂ ਦੀ ਝਾਕਦਾ ਤਾਂ ਉਹ ਰੋਵੇਂ, ਹਥ ਜੋੜ ਕੇ ਉਸ ਅਗੇ ਅਰਦਾਸ ਕਰਦੀ 'ਹੇ ਸੂਰਜ' ਤੂੰ ਸਵੇਰੇ ਉਠਦਾ ਹੈਂ ਅਤੇ ਆਪਣੇ ਹਵਾਈ ਰਸਤੇ ਉਤੇ ਸਾਰਾ ਦਿਨ ਘੁੰਮਦਾ ਹੈਂ। ਆਪਣ ਸਫਰ ਵਿਚ ਤੂੰ ਸਾਰੇ ਦੇਸ਼ ਵੇਖਦਾ ਹੈਂ। ਕੋਈ ਵੀ ਥਾਂ ਭਾਵੇਂ ਕਿੰਨੀ ਅਨ੍ਹੇਰੀ ਹੋਵੇ ਅਜਿਹੀ ਨਹੀਂ ਜਿਥੇ ਤੇਰੀਆਂ ਕਿਰਨਾਂ ਨਹੀਂ ਅਪੜਦੀਆਂ। ਹੇ ਚਾਨਣ ਦੇ ਦੇਵਤਾ ! ਤੂੰ ਜਾਣਦਾ ਹੈਂ ਕਿ ਉਹ ਇਸ ਵੇਲੇ ਕਿਥੇ ਠਹਿਰਿਇਆ ਹੋਇਆ ਹੈ। ਜਦੋਂ ਹੁਣ ਤੂੰ ਉਸ ਨੂੰ ਵੇਖੇਂ ਤਾਂ ਕਿਰਪਾ ਕਰਕੇ ਉਸ ਨੂੰ ਮੇਰੇ ਬਾਰੇ ਦਸੀਂ ਤੇ ਉਸ ਦੇ ਛੇਤੀ ਪਿਛਾਂਹ ਮੁੜਨ ਲਈ ਰਾਹ ਵਿਚ ਚਾਨਣ ਕਰਨਾ ਨਾਂ ਭੁਲੀਂ।"

ਕਦੀ ਕਦੀ ਉਹ ਪੋਲੇ ਪੈਰੀਂ ਟੁਰਦੀ ਦਰਿਆ ਉੱਤੇ ਚਲੀ ਜਾਂਦੀ ਅਤੇ ਮਲਾਹਾਂ ਕੋਲ ਆਪਣੀ ਚੁਪ ਚਾਪ ਅਰਦਾਸ ਕਰਦੀ ! "ਹੇ ਮਲਾਹ ਭਰਾਵੋ ! ਤੁਸੀਂ ਆਪਣੀਆਂ ਬੇੜੀਆਂ ਚਲਾਈ ਫਿਰਦੇ ਹੋ ਅਤੇ ਕਈ ਥਾਵਾਂ ਉੱਤੇ ਜਾਂਦੇ ਹੋ। ਜੇ ਤੁਸੀਂ ਉਸ ਨੂੰ ਮਿਲੋ ਤਾਂ ਉਸ ਨੂੰ ਸਾਡੇ ਪੱਤਣਾਂ ਵਲ ਮੋੜ ਲਿਆਉਣਾ। ਉਸ ਨੂੰ ਆਖਣਾ ਕਿ ਮੇਰੇ ਦਿਨ ਮੈਨੂੰ ਬਹੁਤ ਲੰਮੇ ਲਗਦੇ ਹਨ। ਰਾਤਾਂ ਇੰਞ ਲਗਦੀਆਂ ਹਨ, ਜਿਵੇਂ ਕਦੀ ਲੰਘਣੀਆਂ ਹੀ ਨਹੀਂ। ਹਾਏ ! ਮੇਰਾ ਦੁਖ ਹੀ ਉਨ੍ਹਾਂ ਨੂੰ ਇਸ ਤਰ੍ਹਾਂ ਬਣਾਂਦਾ ਹੈ। ਉਸ ਨੂੰ ਇਹ ਵੀ ਆਖਣਾ ਕਿ ਇਸ ਤਰ੍ਹਾਂ ਮੈਂ ਬਹੁਤਾ ਚਿਰ ਨਹੀਂ ਜੀਉਂ ਸਕਦੀ।

ਦਰਿਆ ਨੂੰ ਉਹ ਆਖਦੀ, "ਹੇ ਉੱਚੀ ਕੁੱਖ ਵਾਲਿਆ ਪਹਾੜਾਂ ਦੇ ਬੇਟਿਆ; ਇਸ ਦੁਖੀ ਉੱਤੇ ਤਰਸ ਕਰ; ਤੈਨੂੰ ਪਤਾ ਹੀ ਹੈ ਕਿ ਅਸੀਂ ਇਕ ਦੂਜੇ ਨੂੰ ਕਿੰਨਾ ਪਿਆਰ ਕਰਦੇ ਸਾਂ। ਕਿਸ ਤਰ੍ਹਾਂ ਹਸਦਿਆਂ ਖੇਡਦਿਆਂ ਅਸੀਂ ਆਪਣੇ ਦਿਨ ਅਤੇ ਰਾਤਾਂ ਲੰਘਾ ਰਹੇ ਸਾਂ। ਤੂੰ ਕਈ ਦੇਸ਼ਾਂ ਵਿੱਚ ਭੌਂਦਾ ਹੈਂ। ਤੂੰ ਉਸ ਦੀ ਬੰਸਰੀ ਦੀ ਆਵਾਜ਼ ਨਹੀਂ ਸੁਣੀ ? ਜੇ ਤੂੰ ਉਸ ਨੂੰ ਮਿਲਿਆ

ਤਾਂ ਉਸ ਨੂੰ ਮੇਰਾ ਇਕ ਸੁਨੇਹਾ ਦੇਈਂ। ਉਹਨੂੰ ਪੁਛੀਂ, "ਮੈਥੋਂ ਵਿਛੜ ਕੇ ਤੂੰ ਜੀਉਂਦਾ ਕਿਸ ਤਰ੍ਹਾਂ ਹੈਂ ?"

ਚੁਪ ਕੀਤੇ ਦਰਿਆ ਅਤੇ ਬਿਰਖਾਂ ਨੇ ਉਸ ਦੇ ਦਰਦ ਭਰੇ ਤਰਲੇ ਸੁਣੇ। ਤਰਸ ਨਾਲ ਉਹਨਾਂ ਦਾ ਦਿਲ ਪੱਘਰ ਜਾਂਦਾ, ਪਰ ਉਹ ਆਪਣੀ ਹਮਦਰਦੀ ਜ਼ਾਹਰ ਕਿਸ ਤਰ੍ਹਾਂ ਕਰ ਸਕਦੇ ਸਨ।

ਇਸਤਰ੍ਹਾਂ ਬੇਜਾਨ ਚੀਜ਼ਾਂ ਵੀ ਉਸ ਦੀਆਂ ਸਾਥਣਾਂ ਹੋ ਗਈਆਂ ਅਤੇ ਆਪਣਾ ਡੂੰਘਾ ਦਰਦ ਉਹ ਉਹਨਾਂ ਨਾਲ ਸਾਂਝਾ ਕਰਦੀ ਰਹਿੰਦੀ। ਉਹ ਅਕਾਸ਼ ਅਗੇ ਅਰਦਾਸਾਂ ਕਰਦੀ, ਜਿਹੜਾ ਤਾਰਿਆਂ ਦੀਆਂ ਆਪਣੀਆਂ ਹਜ਼ਾਰਾਂ ਅੱਖਾਂ ਨਾਲ ਧਰਤੀ ਦੀ ਹਰ ਨੁੱਕਰ ਵੇਖਦਾ ਸੀ। ਉਹ ਆਖਦੀ ਮੈਂ ਰਾਤੀ ਸੁਤੀ ਪਈ ਸਾਂ। ਇਕ ਚੋਰ ਨੇ ਆਕੇ ਕੇ ਉਹ ਹੀਰਾ ਚੁਰਾ ਲਿਆ ਜਿਸ ਨੂੰ ਮੈਂ ਸਭ ਤੋਂ ਵਧ ਪਿਆਰ ਕਰਦੀ ਸਾਂ। ਜੇ ਮੇਰੇ ਕੋਲ ਪੰਛੀਆਂ ਦੇ ਪਰ ਹੁੰਦੇ ਤਾਂ ਮੈਂ ਉਡ ਕੇ ਉਸ ਦੇ ਕੋਲ ਪਹੁੰਚ ਜਾਂਦੀ। "ਜੇ ਕੋਈ ਪੰਛੀ ਆਕੇ ਕਿਸੇ ਬਿਰਖ ਦੀ ਟਹਿਣੀ ਉਤੇ ਬਹਿ ਜਾਂਦਾ ਤਾਂ ਲੀਲਾ ਭਜ ਕੇ ਉਸ ਦੇ ਕੋਲ ਜਾਂਦੀ ਅਤੇ ਰੋ ਰੋ ਕੇ ਉਸ ਤੋਂ ਪੁਛਦੀ ਕਿ ਉਸ ਨੇ ਕਿਧਰੇ ਕਣਕਾ ਤੇ ਨਹੀਂ ਵੇਖਿਆ।" ਉਹ ਆਖਦੀ "ਤੂੰ ਦੂਰੋਂ ਆਇਆ ਹੈਂ ਰਬ ਸਬਬੀ, ਵੇਖਿਆ ਹੋਵੇ ?" ਫਿਰ ਉਹ ਆਪਣੇ ਪਿੰਜਰੇ ਵਾਲੇ ਹੀਰਾ ਮਨ ਅਤੇ ਸੂਕਾ ਨੂੰ ਆਖਦੀ "ਉਹ ਤੁਹਾਨੂੰ ਬਹੁਤ ਪਿਆਰ ਕਰਦਾ ਸੀ। ਕੀ ਉਸਨੇ ਤੁਹਾਨੂੰ ਵਦਾਇਗੀ ਵਜੋਂ ਕੁਝ ਨਹੀਂ ਆਖਿਆ।" ਉਹ ਪੰਛੀਆਂ ਉੱਤੇ ਆਪਣੇ ਨਰਮ ਨਰਮ ਹਥ ਫੇਰਦੀ ਅਤੇ ਆਖਦੀ ਮੇਰੇ ਸਜਨੋ ! ਮੈਂ ਤੁਹਾਡੇ ਪਿੱਛੇ ਪਿੱਛੇ ਆਵਾਂਗੀ ਜੇ ਤੁਸੀਂ ਕੇਵਲ ਮੈਨੂੰ ਰਾਹ ਵਿਖਾਵੋ। ਉਹ ਐਨੇ ਪਿਆਰ ਨਾਲ ਪਾਲਦਾ ਸੀ। ਤੁਸੀਂ ਉਸਨੂੰ ਕਿਸ ਤਰ੍ਹਾਂ ਭੁਲ ਸਕਦੇ ਹੋ ਕੀ ਉਹ ਤੁਹਾਡੇ ਕੋਲ ਆਪਣਾ ਪਤਾ ਨਹੀਂ ਛੱਡ ਗਿਆ ? ਉਹ ਪੰਛੀਆਂ ਨੂੰ ਪਿੰਜਰੇ ਵਿੱਚੋਂ ਬਾਹਰ ਕਢ ਦਿੰਦੀ ਤੇ ਫਿਰ ਆਖਦੀ "ਉਥੇ ਜਾਉ ! ਜਿਥੇ ਉਹ ਚਲਿਆ ਗਿਆ ਹੈ। ਜੇ ਉਹ ਤੁਹਾਨੂੰ ਮਿਲ ਪਵੇ ਤਾਂ ਮੇਰੇ ਦੁਖਾਂ ਦਾ ਇਕ ਗੀਤ ਉਹਦੇ ਕੋਲ ਗਾਇਓ।"

18. ਛੇ ਮਹੀਨਿਆਂ ਦੇ ਦੁਖ ਦੀ ਕਥਾ

ਚੇਤਰ ਦੇ ਮਹੀਨੇ ਵਿਚ ਸਾਰਾ ਬਾਗ ਮਾਲਤੀ ਅਤੇ ਬਾਕੁਲ ਦੇ ਭਰ ਖਿੜੇ ਫੁੱਲਾਂ ਨਾਲ ਮੁਸਕਰਾ ਪਿਆ। ਮਾਲਤੀ ਦੇ ਫੁੱਲਾਂ ਉਤੇ ਮਧੂ ਮਖੀਆਂ ਭਿਨ ਭਿਨਾਦੀਆਂ ਤੇ ਲੀਲਾ ਉਸ ਨੂੰ ਆਖਦੀ "ਹੇ ਮਧੂ ਮਖੀਓ ! ਜੇ ਉਹ ਤੁਹਾਨੂੰ ਮਿਲਿਆ ਤਾਂ ਉਸਨੂੰ ਕਹਿਣਾ ਕਿ ਮਾਲਤੀ ਦੀਆਂ ਜਿਹੜੀਆਂ ਵੇਲਾਂ ਉਸਨੇ ਆਪਣੇ ਹਥਾਂ ਨਾਲ ਲਾਈਆਂ ਸਨ, ਉਨ੍ਹਾਂ ਨੂੰ ਫੁਲ ਲਗ ਪਏ ਹਨ। ਕੀ ਉਹ ਉਹਨਾਂ ਨੂੰ ਵੇਖਣ ਆਪਣੇ ਬਾਗ ਵਿਚ ਨਹੀਂ ਆਵੇਗਾ ?"

ਵਿਸਾਖ ਦੇ ਮਹੀਨੇ ਹਵਾ ਵਿਚ ਗਰਮੀ ਅਸਹਿ ਹੋ ਗਈ ਉਹ ਸਾਰਾ ਦਿਨ ਇਹ ਸੋਚਕੇ ਰੋਂਦੀ ਰਹਿੰਦੀ ਕਿ ਪਰਦੇਸ ਵਿਚ ਏਨੀ ਗਰਮੀ ਵਿਚ ਕਣਕਾ ਦਾ ਕੀ ਹਾਲ ਹੋਵੇਗਾ। ਫੁਲ ਅਤੇ ਪਤੇ ਸੁਨਹਿਰੀ ਰੰਗ ਦੇ ਹੋ ਗਏ ਅਤੇ ਬਾਗ਼ ਮਧੂ ਮਖੀਆਂ ਦੀ ਭਿਨ ਭਿਨਾਹਟ ਨਾਲ ਗੂੰਜਦੇ ਰਹਿੰਦੇ। ਕੋਇਲਾਂ ਟਹਿਣੀਆਂ ਉਤੇ ਬੈਠਦੀਆਂ ਅਤੇ ਮਖੀਆਂ ਫੁੱਲਾਂ ਉਤੇ। ਉਹ ਉਹਨਾਂ ਹਥ ਸੁਨੇਹਾ ਭੇਜਦੀ। ਫੁਲ ਹੁਣ ਬਾਗ਼ ਵਿਚ ਕੁਮਲਾ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਤੋੜਨ ਵਾਲਾ ਹੁਣ ਕੋਈ ਨਹੀਂ ਸੀ। ਬਿਨਾਂ ਧਾਗਿਉਂ ਗੁੰਦੇ ਉਸ ਦੇ ਹਾਰ ਰੋਜ ਕੁਮਲਾ ਜਾਂਦੇ ਸਨ। ਹਾਏ !

ਉਹ ਕਿੰਨਾਂ ਬੇਦਰਦ ਸੀ, ਜਿਹੜਾ ਇਸ ਮਹੀਨੇ ਵੀ ਕੋਲ ਨਹੀਂ ਆਉਂਦਾ ਸੀ।

ਜੇਠ ਵਿਚ ਗੰਧਾਰਜ ਦੀ ਮਿੱਠੀ ਸੁਗੰਧ ਅਤੇ ਜਾਬਾ ਦੀਆਂ ਲਾਲ ਪਤੀਆਂ ਧਰਤੀ ਉੱਤੇ ਜਾਦੂ ਕਰਦੀਆਂ ਹਨ। ਕੋਇਲ ਗੀਤ ਗਾ ਕੇ ਬਸੰਤ ਨੂੰ ਵਿਦਿਆ ਕਰ ਰਹੀ ਹੈ। ਰੁਖਾਂ ਦੀਆਂ ਟੀਸੀਆਂ ਉੱਤੇ ਨਵੇਂ ਪੱਤੇ ਵੇਖ ਕੇ ਅੱਖਾਂ ਖੁਸ਼ ਹੁੰਦੀਆਂ। ਪਰ ਉਹ ਕਣਕਾ ਨੂੰ ਯਾਦ ਕਰਕੇ ਰੋਂਦੀ।

ਹਾੜ ਆਪਣੇ ਸੁੰਦਰ ਫੁੱਲਾਂ ਅਤੇ ਫਲਾਂ ਦੀਆਂ ਸੁਗਾਤਾਂ ਲੈ ਕੇ ਆਉਂਦਾ। ਅੰਬ ਅਤੇ ਕੁਟਾਲ ਦਰਖਤਾਂ ਦੀਆਂ ਟਹਿਣੀਆਂ ਉਤੇ ਪੱਕ ਜਾਂਦੇ, ਹਰ ਰੋਜ਼ ਨਵੇਂ ਨਵੇਂ ਪੰਛੀ ਰੰਗੇ ਹੋਏ ਖੰਭ ਲੈ ਕੇ ਉਨ੍ਹਾਂ ਦੇ ਬਾਗ਼ ਵਿਚ ਆਉਂਦੇ। ਨਵੇਂ ਨਵੇਂ ਗੀਤ ਗਾਉਂਦੇ ਅਤੇ ਨਵੇਂ ਦੇਸ਼ਾਂ ਨੂੰ ਉਡ ਜਾਂਦੇ। ਜਦੋਂ ਗਰਮੀ ਵਧ ਜਾਂਦੀ ਤਾਂ ਆਪਣੀ ਸਾੜ੍ਹੀ ਵਿਛਾ ਕੇ ਠੰਡੀ ਭੋਏਂ ਉਤੇ ਲੇਟ ਜਾਂਦੀ ਤੇ ਹਰ ਵੇਲੇ ਕਣਕਾ ਬਾਰੇ ਸੋਚਦੀ ਰਹਿੰਦੀ। ਸਾਉਣ ਵਿਚ ਬਰਖਾ ਸੁਨਹਿਰੀ ਘੜਾ ਚੁਕੀ ਇਕ ਮੁਟਿਆਰ ਵਾਂਗ ਧਰਤੀ ਤੇ ਆ ਪੈਂਦੀ। ਉਹ ਧਰਤੀ ਉਤੇ ਅੰਮ੍ਰਿਤ ਵਰਸਾਂਦੀ ਅਤੇ ਘਾਹ ਅਤੇ ਬੂਟੇ ਫਿਰ ਗੂੜ੍ਹਾ ਸਾਵਾ ਰੰਗ ਕੱਢ ਆਉਂਦੇ ਸੁਕੇ ਦਰਿਆ ਇਕ ਦਮ ਭਰ ਜਾਂਦੇ ਅਤੇ ਆਪਣੇ ਕੰਢਿਆਂ ਉੱਤੋਂ ਉਛਲ ਜਾਂਦੇ। ਆਪਣੇ ਬਾਦਬਾਨ ਖਿਲਾਰੀ ਬੇੜੀਆਂ ਦੂਰ ਦੇਸ਼ਾਂ ਨੂੰ ਟੁਰ ਪੈਂਦੀਆਂ। "ਕੀ ਇਹ ਮੈਨੂੰ ਕਣਕਾ ਦੀ ਖਬਰ ਦੇਣਗੀਆਂ ?" ਉਹ ਹਉਂਕਾ ਭਰ ਕੇ ਆਪਣੇ ਆਪ ਤੋਂ ਪੁਛਦੀ।"

ਫਿਰ ਭਾਦਰੋਂ ਆਇਆ। ਆਕਾਸ਼ ਵਿਚ ਬੱਦਲ ਗਜਦੇ ਅਤੇ ਬਿਜਲੀ ਲਿਸ਼ਕਦੀ। ਮੋਰ ਨਚਦੇ ਅਤੇ ਆਪਣੇ ਭੜਕੀਲਿਆਂ ਬੂੰਡਿਆਂ ਵਿੱਚੋਂ ਅਸਮਾਨੀ ਪੀਂਘ ਦੇ ਰੰਗ ਵਿਖਾਂਦੇ। ਕਦੰਬ ਦੇ ਫੁਲ ਜਿਹੜੇ ਬਰਖਾ ਦਾ ਤਾਜ ਹਨ ਸਾਰੇ ਪਾਸੇ ਖਿੜ ਪਏ ਅਤੇ ਕੇਤਕੀ ਦੀ ਸੁਗੰਧ ਨੇ ਹਵਾ ਵਿਚ ਮਿਠਾਸ ਭਰ ਦਿੱਤੀ।

ਹੁਣ ਭਾਦਰੋਂ ਦਾ ਹਾਲ ਸੁਣੋ, ਜਿਹੜਾ ਸਿਰ ਉਤੇ ਘੜਾ ਚੁਕੀ ਇਸਤ੍ਰੀ ਵਾਂਗ ਹੈ, ਉਛਲ ਰਹੇ ਦਰਿਆ ਆਪਣੇ ਜ਼ੋਰ ਨਾਲ ਭਾਰੇ ਪੱਥਰ ਅਗੇ ਵਹਾ ਕੇ ਲੈ ਜਾਂਦੇ, ਪਾਣੀ ਵਿਚ ਕਮਲ ਖਿੜਦਾ ਅਤੇ ਹਵਾ ਵਿਚ ਆਪਣੀ ਖੁਸ਼ਬੂ ਖਿਲਾਰ ਦੇਂਦਾ ......ਜ਼ਨਾਨੀਆਂ ਦੂਰ ਦੇਸ਼ਾਂ ਵਿਚ ਆਪਣੀਆਂ ਲੰਮੀਆਂ ਲੰਮੀਆਂ ਬੇੜੀਆਂ ਵਿਚ ਬਾਂਸ ਦੀਆਂ ਟੋਕਰੀਆਂ ਬਣਾਦੀਆਂ ਫਿਰਦੀਆਂ। ਕਦੀ ਕਦੀ ਚਾਤ੍ਰਿਕ ਦੀ ਮੀਂਹ ਮੰਗਣ ਦੀ ਆਵਾਜ਼ ਆਉਂਦੀ। ਭਾਦਰੋਂ ਦੇ ਹੜਾਂ ਨਾਲ ਭਿਜਿਆ ਪਪੀਹਾ ਆਪਣੇ ਸਿਰ ਉੱਤੇ ਬਦਲ ਗਜਦਿਆਂ ਵੀ ਆਪਣੀ ਪ੍ਰੇਮਕਾ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਵਿਚ ਲੱਗਾ ਰਹਿੰਦਾ ਅਤੇ ਸਾਰਾ ਦਿਨ ਆਖਦਾ 'ਵਹੁਟੀਏ ਬੋਲ ਵਹੁਟੀਏ ਬੋਲ', "ਹੇ ਪੰਛੀ ! ਤੇਰੀ ਵਹੁਟੀ ਕੌਣ ਹੈ ਅਤੇ ਕਿਸ ਅਗੇ ਤੂੰ ਪ੍ਰਾਰਥਨਾਵਾਂ ਕਰਦਾ ਹੈਂ" ? ਤੇਰੇ ਤਰਲਿਆਂ ਨਾਲ ਮੇਰਾ ਦਿਲ ਹਿਲ ਜਾਂਦਾ ਹੈ। ਜੇ ਤੂ ਇਕ ਪਲ ਇਕੱਲਾ ਮੇਰੇ ਕੋਲ ਬੈਠੇਂ ਤਾਂ ਮੈਂ ਜ਼ਰੂਰ ਤੈਨੂੰ ਆਪਣੇ ਦਿਲ ਦੇ ਦੁਖ ਦਸਾਂ।"

ਇਸ ਤਰ੍ਹਾਂ ਲੀਲਾ ਨੇ ਛੇ ਲੰਮੇ ਅਤੇ ਥਕਾ ਦੇਣ ਵਾਲੇ ਮਹੀਨੇ ਕਣਕਾ ਦਾ ਫਿਕਰ ਕਰਦਿਆਂ ਲੰਘਾ ਦਿੱਤੇ।

ਬਿਚਿੱਤ੍ਰ ਅਤੇ ਮਾਧਬ ਕਣਕਾ ਨੂੰ ਨਾਲ ਲਿਆਉਣਗੇ, ਇਸੇ ਇਕ ਆਸ਼ਾ ਨਾਲ ਉਸ

ਦੀ ਜੀਵਨ ਤੰਦ ਜੁੜੀ ਹੋਈ ਸੀ। ਰਘੂਸੂਤ ਕਵੀ ਕਹਿੰਦਾ ਹੈ "ਮੁਟਿਆਰੇ ! ਕਿਸਮਤ ਤੇਰੇ ਵਿਰੁੱਧ ਹੈ।"

ਬਿਚਿਤ੍ਰ ਅਤੇ ਮਾਧਬ ਮੁੜ ਆਏ ਹਨ। ਕਣਕਾ ਕਿਧਰੇ ਵੀ ਨਹੀਂ ਲੱਭਾ ਸੀ। ਉਸਨੇ ਉਹਨਾਂ ਦੇ ਮੁੜ ਆਣ ਬਾਰੇ ਸੁਣਿਆ। ਝੂਠੀਆਂ ਆਸਾਂ ਉਸ ਨੂੰ ਧੋਖਾ ਦੇਂਦੀਆਂ ਰਹੀਆਂ। ਉਨਾਂ ਨੂੰ ਵੇਖ ਕੇ ਉਸ ਨੇ ਹੋਲੀ ਜਹੀ ਪੁਛਿਆ। "ਤੁਸੀਂ ਆ ਗਏ ਹੋ ਪਰ ਮੇਰਾ ਵੀਰ ਕਣਕਾ ਕਿੱਥੇ ਜੇ ?"

19. ਨਿਰਾਸ਼ਾ ਵਾਲੀ ਖਬਰ

ਉਹਨਾਂ ਨੇ ਅਫਸੋਸ ਨਾਲ ਕਿਹਾ, "ਪਿਆਰੀ ਭੈਣ ਅਸੀਂ ਕਈ ਦੇਸ਼ਾਂ ਵਿਚ ਘੁੰਮੇਂ। ਅਸਾਂ ਕਈ ਰਾਤਾਂ ਅਨੀਂਦਰੇ ਕਟੀਆਂ। ਅਸਾਂ ਰਾਹ ਵਿਚ ਬੜੇ ਕਸ਼ਟ ਸਹਾਰੇ ਅਤੇ ਦੂਰ ਦੂਰ ਦੇ ਥਾਂ ਛਾਣੇ ਪਰ ਕਿਧਰੋਂ ਕੋਈ ਸੂਹ ਨਹੀਂ ਮਿਲੀ।

"ਪਹਿਲਾਂ ਅਸੀਂ ਪੂਰਬ ਵਲ ਸਿਲਹਟ ਤਕ ਗਏ। ਫਿਰ ਸੁਰਮਾਂ ਦੀ ਘਾਟੀ ਵਿੱਚੋਂ ਅਸੀਂ ਇਕ ਦਰਿਆ ਦੇ ਕੰਢੇ ਕੰਢੇ ਲਗ ਗਏ ਜਿਹੜਾ ਰਾਹ ਵਿਚ ਆਇਆ। ਅਸੀਂ ਕਾਮਰੂਪ ਵੀ ਗਏ ਜਿਥੇ ਅਸਾਂ ਕਾਲੀ ਦਾ ਮੰਦਰ ਵੇਖਿਆ। ਹਰ ਮੰਗਲਵਾਰ ਅਤੇ ਐਤਵਾਰ ਉਥੇ ਬਕਰਿਆਂ ਅਤੇ ਝੋਟਿਆਂ ਦੀ ਬਲੀ ਦਿੱਤੀ ਜਾਂਦੀ ਹੈ। ਉਥੋਂ ਅਸੀਂ ਪਛਮ ਵੱਲ ਗਏ ਜਿਥੇ ਚੈਤਨਯ ਦਾ ਜਨਮ ਹੋਇਆ ਸੀ। ਪਰ ਲੰਮੀ ਭਾਲ ਨਿਸਫਲ ਹੀ ਗਈ। ਸਾਨੂੰ ਇਹ ਫਿਕਰ ਹੈ ਕਿ ਕਣਕਾ ਜੀਉਂਦਾ ਨਹੀਂ ਹੈ। ਜੇ ਉਹ ਜੀਉਂਦਾ ਹੁੰਦਾ ਤਾਂ ਅਸੀਂ ਜ਼ਰੂਰ ਉਸਨੂੰ ਮਿਲ ਪੈਂਦੇ।

ਫਿਰ ਉਹ ਗਭਰੂ, ਗਰਗ ਕੋਲ ਆਏ ਅਤੇ ਨਮਸਕਾਰ ਕੀਤੀ। ਉਸ ਨੇ ਕਣਕਾ ਬਾਰੇ ਪੁਛਿਆ। ਉਨਾਂ ਆਖਿਆ, "ਸਾਡਾ ਬਚਪਨ ਦਾ ਮਿਤ੍ਰ ਅਤੇ ਜਵਾਨੀ ਦਾ ਸਾਥੀ, ਉਹ ਸਾਨੂੰ ਪ੍ਰਾਣਾਂ ਤੋਂ ਵੱਧ ਪਿਆਰਾ ਹੈ। ਜੇ ਅਸੀਂ ਆਪਣੀਆਂ ਜਾਨਾਂ ਵਾਰ ਕੇ ਵੀ ਓਸ ਨੂੰ ਵਾਪਸ ਲਿਆ ਸਕਦੇ ਤਾਂ ਸ਼ਾਇਦ ਅਸੀਂ ਲੈ ਆਉਂਦੇ। ਅਸਾਂ ਆਪਣਾ ਸਾਰਾ ਟਿੱਲ ਲਾ ਕੇ ਉਸ ਦੀ ਭਾਲ ਕੀਤੀ ਪਰ ਉਸ ਦਾ ਕੋਈ ਪਤਾ ਨਹੀਂ ਲੱਗਾ।"

20. ਗਰਗ ਉਨਾਂ ਨੂੰ ਵਾਪਸ ਭੇਜਦਾ ਹੈ

ਫਿਰ ਗਰਗ ਨੇ ਉਨਾਂ ਨੂੰ ਆਖਿਆ, "ਨਹੀਂ, ਇਹ ਜਵਾਬ ਮੈਨੂੰ ਖੁਸ਼ ਨਹੀਂ ਕਰਦਾ। ਤੁਹਾਨੂੰ ਕਿਸੇ ਤਰ੍ਹਾਂ ਵੀ ਉਸ ਨੂੰ ਵਾਪਸ ਲਿਆਉਣਾ ਚਾਹੀਦਾ ਹੈ। ਜਿਹੜਾ ਏਨੇ ਸਾਲ ਮੈਂ ਤੁਹਾਨੂੰ ਪੜ੍ਹਾਇਆ ਹੈ ਉਸ ਬਦਲੇ ਮੈਂ ਇਹੀ ਪ੍ਰਤੀਫਲ ਮੰਗਦਾ ਹਾਂ। ਜਦੋਂ ਉਹ ਮੁੜ ਆਵੇਗਾ ਤਾਂ ਮੈਂ ਉਸ ਦੇ ਨਾਲ ਜਾ ਕੇ ਜੰਗਲਾਂ ਵਿਚ ਰਵ੍ਹਾਂਗਾ ਜਿਥੇ ਕੋਈ ਮਨੁਖੀ ਵੱਸੋਂ ਨਹੀਂ ਹੈ ਅਤੇ ਸ਼ੇਰ ਅਤੇ ਹੋਰ ਮਨੁਖਾਂ ਨੂੰ ਖਾ ਜਾਣ ਵਾਲੇ ਜਾਨਵਰ ਰਹਿੰਦੇ ਹਨ। ਮੈਨੂੰ ਆਪਣੀ ਮੌਤ ਦਿਸ ਰਹੀ ਹੈ। ਪਰ ਜੇ ਉਹ ਮਰਨ ਵੇਲੇ ਮੇਰੀ ਮੰਜੀ ਦੇ ਕੋਲ ਹੋਵੇ ਤਾਂ ਮੈਂ ਆਰਾਮ ਨਾਲ ਮਰਾਂਗਾ। ਮੇਰੇ ਪਿਆਰੇ ਸ਼ਿਸ਼ੂ ! ਬਿਚਿਤ੍ਰ ਅਤੇ ਮਾਧਵ ਤੁਸੀਂ ਫਿਰ ਜਾਓ ਅਤੇ ਉਸ ਨੂੰ ਲੱਭਣ ਦੀ ਹਰ ਤਰ੍ਹਾਂ ਕੋਸ਼ਿਸ਼ ਕਰੋ। ਮੈਂ ਤੁਹਾਨੂੰ ਇਕ ਸੁਝਾ ਦੇਂਦਾ ਹਾਂ। ਉਹ ਚੇਤਨਯ ਦਾ ਸ਼ਰਧਾਲੂ ਸੀ। ਉਨਾਂ ਰਾਹਾਂ ਉਤੇ ਪੈ ਜਾਓ ਜਿੱਥੇ ਉਸ ਦੇ ਅਪ੍ਰਗਟ ਨਾਚਾਂ ਵਿਚ ਉਸ ਦੇ ਪੈਰਾਂ ਦੇ ਘੁੰਗਰੂਆਂ ਦੀ

ਆਵਾਜ਼ ਸੁਣੀ ਜਾਂਦੀ ਹੈ ਤਾਂ ਤੁਸੀਂ ਉਸ ਨੂੰ ਲਭ ਸਕੋਗੇ। ਜਿਥੇ ਉਸ ਦੇ ਅਨੁਯਾਈ ਢੋਲਕੀਆਂ ਛੈਣੇ ਵਜਾਂਦੇ ਹਨ ਅਤੇ ਆਕਾਸ਼ ਰਾਗ ਨਾਲ ਗੂੰਜਣ ਲਗ ਜਾਂਦਾ ਹੈ ਓਥੇ ਜਾਓ ਤਾਂ ਸ਼ਾਇਦ ਤੁਹਾਨੂੰ ਉਸ ਦੀ ਸੂਹ ਲਗ ਜਾਵੇ। ਉਥੇ ਜਿੱਥੇ ਹਵਾ ਵਿਚ ਉਡਦੇ ਪੰਛੀ ਵੀ ਕ੍ਰਿਸ਼ਨ ਦਾ ਨਾ ਲੈਂਦੇ ਹਨ ਅਤੇ ਉਸ ਮਹਾਨ ਸੰਗੀਤ ਦੀ ਧੁਨੀ ਐਸਾ ਜਾਦੂ ਕਰਦੀ ਹੈ ਕਿ ਦਰਿਆ ਵੀ ਪੁੱਠੇ ਵੱਗਣ ਲਗ ਜਾਂਦੇ ਹਨ। ਉਥੇ ਜਿੱਥੇ ਉਸ ਦੇ ਚੇਲਿਆਂ ਦੇ ਪੈਰਾਂ ਨਾਲ ਉਠੀ ਧੂੜ ਸਾਰੇ ਆਕਾਸ਼ ਨੂੰ ਜਿਵੇਂ ਕਜ ਲੈਂਦੀ ਹੈ ਓਥੇ ਜਾ ਕੇ ਤੁਸੀ ਆਪਣੀ ਕਿਸਮਤ ਅਜ਼ਮਾਓ।"

ਬਿਚਿਤ੍ਰ ਅਤੇ ਮਾਧਵ ਆਪਣੇ ਗੁਰੂ ਦਾ ਹੁਕਮ ਸੁਣ ਕੇ ਫਿਰ ਦੂਰ ਦੇ ਦੇਸ਼ਾਂ ਵਲ ਟੁਰ ਪਏ। ਪਰ ਇਸ ਤੋਂ ਪਹਿਲਾਂ ਜੋ ਹੋਇਆ ਉਹ ਸੁਣ ਲਓ।

21. ਅਫ਼ਵਾਹ

ਸਾਰੇ ਦੇਸ਼ ਵਿਚ ਇਹ ਅਫ਼ਵਾਹ ਫੈਲ ਗਈ ਕਿ ਕਣਕਾ ਆਪਣੇ ਰਾਹ ਵਿਚ ਦਰਿਆ ਵਿਚ ਡੁਬ ਗਿਆ ਹੈ। ਲੋਕੀ ਘੁਸਰ ਮੁਸਰ ਕਰਦੇ ਅਤੇ ਜਦੋਂ ਕੋਈ ਪੁਛਦਾ ਤਾਂ ਚੁਪ ਹੋ ਜਾਂਦੇ, ਪਰ ਬਿਨਾਂ ਪੁਛਣ ਦੇ ਇਹ ਖਬਰ ਕਈ ਵਾਰੀ ਕੰਨੀ ਪੈ ਜਾਂਦੀ। ਹਾਏ ! ਜੇ ਉਹ ਸਚੀਂ ਮੁਚੀਂ ਹੀ ਮਰ ਗਿਆ ਹੈ ਤਾਂ ਲੀਲਾ ਨੂੰ ਕੌਣ ਦੱਸੇਗਾ। ਉਸ ਨੂੰ ਸਚ ਦਾ ਪਤਾ ਨਹੀਂ ਲਗਦਾ ਸੀ ਤੇ ਉਹ ਸਾਰਾ ਦਿਨ ਮੰਜੀ ਉਤੇ ਪਈ ਰੋਂਦੀ ਰਹਿੰਦੀ। ਸਦਾ ਵਾਂਗ ਸੂਰਜ ਸਵੇਰੇ ਚੜ੍ਹਦਾ ਅਤੇ ਸ਼ਾਮ ਵੇਲੇ ਚੰਨ ਉਸਦੀਆਂ ਬਾਰੀਆਂ ਵਿੱਚੋਂ ਦੀ ਝਾਕਦਾ। ਕੁਝ ਵੀ ਬਦਲਿਆ ਨਹੀਂ ਲਗਦਾ ਸੀ। ਕੇਵਲ ਕਣਕਾ ਹੀ ਉਸ ਦੇ ਨੇੜੇ ਨਹੀਂ ਸੀ। ਜੇ ਉਹ ਚੰਨ ਅਤੇ ਤਾਰਿਆਂ ਤੋਂ ਪੁਛਦੀ ਤਾਂ ਉਹ ਆਪਣਾ ਮੂੰਹ ਬਦਲਾਂ ਵਿਚ ਲੁਕਾ ਲੈਂਦੇ। ਹਵਾ ਕਦੀ ਕਦੀ ਅਣਸੁਣੀ ਘੁਸਰ ਮੁਸਰ ਕਰਦੀ, ਜਿਸ ਨਾਲ ਉਸ ਦਾ ਲਹੂ ਜੰਮ ਜਾਂਦਾ, ਉਹ ਹੁਣ ਹੈ ਨਹੀਂ, ਉਹ ਹੈ ਨਹੀਂ।" ਬਿਸਤਰੇ ਵਿਚ ਉਸਦੀ ਇਕ ਪਲ ਵੀ ਅਖ ਨਾ ਲਗਦੀ। ਪਰ ਜੇ ਕਦੀ ਉਹ ਝਟ ਕੁ ਸੌਂ ਜਾਂਦੀ ਤਾਂ ਉਸ ਨੂੰ ਸੁਪਨਾ ਆਉਂਦਾ ਕਿ ਕਣਕਾ ਦੀ ਲੋਥ ਪਾਣੀਆਂ ਉਤੇ ਤਰ ਰਹੀ ਹੈ। ਅਥੇ ਉਹ ਘਬਰਾ ਕੇ ਉਠ ਬਹਿੰਦੀ।

ਇਸ ਤਰ੍ਹਾਂ ਕੁਝ ਚਿਰ ਹੋਰ ਲੰਘ ਗਿਆ ਅਤੇ ਮਾਧਬ ਮੁੜ ਆਇਆ ਉਸਨੇ ਉਸ ਨੂੰ ਇਕੱਲੇ ਆਉਂਦੇ ਵੇਖਿਆ ਅਤੇ ਕਣਕਾ ਬਾਰੇ ਸੁਰ ਪਤਾ ਪੁੱਛਣ ਦਾ ਉਸ ਦਾ ਹੌਸਲਾ ਨਾ ਪਿਆ। ਉਹ ਉਸਦੇ ਕੋਲ ਆਇਆ ਅਤੇ ਨਿਰਾਸ਼ਾ ਦੀ ਆਵਾਜ਼ ਵਿਚ ਕਿਹਾ, "ਪਿਆਰੀ ਭੈਣ ਲੀਲਾ ! ਭਾਵੇਂ ਮੈਂ ਆਪਣਾ ਸਾਰਾ ਤ੍ਰਾਣ ਲਾਇਆ ਹੈ, ਮੈਨੂੰ ਉਸ ਦੀ ਕੋਈ ਸੋਅ ਨਹੀਂ ਮਿਲੀ। ਮੈਂ ਆਪਣੇ ਗੁਰੂ ਨੂੰ ਕੀ ਦਸਾਂਗਾ ? ਮੈਂ ਉਸ ਨੂੰ ਬੜਾ ਚਿਰ ਲਭਿਆ ਹੈ ਪਰ ਨਿਸਫਲ।" ਫਿਰ ਲੀਲਾ ਨੇ ਉਸ ਤੋਂ ਹੌਲੀ ਜਹੀ ਪੁਛਿਆ, "ਕੀ ਤੂੰ ਉਸ ਬਾਰੇ ਕੋਈ ਅਫਵਾਹ ਸੁਣੀ ਹੈ ?" ਉਸ ਨੇ ਬੜੇ ਦੁਖੀ ਹ ਕੇ ਜਵਾਬ ਦਿੱਤਾ "ਪਤਾ ਨਹੀਂ ਕਿ ਇਹ ਅਫ਼ਵਾਹ ਸੱਚੀ ਹੈ ਕਿ ਝੂਠੀ, ਪਰ ਲੋਕੀ ਕਹਿੰਦੇ ਹਨ ਕਿ ਪਿਛਲੇ ਹਾੜ ਉਹ ਡੁਬ ਕੇ ਮਰ ਗਿਆ ਸੀ। ਪਗਲਾ ਦਰਿਆ ਵਿਚ ਉਹ ਇਕ ਬਿਓਪਾਰੀ ਦੇ ਜਹਾਜ਼ ਵਿਚ ਚੜ੍ਹ ਕੇ ਚੈਤਨਯ ਵਲ ਜਾ ਰਿਹਾ ਸੀ, ਜਦੋਂ ਬੇੜੀ ਇਕ ਭਾਰੀ ਤੂਫਾਨ ਵਿਚ ਫਸ ਗਈ। ਉਹ ਡੁਬ ਗਈ ਅਤੇ ਨਾਲ ਹੀ ਸਾਡਾ ਭਰਾ ਕਣਕਾ।"

22 ਲੀਲਾ ਮਰਨ ਕੰਢੇ

"ਮੈਨੂੰ ਵੀ ਉਥੇ ਹੀ ਲੈ ਚਲੋ ਜਿਥੇ ਉਹ ਗਿਆ ਹੈ।" ਲੀਲਾ ਨੇ ਵੈਣ ਪਾ ਕੇ ਕਿਹਾ।

ਉਸ ਦਿਨ ਤੋਂ ਉਸ ਅੰਨ ਤਿਆਗ ਦਿੱਤਾ । ਦਿਨ ਰਾਤ ਉਹ ਇਕੱਲੀ ਬੈਠੀ ਰੋਂਦੀ ਰਹਿੰਦੀ । ਉਸ ਦੀ ਚੁੰਧਿਆ ਦੇਣ ਵਾਲੀ ਸੁੰਦਰਤਾ ਕੁਮਲਾ ਗਈ । ਪਤਝੜ ਆਈ ਅਤੇ ਚਲੀ ਗਈ ਅਤੇ ਫਿਰ ਸਰਦੀ ਸ਼ੁਰੂ ਹੋ ਗਈ । ਉਹ ਨੰਗੇ ਫਰਸ਼ ਉੱਤੇ ਲੇਟ ਜਾਂਦੀ ਅਤੇ ਆਪਣੀ ਪਤਲੀ ਜਹੀ ਸਾੜ੍ਹੀ ਉਤੇ ਲੈ ਕੇ ਸਾਰੀ ਰਾਤ ਰੋਂਦੀ ਰਹਿੰਦੀ "ਉਹ ਮੈਨੂੰ ਭਰਾਵਾਂ ਤੋਂ ਵੀ ਵਧ ਸੀ । ਹਾਏ ਹੁਣ ਅਸੀਂ ਕਦੀ ਨਹੀਂ ਮਿਲਾਂਗੇ । ਕਿੰਨੇ ਸ਼ੋਕ ਦੀ ਗਲ ਹੈ ਕਿ ਉਹ ਦਰਿਆ ਵਿਚ ਡੁਬ ਕੇ ਮਰ ਗਿਆ ਹੈ ਤੇ ਮੈਂ ਅਖੀਰਲੇ ਸਵਾਸ ਵੇਲੇ ਉਸ ਨੂੰ ਵੇਖ ਵੀ ਨਹੀਂ ਸਕੀ । ਮੈਂ ਅਜੇ ਬਾਲ ਹੀ ਸਾਂ, ਜਦੋਂ ਮੇਰੀ ਮਾਂ ਮਰ ਗਈ । ਜੋ ਦੁਖ ਮੈਂ ਸਹੇ ਉਹ ਪ੍ਰਮਾਤਮਾ ਹੀ ਜਾਣਦਾ ਹੈ, ਮੇਰੇ ਪਿਤਾ ਨੇ ਮੈਨੂੰ ਬੜੇ ਧਿਆਨ ਨਾਲ ਪਾਲਿਆ । ਪਰ ਹਾਏ ਕਿਸਮਤ ! ਉਹ ਪਿਤਾ ਪਿੱਛੋਂ ਮੇਰਾ ਦੁਸ਼ਮਣ ਬਣ ਗਿਆ । ਮੈਂ ਨਿਰਦੋਸ਼ ਹਾਂ, ਪਰ ਲੋਕੀ ਮੇਰੇ ਬਾਰੇ ਝੂਠੀਆਂ ਕਹਾਣੀਆਂ ਟੋਰਦੇ ਹਨ । "ਹੇ ਚੰਨ ਅਤੇ ਸੂਰਜ! ਤੁਸਾਂ ਸਚ ਵੇਖਿਆ ਹੈ, ਮੇਰੇ ਮਰਨ ਪਿੱਛੋਂ ਤੁਸਾ ਇਸ ਸਚ ਉੱਤੇ ਪਹਿਰਾ ਦੇਣਾ ।"

ਇਸ ਤਰ੍ਹਾਂ ਉਹ ਵਿਰਲਾਪ ਕਰਦੀ ਰਹੀ । ਇਸ ਤਰ੍ਹਾਂ ਪੂਰਾ ਇਕ ਵਰ੍ਹਾ ਲੰਘ ਗਿਆ, ਮਾਧਬ ਮੁੜ ਆਇਆ, ਪਰ ਕਣਕਾ ਨਹੀਂ ਲਭਾ ਸੀ । ਰਘੂਸੁਤ ਕਵੀ ਕਹਿੰਦਾ ਹੈ, "ਵਿਚਾਰੀ ਕੁੜੀ ਦੀ ਜਾਨ ਬਚਾਣ ਦਾ ਕੋਈ ਤਰੀਕਾ ਨਹੀਂ" ਉਸ ਦੀ ਜਵਾਨ ਸੁੰਦਰਤਾ ਇਸ ਤੋਂ ਪਹਿਲਾਂ ਲੋਕਾਂ ਦੀ ਹੈਰਾਨੀ ਦਾ ਕਾਰਨ ਸੀ । ਪਰ ਜਿਸ ਤਰ੍ਹਾਂ ਸਿਆਲ ਦਾ ਕੱਕਰ ਕਮਲਾ ਦੀ ਇਕ ਪੂਰੀ ਪਾਲਨਾ ਨੂੰ ਮਾਰ ਦਿੰਦਾ ਹੈ, ਉਹ ਸੁੰਦ੍ਰਤਾ ਹੁਣ ਅਸਲੋਂ ਖ਼ਤਮ ਹੋ ਗਈ ਹੈ, ਉਸ ਦੇ ਵਾਲਾਂ ਦੇ ਕੁੰਡਲ ਪਹਿਲਾਂ ਗੰਗਾ ਦੀਆਂ ਲਹਿਰਾਂ ਤੋਂ ਵੀ ਵਧ ਸੁੰਦਰ ਹੁੰਦੇ ਸਨ, ਪਰ ਹੁਣ ਗੁੰਝਲਾਂ ਪਏ ਪਟਸਨ ਦੇ ਧਾਗਿਆਂ ਵਾਂਗ ਲਗਦੇ । ਪਹਿਲਾਂ ਜਦੋਂ ਉਹ ਟੁਰਦੀ ਤਾਂ ਉਸ ਦੇ ਵਾਲ ਗਿਟਿਆਂ ਤਕ ਆਉਂਦੇ ਪਰ ਹੁਣ ਅਣਗਹਿਲੀ ਵਿਚ ਉਹ ਖੁਸੇ ਅਤੇ ਅੜ੍ਹਕਾਂ ਵਾਲੇ ਹੋ ਗਏ ਸਨ । ਅਤੇ ਬਿਸਤਰੇ ਵਿਚ ਸਿਰ੍ਹਾਨੇ ਕੋਲ ਇਕ ਭੱਦੇ ਢੇਰ ਵਾਂਗ ਪਏ ਰਹਿੰਦੇ । ਉਸ ਦਾ ਸੁੰਦਰ ਮੁਖੜਾ ਹੁਣ ਮੌਤ ਵਾਂਗ ਪੀਲਾ ਦਿਸਦਾ ਸੀ ਅਤੇ ਬਦਲਾਂ ਦੇ ਪੰਜੇ ਵਿਚ ਆਏ ਚੰਨ ਵਾਂਗ ਲਗਦਾ ਸੀ । ਉਸ ਦੀਆਂ ਸੁਹਣੀਆਂ ਅਖਾਂ ਪਿਛਾਂਹ ਨੂੰ ਧਸ ਗਈਆਂ ਅਤੇ ਮੌਤ ਉਨ੍ਹਾਂ ਦੇ ਮਘੋਰਿਆਂ ਵਿਚ ਬੈਠੀ ਸੀ । ਹੋਠਾਂ ਉਤੇ ਪਹਿਲਾਂ ਵਾਲੀ ਮਨਮੋਹਨੀ ਸੁਰਖੀ ਨਹੀਂ ਸੀ । ਉਹ ਕਦੀ ਇਕ ਸੁੰਦਰ ਵੇਲ ਵਾਂਗ ਲਗਦੀ ਸੀ ਪਰ ਹੁਣ ਵੇਖੋ ਉਹ ਕਮਾਦ ਦੇ ਪੱਤਰ ਵਾਂਗ ਮੁਰਝਾ ਅਤੇ ਸੁੰਗੜ ਗਈ ਸੀ । ਭੜਕੀਲੀ ਅਸਮਾਨੀ ਪੀਂਘ ਬਦਲਾਂ ਦੇ ਪਿੱਛੇ ਅਲੋਪ ਹੋ ਗਈ ।

ਫਿਰ ਇਕ ਦਿਨ ਪੰਛੀ ਪਿੰਜਰਾ ਛਡ ਕੇ ਅਨਜਾਣੇ ਮੰਡਲਾਂ ਨੂੰ ਉਡ ਗਿਆ । ਕਵੀ ਰਘੂਸੂਤ ਆਖਦਾ ਹੈ, "ਇਹ ਸੰਸਾਰ ਇਸ ਤਰ੍ਹਾਂ ਹੀ ਹੈ । ਕੌਣ ਦਸ ਸਕਦਾ ਹੈ ਕਿ ਅਸੀਂ ਕਿਸੇ ਦੂਜੇ ਲਈ ਏਨਾ ਦਰਦ ਕਿਓਂ ਅਨੁਭਵ ਕਰਦੇ ਹਾਂ ।"

23. ਅਖੀਰਲਾ ਦ੍ਰਿਸ਼

ਲੋਥ ਦੇ ਕੋਲ ਬੈਠਾ ਗਰਗ ਵਿਰਲਾਪ ਕਰ ਰਿਹਾ ਸੀ, "ਹੋਰ ਨਾ ਸੌਂ, ਪਿਆਰੀ ਲੀਲਾ ! ਅਖਾਂ ਖੋਲ੍ਹ ਅਤੇ ਆਪਣੇ ਭਰਾ ਆਉਂਦੇ ਨੂੰ ਵੇਖ ! ਤੇਰਾ ਮੈਨੂੰ ਇਸ ਤਰ੍ਹਾਂ ਛਡ ਜਾਣਾ ਕੋਈ ਚੰਗੀ ਗਲ ਹੈ ? ਜਦੋਂ ਮੈਨੂੰ ਭੁਖ ਲੱਗੀ ਤਾਂ ਮੈਨੂੰ ਰੋਟੀ ਕੌਣ ਦੇਵੇਗਾ ? ਜਦੋਂ ਮੈਂ ਬਾਹਰੋਂ ਧੁਪ ਵਿੱਚੋਂ ਥਕਿਆ ਹੋਇਆ ਆਵਾਂਗਾ ਤਾਂ ਮੈਨੂੰ ਪੱਖਾ ਕੌਣ ਝੱਲੇਗਾ ? ਮੇਰੇ ਘਰ ਸੰਝ ਵੇਲੇ ਦੀਵਾ ਕੌਣ

ਬਾਲੇਗਾ ? ਸ਼ਿਵਜੀ ਦੀ ਪੂਜਾ ਲਈ ਮੈਨੂੰ ਫੁਲ ਕੌਣ ਤੋੜਕੇ ਦੇਵੇਗਾ ? ਮੈਂ ਇਸ ਘਰ ਵਿਚ ਇਕੱਲਾ ਰਹਿਣਾ ਕਿਵੇਂ ਸਹਾਰ ਸਕਦਾ ਹਾਂ । ਤੇਰੇ ਪਿਆਰੇ ਪੰਛੀ ਹੀਰਾਮਨ ਅਤੇ ਸੂਕਾ ਏਥੇ ਹਨ । ਉਨ੍ਹਾਂ ਦਾ ਕੌਣ ਧਿਆਨ ਕਰੇਗਾ ? ਘੜੀ ਏਥੇ ਹੈ ਪਰ ਇਸ ਨੂੰ ਪਾਣੀ ਨਾਲ ਕੌਣ ਭਰੇਗਾ ? ਹਾਏ ! ਮੇਰੀ ਬੱਚੀ ਤੇਰੀਆਂ ਸਭ ਆਸਾਂ ਖਤਮ ਹੋ ਗਈਆਂ ਹਨ । ਤੂੰ ਏਥੇ ਦਰਿਆ ਦੇ ਕੰਢੇ ਹੈਂ ਸ਼ਮਸ਼ਾਨ ਭੂਮੀ ਵਿਚ, ਅਤੇ ਜੋ ਕੁਝ ਤੈਨੂੰ ਪਿਆਰਾ ਸੀ ਉਸ ਨੂੰ ਪਿੱਛੇ ਛਡ ਚਲੀ ਹੈਂ । ਮੇਰਾ ਅੰਤ ਵੀ ਨੇੜੇ ਹੈ । ਮੇਰੇ ਵਲ ਕੇਵਲ ਇਕ ਵਾਰ ਵੇਖ, ਮੈਨੂੰ ਵੇਖਣ ਲਈ ਅਖਾਂ ਖੋਲ੍ਹ ਤਾਂ ਜੋ ਮੈਂ ਅਖੀਰਲੀ ਵਾਰ ਤੈਨੂੰ ਵਿਦਿਆ ਕਰ ਸਕਾਂ ।

ਬਿਚਿਤ੍ਰ ਕੋਲੋਂ ਸਾਰੀ ਕਥਾ ਸੁਣ ਕੇ ਕਣਕਾ ਝਟ ਪਟ ਘਰ ਨੂੰ ਟੁਰ ਪਿਆ । ਜਦੋਂ ਉਹ ਘਰ ਮੁੜਿਆ ਤਾਂ ਉਸ ਵੇਖਿਆ ਕਿ ਘਰ ਦੇ ਹਰ ਕਮਰੇ ਵਿੱਚ ਅਨ੍ਹੇਰਾ ਹੈ । ਫਿਰ ਉਹ ਭੁਜ ਕੇ ਸ਼ਮਸ਼ਾਨ ਭੂਮੀ ਗਿਆ, ਜਿੱਥੇ ਉਸ ਨੇ ਗਰਗ ਨੂੰ ਉੱਚੀ ਉੱਚੀ ਵਿਰਲਾਪ ਕਰਦੇ ਸੁਣਿਆ । ਉਸਦਾ ਵਿਰਲਾਪ ਦਰਖਤਾਂ ਤੀਕਰ ਨੂੰ ਹਿਲਾ ਰਿਹਾ ਸੀ, ਜਿਨ੍ਹਾਂ ਨੇ ਹਮਦਰਦੀ ਦੇ ਸੰਕੇਤ ਵਜੋਂ ਆਪਣੇ ਪੱਤੇ ਅਤੇ ਫੁਲ ਝਾੜ ਦਿੱਤੇ । ਅਕਾਸ਼ ਬਦਲਾਂ ਨਾਲ ਕਜਿਆ ਲਗਦਾ ਸੀ ਅਤੇ ਧਰਤੀ ਉਸ ਦੇ ਦੁਖੀ ਵਿਚ ਦੁਖ ਲਗਦੀ ਸੀ ।

ਓਥੇ ਦਰਿਆ ਦੇ ਕੰਢੇ ਉਤੇ ਗਰਗ ਅਤੇ ਕਣਕਾ ਮਿਲੇ । ਜਿਸ ਤਰ੍ਹਾਂ ਬਿਜਲੀ ਡਿਗਣ ਨਾਲ ਬਿਰਖ ਸਾਰਾ ਮਚ ਉਠਦਾ ਹੈ, ਉਸ ਤਰ੍ਹਾਂ ਹੀ ਗਰਗ ਕਣਕਾ ਨੂੰ ਵੇਖ ਕੇ ਆਪਣੇ ਦੁਖ ਨਾਲ ਮਚ ਉਠਿਆ । ਉਚੀ ਉਚੀ ਰੋ ਕੇ ਉਸ ਨੇ ਉਸ ਨੂੰ ਆਪਣੀ ਹਿਕ ਨਾਲ ਲਾ ਲਿਆ "ਓ ਤੂੰ ਏਨਾ ਚਿਰ ਕਿੱਥੇ ਰਿਹਾ ? ਅਖੀਰਲਾ ਸ਼ਬਦ ਜਿਹੜਾ ਲੀਲਾ ਨੇ ਉਚਰਿਆ ਉਹ ਤੇਰਾ ਨਾਂ ਸੀ । ਉਹ ਕੇਵਲ ਅਠਾਂ ਸਾਲਾਂ ਦੀ ਸੀ ਜਦੋਂ ਉਸ ਦੀ ਮਾਂ ਪੂਰੀ ਹੋ ਗਈ । ਇਹ ਸਾਰੇ ਸਾਲ ਮੈਂ ਉਸ ਨੂੰ ਬੜੇ ਧਿਆਨ ਨਾਲ ਪਾਲਦਾ ਰਿਹਾ । ਹੁਣ ਉਹ ਮੈਨੂੰ ਛਡ ਕੇ ਟੁਰ ਗਈ ਹੈ । ਮੂਰਤ ਨੂੰ ਮੰਦਰ ਵਿਚ ਪੂਜਾ ਲਈ ਲਿਆਂਦਾ ਗਿਆ ਪਰ ਪੁਜਾਰੀ ਦੇ ਪੂਜਾ ਕਰਨ ਤੋਂ ਪਹਿਲਾਂ ਹੀ ਪਰੇ ਸੁੱਟ ਦਿੱਤਾ ਗਿਆ । ਤਕਦੀਰ ਨਾਲ ਕੌਣ ਲੜ ਸਕਦਾ ਹੈ । ਘਰ ਜਾ, ਮੇਰੇ ਮੰਦਰ ਵਿੱਚੋਂ ਸਾਰੇ ਦੇਵਤਿਆਂ ਨੂੰ ਕਢ ਕੇ ਬਾਹਰ ਸੁਟ ਦੇ ਅਤੇ ਯਕੀਨ ਜਾਣ ਕਿ ਅਜ ਤੋਂ ਦੁਨੀਆਂ ਨਾਲ ਮੇਰਾ ਸਾਰਾ ਸੰਬੰਧ ਖਤਮ ਹੋ ਗਿਆ ਹੈ ।"

ਗਰਗ ਦੇ ਵਿਰਲਾਪ ਉਤੇ ਅਕਾਸ਼ ਦੇ ਦੇਵਤਿਆਂ ਨੇ ਵੀ ਹੰਝੂ ਵਹਾਏ । ਦਰਿਆ ਨੇ ਆਪਣੀਆਂ ਲਹਿਰਾਂ ਦੀ ਅਵਾਜ਼ ਨਾਲ ਓਸ ਨੂੰ ਹੌਲੀ ਹੌਲੀ ਧੀਰਜ ਦੇਣ ਦਾ ਜਤਨ ਕੀਤਾ । ਟਹਿਣੀਆਂ ਉੱਤੇ ਚੁਪ ਚਾਪ ਬੈਠੇ ਜੰਗਲ ਦੇ ਪੰਛੀ ਰੋਂਦੇ ਰਹੇ । ਕਵੀ ਰਘੂਸੁਤ ਕਹਿੰਦਾ ਹੈ ਉਸ ਦੇ ਦਰਦ ਨਾਲ ਪੱਥਰ ਵੀ ਪਘਰ ਗਏ ।

ਆਪਣੇ ਤਪਦੇ ਦਿਲ ਠੰਢ ਪਾਣ ਲਈ ਗਰਗ ਕਣਕਾ ਦੇ ਨਾਲ ਪੁਰੀ ਗਿਆ । ਉਸ ਦੇ ਪੰਜ ਸ਼ਿਸ਼, ਜਿਨ੍ਹਾਂ ਦੇ ਉਸ ਨਾਲ ਸਭ ਤੋਂ ਨੇੜੇ ਦੇ ਸੰਬੰਧ ਸਨ, ਉਸ ਦੇ ਨਾਲ ਗਏ ਅਤੇ ਉਹਨਾਂ ਨੇ ਆਪਣੇ ਪ੍ਰਵਾਰਾਂ ਨਾਲੋਂ ਸਾਰਾ ਸੰਬੰਧ ਤੋੜ ਲਿਆ ।

———

ਕੱਜਲ ਰੇਖਾ

[ਕਜਲ ਰੇਖਾ ਅਦੁਭੁਤ ਘਟਨਾਵਾਂ ਅਤੇ ਮਨੁੱਖਾਂ ਵੱਲੋਂ ਵਖਾਈਆਂ ਗਈਆਂ ਦੈਵੀ ਸ਼ਕਤੀਆਂ ਦੇ ਦ੍ਰਿਸ਼ਟਾਂਤਾਂ ਨਾਲ ਭਰੀ ਹੋਈ ਲੋਕ-ਕਥਾ ਹੈ । ਇਹੋ ਜਹੀਆਂ ਗੱਲਾਂ ਉਂਝ ਅਸੰਭਵ ਲਗਦੀਆਂ ਹਨ ਪਰ ਸਾਡੇ ਦੇਸ਼ ਵਿਚ ਧਰਮ ਅਤੇ ਕਰਮ ਦੇ ਖੇਤਰਾਂ ਵਿਚ ਯਥਾਰਥ ਅਤੇ ਕਲਪਨਾ ਵਿਚਕਾਰ ਕੋਈ ਸਾਫ਼ ਲਕੀਰ ਖਿਚ ਸਕਣਾ ਸੰਭਵ ਨਹੀਂ । ਦੇਵੀ ਦੇਵਤਿਆਂ ਦੀਆਂ ਕਥਾਵਾਂ ਕਈ ਵਾਰ ਇਤਿਹਾਸ ਦਾ ਰੂਪ ਧਾਰ ਲੈਂਦੀਆਂ ਹਨ, ਕਿਉਂਕਿ ਦੇਵਤਿਆਂ ਦੇ ਚਿਤਰਨ ਵਿਚ ਮਨੁਖੀ ਅੰਸ਼ ਲਿਆਂਦੇ ਜਾਂਦੇ ਹਨ ਅਤੇ ਇਤਿਹਾਸ ਕਈ ਵਾਰ ਗਲਪ ਦੇ ਪੱਧਰ ਉਤੇ ਚਲਾ ਜਾਂਦਾ ਹੈ ਕਿਉਂਕਿ ਉਸ ਵਿਚ ਇਹੋ ਜਹੀਆਂ ਅਲੌਕਿਕ ਗੱਲਾਂ ਸਿਖਲਾਈਆਂ ਜਾਂਦੀਆਂ ਹਨ, ਜਿਨ੍ਹਾਂ ਉਤੇ ਮਨੁੱਖੀ ਮਨ ਵਿਸ਼ਵਾਸ ਨਹੀਂ ਕਰ ਸਕਦਾ । ਇਹੀ ਹਾਲ ਇਸ ਲੋਕ-ਕਥਾ ਦਾ ਹੈ । ਕੱਜਲ-ਰੇਖਾ ਦਾ ਚਿਤ੍ਰ ਭਾਵੇਂ ਕਾਵਿਕ ਕਲਪਣਾ ਦੇ ਰੰਗਦਾਰ ਸ਼ੀਸ਼ੇ ਰਾਹੀਂ ਪੇਸ਼ ਕੀਤਾ ਗਿਆ ਹੈ ਤਾਂ ਵੀ ਯਥਾਰਥਿਕ ਲਗਦਾ ਹੈ । ਉਹ ਇਤਿਹਾਸ ਦੀਆਂ ਨਾਇਕਾਵਾਂ ਵਾਂਗ ਹੀ ਸਾਡੀ ਸ਼ਲਾਘਾ ਨੂੰ ਟੁੰਬਦੀ ਹੈ । ਈਸਾ ਨੇ ਇਹ ਕਿਹਾ ਹੈ ਕਿ ਪਾਪ ਦਾ ਮੁਕਾਬਲਾ ਨਾ ਕਰੋ । ਕੱਜਲ ਰੇਖਾ ਇਸੇ ਸਿਧਾਂਤ ਦੀ ਮੂਰਤ ਹੈ । ਭਾਵੇਂ ਕੋਈ ਕਿੰਨਾ ਵੀ ਜ਼ਾਲਮ ਹੋਵੇ, ਉਹ ਉਸ ਨੂੰ ਦੋਸ਼ ਨਹੀਂ ਦਿੰਦੀ । ਸਗੋਂ ਸਾਕਾਰ ਧੀਰਜ ਅਤੇ ਸਹਿਨਸ਼ੀਲ ਬਣ ਕੇ ਖੜੀ ਰਹਿੰਦੀ ਹੈ । ਕੋਈ ਤਾਕਤ ਮਨੁਖ ਨੂੰ ਸੱਚੇ ਪਿਆਰ ਦੇ ਦੁੱਖਾਂ ਤੋਂ ਬਚਾ ਨਹੀਂ ਸਕਦੀ । ਇਹੀ ਦੁਖ ਕਵਿਤਾ ਨੂੰ ਜਨਮ ਦਿੰਦੇ ਹਨ । ਇਨ੍ਹਾਂ ਨੂੰ ਕਮਜ਼ੋਰੀ ਨਹੀਂ ਕਿਹਾ ਜਾ ਸਕਦਾ । ਕਜਲ ਰੇਖਾ ਨੂੰ ਦੇਸ਼ ਨਿਕਾਲਾ ਸ਼ਾਇਦ ਨਾ-ਮੰਨਣ-ਯੋਗ ਕਠੋਰਤਾ ਸਮਝੀ ਜਾਵੇ, ਪਰ ਜੋਤਸ਼ੀਆਂ ਦੇ ਕਹਿਣ ਉੱਤੇ ਮਾਪੇ ਆਮ ਇਸ ਤਰ੍ਹਾਂ ਕਰ ਦੇਂਦੇ ਸਨ । ਸਾਡੇ ਪੂਰਨ ਭਗਤ ਨਾਲ ਵੀ ਇਸ ਤਰ੍ਹਾਂ ਹੀ ਹੋਈ । ਬੰਗਾਲੀ ਮਨ ਪੰਜਾਬੀਆਂ ਨਾਲੋਂ ਜੋਤਸ਼ੀਆਂ ਦੇ ਵਧੇਰੇ ਵਸ ਵਿਚ ਸੀ, ਅਤੇ ਕਈ ਮਾਵਾਂ ਉਨ੍ਹਾਂ ਦੇ ਕਹਿਣ ਉੱਤੇ ਆਪਣੇ ਬਚੇ ਖਾੜੀ ਵਿਚ ਸੁਟ ਦਿੰਦੀਆਂ ਸਨ । ਇਹ ਪਾਪ ਅੰਧ-ਵਿਸ਼ਵਾਸ਼ ਦੀ ਪੈਦਾਵਾਰ ਹੈ. ਨਾ ਕਿ ਕਰਨ ਵਾਲਿਆਂ ਦੇ ਚਲਨ ਵਿਚ ਕਿਸੇ ਨੁਕਸ ਦੀ।]

ਕੱਜਲ ਰੇਖਾ

ਮੈਮਨਸਿੰਗ ਦੇ ਦਖਣੀ ਭਾਗਾਂ ਵਿਚ ਇਕ ਬਿਓਪਾਰੀ ਰਹਿੰਦਾ ਸੀ, ਜਿਸਦਾ ਨਾਂ ਧਨੋਸਵਾਰ ਸੀ। ਉਸ ਦਾ ਇਕ ਪੁਤ੍ਰ ਅਤੇ ਇਕ ਧੀ ਸੀ। ਪ੍ਰਮਾਤਮਾ ਦੀ ਕ੍ਰਿਪਾ ਨਾਲ ਬਿਓਪਾਰੀ ਬਹੁਤ ਹੀ ਧਨਾਡ ਹੋ ਗਿਆ। ਉਸ ਦੀ ਕੰਨਿਆ ਹੁਣ ਦਸਵੇਂ ਸਾਲ ਵਿਚ ਸੀ ਅਤੇ ਉਸ ਦਾ ਨਾਂ ਕੱਜਲ (ਸੁਰਮੇਂ ਦੀ ਧਾਰੀ) ਸੀ। ਉਹ ਬੰਹੁਤ ਹੀ ਸੁਦਰ ਸੀ। ਜਦੋਂ ਉਹ ਮੁਸਕਰਾਂਦੀ ਸੀ, ਤਾਂ ਇਸਤਰ੍ਹਾਂ ਲਗਦਾ ਸੀ ਕਿ ਉਸ ਦੇ ਮੁਖੜੇ ਉਤੇ ਹੀਰੇ ਚਮਕ ਰਹੇ ਸਨ ਜਿਹੜਾ ਬਰਖਾ ਵਿਚ ਕਿਸੇ ਨਦੀ ਵਿਚ ਤਰਦੇ ਪੂਰੇ ਖਿੜੇ ਕਮਲ ਵਾਂਗ ਚਮਕਦਾ ਸੀ। ਉਸ ਦਾ ਪੁਤ੍ਰ ਮਸਾਂ ਚਾਰ ਸਾਲਾਂ ਦਾ ਸੀ ਅਤੇ ਉਸ ਦਾ ਨਾਂ ਰਤਨੇਸ਼ਵਰ (ਰਤਨਾਂ ਦਾ ਸਵਾਮੀ) ਸੀ। ਇਹ ਇਕ ਅਸ਼ੁਭ ਸਮਾਂ ਸੀ। ਧਨ ਦੀ ਦੇਵੀ ਬਿਓਪਾਰੀ ਤੋਂ ਮੂੰਹ ਮੋੜ ਗਈ ਸੀ ਕਿਸੇ ਕਾਰਨੋਂ ਗੁਸੇ ਹੋ ਕੇ।

ਜੂਏ ਵਿਚ ਬਿਓਪਾਰੀ ਆਪਣਾ ਸਭ ਕੁਝ ਹਾਰ ਬੈਠਾ। ਉਸ ਦੇ ਸੇਵਕ ਘੋੜੇ, ਹਾਥੀ ਅਤੇ ਸਾਰੀ ਦੌਲਤ ਖ਼ਤਮ ਹੋ ਗਏ। ਸਭ ਕੁਝ ਪਾਸਾ ਸੁਟਣ ਦੀ ਭੈੜੀ ਆਦਤ ਦੀ ਭੇਟਾ ਕਰ ਕੇ ਉਹ ਫਕੀਰ ਹੋ ਗਿਆ ਅਤੇ ਦੇਸ਼ ਵਿਚ ਭੌਣ ਲਗ ਪਿਆ।

ਇਸ ਦੁਨੀਆਂ ਵਿਚ ਜਿਹੜੇ ਖਜ਼ਾਨੇ ਉਸ ਕੋਲ ਅਜੇ ਰਹਿ ਗਏ ਸਨ, ਉਹ ਉਸ ਦਾ ਪੁਤ੍ਰ ਅਤੇ ਧੀ ਹੀ ਸਨ। ਏਡੀ ਵਡੀ ਉਸ ਦੀ ਬਿਪਤਾ ਸੀ ਕਿ ਉਸ ਦੇ ਬਾਰ੍ਹਾਂ ਬਿਓਪਾਰੀ ਜਹਾਜ਼ਾਂ ਵਿੱਚੋਂ ਉਸ ਕੋਲ ਇਕ ਵੀ ਨਾ ਰਿਹਾ।

ਉਸ ਦੀ ਕੰਨਿਆ ਵਿਆਹਣ ਵਾਲੀ ਹੋ ਗਈ। ਵਿਆਹ ਤੇ ਉਸ ਦਾ ਜ਼ਰੂਰ ਕਰਨਾ ਹੀ ਸੀ। ਪਰ ਜੁਆਰੀਆ ਹੋਣ ਕਰਕੇ ਸਾਰੇ ਦੇਸ਼ ਵਿਚ ਉਸ ਦੀ ਬਦਨਾਮੀ ਹੋ ਗਈ ਸੀ। ਅਜਿਹੇ ਬੁਰੇ ਆਦਰਸ਼ ਵਾਲੇ ਦੀ ਧੀ ਵਰਨ ਲਈ ਕੋਈ ਵੀ ਤਿਆਰ ਨ ਹੋਇਆ। ਇਸ ਸਮੇਂ ਇਕ

ਸਨਿਆਸੀ ਉਸ ਦੇ ਘਰ ਆਇਆ। ਉਸ ਨੇ ਇਕ ਸੂਕਾ ਅਤੇ ਇਕ ਮੁੰਦਰੀ ਉਸ ਬਿਓਪਾਰੀ ਨੂੰ ਬਖਸ਼ਿਸ਼ ਕੀਤੀ ਅਤੇ ਕਿਹਾ "ਇਸ ਪੰਛੀ ਨੂੰ ਧਰਮ ਮਾਤੀ (ਸੰਤ ਸਭਾ) ਆਖਦੇ ਹਨ। ਜੇ ਤੂੰ ਇਸ ਦੇ ਆਖਣ ਅਨੁਸਾਰ ਚਲੇਂਗਾ ਤਾਂ ਤੇਰੀ ਸਾਰੀ ਗੁਆਚੀ ਦੌਲਤ ਮੁੜ ਆਵੇਗੀ। ਬਿਓਪਾਰੀ ਬੜਾ ਖੁਸ਼ ਹੋਇਆ ਅਤੇ ਪੰਛੀ ਦੀ ਬੜੀ ਸੰਭਾਲ ਕੀਤੀ। ਸਨਿਆਸੀ ਆਗਿਆ ਲੈ ਕੇ ਟੁਰ ਗਿਆ।

ਇਕ ਦਿਨ ਬਿਓਪਾਰੀ ਨੇ ਸੂਕਾ ਨੂੰ ਪੁਛਿਆ, "ਮੇਰੇ ਪਿਆਰੇ ਤੋਤੇ, ਮੈਨੂੰ ਇਹ ਦਸ ਕਿ ਮੇਰੇ ਬੁਰੇ ਦਿਨ ਕਦੋਂ ਮੁੱਕਣਗੇ ? ਮੇਰਾ ਸੁਨਹਿਰੀ ਮਹਿਲ ਉਜੜਿਆ ਪਿਆ ਹੈ। ਮੇਰਾ ਸਭ ਕੀਮਤੀ ਸਾਮਾਨ ਅਲੋਪ ਹੈ। ਮੇਰੇ ਇਕ ਪਲੰਘ ਵੀ ਨਹੀਂ ਰਿਹਾ। ਮੈਂ ਨੰਗੀ ਭੋਏਂ ਉੱਤੇ ਸੌਂਦਾ ਹਾਂ।ਮੇਰੇ ਕੋਲ ਕੋਈ ਗਲਾਸ ਨਹੀਂ, ਪਾਣੀ ਲਈ ਗਾਗਰ ਵੀ ਨਹੀਂ। ਮੈਂ ਸਰੋਵਰ ਵਿਚੋਂ ਬੁੱਕ ਨਾਲ ਪਾਣੀ ਪੀਂਦਾ ਹਾਂ। ਫਕੀਰਾਂ ਵਾਂਗ ਥਾਂ ਥਾਂ ਘੁੰਮਦਾ ਫਿਰਦਾ ਹਾਂ। ਮੇਰੇ ਪਿਤਾ ਨੇ ਹਾਥੀਆਂ ਅਤੇ ਘੋੜਿਆਂ ਨਾਲ ਭਰਿਆ ਤਬੇਲਾ ਛਡਿਆ ਸੀ, ਪਰ ਮੇਰੀ ਅਜਿਹੀ ਕਿਸਮਤ ਹੈ ਕਿ ਹੁਣ ਉਥੇ ਇਕ ਵੀ ਨਹੀਂ। ਇਸ ਘਰ ਵਿਚ ਇਕ ਧੀ ਅਤੇ ਇਕ ਇਕੱਲਾ ਪੁੱਤ੍ਰ ਹੈ। ਇਹ ਇਸ ਦੇ ਬਸ ਦੋ ਦੀਪਕਾਂ ਵਾਂਗ ਹਨ। ਪਰ ਮੇਰੇ ਕੋਲ ਉਨ੍ਹਾਂ ਨੂੰ ਭੋਜਨ ਦੇਣ ਦਾ ਵੀ ਕੋਈ ਸਾਧਨ ਨਹੀਂ।"

ਸੂਕਾ

"ਹੇ ਬਿਓਪਾਰੀ ! ਤੂੰ ਇਸ ਤਰ੍ਹਾਂ ਨ ਰੋ। ਤੇਰੇ ਮਾੜੇ ਦਿਨ ਛੇਤੀ ਹੀ ਮੁੱਕ ਜਾਣਗੇ। ਜਿਹੜੀ ਕਿਸਮਤ ਦੀ ਅੰਗੂਠੀ ਤੇਰੇ ਕੋਲ ਹੈ ਉਹ ਵੇਚ ਦੇ; ਅਤੇ ਵੱਟਕ ਨਾਲ ਆਪਣੇ ਟੁੱਟੇ ਜਹਾਜ਼ ਠੀਕ ਕਰਵਾ ਲੈ। ਇਸ ਕੰਮ ਲਈ ਚੰਗੇ ਕਾਰੀਗਰ ਸਦ ਲੈ। ਕੁਝ ਰੁਪਿਆ ਤੂੰ ਸਰਮਾਏ ਲਈ ਰਖ ਲਈਂ ਅਤੇ ਉਸ ਨਾਲ ਬਿਓਪਾਰ ਕਰੀ ਜਾ। ਵਡੀਆਂ ਛੰਭਾਂ ਲੰਘ ਕੇ ਪੂਰਬੀ ਦੇਸ਼ਾਂ ਵਲ ਜਾ। ਵਿਸ਼ਵਾਸ ਰਖ ਕਿ ਇਕ ਸਾਲ ਵਿਚ ਤੂੰ ਏਨਾ ਕਮਾ ਲਵੇਂਗਾ ਕਿ ਜਿਸ ਨਾਲ ਤੂੰ ਬਾਰ੍ਹਾਂ ਸਾਲ ਸ਼ਾਹੀ ਠਾਠ ਨਾਲ ਰਹਿਣ ਦੇ ਯੋਗ ਹੋ ਜਾਵੇਂਗਾ।"

ਬਿਓਪਾਰੀ ਨੇ ਕਿਸਮਤ ਦੀ ਅੰਗੂਠੀ ਬਾਜ਼ਾਰ ਵਿਚ ਵੇਚ ਦਿੱਤੀ ਅਤੇ ਆਪਣੇ ਪਿਤਾ ਦੇ ਸਮੇਂ ਦੇ ਸਮੁੰਦਰ ਵਿਚ ਜਾਣ ਵਾਲੇ ਸਾਰੇ ਜਹਾਜ਼ ਚੰਗੇ ਕਾਰੀਗਰਾਂ ਤੋਂ ਠੀਕ ਕਰਵਾ ਲਏ। ਫਿਰ ਉਹ ਪੱਛਮੀ ਦੇਸ਼ਾਂ ਵਲ ਟੁਰ ਪਿਆ। ਜਿੰਨਾ ਉਸ ਨੇ ਗਵਾਇਆ ਸੀ, ਪ੍ਰਮਾਤਮਾ ਦੀ ਕਿਰਪਾ ਨਾਲ ਉਹ ਸਾਰਾ ਉਸ ਨੂੰ ਵਾਪਸ ਮਿਲ ਗਿਆ। ਬਿਓਪਾਰੀ ਫਿਰ ਘੋੜਿਆਂ ਅਤੇ ਹਾਥੀਆਂ, ਨੌਕਰਾਂ ਅਤੇ ਮਾਤਹਿਤਾਂ ਵਾਲਾ ਹੋ ਗਿਆ। ਉਸ ਦੀ ਮਾਇਆ ਇੰਨੀ ਵਧ ਗਈ ਕਿ ਉਸ ਦੇ ਖਜ਼ਾਨੇ ਵਿਚ ਧਰਨ ਜੋਗੀ ਥਾਂ ਨ ਰਹੀ। ਜਿਹੜੀਆਂ ਐਸ਼-ਗਾਹਾਂ ਉਸ ਦੇ ਵਡਿਕਿਆਂ ਨੇ ਸਰੋਵਰਾਂ ਵਿਚਕਾਰ ਬਣਾਈਆਂ ਸਨ ਹੁਣ ਪੂਰੀ ਤਰ੍ਹਾਂ ਮੁਰੰਮਤ ਕੀਤੀਆਂ ਗਈਆਂ। ਮਿੱਟੀ ਦੇ ਜ਼ੱਰੇ ਜਾਂ ਅਕਾਸ਼ ਦੇ ਤਾਰੇ ਤਾਂ ਗਿਣੇ ਜਾ ਸਕਦੇ ਹਨ, ਪਰ ਬਿਓਪਾਰੀ ਦੀ ਦੌਲਤ ਨਹੀਂ।

ਹੁਣ ਜਦੋਂ ਉਹ ਇਸ ਤਰ੍ਹਾਂ ਰਿਜ਼ਕ ਵਿਚ ਖੇਡਣ ਲੱਗਾ ਤਾਂ ਇਕ ਫਿਕਰ ਉਸ ਦੇ ਮਨ ਨੂੰ ਲੱਗਾ ਰਹਿੰਦਾ। ਉਸ ਦੀ ਧੀ ਕੱਜਲ ਰੇਖਾ ਅਜੇ ਵਿਆਹੁਣ ਵਾਲੀ ਸੀ। ਉਸ ਨੇ ਬਾਰ੍ਹਵੇਂ ਸਾਲ

ਵਿਚ ਪੈਰ ਧਰਿਆ ਸੀ ਅਤੇ ਛੇਤੀ ਹੀ ਉਸ ਉੱਤੇ ਉਹ ਉਮਰ ਆਉਣ ਵਾਲੀ ਸੀ ਜਦੋਂ ਉਸ ਦਾ ਵਿਆਹ ਹੋਣਾ ਚਾਹੀਦਾ ਸੀ। ਬਿਓਪਾਰੀ ਇਸ ਸਮੱਸਿਆ ਤੋਂ ਵਿਆਕੁਲ ਸੀ। ਸੋ ਉਸ ਨੇ ਪੰਛੀ ਦੀ ਸਲਾਹ ਲਈ ਕਿ ਉਸ ਨੂੰ ਕਿਵੇਂ ਕਰਨਾ ਚਾਹੀਦਾ ਹੈ।

ਸੂਕੇ ਨੇ ਉਸ ਦੀ ਗਲ ਸੁਣ ਕੇ ਇਸਤਰ੍ਹਾਂ ਦੀ ਸਲਾਹ ਦਿੱਤੀ। "ਤੂੰ ਇਕ ਤਰ੍ਹਾਂ ਦੀ ਬਿਪਤਾ ਵਿੱਚੋਂ ਨਿਕਲ ਆਇਆ ਹੈਂ, ਪਰ ਇਕ ਹੋਰ ਤਰ੍ਹਾਂ ਦਾ ਕਲੇਸ਼ ਤੇਰੀ ਉਡੀਕ ਕਰ ਰਿਹਾ ਹੈ। ਇਸ ਤੋਂ ਖਲਾਸੀ ਕਰਾਂਦਿਆਂ ਤੈਨੂੰ ਬਹੁਤ ਸਮਾਂ ਲਗੇਗਾ। ਤੇਰੀ ਇਸ ਕੰਨਿਆ ਦਾ ਮੁਰਦਾ ਪਤੀ ਨਾਲ ਵਿਆਹ ਹੋਣਾ ਲਿਖਿਆ ਹੈ। ਇਸ ਨੂੰ ਤੂੰ ਆਪਣੇ ਮਹਿਲਾਂ ਵਿਚ ਨਾ ਰਖ। ਜੰਗਲ ਵਿਚ ਦੇਸ ਨਿਕਾਲਾ ਦੇ ਦੇ।" "ਹਾਏ ਮੇਰੀ ਕਿਸਮਤ ! ਇਹ ਕੰਨਿਆ ਤੇ ਮੇਰਾ ਬਹੁਤ ਪਿਆਰਾ ਬੱਚਾ ਹੈ। ਮੈਂ ਇਸਦਾ ਇਕ ਮੁਰਦੇ ਨਾਲ ਵਿਆਹ ਹੋਇਆ ਕਿਸਤਰ੍ਹਾਂ ਵੇਖ ਸਕਦਾ ਹਾਂ। ਮਾਪੇ ਆਪਣੀਆਂ ਧੀਆਂ ਨੂੰ ਯੋਗ ਵਰਾਂ ਨੂੰ ਦੇਣ ਲਈ ਪਾਲਦੇ ਹਨ। ਮੈਂ ਇਸ ਆਪਣੀ ਪਿਆਰੀ ਬੱਚੀ ਨੂੰ ਕਿਸ ਦਿਲ ਨਾਲ ਜੰਗਲ ਵਿਚ ਦੇਸ਼ ਨਿਕਾਲਾ ਦਿਆਂਗਾ। ਜਦੋਂ ਅਜੇ ਇਹ ਬਾਲ ਹੀ ਸੀ ਤਾਂ ਇਸ ਦੀ ਮਾਤਾ ਗੁਜ਼ਰ ਗਈ। ਬੜੇ ਵਖਤਾਂ ਨਾਲ ਮੈਂ ਇਸ ਨੂੰ ਪਾਲਿਆ। ਮੇਰੇ ਭੈੜੇ ਲੇਖ ਲਿਖੇ ਹਨ। ਇਕ ਖ਼ਤਰੇ ਵਿੱਚੋਂ ਦੂਜੇ ਵਿਚ ਜਾ ਪਿਆ ਹਾਂ।"

ਪੰਛੀ ਨੇ ਕਿਹਾ, "ਇਸ ਦਾ ਕੋਈ ਉਪਾ ਨਹੀਂ ਹੈ।"

ਬਿਓਪਾਰੀ ਨੇ ਕੀ ਕੀਤਾ ? ਬਿਓਪਾਰ ਲਈ ਸਮੁੰਦਰ ਦੇ ਸਫ਼ਰ ਜਾਣ ਦੇ ਬਹਾਨੇ ਉਸ ਨੇ ਆਪਣਾ ਇਕ ਜਹਾਜ਼ ਤਿਆਰ ਕਰਵਾਇਆ ਅਤੇ ਆਪਣੀ ਲੜਕੀ ਨੂੰ ਨਾਲ ਲੈ ਕੇ ਟੁਰ ਪਿਆ। ਕੁਝ ਦਿਨ ਲਹਿਰ ਦੇ ਵਿਰੁਧ ਸਫਰ ਕਰਨ ਪਿੱਛੋਂ ਉਸ ਇਕ ਥਾਂ ਵੇਖੀ, ਜਿਹੜੀ ਸੰਘਣੇ ਜੰਗਲ ਨਾਲ ਕੱਜੀ ਹੋਈ ਸੀ। ਜਹਾਜ਼ ਨੇ ਉਥੇ ਲੰਗਰ ਸੁਟ ਦਿੱਤੇ ਅਤੇ ਬਿਓਪਾਰੀ ਆਪਣੀ ਬੱਚੀ ਸਮੇਤ ਜੰਗਲ ਵਿਚ ਵੜ ਗਿਆ। ਉਹ ਕਈ ਮੀਲ ਟੁਰਦੇ ਗਏ ਅਤੇ ਕੱਜਲ ਰੇਖਾ ਬਹੁਤ ਘਬਰਾ ਗਈ।

ਬਿਓਪਾਰੀ ਨੇ ਆਪਣੇ ਮਨ ਵਿਚ ਕਿਹਾ, "ਮੇਰੀ ਪਿਆਰੀ ਬੱਚੀ ! ਮੈਂ ਤੈਨੂੰ ਕਿਸ ਤਰ੍ਹਾਂ ਦੇਸ਼ ਨਿਕਾਲਾ ਦੇ ਸਕਦਾ ਹਾਂ। ਸਿਆਲ ਵਿਚ ਜਦੋਂ ਚੀਰਵੀਂ ਸੀਤ ਪੈਂਦੀ ਸੀ ਤਾਂ ਆਪਣੀ ਨੰਗੀ ਕੰਡ ਉਸ ਦੇ ਅੱਗੇ ਕਰਕੇ ਆਪਣੀ ਹਿੱਕ ਨਾਲ ਤੈਨੂੰ ਨਿਘਿਆਂ ਕਰਦਾ। ਤੈਨੂੰ ਪਾਲਣ ਲਈ ਕਿਹੜਾ ਵਖਤ ਹੈ ਜਿਹੜਾ ਮੈਂ ਨਹੀਂ ਕੀਤਾ। ਹੁਣ ਮੈਂ ਤੈਨੂੰ ਜੰਗਲ ਵਿਚ ਛਡ ਜਾਣ ਲਈ ਇਥੇ ਆਇਆ ਹਾਂ ਅਤੇ ਤੇਰੇ ਵਿਆਹ ਬਾਰੇ ਕਦੀਂ ਨਹੀਂ ਸੋਚਾਂਗਾ। ਇਸ ਤਰ੍ਹਾਂ ਲਗਦਾ ਹੈ ਮੇਰੇ ਭੈੜੇ ਦਿਨ ਮੈਨੂੰ ਕਦੀ ਨਹੀਂ ਛਡਣਗੇ।"

ਸਹਿਗਾਨ: "ਹੇ ਮੇਰੇ ਪਿਤਾ ! ਤੁਸੀਂ ਮੈਨੂੰ ਕਿਥੇ ਲੈ ਚਲੇ ਹੋ ? ਤੁਸੀਂ ਬਿਓਪਾਰ ਕਰਨ ਦੇ ਆਸ਼ੇ ਨਾਲ ਆਏ ਸੀ। ਫਿਰ ਇਹ ਕੀ ਗਲ ਹੈ ਕਿ ਤੁਹਾਡਾ ਜਹਾਜ਼ ਏਥੇ ਲੰਗਰ ਸੁਟੀ ਬੈਠਾ ਹੈ ਅਤੇ ਤੁਸੀਂ ਇਸ ਸੰਘਣੇ ਜੰਗਲ ਵਿਚ ਕਿਉਂ ਆ ਵੜੇ ਹੋ ? ਜੇ ਤੁਹਾਡੇ ਮਨ ਵਿਚ ਇਹ ਸੀ ਕਿ ਤੁਸੀਂ ਮੈਨੂੰ ਦੇਸ਼ ਨਿਕਾਲਾ ਦੇ ਦਿਓਗੇ ਤਾਂ ਤੁਸੀਂ ਮੈਨੂੰ ਘਰ ਹੀ ਆਪਣੇ ਵੀਰ ਅਤੇ ਹੋਰਨਾਂ ਕੋਲ ਕੁਝ ਦਿਨ ਹੋਰ ਕਿਉਂ ਨਾ ਰਹਿਣ ਦਿੱਤਾ ? ਮੈਨੂੰ ਪਤਾ ਨਹੀਂ ਤੁਸੀਂ ਇਸ ਜੰਗਲ ਵਿਚ ਕਿਉਂ

ਆਏ ਹੋ ? ਮੇਰਾ ਦਿਲ ਡਰਦਾ ਹੈ ਕਿ ਤੁਸੀਂ ਮੈਨੂੰ ਇਥੇ ਦੇਸ਼ ਨਿਕਾਲਾ ਦੇ ਜਾਉਗੇ। ਪਿਤਾ ਜੀ ! ਬੇਸ਼ਕ ਇਨ੍ਹਾਂ ਜੰਗਲਾਂ ਦੇ ਬਿਰਖਾਂ, ਬੂਟਿਆਂ, ਅਤੇ ਵੇਲਾਂ ਨੂੰ ਪੁਛ ਲਓ, ਇਹ ਕਿਸ ਨੇ ਸੁਣਿਆ ਹੈ ਕਿ ਇਕ ਪਿਤਾ ਨੇ ਆਪਣੇ ਬੱਚੇ ਨੂੰ ਇਸ ਤਰ੍ਹਾਂ ਦੇਸ਼ ਨਿਕਾਲਾ ਦੇ ਦਿੱਤਾ ਹੋਵੇ।"

ਆਕਾਸ਼ ਦੇ ਤਾਰੇ, ਚੰਨ, ਸੂਰਜ ਅਤੇ ਹੋਰ ਗ੍ਰਹਿ ਨੇਕੀ ਅਤੇ ਧਰਮ ਦੇ ਰਾਖੇ ਹਨ। ਜੋ ਕੁਝ ਇਨ੍ਹਾਂ ਚਾਰ ਜੁਗਾਂ ਵਿਚ ਹੋਇਆ ਹੈ, ਉਹ ਜਾਣਦੇ ਹਨ। ਇਨ੍ਹਾਂ ਨੂੰ ਹੀ ਪੁੱਛੋ ਪਿਤਾ ਜੀ ਕਿ ਕਿਸ ਨੇ ਸੁਣਿਆ ਹੈ ਕਿ ਇਕ ਜੰਗਲੀ ਪੰਛੀ ਦੇ ਕਹਿਣ ਉੱਤੇ ਇਕ ਬੱਚੇ ਨੂੰ ਪਿਤਾ ਨੇ ਇਸ ਤਰ੍ਹਾਂ ਦੇਸ਼ ਨਿਕਾਲਾ ਦੇ ਦਿੱਤਾ ਹੋਵੇ। ਇਹ ਦਰਿਆ ਆਪਣਾ ਉਚਾ ਵੰਸ਼ ਪਹਾੜਾਂ ਤੋਂ ਗਿਣਦਾ ਹੈ ਅਤੇ ਜਾਕੇ ਵੱਡੇ ਸਮੁੰਦਰ ਨਾਲ ਮੇਲ ਕਰਦਾ ਹੈ। ਪਿਛਲੇ ਚਾਰ ਜੁਗਾਂ ਵਿਚ ਜੋ ਕੁਝ ਹੋਇਆ ਉਹ ਇਸ ਨੇ ਵੇਖਿਆ ਹੈ, ਇਸਨੂੰ ਹੀ ਪੁੱਛੋ ਕਿ ਇਹ ਕਿੱਥੇ ਹੋਇਆ ਸੁਣਿਆ ਹੈ ਕਿ ਇਕ ਜੰਗਲੀ ਪੰਛੀ ਦੀ ਗਲ ਮਨ ਕੇ ਇਕ ਕੰਨਿਆ ਨੂੰ ਇਸ ਤਰ੍ਹਾਂ ਦੇਸ਼ ਨਿਕਾਲਾ ਦੇ ਦਿੱਤਾ ਜਾਵੇ।

ਉਹ ਟੁਰਦੇ ਗਏ, ਟੁਰਦੇ ਗਏ ਅਤੇ ਅਖ਼ੀਰ ਉਸ ਜੰਗਲ ਕੱਜੀ ਧਰਤੀ ਦੇ ਧੁਰ ਵਿਚਕਾਰ ਪਹੁੰਚ ਗਏ। ਉਸ ਜੰਗਲ ਵਿਚ ਨ ਕੋਈ ਮਨੁਖ ਸੀ, ਨਾ ਪਸ਼ੂ ਤੇ ਪੰਛੀ, ਉਨ੍ਹਾਂ ਉਥੇ ਇਕ ਉਜੜਿਆ ਹੋਇਆ ਪੁਰਾਨਾ ਮੰਦਰ ਵੇਖਿਆ, ਜਿਹੜਾ ਅੰਦਰੋਂ ਬੰਦ ਸੀ। ਪਿਓ ਧੀ ਕੁਝ ਚਿਰ ਆਰਾਮ ਕਰਨ ਲਈ ਉਸ ਦੀਆਂ ਪੌੜੀਆਂ ਉਤੇ ਬੈਠ ਗਏ। ਦੁਪਹਿਰ ਦਾ ਸੂਰਜ ਆਪਣੀਆਂ ਸਾੜਦੀਆਂ ਕਿਰਨਾਂ ਸੁਟ ਰਿਹਾ ਸੀ ਅਤੇ ਕੱਜਲ ਰੇਖਾ ਭੁਖ ਅਤੇ ਤਰੇਹ ਤੋਂ ਬਹੁਤ ਤੰਗ ਸੀ।

ਕੱਜਲ ਰੇਖਾ :

ਗੀਤ :— ਮੇਰੇ ਪੈਰ ਹੁਣ ਹੋਰ ਨਹੀਂ ਟੁਰਦੇ, ਉਫ਼ ਮੇਰੀ ਮਾਤਾ ਕਿੱਥੇ ਗਈ ! ਹਾਏ, ਇਸ ਵੇਲੇ ਮੇਰਾ ਪਿਆਰਾ ਵੀਰ ਕਿੱਥੇ ਹੈ ? ਮੇਰੇ ਖੋਟੇ ਕਰਮ ਦਿਨ ਰਾਤ ਮੇਰੀਆਂ ਪੈੜਾਂ ਦਬੀ ਫਿਰਦੇ ਹਨ। ਪਿਤਾ ਜੀ ਮੈਨੂੰ ਆਪਣੀ ਤ੍ਰੇਹ ਬੁਝਾਣ ਲਈ ਘੁਟ ਕੁ ਪਾਣੀ ਦਿਓ।"

ਬਿਓਪਾਰੀ ਨੇ ਕਿਹਾ "ਇਕ ਪਲ ਠਹਿਰ ! ਮੈਂ ਵੇਖਦਾ ਹਾਂ ਕਿਧਰੇ ਪਾਣੀ ਨੇੜੇ ਹੈ।" ਇਹ ਕਹਿ ਕੇ ਉਹ ਉਥੋਂ ਟੁਰ ਗਿਆ।

ਜਦੋਂ ਉਸਦਾ ਪਿਤਾ ਚਲਾ ਗਿਆ ਤਾਂ ਕੁੜੀ ਆਪਣੀ ਥਾਂ ਤੋਂ ਉੱਠੀ ਅਤੇ ਆਲੇ ਦੁਆਲੇ ਵੇਖਿਆ। ਫਿਰ ਉਸਨੇ ਆਪਣਾ ਕੂਲਾ ਹਥ ਮੰਦਰ ਦੇ ਬੂਹੇ ਨੂੰ ਲਾਇਆ। ਲਓ, ਉਸਦੇ ਹਥ ਲਾਣ ਨਾਲ ਹੀ ਇਹ ਖੁਲ੍ਹ ਗਿਆ। ਉਹ ਮੰਦਰ ਦੇ ਅੰਦਰ ਗਈ ਤਾਂ ਗੁਪਤ ਤਰੀਕੇ ਨਾਲ ਬੂਹਾ ਫਿਰ ਅੰਦਰੋਂ ਬੰਦ ਹੋ ਗਿਆ। ਕੱਜਲ ਰੇਖਾ ਨੇ ਆਪਣਾ ਪੂਰਾ ਜ਼ੋਰ ਲਾਇਆ ਪਰ ਉਸ ਤੋਂ ਉਹ ਬੂਹਾ ਨਾ ਖੁਲ੍ਹਿਆ। ਏਨੇ ਵਿਚ ਬਿਓਪਾਰੀ ਪਾਣੀ ਦਾ ਗਿਲਾਸ ਲੈ ਕੇ ਮੁੜ ਆਇਆ। ਉਸ ਨੇ ਵਾਜ ਮਾਰੀ "ਕਜਲ! ਬੂਹਾ ਲਾਹ" ਪਰ ਉਸ ਨੂੰ ਕੋਈ ਜਵਾਬ ਨ ਮਿਲਿਆ। ਝੁੱਟ ਕੁ ਪਿੱਛੋਂ ਉਹਨੂੰ ਇੰਜ ਲਗਾ ਕਿ ਉਸ ਦੀ ਬੱਚੀ ਅੰਦਰੋਂ ਕੁਝ ਆਖ ਰਹੀ ਹੈ। ਉਸਨੇ ਫਿਰ ਵਾਜ ਮਾਰੀ 'ਬਾਹਰ ਆ ਬੱਚੀ, ਮੈਂ ਤੇਰੇ ਲਈ ਪਾਣੀ ਲਿਆਇਆ ਹਾਂ'। ਸ਼ੋਕ ! ਕਜਲ ਹੁਣ ਮੰਦਰ ਦੇ ਵਿਚ ਕੈਦਣ ਸੀ ਅਤੇ ਇਸ ਗਲ ਦਾ ਉਸ ਦੇ ਪਿਤਾ ਨੂੰ ਪਤਾ ਨਹੀਂ ਸੀ ਲਗ ਸਕਦਾ। ਪਿਤਾ ਨੇ ਦਰਵਾਜ਼ਾ ਖੋਲ੍ਹਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹ ਖੋਲ੍ਹ ਨ ਸਕਿਆ। ਫਿਰ ਉਸਨੇ ਉਸਨੂੰ ਤੋੜਨ ਦੀ ਕੋਸ਼ਿਸ਼ ਕੀਤੀ ਪਰ ਉਹ ਤੋੜ ਵੀ ਨਾ ਸਕਿਆ।

ਬਿਓਪਾਰੀ ਨੇ ਉੱਚੀ ਸਾਰੀ ਆਖਿਆ "ਮੇਰੀ ਬੱਚੀ, ਮੰਦਰ ਦੇ ਅੰਦਰ ਤੈਨੂੰ ਕੀ ਦਿਸਦਾ ਹੈ ?" ਉਸ ਨੇ ਰੋ ਕੇ ਆਖਿਆ "ਇਕ ਮੰਜੀ ਉਤੇ ਇਕ ਰਾਜਕੁਮਾਰ ਦੀ ਲੋਥ ਪਈ ਹੈ। ਘਿਉ ਨਾਲ ਇਕ ਦੀਵਾ ਜਗ ਰਿਹਾ ਹੈ। ਰਾਜਕੁਮਾਰ ਦਾ ਸਰੀਰ ਸੈਂਕੜੇ ਸੂਈਆਂ ਅਤੇ ਤੀਰਾਂ ਨਾਲ ਵਿੰਨ੍ਹਿਆ ਪਿਆ ਹੈ।"

ਬਿਓਪਾਰੀ ਨੇ ਫਿਰ ਉੱਚੀ ਵਾਜ ਮਾਰ ਕੇ ਆਖਿਆ "ਹੇ ਮੇਰੀ ਬੱਚੀ ! ਅਟੱਲ ਹੁਕਮ ਤੇਰੇ ਮੱਥੇ ਉੱਤੇ ਲਿਖਿਆ ਪਿਆ ਹੈ। ਮੈਂ ਇਸ ਬਿਪਤਾ ਨੂੰ ਜਿਹੜੀ ਤੈਨੂੰ ਉਡੀਕ ਰਹੀ ਹੈ ਟਾਲਣ ਲਈ ਉਪਾ ਕਰ ਸਕਦਾ ਹਾਂ। ਹੁਣ ਤੂੰ ਵੇਖ ਉਸ ਪੰਛੀ ਦੀ ਭਵਿਖ-ਬਾਣੀ ਦਾ ਇਕ ਇਕ ਸ਼ਬਦ ਪੂਰਾ ਹੋ ਰਿਹਾ ਹੈ। ਕੁਦਰਤ ਤੇਰੇ ਵਿਰੁੱਧ ਹੈ। ਮੈਂ ਤੇਰੇ ਲਈ ਚੰਗਾ ਵਰ ਕਿਸ ਤਰ੍ਹਾਂ ਲਭ ਸਕਦਾ ਹਾਂ। ਤੇਰਾ ਪਿਤਾ ਹੋ ਕੇ ਮੈਂ ਤੈਨੂੰ ਇਹ ਆਖਣ ਲਗਾ ਹਾਂ ਕਿ ਇਸ ਨਿਰਜੀਵ ਰਾਜਕੁਮਾਰ ਨਾਲ ਤੂੰ ਵਿਆਹ ਕਰ ਲੈ। ਕਿੰਨੇ ਸ਼ੋਕ ਦੀ ਗਲ ਹੈ। ਮੈਂ ਆਪਣੇ ਦਿਲ ਦਾ ਖਜ਼ਾਨਾ ਏਥੇ ਛੱਡ ਕੇ ਕਿਸ ਤਰ੍ਹਾਂ ਜਾਵਾਂਗਾ। ਮੇਰੀ ਪਿਆਰੀ ਬੱਚੀ ! ਹੁਣ ਮੇਰੀ ਗਲ ਸੁਣ। ਜਿਸ ਰਾਜਕੁਮਾਰ ਦੀ ਲਾਸ਼ ਤੂੰ ਆਪਣੇ ਕੋਲ ਵੇਖ ਰਹੀ ਹੈਂ, ਉਹ ਤੇਰਾ ਲਾੜਾ ਹੈ। ਹੇ ਸੂਰਜ, ਚੰਦ ਅਤੇ ਜੰਗਲ ਉੱਤੇ ਰਾਜ ਕਰਦੇ ਦੇਵਤਿਓ, ਤੁਸੀਂ ਗਵਾਹ ਹੋਵੋ, ਅਜ ਤੋਂ ਮੈਂ ਆਪਣੇ ਦਿਲ ਵਿਚੋਂ ਆਪਣੀ ਬੱਚੀ ਦਾ ਸਾਰਾ ਪਿਆਰ ਕੱਢ ਦਿਆਂਗਾ। ਮੇਰੀ ਗਲ ਧਿਆਨ ਨਾਲ ਸੁਣੀਂ ! ਜੇ ਤੂੰ ਸਤੀ ਹੈਂ ਤਾਂ ਤੂੰ ਇਸ ਜਵਾਨ ਪੁਰਸ਼ ਨੂੰ ਫਿਰ ਸੁਰਜੀਤ ਕਰ ਲਵੇਂਗੀ ! ਮੈਂ ਹੁਣ ਜਾਂਦਾ ਹਾਂ। ਹੁਣ ਅਸੀਂ ਕਦੀ ਨਹੀਂ ਮਿਲਾਂਗੇ। ਮੈਂ ਤੈਨੂੰ ਅਸੀਸ ਦੇਂਦਾ ਹਾਂ। ਪ੍ਰਮਾਤਮਾ ਕਰੇ ਤੂੰ ਆਪਣੇ ਪਤੀ ਨੂੰ ਸੁਰਜੀਤ ਕਰ ਲਵੇਂ ਅਤੇ ਵਾਪਸ ਆਉਣ ਜੋਗੀ ਹੋਵੇਂ। ਸਿਪੀਆਂ ਦੇ ਸ਼ਗਨ ਅਤੇ ਕੰਗਣ ਸਦਾ ਹਥੀਂ ਰਖੀਂ।"

ਪਿਓ ਧੀ ਰੋ ਪਏ। ਜੰਗਲ ਦੇ ਪਸ਼ੂਆਂ ਨੇ ਚੁਪ ਕੀਤਿਆਂ ਹੰਝੂ ਵਹਾਏ। ਉਸ ਜੰਗਲ ਦੇ ਵਿਚਕਾਰ ਕੁੜੀ ਇਕੱਲੀ ਛਡ ਦਿੱਤੀ ਗਈ। ਪਿਤਾ ਦਾ ਦਿਲ ਰੋਂਦਾ ਸੀ ਅਤੇ ਧੀ ਡਰ ਨਾਲ ਕੰਬ ਰਹੀ ਸੀ। ਸ਼ੋਕ ! ਕਿ ਅਖ਼ੀਰ ਵਿਛੜਨ ਵੇਲੇ ਇਕ ਦੂਜੇ ਦਾ ਮੂੰਹ ਵੇਖਣਾ ਵੀ ਉਨ੍ਹਾਂ ਦੇ ਭਾਗਾਂ ਵਿਚ ਨਹੀਂ ਸੀ।

ਬਿਓਪਾਰੀ ਮੁੜ ਗਿਆ। ਕੱਜਲ ਰੇਖਾ ਉਸ ਮੰਦਰ ਵਿਚ ਰਹਿ ਗਈ। ਉਹ ਇੱਕਲੀ ਲੋਥ ਦੇ ਕੋਲ ਰੋਂਦੀ ਕੁਰਲਾਂਦੀ ਰਹੀ, ਉਸ ਦਾ ਪਿਤਾ ਜਿਹੜਾ ਜੰਗਲ ਵਿਚ ਉਸਦਾ ਇੱਕੋ ਇਕ ਸਾਥੀ ਸੀ। ਨਿਰਦੈਤਾ ਨਾਲ ਉਸ ਨੂੰ ਛਡ ਕੇ ਟੁਰ ਗਿਆ। ਉਹ ਮ੍ਰਿਤਕ ਰਾਜਕੁਮਾਰ ਦੀ ਮੰਜੀ ਕੋਲ ਗਈ ਅਤੇ ਵਹਿੰਦੇ ਹੰਝੂਆਂ ਨਾਲ ਇਸ ਤਰ੍ਹਾਂ ਵਿਰਲਾਪ ਕਰਨ ਲੱਗੀ।

"ਜਾਗ, ਸੁੰਦਰ ਰਾਜਕੁਮਾਰ ਅਤੇ ਮੈਂ ਅਭਾਗਣ ਨੂੰ ਇਕ ਵਾਰ ਵੇਖ। ਮੈਂ ਤੈਨੂੰ ਜੀਵਨ ਵਿਚ ਪਹਿਲਾਂ ਕਦੀ ਨਹੀਂ ਵੇਖਿਆ। ਮੇਰੇ ਪਿਤਾ ਜੀ ਨੇ ਤੈਨੂੰ ਮੇਰਾ ਪਤੀ ਕਿਹਾ ਹੈ। ਉਨ੍ਹਾਂ ਦਾ ਦਿਲ ਕਠੋਰ ਹੈ। ਉਹ ਮੈਨੂੰ ਇਸ ਹਾਲਤ ਵਿਚ ਛਡ ਕੇ ਚਲੇ ਗਏ ਹਨ। ਤਿੰਨ ਦਿਨ ਅਤੇ ਰਾਤਾਂ ਮੈਂ ਕੁਝ ਨਹੀਂ ਖਾਧਾ। ਤੂੰ ਸ਼ਕਲ ਦਾ ਚੰਦ੍ਰਮਾਂ ਵਾਂਗ ਸੁੰਦਰ ਅਤੇ ਉਜਲ ਲਗਦਾ ਹੈਂ। ਇਸਤਰ੍ਹਾਂ ਜਾਪਦਾ ਹੈ ਕਿ ਮੌਤ ਦਾ ਪ੍ਰਛਾਵਾਂ ਤੇਰੇ ਉੱਤੇ ਹੈ। ਜਿਵੇਂ ਸਵੇਰ ਦਾ ਸੂਰਜ ਬਦਲਾਂ ਉਹਲੇ ਆ

ਗਿਆ ਹੋਵੇ । ਤੂੰ ਇੰਜ ਲਗ ਰਿਹਾ ਹੈਂ । ਹਾਏ ! ਤੈਨੂੰ ਕਿਸ ਨੇ ਇਸ ਹਾਲਤ ਵਿਚ ਕੀਤਾ ਹੈ ਅਤੇ ਇਕ ਮੁਰਦਾ ਲਾਸ਼ ਬਣਾ ਕੇ ਇਸ ਉਜਾੜ ਥਾਂ ਉਤੇ ਛਡ ਦਿੱਤਾ ਹੈ । ਤੇਰੇ ਮਾਪੇ ਕਿੰਨੇ ਜ਼ਾਲਮ ਹੋਣਗੇ । ਤੂੰ ਜ਼ਰੂਰ ਹੀ ਉਨ੍ਹਾਂ ਦੇ ਘਰ ਦਾ ਦੀਪਕ ਸੈਂ । ਫਿਰ ਵੀ ਉਨ੍ਹਾਂ ਨੇ ਤੈਨੂੰ ਇਥੇ ਇਸ ਹਾਲਤ ਵਿਚ ਛਡ ਜਾਣ ਦਾ ਜਿਗਰਾ ਕੀਤਾ । ਕੀ ਉਹ ਵੀ ਮੇਰੇ ਪਿਤਾ ਜਿੰਨੇ ਹੀ ਬੇਦਰਦੀ ਤੇ ਖੋਟੇ ਹਨ ! ਜਿਨ੍ਹਾਂ ਸਾਰਾ ਪਿਆਰ ਤਿਆਗ ਕੇ ਤੈਨੂੰ ਇਸ ਜੰਗਲ ਵਿਚ ਸੜਨ ਨੂੰ ਛਡ ਦਿੱਤਾ ਹੈ । ਮੇਰੇ ਸਵਾਮੀ ! ਭਾਵੇਂ ਤੂੰ ਕੋਈ ਵੀ ਹੈਂ । ਮੈਨੂੰ ਦਸਿਆ ਗਿਆ ਹੈ ਕਿ ਤੂੰ ਮੇਰਾ ਪਤੀ ਹੈਂ ਜਿੰਨਾ ਚਿਰ ਜੀਉਂਦੀ ਹਾਂ, ਤੇਰੀ ਹਾਂ । ਮੇਰੇ ਉਤੇ ਵਿਸ਼ਵਾਸ ਕਰ, ਮੇਰੇ ਨਾਲ ਗਲ ਕਰਨ ਲਈ ਆਪਣੇ ਹੋਠ ਖੋਲ੍ਹ, ਮੇਰੇ ਵਲ ਵੇਖਣ ਲਈ ਆਪਣੀਆਂ ਅਖਾਂ ਖੋਲ੍ਹ । ਜਾਗ ! ਅਤੇ ਮੈਨੂੰ ਉੱਤਰ ਦੇ ! ਮੈਂ ਪ੍ਰਾਰਥਨਾ ਕਰਦੀ ਹਾਂ ਕਿ ਇਸ ਤਰ੍ਹਾਂ ਮੈਨੂੰ ਹੋਰ ਭੁਲੇਖੇ ਵਿਚ ਨ ਰਖ ।

"ਹਾਏ ! ਵਿਚਾਰੀ ਬਹੁਲਾ ਵਾਂਗ ਮੈਂ ਵੀ ਆਪਣੇ ਪਿਤਾ ਵੱਲੋਂ ਇਕ ਨਿਰਜੀਵ ਦੇ ਹਵਾਲੇ ਕਰ ਦਿੱਤੀ ਗਈ ਹਾਂ ।"

ਕੁਝ ਚਿਰ ਪਿੱਛੋਂ ਮੰਦਰ ਦਾ ਦਰਵਾਜ਼ਾ ਆਪਣੇ ਆਪ ਖੁਲ੍ਹ ਗਿਆ । ਕੱਜਲ ਰੇਖਾ ਨੇ ਵੇਖਿਆ ਇਕ ਸਨਿਆਸੀ ਅੰਦਰ ਆ ਵੜਿਆ ਹੈ । ਪਿਓ ਧੀ ਨੇ ਆਪਣਾ ਪੂਰਾ ਤ੍ਰਾਣ ਲਾਇਆ ਸੀ ਪਰ ਦਰਵਾਜ਼ਾ ਨਹੀਂ ਸਨ ਖੋਲ੍ਹ ਸਕੇ । ਸਨਿਆਸੀ ਦਾ ਹਥ ਲਗਦਿਆਂ ਹੀ ਦਰਵਾਜ਼ਾ ਆਪਣੇ ਆਪ ਖੁਲ੍ਹ ਗਿਆ । ਕੱਜਲ ਰੇਖਾ ਇਹ ਵੇਖ ਕੇ ਹੈਰਾਨ ਹੋ ਗਈ ਅਤੇ ਉਸ ਮਨ ਵਿਚ ਸੋਚਿਆ "ਇਹ ਸਨਿਆਸੀ ਮੇਰੇ ਪਤੀ ਨੂੰ ਸੁਰਜੀਤ ਕਰ ਸਕੇਗਾ ।"

ਉਸ ਨੇ ਸਨਿਆਸੀ ਦੇ ਪੈਰਾਂ ਉੱਤੇ ਮੱਥਾ ਟੇਕਿਆ ਅਤੇ ਰੋਣ ਲਗ ਪਈ । ਸਨਿਆਸੀ ਨੇ ਉਸ ਨੂੰ ਧਰਵਾਸ ਦਿੱਤੀ ਅਤੇ ਕਿਹਾ 'ਬੀਬੀ, ਡਰ ਨਾ ਇਹ ਮ੍ਰਿਤਕ ਗਭਰੂ ਇਕ ਰਾਜਕੁਮਾਰ ਸੀ ਅਤੇ ਇਸ ਨੂੰ ਮੈਂ ਏਥੇ ਲਿਆਂਦਾ ਹੈ । ਇਸ ਦੇ ਪਿੰਡੇ ਵਿੱਚੋਂ ਇਕ ਇਕ ਕਰਕੇ ਸੂਈਆਂ ਚੁਗ ਦੇ । ਜਦੋਂ ਸਾਰੀਆਂ ਸੂਈਆਂ ਚੁਗ ਦਏਂ, ਫਿਰ ਇਹ ਪੱਤਰ ਜਿਹੜੇ ਮੈਂ ਤੈਨੂੰ ਦਿੰਦਾ ਹਾਂ ਇਨ੍ਹਾਂ ਦਾ ਰਸ ਇਸ ਦੀਆਂ ਅੱਖਾਂ ਉਤੇ ਲਾਵੀਂ । ਪਰ ਧਿਆਨ ਰੱਖੀਂ ਅਜੇ ਬਹੁਤ ਸਾਰੇ ਕਲੇਸ਼ ਤੇਰੇ ਭਾਗਾਂ ਵਿਚ ਹਨ । ਪਾਪ ਦਾ ਮੁਕਾਬਲਾ ਨਾ ਕਰੀਂ ਅਤੇ ਨਾ ਹੀ ਤਕਦੀਰ ਦੇ ਅਟਲ ਹੁਕਮ ਤੋਂ ਸ਼ਕਤੀ ਨਾਲ ਬਚਣ ਦੀ ਕੋਸ਼ਿਸ਼ ਕਰੀਂ । ਇਹ ਮ੍ਰਿਤਕ ਰਾਜਕੁਮਾਰ ਤੇਰਾ ਪਤੀ ਹੈ, ਪਰ ਮੇਰਾ ਉਪਦੇਸ਼ ਯਾਦ ਰਖੀਂ । ਜਿੰਨਾ ਚਿਰ ਧਰਮ-ਮਤੀ ਪੰਛੀ ਤੈਨੂੰ ਉਸ ਨਾਲ ਮਿਲਾਂਦਾ ਨਹੀਂ । ਉਸਨੂੰ ਇਹ ਨ ਦਸੀਂ ਕਿ ਤੂੰ ਕੌਣ ਹੈਂ ਭਾਵੇਂ ਤੈਨੂੰ ਕਿੰਨਾ ਵੀ ਦੁਖ ਹੋਵੇ । ਜੇ ਤੂੰ ਮੇਰੇ ਉਪਦੇਸ਼ ਦੀ ਉਲੰਘਣਾ ਕਰੇਂਗੀ ਤਾਂ ਤੂੰ ਵਿਧਵਾ ਹੋ ਜਾਵੇਂਗੀ !"

ਇਹ ਕਹਿ ਕੇ ਸਨਿਆਸੀ ਟੁਰ ਗਿਆ ।

ਕੱਜਲ ਰੇਖਾ ਨੂੰ ਮਰੇ ਹੋਏ ਰਾਜਕੁਮਾਰ ਦੇ ਪਿੰਡੇ ਵਿੱਚੋਂ ਇਕ ਇਕ ਕਰਕੇ ਸੂਈਆਂ ਚੁਗਦਿਆਂ ਸਤ ਦਿਨ ਅਤੇ ਸਤ ਰਾਤਾਂ ਲੱਗੀਆਂ । ਇਹ ਸੱਤੇ ਦਿਨ ਉਸਨੇ ਵਰਤ ਰਖਿਆ । ਸਾਰਾ ਸਮਾਂ ਉਹ ਮੰਦਰ ਵਿਚੋਂ ਬਾਹਰ ਨਾ ਨਿਕਲੀ । ਅਠਵੇਂ ਦਿਨ ਪਤੀ ਦੇ ਸਰੀਰ ਵਿੱਚੋਂ ਸਾਰੀਆਂ ਸੂਈਆਂ ਮੁਕ ਗਈਆਂ । ਕੇਵਲ ਉਸ ਦੀਆਂ ਅੱਖਾਂ ਵਿਚ ਹੀ ਦੋ ਸੂਈਆਂ ਰਹਿ ਗਈਆਂ ।

ਹੁਣ ਚੂੰਕਿ ਉਸਦੇ ਪਤੀ ਦੇ ਸੁਰਜੀਤ ਹੋਣ ਅਤੇ ਉਸ ਦਾ ਵਿਆਹ ਹੋਣ ਦਾ ਸਮਾਂ ਸੀ, ਉਹ ਮੰਦਰ ਵਿਚੋਂ ਬਾਹਰ ਨਿਕਲੀ ਅਤੇ ਅਸ਼ਨਾਨ ਕਰਨ ਲਈ ਪਾਣੀ ਦੀ ਭਾਲ ਕਰਨ ਲੱਗੀ । ਕੁਝ ਦੂਰ ਜਾ ਕੇ ਉਸ ਨੇ ਇਕ ਤਲਾ ਵੇਖਿਆ । ਚਵ੍ਹੀਂ ਪਾਸੀਂ ਪੱਥਰ ਦੇ ਘਾਟ ਬਣੇ ਹੋਏ ਸਨ । ਪਾਣੀ ਦਾ ਰੰਗ ਅਨਾਰਾਂ ਦੇ ਰਸ ਵਰਗਾ ਸੀ । ਉਹ ਨਹਾਉਣ ਲਈ ਹੇਠਾਂ ਉਤਰ ਆਈ । ਠੀਕ ਇਸ ਵੇਲੇ ਉਸ ਨੇ ਇਕ ਬੁੱਢਾ ਆਦਮੀ ਵੇਖਿਆ, ਜਿਸ ਦੇ ਪਿੱਛੇ ਇਕ ਚੌਦਾਂ ਸਾਲਾਂ ਦੀ ਕੁੜੀ ਰੌਲਾ ਪਾਂਦੀ ਆਉਂਦੀ ਸੀ । "ਨੌਕਰਾਨੀ ਚਾਹੀਦੀ ਹੈ ?" ਉਹ ਪੇਂਡੂ ਕੁੜੀ ਜਾਪਦੀ ਸੀ ਅਤੇ ਉਸਦੇ ਨਕਸ਼ਾਂ ਬਾਰੇ ਕੋਈ ਵਰਣਨ ਯੋਗ ਗਲ ਨਹੀਂ ਸੀ ।

ਉਹ ਆਦਮੀ ਕੱਜਲ ਰੇਖਾ ਕੋਲ ਆਇਆ ਅਤੇ ਉਸ ਨੂੰ ਪੁਛਣ ਲਗਾ ਕਿ ਕੀ ਉਸ ਨੂੰ ਇਕ ਨੌਕਰਾਨੀ ਦੀ ਲੋੜ ਹੈ ? ਕੱਜਲਰੇਖਾ ਨੇ ਪੁਛਿਆ "ਬਾਬਾ ਇਹ ਕੁੜੀ ਤੇਰੀ ਕੀ ਲਗਦੀ ਹੈ ?" ਉਸ ਨੇ ਕਿਹਾ "ਇਹ ਮੇਰੀ ਧੀ ਹੈ । ਅਤਿ ਗਰੀਬੀ ਨੇ ਸਾਨੂੰ ਏਥੋਂ ਤਕ ਲੈ ਆਂਦਾ ਹੈ । ਮੈਂ ਇਸ ਨੂੰ ਵੇਚਣ ਲਗਾ ਹਾਂ । ਮੈਂ ਨੇੜੇ ਦੇ ਸਾਰੇ ਪਿੰਡਾਂ ਵਿਚ ਗਿਆ ਪਰ ਇਸ ਨੂੰ ਕਿਸੇ ਨਹੀਂ ਖਰੀਦਿਆ । ਫਿਰ ਮੈਂ ਇਕ ਸਨਿਆਸੀ ਨੂੰ ਮਿਲਿਆ ਜਿਸ ਨੇ ਮੈਨੂੰ ਦਸਿਆ, "ਇਸ ਜੰਗਲ ਵਿਚ ਇਕ ਰਾਜਕੁਮਾਰੀ ਰਹਿੰਦੀ ਹੈ, ਸ਼ਾਇਦ ਉਸ ਨੂੰ ਗੋਲੀ ਦੀ ਲੋੜ ਹੋਵੇ ।"

"ਮੇਰਾ ਕਿਆਸ ਏ ਕਿ ਤੂੰ ਹੀ ਉਹ ਰਾਜਕੁਮਾਰੀ ਏਂ, ਜਿਸ ਬਾਰੇ ਸਨਿਆਸੀ ਨੇ ਮੈਨੂੰ ਦਸਿਆ ਸੀ ।"

ਫਿਰ ਕੱਜਲ ਰੇਖਾ ਨੇ ਇਸ ਤਰ੍ਹਾਂ ਸੋਚਣਾ ਅਰੰਭ ਕੀਤਾ । "ਇਸ ਦੁਨੀਆਂ ਵਿਚ ਇਕ ਤੇ ਨਿਰਦਈ ਪਿਤਾ ਉਹ ਸੀ, ਜਿਸ ਨੇ ਆਪਣੀ ਬੱਚੀ ਨੂੰ ਇਸ ਜੰਗਲ ਵਿਚ ਦੇਸ਼ ਨਿਕਾਲਾ ਦੇ ਦਿੱਤਾ । ਹੁਣ ਇਹ ਇਕ ਹੋਰ ਜਿਹੜਾ ਉਸ ਤੋਂ ਵੀ ਬਹੁਤਾ ਨਿਰਦਈ ਹੈ, ਜਿਹੜਾ ਗਰੀਬੀ ਦੇ ਬਹਾਨੇ ਆਪਣੀ ਧੀ ਨੂੰ ਵੇਚਣ ਆਇਆ ਹੈ । ਇਹ ਕੁੜੀ ਵੀ ਮੇਰੇ ਵਾਂਗ ਦੁਖ ਭੋਗਣ ਲਈ ਹੀ ਜੰਮੀ ਹੈ ।"

ਉਸ ਨਾਲ ਹਮਦਰਦੀ ਕਰਕੇ ਅਤੇ ਕੁਝ ਇਸ ਖਿਆਲ ਨਾਲ ਕਿ ਉਹ ਉਸ ਦੇ ਦੁਖ ਵੰਡਾਇਗੀ, ਕੱਜਲ ਰੇਖਾ ਨੇ ਸੋਨੇ ਦਾ ਕੰਗਣ ਦੇ ਕੇ ਉਸ ਦੇ ਪਿਤਾ ਤੋਂ ਉਸ ਨੂੰ ਖਰੀਦ ਲਿਆ ।

ਆਪਣੇ ਪਿਛਲੇ ਜਨਮ ਦੇ ਪਾਪਾਂ ਸਦਕਾ ਉਸ ਨੂੰ ਜੰਗਲ ਵਿਚ ਦੇਸ ਨਿਕਾਲਾ ਮਿਲਿਆ । ਹੁਣ ਉਸ ਨੇ ਕੰਗਣ ਦੇ ਕੇ ਇਕ ਗੋਲੀ ਖਰੀਦੀ ਅਤੇ ਉਸ ਦਾ ਨਾਂ ਕੰਗਣ ਦਾਸੀ ਰੱਖਿਆ ।

ਫਿਰ ਉਸ ਨੇ ਦਾਸੀ ਨੂੰ ਪੁਰਾਨੇ ਮੰਦਰ ਵਲ ਹਥ ਕਰਕੇ ਕਿਹਾ "ਓਥੇ ਚਲੀ ਜਾ, ਓਥੇ ਤੈਨੂੰ ਇਕ ਰਾਜਕੁਮਾਰ ਦੀ ਲੋਥ ਦਿਸੇਗੀ । ਪਰ ਤੂੰ ਡਰੀਂ ਨਾਂ । ਉਸ ਦੇ ਸਰ੍ਹਾਣੇ ਹੇਠਾਂ ਕੁਝ ਪੱਤਰ ਹੋਣਗੇ । ਤੂੰ ਉਹਨਾਂ ਦਾ ਰਸ ਕੱਢੀ ਮੈਂ ਹੁਣੇ ਮੁੜ ਕੇ ਆਉਂਦੀ ਹਾਂ ਤੇ ਉਸ ਦੀਆਂ ਅਖਾਂ ਵਿੱਚੋਂ ਸੂਈਆਂ ਕੱਢ ਕੇ ਉਹ ਰਸ ਉਸ ਦੀਆਂ ਅਖਾਂ ਨੂੰ ਲਾਵਾਂਗੀ । ਇਸ ਨਾਲ ਉਹ ਸੁਰਜੀਤ ਹੋ ਜਾਵੇਗਾ । "ਜਦੋਂ ਉਸ ਨੇ ਇਹ ਕਿਹਾ ਤਾਂ ਉਸਦੀ ਖੱਬੀ ਅੱਖ ਫਰਕੀ । ਇਸ ਦਾ ਅਰਥ ਇਹ ਸੀ ਕਿ ਕੰਗਣ ਦਾਸੀ ਨੂੰ ਇਹ ਭੇਦ ਦਸ ਕੇ ਉਸ ਨੇ ਚੰਗਾ ਨਹੀਂ ਕੀਤਾ । ਉਹ ਕੰਬ ਗਈ ।

ਦਾਸੀ ਕੁਝ ਪੈਰ ਅਗੇ ਗਈ ਅਤੇ ਫਿਰ ਉਸ ਪਿਛਾਂਹ ਮੁੜ ਕੇ ਰਾਹ ਵੇਖਿਆ ਅਤੇ ਹਰ ਤਰ੍ਹਾਂ ਦੇ ਪਾਪੀ ਵਿਚਾਰ ਉਸਦੇ ਮਨ ਵਿਚ ਆ ਰਹੇ ਸਨ ।

ਉਸ ਨੇ ਰਾਜਕੁਮਾਰ ਦੀਆਂ ਅੱਖਾਂ ਵਿੱਚੋਂ ਦੋਵੇਂ, ਸੂਈਆਂ ਕਢ ਦਿਤੀਆਂ ਅਤੇ ਜਿਸ ਤਰ੍ਹਾਂ ਉਸ ਨੂੰ ਦਸਿਆ ਗਿਆ ਸੀ, ਰਸ ਰਾਜਕੁਮਾਰ ਦੀਆਂ ਅਖਾਂ ਨੂੰ ਲਾ ਦਿੱਤਾ। ਰਾਜਕੁਮਾਰ ਇਕ ਦਮ ਸੁਰਜੀਤ ਹੋ ਕੇ ਮੰਜੀ ਤੋਂ ਉਠ ਬੈਠਾ। ਕੰਗਣ ਦਾਸੀ ਨੇ ਕਿਹਾ "ਰਾਜਕੁਮਾਰ, ਹੁਣ ਤੂੰ ਮੇਰੇ ਨਾਲ ਵਿਆਹ ਕਰ ਲੈ।"

ਰਾਜਕੁਮਾਰ ਨੂੰ ਇਹ ਪਤਾ ਨਹੀਂ ਸੀ ਕਿ ਇਹ ਕੌਣ ਹੈ, ਪਰ ਫਿਰ ਵੀ ਉਸੇ ਵੇਲੇ ਉਸ ਨੇ ਕਸਮ ਖਾਧੀ ਅਤੇ ਕਿਹਾ "ਚੂੰਕਿ ਤੇਰੀ ਕ੍ਰਿਪਾ ਨਾਲ ਹੀ ਮੈਨੂੰ ਮੁੜਕੇ ਜੀਵਨ ਮਿਲਿਆ ਹੈ, ਮੈਂ ਸੁਗੰਧ ਖਾਂਦਾ ਹਾਂ ਕਿ ਮੈਂ ਤੇਰੇ ਨਾਲ ਹੀ ਵਿਆਹ ਕਰਾਂਗਾ। ਉਸ ਨੇ ਇਕ ਹੋਰ ਸੁਗੰਧ ਖਾ ਕੇ ਕਿਹਾ "ਮੈਂ ਤੇਰੇ ਸਰੀਰ ਨੂੰ ਹਥ ਲਾ ਕੇ ਸੁਗੰਧ ਖਾਂਦਾ ਹਾਂ ਕਿ ਤੂੰ ਹੀ ਮੇਰੇ ਦਿਲ ਦੀ ਰਾਣੀ ਹੋਵੇਂਗੀ। ਕਿਉਂਕਿ ਤੂੰ ਹੀ ਮੈਨੂੰ ਜੀਵਨ ਦਿੱਤਾ ਹੈ। ਤੀਸਰੀ ਕਸਮ ਖਾ ਕੇ ਉਸ ਨੇ ਕਿਹਾ "ਮੈਂ ਇਸ ਵੇਲੇ ਕਸਮ ਖਾਂਦਾ ਹਾਂ, ਧਰਮ ਮੇਰਾ ਸਾਖੀ ਹੋਵੇ। ਅਜ ਤੋਂ ਤੂੰ ਮੇਰੇ ਮਹਿਲ ਦੀ ਰਾਣੀ ਹੋਵੇਂਗੀ। ਮੇਰੀ ਸਾਰੀ ਬਾਦਸ਼ਾਹਤ ਨੇ, ਮੇਰੇ ਸਰਦਾਰਾਂ, ਰਿਸ਼ਤੇਦਾਰਾਂ ਅਤੇ ਅਫਸਰਾਂ ਨੇ ਮੈਨੂੰ ਛੱਡ ਦਿੱਤਾ। ਲੋਕੀਂ ਮੈਨੂੰ, ਜਿਹੜਾ ਉਨ੍ਹਾਂ ਦਾ ਰਾਜਾ ਸੀ, ਇਕ ਲਾਸ਼ ਬਣਾ ਕੇ ਇਸ ਜੰਗਲ ਵਿਚ ਸੁਟ ਕੇ ਆਪਣੇ ਆਪਣੇ ਘਰੀਂ ਸੁਖੀ ਵਸਦੇ ਹਨ। ਤੇਰੀ ਦਇਆ ਨਾਲ ਹੀ ਮੈਨੂੰ ਇਹ ਜੀਵਨ ਮਿਲਿਆ ਹੈ। ਇਸ ਲਈ ਮੈਂ ਸੁਗੰਧ ਖਾਂਦਾ ਹਾਂ ਕਿ ਇਸ ਦੁਨੀਆਂ ਵਿਚ ਹੋਰ ਕੋਈ ਨਹੀਂ, ਜਿਹੜਾ ਮੈਨੂੰ ਤੇਰੇ ਜਿੰਨਾ ਪਿਆਰਾ ਹੋਵੇ।"

ਰਾਜਕੁਮਾਰ ਨੇ ਇਹ ਨਹੀਂ ਪੁਛਿਆ ਕਿ ਉਸਦੇ ਮਾਪੇ ਕੌਣ ਹਨ, ਨਾ ਹੀ ਉਸ ਦੀ ਜਾਤ ਪੁਛੀ। ਉਸ ਨੇ ਕੇਵਲ ਇਸ ਲਈ ਉਸ ਨਾਲ ਵਿਆਹ ਕਰ ਲਿਆ ਕਿ ਉਸਨੇ ਉਸ ਨੂੰ ਸਵਾਸ ਬਖਸ਼ੇ ਸੀ। ਉਸ ਮੰਦਰ ਵਿਚ ਪਵਿੱਤ੍ਰ ਘਿਓ ਨਾਲ ਇਕ ਦੀਪਕ ਬਲਦਾ ਸੀ। ਰਾਜਕੁਮਾਰ ਨੇ ਇਸ ਨੂੰ ਹਥ ਲਾ ਕੇ ਫਿਰ ਸੁਗੰਧ ਖਾਧੀ।

ਇਸ ਪਲ ਇਸ਼ਨਾਨ ਨਾਲ ਭਿੱਜੇ ਕਪੜੇ ਪਾਈ ਕੱਜਲ ਰੇਖਾ ਮੰਦਰ ਵਿਚ ਆਈ। ਅੰਦਰ ਵੜਦਿਆਂ ਉਹ ਇਹ ਵੇਖ ਕੇ ਹੈਰਾਨ ਹੋ ਗਈ ਕਿ ਉਸ ਦਾ ਪਤੀ ਸੁਰਜੀਤ ਹੋ ਗਿਆ ਹੈ।

ਕੱਜਲ ਰੇਖਾ ਨੇ ਸਾਰੀ ਖਿੜ ਕੇ ਉਸ ਵਲ ਵੇਖਿਆ। ਉਹ ਰਾਜਕੁਮਾਰ ਗ੍ਰਹਿਣ ਤੋਂ ਨਿਕਲੇ ਚੰਨ ਵਾਂਗ ਉੱਜਲ ਸੀ, ਅਤੇ ਪ੍ਰਭਾਤ ਦੇ ਸੂਰਜ ਵਾਂਗ ਤੇਜਸਵੀ ਸੀ। ਉਸ ਨੇ ਉਤਸਕ ਅੱਖਾਂ ਨਾਲ ਸਿਰ ਤੋਂ ਪੈਰਾਂ ਤਕ ਉਸ ਵਲ ਵੇਖਿਆ। ਰਾਜਕੁਮਾਰ ਵੀ ਉਸ ਦੀ ਅਦਭੁਤ ਸੁੰਦਰਤਾ ਵੇਖ ਕੇ ਹੈਰਾਨ ਰਹਿ ਗਿਆ। ਇਹੋ ਜਹੀ ਸੁੰਦਰ ਇਸਤ੍ਰੀ ਉਸ ਨੇ ਪਹਿਲਾਂ ਕਦੀ ਨਹੀਂ ਵੇਖੀ ਸੀ। ਉਹ ਆਪਣੀ ਜਵਾਨੀ ਦੀ ਪ੍ਰਭਾਤ ਵਿਚ ਸੀ ਅਤੇ ਵਡਮੁੱਲੇ ਹੀਰੇ ਵਾਂਗ ਚਮਕ ਰਹੀ ਸੀ। ਉਸ ਨੇ ਮਿਠੀ ਆਵਾਜ਼ ਵਿਚ ਉਸ ਤੋਂ ਪੁਛਿਆ, "ਬੀਬੀ ਤੂੰ ਕਿਥੋਂ ਆਈ ਹੈਂ? ਤੇਰਾ ਨਾਂ ਕੀ ਹੈ? ਤੇਰੇ ਮਾਪੇ ਕੌਣ ਹਨ ਅਤੇ ਤੇਰਾ ਘਰ ਕਿੱਥੇ ਹੈ? ਤੂੰ ਇਸ ਜੰਗਲ ਵਿਚ ਕਿਉਂ ਘੁੰਮ ਰਹੀ ਹੈਂ? ਦਇਆਵਾਨ ਹੋ ਕੇ ਮੈਨੂੰ ਉੱਤਰ ਦੇ! ਤੇਰਾ ਪਿਤਾ ਬੜਾ ਨਿਰਦਈ ਹੈ ਅਤੇ ਮਾਂ ਵੀ ਉਸ ਤੋਂ ਘਟ ਨਹੀਂ। ਉਨ੍ਹਾਂ ਤੈਨੂੰ ਘਰ ਤਿਆਗ ਕੇ ਇਸ ਉਜਾੜ ਥਾਂ ਉੱਤੇ ਆਉਣ ਦੀ ਆਗਿਆ ਕਿਵੇਂ ਦੇ ਦਿੱਤੀ।

ਕੰਗਣ ਦਾਸੀ ਨੇ ਅੱਗੇ ਆ ਕੇ ਗੱਲ ਟੋਕੀ ਅਤੇ ਕਹਿਣ ਲੱਗੀ "ਇਸ ਨੂੰ ਮੈਂ ਕੰਗਣ ਦੇ ਕੇ ਖਰੀਦਿਆ ਹੈ। ਇਸ ਦਾ ਨਾਂ ਕੰਗਣ ਦਾਸੀ ਹੈ।

ਇਸ ਤਰ੍ਹਾਂ ਰਾਣੀ ਦਾਸੀ ਬਣ ਗਈ ਅਤੇ ਦਾਸੀ ਰਾਣੀ। ਇਹ ਉਸ ਦੇ ਪਿਛਲੇ ਜਨਮ ਦੇ ਪਾਪਾਂ ਦਾ ਹੀ ਫਲ ਸੀ ਅਤੇ ਜਿਸ ਨੇ ਕੱਜਲ ਰੇਖਾ ਨੂੰ ਜੰਮਣ ਵੇਲੇ ਤੋਂ ਦੁਖੀ ਰੱਖਿਆ।

ਰਾਜਕੁਮਾਰ ਦੇ ਮਹਿਲਾਂ ਵਿਚ ਕੱਜਲ ਰੇਖਾ ਦਾਸੀਆਂ ਵਾਂਗ ਰਹਿਣ ਲਗੀ। ਉਹ ਸਰੋਵਰ ਤੋਂ ਪਾਣੀ ਲਿਆਉਂਦੀ, ਕਮਰਿਆਂ ਵਿਚ ਝਾੜੂ ਦਿੰਦੀ, ਕਪੜੇ ਧੋਂਦੀ ਅਤੇ ਦਿਨ ਰਾਤ ਝੂਠੀ ਰਾਣੀ ਦੀ ਸੇਵਾ ਕਰਦੀ, ਪਰ ਆਪਣੀ ਸਾਰੀ ਲਗਨ ਅਤੇ ਫਰਜ਼ ਦੀ ਪਾਲਣਾ ਦੇ ਬਾਵਜੂਦ ਵੀ ਉਹ ਰਾਣੀ ਉਸ ਨਾਲ ਪ੍ਰਸੰਨ ਨਹੀਂ ਹੈ। ਹਰ ਵੇਲੇ ਉਸ ਨੂੰ ਕਿਸੇ ਨ ਕਿਸੇ ਬਹਾਨੇ ਗਾਲ੍ਹਾਂ ਮਿਲਦੀਆਂ ਹਨ।

ਝੂਠੀ ਰਾਣੀ ਹਰ ਵੇਲੇ ਉਸ ਨੂੰ ਸ਼ਕ ਨਾਲ ਤਾੜਦੀ ਰਹਿੰਦੀ ਅਤੇ ਸਦਾ ਉਸ ਉੱਤੇ ਕਰੜੀ ਨਿਗਰਾਨੀ ਰਖਦੀ, ਤਾਂ ਜੋ ਉਹ ਕਿਸੇ ਨੂੰ ਸਚ ਨਾ ਦਸ ਦੇਵੇ। ਰਾਜਕੁਮਾਰ ਇਹ ਸਭ ਕੁਝ ਬੜੇ ਧਿਆਨ ਨਾਲ ਵੇਖਦਾ। ਉਸ ਦੀ ਲਾਜ, ਉਸ ਦੀ ਮਿੱਠੀ ਗਲ, ਅਤੇ ਉਸ ਦਾ ਨਿਮਰਤਾ ਵਾਲਾ ਅਤੇ ਸੁਚੱਜਾ ਅਚਾਰ, ਵੇਖਕੇ ਅਤੇ ਸਭ ਤੋਂ ਵਧ ਉਸ ਦੀ ਚੰਨ ਵਰਗੀ ਚਮਕਦੀ ਸੁੰਦਰਤਾ ਵੇਖ ਕੇ ਰਾਜਕੁਮਾਰ ਉਸ ਨਾਲ ਮੋਹਿਆ ਗਿਆ।

ਰਾਜਕੁਮਾਰ :

"ਹੇ ਸੁੰਦਰੀ, ਤੂੰ ਕੌਣ ਹੈਂ? ਤੇਰਾ ਘਰ ਕਿੱਥੇ ਹੈ? ਤੇਰਾ ਨਾਂ ਕੀ ਹੈ ਅਤੇ ਤੇਰੇ ਮਾਪੇ ਕੌਣ ਹਨ। ਮੇਰੇ ਨਾਲ ਸੱਚੀ ਗਲ ਕਰ ਅਤੇ ਆਪਣੇ ਬਾਰੇ ਇਹ ਸਾਰਾ ਵੇਰਵਾ ਮੈਨੂੰ ਦਸ। ਤੂੰ ਇਥੇ ਦਾਸੀ ਬਣ ਕੇ ਕੰਮ ਕਰਦੀ ਹੈਂ, ਪਰ ਇਹ ਸਾਫ਼ ਹੈ ਕਿ ਇਹ ਕੰਮ ਤੈਨੂੰ ਫਬਦਾ ਨਹੀਂ। ਮੈਨੂੰ ਤੇ ਇਹ ਸ਼ਕ ਪੈਂਦਾ ਹੈ ਕਿ ਤੂੰ ਰਾਜਕੁਮਾਰੀ ਹੈਂ! ਮੰਦੇ ਭਾਗਾਂ ਦੀ ਕਿਸੇ ਠੋਕਰ ਨਾਲ ਤੂੰ ਇਸ ਦਸ਼ਾ ਵਿਚ ਅਪੜੀ ਹੈਂ। ਤੇਰੀ ਸੁੰਦਰਤਾ ਤੇਜਸਵੀ ਚੰਨ ਨੂੰ ਮਾਤ ਪਾਂਦੀ ਹੈ। ਹੇ ਮੁਟਿਆਰੇ! ਮੈਨੂੰ ਧੋਖੇ ਵਿਚ ਨਾ ਰਖ, ਸਗੋਂ ਸਾਰਾ ਕੁਝ ਸਚ ਸਚ ਦਸਦੇ।

ਕੱਜਲ ਰੇਖਾ :

"ਮੈਂ ਕੰਗਨ ਦਾਸੀ ਹਾਂ ਤੁਹਾਡੀ ਪਤਨੀ ਨੇ ਮੈਨੂੰ ਕੰਗਨ ਦੇ ਕੇ ਖਰੀਦਿਆ ਹੈ। ਮੈਂ ਜੰਗਲ ਵਿਚ ਬੜੇ ਔਖ ਨਾਲ ਦਿਨ ਕੱਟ ਰਹੀ ਸਾਂ, ਏਥੇ ਤੁਸਾਂ ਕਿਰਪਾ ਕਰਕੇ ਮੈਨੂੰ ਰੋਟੀ ਕਪੜਾ ਦੇ ਕੇ ਭੁਖ ਨੰਗ ਤੋਂ ਛੁਟਕਾਰਾ ਦਵਾਇਆ ਹੈ।"

"ਮੇਰੇ ਮਹਾਰਾਜ, ਮੇਰਾ ਨਾ ਪਿਤਾ ਹੈ, ਨਾ ਮਾਤਾ, ਨਾਂ ਹੀ ਕੋਈ ਭਰਾ ਹੈ। ਹਵਾ ਵਿਚ ਉਡਦੇ ਬਦਲ ਵਾਂਗ ਮੈਂ ਨਿਆਸਰੀ ਏਧਰ ਓਧਰ ਭਟਕਦੀ ਫਿਰਦੀ ਹਾਂ।"

ਰਾਜਕੁਮਾਰ ਇਸ ਤਰ੍ਹਾਂ ਭਾਵੇਂ ਰੋਜ਼ ਕਈ ਸਵਾਲ ਪੁਛਦਾ, ਪਰ ਉਸ ਨੂੰ ਕੋਈ ਪੱਕਾ ਉੱਤਰ ਨਾ ਮਿਲਿਆ। ਹੁਣ ਤਕ ਝੂਠੀ ਰਾਣੀ ਨੇ ਆਪਣੇ ਮੰਦੇ ਆਚਾਰ ਅਤੇ ਕਰਤੂਤਾਂ ਨਾਲ ਆਪਣੀ ਹੀ ਵਡਿਆਈ ਅਤੇ ਅਮੁਕ ਗਲ੍ਹਾਂ ਕਰਨ ਦੇ ਅਸੱਭਯ ਵਤੀਰੇ ਨਾਲ ਰਾਜਕੁਮਾਰ ਦਾ ਜੀਵਨ ਅਜਹਿ ਬਣਾ ਦਿੱਤਾ ਸੀ। ਰਾਜਕੁਮਾਰ ਅੰਦਰਲੇ ਦਿਲੋਂ ਕੱਜਲ ਰੇਖਾ ਨੂੰ ਪਿਆਰ ਕਰਦਾ ਸੀ।

ਉਸ ਉੱਤੇ ਉਸ ਦੀ ਸੁੰਦਰਤਾ ਅਤੇ ਹੋਰ ਗੁਣਾਂ ਦਾ ਏਨਾ ਅਸਰ ਹੋਇਆ ਸੀ ਕਿ ਉਹ ਉਸ ਬਾਰੇ ਜਾਣਨ ਦੀ ਉਤਸੁਕਤਾ ਨਾਲ ਪਾਗਲ ਹੋ ਗਿਆ ਸੀ। ਉਸ ਤੋਂ ਬਿਨਾਂ ਉਸ ਨੂੰ ਆਪਣੀ ਬਾਦ-ਸ਼ਾਹੀ, ਆਪਣੀ ਰਾਜਧਾਨੀ ਅਤੇ ਆਪਣੀ ਦੌਲਤ ਸਭ ਵਿਅਰਥ ਲਗਦੀ ਸੀ। ਉਹ ਰਾਤੀਂ ਸੌਂ ਨਾ ਸਕਦਾ, ਨਾ ਰੋਜ਼ ਦਾ ਭੋਜਨ ਕਰ ਸਕਦਾ। ਆਪਣੇ ਕੰਮ ਵਿਚ ਉਸ ਦਾ ਜੀ ਨਾ ਲਗਦਾ। ਦੁਨੀਆਂ ਉਸ ਸਾਹਮਣੇ ਖਾਲੀ ਖਾਲੀ ਸੀ। ਇਕ ਦਿਨ ਉਸ ਨੇ ਆਪਣੇ ਬੁੱਢੇ ਵਜ਼ੀਰ ਨੂੰ ਆਪਣੇ ਕੋਲ ਸੱਦਿਆ ਅਤੇ ਕਿਹਾ, "ਮੈਂ ਨਵਾਂ ਮਹੀਨਿਆਂ ਲਈ ਵਾਂਹੜੇ ਚਲਿਆ ਹਾਂ, ਹੋਰ ਦੇਸ ਵੇਖਣ ਲਈ। ਇਸ ਸਮੇਂ ਵਿਚ ਇਸ ਕੁੜੀ ਬਾਰੇ ਜਿਹੜੀ ਆਪਣੇ ਆਪ ਨੂੰ ਕੰਗਨ ਬਾਂਦੀ ਕਹਿੰਦੀ ਹੈ, ਸਾਰੀ ਜਾਣਕਾਰੀ ਲੈਣ ਦੀ ਪੂਰੀ ਕੋਸ਼ਿਸ਼ ਕਰੋ।

ਵਜ਼ੀਰ ਤੋਂ ਵਿਦਾ ਹੋ ਕੇ ਉਹ ਝੂਠੀ ਰਾਣੀ ਕੋਲ ਗਿਆ। ਉਸ ਨੇ ਕਿਹਾ, "ਮੈਂ ਬਦੇਸ਼ਾ ਦੀ ਸੈਰ ਨੂੰ ਜਾ ਰਿਹਾ ਹਾਂ। ਦਸ, ਓਥੋਂ ਤੇਰੇ ਲਈ ਕੀ ਲਿਆਵਾਂ।" ਝੂਠੀ ਰਾਣੀ ਨੇ ਕਿਹਾ, "ਤੂੰ ਮੇਰੇ ਲਈ ਇਕ ਬੈਂਤ ਦੀ ਟੋਕਰੀ, ਇਕ ਛੱਜ, ਇਕ ਚੌੜੀ ਥਾਲੀ, ਇਮਲੀ ਦੀ ਲਕੜੀ ਦਾ ਚੌਲ ਛੱਡਨ ਵਾਲਾ ਮੂਹਲਾ, ਇਕ ਪਿੱਤਲ ਦੀ ਨੱਥ ਤੇ ਤ੍ਰਾਮੇ ਦੀਆਂ ਬਾਂਕਾਂ ਲਿਆਵੀਂ।"

ਇਹ ਸੁਣਕੇ ਰਾਜਕੁਮਾਰ ਦਾ ਦਿਲ ਖਰਾਬ ਹੋ ਗਿਆ। ਫਿਰ ਉਹ ਕੱਜਲ ਰੇਖਾ ਕੋਲ ਗਿਆ ਜਿਹੜੀ ਹੁਣ ਕੰਗਨ ਦਾਸੀ ਬਣੀ ਹੋਈ ਸੀ। ਪਹਿਲਾਂ ਤਾਂ ਉਸ ਨੇ ਕਿਹਾ ਕਿ "ਮੈਨੂੰ ਕੁਝ ਵੀ ਨਹੀਂ ਚਾਹੀਦਾ। ਮੈਂ ਤੁਹਾਡੇ ਘਰ ਵਿਚ ਬਹੁਤ ਪ੍ਰਸੰਨ ਹਾਂ। ਏਥੇ ਮੈਨੂੰ ਕਿਸੇ ਸ਼ੈ ਦਾ ਘਾਟਾ ਨਹੀਂ।" ਪਰ ਰਾਜਕੁਮਾਰ ਨੇ ਹਠ ਕੀਤਾ ਕਿ ਉਹ ਜ਼ਰੂਰ ਉਸ ਤੋਂ ਕੁਝ ਮੰਗਾਵੇ। ਉਸ ਨੇ ਕਿਹਾ, "ਤੈਨੂੰ ਜ਼ਰੂਰ ਮੈਥੋਂ ਕੁਝ ਮੰਗਣਾ ਚਾਹੀਦਾ ਹੈ, ਜੋ ਤੈਨੂੰ ਬਹੁਤ ਪਸੰਦ ਹੋਵੇ।" ਕੱਜਲ ਰੇਖਾ ਨੇ ਕਿਹਾ "ਮੈਂ ਤੁਹਾਨੂੰ ਦਸਿਆ ਹੈ ਕਿ ਮੈਨੂੰ ਏਥੇ ਕੋਈ ਥੁੜ ਨਹੀਂ, ਪਰ ਜੇ ਤੁਸੀਂ ਜ਼ਰੂਰ ਹੀ ਮੇਰੇ ਲਈ ਕੁਝ ਲਿਆਉਣਾ ਚਾਹੁੰਦੇ ਹੋ, ਤਾਂ ਇਕ ਪੰਛੀ ਲਿਆਉਣਾ ਜਿਸ ਦਾ ਨਾਂ ਧਰਮ-ਮਤੀ ਹੈ।"

ਰਾਜਕੁਮਾਰ ਨੂੰ ਝੂਠੀ ਰਾਣੀ ਲਈ ਬਾਂਕਾਂ ਲਭਦਿਆਂ ਕੋਈ ਔਕੜ ਨਾ ਆਈ। ਉਸ ਨੂੰ ਇਹ ਵੀ ਪਤਾ ਲਗ ਗਿਆ ਕਿ ਉਹ ਆਪ ਕਿਸ ਮਿੱਟੀ ਦੀ ਬਣੀ ਹੋਈ ਹੈ। ਪਰ ਆਪਣੇ ਸਾਰੇ ਜਤਨਾ ਪਿੱਛੋਂ ਵੀ ਧਰਮ-ਮਤੀ ਪੰਛੀ ਹਾਸਲ ਨਾ ਕਰ ਸਕਣ ਕਰਕੇ ਉਹ ਬੜਾ ਦੁਖੀ ਅਤੇ ਸਤਿਆ ਹੋਇਆ ਸੀ। ਉਹ ਇਕ ਦੇਸ਼ ਤੋਂ ਦੂਜੇ ਦੇਸ਼ ਭੌਂਦਾ, ਇਕ ਰਾਜ ਤੋਂ ਦੂਜੇ ਰਾਜ ਵਿਚ ਅਤੇ ਇਸ ਤਰ੍ਹਾਂ ਛੇ ਮਹੀਨੇ ਲੰਘ ਗਏ।

ਹੋਰ ਤਿੰਨਾਂ ਮਹੀਨਿਆਂ ਪਿੱਛੋਂ ਉਸ ਨੇ ਵਾਪਸ ਆਪਣੀ ਰਾਜਧਾਨੀ ਮੁੜਨਾ ਸੀ। ਇਹਨਾਂ ਵਿੱਚੋਂ ਵੀ ਦੋ ਲੰਘ ਗਏ। ਇਸ ਸਥਿਤੀ ਵਿਚ ਉਹ ਕੱਜਲ ਰੇਖਾ ਦੇ ਪਿਤਾ ਦੇ ਸ਼ਹਿਰ ਪਹੁੰਚਿਆ। ਉਥੇ ਉਸ ਨੇ ਇਹ ਡੌਂਡੀ ਪਿਟਵਾ ਦਿੱਤੀ ਕਿ ਉਹ ਧਰਮ-ਮਤੀ ਪੰਛੀ ਨੂੰ ਖਰੀਦਣ ਨੂੰ ਤਿਆਰ ਹੈ। ਧਨੇਸਵਰ ਸੌਦਾਗਰ ਹੈਰਾਨ ਸੀ ਕਿ ਉਹ ਕੌਣ ਹੈ, ਜਿਹੜਾ ਇਸ ਨਾਂ ਦਾ ਪੰਛੀ ਲੈਣਾ ਚਾਹੁੰਦਾ ਹੈ। ਇਹ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਕੇਵਲ ਉਸ ਦੀ ਲੜਕੀ ਨੂੰ ਹੀ ਇਸ ਪੰਛੀ ਦਾ ਪਤਾ ਹੈ। ਉਸ ਨੂੰ ਵਿਸ਼ਵਾਸ ਹੋ ਗਿਆ ਕਿ ਉਸ ਦੀ ਧੀ ਸੁਖੀ ਹੋਵੇ ਜਾਂ ਦੁਖੀ, ਇਹ ਤੇ ਵਖਰੀ

ਗੱਲ ਹੈ, ਪਰ ਹੈ ਇਹ ਉਹੀ ਜਿਸ ਨੇ ਸੂਕਾ ਖਰੀਦਣ ਲਈ ਬੰਦਾ ਘਲਿਆ ਹੈ, ਹੋਰ ਕੋਈ ਨਹੀਂ। ਧਨੇਸ਼ਵਰ ਨੇ ਸਭ ਕੁਝ ਸੋਚ ਸਮਝ ਕੇ ਸੂਈਆਂ ਵਾਲੇ ਰਾਜਕੁਮਾਰ ਨੂੰ ਉਹ ਪੰਛੀ ਦੇ ਦਿੱਤਾ। ਰਾਜਕੁਮਾਰ ਕੱਜਲ ਰੇਖਾ ਲਈ ਉਹ ਪੰਛੀ ਲੈ ਕੇ ਪ੍ਰਸੰਨ ਹੋਇਆ, ਕਿਉਂਕਿ ਉਹ ਉਸਨੂੰ ਹਰ ਤਰੀਕੇ ਨਾਲ ਖੁਸ਼ ਕਰਨਾ ਚਾਹੁੰਦਾ ਸੀ।

ਘਰ ਮੁੜ ਕੇ ਸੂਈਆਂ ਵਾਲੇ ਰਾਜਕੁਮਾਰ ਨੇ ਝੂਠੀ ਰਾਣੀ ਨੂੰ ਉਹ ਸਭ ਕੁਝ ਦੇ ਦਿੱਤਾ ਜੋ ਉਹ ਓਹਦੇ ਲਈ ਲਿਆਇਆ ਸੀ ਅਤੇ ਤੋਤਾ ਕੱਜਲ ਰੇਖਾ ਨੂੰ ਦੇ ਦਿੱਤਾ ਪਰ ਗਲ ਦੋਵਾਂ ਨਾਲ ਹੀ ਕੋਈ ਨਾ ਕੀਤੀ। ਹੁਣ ਸੁਣੋ ਜੋ ਕੁਝ ਉਸ ਦੇ ਪਿੱਛੋਂ ਘਰ ਵਿਚ ਹੋਇਆ।

ਰਾਜ ਭਾਗ ਦੇ ਕੰਮਾਂ ਵਿਚ ਜਦੋਂ ਕੋਈ ਮੁਸ਼ਕਲ ਸਾਹਮਣੇ ਆਉਂਦੀ, ਤਾਂ ਵਜ਼ੀਰ ਝੂਠੀ ਰਾਣੀ ਅਤੇ ਕੱਜਲ ਰੇਖਾ ਦੋਹਾਂ ਨੂੰ ਉਸ ਬਾਰੇ ਰਾਏ ਦੇਣ ਲਈ ਆਖਦਾ।

ਝੂਠੀ ਰਾਣੀ ਨੂੰ ਕਿਸੇ ਗਲ ਦਾ ਕੋਈ ਪਤਾ ਨਹੀਂ ਸੀ, ਪਰ ਕਈ ਵਾਰ ਅੰਨ੍ਹੇ ਵਾਹ ਹੀ ਹੁਕਮ ਚਾੜ੍ਹ ਦਿੰਦੀ। ਇਕ ਵਾਰ ਤੇ ਉਸ ਦਾ ਹੁਕਮ ਏਨਾ ਸਿਆਣਪ-ਰਹਿਤ ਸੀ ਕਿ ਇਸ ਨਾਲ ਰਾਜ ਦਾ ਚੋਖਾ ਨੁਕਸਾਨ ਹੋ ਗਿਆ, ਪਰ ਵਜ਼ੀਰ ਨੇ ਉਸ ਦੀ ਪਦਵੀ ਦਾ ਆਦਰ ਕਰਦਿਆਂ ਹੋਇਆਂ ਉਸ ਦੇ ਹੁਕਮ ਦੀ ਵਿਰੋਧਤਾ ਨਾ ਕੀਤੀ, ਸਗੋਂ ਉਸ ਦੀ ਪਾਲਣਾ ਕਰ ਦਿੱਤੀ। ਇਕ ਵਾਰ ਰਾਜ ਉੱਤੇ ਭਾਰੀ ਖਤਰਾ ਆ ਪਿਆ। ਵਜ਼ੀਰ ਨੂੰ ਇਸ ਦੇ ਟਾਲਣ ਦਾ ਕੋਈ ਉਪਾ ਨਹੀਂ ਸੁਝਦਾ ਸੀ। ਉਸ ਨੇ ਕੱਜਲ ਰੇਖਾ ਦੀ ਸਲਾਹ ਮੰਗੀ। ਉਸ ਦੀ ਸਲਾਹ ਏਨੀ ਸਿਆਣੀ ਅਤੇ ਕੰਮ ਆਉਣ ਵਾਲੀ ਸਾਬਤ ਹੋਈ ਕਿ ਖ਼ਤਰਾ ਅਸਾਨੀ ਨਾਲ ਹੀ ਟਲ ਗਿਆ। ਵਜ਼ੀਰ ਨੇ ਰਾਜੇ ਨੂੰ ਇਹ ਸਾਰੀਆਂ ਗਲਾਂ ਗੁਪਤ ਤੌਰ ਤੇ ਦਸ ਦਿੱਤੀਆਂ। ਰਾਜੇ ਨੂੰ ਪਹਿਲਾਂ ਹੀ ਪਤਾ ਸੀ ਕਿ ਉਸ ਦੇ ਜਾਣ ਪਿੱਛੋਂ ਕਿਵੇਂ ਕਿਵੇਂ ਬੀਤੇਗੀ, ਪਰ ਉਸ ਨੇ ਕਿਹਾ ਕੁਝ ਨਾ। ਵਜ਼ੀਰ ਨੇ ਹੋਰ ਇਹ ਸੁਝਾ ਦਿੱਤਾ ਕਿ ਦੋਹਾਂ ਇਸਤ੍ਰੀਆਂ ਦੇ ਗੁਣਾਂ ਦੀ ਹੋਰ ਪਰਖ ਕਰਨ ਲਈ ਰਾਜਾ ਆਪਣੇ ਕੁਝ ਮਿਤ੍ਰਾਂ ਨੂੰ ਮਹਿਲ ਵਿਚ ਖਾਣੇ ਉੱਤੇ ਸੱਦੇ। ਰਸੋਈ ਦਾ ਕੰਮ ਅਡਰੋ ਅੱਡਰਾ ਦੋਹਾਂ ਇਸਤ੍ਰੀਆਂ ਦੇ ਸਪੁਰਦ ਕਰ ਦਿੱਤਾ ਜਾਵੇ। ਪਹਿਲੇ ਦਿਨ ਇਹ ਕੰਮ ਰਾਣੀ ਦਾ ਹੋਵੇ ਅਤੇ ਦੂਜੇ ਦਿਨ 'ਕੰਗਨ ਦਾਸੀ' ਦਾ।

ਝੂਠੀ ਰਾਣੀ ਨੇ ਰੋਟੀ ਬਨਾਣ ਵਿਚ ਅਜਿਹਾ ਕੁਚੱਜ ਵਿਖਾਇਆ ਕਿ ਜਦੋਂ ਉਹ ਰੋਟੀ ਮਿਤ੍ਰਾਂ ਅਗੇ ਪਰੋਸੀ ਗਈ ਤਾਂ ਰਾਜੇ ਸ਼ਰਮ ਨਾਲ ਆਪਣਾ ਸਿਰ ਨੀਵਾਂ ਕਰ ਲਿਆ। ਦੂਜੇ ਦਿਨ ਰਸੋਈ ਦਾ ਕੰਮ 'ਕੰਗਨ ਦਾਸੀ' ਦੇ ਸਪੁਰਦ ਹੋਇਆ।

ਉਹ ਸਵੇਰ ਸਾਰ ਉਠੀ ਅਤੇ ਅਸ਼ਨਾਨ ਕੀਤਾ। ਸੁੱਚੇ ਮਨ ਅਤੇ ਸਰੀਰ ਉਸ ਰਸੋਈ ਵਿਚ ਪ੍ਰਵੇਸ਼ ਕੀਤਾ। ਆਪਣੇ ਵਾਲਾਂ ਦਾ ਉਸ ਨੇ ਜੂੜਾ ਕਰ ਲਿਆ ਅਤੇ ਉੱਤੇ ਇਕ ਰੁਮਾਲ ਦੇ ਲਿਆ। ਰਸੋਈ ਉਸ ਨੇ ਗੰਗਾ ਜਲ ਨਾਲ ਧੁਵਾਈ। ਉਸ ਨੇ ਪੋਲੇ ਪੋਲੇ ਹਥੀਂ ਪੱਥਰ ਨਾਲ ਮਸਾਲੇ ਕੱਟੇ ਅਤੇ ਪੀਠੇ ਹੋਏ ਚੌਲਾਂ ਦਾ ਆਟਾ ਗੁੰਨ੍ਹ ਕੇ ਕੋਲ ਰਖ ਲਿਆ। ਉਸ ਨੇ ਕਬੂਤਰਾਂ ਦਾ ਸ਼ੋਰਬਾ ਬਣਾਇਆ ਅਤੇ ਮੱਛੀ ਤੋਂ ਕਈ ਤਰ੍ਹਾਂ ਦੇ ਸਾਲਨ। ਫਿਰ ਉਸ ਨੇ ਖੋਏ ਵਿਚ ਖੰਡ ਪਾ ਕ਼ੇ ਕਲਾਕੰਦ ਬਣਾਏ। ਜਦੋਂ ਇਹ ਥਾਲ ਵਿਚ ਰੱਖੇ ਗਏ, ਤਾਂ ਇਹਨਾਂ ਦੀ ਸੁਗੰਧ ਨਾਲ ਹੀ

ਭੁਖ ਲਗ ਆਉਂਦੀ ਸੀ। ਫਿਰ ਉਸ ਨੇ ਦੂਜ ਦੇ ਚੰਨ ਦੀ ਸ਼ਕਲ ਦਾ ਇਕ ਕੇਕ ਪਕਾਇਆ, ਜਿਸ ਨੂੰ ਚੰਦਰ ਪੂਲੀ ਆਖਦੇ ਹਨ। ਸੁਨਹਿਰੀ ਪਿਆਲਿਆਂ ਵਿਚ ਵਧੀਆ ਸਵਾਦ ਅਤੇ ਖੁਸ਼ਬੂ ਵਾਲੇ ਸ਼ਰਬਤ ਰੱਖੇ ਗਏ। ਇਕ ਪਕਵਾਨ ਜਿਸ ਨੂੰ ਖੀਰ ਪੂਲੀ ਆਖਦੇ ਹਨ ਅਤੇ ਜਿਸ ਦੇ ਵਿਚ ਖੰਡ ਵਾਲਾ ਖੋਇਆ ਰੱਖਿਆ ਜਾਂਦਾ ਹੈ ਉਹ ਵੀ ਉਸ ਤਿਆਰ ਕੀਤਾ, ਜਿਹੜਾ ਬਹੁਤ ਸਵਾਦੀ ਸੀ ਅਤੇ ਬਹੁਤ ਪਸੰਦ ਕੀਤਾ ਗਿਆ। ਫਰਸ਼ ਨੂੰ ਸਾਫ਼ ਕਰਕੇ ਅਤੇ ਧੋ ਕੇ ਉਸ ਉੱਤੇ ਖਾਣ ਲਈ ਚੌਂਕੀਆਂ ਰਖੀਆਂ ਗਈਆਂ।

ਉਸ ਨੇ ਸੁੰਦਰ ਸ਼ਾਲੀ ਚੌਲ ਸੁਨਹਿਰੀ ਥਾਲਾਂ ਵਿਚ ਪਾਏ ਅਤੇ ਪਾਸਿਆਂ ਉੱਤੇ ਸੁਹਣੀ ਤਰ੍ਹਾਂ ਕਟ ਕੇ ਨਿੰਬੂ ਰੱਖੇ ਤਾਂ ਜੋ ਭੋਜਨ ਦਾ ਸਵਾਦ ਹੋਰ ਵਧੇ। ਸੁਨਹਿਰੀ ਪਿਆਲਿਆਂ ਵਿਚ ਰਬੜੀ ਅਤੇ ਦਹੀਂ ਵੀ ਰਖਿਆ। ਇਕ ਸੁਨਹਿਰੀ ਥਾਲ ਵਿਚ ਛਿਲਕੇ ਲਾਹ ਕੇ ਪੱਕੇ ਕੇਲੇ ਰੱਖੇ ਗਏ। ਸੁਨਹਿਰੀ ਭਾਂਡਿਆਂ ਵਿਚ ਠੰਢਾ ਪਾਣੀ ਪਾ ਮੂੰਹ ਹਥ ਧੋਣ ਲਈ ਵਖਰਾ ਰਖਿਆ ਗਿਆ। ਉਸਨੇ ਖੁਸ਼ਬੂਦਾਰ ਕੱਥੇ ਨਾਲ ਸੁੰਦਰ ਪਾਨ ਬਣਾਏ ਅਤੇ ਇਨ੍ਹਾਂ ਨੂੰ ਇਕ ਸੁਨਹਿਰੀ ਪਾਨਦਾਨ ਵਿਚ ਰਖਿਆ।

ਇਹ ਸਾਰਾ ਕੁਝ ਮੁਕਾ ਕੇ ਉਹ ਕੁਝ ਚਿਰ ਰਸੋਈ ਵਿਚ ਬੈਠੀ ਰਹੀ।

ਪਰੀਖਿਆ ਏਥੇ ਨਹੀਂ ਮੁੱਕੀ ਸਗੋਂ ਚਲਦੀ ਰਹੀ। ਲੱਛਮੀ ਪੂਜਾ ਦੀ ਰਾਤ ਨੂੰ ਜਿਸ ਨੂੰ ਜਗਰਾਤੇ ਵਾਲੀ ਰਾਤ ਵੀ ਆਖਦੇ ਹਨ, ਫਸਲਾਂ ਦੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਉਸ ਰਾਤ ਰਾਜੇ ਨੇ ਵਜ਼ੀਰ ਦੀ ਸਲਾਹ ਉੱਤੇ ਰਾਣੀ ਅਤੇ ਕੱਜਲ ਰੇਖਾ ਦੋਹਾਂ ਨੂੰ ਕਿਹਾ ਕਿ ਉਹ ਵਿਹੜੇ ਨੂੰ ਚਿਤ੍ਰਾਂ ਨਾਲ ਸਜਾਉਣ। ਰਾਜੇ ਨੇ ਕਿਹਾ, "ਮੇਰੇ ਕੁਝ ਮਿਤ੍ਰ ਵੀ ਆਉਣਗੇ ਇਸ ਲਈ ਚਿਤ੍ਰਾਂ ਨੂੰ ਸੁੰਦਰ ਬਨਾਉਣ ਲਈ ਪੂਰਾ ਜਤਨ ਕਰੋ।" ਝੂਠੀ ਰਾਣੀ ਨੇ ਕਾਂ ਅਤੇ ਘੋਗੜ ਦੀਆਂ ਲਤਾਂ ਬਣਾ ਦਿੱਤੀਆਂ ਅਤੇ ਸਾਰਸ ਦੇ ਪੈਰ ਚਿੰਨ੍ਹ, ਸਰ੍ਹੋਂ ਦੇ ਬੀ ਦਾ ਗੁਦਾਮ ਅਤੇ ਮਕਈ ਦੀਆਂ ਛਲੀਆਂ।

ਕੱਜਲ ਰੇਖਾ ਨੇ ਕੀ ਅਤੇ ਕਿਸ ਤਰ੍ਹਾਂ ਚਿਤ੍ਰਿਆ? ਉਸ ਨੇ ਵਧੀਆ ਸ਼ਾਲੀ ਚੌਲਾਂ ਦੀ ਮੁਠ ਪਾਣੀ ਵਿਚ ਰਖੀ ਜਿੰਨਾਂ ਚਿਰ ਉਹ ਚੰਗੀ ਤਰ੍ਹਾਂ ਨਰਮ ਨਾ ਹੋ ਗਈ। ਫਿਰ ਉਨ੍ਹਾਂ ਨੂੰ ਧੋ ਕੇ ਪੱਥਰ ਉਤੇ ਕੁੱਟਿਆ। ਇਨ੍ਹਾਂ ਤੋਂ ਉਸ ਚਿਟੀ ਪਤਲੀ ਲੇਵੀ ਬਣਾ ਲਈ। ਸਭ ਤੋਂ ਪਹਿਲਾਂ ਉਸ ਨੇ ਆਪਣੇ ਮਾਤਾ ਪਿਤਾ ਦੇ ਚਰਨ ਬਣਾਏ, ਜਿਨ੍ਹਾਂ ਦੀ ਉਸ ਦੇ ਮਨ ਵਿਚ ਸਭ ਤੋਂ ਉੱਚੀ ਥਾਂ ਸੀ। ਫਿਰ ਉਸ ਨੇ ਦੋ ਅੰਨ ਭੰਡਾਰ ਬਣਾਏ, ਪਰ ਇਹ ਵੀ ਧਿਆਨ ਰਖਿਆ ਕਿ ਉਨ੍ਹਾਂ ਨੂੰ ਜਾਂਦੇ ਰਸਤਿਆਂ ਉੱਤੇ ਫਸਲਾਂ ਦੀ ਦੇਵੀ ਦੇ ਪੈਰ ਚਿੰਨ੍ਹ ਹੋਣ। ਥੋੜੀ ਥੋੜੀ ਵਿਥ ਉਤੇ ਉਸ ਨੇ ਮੁੰਜੀ ਦੀਆਂ ਮੰਜਰਾਂ ਜਿਹੜੀਆਂ ਦਾਣਿਆਂ ਦੇ ਭਾਰ ਨਾਲ ਪੂਰੀ ਤਰ੍ਹਾਂ ਲਿਫੀਆਂ ਹੋਈਆਂ ਸਨ ਬਣਾ ਦਿੱਤੀਆਂ। ਫਿਰ ਉਸ ਨੇ ਕੈਲਾਸ਼ ਪਰਬਤ ਵਿਚ ਮਹਾਨ ਦੇਵਤਾ ਸ਼ਿਵਜੀ ਅਤੇ ਉਸਦੀ ਪਤਨੀ ਦਾ ਮਹਿਲ ਬਣਾਇਆ। ਕਮਲ ਫੁਲ ਦੇ ਇਕ ਪੱਤ੍ਰ ਦੇ ਵਿਚਕਾਰ ਉਸ ਨੇ ਵਿਸ਼ਨੂੰ ਅਤੇ ਲਛਮੀ ਇੱਕਠੇ ਬੈਠੇ ਬਣਾਏ। ਇਕ ਰਥ ਵਿਚ ਜਿਸ ਨੂੰ ਸ਼ਾਹੀ ਹੰਸ ਖਿਚ ਰਿਹਾ ਸੀ, ਉਸ ਨੇ ਮਨਸ਼ਾ ਦੇਵੀ ਦਾ ਚਿਤ੍ਰ ਬਣਾਇਆ ਜਿਸ ਤੋਂ ਸਾਰੀਆਂ ਜਿੱਤਾਂ ਟੁਰਦੀਆਂ ਹਨ। ਫਿਰ ਉਸ ਨੇ ਚੁੜੇਲਾਂ

ਦੇ ਚਿਤ੍ਰ ਬਣਾਏ ਅਤੇ ਸਿੱਧਾਂ ਦੇ, ਜਿਹੜੇ ਤੰਤ੍ਰਿਕ ਰੀਤੀਆਂ ਨਾਲ ਕਰਾਮਾਤਾਂ ਕਰਦੇ ਹਨ. ਅਤੇ ਫਿਰ ਅਕਾਸ਼ ਦੀਆਂ ਅਪਸਰਾਵਾਂ ਦੇ ਬਿਰਖਾਂ ਦਾ ਇਕ ਝੁੰਡ ਬਣਾ ਕੇ ਹੇਠਾਂ ਉਸ ਨੇ ਬਨਦੇਵੀ ਦਾ ਚਿਤ੍ਰ ਬਣਾਇਆ। ਫਿਰ ਉਸ ਨੇ ਰੱਖਿਆ ਕਾਲੀ ਬਣਾਈ, ਜਿਹੜੀ ਦੇਵੀ ਸਾਨੂੰ ਸਾਰੇ ਖਤ-ਰਿਆਂ ਤੋਂ ਬਚਾਉਂਦੀ ਹੈ। ਫਿਰ ਉਸ ਨੇ ਯੋਧਾ ਦੇਵਤਾ ਕੱਤਕ ਅਤੇ ਲੇਖਕ ਦੇਵਤਾ ਗਨੇਸ਼ ਆਪਣੇ ਵਾਹਨਾਂ ਸਮੇਤ ਬਣਾਏ। ਅਤੇ ਫਿਰ ਬੜੇ ਸੁੰਦਰ ਤਰੀਕੇ ਨਾਲ ਰਾਮ, ਸੀਤਾ ਅਤੇ ਲਛਮਣ ਬਣਾਏ। ਮਹਾਨ ਰਥ ਪੁਸ਼ਪਕ ਹਵਾਈ ਜਹਾਜ਼ ਵੀ ਉਸ ਦੇ ਚਿਤ੍ਰਾਂ ਵਿਚ ਬਣਿਆ ਹੋਇਆ ਸੀ। ਚਿਤ੍ਰਾਂ ਦੀ ਇਸ ਲੰਮੀ ਪੰਕਤੀ ਵਿਚ ਜਮ ਅਤੇ ਇੰਦਰ ਦੇਵਤਾ ਵੀ ਸਨ।

ਫਿਰ ਉਸ ਨੇ ਸਮੁੰਦਰ ਬਣਾਇਆ, ਸੂਰਜ ਅਤੇ ਚੰਨ ਅਤੇ ਅਖ਼ੀਰ ਵਿਚ ਜੰਗਲ ਦੇ ਵਿਚ-ਕਾਰ ਇਕ ਪੁਰਾਨਾ ਢਹਿ ਰਿਹਾ ਮੰਦਰ ਇਸ ਦੇ ਅੰਦਰ ਇਕ ਮਰੇ ਹੋਏ ਰਾਜਕੁਮਾਰ ਦਾ ਚਿਤ੍ਰ ਸੀ। ਉਸ ਨੇ ਸਭ ਦੇ ਚਿਤ੍ਰ ਬਣਾਏ ਸਵਾਏ ਆਪਣੇ। ਸੂਈਆਂ ਵਾਲਾ ਰਾਜਕੁਮਾਰ ਅਤੇ ਉਸ ਦੇ ਦਰਬਾਰੀ ਸਭ ਉਥੇ ਸਨ, ਪਰ ਉਸ ਦਾ ਆਪਣਾ ਕੋਈ ਚਿਤ੍ਰ ਨਹੀਂ ਸੀ। ਜਦੋਂ ਚਿਤ੍ਰ ਚਿਤਰਣ ਹੋ ਗਿਆ ਤਾਂ ਉਸ ਨੇ ਪਵਿੱਤ੍ਰ ਘਿਓ ਨਾਲ ਇਕ ਦੀਪਕ ਬਾਲਿਆ ਅਤੇ ਧਰਤੀ ਉੱਤੇ ਸਿਰ ਰਖ ਕੇ ਮਥਾ ਟੇਕਿਆ।

ਰਾਜਾ ਆਪਣੇ ਮਿੱਤ੍ਰਾਂ, ਵਜ਼ੀਰਾਂ ਅਤੇ ਹੋਰ ਅਫ਼ਸਰਾਂ ਸਮੇਤ ਪਹਿਲਾਂ ਆਪਣੀ ਰਾਣੀ ਦੇ ਬਣਾਏ ਚਿਤ੍ਰ ਵੇਖਣ ਗਿਆ ਅਤੇ ਫਿਰ ਕੱਜਲ ਰੇਖਾ ਦੇ। ਉਨ੍ਹਾਂ ਸਾਰਿਆਂ ਨੇ ਸਰਬ ਸੰਮਤੀ ਨਾਲ ਇਹ ਸਿੱਟਾ ਕੱਢਿਆ ਕਿ ਉਹ ਕਿਸੇ ਉੱਚੇ ਘਰ ਦੀ ਧੀ ਸੀ। ਇਸਤਰ੍ਹਾਂ ਕਈ ਪ੍ਰੀਖਿਆਵਾਂ ਹੁੰਦੀਆਂ ਰਹੀਆਂ।

ਹੁਣ ਕੁੜੀ ਕਈ ਵਾਰ ਤੋਤੇ ਕੋਲ ਜਾਂਦੀ ਹੈ ਅਤੇ ਉਸ ਦੇ ਕੋਲ ਰੋ ਕੇ ਆਪਣਾ ਦਿਲ ਹੌਲਾ ਕਰਦੀ ਹੈ, ਉਹ ਪੰਛੀ ਤੋਂ ਆਪਣੇ ਪਿਤਾ ਅਤੇ ਵੀਰ ਬਾਰੇ ਪ੍ਰਸ਼ਨ ਪੁਛਦੀ ਹੈ ਤੇ ਆਖਦੀ ਹੈ "ਦਸ, ਮੇਰੇ ਦੁਖ ਕਦੋਂ ਕੱਟੇ ਜਾਣਗੇ।"

"ਹੇ ਪੰਛੀ, ਮੇਰੇ ਆਉਣ ਤੋਂ ਪਿੱਛੋਂ ਜੋ ਕੁਝ ਮੇਰੇ ਪਿਤਾ ਦੇ ਘਰ ਵਾਪਰਿਆ ਹੈ, ਉਹ ਸਭ ਮੈਨੂੰ ਦਸ। ਮੇਰੇ ਮਾਪਿਆਂ ਦਾ ਕੀ ਹਾਲ ਹੈ? ਮੈਨੂੰ ਪਰਦੇਸਾਂ ਵਿਚ ਘਣੇ ਦੁਖ ਭੋਗਦਿਆਂ ਦਸ ਵਰ੍ਹੇ ਹੋ ਗਏ ਹਨ। ਇਸ ਸਾਰੇ ਸਮੇਂ ਵਿਚ ਮੈਨੂੰ ਉਨ੍ਹਾਂ ਨੂੰ ਇਕ ਵਾਰ ਵੇਖਣ ਦਾ ਵੀ ਸੁਭਾਗ ਪ੍ਰਾਪਤ ਨਹੀਂ ਹੋਇਆ।"

ਮੇਰਾ ਛੋਟਾ ਵੀਰ ਮੈਨੂੰ ਪ੍ਰਾਣਾਂ ਤੋਂ ਪਿਆਰਾ ਸੀ। ਹੁਣ ਮੈਂ ਉਸ ਦਾ ਮੁਖੜਾ ਕਦੀ ਕਦੀ ਸੁਪਨੇ ਵਿਚ ਹੀ ਵੇਖਦੀ ਹਾਂ। ਇਹ ਸਭ ਕੁਝ ਮੇਰੇ ਮੱਥੇ ਉਤੇ ਲਿਖਿਆ ਸੀ, ਮੈਂ ਇਸ ਤੋਂ ਬਚ ਕਿਵੇਂ ਸਕਦੀ ਸਾਂ। ਮੇਰੇ ਪਿਤਾ ਨੇ ਮੈਨੂੰ ਜੰਗਲ ਵਿਚ ਦੇਸ਼ ਨਿਕਾਲਾ ਦੇ ਦਿੱਤਾ। ਹੇ ਚਤੁਰ ਪੰਛੀ! ਤੂੰ ਸਤਜੁਗ ਤੋਂ ਇਸ ਸੰਸਾਰ ਵਿਚ ਹੈਂ। ਮੈਨੂੰ ਸੱਚ ਸੱਚ ਦਸ, ਮੇਰੇ ਉਤੋਂ ਦੁਖਾਂ ਦਾ ਭਾਰ ਕਦੋਂ ਟਲੇਗਾ।"

ਪੰਛੀ ਦਾ ਜਵਾਬ:

"ਰੋ ਨਾ ਮੁਟਿਆਰੇ! ਹੋਰ ਵਿਰਲਾਪ ਨਾ ਕਰ। ਡੂੰਘੀ ਰਾਤੇ ਮੈਂ ਉਹ ਸਭ ਕੁਝ ਤੈਨੂੰ ਦਸ ਦਿਆਂਗਾ ਜੋ ਤੂੰ ਜਾਨਣਾ ਚਾਹੁੰਦੀ ਹੈਂ।"

ਜਦੋਂ ਅੱਧੀ ਰਾਤ ਲੰਘ ਗਈ ਤਾਂ ਕੁੜੀ ਨੇ ਪੰਛੀ ਨੂੰ ਉੱਚੀ ਸਾਰੀ ਅਵਾਜ਼ ਮਾਰੀ ਅਤੇ ਕਿਹਾ "ਰਾਤ ਬਹੁਤ ਲੰਘ ਗਈ ਹੈ । ਮੇਰੇ ਸਨੇਹੀਆ, ਕੀ ਤੂੰ ਜਾਗਦਾ ਹੈਂ ? ਕੁਝ ਦੇਰ ਨੂੰ ਪ੍ਰਭਾਤ ਹੋ ਜਾਵੇਗੀ ।"

"ਮੇਰੇ ਪਿਤਾ ਦੇ ਘਰ ਬੇ-ਸ਼ੁਮਾਰ ਨੌਕਰ ਹਨ ਪਰ ਮੰਦੇ ਭਾਗਾਂ ਨੂੰ ਮੈਂ ਆਪ ਏਥੇ ਦਾਸੀ ਹਾਂ । ਮੇਰੇ ਪਿਤਾ ਦੇ ਘਰ ਬਹੁਤ ਵਧੀਆ ਚਟਾਈਆਂ ਹਨ, ਕਲਾਮਈ ਤਰੀਕੇ ਨਾਲ ਬਣਾਈਆਂ ਹੋਈਆਂ । ਸੁੰਦਰ ਪਲੰਘ ਅਤੇ ਮੰਜੀਆਂ, ਪਰ ਖੋਟੇ ਕਰਮਾਂ ਨੂੰ ਮੈਂ ਏਥੇ ਨੰਗੀ ਭੋਇੰ ਉੱਤੇ ਸੌਂਦੀ ਹਾਂ । ਮੇਰਾ ਪਿਤਾ ਮੇਰੇ ਲਈ ਜਵਾਲਾ ਦੇ ਰੰਗ ਦੀਆਂ ਰੇਸ਼ਮੀ ਸਾੜ੍ਹੀਆਂ ਖਰੀਦਦਾ ਹੁੰਦਾ ਸੀ, ਪਰ ਏਥੇ ਮੈਂ ਛੋਟੀਆਂ ਅਤੇ ਮੋਟੀਆਂ ਪਿੰਡਾਂ ਦੇ ਜੁਲਾਹਿਆਂ ਦੀਆਂ ਉਣੀਆਂ ਹੋਈਆਂ, ਸਾੜੀਆਂ ਪਾਂਦੀ ਹਾਂ । ਪਿਆਰੇ ਪੰਛੀ, ਮੈਂ ਆਪਣੇ ਕੰਗਨ ਨਾਲ ਇਕ ਗੋਲੀ ਖਰੀਦੀ । ਉਹ ਰਾਣੀ ਬਣ ਗਈ ਹੈ ਅਤੇ ਮੈਂ ਉਸ ਦੀ ਦਾਸੀ । ਤੂੰ ਸਿਆਣਾ ਹੈ, ਅਤੇ ਇਸ ਦੁਨੀਆਂ ਵਿਚ ਸਤਿਯੁਗ ਤੋਂ ਰਹਿੰਦਾ ਹੈਂ । ਮੈਨੂੰ ਦਸ ! ਮੇਰੇ ਦੁਖਾਂ ਦੀ ਰਾਤ ਕਦੋਂ ਬੀਤੇਗੀ !"

ਪੰਛੀ:

"ਨਾ ਰੋ ਬੀਬੀ, ਵਿਰਲਾਪ ਨਾ ਕਰ । ਮੈਂ ਤੈਨੂੰ ਤੇਰੇ ਪਿਤਾ ਦੇ ਘਰ ਬਾਰੇ ਸਭ ਕੁਝ ਦਸਦਾ ਹਾਂ ।"

ਪਿਛਲੇ ਦਸਾਂ ਵਰ੍ਹਿਆਂ ਤੋਂ ਜਦੋਂ ਦਾ ਤੈਨੂੰ ਦੇਸ਼ ਨਿਕਾਲਾ ਮਿਲਿਆ ਹੈ, ਤੇਰਾ ਪਿਤਾ ਬਿਓਪਾਰ ਲਈ ਸਮੁੰਦਰੀ ਸਫ਼ਰ ਉੱਤੇ ਨਹੀਂ ਗਿਆ । ਇਹ ਦਸ ਸਾਲ ਤੇਰਾ ਪਿਤਾ ਇਕ ਵੱਡੇ ਦੁਖ ਦੇ ਪ੍ਰਛਾਵੇਂ ਹੇਠਾਂ ਆਪਣਾ ਜੀਵਨ ਬਿਤਾਂਦਾ ਰਿਹਾ ਹੈ । ਦਿਨ ਰਾਤ ਹੰਝੂ ਵਹਾ ਵਹਾ ਕੇ ਉਹ ਨੇਤਰਹੀਨ ਹੋ ਗਿਆ ਹੈ । ਸ਼ਹਿਰ ਵਾਲੇ ਜਦੋਂ ਤੇਰੀ ਗਲ ਕਰਦੇ ਹਨ, ਤਾਂ ਰੋ ਪੈਂਦੇ ਹਨ । ਘਰ ਦੇ ਨੌਕਰ ਜਦੋਂ ਤੈਨੂੰ ਯਾਦ ਕਰਦੇ ਹਨ, ਤਾਂ ਕੰਮ ਛਡ ਬਹਿੰਦੇ ਹਨ । ਜਿਸ ਦਿਨ ਤੋਂ ਤੈਨੂੰ ਦੇਸ਼ ਨਿਕਾਲਾ ਮਿਲਿਆ ਹੈ, ਅਸਤਬਲ ਦੇ ਘੋੜੇ ਅਤੇ ਹਾਥੀ, ਜਦੋਂ ਤੇਰਾ ਨਾਂ ਲਿਆ ਜਾਏ ਤਾਂ ਘਾਹ ਪਾਣੀ ਨੂੰ ਮੂੰਹ ਨਹੀਂ ਲਾਂਦੇ । ਗ਼ਮ ਵਿੱਚ ਸੂਰਜ ਦਿਨੇ ਲਿਸ਼ਕਦਾ ਨਹੀਂ ਜਾਪਦਾ ਅਤੇ ਚੰਨ ਰਾਤ ਨੂੰ ਪੀਲਾ ਦਿਸਦਾ ਹੈ । ਜੰਗਲੀ ਪੰਛੀ ਬਿਰਖਾਂ ਦੀਆਂ ਟਾਹਣੀਆਂ ਉੱਤੇ ਬੈਠੇ ਆਪਣਾ ਸਭ ਤੋਂ ਉਦਾਸੀਨ ਗੀਤ ਗਾਉਂਦੇ ਹਨ । ਕੋਈ ਦੀਪਕ ਉਸ ਸੁੰਦਰ ਮਹਿਲ ਦਾ ਅਨ੍ਹੇਰਾ ਨਹੀਂ ਮਿੱਟਾ ਸਕਦਾ । ਸੰਖੇਪ ਵਿਚ ਇਹ ਤੇਰੇ ਪਿਤਾ ਦੇ ਘਰ ਦੀ ਕਥਾ ਹੈ । ਦਸ ਸਾਲ ਲੰਘ ਗਏ ਹਨ, ਪਰ ਅਜੇ ਦੋ ਸਾਲ ਰਹਿੰਦੇ ਹਨ, ਜਿਨ੍ਹਾਂ ਵਿਚ ਤੂੰ ਦੁਖ ਭੋਗਦੀ ਰਹੇਂਗੀ । ਇਸ ਤੋਂ ਪਿੱਛੋਂ ਤੇਰੇ ਕਰਮਾਂ ਵਿਚ ਸੁਖ ਲਿਖਿਆ ਹੈ ।

ਇਸ ਤਰ੍ਹਾਂ ਮੁਟਿਆਰ ਹਰ ਰਾਤ ਪੰਛੀ ਨਾਲ ਦੁਖ ਸੁਖ ਵੰਡਾਉਂਦੀ ਹੈ । ਉਹ ਮੜ ਮੁੜ ਇਹ ਸਵਾਲ ਪੁਛਦੀ ਹੈ ਕਿ ਉਸ ਦੇ ਮਾੜੇ ਦਿਨ ਕਦੋਂ ਪੁਗਣਗੇ । ਪੰਛੀ ਜਿੰਨਾਂ ਕਰ ਸਕਦਾ ਹੈ ਮਿੱਠੇ ਸ਼ਬਦਾਂ ਨਾਲ ਉਸ ਨੂੰ ਧੀਰਜ ਦਿੰਦਾ ਹੈ । ਇਸ ਤਰ੍ਹਾਂ ਕੁਝ ਦਿਨ ਹੋਰ ਲੰਘ ਗਏ । ਹੁਣ ਇਕ ਹੋਰ ਘਟਨਾ ਹੋਈ ।

ਰਾਜਕੁਮਾਰ ਦਾ ਇਕ ਮਿਤ੍ਰ ਸੀ, ਜਿਹੜਾ ਇਸ ਵੇਲੇ ਉਸ ਦੇ ਘਰ ਮਹਿਮਾਨ ਬਣਿਆ

ਹੋਇਆ ਸੀ । ਇਸ ਮਿਤ੍ਰ ਨੂੰ ਇਹ ਵਿਸ਼ਵਾਸ ਸੀ ਕਿ ਕੱਜਲ ਰੇਖਾ ਜ਼ਰੂਰ ਇਕ ਰਾਜਕੁਮਾਰੀ ਹੈ । ਉਹ ਉਸ ਦੀ ਸੁੰਦ੍ਰਤਾ ਅਤੇ ਉੱਤਮ ਗੁਣਾਂ ਤੋਂ ਏਨਾ ਪ੍ਰਭਾਵਤ ਸੀ ਕਿ ਉਹ ਪਰੇਮ ਨਾਲ ਝੱਲਾ ਹੋ ਗਿਆ । ਉਸ ਨੂੰ ਭਲੇ ਬੁਰੇ ਦੀ ਕੋਈ ਪਛਾਣ ਨਾ ਰਹੀ । ਦਿਨ ਰਾਤ ਉਹ ਇਹੀ ਵਿਉਂਤਾਂ ਬਣਾਉਂਦਾ ਰਹਿੰਦਾ ਕਿ ਕਿਸ ਤਰ੍ਹਾਂ ਉਸ ਸੁੰਦਰੀ ਨੂੰ ਉਸ ਥਾਂ ਤੋਂ ਆਪਣੇ ਮਹਿਲ ਵਿਚ ਲੈ ਜਾਵੇ ਅਤੇ ਓਥੇ ਉਸ ਨਾਲ ਵਿਆਹ ਕਰ ਲਵੇ । ਉਸ ਝੂਠੀ ਰਾਣੀ ਨੂੰ ਆਪਣੀ ਭੇਤਣ ਬਣਾ ਲਿਆ । ਸੂਈਆਂ ਵਾਲਾ ਰਾਜਕੁਮਾਰ ਵੀ ਹੁਣ ਕੱਜਲ ਰੇਖਾ ਤੋਂ ਏਨਾ ਮੋਹਿਆ ਗਿਆ ਸੀ ਕਿ ਉਸ ਨੇ ਦਰਬਾਰ ਵਿਚ ਜਾਣਾ ਬੰਦ ਕਰ ਦਿੱਤਾ ਅਤੇ ਉਸ ਨਾਲ ਗੱਲਾਂ ਕਰਨ ਦੇ ਅਨੰਦ ਲਈ ਜਨਾਣ ਖਾਨੇ ਵਿਚ ਹੀ ਵੜਿਆ ਰਹਿੰਦਾ ।

ਉਹ ਝੂਠੀ ਰਾਣੀ ਵੱਲੋਂ ਅਸਲੋਂ ਬੇਪਰਵਾਹ ਸੀ, ਜਿਹੜੀ ਇਸ ਨੂੰ ਆਪਣੇ ਨਾਲ ਬੜਾ ਅਨਿਆਂ ਸਮਝਦੀ ਸੀ ਅਤੇ ਕੱਜਲ ਰੇਖਾ ਨੂੰ ਮਹਿਲ ਵਿੱਚੋਂ ਕਿਸੇ ਨਾ ਕਿਸੇ ਤਰ੍ਹਾਂ ਕੱਢਣ ਦੀਆਂ ਵਿਉਂਤਾਂ ਬਣਾਂਦੀ ਰਹਿੰਦੀ । ਰਾਜਕੁਮਾਰ ਦੇ ਮਿਤ੍ਰ ਅਤੇ ਝੂਠੀ ਰਾਣੀ ਨੇ ਰਲ ਕੇ ਸਲਾਹ ਕੀਤੀ ਅਤੇ ਵਿਉਂਤਾਂ ਘੜੀਆਂ । ਉਨ੍ਹਾਂ ਨੂੰ ਇਹ ਵਿਸ਼ਵਾਸ ਸੀ ਕਿ ਜੇ ਉਹ ਰਾਜਕੁਮਾਰ ਦੇ ਮਨ ਵਿਚ ਕੱਜਲ ਰੇਖਾ ਦੇ ਚਲਨ ਬਾਰੇ ਸ਼ਕ ਉਤਪੰਨ ਕਰਨ ਵਿਚ ਸਫਲ ਹੋ ਜਾਣ ਤਾਂ ਉਹ ਜ਼ਰੂਰ ਕੱਜਲ ਰੇਖਾ ਨੂੰ ਦੇਸੋਂ ਕੱਢ ਦੇਵੇਗਾ ।

ਕੱਜਲ ਰੇਖਾ ਇਕੱਲੀ ਇਕ ਕਮਰੇ ਵਿਚ ਸੌਂਦੀ ਸੀ । ਓਥੇ ਉਸ ਦਾ ਇਕੱਲਾ ਸਾਥੀ ਧਰਮ-ਮਤੀ ਪੰਛੀ ਹੀ ਹੁੰਦਾ । ਆਪਣੇ ਪਤੀ ਦੇ ਮਿਤ੍ਰ ਦੀ ਸਲਾਹ ਨਾਲ ਝੂਠੀ ਰਾਣੀ ਨੇ ਕੱਜਲ ਰੇਖਾ ਦੇ ਕਮਰੇ ਦੇ ਰਾਹ ਵਿਚ ਸੰਧੂਰ ਦੀ ਇਕ ਪਤਲੀ ਤਹਿ ਖਿਲਾਰ ਦਿੱਤੀ । ਮਿਤ੍ਰ ਨੇ ਉਸ ਉੱਤੇ ਟੁਰ ਕੇ ਆਪਣੇ ਪੈਰਾਂ ਦੀਆਂ ਚਾਰ ਪੈੜਾਂ ਪਾ ਦਿੱਤੀਆਂ । ਇਨ੍ਹਾਂ ਪੈੜਾਂ ਤੋਂ ਇਹ ਪਤਾ ਲਗਦਾ ਸੀ ਕਿ ਰਾਤੀਂ ਕੋਈ ਮਨੁਖ ਕਮਰੇ ਵਿਚ ਗਿਆ ਅਤੇ ਬਾਹਰ ਆਇਆ ਹੈ । ਹੁਣ ਝੂਠੀ ਰਾਣੀ ਨੇ ਕੱਜਲ ਰੇਖਾ ਉੱਤੇ ਵਿਭਚਾਰ ਦਾ ਦੋਸ਼ ਲਾਇਆ ਤੇ ਪ੍ਰਭਾਵਸ਼ਾਲੀ ਤਕਰੀਰ ਨਾਲ ਰਾਜਕੁਮਾਰ ਨੂੰ ਆਪਣੀ ਕਹਾਣੀ ਮੰਨਣ ਉੱਤੇ ਰਾਜ਼ੀ ਕਰ ਲਿਆ । ਮਿਤ੍ਰ ਨੇ ਵੀ ਉਸ ਦਾ ਸਾਥ ਦਿੱਤਾ ਅਤੇ ਜੋ ਕੁਝ ਉਸਨੇ ਕਿਹਾ ਸੀ ਉਸ ਦੀ ਪਰੋੜ੍ਹਤਾ ਕੀਤੀ । ਇਸ ਤਰ੍ਹਾਂ ਰਾਜਕੁਮਾਰ ਦੇ ਮਨ ਵਿਚ ਕੱਜਲ ਰੇਖਾ ਦੇ ਦੋਸ਼ ਬਾਰੇ ਵਿਸ਼ਵਾਸ ਹੋ ਗਿਆ । ਬੜੇ ਗੁਸੇ ਵਿਚ ਰਾਜਕੁਮਾਰ ਕਜਲਰੇਖਾ ਕੋਲ ਗਿਆ ਅਤੇ ਉਸ ਕੋਲੋਂ ਵਿਆਖਿਆ ਮੰਗੀ ।

ਉਹ ਰੋ ਪਈ ਅਤੇ ਕਿਹਾ :

"ਮੈਂ ਇਕੱਲੀ ਆਪਣੇ ਕਮਰੇ ਵਿਚ ਸੌਂਦੀ ਹਾਂ । ਹਾਏ ! ਮੇਰਾ ਐਡਾ ਵੈਰੀ ਕੌਣ ਹੈ, ਜਿਸ ਇਹ ਕਹਾਣੀ ਘੜੀ ਹੈ ।"

"ਮੈਂ ਅਕਾਸ਼ ਦੇ ਫਰਿਸ਼ਤਿਆਂ ਨੂੰ ਆਪਣੇ ਆਚਰਣ ਬਾਰੇ ਗਵਾਹੀ ਦੇਣ ਲਈ ਆਖਦੀ ਹਾਂ । ਚੰਨ ਅਤੇ ਸਤਾਰੇ ਰਾਤੀਂ ਜਾਗਦੇ ਸਨ ਅਤੇ ਜੋ ਕੁਝ ਹੋਇਆ ਉਨ੍ਹਾਂ ਵੇਖਿਆ ਹੈ । ਮੈਂ ਉਨ੍ਹਾਂ ਨੂੰ ਆਪਣੀ ਗਵਾਹੀ ਦੇਣ ਲਈ ਆਖਦੀ ਹਾਂ । ਤੋਤਾ ਮੇਰਾ ਗਵਾਹ ਹੈ । ਮੇਰੇ ਕਮਰੇ ਦਾ ਦੀਪਕ ਨਿਰੰਤਰ ਬਲਦਾ ਹੈ ਅਤੇ ਸਾਰੀ ਰਾਤ ਆਪਣੀਆਂ ਅੱਖਾਂ ਖੁਲ੍ਹੀਆਂ ਰਖਦਾ

ਹੈ। ਮੈਂ ਇਸ ਨੂੰ ਗਵਾਹੀ ਦੇਣ ਲਈ ਆਖਦੀ ਹਾਂ। ਮੈ ਰਾਤ ਨੂੰ ਆਪ ਗਵਾਹੀ ਦੇਣ ਲਈ ਆਖਦੀ ਹਾਂ। ਤੋਤਾ ਆਪਣੇ ਪਿੰਜਰੇ ਵਿਚ ਸਾਰੀ ਰਾਤ ਕਮਰੇ ਵਿਚ ਰਹਿੰਦਾ ਹੈ। ਉਸ ਨੇ ਆਪਣੇ ਸ਼ਾਹੀ ਦਰਬਾਰ ਵਿਚ ਮੰਗਵਾ ਲਵੋ ਅਤੇ ਜੋ ਕੁਝ ਉਹ ਜਾਣਦਾ ਹੈ, ਉਸ ਨੂੰ ਪੁੱਛੋ। ਉਸਨੂੰ ਸੱਚ ਦੱਸਣ ਦਿਓ।"

ਤੋਤਾ ਆਪਣੇ ਸੁਨਹਿਰੀ ਪਿੰਜਰੇ ਵਿਚ ਸੀ। ਉਸ ਨੂੰ ਦਰਬਾਰ ਵਿਚ ਲਿਆਂਦਾ ਗਿਆ।

"ਹੇ ਚਤੁਰ ਪੰਛੀ ! ਪ੍ਰਮਾਤਮਾ ਦੇ ਸਾਮ੍ਹਣੇ ਕਸਮ ਖਾ ਕੇ ਦਸ ਕਿ ਕੀ ਇਹ ਮੁਟਿਆਰ ਕਲ ਸਾਰੀ ਰਾਤ ਇਕੱਲੀ ਸੀ। ਦਸ ਇਹ ਇਸਤ੍ਰੀ ਪਵਿਤ੍ਰ ਹੈ ਕਿ ਨਹੀਂ। ਇਸ ਦਰਬਾਰ ਵਿਚ ਜਿੱਥੇ ਸਦਾ ਸਚ ਅਤੇ ਨਿਆਂ ਦੀ ਪਾਲਣਾ ਹੋਈ ਹੈ, ਸਚ ਬੋਲ ! ਅਸੀਂ ਤੈਨੂੰ ਗਵਾਹ ਮੰਨਦੇ ਹਾਂ।"

ਪੰਛੀ:

ਹੇ ਰਾਜਕੁਮਾਰ, ਮੈਨੂੰ ਸਮਝ ਨਹੀਂ ਆਉਂਦੀ ਮੈਂ ਕੀ ਕਹਾਂ। ਜੋ ਕੁਝ ਕਲ ਰਾਤੀਂ ਹੋਇਆ, ਮੈਨੂੰ ਯਾਦ ਨਹੀਂ। ਇਹ ਅਭਾਗਨ ਹੈ ਅਤੇ ਇਕ ਬੁਰੇ ਮੁਕੱਦਮੇ ਵਿਚ ਫਸਾਈ ਗਈ ਹੈ। ਇਸ ਗੱਲੋਂ ਇਹ ਦੋਸ਼ੀ ਹੈ, ਸੋ ਤੂੰ ਇਸ ਨੂੰ ਜੰਗਲ ਵਿਚ ਦੇਸ਼ ਨਿਕਾਲਾ ਦੇ ਦੇ।

ਫਿਰ ਰਾਜਕੁਮਾਰ ਨੇ ਆਪਣੇ ਮਿਤ੍ਰ ਨੂੰ ਕਿਹਾ ਕਿ ਤੂੰ ਇਸ ਨੂੰ ਆਪਣੇ ਨਾਲ ਲੈ ਜਾ ਅਤੇ ਸਮੁੰਦਰ ਵਿਚ ਕਿਸੇ ਉਜਾੜ ਟਾਪੂ ਵਿਚ ਇਸ ਨੂੰ ਦੇਸ਼ ਨਿਕਾਲਾ ਦੇ ਦੇ।

ਕਜਲ ਰੇਖਾ:

"ਹੇ ਰਾਜਕੁਮਾਰ ! ਮੈਂ ਦੋਸ਼ਨ ਤੈਥੋਂ ਵਿਦਾ ਹੁੰਦੀ ਹਾਂ। ਅਜ ਤੋਂ ਮੈਂ ਤੇਰੇ ਮਹਿਲਾਂ ਵਿਚ ਨਹੀਂ ਹੋਵਾਂਗੀ। ਹੇ ਮਾਨਯੋਗ ਰਾਜਕੁਮਾਰ ! ਮੈਨੂੰ ਕੁਝ ਦੇਰ ਲਈ ਆਪਣੀ ਸੇਵਾਦਾਰਨੀ ਹੋਣ ਦੇ ਨਾਤੇ ਯਾਦ ਕਰਨਾ। ਮੇਰੇ ਸਾਰੇ ਔਗੁਣ ਭੁਲ ਜਾਣੇ ਅਤੇ ਮਾਫ਼ ਕਰ ਦੇਣੇ। ਤੁਸੀਂ ਬੇਸ਼ਕ ਮੈਨੂੰ ਭੁਲ ਜਾਣਾ, ਕੋਈ ਗਲ ਨਹੀਂ। ਮੇਰੀ ਪ੍ਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਉਹ ਮੈਨੂੰ ਕੇਵਲ ਇਕ ਵਾਰ ਮੇਰੀ ਮੌਤ ਵੇਲੇ ਤੁਹਾਡੇ ਦਰਸ਼ਨ ਕਰਨ ਦਾ ਸੁਭਾਗ ਬਖਸ਼ੇ। ਉਸ ਨੇ ਝੂਠੀ ਰਾਣੀ ਤੋਂ ਆਗਿਆ ਲਈ। ਉਸ ਦੀਆਂ ਅੱਖਾਂ ਹੰਝੂਆਂ ਨਾਲ ਸਜਲ ਸਨ। ਹੰਝੂਆਂ ਕਰਕੇ ਉਸਨੂੰ ਰਾਹ ਵੀ ਨਹੀਂ ਦਿਸਦਾ ਸੀ। ਉਸ ਨੇ ਕਿਹਾ, ਮਾਨ ਯੋਗ ਰਾਣੀ, ਮੈਂ ਬਹੁਤ ਗ਼ਲਤੀਆਂ ਕੀਤੀਆਂ ਹਨ। ਉਹ ਮਾਫ਼ ਕਰ ਦੇਣੀਆਂ। ਅਤੇ ਮੈਨੂੰ, ਜਿਹੜੀ ਕਦੀਂ ਤੁਹਾਡੀ ਦਾਸੀ ਸੀ, "ਯਾਦ ਰਖਣਾ।"

ਉਸ ਨੇ ਤੋਤੇ ਤੋਂ ਵੀ ਆਗਿਆ ਲਈ। ਉਸ ਦੇ ਅਰੁਕ ਹੰਝੂ ਮੀਂਹ ਵਾਂਗ ਭੋਏਂ ਉੱਤੇ ਪੈ ਰਹੇ ਸਨ। ਜਦੋਂ ਉਹ ਜਹਾਜ਼ ਉੱਤੇ ਆਈ, ਤਾਂ ਉਹ ਚੰਨ ਅਤੇ ਸੂਰਜ ਨੂੰ ਆਪਣੇ ਨਿਰਦੋਸ਼ ਹੋਣ ਦੀ ਗਵਾਹੀ ਦੇਣ ਲਈ ਆਖ ਰਹੀ ਸੀ। ਸ਼ਹਿਰੀ ਉਥੇ ਇਕੱਠੇ ਹੋ ਗਏ ਅਤੇ ਆਖ ਰਹੇ ਸਨ, 'ਸ਼ੋਕ ! ਸ਼ੋਕ !'

ਇਹ ਬਹੁਤ ਬੜਾ ਸਮੁੰਦਰ ਸੀ। ਉਸਦਾ ਤਟ ਜਾਂ ਸੀਮਾਂ ਕਿਧਰੇ ਨਹੀਂ ਦਿਸਦੀ ਸੀ। ਜਹਾਜ਼ ਇਸ ਅਥਾਹ ਪਾਣੀ ਦੇ ਵਿਚਕਾਰ ਆ ਗਿਆ। ਫਿਰ ਸੂਈਆਂ ਵਾਲੇ ਰਾਜਕੁਮਾਰ ਦੇ ਮਿਤ੍ਰ ਨੇ ਮੁਟਿਆਰ ਨੂੰ ਕਿਹਾ "ਮੇਰਾ ਘਰ ਕੰਚਨ ਪੁਰ ਦਾ ਸ਼ਹਿਰ ਹੈ। ਮੇਰਾ ਪਿਤਾ ਵੱਡਾ ਆਦਮੀ ਹੈ

ਕਰੋੜਪਤੀ। ਮੇਰੇ ਤਬੇਲੇ ਵਿਚ ਬੇਸ਼ੁਮਾਰ ਹਾਥੀ ਘੋੜੇ ਹਨ। ਸਾਡੀਆਂ ਚਾਰਾਂਦਾ ਵਿਚ ਨੌਂ ਲਖ ਗਾਵਾਂ ਚਰਦੀਆਂ ਹਨ। ਸਾਡੀ ਦੌਲਤ ਬੇਅੰਤ ਹੈ। ਸਾਡੇ ਜਹਾਜ਼ਾਂ ਦੇ ਅਗਲੇ ਹਿੱਸੇ ਸੋਨੇ ਨਾਲ ਮੜ੍ਹੇ ਹੋਏ ਹਨ। ਸਾਡੇ ਸਰੋਵਰਾਂ ਦੇ ਵਿਚਕਾਰ ਐਸ਼ਗਾਹਾਂ ਹਨ। ਸਾਡੇ ਮਹਿਲ ਵਿਚ ਕੀਮਤੀ ਚਾਨਣੀਆਂ, ਪਰਦੇ, ਪਲੰਘ, ਮੰਜੇ ਅਤੇ ਹੋਰ ਵਡਮੁਲਾ ਸਾਮਾਨ ਹੈ। ਮੈਂ ਅਜੇ ਵਿਆਹਿਆ ਨਹੀਂ, ਕੰਵਾਰਾ ਹਾਂ। ਹੇ ਸੁੰਦਰੀ ! ਮੇਰੇ ਉੱਤੇ ਕਿਰਪਾ ਕਰ ਅਤੇ ਮੇਰੀ ਵਹੁਟੀ ਬਣਨਾ ਸਵੀਕਾਰ ਕਰਕੇ ਮੇਰੇ ਘਰ ਵਿਚਲਾ ਖੱਪਾ ਪੂਰ ਦੇ। ਮੇਰੇ ਘਰ ਦੇ ਸਾਰੇ ਨੌਕਰ ਅਤੇ ਦਾਸੀਆਂ ਤੇਰੀਆਂ ਇਛਾਵਾਂ ਪੂਰੀਆਂ ਕਰਨਗੇ। ਜੇ ਤੂੰ ਸਹਿਮਤ ਹੋਵੇਂ, ਤਾਂ ਮੈਂ ਜਹਾਜ਼ ਆਪਣੇ ਸੁੰਦਰ ਸ਼ਹਿਰ ਵਲ ਮੋੜਾਂ।

ਕੱਜਲ ਰੇਖਾ:

ਤੂੰ ਰਾਜਕੁਮਾਰ ਦਾ ਮਿਤ੍ਰ ਹੈ। ਮੈਂ ਤੇ ਉਸਦੀ ਕੇਵਲ ਇਕ ਦਾਸੀ ਹਾਂ। ਆਪਣੇ ਮੰਦੇ ਭਾਗਾਂ ਕਰਕੇ ਮੈਨੂੰ ਦੇਸ਼ ਨਿਕਾਲੇ ਦਾ ਹੁਕਮ ਹੈ। ਉਸ ਨੇ ਮੈਨੂੰ ਤੇਰੇ ਨਾਲ ਘਲਿਆ ਸੀ, ਤਾਂ ਜੋ ਤੂੰ ਮੈਨੂੰ ਦੇਸ਼ੋਂ ਬਾਹਰ ਕੱਢ ਦੇਵੇਂ। ਇਕ ਰਾਜੇ ਦਾ ਪੁਤ੍ਰ ਹੋ ਕੇ ਤੈਨੂੰ ਇਕ ਦਾਸੀ ਨਾਲ ਵਿਆਹ ਕਰਵਾਣ ਦੀ ਕੀ ਲੋੜ ਹੈ।

ਰਾਜਕੁਮਾਰ:

ਤੂੰ ਪਹਿਲਾਂ ਇਕ ਦਾਸੀ ਸੈਂ, ਪਰ ਹੁਣ ਮੈਂ ਤੈਨੂੰ ਆਪਣੀ ਰਾਣੀ ਬਣਾਵਾਂਗਾ। ਤੂੰ ਬਸ ਇਕ ਵਾਰ ਮੇਰੇ ਘਰ ਮਹਿਲੀਂ ਵੜ, ਫਿਰ ਵੇਖੀਂ।

ਮੇਰਾ ਮਹਿਲ ਸੋਨੇ ਨਾਲ ਚਮਕਦਾ ਹੈ। ਓਥੇ ਸ਼ੁੱਧ ਸੋਨੇ ਦੇ ਬਣੇ ਹੋਏ ਪਲੰਘ ਅਤੇ ਮੰਜੀਆਂ ਹਨ ਤੂੰ ਮੇਰੇ ਪਿਤਾ ਦਾ ਸ਼ਹਿਰ ਵੇਖ ਕੇ ਖੁਸ਼ ਹੋ ਜਾਏਂਗੀ।

ਮੁਟਿਆਰ:

ਸੁਣ ਰਾਜਕੁਮਾਰ, ਮੇਰੇ ਦੁੱਖਾਂ ਦੀ ਕਹਾਣੀ। ਮੇਰੇ ਪਿਤਾ ਨੇ ਮੈਨੂੰ ਦੋਸ਼ੀ ਸਮਝ ਕੇ ਦੇਸ਼ ਨਿਕਾਲਾ ਦਿੱਤਾ ਹੈ। ਫਿਰ ਮੈਂ ਰਾਜੇ ਦੇ ਮਹਿਲਾਂ ਵਿਚ ਦਾਸੀ ਬਣ ਗਈ। ਹੁਣ ਉਸ ਨੇ ਮੈਨੂੰ ਦੋਸ਼ੀ ਸਮਝ ਕੇ ਦੇਸ਼ ਨਿਕਾਲਾ ਦਿੱਤਾ ਹੈ। ਹੁਣ ਮੈਂ ਏਥੇ ਤੁਹਮਤ ਦੀ ਪੰਡ ਚੁੱਕੀ ਹੋਈ ਆਈ ਹਾਂ। ਤੂੰ ਮੈਨੂੰ ਇਨ੍ਹਾਂ ਡੂੰਘੇ ਪਾਣੀਆਂ ਵਿਚ ਰੋੜ੍ਹਦੇ। ਸ਼ਰਮ ਨਾਲ ਦਬੀ ਹੋਈ ਮੈਂ ਕਿਸੇ ਮਨੁਖ ਨੂੰ ਆਪਣਾ ਮੂੰਹ ਨਹੀਂ ਵਿਖਾਵਾਂਗੀ।

ਰਾਜਕੁਮਾਰ ਨੇ ਸੁੰਦਰ ਦੇ ਵਿਰਲਾਪ ਵਲ ਕੋਈ ਧਿਆਨ ਨਾ ਦਿੱਤਾ, ਸਗੋਂ ਜਹਾਜ਼ ਨੂੰ ਸਿੱਧਾ ਆਪਣੇ ਸ਼ਹਿਰ ਵਲ ਮੋੜਨ ਦਾ ਹੁਕਮ ਦਿੱਤਾ। ਉਹ ਫਿਰ ਇਹ ਕਹਿ ਕੇ ਰੋਣ ਲਗ ਪਈ। "ਹਾਏ, ਇਸ ਮੰਦੇ ਸਮੇਂ ਮੇਰੇ ਮਾਪੇ ਕਿਥੇ ਹਨ ? ਜੇ ਮੈਂ ਘਾਬਰ ਕੇ ਮਰ ਵੀ ਜਾਵਾਂ, ਤਾਂ ਇਸ ਵੇਲੇ ਮੇਰੀ ਸਹਾਇਤਾ ਕਰਨ ਵਾਲਾ ਕੋਈ ਨਹੀਂ। ਮੇਰੇ ਪਤੀ ਨੇ ਮੈਨੂੰ ਦੋਸ਼ੀ ਸਮਝ ਕੇ ਦੇਸ਼ ਨਿਕਾਲਾ ਦੇ ਦਿੱਤਾ।

"ਕਿਸੇ ਪਿਛਲੇ ਜਨਮ ਦੇ ਪਾਪਾਂ ਬਦਲੇ ਮੈਂ ਦੁਖ ਭੋਗਣ ਲਈ ਜੰਮੀ ਹਾਂ, ਅਤੇ ਸਾਰੀ

ਉਮਰ ਬਿਪਤਾ ਭੋਗੀ ਹੈ। ਇਸ ਬਦਮਾਸ਼ ਆਦਮੀ ਨੇ ਅਜਿਹੇ ਵਿਅਕਤੀ ਦਾ ਬੁਰਾ ਕਰਨ ਲਈ ਹਥ ਚੁੱਕੇ ਹਨ ਜਿਹੜਾ ਪਹਿਲੇ ਹੀ ਮੋਇਆ ਹੋਇਆ ਹੈ। ਜੇ ਮੈਂ ਪਵਿੱਤ੍ਰ ਇਸਤਰੀ ਹਾਂ, ਤਾਂ ਮੇਰੇ ਇਹ ਸ਼ਬਦ ਬੋਲਣ ਸਾਰ ਏਥੇ ਸਮੁੰਦਰ ਵਿਚ ਜਹਾਜ਼ ਹੇਠ ਰੇਤ ਆ ਜਾਵੇ।

ਇਕ ਦਮ ਡੂੰਘੇ ਸਮੁੰਦਰ ਵਿਚ ਰੇਤ ਪੈਦਾ ਹੋ ਗਈ ਅਤੇ ਜਹਾਜ਼ ਰੇਤ ਵਿਚ ਫਸ ਗਿਆ। ਕਪਤਾਨ ਅਤੇ ਮਲਾਹਾਂ ਸਭ ਨੇ ਕਿਹਾ, "ਇਹ ਇਸਤ੍ਰੀ ਚੁੜੇਲ ਹੈ। ਉਸ ਕਰਕੇ ਹੀ ਇਹ ਸਭ ਕੁਝ ਹੋਇਆ ਹੈ। ਇਸ ਤੋਂ ਖਲਾਸੀ ਕਰਾਣੀ ਚਾਹੀਦੀ ਹੈ।"

ਰਾਜਕੁਮਾਰ ਆਪਣੇ ਆਦਮੀਆਂ ਹੱਥੋਂ ਉਸ ਨੂੰ ਰੇਤ ਉੱਤੇ ਉਤਾਰ ਦੇਣ ਲਈ ਮਜਬੂਰ ਹੋ ਗਿਆ। ਉਸਦੇ ਜਹਾਜ਼ ਤੋਂ ਉਤਰਦਿਆਂ ਸਾਰ ਹੀ ਜਹਾਜ਼ ਫਿਰ ਤਰਨ ਲਗ ਪਿਆ। ਸੂਈਆਂ ਵਾਲੇ ਰਾਜਕੁਮਾਰ ਦੇ ਮਿਤ੍ਰ ਦਾ ਹੋਰ ਕੋਈ ਚਾਰਾ ਨਹੀਂ ਸੀ ਸਵਾਏ ਉਸ ਨੂੰ ਉਥੇ ਛਡ ਜਾਣ ਦੇ, ਭਾਵੇਂ ਉਸਦਾ ਦਿਲ ਬਿਲਕੁਲ ਨਹੀਂ ਕਰਦਾ ਸੀ।

ਆਓ ਹੁਣ ਗਲ ਦਾ ਰੁਖ ਕੱਜਲ ਰੇਖਾ ਤੋਂ ਰਤਨੇਸ਼ਵਰ ਬਿਓਪਾਰੀ ਵਲ ਮੋੜੀਏ।

ਉੱਤੇ ਜੋ ਕੁਝ ਹੋਇਆ ਹੈ ਉਸ ਤੋਂ ਕੁਝ ਦਿਨ ਪਿੱਛੋਂ ਧਨੇਸਵਰ ਪੂਰਾ ਹੋ ਗਿਆ। ਫਿਰ ਰਤਨੇਸ਼ਵਰ ਆਪਣੇ ਪਿਤਾ ਦੇ ਜਹਾਜ਼ ਲੈ ਕੇ ਬਿਓਪਾਰ ਲਈ ਸਮੁੰਦਰ ਦੇ ਸਫ਼ਰ ਲਈ ਗਿਆ। ਹੁਣ ਵਖ ਵਖ ਦੇਸ਼ਾਂ ਵਿਚ ਸਫਰ ਕਰਨ ਪਿੱਛੋਂ ਜਵਾਨ ਸੁਦਾਗਰ ਘਰ ਨੂੰ ਆ ਰਿਹਾ ਸੀ। ਉਸਦੇ ਜਹਾਜ਼ ਇਕ ਤੂਫਾਨ ਵਿਚ ਘਿਰ ਗਏ ਅਤੇ ਮਜਬੂਰੀ ਉਨ੍ਹਾਂ ਨੂੰ ਉਸ ਰੇਤਲੇ ਸਾਹਿਲ ਉੱਤੇ ਲੰਗਰ ਸੁਟਣਾ ਪਿਆ, ਜਿਥੇ ਕੱਜਲ ਰੇਖਾ ਮਰਨ ਕੰਢੇ ਸੀ। ਛੇ ਮਹੀਨੇ ਉਸ ਨੇ ਹਰਾ ਹਰਾ ਬੈਂਤ ਖਾ ਕੇ ਗੁਜ਼ਾਰਾ ਕੀਤਾ ਸੀ। ਰਾਤ ਲੰਘੀ ਤਾਂ ਸਵੇਰੇ ਜਵਾਨ ਸੌਦਾਗਰ ਨੇ ਉਸ ਇਕਾਂਤ ਰੇਤ ਵਿਚ ਇਕ ਸੁੰਦਰ ਲੜਕੀ ਵੇਖੀ। ਉਹ ਪਛਾਣ ਨਾ ਸਕਿਆ ਕਿ ਉਸ ਦੀ ਆਪਣੀ ਭੈਣ ਹੀ ਹੈ। ਅਤੇ ਨਾ ਕੱਜਲ ਰੇਖਾ ਨੇ ਆਪਣੇ ਭਰਾ ਨੂੰ ਪਛਾਣਿਆ ਕਿਉਂਕਿ ਉਸ ਨੇ ਓਦੋਂ ਦਾ ਘਰ ਛਡਿਆ ਹੋਇਆ ਸੀ ਜਦੋਂ ਅਜੇ ਚਾਰ ਵਰ੍ਹਿਆਂ ਦਾ ਹੀ ਸੀ।

ਚੋਖਾ ਚਿਰ ਮਨਾਣ ਪਿੱਛੋਂ ਰਤਨੇਸ਼ਵਰ ਨੇ ਉਸਨੂੰ ਉਸਦੇ ਜਹਾਜ਼ ਵਿਚ ਆਉਣ ਅਤੇ ਉਸਦੇ ਨਾਲ ਉਸਦੇ ਘਰ ਜਾਣ ਲਈ ਰਾਜ਼ੀ ਕਰ ਲਿਆ। ਜਦੋਂ ਉਹ ਆਪਣੇ ਮਾਪਿਆਂ ਦੇ ਸ਼ਹਿਰ ਪਹੁੰਚੇ, ਤਾਂ ਕੱਜਲ ਨੂੰ ਇਕ ਦਮ ਪਤਾ ਲਗ ਗਿਆ ਕਿ ਇਹ ਤੇ ਉਨ੍ਹਾਂ ਦਾ ਆਪਣਾ ਹੀ ਘਰ ਹੈ। ਅਤੇ ਉਹ ਥਾਂ ਅਤੇ ਹੋਰ ਜੋ ਕੁਝ ਉਥੇ ਸੀ ਉਸ ਨੂੰ ਯਾਦ ਆ ਗਿਆ। ਪਰ ਉਸ ਨੇ ਕਿਸੇ ਨੂੰ ਕੁਝ ਨਾ ਦਸਿਆ, ਸਗੋਂ ਚੁਪ ਕਰਕੇ ਇਕਲੀ ਕਮਰੇ ਵਿਚ ਰੋਂਦੀ ਰਹਿੰਦੀ।

ਹਾਥੀ ਅਤੇ ਘੋੜੇ ਤਾਂ ਪਹਿਲਾਂ ਵਾਂਗ ਹੀ ਤਬੇਲੇ ਵਿਚ ਹਨ, ਪਰ ਅਭਾਗਨ ਕੱਜਲ ਰੇਖਾ ਦੇ ਮਾਪੇ ਇਸ ਜਹਾਨ ਵਿਚ ਨਹੀਂ ਹਨ। "ਮਹਿਲ ਦੇ ਇਹ ਵੱਡੇ ਵੱਡੇ ਕਮਰੇ ਅਤੇ ਪਸਾਰ ਮੇਰੀਆਂ ਅੱਖਾਂ ਵਿਚ ਸਖਣੇ ਅਤੇ ਭਾਂ ਭਾਂ ਕਰਦੇ ਹਨ, ਕਿਉਂਕਿ ਮੇਰੇ ਮਾਪਿਆਂ ਨੇ ਇਹ ਸਦਾ ਲਈ ਛਡ ਦਿੱਤੇ ਹਨ। ਏਥੇ ਇਸ ਕਮਰੇ ਵਿਚ ਮੈਂ ਪਲੰਘ ਉੱਤੇ ਮਾਂ ਦੇ ਗਲ ਨਾਲ ਲਗ ਕੇ ਸੌਂਦੀ ਹੁੰਦੀ ਸਾਂ। ਏਥੇ ਹੀ ਮੈਂ ਰਾਤੀਂ ਮਿੱਠੇ ਸੁਪਨੇ ਲੈਂਦੀ ਹੁੰਦੀ ਸਾਂ, ਜਿਨ੍ਹਾਂ ਵਿਚ ਅਨੰਦ ਦੇ ਚਿਤ੍ਰ ਹੁੰਦੇ ਸਨ। ਔਹ ਕਮਰਾ ਉਹ ਹੈ, ਜਿਸ ਵਿਚ ਮੇਰੀ ਮਾਂ ਇਸ ਦੁਨੀਆਂ ਵਿਚ ਨਹੀਂ ਰਹੀ। ਮੇਰਾ ਪਿਤਾ

ਧਨੇਸਵਰ ਅਜ ਕਿੱਥੇ ਹੈ ? ਪਿਤਾ ਜੀ ! ਤੁਸੀਂ ਆ ਕੇ ਆਪਣੀ ਧੀ ਦੇ ਮਥੇ ਨਹੀਂ ਲੱਗੋਗੇ, ਜਿਹੜੀ ਅਜ ਬਾਰ੍ਹਾਂ ਸਾਲਾਂ ਪਿੱਛੋਂ ਘਰ ਮੁੜ ਕੇ ਆਈ ਹੈ ? ਹਾਏ ! ਘਰ ਵਿਚ ਮੇਰੀ ਨਾ ਮਾਤਾ ਹੈ ਨਾ ਪਿਤਾ ਤੇ ਨਾ ਹੀ ਉਹ ਤੋਤਾ ਹੈ ਜਿਸ ਨੂੰ ਮੈਂ ਪਿਆਰ ਕਰਦੀ ਹੁੰਦੀ ਸਾਂ। ਸਾਰੇ ਪਾਸੇ ਵੱਡੇ ਵੱਡੇ ਸਖਣੇ ਅਤੇ ਡਰਾਉਣੇ ਪਸਾਰ ਨਜ਼ਰ ਆਉਂਦੇ ਹਨ।"

ਇਸ ਤਰ੍ਹਾਂ ਦਿਨ ਲੰਘਦੇ ਗਏ ਅਤੇ ਇਕ ਪੂਰਾ ਮਹੀਨਾ ਉਸ ਨੇ ਰੋਂਦਿਆਂ ਕਟਿਆ।

ਇਕ ਦਿਨ ਨੌਜਵਾਨ ਸੌਦਾਗਰ ਉਸ ਦੇ ਕੋਲ ਆਇਆ ਅਤੇ ਉਸ ਨੇ ਕਿਹਾ "ਹੇ ਮੇਰੀ ਚੰਦਰਮਾ ਜਹੇ ਮੁਖੜੇ ਵਾਲੀ ਮਿਤ੍ਰ ! ਤੂੰ ਦੁਧ ਚਿੱਟੇ ਸਮੁੰਦਰ ਦੇ ਪਰਲੇ ਪਾਸੇ ਸੀ। ਮੇਰੇ ਜਹਾਜ਼ ਨੇ ਤੈਨੂੰ ਸਾਡੇ ਇਸ ਦੇਸ਼ ਵਿਚ ਲੈ ਆਂਦਾ ਹੈ ਅਤੇ ਇਸ ਤਰ੍ਹਾਂ ਤੈਨੂੰ ਮੌਤ ਤੋਂ ਬਚਾਇਆ ਹੈ। ਜੇ ਮੈਂ ਬੜੇ ਧਿਆਨ ਅਤੇ ਪਿਆਰ ਨਾਲ ਤੈਨੂੰ ਏਥੇ ਨਾ ਲੈ ਆਉਂਦਾ ਤਾਂ ਕਿਸੇ ਮਗਰਮਛ ਜਾਂ ਸਮੁੰਦਰ ਦੀ ਵਡੀ ਮੱਛੀ ਨੇ ਤੇਰੇ ਸੁੰਦਰ ਅੰਗਾਂ ਨੂੰ ਖਾ ਜਾਣਾ ਸੀ। ਨਾ ਮੈਂ ਅਜੇ ਤਕ ਵਿਆਹ ਕੀਤਾ ਹੈ ਅਤੇ ਨਾ ਹੀ ਮੇਰਾ ਖਿਆਲ ਹੈ ਕਿ ਤੂੰ ਕੀਤਾ ਹੈ। ਜ਼ਰਾ ਇਸ ਜਵਾਨੀ ਦਾ ਖਿਆਲ ਕਰ, ਜਿਹੜੀ ਛੇਤੀ ਛੇਤੀ ਲੰਘਦੀ ਜਾ ਰਹੀ ਹੈ। ਕੀ ਤੇਰੀ ਸੰਪਤੀ ਅਤੇ ਆਗਿਆ ਨਾਲ ਮੇਰੇ ਸੰਜੋਗ ਤੇਰੇ ਨਾਲ ਹੋ ਸਕਦੇ ਹਨ ? ਨਾ ਮੇਰੀ ਮਾਂ ਅਤੇ ਨਾ ਮੇਰਾ ਪਿਤਾ ਜੀਵਤ ਹੈ। ਇਹ ਮਹਿਲ ਸੱਖਣਾ ਅਤੇ ਸੁੰਞਾ ਲਗਦਾ ਹੈ। ਜੇ ਤੂੰ ਅਜ ਮੈਨੂੰ ਆਪਣੀ ਸਵੀਕ੍ਰਿਤੀ ਦੇ ਦੇਵੇਂ ਤਾਂ ਮੈਂ ਕਲ ਹੀ ਤੇਰੇ ਨਾਲ ਵਿਆਹ ਕਰ ਸਕਦਾ ਹਾਂ। ਅਸਲ ਵਿਚ ਮੈਂ ਇਸ ਪਾਸੇ ਵਲ ਕੁਝ ਕੰਮ ਕਰ ਵੀ ਬੈਠਾ ਹਾਂ। ਮੈਂ ਆਪਣੇ ਰਿਸ਼ਤੇਦਾਰਾਂ ਅਤੇ ਮਿਤ੍ਰਾਂ ਨੂੰ ਸਦ ਲਿਆ ਹੈ। ਜਿਹੜੇ ਇਸ ਵੇਲੇ ਮਹਿਲ ਵਿਚ ਪਹੁੰਚੇ ਹੋਏ ਹਨ। ਪੁਜਾਰੀ ਵੀ ਤਿਆਰ ਹੈ, ਸਾਨੂੰ ਵਿਆਹ ਦੇ ਸਬੰਧਾਂ ਵਿਚ ਬੰਨ੍ਹ ਦੇਵੇਗਾ। ਬੈਂਡਾਂ ਵਾਲੇ ਵੀ ਆਪਣੇ ਬੈਂਡ ਲੈ ਕੇ ਆਏ ਹੋਏ ਹਨ। ਹੁਣ ਤੂੰ ਮੈਨੂੰ ਵਿਆਹ ਦਾ ਬਚਨ ਦੇ ਕੇ ਆਪਣੇ ਆਪ ਨੂੰ ਸੁਖੀ ਬਣਾ ਲੈ। ਸਾਡੇ ਮਹਿਲ ਵਿਚ ਬਹੁਤ ਸਾਰੀਆਂ ਦਾਸੀਆਂ ਅਤੇ ਗੋਲੀਆਂ ਹਨ, ਉਹ ਸਾਰੀਆਂ ਤੇਰੀ ਹਰ ਇੱਛਾ ਪੂਰੀ ਕਰਨ ਲਈ ਤੇਰੀ ਸੇਵਾ ਵਿਚ ਹੋਣਗੀਆਂ। ਤੂੰ ਆਨੰਦ ਨਾਲ ਪਲੰਘ ਉੱਤੇ ਲੇਟੀ ਰਹੀਂ, ਮੈਂ ਪਾਨਦਾਨ ਵਿਚੋਂ ਤੈਨੂੰ ਪਾਨ ਦੇਵਾਂਗਾ। ਉਹ ਵਧੀਆ ਸ਼ਾਲੀ ਚੌਲਾਂ ਦਾ ਭੋਜਨ ਸੋਨੇ ਦੇ ਥਾਲਾਂ ਵਿਚ ਪਾ ਕੇ ਦੇਣਗੀਆਂ।

ਕਜਲ ਰੇਖਾ :

ਤੂੰ ਮੇਰੇ ਨਾਲ ਵਿਆਹ ਕਰਨਾ ਚਾਹੁੰਦਾ ਹੈ, ਪਰ ਮੇਰੀ ਇਕ ਸ਼ਰਤ ਹੈ। ਜੇ ਤੂੰ ਉਹ ਪੂਰੀ ਕਰ ਦੇਵੇਂ, ਤਾਂ ਮੈਂ ਤੇਰੀ ਗਲ ਮੰਨ ਲਵਾਂਗੀ।

ਤੂੰ ਮੇਰੇ ਨਾਲ ਸੰਜੋਗ ਜੋੜਨਾ ਚਾਹੁੰਦਾ ਹੈਂ, ਪਰ ਤੈਨੂੰ ਇਹ ਤੇ ਪਤਾ ਹੀ ਨਹੀਂ ਕਿ ਮੈਂ ਕਿਸੇ ਘਰਾਨੇ ਵਿੱਚੋਂ ਹਾਂ, ਅਤੇ ਮੇਰੇ ਮਾਪੇ ਕੌਣ ਹਨ। ਬਗੈਰ ਕਿਸੇ ਥਹੁ ਪਤੇ ਦੇ ਤੂੰ ਮੈਨੂੰ ਆਪਣਾ ਜੀਵਨ ਸਾਥੀ ਬਨਾਣਾ ਚਾਹੁੰਦਾ ਹੈਂ। ਖਵਰੇ ਮੈਂ ਹਾਡੀ ਹੋਵਾਂ ਜਾਂ ਡੂਮ ਕਿਸੇ ਨੂੰ ਕੁਝ ਪਤਾ ਨਹੀਂ। ਇਸ ਤਰ੍ਹਾਂ ਸ਼ਾਸਤ੍ਰਾਂ ਦੀ ਉਲੰਘਣਾ ਕਰ ਰਿਹਾ ਹੋਵੇਂਗਾ, ਜਿਹੜੇ ਅਜਿਹੇ ਵਿਆਹ ਦੀ ਆਗਿਆ ਨਹੀਂ ਦਿੰਦੇ।

ਰਤਨੇਸ਼ਵਰ:

ਹੇ ਸੁੰਦਰੀ ! ਤੇਰਾ ਮੁਖੜਾ ਚੰਦਰਮਾਂ ਵਾਂਗ ਚਮਕਦਾ ਹੈ । ਮੈਨੂੰ ਪੂਰਾ ਵਿਸ਼ਵਾਸ ਹੈ ਕਿ ਤੂੰ ਹਾਡੀ ਜਾਂ ਡੂਮ ਨਹੀਂ । ਮੈਨੂੰ ਦਸ ਦੇ, ਤੇਰੇ ਮਾਪੇ ਕੌਣ ਹਨ ਅਤੇ ਤੇਰਾ ਘਰ ਕਿਥੇ ਹੈ । ਤੂੰ ਉਸ ਇਕਾਂਤ ਸਮੁੰਦਰੀ ਰੇਤ ਵਿਚ ਕਿਸ ਤਰ੍ਹਾਂ ਆ ਗਈ ? ਇਸ ਸਭ ਕੁਝ ਦਾ ਥਹੁ ਪਤਾ ਮੈਨੂੰ ਦਸ ਦੇ । ਪਰ ਇਸ ਦਾ ਉਤਰ ਭਾਵੇਂ ਕੁਝ ਵੀ ਹੋਵੇ, ਮੈਂ ਤੇਰੇ ਨਾਲ ਵਿਆਹ ਕਰਨ ਦਾ ਨਿਸਚਾ ਕੀਤਾ ਹੋਇਆਂ ਹੈ ।

ਕੱਜਲਰੇਖਾ :

ਜੋ ਗੱਲਾਂ ਤੂੰ ਪੁਛਦਾ ਹੈਂ, ਉਨ੍ਹਾਂ ਦਾ ਉਤਰ ਮੇਰੇ ਕੋਲ ਨਹੀਂ ਹੈ, ਕਿਉਂਕਿ ਆਪਣੇ ਦਸਵੇਂ ਸਾਲ ਤੋਂ ਘਰ ਨਾਲੋਂ ਸਾਰਾ ਸਬੰਧ ਤਿਆਗ ਕੇ ਮੈਂ ਜੰਗਲਾਂ ਵਿਚ ਘੁੰਮ ਰਹੀ ਹਾਂ । ਪਰ ਸੂਈਆਂ ਵਾਲੇ ਰਾਜਕੁਮਾਰ ਦੇ ਮਹਿਲਾਂ ਵਿਚ ਇਕ ਤੋਤਾ ਹੈ, ਜਿਹੜਾ ਮੇਰੇ ਜੀਵਨ ਦੀ ਸਾਰੀ ਕਥਾ ਦਸੇਗਾ । ਇਹ ਪੰਛੀ ਹੀ ਮੇਰਾ ਵਿਆਹ ਕਰਵਾਏਗਾ । ਜੇ ਤੂੰ ਵਿਆਹ ਕਰਨਾ ਚਾਹੁੰਦਾ ਹੈ ਤਾਂ ਇਸ ਪੰਛੀ ਨੂੰ ਏਥੇ ਲੈ ਆ ਅਤੇ ਫਿਰ ਸਭ ਕੁਝ ਦਾ ਫੈਸਲਾ ਹੋ ਜਾਵੇਗਾ ।

ਬਿਓਪਾਰੀ ਨੇ ਇਕ ਦਮ ਸੂਈਆਂ ਵਾਲੇ ਰਾਜਕੁਮਾਰ ਦੇ ਮਹਿਲ ਵਿੱਚੋਂ ਤੋਤਾ ਲਿਆਉਣ ਲਈ ਆਪਣੇ ਆਦਮੀ ਘੱਲੇ । ਸੋਨੇ ਅਤੇ ਹੀਰਿਆਂ ਦਾ ਭਰਿਆ ਹੋਇਆ ਇਕ ਜਹਾਜ਼ ਲੈ ਕੇ ਕੇ ਉਹ ਉਸ ਦੇ ਸ਼ਹਿਰ ਵਲ ਚਲ ਪਏ ।

ਓਧਰ ਕੱਜਲ ਰੇਖਾ ਨੂੰ ਦੇਸ਼ ਨਿਕਾਲਾ ਦੇ ਕੇ ਸੂਈਆਂ ਵਾਲਾ ਰਾਜਕੁਮਾਰ ਜਿਵੇਂ ਪਾਗਲ ਹੋ ਗਿਆ । ਉਸ ਨੇ ਆਪਣਾ ਸ਼ਹਿਰ ਛਡ ਦਿੱਤਾ ਅਤੇ ਕਈ ਦੇਸ਼ਾਂ ਵਿਚ ਉਸ ਦੀ ਭਾਲ ਵਿਚ ਘੁੰਮਿਆ । ਉਹ ਇਕ ਦੇਸ਼ ਤੋਂ ਦੂਜੇ ਦੇਸ਼ ਅਤੇ ਇਕ ਸਮੁੰਦਰ ਤੋਂ ਦੂਜੇ ਸਮੁੰਦਰ ਪਰ ਇਹ ਸਭ ਨਿਸਫਲ । ਇਸ ਤਰ੍ਹਾਂ ਆਪਣੇ ਜਹਾਜ਼ ਵਿਚ ਉਸ ਕਈ ਥੱਕੇ ਹੋਏ ਦਿਨ ਅਤੇ ਰਾਤਾਂ ਲੰਘਾਏ । ਜਦੋਂ ਉਹ ਆਪਣੀ ਰਾਜਧਾਨੀ ਤੋਂ ਬਾਹਰ ਗਿਆ ਹੋਇਆ ਸੀ, ਤਾਂ ਰਤਨੇਸ਼ਵਰ ਵੱਲੋਂ ਘੱਲੇ ਹੋਏ ਆਦਮੀ ਆਪਣਾ ਸੋਨੇ ਅਤੇ ਹੀਰਿਆਂ ਲਦਿਆ ਜਹਾਜ਼ ਲੈ ਕੇ ਆਏ । ਝੂਠੀ ਰਾਣੀ ਧਰਮ-ਮਤੀ ਪੰਛੀ ਦੀ ਭਾਰੀ ਕੀਮਤ ਦੇ ਲਾਲਚ ਵਿਚ ਆ ਗਈ ਅਤੇ ਉਹ ਉਨ੍ਹਾਂ ਕੋਲ ਵੇਚ ਦਿੱਤਾ ।

ਉਹ ਆਪਣੇ ਸੌਦੇ ਉੱਤੇ ਬੜੇ ਖੁਸ਼ ਸਨ ਅਤੇ ਤੋਤਾ ਲੈ ਕੇ ਘਰ ਮੁੜ ਆਏ, ਫਿਰ ਰਤਨੇਸ਼ਵਰ ਨੇ ਢੋਲ ਮਾਰ ਕੇ ਇਹ ਏਲਾਨ ਕਰਵਾ ਦਿੱਤਾ ਕਿ ਉਸਨੇ ਦੁਧ ਚਿਟੇ ਸਮੁੰਦਰ ਵਿੱਚੋਂ ਇਕ ਅਪਸਰਾ ਲਭ ਕੇ ਲਿਆਂਦੀ ਹੈ ਅਤੇ ਉਹ ਉਸ ਨਾਲ ਵਿਆਹ ਕਰੇਗਾ । ਅਗਲੇ ਦਿਨ ਲੋਕੀਂ ਇਹ ਖਬਰ ਸੁਣ ਕੇ ਬੜੇ ਹੈਰਾਨ ਹੋਏ । ਏਲਾਨ ਦਾ ਸਭ ਤੋਂ ਵੱਧ ਅਸਚਰਜ ਹਿਸਾ ਇਹ ਸੀ ਕਿ ਇਕ ਅਣ-ਸਿਖਿਆ ਜੰਗਲੀ ਪੰਛੀ ਉਸ ਸਮੁੰਦਰੀ ਅਪਸਰਾ ਦੇ ਜੀਵਨ ਦੇ ਸਭ ਹਾਲ ਸਾਰੇ ਲੋਕਾਂ ਦੇ ਸਾਮ੍ਹਣੇ ਦੱਸੇਗਾ । ਇਹ ਆਕ੍ਰਸ਼ਤ ਕਰਨ ਵਾਲੀ ਖਬਰ ਸੁਣ ਕੇ ਸਾਰੇ ਵਰਗਾਂ ਦੇ ਲੋਕ ਬਿਓਪਾਰੀ ਦੇ ਘਰ ਇਕੱਠੇ ਹੋ ਗਏ । ਕਈ ਰਾਜੇ ਅਤੇ ਧਨਾਢ ਬਿਓਪਾਰੀ ਅਤੇ ਕ੍ਰੋੜਪਤੀ ਵੀ ਇਹ ਅਦੁਭੁਤ ਨਜ਼ਾਰਾ ਵੇਖਣ ਲਈ ਆ ਗਏ ।

ਸਮੇਂ ਸਿਰ ਸੋਨੇ ਦੇ ਪਿੰਜਰੇ ਵਿਚ ਇਕ ਤੋਤਾ ਦਰਸ਼ਕਾਂ ਦੇ ਸਾਮ੍ਹਣੇ ਲਿਆਂਦਾ ਗਿਆ, ਜਿਸ ਦੀਆਂ ਬਾਰੀਆਂ ਪੰਛੀ ਦੀ ਇੱਛਾ ਅਨੁਸਾਰ ਖੁਲ੍ਹੀਆਂ ਰਖੀਆਂ ਗਈਆਂ ।

ਅਸੀਂ ਇਹ ਦਸਣਾ ਭੁਲ ਗਏ ਸਾਂ ਕਿ ਕਜਲ ਰੇਖਾ ਦਾ ਪਤੀ ਸੂਈਆਂ ਵਾਲਾ ਰਾਜਕੁਮਾਰ ਵੀ ਉਸ ਇਕੱਠ ਵਿਚ ਹਾਜ਼ਰ ਸੀ ।

ਇਸ ਸਥਿਤੀ ਵਿਚ ਤੋਤਾ ਪਿੰਜਰੇ ਦੇ ਵਿੱਚੋਂ ਨਿਕਲ ਕੇ ਉਸ ਦੀ ਛਤ ਉੱਤੇ ਆ ਬੈਠਾ ਅਤੇ ਉਹ ਕੱਜਲ ਰੇਖਾ ਦੇ ਵੰਸ ਅਤੇ ਹੋਰ ਗੱਲਾਂ ਬਾਰੇ ਇਸ ਤਰ੍ਹਾਂ ਕਥਨ ਅਰੰਭ ਕੀਤਾ :—

"ਮੇਰਾ ਨਾਂ ਧਰਮ ਮਤੀ (ਸ਼ੁਧ ਹਿਰਦੇ ਵਾਲਾ) ਹੈ । ਜਿਸ ਤਰ੍ਹਾਂ ਤੁਸੀਂ ਵੇਖ ਰਹੇ ਹੋ ਮੈਂ ਇਕ ਤੋਤਾ ਹਾਂ । ਹੇ ਮਾਨਯੋਗ ਸਰੋਤਿਓ ! ਜੋ ਕੁਝ ਮੈਂ ਦੱਸਣ ਲਗਾਂ ਹਾਂ ਉਹ ਸੁਣੋ ।

ਦੱਖਣੀ ਇਲਾਕੇ ਵਿਚ ਇਕ ਬਿਓਪਾਰੀ ਰਹਿੰਦਾ ਸੀ, ਜਿਸ ਦਾ ਨਾਂ ਧਨੇਸਵਰ ਸੀ । ਉਹ ਕਰੋੜ ਪਤੀ ਸੀ । ਉਸ ਦਾ ਇਕ ਪੁੱਤਰ ਅਤੇ ਇਕ ਧੀ ਸੀ ਅਤੇ ਮਾਇਆ ਦੀ ਦੇਵੀ ਦੀ ਕ੍ਰਿਪਾ ਨਾਲ ਹਰ ਪਾਸੇ ਲਹਿਰ ਬਹਿਰ ਸੀ । ਕੁੜੀ ਦਸਾਂ ਵਰ੍ਹਿਆਂ ਦੀ ਸੀ । ਉਹ ਇਕ ਬੇਜੋੜ ਸੁੰਦਰੀ ਸੀ । ਜਦੋਂ ਉਹ ਮੁਸਕ੍ਰਾਂਦੀ ਸੀ, ਤਾਂ ਇਸਤਰ੍ਹਾਂ ਲਗਦਾ ਜਿਵੇਂ ਹੀਰੇ ਮੋਤੀ ਚਮਕ ਰਹੇ ਹੋਣ । ਉਹ ਮੀਂਹ ਭਿੱਜੇ ਕਮਲ ਵਾਂਗ ਚਮਕਦਾ ਸੀ । ਕੁੜੀ ਜਨਮ ਤੋਂ ਹੀ ਅਭਾਗਣ ਸੀ ਅਤੇ ਆਪਣੇ ਜੀਵਨ ਵਿਚ ਡੂੰਘੇ ਦੁੱਖਾਂ ਵਿਚ ਘਿਰ ਗਈ । ਇਕ ਦਿਨ ਬਿਓਪਾਰੀ ਨੇ ਮੈਥੋਂ ਪੁਛਿਆ ਕਿ ਇਸ ਲਈ ਯੋਗ ਵਰ ਕਿੱਥੋਂ ਲੱਭੇ ਗਾ । ਮੈਂ ਧਰਮ-ਮਤੀ ਪੰਛੀ ਹਾਂ ਅਤੇ ਆਪਣੇ ਨਾਂ ਦੀ ਪਾਲਣਾ ਕਰਦਾ ਹੋਇਆ ਮੈਂ ਕੇਵਲ ਸਚ ਹੀ ਬੋਲ ਸਕਦਾ ਸਾਂ । ਮੈਂ ਉਸ ਦੀ ਕਿਸਮਤ ਦਾ ਟੇਵਾ ਲਾਇਆ, ਤਾਂ ਮੈਨੂੰ ਪਤਾ ਲਗਾ ਕਿ ਉਸ ਦਾ ਵਿਆਹ ਤੇ ਇਕ ਮਰੇ ਹੋਏ ਰਾਜਕੁਮਾਰ ਨਾਲ ਹੋਣਾ ਹੈ ।

ਬਾਰ੍ਹਾਂ ਸਾਲ ਲਗਾਤਾਰ ਉਹ ਡੂੰਘੇ ਦੁੱਖ ਭੋਗੇਗੀ । ਮੈਂ ਇਹ ਵੀ ਲਭਿਆ ਕਿ ਜੇ ਬਿਓਪਾਰੀ ਇਸ ਕੁੜੀ ਨੂੰ ਆਪਣੇ ਮਹਿਲ ਵਿਚ ਰੱਖੇਗਾ ਤਾਂ ਉਹ ਆਪ ਵੀ ਬੜੇ ਦੁਖ ਭੋਗੇਗਾ । ਇਸ ਲਈ ਮੈਂ ਉਸ ਨੂੰ ਸਲਾਹ ਦਿੱਤੀ ਕਿ ਉਹ ਇਸ ਕੰਨਿਆ ਨੂੰ ਜੰਗਲ ਵਿਚ ਦੇਸ਼ ਨਿਕਾਲਾ ਦੇ ਦੇਵੇ । ਇਹ ਇਕੋ ਉਪਾ ਸੀ ਜਿਸ ਨਾਲ ਬਾਰ੍ਹਾਂ ਸਾਲਾਂ ਪਿੱਛੋਂ ਉਸ ਦੇ ਦੁਖ ਖਤਮ ਹੋ ਸਕਦੇ ਸਨ । ਮੇਰੇ ਸੁਝਾਓ ਦੇਣ ਉੱਤੇ ਸੌਦਾਗਰ ਨੇ ਆਪਣੀ ਧੀ ਨੂੰ ਆਪਣੇ ਇਕ ਜਹਾਜ਼ ਉੱਤੇ ਚਾੜ੍ਹ ਲਿਆ ਅਤੇ ਸਫ਼ਰ ਵਿਚ ਮੈਨੂੰ ਵੀ ਨਾਲ ਲੈ ਗਿਆ । ਬਹੁਤ ਦੂਰ ਜਾਕੇ ਉਸ ਨੇ ਇਕ ਜੰਗਲ ਵੇਖਿਆ, ਜਿਸ ਵਿਚ ਮਹੂਆ ਦੇ ਬਹੁਤ ਸਾਰੇ ਬਿਰਖ ਸਨ । ਇਹ ਚੋਖੇ ਇਲਾਕੇ ਵਿਚ ਖਿਲਰਿਆ ਇਕ ਸੰਘਣਾ ਜੰਗਲ ਸੀ, ਜਿਸ ਦਾ ਕੋਈ ਹਦ ਬੰਨਾਂ ਨਹੀਂ ਸੀ । ਤਿੰਨ ਦਿਨ ਕੁੜੀ ਨੇ ਕੁਝ ਨ ਖਾਧਾ । ਅਸਲ ਵਿਚ ਉਹ ਭੁਖ ਨਾਲ ਮਰਨ ਵਾਲੀ ਹੋ ਗਈ । ਪਿਤਾ ਉਸ ਨੂੰ ਇਕ ਪੁਰਾਨੇ ਮੰਦਰ ਕੋਲ ਛੱਡ ਕੇ ਆਪ ਪਾਣੀ ਲੈਣ ਗਿਆ । ਜਦੋਂ ਪਿਤਾ ਚਲਾ ਗਿਆ, ਤਾਂ ਉਸ ਨੇ ਚਾਰੇ ਪਾਸੇ ਵੇਖਿਆ, ਫਿਰ ਮੰਦਰ ਦਾ ਬੂਹਾ ਖੋਲ੍ਹਿਆ ਅਤੇ ਅੰਦਰ ਵੜ ਗਈ । ਉਸ ਵੇਲੇ ਸੌਦਾਗਰ ਪਾਣੀ ਦਾ ਗਿਲਾਸ ਲੈ ਕੇ ਆ ਗਿਆ । ਉਸਨੇ ਉਸਨੂੰ ਉੱਚੀ ਸਾਰੀ ਅਵਾਜ਼ ਮਾਰੀ, ਪਰ ਉਹ ਤੇ ਮੰਦਰ ਦੇ ਵਿਚ ਕੈਦ ਸੀ । ਦਰਵਾਜ਼ਾ ਖੁਲ੍ਹਦਾ ਨਹੀਂ ਸੀ । ਇਹ ਅਸਪਾਤ ਦਾ ਬਣਿਆ ਲਗਦਾ ਸੀ ਅਤੇ ਕੁੰਡੇ ਵੀ ਉਸ ਸਖ਼ਤ ਧਾਤ ਦੇ ਸਨ । ਇਸ ਲਈ ਸੌਦਾਗਰ ਲਈ ਆਪਣੀ ਲੜਕੀ ਉਥੇ ਛਡਕੇ ਘਰ ਮੁੜ ਆਉਣ ਤੋਂ ਬਿਨਾ ਕੋਈ ਚਾਰਾ ਨਹੀਂ ਸੀ ।"

ਏਥੇ ਆ ਕੇ ਪੰਛੀ ਉਤਾਂਹ ਉਠ ਗਿਆ, ਅਤੇ ਚੁਬਾਰੇ ਦੀ ਛਤ ਉੱਤੇ ਬਹਿ ਕੇ ਇਹ ਸੁਨੇਹਾ ਦਿੱਤਾ ।

"ਹੁਣ ਮੈਂ ਕੱਜਲ ਰੇਖਾ ਤੋਂ ਸੂਈਆਂ ਵਾਲੇ ਰਾਜਕੁਮਾਰ ਵਲ ਵਿਸ਼ਾ ਬਦਲਦਾ ਹਾਂ । ਚੰਪਾ ਦੇ ਸ਼ਹਿਰ ਵਿਚ ਇਕ ਸੌਦਾਗਰ ਰਾਜਾ ਸੀ, ਜਿਸ ਦਾ ਨਾਂ ਹੀਰਾਧਰ ਸੀ । ਉਸ ਦਾ ਕੋਈ ਬੱਚਾ ਨਹੀਂ ਸੀ । ਉਸ ਨੂੰ ਔਤਰਾ ਆਖਦੇ ਸਨ । ਉਸ ਦੇ ਘਰ ਵਿਚ ਕੋਈ ਅਜਿਹਾ ਨਹੀਂ ਸੀ, ਜਿਹੜਾ ਉਸ ਦੇ ਮਰਨ ਪਿੱਛੋਂ ਉਸ ਦੇ ਮਹਿਲ ਵਿਚ ਉਸ ਦੇ ਵੰਸ ਦਾ ਦੀਪਕ ਜਗਦਾ ਰਖਦਾ ।

ਉਸ ਨੇ ਕਈ ਦੇਵਤਿਆਂ ਦੀ ਪੂਜਾ ਕੀਤੀ, ਪਰ ਕਿਸੇ ਨੇ ਵੀ ਉਸ ਨੂੰ ਪੁੱਤਰ ਦੀ ਦਾਤ ਨਾ ਦਿੱਤੀ, ਜਿਸ ਲਈ ਉਹ ਅਰਦਾਸਾਂ ਕਰਦਾ ਸੀ । ਕੁਝ ਚਿਰ ਪਿੱਛੋਂ ਇਕ ਸਨਿਆਸੀ ਮਹਿਲ ਵਿਚ ਆਇਆ ਅਤੇ ਉਸ ਭਵਿਖ ਬਾਣੀ ਕੀਤੀ ਕਿ ਪ੍ਰਮਾਤਮਾਂ ਨੇ ਅਖੀਰ ਰਾਜੇ ਉਤੇ ਕ੍ਰਿਪਾ ਕੀਤੀ ਹੈ ਤੇ ਛੇਤੀ ਉਸ ਨੂੰ ਬੜੀ ਸੁੰਦਰ ਅਤੇ ਗੁਣਾਂ ਵਾਲਾ ਪੁੱਤਰ ਬਖਸ਼ੇਗਾ । ਇਹ ਆਖ ਕੇ ਸਨਿਆਸੀ ਨੇ ਉਸ ਨੂੰ ਇਕ ਅੰਬ ਦਿੱਤਾ ਅਤੇ ਕਿਹਾ ਕਿ ਰਾਣੀ ਇਸ ਨੂੰ ਖਾ ਲਵੇ । ਰਾਣੀ ਨੇ ਅੰਬ ਖਾ ਲਿਆ ਅਤੇ ਦਸਾਂ ਮਹੀਨਿਆਂ ਪਿੱਛੋਂ ਇਕ ਮੁਰਦਾ ਬਚੇ ਨੂੰ ਜਨਮ ਦਿੱਤਾ।

ਸਨਿਆਸੀ ਨੂੰ ਫਿਰ ਸਦਿਆ ਗਿਆ । ਉਸ ਨੇ ਸਲਾਹ ਦਿੱਤੀ ਕਿ ਰਾਜਾ ਮੁਰਦੇ ਬੱਚੇ ਦੇ ਸਰੀਰ ਵਿਚ ਸੈਂਕੜੇ ਹੀ ਸੂਈਆਂ ਖੋਭ ਦੇਵੇ । ਇਸ ਤਰ੍ਹਾਂ ਉਸਦਾ ਨਾਂ ਸੂਈਆਂ ਵਾਲਾ ਰਾਜਕੁਮਾਰ ਪੈ ਗਿਆ । ਇਸ ਤੋਂ ਪਿੱਛੋਂ ਸਨਿਆਸੀ ਨੇ ਰਾਜੇ ਨੂੰ ਕਿਹਾ ਕਿ ਉਹ ਉਸ ਨੂੰ ਜੰਗਲ ਵਿਚ ਇਕੱਲਾ ਹੀ ਰੱਖੇ ।

ਇਕ ਬਹੁਤ ਵਡੇ ਜੰਗਲ ਦੇ ਵਿਚਕਾਰ ਡਰਾਉਣੇ ਇਕਾਂਤ ਵਿਚ ਇਕ ਮੰਦਰ ਬਣਾਇਆ ਗਿਆ ਅਤੇ ਮੁਰਦਾ ਰਾਜਕੁਮਾਰ ਨੂੰ ਇਸ ਵਿਚ ਰਖ ਦਿੱਤਾ ਗਿਆ । ਭਾਵੇਂ ਇਹ ਮੁਰਦਾ ਬੱਚਾ ਸੀ, ਪਰਮਾਤਮਾ ਦੀ ਕਿਰਪਾ ਨਾਲ ਇਹ ਵੱਡਾ ਹੋ ਕੇ ਚਮਕਦੇ ਚੰਨ ਵਾਂਗ ਸੁੰਦਰ ਨਿਕਲਿਆ । ਰਾਜਕੁਮਾਰ ਸਦਾ ਇਕ ਲਾਸ਼ ਵਾਂਗ ਪਿਆ ਰਹਿੰਦਾ, ਪਰ ਸਮੇਂ ਅਨੁਸਾਰ ਉਸ ਦਾ ਸਰੀਰ ਉੱਨਤੀ ਕਰਕੇ ਜਵਾਨ ਹੋ ਗਿਆ । ਇਸ ਸਮੇਂ ਕੱਜਲ ਰੇਖਾ ਓਥੇ ਪਹੁੰਚ ਗਈ । ਉਸ ਦੇ ਪਿਤਾ ਨੇ ਉਸ ਨੂੰ ਦੇਸ਼ ਨਿਕਾਲਾ ਦਿੱਤਾ ਹੋਇਆ ਸੀ, ਅਤੇ ਹੁਕਮ ਦਿੱਤਾ ਸੀ, ਕਿ ਇਕ ਮਰੇ ਹੋਏ ਆਦਮੀ ਨਾਲ ਵਿਆਹ ਕਰਨਾ ਉਸ ਦੇ ਖੋਟੇ ਕਰਮਾਂ ਵਿਚ ਲਿਖਿਆ ਸੀ ।

ਉਹ ਭੁਬਾਂ ਮਾਰ ਕੇ ਰੋਂਦੀ ਅਤੇ ਉਸ ਦੇ ਹੰਝੂਆਂ ਨਾਲ ਪੱਥਰ ਵੀ ਮੋਮ ਹੋ ਜਾਂਦੇ । ਅਸਲ ਵਿਚ ਉਸ ਨੇ ਆਪਣੇ ਪਤੀ ਦੇ ਸਰੀਰ ਨੂੰ ਆਪਣੇ ਹੰਝੂਆਂ ਨਾਲ ਧੋ ਦਿੱਤਾ । ਸਤ ਦਿਨ ਅਤੇ ਸਤ ਰਾਤਾਂ ਉਹ ਰਾਜਕੁਮਾਰ ਦੀ ਮੰਜੀ ਉੱਤੇ ਬੈਠ ਕੇ ਉਸ ਦੇ ਸਰੀਰ ਵਿੱਚੋਂ ਸੂਈਆਂ ਚੁਗਦੀ ਰਹੀ । ਇਹ ਸਤ ਦਿਨ ਅਤੇ ਸਤ ਰਾਤਾਂ ਉਸ ਵਰਤ ਵੀ ਰਖਿਆ, ਅਤੇ ਅਠਵੇਂ ਦਿਨ ਉਹ ਤਲਾ ਉੱਤੇ ਨਹਾਉਣ ਗਈ । ਉਸ ਦੀਆਂ ਅਖਾਂ ਵਿਚਲੀਆਂ ਦੋ ਸੂਈਆਂ ਉਸ ਅਛੋਹ ਰਹਿਣ ਦਿੱਤੀਆਂ ਅਤੇ ਜਿਸ ਦਵਾਈ ਨੇ ਉਸ ਨੂੰ ਸੁਰਜੀਤ ਕਰਨਾ ਸੀ, ਉਹ ਬਿਸਤਰੇ ਕੋਲ ਛਡ ਗਈ । ਠੀਕ ਉਸ ਵੇਲੇ ਸ਼ਹਿਰੋਂ ਇਕ ਆਦਮੀ ਆਇਆ, ਜਿਹੜਾ ਆਪਣੀ ਧੀ ਨੂੰ ਵੇਚਣਾ

ਚਾਹੁੰਦਾ ਸੀ । ਉਸ ਨੇ ਆਪਣਾ ਕੰਙਨ ਦੇ ਕੇ ਆਪਣੇ ਰਾਜਕੁਮਾਰ ਲਈ ਦਾਸੀ ਖਰੀਦ ਲਈ, ਪਰ ਦਾਸੀ ਰਾਣੀ ਬਣ ਗਈ ਅਤੇ ਓਹ ਆਪ ਉਸ ਦੀ ਦਾਸੀ ।"

ਪੰਛੀ ਨੇ ਫਿਰ ਇਕ ਇਕ ਕਰਕੇ ਉਹ ਸਾਰੀਆਂ ਗੱਲਾਂ ਦਸੀਆਂ, ਜਿਹੜੀਆਂ ਉਸ ਦੇ ਪਤੀ ਦੇ ਮਹਿਲ ਵਿਚ ਹੋਈਆਂ ਅਤੇ ਸਾਰੇ ਅਤਿਆਚਾਰ ਜਿਹੜੇ ਕੰਙਨ ਦਾਸੀ ਨੇ, ਜਿਹੜੀ ਹੁਣ ਰਾਣੀ ਬਣੀ ਬੈਠੀ ਸੀ, ਉਸ ਉਤੇ ਕੀਤੇ । ਪੰਛੀ ਨੇ ਸੂਈਆਂ ਵਾਲੇ ਰਾਜਕੁਮਾਰ ਦੇ ਮਿੱਤ੍ਰ ਦੀ ਸ਼ਰਾਰਤ ਕਰਕੇ ਜੋ ਕੁਝ ਵੀ ਹੋਇਆ ਉਹ ਵੀ ਦਸਿਆ ਅਤੇ ਨਾਲ ਹੀ ਇਹ ਕਿ ਕਿਵੇਂ ਉਸ ਦੇ ਕਪਟ ਕਰਕੇ ਰਾਜਕੁਮਾਰ ਦੀ ਅਕਲ ਉੱਤੇ ਪਰਦਾ ਪੈ ਗਿਆ ਅਤੇ ਉਸ ਨੇ ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ । ਜਦੋਂ ਉਸ ਨੇ ਇਹ ਦਸਿਆ ਤਾਂ ਪੰਛੀ ਦੀਆਂ ਅੱਖਾਂ ਵਿਚ ਅਰੁਕ ਹੰਝੂ ਵਗ ਪਏ ਅਤੇ ਉਸ ਦੀ ਅਵਾਜ਼ ਭਾਰੀ ਹੋ ਗਈ । ਇਹ ਬਦਮਾਸ਼ ਮਿਤ੍ਰ ਕੱਜਲ ਰੇਖਾ ਨਾਲ ਮਲੋ ਜ਼ੋਰੀ ਵਿਆਹ ਕਰਨਾ ਚਾਹੁੰਦਾ ਸੀ । ਪਰ ਕਿਉਂਕਿ ਉਹ ਆਪ ਸਤੀ ਸੀ, ਇਸ ਲਈ ਮਹਾਨ ਸਾਗਰ ਨੂੰ ਵੀ ਦਇਆ ਆ ਗਈ ਅਤੇ ਉਸ ਨੇ ਆਪਣੀ ਛਾਤੀ ਵਿਚ ਰੇਤ ਪੈਦਾ ਕੀਤੀ ।"

ਇਹ ਕਹਿ ਕੇ ਪੰਛੀ ਹਵਾ ਵਿਚ ਉਡ ਗਿਆ ਅਤੇ ਉਡਦਿਆ ਉਡਦਿਆਂ ਉਸ ਨੇ ਸੁੱਤਿਆਂ ਨੂੰ ਇਹ ਕਿਹਾ :

"ਅਜ ਉਸ ਦੇ ਦੁੱਖਾਂ ਦਾ ਬਾਰ੍ਹਵਾਂ ਵਰ੍ਹਾ ਪੂਰਾ ਹੋ ਗਿਆ ਹੈ । ਰਤਨੇਸ਼ਵਰ, ਉਸ ਦਾ ਭਰਾ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ ।" ਇਹ ਕਹਿ ਕੇ ਪੰਛੀ ਅਕਾਸ਼ ਵਿਚ ਅਲੋਪ ਹੋ ਗਿਆ ।

ਸੂਈਆਂ ਵਾਲਾ ਰਾਜਕੁਮਾਰ ਜਿਹੜਾ ਓਥੇ ਹੀ ਸੀ, ਪਹਿਲਾਂ ਇਹ ਨਹੀਂ ਜਾਣਦਾ ਸੀ ਕਿ ਕੱਜਲ ਰੇਖਾ ਮਰ ਗਈ ਹੈ ਜਾਂ ਜਿਉਂਦੀ ਹੈ । ਦੁਖ ਦੇ ਅਧੀਨ ਹੋ ਕੇ ਉਹ ਸਾਰਿਆਂ ਦੇ ਸਾਮ੍ਹਣੇ ਹੀ ਰੋਣ ਲਗ ਪਿਆ । ਰਤਨੇਸ਼ਵਰ ਨੂੰ ਬੜੀ ਸ਼ਰਮ ਆਈ । ਪਸਚਾਤਾਪ ਵਿਚ ਉਹ ਆਪਣੀ ਸ਼ਰਮ ਲੁਕਾਉਣ ਲਈ ਦਰਬਾਰ ਵਿੱਚੋਂ ਉਠ ਕੇ ਚਲਾ ਗਿਆ ।

ਬੜੀ ਸਜ ਧਜ ਨਾਲ ਕੱਜਲ ਰੇਖਾ ਦਾ ਵਿਆਹ ਸੂਈਆਂ ਵਾਲੇ ਰਾਜਕੁਮਾਰ ਨਾਲ ਰੀਤ ਅਨੁਸਾਰ ਹੋਇਆ । ਕੁਝ ਦਿਨ ਉਹ ਉਥੇ ਰਹਿ ਕੇ ਆਪਣੇ ਸ਼ਹਿਰ ਮੁੜ ਆਇਆ । ਉਸ ਨੇ ਕੱਜਲ ਰੇਖਾ ਨੂੰ ਜਹਾਜ਼ ਵਿਚ ਲੁਕਾਈ ਰਖਿਆ ਅਤੇ ਆਪ ਇਕੱਲਾ ਹੀ ਮਹਿਲ ਵਿਚ ਦਾਖਲ ਹੋਇਆ । ਫਿਰ ਉਸ ਨੇ ਹੁਕਮ ਦਿੱਤਾ ਕਿ ਵਿਹੜੇ ਵਿਚ ਇਕ ਬਹੁਤ ਵੱਡਾ ਡੂੰਘਾ ਟੋਇਆ ਪੁਟਿਆ ਜਾਵੇ । ਝੂਠੀ ਰਾਣੀ-ਕੰਙਨ ਦਾਸੀ- ਇਸ ਦਾ ਕਾਰਣ ਜਾਨਣਾ ਚਾਹੁੰਦੀ ਸੀ । ਸੂਈਆਂ ਵਾਲੇ ਰਾਜਕੁਮਾਰ ਨੇ ਦਸਿਆ ਕਿ ਦਖਣੀ ਇਲਾਕੇ ਦਾ ਰਾਜਕੁਮਾਰ ਰਤਨੇਸ਼ਵਰ ਸ਼ਹਿਰ ਉੱਤੇ ਹੱਲਾ ਕਰਨ ਵਾਲਾ ਹੈ । ਉਹ ਸ਼ਹਿਰ ਨੂੰ ਲੁਟਣਾ ਚਾਹੁੰਦਾ ਹੈ । ਸੋ ਆਪਣੇ ਖਜ਼ਾਨੇ ਦੀਆਂ ਸਾਰੀਆਂ ਵਡਮੁਲੀਆਂ ਵਸਤਾਂ ਲੈ ਕੇ ਉਹ ਇਹ ਟੋਏ ਵਿਚ ਸ਼ਰਨ ਲੈਣਾ ਚਾਹੁੰਦਾ ਹੈ । ਕੰਙਨ ਦਾਸੀ ਨੇ ਜਦੋਂ ਇਹ ਸੁਣਿਆ ਤਾਂ ਹੋਰ ਕਿਸੇ ਗਲ ਦੀ ਉਡੀਕ ਕੀਤੇ ਬਿਨਾਂ ਜਾਂ ਹੋਰਨਾਂ ਦੀ ਰਾਇ ਪੁਛੇ ਬਿਨਾ ਆਪਣਾ ਗਹਿਣਾ ਗੱਟਾ ਲੈ ਕੇ ਹੋਰ ਸਭ ਤੋਂ ਪਹਿਲਾਂ ਉਸ ਟੋਏ ਵਿਚ ਜਾ ਵੜੀ ।

ਫਿਰ ਰਾਜਕੁਮਾਰ ਵੱਲੋਂ ਇਸ਼ਾਰਾ ਹੋਣ ਉਤੇ ਉਸ ਦੇ ਨੌਕਰਾਂ ਨੇ ਇਹ ਟੋਇਆ ਮਿੱਟੀ ਨਾਲ ਭਰ ਦਿੱਤਾ ।

———

ਦੀਵਾਨਾ-ਮਦੀਨਾ

[ਇਸ ਕਿੱਸੇ ਦਾ ਲੇਖਕ ਮਨਸੂਰ, ਬੰਗਾਲੀ ਦਾ ਇਕ ਉਤਮ ਕਿਰਸਾਨ ਕਵੀ ਸੀ। ਉਹ ਬਿਲਕੁਲ ਅਨਪੜ੍ਹ ਸੀ ਅਤੇ ਇਸ ਤਰ੍ਹਾਂ ਸੱਚੀ ਮੁਚੀਂ ਹੀ ਕੁਦਰਤ ਦਾ ਬੇਟਾ ਸੀ। ਆਪਣੀ ਪੇਂਡੂ ਦੁਨੀਆਂ ਤੋਂ ਬਾਹਰ ਉਹ ਕਿਸੇ ਵੀ ਸਭਿਆਚਾਰ ਦਾ ਦੇਣਦਾਰ ਨਹੀਂ ਸੀ। ਕਿੱਸੇ ਦੇ ਮੁੱਢ ਵਿਚ ਇਕ ਲੋਕ-ਕਥਾ ਹੈ, ਜਿਸ ਵਿਚ ਦਸਿਆ ਹੈ ਕਿ ਕਿਸ ਤਰ੍ਹਾਂ ਇਕ ਪੰਛੀ ਨੇ ਆਪਣੀ ਸੌਂਕਣ ਦੇ ਬੱਚੇ ਮਾਰ ਦਿਤੇ, ਪਰ ਬਾਕੀ ਦੀ ਘਟਨਾ ਇਤਿਹਾਸਕ ਹੈ ਜਿਹੜੀ ਦੋ ਢਾਈ ਸੌ ਸਾਲ ਪਹਿਲਾਂ ਵਾਪਰੀ। ਮੁਢ ਵਿੱਚ ਬੇਗਮ ਦਾ ਭਾਸ਼ਨ ਜਿਹੜੀ ਕੁਝ ਘੜੀਆਂ ਦੀ ਪ੍ਰਾਹੁਣੀ ਸੀ, ਬਹੁਤ ਲੰਬਾ ਲਗਦਾ ਹੈ। ਇਸੇ ਤਰ੍ਹਾਂ ਪਾਣੀ ਵਿਚ ਸੁੱਟੇ ਜਾਣ ਦੇ ਡਰ ਤੋਂ ਬਚਿਆਂ ਦਾ ਵਿਰਲਾਪ ਵੀ ਘਟ ਕੀਤਾ ਜਾ ਸਕਦਾ ਸੀ। ਮਦੀਨਾ ਦਾ ਬਾਰ੍ਹਾਂਮਾਹ ਬਹੁਤ ਖਿਚ ਪਾਂਦਾ ਹੈ। ਇਸ ਦੇ ਸ਼ਬਦ ਪੇਂਡੂ ਜੀਵਨ ਵਿੱਚੋਂ ਲਏ ਗਏ ਹਨ, ਜਿਨ੍ਹਾਂ ਦੇ ਅਨੁਵਾਦ ਵਿਚ ਉਹ ਸਵਾਦ ਨਹੀਂ ਰਹਿੰਦਾ। ਆਮ ਹਿੰਦੂ ਕਵੀਆਂ ਦੇ ਬਾਰ੍ਹਾਂਮਾਹ, ਭਾਵੇਂ ਉਨ੍ਹਾਂ ਵਿਚ ਕਈ ਥਾਈਂ ਸੰਗੀਤਕ ਕਵਿਤਾ ਆਉਂਦੀ ਹੈ, ਬਾਸੀ ਅਤੇ ਬਨਾਵਟੀ ਲਗਦੇ ਹਨ। ਪਰ ਇਹ ਬਾਰ੍ਹਾਂਮਾਹ ਸਾਨੂੰ ਅਸਲੀ ਬੰਗਾਲੀ ਇਸਤ੍ਰੀ ਦੇ ਦਰਸ਼ਨ ਕਰਵਾਉਂਦਾ ਹੈ, ਚਾਹੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ। ਮਦੀਨਾ ਬੰਗਾਲੀ ਪਾਤਰ ਹੋਣ ਕਰਕੇ ਸਾਡੇ ਲਈ ਸੀਤਾ ਅਤੇ ਸਵਿਤ੍ਰੀ ਨਾਲੋਂ ਵੀ ਵਧ ਉਪਾਸਨਾ ਯੋਗ ਹੈ। ਇਸ ਕਿੱਸੇ ਦੀ ਭਾਸ਼ਾ ਅਤੇ ਆਤਮਾ ਦੋਵੇਂ ਇਹੀ ਸੰਕੇਤ ਦਿੰਦੀਆਂ ਹਨ ਕਿ ਇਹ ਇਕ ਬੰਗਾਲੀ ਘਰ ਵਿਚ ਉਤਪੰਨ ਹੋਇਆ ਹੈ ਅਤੇ ਇਸ ਵਿਚ ਬਾਹਰ ਦਾ ਅੰਸ਼ ਨਹੀਂ। **ਬਨਿਆਚੋਂਗ** ਸਿਲਹਟ ਦੇ ਇਲਾਕੇ ਵਿਚ ਇਕ ਵਡਾ ਸ਼ਹਿਰ ਸੀ, ਭਾਵੇਂ ਹੁਣ ਪਿੰਡ ਹੀ ਰਹਿ ਗਿਆ ਹੈ। ਏਥੋਂ ਦੇ ਦੀਵਾਨ ਬੜੇ ਬਲ ਵਾਲੇ ਹੋਏ ਹਨ। ਦੀਵਾਨ ਮਦੀਨਾ ਕਿੱਸੇ ਦੀਆਂ 710 ਪੰਕਤੀਆਂ ਹਨ।]

ਦੀਵਾਨ-ਮਦੀਨਾ

"ਮੇਰੇ ਪ੍ਰਾਣ ਪਿਆਰੇ ਪਤੀ, ਤੂੰ ਕਸਮ ਖਾ ਕਿ ਜੇ ਮੈਂ ਹੁਣੇ ਮਰ ਜਾਵਾਂ ਤਾਂ ਤੂੰ ਹੋਰ ਵਿਆਹ ਨਹੀਂ ਕਰੇਂਗਾ। ਮੈਨੂੰ ਲਗਦਾ ਹੈ ਕਿ ਮੌਤ ਮੇਰੀਆਂ ਬਰੂਹਾਂ ਉਤੇ ਖਲੋਤੀ ਹੈ। ਮੇਰੇ ਦਿਨ ਪੁਗ ਚਲੇ ਹਨ। ਮੈਂ ਬਿਲਕੁਲ ਖਤਮ ਹੋ ਗਈ ਹਾਂ। ਮੌਤ ਦੇ ਪ੍ਰਛਾਵੇਂ ਮੇਰੇ ਉਤੇ ਪੈ ਰਹੇ ਹਨ। ਮੈਨੂੰ ਲਗਦਾ ਹੈ ਕਿ ਕਬਰ ਦਾ ਡੂੰਘਾ ਟੋਇਆ ਛੇਤੀ ਹੀ ਮੇਰਾ ਬਿਸਰਾਮ ਘਰ ਬਣੇਗਾ।"

"ਇਸ ਆਪਣੇ ਘਰ ਵਿਚ ਮੈਂ ਆਪਣੇ ਪੁਤਰਾਂ ਅਲਾਲ ਤੇ ਦਲਾਲ ਜੋੜੇ ਭਰਾਵਾਂ ਨੂੰ ਤੇਰੀ ਸੰਭਾਲ ਵਿਚ ਛੱਡਦੀ ਹਾਂ। ਇਨ੍ਹਾਂ ਦੀ ਦੁਖੀ ਮਾਂ ਨੂੰ ਇਨ੍ਹਾਂ ਬਚਿਆਂ ਤੋਂ ਵੱਧ ਹੋਰ ਕੋਈ ਦੌਲਤ ਪਿਆਰੀ ਨਹੀਂ। ਮੇਰੇ ਪਿਆਰੇ ਪਤੀ! ਮੈਂ ਇਨ੍ਹਾਂ ਨੂੰ ਤੇਰੇ ਹਵਾਲੇ ਕਰਦੀ ਹਾਂ। ਇਹ ਅਜੇ ਅਞਾਣੇ ਬਾਲ ਹਨ। ਇਹ ਅਜੇ ਆਪਣੀ ਮਾਂ ਦੇ ਦੁਧ ਉਤੇ ਹੀ ਪਲ ਰਹੇ ਹਨ ਅਤੇ ਬਿਲ-ਕੁਲ ਨਿਆਸਰੇ ਹਨ। ਮੈਂ ਇਨ੍ਹਾਂ ਨੂੰ ਤੈਨੂੰ ਦਿੰਦੀ ਹਾਂ। ਸੂਰਜ ਅਤੇ ਚੰਨ ਅਤੇ ਸਾਡੀਆਂ ਅੱਖਾਂ ਮੇਰੀਆਂ ਗਵਾਹ ਹੋਣ। ਮੈਂ ਆਪਣੇ ਦਿਲ ਦੇ ਰਾਖਵੇਂ ਪੰਛੀ ਤੇਰੇ ਹਵਾਲੇ ਕਰਦੀ ਹਾਂ। ਕੁਰਾਨ ਅਤੇ ਧਾਰਮਿਕ ਪੁਸਤਕਾਂ ਮੇਰੀਆਂ ਗਵਾਹ ਹੋਣ। ਇਸ ਦੁਨੀਆਂ ਵਿਚ ਅਲਾਲ ਤੇ ਦਲਾਲ ਦਾ ਮੇਰੇ ਬਿਨਾ ਕੋਈ ਨਹੀਂ। ਦਰਿਆ ਅਤੇ ਨਹਿਰਾਂ, ਜੰਗਲ ਅਤੇ ਪਹਾੜ, ਪੰਛੀ ਅਤੇ ਅਕਾਸ਼ ਮੈਂ ਆਪਣੀ ਅਮਾਨਤ ਤੇਰੇ ਹਵਾਲੇ ਕਰਦਿਆਂ ਇਨ੍ਹਾਂ ਸਾਰਿਆਂ ਨੂੰ ਗਵਾਹ ਬਣਾਂਦੀ ਹਾਂ। ਮੈਂ ਕਿੰਨੀ ਦੁਖੀ ਹਾਂ ਕਿ ਮੈਂ ਇਨ੍ਹਾਂ ਨੂੰ ਆਪਣੀਆਂ ਬਾਹਵਾਂ ਵਿਚ ਨਹੀਂ ਲੈ ਸਕਦੀ। ਤੂੰ ਇਨ੍ਹਾਂ ਨਿਆਸ-ਰਿਆਂ ਬੇ-ਗੁਨਾਹਾਂ ਦੀ ਰਖਿਆ ਕਰਨ ਲਈ ਆਪਣੀਆਂ ਬਾਹਾਂ ਖਿਲਾਰ ਦੇ।"

ਜਦੋਂ ਉਸ ਨੇ ਇਹ ਕਿਹਾ ਤਾਂ ਬੇਰੋਕ ਹੰਝੂਆਂ ਕਰਕੇ ਉਸ ਨੂੰ ਦਿਸਣੋਂ ਹਟ ਗਿਆ। ਉਸ ਨੇ ਆਪਣੇ ਨਿਰਬਲ ਹਥ ਅਗਾਂਹ ਕੀਤੇ, ਬਚਿਆਂ ਨੂੰ ਆਪਣੀ ਛਾਤੀ ਨਾਲ ਘੁਟਿਆ ਅਤੇ ਭੁਬਾਂ ਮਾਰ ਕੇਕਿਹਾ "ਹਾਏ ਵੇ ਮੇਰੇ ਮਿੱਤਰ ਬਚਿਓ!"

"ਇਨ੍ਹਾਂ ਵਲ ਵੇਖ। ਇਹ ਦੋ ਨਿਰਕਪਟ ਕਲੀਆਂ ਵਾਂਗ ਹਨ ਕਿਸੇ ਵੀ ਸੋਨੇ ਤੋਂ ਬੇਹਦ ਮਹਿੰਗੇ। ਇਹ ਨਿਆਸਰੇ ਹਨ। ਮੇਰੇ ਪਿਆਰੇ ਪਤੀ, ਇਨ੍ਹਾਂ ਉੱਤੇ ਦਇਆ ਕਰਕੇ ਹੋਰ ਵਿਆਹ ਨਾ ਕਰਨਾ। ਸੌਕਣ ਬੜੀ ਖਤਰਨਾਕ ਚੀਜ਼ ਹੈ। ਜੇ ਤੂੰ ਹੋਰ ਤੀਵੀਂ ਕਰ ਲਈ, ਤਾਂ ਮੇਰੇ ਬੱਚੇ ਬੜਾ ਦੁਖ ਭੋਗਣਗੇ। ਉਸ ਲਈ ਮੇਰੇ ਬਚੇ ਕੰਡਿਆਂ ਵਾਂਗ ਹੋਣਗੇ, ਜਿਨ੍ਹਾਂ ਨੂੰ ਉਹ ਸਭ ਤੋਂ ਪਹਿਲਾਂ ਕੱਢਣਾ ਚਾਹੇਗੀ।"

"ਪਿਆਰੇ ਪਤੀ! ਮੈਂ ਤੈਨੂੰ ਇਕ ਸੌਕਣ ਦੀ ਕਹਾਣੀ ਸੁਣਾਂਦੀ ਹਾਂ। "ਓਸ ਤਲਾ ਦੇ ਦੱਖਣ ਵਲ ਹੀ ਜਲ-ਬਿਰਖ ਦੀ ਪਤਿਆਂ ਵਾਲੀ ਟਹਿਣੀ ਵਿਚ ਇਕ ਕਬੂਤਰ ਅਤੇ ਉਸ ਦੀ ਕਬੂਤਰੀ ਨੇ ਆਪਣਾ ਆਲ੍ਹਣਾ ਬਣਾਇਆ ਹੋਇਆ ਸੀ। ਉਹ ਦਿਨ ਰਾਤ ਇਕੱਠੇ ਬੈਠੇ ਮਿੱਠੀ ਮਿੱਠੀ ਗੁਟਰ ਗੂੰ ਗੁਟਰ ਗੂੰ ਕਰਦੇ ਰਹਿੰਦੇ ਅਤੇ ਇਕ ਦੂਜੇ ਦੀ ਸੰਗਤ ਦਾ ਅਨੰਦ ਮਾਣਦੇ। ਇਸ ਤਰ੍ਹਾਂ ਲਗਦਾ ਸੀ ਕਿ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਕਿ ਦੁਖ ਕੀ ਹੁੰਦਾ ਹੈ। ਇਸਤਰ੍ਹਾਂ ਉਹ ਕਈ ਸਾਲ ਰਹਿੰਦੇ ਰਹੇ। ਫਿਰ ਇਕ ਮੰਦੇ ਦਿਨ ਕਬੂਤਰੀ ਦੋ ਆਂਡੇ ਛਡ ਕੇ ਮਰ ਗਈ। ਕਬੂਤਰ ਨੂੰ ਆਂਡਿਆਂ ਦਾ ਬੜਾ ਵਖਤ ਪਿਆ। ਉਹ ਇਕ ਪਲ ਲਈ ਵੀ ਆਲ੍ਹਣਾ ਨਾ ਛਡ ਸਕਦਾ। ਸਗੋਂ ਦਿਨ ਰਾਤ ਆਂਡਿਆਂ ਉਤੇ ਬੈਠਾ ਰਹਿੰਦਾ। ਇਨ੍ਹਾਂ ਨੂੰ ਛਡ ਨਹੀਂ ਸੀ ਸਕਦਾ ਕਿ ਕੋਈ ਬਲਾ ਨਾ ਪੈ ਜਾਵੇ, ਇਸਤਰ੍ਹਾਂ ਨਾ ਤੇ ਉਹ ਆਪਣੀ ਖੁਰਾਕ ਖਾਣ ਬਾਹਰ ਜਾ ਸਕਦਾ, ਨਾ ਇਕ ਪਲ ਰਾਤ ਸੌਂ ਸਕਦਾ।

"ਬੜੇ ਧਿਆਨ ਨਾਲ ਆਂਡਿਆਂ ਉਤੇ ਬੈਠ ਬੈਠ ਕੇ ਅਖੀਰ ਇਕ ਦਿਨ ਉਸ ਨੇ ਵੇਖਿਆ ਕਿ ਉਨ੍ਹਾਂ ਵਿੱਚੋਂ ਦੋ ਬੱਚੇ ਨਿਕਲ ਆਏ ਹਨ। ਇਕ ਮਦਦਗਾਰ ਸਾਥੀ ਦੀ ਅਣਹੋਂਦ ਕਰਕੇ ਕਬੂਤਰ ਇਕੱਲਾ ਅਤੇ ਬੜਾ ਦੁਖੀ ਸੀ।"

"ਬਾਹਰ ਖ਼ੁਰਾਕ ਲੈਣ ਕੌਣ ਜਾਏਗਾ ਅਤੇ ਆਲ੍ਹਣੇ ਦੀ ਰਾਖੀ ਕੌਣ ਰਹੇਗਾ?" ਆਪਣੇ ਆਪ ਨੂੰ ਬਿਲਕੁਲ ਬੇਵਸ ਵੇਖ ਕੇ ਕਬੂਤਰ ਨੂੰ ਆਪਣੀ ਅਤੇ ਆਪਣੇ ਬਚਿਆਂ ਦੀ ਜਾਨ ਬਚਾਉਣ ਦਾ ਹੋਰ ਕੋਈ ਤਰੀਕਾ ਨਹੀਂ ਸੀ ਦਿਸਦਾ, ਸਵਾਏ ਇਸ ਦੇ ਕਿ ਉਹ ਹੋਰ ਸਾਥੀ ਬਣਾ ਲਵੇ। ਕੁਝ ਚਿਰ ਪਿੱਛੋਂ ਓਸ ਨੇ ਇੰਞ ਹੀ ਕੀਤਾ।

"ਕਬੂਤਰ ਨੇ ਨਵੀਂ ਕਬੂਤਰੀ ਨੂੰ ਕਿਹਾ "ਮੈਂ ਬਾਹਰ ਖੁਰਾਕ ਢੂੰਡਣ ਚਲਿਆ ਹਾਂ। ਤੂੰ ਇਥੇ ਰਹੀਂ ਅਤੇ ਬਚਿਆਂ ਨੂੰ ਆਪਣੀ ਛਾਤੀ ਦੇ ਨਿਘ ਨਾਲ ਆਰਾਮ ਵਿਚ ਰਖੀਂ। ਮੈਂ ਇਨ੍ਹਾਂ ਨੂੰ ਬੜੇ ਦੁਖਾਂ ਨਾਲ ਪਾਲਿਆ ਹੈ। ਇਨ੍ਹਾਂ ਦਾ ਚੰਗੀ ਤਰ੍ਹਾਂ ਧਿਆਨ ਰੱਖੀਂ। ਜਦੋਂ ਵੱਡੇ ਹੋਣਗੇ ਤਾਂ ਫਿਰ ਇਹ ਤੇਰੀ ਸੇਵਾ ਕਰਨਗੇ। ਲੋਕੀ ਛੋਟੇ ਪੌਦਿਆਂ ਨੂੰ ਬੜੇ ਧਿਆਨ ਨਾਲ ਪਾਲਦੇ ਹਨ ਪਰ ਜਦੋਂ ਉਹ ਵਡੇ ਹੋ ਜਾਂਦੇ ਹਨ ਤਾਂ ਮਿੱਠਾ ਫਲ ਦਿੰਦੇ ਹਨ।"

ਕਬੂਤਰੀ ਨੂੰ ਇਹ ਸਿਖਿਆ ਦੇ ਕੇ ਕਬੂਤਰ ਖੁਰਾਕ ਦੀ ਭਾਲ ਲਈ ਉਡ ਗਿਆ। ਕਬੂਤਰੀ ਨੇ ਹੁਣ ਇਸ ਤਰ੍ਹਾਂ ਸੋਚਿਆ।

ਮੇਰੀ ਦੁਸ਼ਮਣ ਸੌਕਣ ਇਹ ਦੋ ਕੰਡੇ ਮੇਰੇ ਰਾਹ ਵਿਚ ਛਡ ਕੇ ਮਰ ਗਈ ਹੈ। ਜਦੋਂ ਇਹ ਵੱਡੇ ਹੋ ਗਏ, ਮੇਰੀ ਕਿਸਮਤ ਵਿਗੜ ਜਾਏਗੀ।

"ਇਹ ਕਿੱਥੇ ਕਿਸੇ ਸੁਣਿਆ ਹੈ ਕਿ ਸੌਕਣ ਦਾ ਪੁੱਤਰ ਧੀ ਹਮਦਰਦ ਅਤੇ ਦਿਆਲੂ ਹੋਇਆ ਹੋਵੇ, ਮੈਨੂੰ ਡਰ ਹੈ ਕਿ ਅਖੀਰ ਵਿਚ ਮੇਰੇ ਲਈ ਦੁਖ ਹੋਣਗੇ। ਜਦੋਂ ਮੈਂ ਆਪ ਮਾਂ ਬਣਾਂਗੀ ਤਾਂ ਕੁਦਰਤੀ ਹੀ ਇਹ ਮੇਰੇ ਬਚਿਆਂ ਦੇ ਦੁਸ਼ਮਣ ਹੋਣਗੇ। ਇਨ੍ਹਾਂ ਕਰਕੇ ਘਰ ਵਿਚ ਹਰ ਵੇਲੇ ਝਗੜੇ ਹੁੰਦੇ ਰਿਹਾ ਕਰਨਗੇ। ਇਨ੍ਹਾਂ ਨੂੰ ਸੰਭਾਲ ਕੇ ਰਖਣਾ ਮੇਰੀ ਕਿੱਡੀ ਮੂਰਖਤਾ ਹੈ। ਇਹ ਤੇ ਸੱਪਾਂ ਨੂੰ ਦੁੱਧ ਨਾਲ ਪਿਲਾਣ ਵਾਂਗ ਹੋਵੇਗਾ। ਮੈਂ ਆਪਣੇ ਬੂਹੇ ਉੱਤੇ ਕਿਉਂ ਮੁਸੀਬਤ ਖੜੀ ਕਰ ਲਵਾਂ? ਮੈਨੂੰ ਦੁਸ਼ਮਣ ਨੂੰ ਆਪਣੇ ਹਥਾਂ ਨਾਲ ਮਾਰਨਾ ਚਾਹੀਦਾ ਹੈ। ਜਦੋਂ ਮੇਰਾ ਪਤੀ ਖੁਰਾਕ ਲੈ ਕੇ ਘਰ ਮੁੜਦਾ ਹੈ, ਤਾਂ ਠੀਕ ਗਲ ਤਾਂ ਇਹੀ ਹੈ ਕਿ ਅਸੀਂ ਦੋਵੇਂ ਹੀ ਇਹ ਆਪੇ ਵਿਚ ਵੰਡੀਏ। ਜੇ ਇਹ ਜਿਉਂਦੇ ਰਹੇ ਤਾਂ ਇਹ ਮੇਰੇ ਮੂਹੋਂ ਖੁਰਾਕ ਖੋਹਣਗੇ। ਅਜਿਹੇ ਦੁਸ਼ਮਣਾਂ ਨੂੰ ਜੀਉਂਦਾ ਨਹੀਂ ਰਹਿਣ ਦੇਣਾ ਚਾਹੀਦਾ। ਮੈਨੂੰ ਆਪਣੀ ਚੁੰਝ ਨਾਲ ਇਨ੍ਹਾਂ ਦੋਹਾਂ ਮਨਹੂਸ ਜੀਆਂ ਦੇ ਸਿਰ ਲਾਹ ਸੁਟਣੇ ਚਾਹੀਦੇ ਹਨ, ਜਿਹੜੇ ਕਿਸੇ ਅਗਿਆਤ ਥਾਂ ਤੋਂ ਉਹ ਸਭ ਨਿਆਮਤਾਂ ਖੋਹਣ ਆ ਗਏ ਹਨ ਜਿਹੜੀਆਂ ਅਸੀਂ ਆਪਣੀ ਮਿਹਨਤ ਨਾਲ ਇਕੱਠੀਆਂ ਕੀਤੀਆਂ ਹਨ।"

ਇਹ ਨਿਸ਼ਚਾ ਕਰਕੇ ਉਸ ਪੰਛੀ ਨੇ ਦੋਹਾਂ ਬਚਿਆਂ ਨੂੰ ਧੌਣੋਂ ਫੜ ਲਿਆ ਅਤੇ ਇਕ ਪੱਥਰ ਉੱਤੇ ਪਟਕਾ ਕੇ ਮਾਰਿਆ। ਜਦੋਂ ਉਹ ਮਰ ਗਏ ਤਾਂ ਉਸ ਨੇ ਉਨ੍ਹਾਂ ਨੂੰ ਦੂਰ ਜੰਗਲ ਵਿਚ ਸੁਟ ਦਿੱਤਾ। ਉਸੇ ਵੇਲੇ ਕਬੂਤਰ ਖ਼ੁਰਾਕ ਲੈ ਕੇ ਆ ਗਿਆ।

"ਜਦੋ ਕਬੂਤਰੀ ਨੇ ਆਪਣੇ ਸਾਥੀ ਨੂੰ ਵੇਖਿਆ ਤਾਂ ਉਹ ਰੋਣ ਲਗ ਗਈ। ਕਬੂਤਰ ਨੇ ਹੈਰਾਨ ਹੋ ਕੇ ਉਸ ਦੇ ਦੁਖ ਦਾ ਕਾਰਣ ਪੁਛਿਆ। ਨਵੀਂ ਵਹੁਟੀ ਨੇ ਕਿਹਾ "ਮੇਰੇ ਸਵਾਮੀ, ਮੈਂ ਕੀ ਦੱਸਾਂ! ਤੁਸੀਂ ਆਲ੍ਹਣਾ ਅਤੇ ਬੱਚੇ ਮੇਰੀ ਸੰਭਾਲ ਵਿਚ ਛੱਡ ਗਏ ਸੀ। ਤੁਹਾਡੇ ਜਾਣ ਤੋਂ ਝਟ ਪਟ ਪਿੱਛੋਂ ਇਕ ਇੱਲ ਹਵਾ ਵਿਚ ਉਡਦੀ ਆਈ ਅਤੇ ਝਰੂਟਾ ਮਾਰ ਕੇ ਮੇਰੀ ਛਾਤੀ ਨਾਲੋਂ ਇਨ੍ਹਾਂ ਨੂੰ ਲਾਹ ਕੇ ਲੈ ਗਈ। ਵਿਚਾਰੇ ਮਸਕੀਨ ਜਾਨਾਂ ਗਵਾ ਬੈਠੇ ਹਨ। ਇਸੇ ਲਈ ਮੈਂ ਰੋ ਰਹੀ ਹਾਂ।"

"ਇਹ ਸੁਣ ਕੇ ਕਬੂਤਰ ਵਿਰਲਾਪ ਕਰਨ ਲਗਾ, "ਹੇ ਮੇਰੇ ਬਚਿਓ! ਤੁਹਾਨੂੰ ਮੈਂ ਕਿੰਨੇ ਵਖਤਾਂ ਨਾਲ ਪਾਲਿਆ ਸੀ। ਮੇਰੇ ਦਿਲ ਨੂੰ ਕਿਹਾ ਜ਼ਾਲਮ ਤੀਰ ਲਗਾ ਹੈ। ਹਾਏ ਉਹ ਵਿਚਾਰੇ ਕਿੱਥੇ ਗਏ। ਮੇਰੇ ਦਿਲ ਨੂੰ ਤੇ ਅਗ ਲੱਗੀ ਹੋਈ ਹੈ।"

"ਕਬੂਤਰ ਇਸਤਰ੍ਹਾਂ ਰੋਣ ਕੁਰਲਾਣ ਲਗ ਪਿਆ, ਜਦ ਕਿ ਨਵੀਂ ਵਹੁਟੀ ਆਪਣੀ ਜਿਤ ਹੋ ਜਾਣ ਕਰਕੇ ਹਸ ਰਹੀ ਸੀ ਕਿ ਉਸ ਦੀ ਭੈੜੀ ਮਨਸ਼ਾ ਪੂਰੀ ਹੋ ਗਈ ਹੈ।"

"ਇਕ ਸਕਣ ਨੂੰ ਮੇਰੇ ਬਚਿਆਂ ਨਾਲ ਕੋਈ ਹਮਦਰਦੀ ਨਹੀਂ ਹੋ ਸਕਦੀ, ਇਸ ਲਈ ਹੇ ਮੇਰੇ ਪਤੀ ਦੇਵ! ਮੈਂ ਆਪਣੀ ਅਰਦਾਸ ਦੁਹਰਾਂਦੀ ਹਾਂ, ਅਤੇ ਇਹ ਮੇਰੇ ਜੀਵਨ ਵਿਚ ਅਖੀਰਲੀ ਅਰਦਾਸ ਹੋਵੇਗੀ। ਦੂਜਾ ਵਿਆਹ ਨਾ ਕਰਨਾ, ਸਗੋਂ ਮੇਰੇ ਗ਼ਰੀਬ ਬਚਿਆਂ ਉਤੇ ਦਇਆ ਰਖਣੀ।"

ਉਸ ਨੇ ਏਥੇ ਹੀ ਬਸ ਕੀਤੀ ਅਤੇ ਕੁਝ ਦਿਨਾਂ ਪਿੱਛੋਂ ਸਾਡਾ ਇਹ ਝੂਠਾ ਘਰ ਛਡਕੇ ਆਪਣੇ ਸੱਚੇ ਬਿਸਰਾਮ-ਘਰ ਨੂੰ ਮੁੜ ਗਈ।

ਦੀਵਾਨ ਸੋਨਾਫ਼ਰ ਆਪਣੀ ਵਹੁਟੀ ਦੀ ਮੌਤ ਉੱਤੇ ਬਹੁਤ ਰੋਇਆ। ਅਲਾਲ ਅਤੇ ਦਲਾਲ

ਵੀ ਗ਼ਮ ਵਿਚ ਡੁਬ ਗਏ । ਉਹ ਨੰਗੀ ਜ਼ਮੀਨ ਉੱਤੇ ਚੁਫਾਲ ਲੇਟ ਗਿਆ ਅਤੇ 'ਹਾਏ ਹਾਏ' ਕਰਨ ਲਗਾ । ਇਕੱਲੀ ਮਾਂ ਹੀ ਬਚੇ ਦਾ ਫਿਕਰ ਕਰਦੀ ਹੈ । ਉਸ ਲਈ ਬੱਚਾ ਇਸ ਤਰ੍ਹਾਂ ਹੈ ਜਿਵੇਂ ਜੀਵਨ ਦੇਣ ਵਾਲਾ ਲਹੂ । ਹੋਰ ਕੌਣ ਏਨਾ ਪਿਆਰ ਅਤੇ ਕੋਮਲ ਸੰਭਾਲ ਕਰ ਸਕਦਾ ਹੈ ? ਦੀਵਾਨ ਨੇ ਆਪਣੇ ਦੋਹਾਂ ਬਚਿਆਂ ਨੂੰ ਕੁਛੜ ਚੁਕ ਕੇ ਗਮ ਨਾਲ ਮੱਥੇ ਉੱਤੇ ਦੋਵੇਂ ਹਥ ਮਾਰੇ । "ਉਫ । ਹੁਣ ਤਕ ਤੇ ਇਹ ਆਪਣੀ ਮਾਂ ਦੇ ਦੁਧ ਉੱਤੇ ਪਲ਼ਦੇ ਰਹੇ ਸਨ । ਹੁਣ ਮੈਂ ਇਨ੍ਹਾਂ ਨੂੰ ਕਿਵੇਂ ਬਚਾਵਾਂਗਾ ? ਜਦੋਂ ਇਹ ਉੱਚੀ ਉੱਚੀ ਮਾਂ ਮਾਂ ਕਹਿ ਕੇ ਰੋਂਦੇ ਹਨ, ਮੈਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਮੇਰੇ ਸੀਨੇ ਵਿਚੋਂ ਤੀਰ ਲੰਘ ਗਿਆ ਹੈ, ਮੈਂ ਇਨ੍ਹਾਂ ਨੂੰ ਕਿਵੇਂ ਕੁਝ ਖੁਵਾਵਾਂਗਾ ? ਉਹ ਇਕੱਲੀ ਆਪ ਹੀ ਨਹੀਂ ਮਰੀ, ਸਾਨੂੰ ਤਿੰਨਾਂ ਨੂੰ ਵੀ ਮਾਰ ਗਈ ਹੈ । ਪਿਆਰੀ ਬੇਗਮ ! ਮੈਂ ਤੈਨੂੰ ਕਿਸ ਗੱਲੋਂ ਗੁੱਸੇ ਕੀਤਾ ਸੀ, ਜੋ ਤੂੰ ਮੈਨੂੰ ਏਥੇ ਛਡ ਕੇ ਮੇਰੇ ਤੋਂ ਏਨਾ ਕਰੜਾ ਬਦਲਾ ਲਿਆ ਹੈ । ਮੈਂ ਦੂਰ ਦੂਰ ਤਾਈਂ ਪ੍ਰਸਿੱਧ ਸ਼ਹਿਰ ਬਾਸੀਆਂ ਰੰਗ ਦਾ ਦੀਵਾਨ ਹਾਂ ਅਤੇ ਬੇਅੰਤ ਦੌਲਤ ਦਾ ਮਾਲਕ ਹਾਂ । ਮੇਰੇ ਗੁਦਾਮ ਅਨਾਜ ਨਾਲ ਭਰੇ ਪਏ ਹਨ ਪਰ ਮੈਨੂੰ ਇਸ ਦਾ ਕੀ ਫਾਇਦਾ ? ਇਕ ਆਮ ਮੰਗਤਾ ਵੀ ਮੇਰੇ ਨਾਲੋਂ ਬਹੁਤਾ ਖੁਸ਼ ਹੈ । ਮੇਰੇ ਉੱਚੇ ਰੁਤਬੇ ਅਤੇ ਦੌਲਤ ਦਾ ਮੈਨੂੰ ਕੀ ਫਾਇਦਾ ਜੇ ਮੇਰੀਆਂ ਅੱਖਾਂ ਵਿੱਚੋਂ ਦਿਨ ਰਾਤ ਹੰਝੂ ਹੀ ਨਾ ਸੁਕਣ । ਇਸ ਦੌਲਤ ਦੀ ਹੁਣ ਵਰਤੋਂ ਕੌਣ ਕਰੇਗਾ ? ਮੇਰਾ ਮਹਿਲ ਤੇ ਹੁਣ ਉਸ ਦੇ ਮਰਨ ਨਾਲ ਸੱਖਣਾ ਹੋ ਗਿਆ ਹੈ । ਮੇਰੀ ਜਾਨ, ਤੂੰ ਇਹ ਜ਼ਾਲਮ ਤੀਰ ਮੇਰੇ ਦਿਲ ਵਿਚ ਕਿਓਂ ਮਾਰਿਆ ? ਆਪਣੇ ਪਿਆਰੇ ਪਤੀ ਨੂੰ ਐਨਾ ਦੁਖ ਦੇਣ ਨੂੰ ਤੇਰਾ ਜੀ ਕਿਸ ਤਰ੍ਹਾਂ ਕੀਤਾ ? ਤੂੰ ਉਹ ਦੀਪਕ ਸੈਂ, ਜੋ ਮੇਰੇ ਘਰ ਦਾ ਅਨ੍ਹੇਰਾ ਦੂਰ ਕਰਦਾ ਸੀ । ਤੂੰ ਉਰ ਰਾਖਵਾਂ ਪੰਛੀ ਸੈਂ, ਜਿਹੜਾ ਮੇਰੀਆਂ ਪਸਲੀਆਂ ਦੇ ਪਿੰਜਰੇ ਵਿਚ ਰਹਿੰਦਾ ਸੈਂ । ਜਦੋਂ ਤੂੰ ਮਰੀ, ਓਦੋਂ ਮੈਨੂੰ ਆਪ ਵੀ ਮਰ ਜਾਣਾ ਚਾਹੀਦਾ ਸੀ, ਪਰ ਜਦੋਂ ਮੈਂ ਬੱਚਿਆਂ ਦਾ ਸੋਚਿਆ ਤਾਂ ਮੇਰਾ ਹੌਂਸਲਾ ਨਾ ਪਿਆ ।"

ਇਸ ਤਰ੍ਹਾਂ ਦੀਵਾਨ ਆਪਣੇ ਹੱਥਾਂ ਨਾਲ ਛਾਤੀ ਪਿਟਦਾ ਅਤੇ ਵਿਰਲਾਪ ਕਰਦਾ । ਗੁਆਂਢੀਆਂ ਨੇ ਮਿੱਠੇ ਸ਼ਬਦਾਂ ਨਾਲ ਉਸ ਨੂੰ ਧਰਵਾਸ ਦੇਣ ਦੀ ਬਹੁਤ ਕੋਸ਼ਸ਼ ਕੀਤੀ ਪਰ ਅਸਫਲ । ਸਾਰਾ ਕੰਮ ਬੰਦ ਹੋ ਗਿਆ । ਉਸ ਦਾ ਸੁਖੀ ਵਸਦਾ ਘਰ ਦੁਖ ਨਾਲ ਵਿੰਨ੍ਹਿਆ ਗਿਆ । ਇਸ ਤਰ੍ਹਾਂ ਲਗਦਾ ਸੀ, ਜਿਵੇਂ ਘਰ ਉੱਤੇ ਰਾਜ ਕਰਦੀ ਦੇਵੀ ਉਸ ਨੂੰ ਛੱਡ ਕੇ ਟੁਰ ਗਈ ਹੈ । ਉਸਦਾ ਆਰਾਮ ਨਾਲ ਟਿਕਿਆ ਹੋਇਆ ਘਰ ਜਿਵੇਂ ਖਿੰਡ ਗਿਆ ਹੋਵੇ ਅਤੇ ਇਕ ਤੀਲੇ ਵਾਂਗ ਇਕ ਵਿਰੋਧੀ ਲਹਿਰ ਦੇ ਰਹਿਮ ਉੱਤੇ ਏਧਰ ਓਧਰ ਭਟਕਣ ਲੱਗਾ ਹੋਵੇ । ਉਸਦੇ ਰਾਜ ਭਾਗ ਦੇ ਕੰਮ ਅਣਕੀਤੇ ਹੀ ਪਏ ਰਹੇ, ਕਿਉਂਕਿ ਉਹ ਆਪ ਗ਼ਮ ਨਾਲ ਨਿਢਾਲ ਪਿਆ ਸੀ ।

"ਇਸ ਬਾਹਰਲੀ ਸ਼ਾਨ ਸ਼ੌਕਤ ਦਾ ਕੀ ਲਾਭ, ਜੇ ਦਿਲ ਵਿਚ ਹੀ ਕੋਈ ਖੁਸ਼ੀ ਨ ਹੋਵੇ ?" ਕਵੀ ਮਨਸੂਰ ਦਿਲ ਭੈੜਾ ਕਰਕੇ ਆਖਦਾ ਹੈ ।

ਇਹ ਹਾਲਤ ਵੇਖ ਕੇ ਵਜ਼ੀਰ ਘਬਰਾ ਗਏ ਅਤੇ ਇਕ ਦਿਨ ਉਹ ਦੀਵਾਨ ਕੋਲ ਗਏ । ਵੱਡੇ ਵਜ਼ੀਰ ਨੇ ਉਸ ਨਾਲ ਗਲ ਅਰੰਭੀ ਅਤੇ ਇਸ ਤਰ੍ਹਾਂ ਕਿਹਾ "ਸੁਣੋ ਮੇਰੇ ਮਾਲਕ ! ਹਜ਼ੂਰ ਦਾ ਪੁਰਾਣੀ ਪ੍ਰਸਿੱਧਤਾ ਵਾਲਾ ਘਰਾਣਾ ਉਜੜ ਚਲਿਆ ਹੈ । ਹੋਰ ਵਿਆਹ ਕਰ ਲਵੋ ਅਤੇ ਰਾਜ

ਭਾਗ ਅਤੇ ਘਰ ਦੇ ਫਰਜ਼ ਸੰਭਾਲੋ । ਇਕ ਜੀ ਦੀ ਖਾਤਰ ਸਭ ਕੁਝ ਦਾ ਸਤਿਆਨਾਸ ਕਿਉਂ ਹੋਵੇ ?" ਦੀਵਾਨ ਨੇ ਅੱਖਾਂ ਵਿਚ ਹੰਝੂ ਭਰ ਕੇ ਕਿਹਾ, "ਮੇਰੇ ਬੱਚੇ ਅੰਞਾਣੇ ਨੇ, ਅਜੇ ਅਸਲੋਂ ਬਾਲ ਹਨ । ਉਨ੍ਹਾਂ ਦੀ ਡੂੰਘੀ ਦੁਖੀ ਹਾਲਤ ਵੇਖ ਕੇ ਮੇਰਾ ਦਿਲ ਚੀਰੀਦਾ ਹੈ । ਜੇ ਮੈਂ ਫਿਰ ਵਿਆਹ ਕਰਵਾ ਲਿਆ, ਤਾਂ ਉਨ੍ਹਾਂ ਦੇ ਦੁੱਖਾਂ ਵਿਚ ਵਾਧਾ ਹੋ ਜਾਵੇਗਾ, ਜਿਹੜੇ ਕਿ ਪਹਿਲਾਂ ਹੀ ਬਹੁਤ ਜ਼ਿਆਦਾ ਹਨ । ਇਕ ਮਤਰੇਈ ਮਾਂ ਆਪਣੀ ਸੌਕਣ ਦੇ ਬਚਿਆਂ ਨੂੰ ਚੰਗਾ ਨਹੀਂ ਸਮਝਦੀ । ਉਹ ਉਨ੍ਹਾਂ ਨੂੰ ਆਪਣੇ ਰਾਹ ਦੇ ਕੰਡੇ ਸਮਝਦੀ ਹੈ । ਹੋਰ ਸਭ ਗਲਾਂ ਤੋਂ ਵਧ ਮੈਂ ਆਪਣੇ ਬਚਿਆਂ ਦਾ ਸਦਕਾ ਦੂਜਾ ਵਿਆਹ ਕਰਨ ਦਾ ਖਿਆਲ ਨਹੀਂ ਕਰ ਸਕਦਾ । ਅਲਾਲ ਤੇ ਦਲਾਲ ਮੇਰੇ ਸਰੀਰ ਦੇ ਖੂਨ ਵਾਂਗ ਹਨ । ਮੈਂ ਉਨ੍ਹਾਂ ਉੱਤੇ ਹੋਰ ਦੁਖ ਲੱਦਣ ਦੀ ਕਿਵੇਂ ਸੋਚ ਸਕਦਾ ਹਾਂ, ਜਦੋਂ ਕਿ ਉਹਨਾ ਦੇ ਪਹਿਲੇ ਦੁਖ ਹੀ ਬਹੁਤ ਜ਼ਿਆਦਾ ਹਨ । ਇਸ ਤੋਂ ਬਿਨਾ, ਬੇਗਮ ਨੇ ਮੈਨੂੰ ਉਹ ਇਕ ਪਵਿੱਤਰ ਅਮਾਨਤ ਕਰਕੇ ਦਿੱਤੇ ਸਨ ਅਤੇ ਮਰਨ ਵੇਲੇ ਮੇਰੇ ਕੋਲੋਂ ਕਸਮ ਲਈ ਸੀ ਕਿ ਮੈਂ ਹੋਰ ਵਿਆਹ ਨਹੀਂ ਕਰਾਂਗਾ । ਆਪਣੀ ਖੁਸ਼ੀ ਲਈ ਵਿਆਹ ਕਰਨਾ ਮੇਰੇ ਮਨ ਵਿਚ ਬਿਲਕੁਲ ਹੀ ਨਹੀਂ ਹੈ । ਜੇ ਅਲਾਲ ਅਤੇ ਦਲਾਲ ਗ਼ਮ ਵਿਚ ਘੁਲ ਕੇ ਮਰ ਜਾਣ, ਤਾਂ ਮੈਂ ਕੀ ਸੁੱਖ ਭੋਗ ਸਕਦਾ ਹਾਂ ? ਉਨ੍ਹਾਂ ਨੂੰ ਵੇਖ ਕੇ ਜੋ ਮੈਨੂੰ ਧੀਰਜ ਹੁੰਦਾ ਹੈ, ਉਸ ਕਰਕੇ ਮੈਂ ਅਜ ਜੀਉਂਦਾ ਹਾਂ । ਮੈਂ ਉਨ੍ਹਾਂ ਨੂੰ ਕਿਸੇ ਚੁੜੇਲ ਦੂਜੀ ਵਹੁਟੀ ਦੇ ਹਵਾਲੇ ਨਹੀਂ ਕਰ ਸਕਦਾ ।"

ਵਜ਼ੀਰ ਹੌਂਸਲਾਂ ਕਰਕੇ ਆਪਣੀ ਗਲ ਉੱਤੇ ਅੜਿਆ ਰਿਹਾ ਅਤੇ ਕਿਹਾ "ਇਸ ਤਰ੍ਹਾਂ ਮਾਤਮ ਕਰਨਾ ਠੀਕ ਨਹੀਂ । ਸਾਰੀਆਂ ਮਤਰੇਈਆਂ ਮਾਵਾਂ ਇੱਕੋ ਜਹੀਆਂ ਨਹੀਂ ਹੁੰਦੀਆਂ । ਇਹੋ ਜਹੀਆਂ ਘਟਨਾਵਾਂ ਵੀ ਹੋਈਆਂ ਹਨ, ਜਦੋਂ ਮਤਰੇਈਆਂ ਮਾਵਾਂ ਨੇ ਆਪਣੀਆਂ ਸੌਕਣਾਂ ਦੇ ਬਚਿਆਂ ਲਈ ਆਪਣੀ ਜਾਨ ਦੇ ਦਿੱਤੀ । ਅਸੀਂ ਬਚਨ ਦਿੰਦੇ ਹਾਂ ਕਿ ਅਸੀਂ ਛੋਟੇ ਰਾਜਕੁਮਾਰਾਂ ਦਾ ਪੂਰਾ ਖਿਆਲ ਰਖਾਂਗੇ । ਜੇ ਮਤਰੇਈ ਮਾਂ ਬੇਰਹਿਮ ਵੀ ਹੋਵੇ ਤਾਂ ਉਹ ਕੀ ਨੁਕਸਾਨ ਕਰ ਸਕਦੀ ਹੈ ? ਉਸ ਹਾਲਤ ਵਿਚ ਅਸੀਂ ਉਨ੍ਹਾਂ ਦਾ ਪੂਰਾ ਧਿਆਨ ਰਖਾਂਗੇ । ਹਜ਼ੂਰ ਨੂੰ ਆਪਣੀ ਖ਼ਾਤਰ ਅਤੇ ਇਸ ਕਦੀਮੀ ਪ੍ਰਸਿੱਧਤਾ ਵਾਲੇ ਘਰਾਣੇ ਦੇ ਭਲੇ ਦੀ ਖ਼ਾਤਰ ਵਿਆਹ ਕਰਵਾ ਲੈਣਾ ਚਾਹੀਦਾ ਹੈ ।"

ਦੀਵਾਨ ਨੇ ਇਸ ਮਾਮਲੇ ਉੱਤੇ ਵਿਚਾਰ ਕੀਤੀ ਅਤੇ ਅਖੀਰ ਵਿਚ ਸਹਿਮਤ ਹੋ ਗਿਆ । ਉਸ ਨੇ ਸੋਚਿਆ, ਮੈਨੂੰ ਇਸ ਘਰਾਨੇ ਨੂੰ ਉਜਾੜਨ ਦਾ ਕੀ ਲਾਭ ਹੈ ? ਜੇ ਘਰ ਨੂੰ ਸਾਂਭਣ ਵਾਲਾ ਕੋਈ ਨ ਹੋਇਆ, ਤਾਂ ਮੇਰੇ ਅਲਾਲ ਅਤੇ ਦਲਾਲ ਘਰੇਲੂ ਜੀਵਨ ਦਾ ਅਨੰਦ ਨਹੀਂ ਮਾਣ ਸਕਣਗੇ । ਉਹ ਸਦਾ ਹੀ ਦੁਖੀ ਰਹਿਣਗੇ, ਅਤੇ ਮੈਨੂੰ ਆਪਣੇ ਵਡੇ ਗ਼ਮ ਨੂੰ ਕਬਰ ਵਿਚ ਨਾਲ ਲਿਜਾਣਾ ਪਵੇਗਾ । ਮੈਂ ਇਨ੍ਹਾਂ ਬੱਚਿਆਂ ਨੂੰ ਆਪਣੇ ਕੋਲ ਰਖਾਂਗਾ ਅਤੇ ਆਪਣੀ ਨਵੀਂ ਵਹੁਟੀ ਨੂੰ ਉਹਨਾਂ ਨੂੰ ਦੁਖ ਦੇਣ ਦਾ ਕੋਈ ਮੌਕਾ ਨਹੀਂ ਦਿਆਂਗਾ ।"

ਇਸਤਰ੍ਹਾਂ ਦੀਵਾਨ ਵਿਆਹ ਕਰਵਾਉਣ ਦਾ ਇੱਛਾਵਾਨ ਹੋ ਗਿਆ । ਇਸ ਸਮੇਂ ਦੌਰਾਨ ਵਜ਼ੀਰ ਅਤੇ ਹੋਰ ਅਫ਼ਸਰ ਆਪਣੀ ਗਲ ਮੁੜ ਦੁਹਰਾਂਦੇ ਰਹੇ ਅਤੇ ਬਾਨੀਆ ਚਾਂਗ ਦੇ ਮਾਲਕ ਨੇ ਆਪਣੀ ਸੰਮਤੀ ਦੇ ਦੱਤੀ । ਫਿਰ ਕੋਈ ਸਮਾਂ ਨ ਗਵਾਇਆ ਗਿਆ । ਵਿਆਹ ਦਾ ਪ੍ਰਬੰਧ ਕੀਤਾ ਗਿਆ ਅਤੇ ਰਚਾ ਦਿੱਤਾ ਗਿਆ ।

ਵਿਆਹ ਤੋਂ ਪਿੱਛੋਂ ਦੀਵਾਨ ਨੇ ਆਪਣੇ ਬੱਚਿਆਂ ਨੂੰ ਆਪਣੀ ਸੰਭਾਲ ਵਿਚ ਰਖਿਆ ਅਤੇ ਇਕ ਖਜ਼ਾਨੇ ਵਾਂਗ ਉਨ੍ਹਾਂ ਦਾ ਧਿਆਨ ਕਰਦਾ। ਉਨ੍ਹਾਂ ਨੂੰ ਆਪਣੀ ਮਤਰੇਈ ਮਾਂ ਕੋਲ ਜਾਣ ਦੀ ਆਗਿਆ ਨਹੀਂ ਸੀ। ਉਨ੍ਹਾਂ ਨੂੰ ਇਕ ਵਖਰੇ ਕਮਰੇ ਵਿਚ ਰਖਿਆ ਜਾਂਦਾ, ਜਿਹੜਾ ਉਨ੍ਹਾਂ ਦੀ ਮਤਰੇਈ ਮਾਂ ਦੀ ਕੋਠੀ ਤੋਂ ਬਿਲਕੁਲ ਅਡਰਾ ਸੀ। ਉਹ ਉਨ੍ਹਾਂ ਨੂੰ ਪਿਆਰ ਕਰਦਾ ਅਤੇ ਹਰ ਵੇਲੇ ਛਾਤੀ ਨਾਲ ਘੁੱਟੀ ਰਖਦਾ ਅਤੇ ਉਨ੍ਹਾਂ ਦੇ ਸੁਖਾਂ ਲਈ ਬੰਦੋਬਸਤ ਕਰਨ ਵਿਚ ਲੱਗਾ ਰਹਿੰਦਾ। ਨਵੀਂ ਵਹੁਟੀ ਬਚਿਆਂ ਵਲ ਉਸ ਦੇ ਇੰਨੇ ਧਿਆਨ ਤੋਂ ਖਾਰ ਖਾਣ ਲਗ ਪਈ ਅਤੇ ਸੋਚਣ ਲਗੀ, "ਇਹ ਆਪਣੀ ਪਹਿਲੀ ਵਹੁਟੀ ਦੇ ਬੱਚਿਆਂ ਵਿਚ ਹੀ ਰੁਝਿਆ ਰਹਿੰਦਾ ਏ, ਅਤੇ ਉਨ੍ਹਾਂ ਲਈ ਇਸਦੇ ਮਨ ਵਿਚ ਬੜਾ ਪਿਆਰ ਏ। ਮੇਰਾ ਕੋਈ ਧਿਆਨ ਹੀ ਨਹੀਂ ਕਰਦਾ। ਜਦੋਂ ਮੇਰੇ ਬੱਚੇ ਹੋਏ ਤਾਂ ਉਨ੍ਹਾਂ ਵਲ ਵੀ ਇਹ ਏਨਾ ਕੁ ਹੀ ਧਿਆਨ ਦੇਵੇਗਾ ਜਿੰਨਾ ਮੇਰੇ ਵਲ ਦਿੰਦਾ ਹੈ। ਇਸ ਦੀ ਪਹਿਲੀ ਵਹੁਟੀ ਦੇ ਬੱਚੇ ਹੀ ਇਸਨੂੰ ਪ੍ਰਾਣਾਂ ਵਾਂਗ ਪਿਆਰੇ ਰਹਿਣਗੇ। ਮੈਨੂੰ ਆਪਣੀ ਜਾਨ ਦੀ ਸਹੁੰ ਮੈਂ ਇਹ ਗਲਾਂ ਨਹੀਂ ਸਹਾਰਾਂ ਗੀ।

ਉਸ ਨੇ ਇਸ ਵਿਸ਼ੇ ਉੱਤੇ ਹੋਰ ਵਿਚਾਰ ਕੀਤੀ ਅਤੇ ਆਪਣੇ ਦੁਖ ਦੇ ਕਾਰਣ ਹਟਾਣ ਦੇ ਸਾਧਨ ਸੋਚ ਲਏ। "ਇਹ ਬੱਚੇ ਮੈਨੂੰ ਹਰ ਰੋਜ਼ ਇਸਤਰ੍ਹਾਂ ਔਖਿਆਂ ਕਰ ਰਹੇ ਹਨ, ਜਿਵੇਂ ਸੰਘ ਵਿਚ ਅੜਿਆ ਮੱਛੀ ਦਾ ਕੰਡਾ। ਮੈਨੂੰ ਰੋਟੀ ਖਾਣ ਦਾ ਵੀ ਕੋਈ ਸੁਆਦ ਨਹੀਂ ਆਉਂਦਾ। ਜਿੰਨਾ ਚਿਰ ਮੈਂ ਇਨ੍ਹਾਂ ਬੱਚਿਆਂ ਨੂੰ ਇਸ ਸ਼ਹਿਰ ਤੋਂ ਲਾਂਭੇ ਨਹੀਂ ਕਰ ਲੈਂਦੀ, ਮੇਰੀ ਰੂਹ ਨੂੰ ਅਰਾਮ ਨਹੀਂ ਮਿਲ ਸਕਦਾ, ਨ ਹੀ ਮੇਰੇ ਭਾਗ ਖੁਲ੍ਹ ਸਕਦੇ ਹਨ।"

"ਜੇ ਮੈਂ ਆਪਣੇ ਦਿਲ ਦੇ ਦੁੱਖਾਂ ਦੀ ਕਹਾਣੀ ਉਸ ਨੂੰ ਦਸਦੀ ਹਾਂ ਤਾਂ ਬੇਰਹਿਮ ਦੀਵਾਨ ਗੁੱਸੇ ਹੋ ਜਾਵੇਗਾ ਅਤੇ ਮੈਨੂੰ ਮਹਿਲਾਂ ਵਿੱਚੋਂ ਬਾਹਰ ਕੱਢ ਦੇਵੇਗਾ। ਇਸ ਮੁਸ਼ਕਲ ਨੂੰ ਹਲ ਕਰਨ ਦਾ ਇੱਕੋ ਹੀ ਰਸਤਾ ਹੈ। ਮੈਨੂੰ ਕੋਈ ਦਾਅ ਖੇਡਣਾ ਚਾਹੀਦਾ ਹੈ।

ਫਿਰ ਉਸ ਨੇ ਆਪਣਾ ਉਪਾ ਸੋਚ ਕੇ ਦੀਵਾਨ ਨੂੰ ਆਪਣੇ ਅੰਦਰਲੇ ਕਮਰੇ ਵਿਚ ਸਦਿਆ। ਜਦੋਂ ਉਹ ਆਇਆ ਤਾਂ ਉਹ ਰੋਣ ਲਗ ਪਈ। ਦੀਵਾਨ ਨੇ ਉਸ ਦੇ ਮਨ ਦੀ ਪੀੜ ਦਾ ਕਾਰਣ ਪੁਛਿਆ, ਤਾਂ ਉਸ ਨੇ ਭੁਬਾਂ ਮਾਰ ਕੇ ਕਿਹਾ : "ਮੇਰੇ ਮਾਲਕ ਮੈਂ ਕੀ ਕਸੂਰ ਕੀਤਾ ਹੈ, ਜੋ ਤੁਸੀਂ ਅਲਾਲ ਅਤੇ ਦਲਾਲ ਨੂੰ ਸਦਾ ਮੇਰੇ ਤੋਂ ਦੂਰ ਰਖਦੇ ਹੋ ? ਤੁਹਾਡੇ ਇਸ ਵਿਸ਼ਵਾਸ ਦੀ ਕੀ ਬੁਨਿਆਦ ਹੈ ਕਿ ਮੈਂ ਉਨ੍ਹਾਂ ਦੀ ਦੁਸ਼ਮਣ ਹਾਂ ? ਤੁਹਾਨੂੰ ਮੇਰੇ ਉੱਤੇ ਕੇਵਲ ਇਸ ਲਈ ਇਤਬਾਰ ਨਹੀਂ ਕਿ ਮੈਂ ਉਨ੍ਹਾਂ ਦੀ ਮਤਰੇਈ ਮਾਂ ਹਾਂ। ਤੁਸੀਂ ਸਾਰੀਆਂ ਮਤਰੇਈਆਂ ਮਾਵਾਂ ਨੂੰ ਇੱਕੋ ਸੁਭਾ ਦੀਆਂ ਸਮਝਦੇ ਹੋ। ਮੈਨੂੰ ਇਹੋ ਸੋਚ ਕੇ ਬੜੀ ਸ਼ਰਮ ਆਉਂਦੀ ਹੈ ਕਿ ਮੇਰੇ ਗਵਾਂਢੀ ਮੇਰੇ ਬਾਰੇ ਭੈੜੀਆਂ ਗੱਲਾਂ ਸੋਚਦੇ ਹੋਣਗੇ। ਜਦੋਂ ਮੁੰਡਿਆ ਨੂੰ ਮੇਰੇ ਕੋਲ ਆਉਣ ਦੀ ਆਗਿਆ ਨਹੀਂ, ਤਾਂ ਉਹ ਮੇਰੇ ਬਾਰੇ ਇਹ ਤੁਹਮਤ ਖਲਾਰਨਗੇ ਕਿ ਮੈਂ ਉਨ੍ਹਾਂ ਨਾਲ ਭੈੜਾ ਵਰਤਾਓ ਕਰਦੀ ਹਾਂ। ਮੇਰਾ ਆਪਣਾ ਕੋਈ ਬੱਚਾ ਨਹੀਂ। ਕੀ ਇਹ ਕੁਦਰਤੀ ਨਹੀਂ ਕਿ ਮੇਰਾ ਬਚਿਆਂ ਨੂੰ ਮਿਲਣ ਨੂੰ ਜੀ ਕਰੇ ? ਤੁਸੀਂ ਇਸ ਤਰ੍ਹਾਂ ਮੇਰੀ ਖੁਸ਼ੀ ਦੀ ਰਾਹ ਰੋਕ ਕੇ ਕਿਓਂ ਖਲੋਂਦੇ ਹੋ। ਮੇਰਾ ਦਿਲ ਹਰ ਵੇਲੇ ਬੱਚਿਆਂ ਵੱਲੋਂ ਦੁਖੀ ਰਹਿੰਦਾ ਹੈ ਅਤੇ ਹੁਣ ਮੈਂ ਆਪਣਾ ਦੁਖ ਹੋਰ ਨਹੀਂ ਸਹਾਰ ਸਕਦੀ। ਕੀ ਤੁਸੀਂ ਇਹ ਮੰਨੋਗੇ ਕਿ ਅਲਾਲ ਅਤੇ ਦਲਾਲ ਮੈਨੂੰ ਆਪਣੇ ਪ੍ਰਾਣਾਂ ਜਿੰਨੇ ਪਿਆਰੇ ਹਨ ? ਕੀ ਕਰਦੇ ਹਨ ? ਇਹ ਸਾਵਾਲ ਸੁਭਾਵਕ ਹੀ ਹਰ ਰੋਜ਼ ਮੇਰੇ ਮਨ ਵਿਚ ਆਉਂਦੇ ਹਨ। ਮਹਿਲਾਂ ਵਿਚ ਹਰ ਰੋਜ਼ ਇੰਨੀਆਂ ਨਿਆਮਤਾਂ ਆਉਂਦੀਆਂ ਹਨ, ਸਚ ਮੰਨਣਾ ਮੈਨੂੰ ਇਨ੍ਹਾਂ ਵਿੱਚੋਂ ਕਿਸੇ ਦਾ ਵੀ ਸੁਆਦ ਨਹੀਂ ਆਉਂਦਾ ਕਿਉਂਕਿ ਅਲਾਲ ਅਤੇ ਦਲਾਲ ਦਾ ਖਿਆਲ ਕਰਕੇ ਮੇਰਾ ਮਨ ਬੁਝਿਆ ਰਹਿੰਦਾ ਹੈ। ਮੈ ਉਨ੍ਹਾਂ ਲਈ ਸਭ ਤੋਂ ਵਧੀਆ ਭੋਜਨ ਸਾਂਭ ਰਖਦੀ ਹਾਂ, ਅਤੇ ਉਸ ਨੂੰ ਧਿਆਨ ਨਾਲ ਹਰ ਰੋਜ਼ ਛਿੱਕੇ ਓਤੇ ਟੰਗ ਦਿੰਦੀ ਹਾਂ, ਇਸ ਆਸ ਉੱਤੇ ਕਿ ਉਹ ਮੇਰੇ ਕੋਲ ਆਉਣਗੇ। ਜਦੋਂ ਉਹ ਭੋਜਨ ਤ੍ਰੱਕ ਜਾਂਦਾ ਹੈ ਤਾਂ ਮੈਂ ਬੇਆਸ ਹੋ ਕੇ ਉਸ ਨੂੰ ਸੁਟ ਦਿੰਦੀ ਹਾਂ। ਜੇ ਮੈਨੂੰ ਉਨ੍ਹਾਂ ਨੂੰ ਮਿਲਣ ਦੀ ਆਗਿਆ ਹੋ ਜਾਵੇ ਤਾਂ ਮੇਰੇ ਮਨ ਦੀ ਪੀੜ ਹਟ ਜਾਵੇਗੀ, ਇਸ ਕਰਕੇ ਮੇਰੇ ਸੁਆਮੀ ! ਅੱਜ ਸ਼ਾਮ ਹੀ ਉਨ੍ਹਾਂ ਨੂੰ ਏਥੇ ਲੈ ਆਓ, ਜੇ ਤੁਸੀਂ ਮੇਰੀ ਇਹ ਬੇਨਤੀ ਨਹੀਂ ਮੰਨੋਗੇ ਤਾਂ ਇਹ ਸਮਝ ਲਓ ਕਿ ਮੈਂ ਆਤਮਘਾਤ ਕਰ ਲਵਾਂਗੀ। ਮੈਂ ਇਸ ਅਨਾਦਰ ਹੇਠ ਜੀਉਣਾ ਨਹੀਂ ਚਾਹੁੰਦੀ।"

ਇਹ ਆਖ ਕੇ ਉਸ ਨੇ ਭੁਬਾਂ ਮਾਰਕੇ ਜ਼ੋਰ ਜ਼ੋਰ ਦੀ ਰੋਣਾ ਅਰੰਭ ਦਿੱਤਾ। ਦਇਆ ਵਿਚ ਦੀਵਾਨ ਦਾ ਦਿਲ ਨਰਮ ਹੋ ਗਿਆ ਅਤੇ ਉਸ ਨੇ ਕਿਹਾ "ਭਾਗਵਾਨੇ, ਜੋ ਕੁਝ ਤੂੰ ਕਿਹਾ ਹੈ ਉਹ ਸੁਣ ਕੇ ਮੈਂ ਬੜਾ ਪ੍ਰਸੰਨ ਹੋਇਆ ਹਾਂ। ਮੈਂ ਸਮਝਦਾ ਹਾਂ ਕਿ ਮੈਂ ਤੈਨੂੰ ਬਿਨਾ ਕਾਰਣੋਂ ਦੁਖ ਦਿੱਤਾ ਹੈ। ਮੇਰੀ ਪਹਿਲੀ ਵਹੁਟੀ ਨੇ ਇਹ ਦੋ ਬੱਚੇ ਮੇਰੇ ਕੋਲ ਅਮਾਨਤ ਛੱਡੇ ਸਨ। ਉਸ ਦੀ ਅੰਤਲੀ ਇੱਛਾ ਦਾ ਆਦਰ ਕਰਦਿਆਂ ਹੋਇਆਂ ਮੈਂ ਇਨ੍ਹਾਂ ਨੂੰ ਸਦਾ ਇਕ ਮਾਂ ਵਾਂਗ ਹਿੱਕ ਨਾਲ ਲਾ ਕੇ ਰਖਿਆ ਹੈ। ਉਸ ਦੇ ਸ਼ਬਦ ਸਨ "ਵੇਖੀਂ, ਕਿਸੇ ਗੱਲੋਂ ਇਨ੍ਹਾਂ ਨੂੰ ਜ਼ਰਾ ਵੀ ਦੁਖ ਨਾ ਹੋਵੇ। ਜਦੋਂ ਵੀ ਮੈਂ ਇਨ੍ਹਾਂ ਨੂੰ ਵੇਖਦਾ ਹਾਂ ਉਸ ਦੇ ਉਹ ਸ਼ਬਦ ਮੇਰੀ ਯਾਦ ਵਿਚ ਸਜਰੇ ਹੋ ਜਾਂਦੇ ਹਨ। ਇਸ ਕਰਕੇ ਮੈਂ ਉਨ੍ਹਾਂ ਤੋਂ ਇਕ ਪਲ ਲਈ ਵੀ ਵਖਰਾ ਨਹੀਂ ਹੋ ਸਕਦਾ, ਉਹ ਸਦਾ ਮੇਰੇ ਨਾਲ ਹੀ ਰਹਿੰਦੇ ਹਨ। ਕਿਧਰੇ ਉਨ੍ਹਾਂ ਨੂੰ ਇਕੱਲਿਆਂ ਜਾਣ ਦੀ ਆਗਿਆ ਨਹੀਂ। ਤੂੰ ਸਵੇਰੇ ਘਰ ਦੇ ਕੰਮ ਕਾਜ ਦੀ ਨਿਗਰਾਨੀ ਵਿਚ ਰੁੱਝੀ ਰਹਿੰਦੀ ਹੈਂ। ਇਸ ਲਈ ਮੈਂ ਉਨ੍ਹਾਂ ਨੂੰ ਤੇਰੇ ਕੋਲ ਨਹੀਂ ਘਲਦਾ, ਤਾਂ ਜੋ ਉਹ ਤੇਰੇ ਕੰਮ ਵਿਚ ਵਿਘਨ ਨਾ ਪਾਣ। ਮੈਂ ਮੁੰਡਿਆਂ ਨੂੰ ਇਸ ਲਈ ਤੇਰੇ ਕੋਲ ਨਹੀਂ ਘਲਦਾ ਕਿ ਮੈਂ ਉਨ੍ਹਾਂ ਨੂੰ ਘਲ ਕੇ ਤੇਰੇ ਉੱਤੇ ਭਾਰ ਵਿਚ ਵਾਧਾ ਨ ਕਰਾਂ।"

ਬੇਗਮ ਨੇ ਮੂੰਹ ਵਿਚ ਮਿਠਾਸ ਭਰ ਕੇ ਹੌਲੀ ਹੌਲੀ ਕਿਹਾ, "ਮੇਰੇ ਮਾਲਕ ! ਜੇ ਮੇਰਾ ਆਪਣਾ ਕੋਈ ਬੱਚਾ ਹੁੰਦਾ ਤਾਂ ਕੀ ਇਸ ਨਾਲ ਮੇਰੇ ਉਤੇ ਭਾਰ ਵਿਚ ਕੋਈ ਵਾਧਾ ਹੁੰਦਾ। ਮਾਂ ਘਰ ਦਾ ਸਾਰਾ ਕੰਮ ਕਾਜ ਹੁੰਦਿਆਂ ਹੋਇਆਂ ਵੀ ਆਪਣੇ ਬੱਚੇ ਦਾ ਧਿਆਨ ਰਖਦੀ ਹੈ। ਜੇ ਬੱਚਾ ਔਖ ਵਿਚ ਹੋਵੇ ਤਾਂ ਉਹ ਕੰਮ ਕਾਜ ਦੀ ਪ੍ਰਵਾਹ ਨਹੀਂ ਕਰਦੀ। ਮੈਂ ਤੁਹਾਨੂੰ ਵਿਸ਼ਵਾਸ ਦੁਆਂਦੀ ਹਾਂ ਕਿ ਮੁੰਡਿਆਂ ਦੀ ਹੋਂਦ ਕਿਸੇ ਤਰ੍ਹਾਂ ਵੀ ਮੇਰੇ ਘਰ ਦੇ ਕੰਮ ਕਾਜ ਵਿਚ ਵਿਘਨ ਨਹੀਂ ਪਾਇਗੀ। ਮੈਂ ਤੁਹਾਡੇ ਅੱਗੇ ਬੇਨਤੀ ਕਰਦੀ ਹਾਂ ਕਿ ਤੁਸੀਂ ਕਿਰਪਾ ਕਰਕੇ ਮੇਰੀਆਂ ਇਛਾਵਾਂ ਦੀ ਵਿਰੋਧਤਾ ਨ ਕਰੋ।" ਇਹ ਕਹਿ ਕੇ ਉਸ ਨੇ ਆਪਣੇ ਪਤੀ ਦੇ ਚਰਨ ਫੜ ਲਏ ਅਤੇ ਪਿਆਰ ਵਿਚ ਭੁੱਬਾਂ ਮਾਰਨ ਲਗ ਪਈ। ਉਸਨੇ ਆਪਣੀ ਖੇਡ ਇਸ ਹੁਸ਼ਿਆਰੀ

ਨਾਲ ਖੇਡੀ ਕਿ ਉਸ ਦੀ ਦਰਦ ਭਰੀ ਬੇਨਤੀ ਉੱਤੇ ਪੱਥਰ ਵੀ ਪਘਰ ਜਾਂਦਾ। ਦੀਵਾਨ ਨੇ ਆਪਣੇ ਹਥੀਂ ਪਿਆਰ ਨਾਲ ਉਸ ਦੇ ਹੰਝੂ ਪੂੰਝੇ ਅਤੇ ਸਵੇਰੇ ਹੀ ਮੁੰਡੇ ਉਸ ਕੋਲ ਘੱਲਣ ਦਾ ਬਚਨ ਦਿੱਤਾ। ਫਿਰ ਦੀਵਾਨ ਨੇ ਮਿੱਠੇ ਸ਼ਬਦਾਂ ਨਾਲ ਉਸ ਤੋਂ ਵਿਦਾਇਗੀ ਲਈ। ਇਸ ਤੋਂ ਪਹਿਲਾਂ ਉਸ ਨੇ ਨਿਮਰਤਾ ਨਾਲ ਪੇਸ਼ ਕੀਤੇ ਕੁਝ ਪਾਨ ਕਬੂਲ ਕੀਤੇ।

ਜਦੋਂ ਦੀਵਾਨ ਟੁਰ ਗਿਆ, ਤਾਂ ਉਹ ਆਪਣੇ ਮਨ ਵਿਚ ਇਹ ਕਹਿ ਕੇ ਹੱਸੀ : "ਹੁਣ ਮੈਂ ਆਪਣੀ ਵਿਉਂਤ ਵਿਚ ਸਫਲ ਹੋ ਗਈ ਹਾਂ। ਮੈਨੂੰ ਇਕ ਦਮ ਇਹਨਾਂ ਕੰਡਿਆਂ ਨੂੰ ਆਪਣੇ ਰਾਹ ਵਿੱਚੋਂ ਹਟਾਣ ਦਾ ਜਤਨ ਕਰਨਾ ਚਾਹੀਦਾ ਹੈ। ਧਨ ਨਾਲ ਜਾਂ ਧੋਖੇ ਨਾਲ ਮੈਨੂੰ ਜ਼ਰੂਰ ਆਪਣੀ ਇੱਛਾ ਪੂਰੀ ਕਰਨੀ ਚਾਹੀਦੀ ਹੈ। ਉਸਨੇ ਕਲ ਸਵੇਰੇ ਮੁੰਡੇ ਘੱਲਣ ਦਾ ਬਚਨ ਦਿੱਤਾ ਹੈ। ਮੈਨੂੰ ਉਨ੍ਹਾਂ ਦਾ ਫਬਦਾ ਸਵਾਗਤ ਕਰਨ ਲਈ ਘਰ ਨੂੰ ਸਜਾਣਾ ਚਾਹੀਦਾ ਹੈ। ਮੈਂ ਓਹਨਾਂ ਨਾਲ ਇਨਾ ਪਿਆਰ ਵਿਖਾਵਾਂਗੀ ਕਿ ਲੋਕਾਂ ਦੇ ਦਿਲ ਹੈਰਾਨੀ ਨਾਲ ਭਰ ਜਾਣਗੇ। ਉਹ ਕਹਿਣਗੇ "ਮਤਰੇਈ ਮਾਂ ਸਵਰਗੀ ਬੇਗਮ ਦੇ ਬੱਚਿਆ ਨੂੰ ਸਾਰੇ ਦਿਲ ਨਾਲ ਪਿਆਰ ਕਰਦੀ ਹੈ। ਪਿੱਛੋਂ ਜੇ ਮੈਂ ਨਵ੍ਹਾਂ ਨਾਲ ਉਨ੍ਹਾਂ ਦਾ ਸਿਰ ਵੀ ਲਾਹ ਦਿਆਂ, ਤਾਂ ਕੋਈ ਇਹ ਗਲ ਮੰਨੇਗਾ ਹੀ ਨਹੀਂ।"

ਹੁਣ ਉਸ ਨੇ ਬੱਚਿਆਂ ਦੇ ਸਵਾਗਤ ਲਈ ਘਰ ਸਜਾਣਾ ਅਰੰਭ ਦਿੱਤਾ। ਉਸ ਨੇ ਇਹ ਕੰਮ ਏਨੀ ਨਿਪੁੰਨਤਾ ਨਾਲ ਕੀਤਾ ਕਿ ਕੋਈ ਵੀ ਇਸ ਵਿਚ ਨੁਕਸ ਨਹੀਂ ਕੱਢ ਸਕਦਾ ਸੀ। ਉਸ ਨੇ ਉਨ੍ਹਾਂ ਲਈ ਕਈ ਤਰ੍ਹਾਂ ਦੀਆਂ ਮਠਿਆਈਆਂ ਅਤੇ ਹੋਰ ਨਿਆਮਤਾਂ ਮੰਗਵਾਈਆਂ ਅਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਸਜਾ ਕੇ ਗੋਲ ਕਮਰੇ ਵਿਚ ਰਖ ਦਿੱਤਾ। ਉਸਨੇ ਆਪਣੇ ਹਥ ਨਾਲ ਵਧੀਆ ਭੋਜਨ ਤਿਆਰ ਕੀਤੇ ਅਤੇ ਪ੍ਰਭਾਤ ਹੋਣ ਤੋਂ ਪਹਿਲਾਂ ਸਭ ਕੁਝ ਤਿਆਰ ਕਰ ਲਿਆ।

ਫਿਰ ਉਹ ਮੁੰਡਿਆਂ ਦੇ ਆਉਣ ਦੀ ਉਡੀਕ ਕਰਨ ਲਗੀ ਜਿਸ ਤਰ੍ਹਾਂ ਇਕ ਬਗਲਾ ਭਗਤ ਬਣਕੇ ਛੋਟੀਆਂ ਮੱਛੀਆਂ ਦੀ ਆਸ ਵਿਚ ਤਲਾ ਦੇ ਕੰਢੇ ਕੰਢੇ ਟੁਰਦਾ ਹੈ।

ਮਨਸੂਰ ਕਵੀ ਆਖਦਾ ਹੈ ਕਿ ਉਹ ਇਸ ਤਰ੍ਹਾਂ ਸ਼ਹਿ ਲਾ ਕੇ ਬੈਠ ਗਈ, ਜਿਵੇਂ ਬਿੱਲੀ ਸ਼ਿਕਾਰ ਲਈ ਆਪਣੇ ਪੰਜੇ ਤਿਆਰ ਰਖਦੀ ਹੈ।

ਜਦੋਂ ਉਹ ਇਸ ਤਰ੍ਹਾਂ ਅਲਾਲ ਅਤੇ ਦਲਾਲ ਨੂੰ ਆਉਂਦਿਆਂ ਉਡੀਕ ਰਹੀ ਸੀ ਤਾਂ ਉਸ ਦੀ ਦਾਸੀ ਨੇ ਆ ਕੇ ਦਸਿਆ ਕਿ ਦੀਵਾਨ ਉਸ ਦੀ ਕੋਠੀ ਵਲ ਨੂੰ ਆ ਰਿਹਾ ਸੀ। ਅਗਲੇ ਪੱਲ ਉਹ ਅਲਾਲ ਅਤੇ ਦਲਾਲ ਸਮੇਤ ਅੰਦਰ ਆ ਗਿਆ। ਮੁੰਡਿਆਂ ਨੇ ਬੜੇ ਸ਼ੋਖ ਕਪੜੇ ਪਾਏ ਹੋਏ ਸਨ ਅਤੇ ਬੜੇ ਸੁੰਦਰ ਲਗ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਅਕਾਸ਼ ਦੀਆਂ ਪਰੀਆਂ ਦਾ ਵੀ ਧਿਆਨ ਉਨ੍ਹਾਂ ਵਲ ਖਿਚਿਆ ਜਾਂਦਾ। ਉਨ੍ਹਾਂ ਇਕ ਦਮ ਉਸ ਦੇ ਸਾਹਮਣੇ ਪਹੁੰਚ ਕੇ ਆਦਰ ਨਾਲ ਸਲਾਮ ਕੀਤੀ। ਉਸ ਨੇ ਘੁਟ ਕੇ ਉਨ੍ਹਾਂ ਨੂੰ ਛਾਤੀ ਨਾਲ ਲਾ ਲਿਆ ਅਤੇ ਪਿਆਰ ਨਾਲ ਉਨ੍ਹਾਂ ਦੇ ਮੂੰਹ ਚੁੰਮੇ। ਫਿਰ ਉਸ ਨੇ ਆਪ ਉਹ ਖਾਣੇ ਉਨ੍ਹਾਂ ਦੇ ਅੱਗੇ ਰੱਖੇ, ਜਿਹੜੇ ਉਸ ਨੇ ਬਣਾਏ ਹੋਏ ਸਨ। ਅਲਾਲ ਅਤੇ ਦਲਾਲ ਉਸ ਦੇ ਖਾਣਿਆਂ ਨਾਲ ਬੜੇ ਪ੍ਰਸੰਨ ਹੋਏ।

ਉਹ ਹੁਣ ਉਥੇ ਕਈ ਕਈ ਦਿਨ ਰਹਿੰਦੇ ਅਤੇ ਉਨ੍ਹਾਂ ਦੀ ਮਤਰੇਈ ਮਾਂ ਹਰ ਰੋਜ਼ ਨਵੇਂ

ਖਾਣੇ ਬਣਾਂਦੀ ਅਤੇ ਹੋਰ ਵੰਨ ਸਵੰਨੀਆਂ ਚੀਜ਼ਾਂ ਉਨ੍ਹਾਂ ਨੂੰ ਦਿੰਦੀ। ਉਹ ਸਾਰਾ ਭੋਜਨ ਆਪ ਉਨ੍ਹਾਂ ਦੇ ਅੱਗੇ ਰਖਦੀ, ਤੇ ਜਦੋਂ ਉਹ ਖਾ ਰਹੇ ਹੁੰਦੇ ਤਾਂ ਉਨ੍ਹਾਂ ਦੇ ਸਾਮਣੇ ਖਲੋਤੀ ਰਹਿੰਦੀ। ਉਹ ਇਕ ਪਲ ਲਈ ਵੀ ਉਨ੍ਹਾਂ ਨੂੰ ਅਖੋਂ ਉਹਲੇ ਨਾ ਕਰਦੀ ਅਤੇ ਉਹ ਉਸਦੇ ਪਿਆਰ ਵਾਲੇ ਵਰਤਾਓ ਨਾਲ ਏਨੇ ਮੋਹੇ ਗਏ ਕਿ ਇਕ ਦਿਨ ਲਈ ਵੀ ਵਖਰੇ ਨਾ ਹੁੰਦੇ। ਹੁਣ ਉਹ ਕਦੀ ਆਪਣੇ ਪਿਤਾ ਦਾ ਹੱਥ ਫੜ ਕੇ ਬਾਜ਼ਾਰ ਵਿਚ ਫਿਰਦੇ ਨਾ ਦਿਸਦੇ। ਉਹ ਆਪਣੀ ਸਕੀ ਮਾਤਾ ਦੇ ਮਰਨ ਦਾ ਦੁਖ ਭੁਲ ਗਏ ਅਤੇ ਆਪਣੀ ਮਤਰੇਈ ਮਾਂ ਦੀ ਕੋਠੀ ਵਿਚ ਹਰ ਸ਼ੈ ਨਾਲ ਬੜੇ ਪ੍ਰਸੰਨ ਸਨ।

ਇਸ ਤਰ੍ਹਾਂ ਉਨ੍ਹਾਂ ਦਾ ਸਮਾਂ ਫਿਰ ਖੁਸ਼ੀ ਖੁਸ਼ੀ ਲੰਘਣ ਲਗ ਗਿਆ, ਪਰ ਬੇਗਮ ਸਾਰਾ ਸਮਾਂ ਇਹ ਸੋਚਦੀ ਰਹੀ ਸੀ ਕਿ ਉਹ ਉਨ੍ਹਾਂ ਨੂੰ ਮਹਿਲ ਤੋਂ ਲਾਂਭੇ ਕਰਨ ਵਿਚ ਕਿਵੇਂ ਸਫਲ ਹੋ ਸਕਦੀ ਹੈ, ਕਿਉਂ ਕਿ ਸਭ ਕੁਝ ਦੇ ਬਾਵਜੂਦ ਉਹ ਉਨ੍ਹਾਂ ਨੂੰ ਆਪਣੇ ਬਹੁਤ ਵੱਡੇ ਦੁਸ਼ਮਣ ਸਮਝਦੀ ਸੀ। ਉਸ ਨੇ ਆਪਣੀ ਗੁਪਤ ਇੱਛਾ ਕਿਸੇ ਅੱਗੇ ਪ੍ਰਗਟ ਨਾ ਕੀਤੀ। ਮਿੱਠੇ ਸ਼ਬਦਾਂ ਨਾਲ ਉਸ ਨੇ ਸਾਰਿਆਂ ਦੇ ਦਿਲ ਜਿਤ ਲਏ ਸਨ, ਇਸ ਕਰਕੇ ਕਿਸੇ ਨੂੰ ਉਸ ਦੀ ਘਿਨਾਉਣੀ ਵਿਉਂਤ ਬਾਰੇ ਸ਼ੱਕ ਨਾ ਪਿਆ। ਲੋਕੀ ਉਸ ਦੇ ਚਿਤ ਵਿੱਚ ਇਸ ਉਤਮ ਅਤੇ ਅਦੁੱਤੀ ਗੁਣ ਦੀ ਬੜੀ ਉਪਮਾ ਕਰਦੇ ਅਤੇ ਹੈਰਾਨ ਹੁੰਦੇ ਕਿ ਇਕ ਮਤਰੇਈ ਮਾਂ ਏਨਾ ਪਿਆਰ ਕਿਸ ਤਰ੍ਹਾਂ ਕਰ ਸਕਦੀ ਹੈ, ਆਮ ਕਰਕੇ ਇਹੋ ਜਹੇ ਬਚਿਆਂ ਨਾਲ ਘ੍ਰਿਣਾ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨਾਲ ਮੰਦਾ ਵਰਤਾਓ ਕੀਤਾ ਜਾਂਦਾ ਹੈ। ਮੌਕਾ ਲਗ ਜਾਏ ਤਾਂ ਮਤਰੇਈਆਂ ਉਨ੍ਹਾਂ ਦੀ ਹੱਤਿਆ ਕਰਨ ਤੋਂ ਵੀ ਸੰਕੋਚ ਨਹੀਂ ਕਰਦੀਆਂ। ਪਰ ਇਥੇ ਮਾਮਲਾ ਬਿਲਕੁਲ ਵਖਰਾ ਸੀ। ਜੇ ਕੋਈ ਚੀਜ਼ ਉਸ ਨੂੰ ਬਹੁਤ ਸਵਾਦੀ ਲਗਦੀ ਤਾਂ ਉਸ ਨੂੰ ਆਪ ਨਾ ਖਾਂਦੀ ਸਗੋਂ ਆਪਣਾ ਹਿੱਸਾ ਵੀ ਬਚਿਆਂ ਨੂੰ ਦੇ ਦਿੰਦੀ।

ਬੱਚਿਆਂ ਨਾਲ ਇਸ ਅਤਿ ਦਿਆਲੂ ਵਰਤਾਓ ਉੱਤੇ ਦੀਵਾਨ ਦਾ ਦਿਲ ਮੋਹਿਆ ਗਿਆ। ਉਸ ਨੇ ਬੱਚਿਆਂ ਨੂੰ ਬੇਗਮ ਦੇ ਹਵਾਲੇ ਕਰ ਦਿੱਤਾ ਅਤੇ ਆਪ ਉਨ੍ਹਾਂ ਵੱਲੋਂ ਨਿਸ਼ਚਿੰਤ ਹੋ ਗਿਆ। ਉਹ ਹੁਣ ਰਾਜ ਕਾਜ ਦੇ ਕੰਮਾਂ ਵਲ ਧਿਆਨ ਦੇਣ ਲੱਗਾ ਅਤੇ ਉਸ ਨੂੰ ਆਪਣਾ ਆਪ ਬਹੁਤ ਹੌਲਾ ਲਗਦਾ।

ਵਕਤ ਇਸੇ ਤਰ੍ਹਾਂ ਲੰਘਦਾ ਗਿਆ। ਬੇਗਮ ਦਾ ਮਨ ਮੁੰਡਿਆਂ ਤੋਂ ਖਲਾਸੀ ਕਰਾਉਣ ਦੀਆਂ ਵਿਉਂਤਾ ਵਿਚ ਰੁੱਝਾ ਰਹਿੰਦਾ। ਸਾਉਣ ਦੇ ਮਹੀਨੇ ਇਕ ਦਿਨ ਉਸ ਵੇਖਿਆ ਕਿ ਸਜਰੇ ਹੜ੍ਹਾਂ ਦਾ ਪਾਣੀ ਹਰ ਪਾਸੇ ਵਗ ਰਿਹਾ ਹੈ। ਇਹ ਵੇਖ ਕੇ ਉਸ ਨੂੰ ਇਕ ਵਿਉਂਤ ਸੁਝ ਗਈ। "ਨਵੇਂ ਪਾਣੀਆਂ ਵਿਚ ਬੇੜੀਆਂ ਦੀ ਦੌੜ ਇਕ ਬੜੀ ਮਜ਼ੇਦਾਰ ਖੇਡ ਹੈ। ਪਾਣੀ ਵਿਚ ਲੱਗ ਭੱਗ ਡੁਬੀ ਹੋਈ ਬੇੜੀ ਕਿਸ ਤਰ੍ਹਾਂ ਲੰਮੇ ਲੰਮੇ ਪੰਧਾਂ ਉੱਤੇ ਤੇਜ਼ੀ ਨਾਲ ਦੌੜਦੀ ਹੈ। ਜੇ ਮੁੰਡਿਆਂ ਨੂੰ ਇਸ ਖੇਡ ਦਾ ਪਤਾ ਲੱਗੇ ਤਾਂ ਜ਼ਰੂਰ ਹੀ ਉਨ੍ਹਾਂ ਦਾ ਇਹ ਖੇਡ ਵੇਖਣ ਨੂੰ ਬਹੁਤ ਹੀ ਜੀਕ ਰੇਗਾ। ਇਕ ਆਦਮੀ ਨੂੰ ਮੈਂ ਉਨ੍ਹਾਂ ਨੂੰ ਡੋਬਣ ਲਈ ਨਿਯਤ ਕਰ ਦਿਆਂਗੀ।

ਇਹ ਵਿਉਂਤ ਬਣਾ ਕੇ ਉਸ ਨੇ ਸਰਕਾਰੀ ਜਲਾਦ ਨੂੰ ਸਦਿਆ ਅਤੇ ਚੋਰੀ ਉਸ ਨਾਲ

ਇਸ ਵਿਸ਼ੇ ਉੱਤੇ ਵਿਚਾਰ ਕੀਤੀ। ਉਸ ਨੇ ਕਿਹਾ "ਮੈਂ ਤੈਨੂੰ ਆਪਣਾ ਸੱਚਾ ਹਿਤਾਇਸ਼ੀ ਸਮਝਦੀ ਹਾਂ। ਜੇ ਤੂੰ ਮੇਰਾ ਇਕ ਕੰਮ ਕਰੇਂ, ਤਾਂ ਮੈਂ ਵੀਹ ਪੁਰੇ ਜ਼ਮੀਨ ਰਜਿਸਟਰੀ ਕਰਕੇ ਤੇਰੇ ਨਾਂ ਲਗਾ ਦਿਆਂਗੀ। ਜਲਾਦ ਨੇ ਉਸ ਨੂੰ ਨਿਸ਼ਚਾ ਦਿਵਾਇਆ ਕਿ ਜਿਵੇਂ ਉਹ ਕਹੇਗੀ ਓਵੇਂ ਹੀ ਹੋਵੇਗਾ, ਅਤੇ ਕਿਹਾ, "ਜੇ ਮੈਨੂੰ ਵੀਹ ਪੁਰੇ ਜ਼ਮੀਨ ਮਿਲ ਜਾਏ, ਤਾਂ ਦੁਨੀਆਂ ਵਿਚ ਕੋਈ ਕੰਮ ਨਹੀਂ ਜਿਹੜਾ ਮੈਂ ਨਹੀਂ ਕਰ ਸਕਦਾ। ਇਸ ਗਲ ਦਾ ਬੇਗਮ ਸਾਹਿਬ ਮੈਂ ਤੁਹਾਨੂੰ ਯਕੀਨ ਦਿਵਾਂਦਾ ਹਾਂ ¡" ਫਿਰ ਉਸ ਨੇ ਆਪਣੀ ਘ੍ਰਿਣਤ ਇੱਛਾ ਉਸ ਦੇ ਕੰਨ ਵਿਚ ਦੱਸੀ ਅਤੇ ਜਲਾਦ ਨੇ ਉਹ ਇਛਾ ਪੂਰੀ ਕਰਨੀ ਮੰਨ ਲਈ। ਬੇਗਮ ਨੇ ਫਿਰ ਤਰਖਾਣ ਨੂੰ ਹਕਮ ਦਿੱਤਾ ਕਿ ਉਹ ਇਕ ਮੋਰ-ਪੰਖੀ ਬੇੜੀ ਤਿਆਰ ਕਰੇ ਅਤੇ ਉਸ ਨੂੰ ਇਕ ਚੰਗਾ ਇਨਾਮ ਦੇਣ ਦਾ ਬਚਨ ਦਿੱਤਾ। ਅਲਾਲ ਅਤੇ ਦਲਾਲ ਨੇ ਇਸੇ ਬੇੜੀ ਵਿਚ ਬੇੜੀਆਂ ਦੀ ਦੌੜ ਵੇਖਣ ਜਾਣਾ ਸੀ। ਮੋਰ ਪੰਖੀ ਬੇੜੀ ਤਿਆਰ ਹੋ ਗਈ ਅਤੇ ਰਾਜਕੁਮਾਰਾਂ ਨੂੰ ਵਧੀਆ ਕਪੜੇ ਪਵਾ ਦਿੱਤੇ ਗਏ। ਖਾਣ ਦਾ ਹਰ ਤਰ੍ਹਾਂ ਦਾ ਸਾਮਾਨ ਬੇੜੀ ਵਿਚ ਟਿਕਾ ਦਿੱਤਾ ਗਿਆ। ਜਲਾਦ ਚਲਾਣ ਬੈਠ ਗਿਆ ਅਤੇ ਬੇੜੀ ਦੇ ਕਪਤਾਨ ਦਾ ਕੰਮ ਕਰਨ ਲਗਾ। ਉਸ ਨੇ ਚਪੂ ਚਲਾਏ ਅਤੇ ਇਹ ਇਕ ਵੱਡੇ ਦਰਿਆ ਵਿਚ ਦਾਖਲ ਹੋ ਗਈ। ਨੇੜੇ ਤੇੜੇ ਕੋਈ ਸ਼ਹਿਰ ਜਾਂ ਪਿੰਡ ਨਹੀਂ ਦਿਸਦਾ ਸੀ। ਫਿਰ ਜਲਾਦ ਰਾਜਕੁਮਾਰ ਦੇ ਨੇੜੇ ਆ ਕੇ ਕਹਿਣ ਲਗਾ, "ਹੁਣ ਰਬ ਦਾ ਨਾਂ ਲੈ ਲਓ, ਤੁਹਾਡੀ ਅਖੀਰਲੀ ਘੜੀ ਆ ਗਈ ਹੈ। ਮੈਂ ਤੁਹਾਡੀ ਅਜ਼ਲ ਹਾਂ, ਤੁਸਾਂ ਮੇਰੇ ਹੱਥੋਂ ਮਰਨਾ ਹੈ। ਮੈਂ ਤੁਹਾਨੂੰ ਹੁਣ ਇਸ ਦਰਿਆ ਵਿਚ ਡਬੋਣਾ ਹੈ। ਅਜੀਬ ਗਲ ਹੈ ਕਿ ਤੁਹਾਨੂੰ ਆਪਣੀ ਮਤਰੇਈ ਮਾਂ ਦੀ ਪਾਪ ਭਰੀ ਵਿਉਂਤ ਦਾ ਪਤਾ ਹੀ ਨਹੀਂ ਲੱਗਾ। ਹੁਣ ਤੁਹਾਡੇ ਲਈ ਕੋਈ ਆਸ ਨਹੀਂ, ਕਿਉਂਕਿ ਮੈਨੂੰ ਇਸ ਕੰਮ ਦਾ ਵੀਹ ਪੁਰੇ ਜ਼ਮੀਨ ਇਨਾਮ ਮਿਲਣਾ ਹੈ।" ਅਲਾਲ ਅਤੇ ਦਲਾਲ ਇਹ ਅਜੀਬ ਖਬਰ ਸੁਣ ਕੇ ਡਰ ਨਾਲ ਕੰਬਣ ਲੱਗ ਪਏ ਅਤੇ ਦੁਖ ਵਿਚ ਵਿਰਲਾਪ ਕਰਨ ਅਤੇ ਆਪਣੀਆਂ ਹਿੱਕਾਂ ਪਿੱਟਣ ਲਗੇ "ਸਾਨੂੰ ਆਪਣੀ ਮਤਰੇਈ ਮਾਂ ਦੇ ਛਲ ਦਾ ਪਤਾ ਨਹੀਂ ਲਗਾ। ਹਾਏ ! ਜੇ ਸਾਨੂੰ ਇਸ ਗਲ ਦੀ ਜ਼ਰਾ ਵੀ ਸੂਹ ਹੁੰਦੀ ਤਾਂ ਅਸੀਂ ਕਿਸੇ ਜੰਗਲ ਵਿਚ ਦੌੜ ਜਾਂਦੇ ਅਤੇ ਓਥੇ ਫਕੀਰਾਂ ਵਾਂਗ ਰਹਿੰਦੇ, ਹਾਏ ! ਸਾਡੀ ਮਾਂ ਕਿਥੇ ਟੁਰ ਗਈ ਅਤੇ ਸਾਡਾ ਪਿਆਰਾ ਪਿਤਾ ਇਸ ਵੇਲੇ ਕਿੱਥੇ ਹੈ ? ਅਸੀਂ ਕਿਸ ਬੁਰੇ ਤਰੀਕੇ ਨਾਲ ਆਪਣੀਆਂ ਜਾਨਾਂ ਗਵਾਣ ਲਗੇ ਹਾਂ।" ਹੇ "ਕਪਤਾਨ, ਅਸੀਂ ਇਸ ਵਿਚ ਤੈਨੂੰ ਕੋਈ ਦੋਸ਼ ਨਹੀਂ ਦਿੰਦੇ। ਤੂੰ ਹੁਕਮਾਂ ਦੀ ਪਾਲਣਾ ਕਰਨ ਲਈ ਨਿਯਤ ਕੀਤਾ ਹੋਇਆ ਹੈਂ। ਜੰਮਣ ਤੋਂ ਲੈ ਕੇ ਹੀ ਅਸੀਂ ਬੜੇ ਦੁਖੀ ਰਹੇ ਹਾਂ ਅਤੇ ਬੜੇ ਕਸ਼ਟ ਉਠਾਏ ਹਨ। ਜੇ ਤੂੰ ਸਾਡੇ ਉੱਤੇ ਦਇਆ ਕਰੇਂ ਤਾਂ ਤੂੰ ਅਜੇ ਵੀ ਸਾਡੀ ਜਾਨ ਬਖਸ਼ ਸਕਦਾ ਹੈਂ। ਜੇ ਅਸੀਂ ਮਰ ਗਏ ਤਾਂ ਸ਼ਾਮ ਨੂੰ ਮਹਿਲਾਂ ਵਿਚ ਦੀਪਕ ਬਾਲਣ ਵਾਲਾ ਕੋਈ ਨਹੀਂ। ਉਸ ਦੇ ਇਸ ਮਹਾਨ ਕਲੇਸ਼ ਵਿਚ ਸਾਡੇ ਪਿਤਾ ਨਾਲ ਹਮ-ਦਰਦੀ ਕਰਨ ਵਾਲਾ ਕੋਈ ਨਹੀਂ। ਉਸ ਨੇ ਇਹ ਸਭ ਕੁਝ ਇਸ ਲਈ ਕੀਤਾ ਹੈ ਕਿ ਉਹ ਸਾਡੀ ਮਤਰੇਈ ਮਾਂ ਹੈ। ਮਨਸੂਰ ਕਵੀ ਆਖਦਾ ਹੈ "ਕਿ ਮਤਰੇਈ ਮਾਂ ਦੀ ਦੁਸ਼ਟਤਾ ਇਕ ਕਹਾਵਤ ਬਣੀ ਹੋਈ ਹੈ।" ਜੇ ਸਾਡੀ ਮਾਂ ਦੀ ਕੋਈ ਭੈਣ ਹੁੰਦੀ ਤਾਂ ਉਹ ਸਾਡਾ ਧਿਆਨ ਰਖਦੀ ਅਤੇ ਖਤਰੇ ਵੇਲੇ ਆਪਣੀ ਜਾਨ ਨਾਲ ਸਾਡੀ ਰਖਿਆ ਕਰਦੀ। ਜੇ ਸਾਡੇ ਪਿਤਾ ਦੀ ਕੋਈ ਭੈਣ ਹੁੰਦੀ ਤਾਂ ਉਹ ਸਾਨੂੰ ਇਕ ਖਜ਼ਾਨੇ ਵਾਂਗ ਆਪਣੀ ਹਿਕ ਨਾਲ ਲਾ ਕੇ ਰਖਦੀ। ਜੇ ਸਾਡੀ ਮਾਂ ਦੀ ਕੋਈ ਦਿਉਰਾਣੀ

ਜਿਠਾਣੀ ਹੁੰਦੀ ਤਾਂ ਉਹ ਦਿਨ ਰਾਤ ਸਾਡੀ ਸੰਭਾਲ ਕਰਦੀ ਅਤੇ ਸਾਨੂੰ ਘਰੋਂ ਬਾਹਰ ਪੈਰ ਨਾ ਰੱਖਣ ਦਿੰਦੀ। ਉਫ਼ ! ਸਾਡੇ ਘਰ ਵਿਚ ਮਤਰੇਈ ਮਾਂ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਸੀ।"

ਅਲਾਲ ਨੇ ਜਲਾਦ ਦੇ ਪੈਰ ਫੜ ਲਏ "ਮੈਨੂੰ ਮਾਰ ਦੇ ਪਰ ਦਲਾਲ ਨੂੰ ਛਡ ਦੇ। ਦਲਾਲ ਨੇ ਕਿਹਾ "ਮੈਨੂੰ ਜਿੰਨੇ ਮਰਜ਼ੀ ਹੈ ਕਸ਼ਟ ਦੇ ਕੇ ਮਾਰ ਲੈ, ਪਰ ਮੇਰੇ ਭਰਾ ਦੀ ਜਾਨ ਬਖਸ਼ ਦੇ।" ਜਲਾਦ ਨੇ ਕਿਹਾ, "ਦਫ਼ਾ ਹੋਵੋ ਮੈਂ ਤੁਹਾਨੂੰ ਦੋਹਾਂ ਨੂੰ ਮਾਰ ਦਿਆਂਗਾ।" ਫਿਰ ਉਨ੍ਹਾਂ ਉਸ ਦੇ ਪੈਰਾਂ ਉੱਤੇ ਢਹਿ ਕੇ ਰਹਿਮ ਲਈ ਪ੍ਰਾਰਥਨਾ ਕੀਤੀ ਅਤੇ ਏਨਾ ਦਰਦਨਾਕ ਰੋਣ ਰੋਏ ਕਿ ਉਨ੍ਹਾਂ ਦੇ ਦੁਖ ਉੱਤੇ ਇਕ ਪਥਰ ਭੀ ਪਘਰ ਜਾਂਦਾ। ਜਲਾਦ ਨੇ ਫਿਰ ਸੋਚਿਆ "ਜੇ ਮੈਂ ਇਹ ਦੋ ਬੇਗੁਨਾਹ ਜਾਨਾਂ ਬਚਾ ਸਕਦਾ ਹਾਂ, ਤਾਂ ਮੈਂ ਇਹ ਘੋਰ ਅਪਰਾਧ ਕਿਉਂ ਕਰਾਂ ?"

ਇਕ ਵੱਡਾ ਬਿਉਪਾਰੀ ਬਾਰ੍ਹਾਂ ਜਹਾਜ਼ ਲੈ ਕੇ ਦਰਿਆ ਵਿਚ ਦੂਜੇ ਪਾਸਿਓਂ ਚੌਲ ਖਰੀਦਣ ਲਈ ਆ ਰਿਹਾ ਸੀ। ਜਲਾਦ ਨੇ ਆਵਾਜ਼ ਮਾਰ ਕੇ ਉਸ ਨੂੰ ਗੁਪਤ ਢੰਗ ਨਾਲ ਮੁੰਡਿਆਂ ਬਾਰੇ ਕੁਝ ਕਿਹਾ। ਬਿਉਪਾਰੀ ਨੇ ਮੁੰਡਿਆਂ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ, ਅਤੇ ਜਲਾਦ ਘਰ ਮੁੜ ਆਇਆ।

ਧਾਨੂ ਦਰਿਆ ਦੇ ਕੰਢੇ ਉਤੇ ਇਕ ਪਿੰਡ ਕਜਲਕਾਂਡਾ ਹੈ। ਓਥੇ ਇਕ ਰੱਜਿਆ ਪੁਜਿਆ ਕ੍ਰਿਸ਼ਨ ਹੀਰਾਧਰ ਰਹਿੰਦਾ ਸੀ ਜਿਹੜਾ ਮੁੰਜੀ ਦਾ ਥੋਕ ਬਿਉਪਾਰ ਕਰਦਾ ਸੀ। ਹਰ ਸਾਲ ਉਹ ਮੁੰਜੀ ਦੇ ਸੌ ਪੁਰੇ ਵੇਚਦਾ ਹੁੰਦਾ ਸੀ। ਉਸ ਇਲਾਕੇ ਵਿਚ ਏਨੀ ਬਹੁਤੀ ਮੁੰਜੀ ਵੇਚਣ ਵਾਲਾ ਹੋਰ ਕੋਈ ਨਹੀਂ ਸੀ। ਬਿਉਪਾਰੀ ਨੇ ਉਸ ਤੋਂ ਮੁੰਜੀ ਖਰੀਦ ਲਈ ਅਤੇ ਦੋਵੇਂ ਮੁੰਡੇ ਉਸ ਕੋਲ ਵੇਚ ਦਿੱਤੇ। ਅਲਾਲ ਅਤੇ ਦਲਾਲ ਹੀਰਾਧਰ ਕੋਲ ਰਹਿਣ ਲਗ ਪਏ। ਭਾਵੇਂ ਰਾਜਕੁਮਾਰ ਸਨ, ਉਨ੍ਹਾਂ ਨੂੰ ਸਾਰਾ ਦਿਨ ਚਰਾਂਦਾਂ ਵਿਚ ਗਾਵਾਂ ਚਾਰਨੀਆਂ ਪੈਂਦੀਆਂ ਅਤੇ ਹੋਰ ਕਈ ਔਖ ਸਹਿਣੇ ਪੈਂਦੇ ਅਤੇ ਕੇਵਲ ਦੋ ਵਾਰ ਰੋਟੀ ਮਿਲਦੀ। ਏਸ ਦੁਖ ਵਿਚ ਅਲਾਲ ਓਥੋਂ ਭਜ ਗਿਆ।

ਧਾਨੂੰ ਦੇ ਕੰਢੇ ਉਤੇ ਦੀਵਾਨ ਸਕੰਦਰ ਰਹਿੰਦਾ ਸੀ, ਜਿਹੜਾ ਬਾਰ੍ਹਾਂ ਜੰਗਲਾਂ ਅਤੇ ਤੇਰ੍ਹਾਂ ਆਬਾਦ ਇਲਾਕਿਆਂ ਦਾ ਮਾਲਕ ਸੀ। ਦੀਵਾਨ ਨੂੰ ਸ਼ਿਕਾਰ ਦਾ ਬੜਾ ਸ਼ੌਕ ਸੀ। ਅਸਲ ਵਿਚ ਜਦੋਂ ਉਹ ਪੰਛੀਆਂ ਦੇ ਸ਼ਿਕਾਰ ਨੂੰ ਨਿਕਲਦਾ, ਤਾਂ ਬਾਹਰਲੀ ਦੁਨੀਆਂ ਦਾ ਥਹੁ ਪਤਾ ਭੁਲ ਜਾਂਦਾ। ਉਹ ਇਕ ਦਿਨ ਬਹੁਤ ਸਾਰੇ ਪੰਛੀਆਂ ਦਾ ਸ਼ਿਕਾਰ ਕਰਕੇ ਜੰਗਲ ਵਿਚ ਭੌਂ ਰਿਹਾ ਸੀ, ਜਦੋਂ ਉਸ ਨੇ ਅਲਾਲ ਨੂੰ ਇਕ ਦਰਖਤ ਹੇਠ ਖਲੋਤੇ ਵੇਖਿਆ। ਉਹ ਉਸ ਦੀ ਸੁੰਦਰ ਸ਼ਕਲ ਵੇਖ ਕੇ ਬੜਾ ਪ੍ਰਸੰਨ ਹੋਇਆ ਅਤੇ ਉਸ ਨੂੰ ਆਪਣੇ ਮਹਿਲੀਂ ਲੈ ਗਿਆ। ਮੁੰਡਾ ਉਸ ਦੇ ਬਹੁਤ ਕੰਮ ਦਾ ਨਿਕਲਿਆ ਅਤੇ ਹਰ ਤਰ੍ਹਾਂ ਦੀ ਸੇਵਾ ਕਰਦਾ, ਪਰ ਜਦੋਂ ਉਨ ਦਾ ਮਾਲਕ ਉਸ ਨੂੰ ਤਨਖਾਹ ਦੇਣ ਲੱਗਾ ਤਾਂ ਉਹ ਲੈਂਦਾ ਨਾ। ਦੀਵਾਨ ਨੂੰ ਇਹ ਸ਼ਕ ਹੋਇਆ ਕਿ ਮੁੰਡਾ ਕਿਸੇ ਵੱਡੇ ਘਰ ਦਾ ਹੈ, ਪਰ ਜਦੋਂ ਉਸ ਦਾ ਅੱਗਾ ਪਿੱਛਾ ਪੁਛਦਾ ਤਾਂ ਅਲਾਲ ਬਿਲਕੁਲ ਚੁਪ ਹੋ ਜਾਂਦਾ। ਦੀਵਾਨ ਸਾਹਿਬ ਨੂੰ ਇਸ ਦਾ ਬੜਾ ਦੁਖ ਲਗਦਾ। ਜਦੋਂ ਉਹ ਉਸ ਨੂੰ ਤਨਖਾਹ ਦੇਣ ਬਾਰੇ ਕਹਿੰਦਾ ਤਾਂ ਮੁੰਡਾ ਕਹਿੰਦਾ "ਹਜ਼ੂਰ" ਇਸ ਵਿਚ ਕਾਹਦੀ ਕਾਲ੍ਹ ਹੈ ਜਮ੍ਹਾਂ ਹੋਣ ਦਿਓ, ਮੈਂ ਸਾਰੀ ਇਕੋ ਵਾਰ ਲੈ ਲਵਾਂਗਾ। ਵੇਲੇ ਸਿਰ ਮੈਂ ਆਪੇ ਹੀ ਮੰਗ ਲਵਾਂਗਾ। ਕਿਰਪਾ ਕਰਕੇ ਉਸ ਵੇਲੇ ਮੈਨੂੰ ਜ਼ਰੂਰ ਦੇ ਦੇਣਾ। ਕੋਈ ਵੀ ਮੁਸ਼ਕਲ ਤੋਂ ਮੁਸ਼ਕਲ ਕੰਮ ਅਜਿਹਾ ਨਹੀਂ ਸੀ ਜਿਹੜਾ ਅਲਾਲ ਦੀਵਾਨ ਵਾਸਤੇ ਕਰਨ ਨੂੰ

ਤਿਆਰ ਨਾ ਹੋਵੇ । ਉਹ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਵੀ ਆਪਣੇ ਫਰਜ਼ਾਂ ਦੀ ਪਾਲਣਾ ਕਰਦਾ । ਆਪਣੇ ਮਾਲਿਕ ਦੀ ਇਸ ਤਰ੍ਹਾਂ ਮਨ ਲਾ ਕੇ ਸੇਵਾ ਕਰਨ ਕਰਕੇ ਹਰ ਇਕ ਉਸ ਦੀ ਸ਼ਲਾਘਾ ਕਰਦਾ ।

ਦੀਵਾਨ ਦਾ ਖਿਆਲ ਸੀ ਕਿ ਮੁੰਡਾ ਕਿਸੇ ਉੱਚੇ ਘਰਾਨੇ ਦਾ ਹੈ ਅਤੇ ਉਹ ਆਪਣੀਆਂ ਦੋ ਧੀਆਂ ਮੀਮੀਨਾਂ ਅਤੇ ਅਮੀਨਾਂ ਵਿੱਚੋਂ ਇਕ ਦਾ ਉਸ ਨਾਲ ਸਾਕ ਕਰਨ ਨੂੰ ਵੀ ਤਿਆਰ ਸੀ । ਪਰ ਉਸ ਦੀ ਔਕੜ ਸਾਫ਼ ਸੀ । ਜਿੰਨਾਂ ਚਿਰ ਉਸ ਨੂੰ ਉਸ ਦੇ ਮਾਪਿਆਂ ਦਾ ਪਤਾ ਨਾ ਹੁੰਦਾ, ਉਹ ਇਹ ਕੰਮ ਕਿਵੇਂ ਕਰ ਸਕਦਾ ਸੀ । ਜੇ ਉਹ ਅਲਾਲ ਨੂੰ ਪੁਛਦਾ ਤਾਂ ਉਹ ਕਦੀ ਇਹ ਮੰਨਦਾ ਹੀ ਨਾ ਕਿ ਉਹ ਕਿਸੇ ਉੱਚੇ ਖਾਨਦਾਨ ਦਾ ਹੈ । ਉਹ ਇਹੀ ਕਹਿੰਦਾ ਕਿ ਉਹ ਇਕ ਮਾਮੂਲੀ ਆਦਮੀ ਦਾ ਪੁਤ੍ਰ ਹੈ । ਪਰ ਇਕ ਸਾਧਾਰਨ ਆਦਮੀ ਦੇ ਘਰ ਇਹੋ ਜਿਹਾ ਮੁੰਡਾ ਕਿਸ ਤਰ੍ਹਾਂ ਜਨਮ ਲੈ ਸਕਦਾ ਸੀ ? ਇਹ ਸੋਚ ਕੇ ਦੀਵਾਨ ਉਸ ਦੀ ਗਲ ਨਾ ਮੰਨਦਾ । ਜਿੰਨਾ ਉਹ ਇਸ ਬਾਰੇ ਸੋਚਦਾ ਉਨਾਂ ਹੀ ਮਨ ਵਿਚ ਹੋਰ ਦੁਖੀ ਹੁੰਦਾ ।

ਅਲਾਲ :

"ਇਕ ਸ਼ਹਿਰ ਹੈ ਜਿਸ ਦਾ ਨਾਂ ਬਾਨੀਅਚੋਂਗ ਹੈ । ਮੇਰੀ ਇਹ ਇੱਛਾ ਹੈ ਕਿ ਮੈਂ ਆਪਣਾ ਘਰ ਇਸ ਸ਼ਹਿਰ ਦੇ ਨਾਲ ਲਗਦੀ ਸੁੰਦਰ ਧਰਤੀ ਉੱਤੇ ਬਣਾਵਾਂ । ਕਿਰਪਾ ਕਰਕੇ ਮੈਨੂੰ ਇਸ ਕੰਮ ਲਈ ਪੰਜ ਸੌ ਆਦਮੀ ਦਿਉ ਅਤੇ ਇਨ੍ਹਾਂ ਕਾਮਿਆਂ ਤੋਂ ਬਿਨਾਂ ਮੈਨੂੰ ਦੋ ਸੌ ਸਿਪਾਹੀ ਵੀ ਦਿਉ ਜਿਹੜੇ ਮੇਰੇ ਹਿਤਾਂ ਦੀ ਰਾਖੀ ਕਰਨ । ਓਥੋਂ ਦੇ ਦੀਵਾਨ ਦਾ ਨਾਂ ਸੋਨਾਫਰ ਹੈ । ਜੇ ਲੋੜ ਪਈ ਤਾਂ ਉਹਦੇ ਨਾਲ ਲੜ ਕੇ ਵੀ ਮੈਂ ਆਪਣਾ ਘਰ ਓਥੇ ਬਣਾਵਾਂਗਾ ।

ਦੀਵਾਨ ਸਕੰਦਰ ਉਸ ਦੀ ਬੇਨਤੀ ਮੰਨ ਗਿਆ ਅਤੇ ਉਸ ਨੇ ਉਸ ਨੂੰ ਲੋੜੀਂਦੀ ਸਹਾਇਤਾ ਦੇ ਦਿੱਤੀ ।

ਹੁਣ ਕਿਰਪਾ ਕਰਕੇ ਬਾਨੀਅਚੋਂਗ ਸ਼ਹਿਰ ਬਾਰੇ ਕੁਝ ਸੁਣੋ । ਜਦੋਂ ਦੇ ਉਸ ਦੇ ਪੁੱਤਰ ਉਸ ਦੀ ਦੁਸ਼ਟ ਬੇਗਮ ਨੇ ਸ਼ਹਿਰੋਂ ਬਾਹਰ ਕਢਵਾ ਦਿੱਤੇ ਸਨ, ਦੀਵਾਨ ਸੋਨਾਫਰ ਆਪਣੇ ਬਚਿਆਂ ਦੇ ਜਾਣ ਬਾਰੇ ਬਹੁਤ ਵਿਰਲਾਪ ਕਰਦਾ ਰਹਿੰਦਾ । ਉਹ ਉਸ ਦੇ ਦਿਲ ਦੇ ਟੋਟੇ ਸਨ । "ਹਾਏ ਉਨ੍ਹਾਂ ਨੂੰ ਏਡੀ ਛੇਤੀ ਇਸ ਦੁਨੀਆਂ ਤੋਂ ਟੋਰ ਦੇਣਾ ਉਨ੍ਹਾਂ ਉੱਤੇ ਕਿੰਨਾ ਜ਼ੁਲਮ ਸੀ ! ਉਹ ਕੋਈ ਨਿਸ਼ਾਨੀ ਵੀ ਨਹੀਂ ਛਡ ਗਏ ਜਿਸ ਨਾਲ ਮੈਂ ਆਪਣੀ ਰੂਹ ਨੂੰ ਤਸਕੀਨ ਦਿਆਂ ।" ਉਹ ਹਰ ਵੇਲੇ ਇਹੋ ਰੋਣਾ ਰੋਂਦਾ ਰਹਿੰਦਾ ਅਤੇ ਸੁਕ ਕੇ ਪਿੰਜਰ ਹੋ ਗਿਆ । ਉਸ ਦੇ ਜੀਵਨ ਦੇ ਅਖ਼ੀਰਲੇ ਸਾਲਾਂ ਵਿਚ ਉਸ ਦੀ ਪਤਨੀ ਨੇ ਆਪਣੇ ਭੈੜੇ ਸਲੂਕ ਨਾਲ ਉਸ ਨੂੰ ਬੜਾ ਦੁਖ ਦਿੱਤਾ । ਉਸ ਨੇ ਇਕ ਪੁਤਰ ਵੀ ਜਨਮਿਆਂ । ਉਨ੍ਹਾਂ ਨੂੰ ਛਡ ਕੇ ਦੀਵਾਨ ਇਕ ਦਿਨ ਆਪਣੇ ਸੱਚੇ ਘਰ ਨੂੰ ਵਿਦਿਆ ਹੋ ਗਿਆ । ਨੌਜਵਾਨ ਰਾਜਕੁਮਾਰ ਉਸ ਦੇ ਪਿੱਛੋਂ ਉਸ ਦੀ ਗੱਦੀ ਉਤੇ ਬੈਠਾ, ਪਰ ਉਹ ਸ਼ਾਨਦਾਰ ਘਰਾਨਾ ਸੋਨਾਫਰ ਦੇ ਮਰਨ ਪਿਛੋਂ ਤਬਾਹ ਹੋ ਗਿਆ । ਉਸ ਦੀ ਬੇਗਮ ਨੇ ਪੁਰਾ-ਣਿਆਂ ਨੂੰ ਕੱਢ ਆਪਣੀ ਪਸੰਦ ਦੇ ਵਜ਼ੀਰ ਅਤੇ ਅਫ਼ਸਰ ਰਖੇ । ਇਹ ਨਵੇਂ ਅਫ਼ਸਰ ਨਵੇਂ ਫੈਸ਼ਨ ਅਨੁਸਾਰ ਆਪਣੀਆਂ ਮੁੱਛਾਂ ਨੂੰ ਤਾਅ ਦਿੰਦੇ ਅਤੇ ਕੰਮ ਕੋਈ ਨਾ ਕਰਦੇ । ਉਹ ਆਪਣੀ ਤਨਖ਼ਾਹ

ਜ਼ਰੂਰ ਵਕਤ ਸਿਰ ਲੈ ਲੈਂਦੇ । ਜਦੋਂ ਇਸਤਰ੍ਹਾਂ ਦੀ ਹਾਲਤ ਸੀ ਤਾਂ ਅਲਾਲ ਆਪਣੇ ਆਦਮੀਆਂ ਸਮੇਤ ਸ਼ਹਿਰ ਨੂੰ ਆਇਆ । ਉਸ ਨੇ ਪੰਜ ਸੌ ਮਜ਼ਦੂਰ ਸ਼ਹਿਰ ਦੇ ਨੇੜੇ ਮਕਾਨ ਬਣਾਉਣ ਉੱਤੇ ਲਾ ਦਿੱਤੇ । ਦੋ ਸੌ ਸਿਪਾਹੀ ਉਸ ਥਾਂ ਦੁਵਾਲੇ ਘੇਰਾ ਪਾ ਕੇ ਉਸ ਦੀ ਰਾਖੀ ਕਰਦੇ, ਬਿਨਾਂ ਕਿਸੇ ਰੁਕਾਵਟ ਦੇ ਦਿਨ ਰਾਤ ਕੰਮ ਹੁੰਦਾ ਰਹਿੰਦਾ ।

ਜਦੋਂ ਬਾਨੀਆਂਚੋਂਗ ਦੇ ਸ਼ਹਿਰ ਵਿਚ ਇਹ ਖਬਰ ਪਹੁੰਚੀ ਤਾਂ ਵਜ਼ੀਰ ਅਤੇ ਹੋਰ ਅਫਸਰ ਬਹੁਤ ਗੁੱਸੇ ਵਿਚ ਆਏ । ਉਨ੍ਹਾਂ ਨੇ ਇਕ ਆਦਮੀ ਅਲਾਲ ਕੋਲ ਮਾਮਲਾ ਅਤੇ ਨਜ਼ਰ ਮੰਗਣ ਲਈ ਘਲਿਆ । ਅਲਾਲ ਨੇ ਬਿਨਾ ਕੁਝ ਦੇਣ ਦੇ ਇਹ ਕਹਿ ਕੇ ਆਦਮੀ ਨੂੰ ਵਾਪਸ ਕਰ ਦਿੱਤਾ, "ਮੈਂ ਇਹ ਮਕਾਨ ਆਪਣੇ ਪਿਤਾ ਦੀ ਜ਼ਮੀਨ ਉਤੇ ਬਣਾ ਰਿਹਾ ਹਾਂ । ਇਹ ਮਾਮਲੇ ਅਤੇ ਨਜ਼ਰ ਬਾਰੇ ਤੁਸੀਂ ਕੀ ਬਕਵਾਸ ਕਰਦੇ ਹੋ !" ਫਿਰ ਕੁਝ ਸਿਪਾਹੀ ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਉਸ ਨੂੰ ਦਰਬਾਰ ਵਿਚ ਧਰੀਕ ਲਿਆਉਣ ਲਈ ਘੱਲੇ ਗਏ ।

ਇਸ ਤੋਂ ਪਿੱਛੋਂ ਅਲਾਲ ਦੇ ਆਦਮੀਆਂ ਅਤੇ ਸ਼ਹਿਰ ਦੇ ਸਿਪਾਹੀਆਂ ਵਿਚਕਾਰ ਤਕੜੀ ਲੜਾਈ ਹੋਈ । ਸ਼ਹਿਰ ਦੇ ਸਿਪਾਹੀਆਂ ਉੱਤੇ ਅਚਾਨਕ ਹੱਲਾ ਬੋਲਿਆ ਗਿਆ ਅਤੇ ਉਹ ਹਾਰ ਗਏ । ਅਲਾਲ ਨੇ ਮਹਿਲ ਉੱਤੇ ਕਬਜ਼ਾ ਕਰ ਲਿਆ ਅਤੇ ਆਪਣੇ ਪਿਤਾ ਦੀ ਥਾਂ ਉੱਤੇ ਦੀਵਾਨ ਹੋ ਗਿਆ ।

ਦੀਵਾਨ ਸਕੰਦਰ ਦੇ ਸਪਾਹੀਆਂ ਅਤੇ ਹੋਰ ਆਦਮੀਆਂ ਨੂੰ ਯੋਗ ਇਨਾਮ ਦੇ ਕੇ ਟੋਰ ਦਿੱਤਾ ਗਿਆ । ਇਸ ਵਾਪਰੀ ਘਟਨਾ ਦਾ ਹਾਲ ਸੁਣ ਕੇ ਸਕੰਦਰ ਨੇ ਆਪਣੀ ਧੀ ਦਾ ਸਾਕ ਦੇ ਕੇ ਅਲਾਲ ਵਲ ਗੰਢ ਘਲੀ । ਉਸ ਨੇ ਇਸ ਉੱਤੇ ਹੀ ਬਸ ਨਹੀਂ ਕੀਤੀ, ਸਗੋਂ ਆਪ ਬਾਨੀਆਂਚੋਂਗ ਆ ਗਿਆ ਅਤੇ ਸਾਕ ਉੱਤੇ ਜ਼ੋਰ ਦੇਣ ਲਗਾ । ਅਲਾਲ ਨੇ ਜਬਾਬ ਵਿਚ ਕਿਹਾ "ਮੇਰਾ ਇਕ ਭਰਾ ਹੈ ਜਿਹੜਾ ਇਸ ਇਲਾਕੇ ਵਿਚ ਕਿਧਰੇ ਰਹਿੰਦਾ ਹੈ । ਉਸ ਲਈ ਮੇਰੇ ਮਨ ਵਿਚ ਬੜਾ ਦਰਦ ਹੈ । ਜੇ ਮੈਂ ਉਸ ਨੂੰ ਵਾਪਸ ਲਿਆ ਸਕਿਆ ਤਾਂ ਮੈਂ ਤੇਰੀ ਧੀ ਨਾਲ ਵਿਆਹ ਕਰਵਾ ਲਵਾਂਗਾ । ਅਸੀਂ ਦੋ ਭਰਾ ਹਾਂ, ਤੇਰੀਆਂ ਦੋਵੇਂ ਕੁੜੀਆਂ ਵਿਆਹ ਲਵਾਂਗੇ । ਪਰ ਪਹਿਲਾਂ ਮੈਨੂੰ ਉਸ ਨੂੰ ਭਾਲ ਕੇ ਲੱਭ ਲੈਣ ਦੇ ।"

ਇਸ ਤੋਂ ਪਿੱਛੋਂ ਅਲਾਲ ਇਕੱਲਾ ਹੀ ਆਪਣੇ ਗਵਾਚੇ ਹੋਏ ਭਰਾ ਦੀ ਭਾਲ ਵਿਚ ਟੁਰ ਗਿਆ । ਉਸ ਨੇ ਇਕ ਨਿਮਾਣੇ ਆਦਮੀ ਦਾ ਭੇਸ ਬਣਾ ਲਿਆ ਅਤੇ ਥਾਉਂ ਥਾਈਂ ਭੌਣ ਲਗਾ । ਉਸ ਨੇ ਕਈ ਦਰਿਆ ਪਾਰ ਕੀਤੇ, ਕਈ ਜੰਗਲ ਅਤੇ ਕਈ ਛੰਬਾਂ । ਭਾਵੇਂ ਉਸ ਨੇ ਬੜੇ ਦੁਖ ਕਲੇਸ਼ ਸਹੇ, ਉਹ ਆਪਣੇ ਭਰਾ ਦੀ ਕੋਈ ਸੂਹ ਨਾ ਕੱਢ ਸਕਿਆ । ਇਕ ਦਿਨ ਉਹ ਇਕ ਦਲ-ਦਲ ਦੇ ਨੇੜੇ ਇਕ ਅੰਜੀਰ ਦੇ ਦਰਖਤ ਹੇਠਾਂ ਅਰਾਮ ਕਰਨ ਬੈਠ ਗਿਆ । ਉਸ ਦੇ ਨੇੜੇ ਹੀ ਕੁਝ ਛੇੜੂ ਮੁੰਡੇ ਖੇਡ ਰਹੇ ਸਨ, ਜਿਨ੍ਹਾਂ ਆਪਣੇ ਵਗ ਨੇੜੇ ਦੀਆਂ ਵੱਡੀਆਂ ਚਰਾਂਦਾਂ ਵਿਚ ਚੁਗਣੇ ਛੱਡੇ ਹੋਏ ਸਨ ।

ਉਹ ਕਦੀ ਖੇਡਦੇ ਅਤੇ ਕਦੀ ਬਹਿ ਕੇ ਗਾਉਣ ਲਗ ਜਾਂਦੇ । ਉਨ੍ਹਾਂ ਦਾ ਗਾਉਣਾ ਬੜਾ ਮਿੱਠਾ ਸੀ ਅਤੇ ਕੰਨਾਂ ਨੂੰ ਸੁਖਾਂਦਾ ਸੀ । ਕੁਝ ਇਧਰ ਓਧਰ ਦੇ ਗੀਤਾਂ ਪਿਛੋਂ ਉਨ੍ਹਾਂ ਸਾਰਿਆਂ ਰਲ ਕੇ ਇਕ ਲੰਮਾ ਗੀਤ ਛੋਹਿਆ, ਜਿਸ ਦਾ ਸਾਰ ਇਹ ਸੀ :—

ਇਕ ਦੀਵਾਨ ਦੇ ਦੋ ਪੁੱਤਰ ਸਨ। ਉਸ ਦੀ ਬੇਗਮ ਉਨਾਂ ਨੂੰ ਨਿਆਸਰਾ ਛਡ ਕੇ ਮਰ ਗਈ। ਦੀਵਾਨ ਨੇ ਹੋਰ ਵਿਆਹ ਕਰ ਲਿਆ। ਇਸ ਦੁਸ਼ਟ ਇਸਤ੍ਰੀ ਨੇ ਕਿਸੇ ਬਹਾਨੇ ਮੁੰਡੇ ਦਰਿਆ ਵਿਚ ਡੋਬਣ ਲਈ ਘਲ ਦਿੱਤੇ। ਉਥੇ ਪਰਮਾਤਮਾ ਦੀ ਕਿਰਪਾ ਨਾਲ ਉਨ੍ਹਾਂ ਦੀਆਂ ਜਾਨਾਂ ਬਚ ਗਈਆਂ। ਇਕ ਕਿਰਸਾਨ ਨੇ ਉਨ੍ਹਾਂ ਨੂੰ ਆਪਣੀ ਸੰਭਾਲ ਵਿਚ ਲੈ ਲਿਆ। ਵੱਡਾ ਮੁੰਡਾ ਕਿਸੇ ਸ਼ਹਿਰ ਦੌੜ ਗਿਆ ਅਤੇ ਛੋਟਾ ਦਿਨ ਰਾਤ ਰੋਂਦਾ ਰਹਿੰਦਾ, ਪਰ ਇਹ ਸੂਹ ਨਾ ਕਢ ਸਕਿਆ ਕਿ ਉਹ ਕਿਧਰ ਗਿਆ ਹੈ।''

ਜਦੋਂ ਅਲਾਲ ਨੇ ਇਹ ਗੀਤ ਸੁਣਿਆ ਤਾਂ ਉਸ ਦੀਆਂ ਅੱਖਾਂ ਵਿੱਚੋਂ ਬੇਰੋਕ ਹੰਝੂ ਚਲ ਪਏ। ਫਿਰ ਉਹ ਛੇੜੂਆਂ ਕੋਲ ਆਇਆ ਅਤੇ ਪੁਛਿਆ ''ਤੁਹਾਨੂੰ ਇਹ ਗੀਤ ਕਿਸ ਸਿਖਾਇਆ, ਬੀਬੇ ਮੁੰਡਿਓ ? '' ਉਨ੍ਹਾਂ ਕਿਹਾ ''ਜਿਸ ਆਦਮੀ ਨੇ ਸਾਨੂੰ ਇਹ ਗੀਤ ਸਿਖਾਇਆ ਹੈ, ਅਜ ਸਾਡੇ ਨਾਲ ਆਪਣੀਆਂ ਗਾਵਾਂ ਚਾਰਨ ਨਹੀਂ ਆਇਆ। ਉਹ ਉਸ ਕਿਰਸਾਨ ਘਰ ਦੇ ਵਿਚ ਰਹਿੰਦਾ ਹੈ। ਸ੍ਰੀ ਮਾਨ ਜੀ, ਜੇ ਤੁਸੀਂ ਉਸ ਨੂੰ ਮਿਲਣਾ ਚਾਹੁੰਦੇ ਹੋ ਤਾਂ ਤੁਸੀਂ ਇਸ ਰਾਹੇ ਪੈ ਜਾਓ।''

ਛੇੜੂਆਂ ਵੱਲੋਂ ਦਸੇ ਘਰ ਵਿਚ ਜਾ ਕੇ ਅਲਾਲ ਦਲਾਲ ਨੂੰ ਮਿਲਿਆ। ਉਹ ਆਮਣੇ ਸਾਮ੍ਹਣੇ ਖਲੋਤੇ ਸਨ, ਅਤੇ ਉਨ੍ਹਾਂ ਨੂੰ ਇਕ ਦੂਜੇ ਨੂੰ ਪਛਾਣਨ ਵਿਚ ਜ਼ਰਾ ਦੇਰ ਨਾ ਲੱਗੀ।

ਅਲਾਲ:

''ਮੇਰੇ ਵੀਰ ! ਤੂੰ ਮੈਨੂੰ ਆਪਣੇ ਪ੍ਰਾਣਾਂ ਵਾਂਗ ਪਿਆਰਾ ਹੈਂ। ਮੇਰੇ ਨਾਲ ਚਲ, ਅਸੀਂ ਆਪਣੇ ਬਾਪ ਦੀ ਮਿਲਖ ਰਲ ਕੇ ਮਾਣੀਏਂ। ਮੈਂ ਆਪਣੇ ਦੋਹਾਂ ਦੇ ਵਿਆਹਾਂ ਬਾਰੇ ਵੀ ਫੈਸਲਾ ਕਰ ਲਿਆ ਹੈ। ਘਰ ਮੁੜ ਕੇ ਅਸੀਂ ਵਿਆਹ ਕਰਾਂਗੇ ਅਤੇ ਅਰਾਮ ਨਾਲ ਰਹਾਂਗੇ।''

ਦਲਾਲ

''ਮੈਂ ਇਕ ਕ੍ਰਿਸਾਨ ਦੀ ਧੀ ਨਾਲ ਵਿਆਹ ਕੀਤਾ ਹੋਇਆ ਹੈ। ਉਸ ਨੇ ਮੈਨੂੰ ਇਕ ਪੁਤਰ ਵੀ ਦਿੱਤਾ ਹੈ। ਮੈਂ ਉਸ ਦਾ ਨਾਂ ਸੂਰਜ ਜਮਾਲ ਰਖਿਆ ਹੈ। ਮੇਰੇ ਸਹੁਰੇ ਨੇ ਸਾਨੂੰ ਕੁਝ ਜ਼ਮੀਨ ਦਾਜ ਵਿਚ ਦਿੱਤੀ ਹੈ। ਮੈਂ ਆਪਣੀ ਵਹੁਟੀ ਅਤੇ ਪੁੱਤਰ ਨੂੰ ਛਡਣ ਬਾਰੇ ਸੋਚ ਵੀ ਨਹੀਂ ਸਕਦਾ। ਮਦੀਨਾਂ ਮੇਰੀ ਵਹੁਟੀ ਮੈਨੂੰ ਪ੍ਰਾਣਾਂ ਵਾਂਗ ਪਿਆਰੀ ਹੈ। ਉਸ ਨੂੰ ਛਡਣਾ ਉਸ ਨਾਲ ਅਨਿਆ ਹੋਵੇਗਾ। ਮੈਂ ਏਡਾ ਮੰਦਾ ਕੰਮ ਕਿਸਤਰ੍ਹਾਂ ਕਰ ਸਕਦਾ ਹਾਂ।''

ਅਲਾਲ:

''ਪਰ ਜੇ ਤੂੰ ਉਸ ਨੂੰ ਤਲਾਕ ਲਿਖ ਕੇ ਦੇ ਦੇਵੇਂ, ਤਾਂ ਕੋਈ ਅਨਿਆਂ ਨਹੀਂ ਹੋਵੇਗਾ। ਤੂੰ ਪਰ-ਮਾਤਮਾ ਦੀਆਂ ਨਜ਼ਰਾਂ ਵਿਚ ਬੇਕਸੂਰ ਹੋਵੇਂਗਾ। ਜੇ ਤੂੰ ਏਥੇ ਰਹਿੰਦਾ ਰਿਹਾ, ਤਾਂ ਸਾਡਾ ਸਮਾਜਕ ਸਥਾਨ ਖ਼ਤਮ ਹੋ ਜਾਵੇਗਾ। ਜੇ ਸਮਾਜ ਵਿੱਚ ਬੰਦੇ ਦਾ ਥਾਂ ਨਾ ਰਹੇ, ਤਾਂ ਉਸ ਦੇ ਜੀਉਣ ਦਾ ਕੀ ਲਾਭ ਹੈ ?

ਜਦੋਂ ਦਲਾਲ ਨੇ ਇਹ ਸਭ ਕੁਝ ਸੁਣਿਆ, ਤਾਂ ਉਸ ਨੇ ਕੁਝ ਚਿਰ ਮਨ ਵਿੱਚ ਇਸ ਮਾਮਲੇ ਉੱਤੇ ਵਿਚਾਰ ਕੀਤੀ। ਫਿਰ ਉਸ ਨੇ ਆਪਣੇ ਸਾਲੇ ਮਦੀਨਾਂ ਦੇ ਭਰਾ ਨੂੰ ਸੱਦਿਆ। ਉਸ ਨੇ ਉਸ ਨੂੰ ਸਾਰਾ ਕਿੱਸਾ ਦਸਿਆ ਅਤੇ ਤਲਾਕ ਲਿਖ ਕੇ ਉਸ ਦੇਹ ਵਾਲੇ ਕੀਤਾ, ਤਾਂ ਜੋ ਉਹ ਆਪਣੀ

ਭੈਣ ਨੂੰ ਦੇ ਦੇਵੇ। ਉਸ ਨੇ ਵਿਦਾ ਹੋਣ ਦੀ ਜਾਂ ਟੁਰਨ ਤੋਂ ਪਹਿਲਾਂ ਮਦੀਨਾਂ ਨੂੰ ਇਕ ਵਾਰ ਮਿਲਣ ਦੀ ਉਡੀਕ ਨਾ ਕੀਤੀ। ਸਗੋਂ ਆਪਣੇ ਭਰਾ ਦੇ ਨਾਲ ਟੁਰ ਪਿਆ ਅਤੇ ਦੋਵੇਂ ਖੁਸ਼ੀ ਖੁਸ਼ੀ ਬਾਨੀਆਂਚੋਂਗ ਮੁੜ ਆਏ।

ਦੀਵਾਨ ਸਕੰਦਰ ਨੇ ਉਨ੍ਹਾਂ ਦੇ ਮੁੜ ਆਉਣ ਬਾਰੇ ਸੁਣਿਆ ਤਾਂ ਵਿਆਹ ਦੀ ਤ੍ਰੀਕ ਨਿਯਤ ਕਰਨ ਬਾਨੀਆਂਚੋਂਗ ਆਇਆ। ਅਲਾਲ ਅਤੇ ਦਲਾਲ ਨੇ ਸੁੰਦਰ ਬਸਤਰ ਸਜਾਏ ਅਤੇ ਇਕ ਸ਼ਾਨਦਾਰ ਜਲੂਸ ਦੇ ਸੱਗੇ ਲਗ ਪਏ। ਪਿੱਛੇ ਹਾਥੀ, ਘੋੜੇ, ਊਠ, ਤੀਰ ਅੰਦਾਜ਼, ਖੇਡਾਂ ਕਰਨ ਵਾਲੇ ਅਤੇ ਸਿਪਾਹੀ ਆਪਣੀ ਆਪਣੀ ਥਾਂ ਉੱਤੇ ਆ ਰਹੇ ਸਨ। ਜਲੂਸ ਵਿਚ ਅਲਾਲ ਅਤੇ ਦਲਾਲ ਆਪਣੇ ਚਮਕੀਲੇ ਲਬਾਸ ਕਰਕੇ ਸਾਫ ਨਜ਼ਰ ਆਉਂਦੇ। ਅਲਾਲ ਅਤੇ ਦਲਾਲ ਦੀਵਾਨ ਸਕੰਦਰ ਦੇ ਘਰ ਪਹੁੰਚੇ ਅਤੇ ਸਮੇਂ ਅਨੁਸਾਰ ਉਸ ਦੀਆਂ ਦੋਹਾਂ ਕੁੜੀਆਂ ਨਾਲ ਵਿਆਹ ਕੀਤਾ। ਮਮੀਨਾਂ ਦਾ ਵਿਆਹ ਅਲਾਲ ਨਾਲ ਹੋਇਆ ਅਤੇ ਅਮੀਨਾਂ ਦਾ ਦਲਾਲ ਨਾਲ। ਧਰਮ ਗਰੰਥਾਂ ਵਿਚ ਲਿਖੇ ਨਿਯਮ ਅਨੁਸਾਰ ਰੀਤਾਂ ਹੋਈਆਂ। ਉਹ ਘਰ ਮੁੜ ਆਏ। ਹੁਣ ਉਹ ਰਾਜ ਕਾਜ ਦੇ ਕੰਮ ਕਰਦੇ ਅਤੇ ਸੁਖੀ ਵਸਦੇ।

ਪ੍ਰਮਾਤਮਾ ਨੇ ਹੁਣ ਉਨ੍ਹਾਂ ਦੇ ਦਿਨ ਫੇਰੇ ਹਨ ਅਤੇ ਉਨ੍ਹਾਂ ਦੇ ਦੁੱਖਾਂ ਦਾ ਅੰਤ ਹੋ ਗਿਆ ਹੈ।

ਜਦੋਂ ਸੁੰਦਰੀ ਮਦੀਨਾਂ ਨੂੰ ਤਲਾਕ ਦੀ ਚਿਠੀ ਮਿਲੀ ਤਾਂ ਉਹ ਇਸ ਨੂੰ ਮਖ਼ੌਲ ਸਮਝ ਕੇ ਹਸ ਪਈ। ਉਹ ਅਸਲੋਂ ਹੀ ਵਿਸ਼ਵਾਸ ਨਹੀਂ ਕਰਦੀ ਸੀ। ''ਇਹ ਅਸੰਭਵ ਹੈ ਕਿ ਆਪਣੇ ਜੀਉਂਦੇ ਜੀ ਮੇਰਾ ਪਤੀ ਮੈਨੂੰ ਛਡ ਜਾਵੇ। ਇਹ ਤਾਂ ਮੇਰੀ ਸ਼ਰਧਾ ਦੀ ਪ੍ਰੀਖਿਆ ਕਰਨ ਲਈ ਇਕ ਖੇਡ ਹੈ। ਉਹ ਆਪਣੀ ਮਦੀਨਾਂ ਨੂੰ ਕਿਵੇਂ ਭੁਲ ਸਕਦਾ ਹੈ ਜਿਸ ਨੂੰ ਉਹ ਆਪਣੀ ਰੂਹ ਦੀਆਂ ਡੂੰਘਾਣਾ ਤਕ ਪਿਆਰ ਕਰਦਾ ਹੈ। ਮੇਰੇ ਨਾਲੋਂ ਵਿਛੜ ਕੇ ਉਹ ਬਹੁਤਾ ਚਿਰ ਜੀਉ ਨਹੀਂ ਸਕਦਾ। ਕੁਝ ਦਿਨਾਂ ਪਿੱਛੋਂ ਉਹ ਜ਼ਰੂਰ ਹੀ ਮੁੜ ਆਵੇਗਾ।''

ਉਹ ਫ਼ਿਕਰ ਨਾਲ ਉਸ ਦੇ ਮੁੜਨ ਦੀ ਉਡੀਕ ਕਰਨ ਲੱਗੀ। ਹਰ ਰੋਜ਼ ਸਵੇਰੇ ਉਹ ਮੰਜੀ ਉੱਤੋਂ ਇਸ ਖਿਆਲ ਨਾਲ ਉਠਦੀ ''ਅਜ ਉਹ ਜ਼ਰੂਰ ਹੀ ਮੁੜ ਆਵੇਗਾ।'' ਅਤੇ ਫਿਰ ਅਗਲੇ ਦਿਨ ਉਤੇ ਆਸਾਂ ਲਾ ਲੈਂਦੀ। ਇਸਤਰ੍ਹਾਂ ਆਸ ਪਕਾਂਦੀ ਅਤੇ ਅਗਲੇ ਦਿਨ ਚੌਲਾਂ ਦਾ ਪੁਲਾ ਬਣਾਨ ਵਿਚ ਲੱਗੀ ਰਹਿੰਦੀ। ਇਕ ਦਿਨ ਉਹ ਵਧੀਆ ਦਹੀਂ ਜਮਾਂਦੀ, ਜਿਹੜੀ ਉਹ ਉਸ ਲਈ ਸਾਂਭ ਕੇ ਰਖਦੀ। ਸ਼ਾਲੀ ਕਿਸਮ ਦੇ ਵਧੀਆ ਚੌਲਾਂ ਦੀ ਖੀਰ ਬਣਾ ਕੇ ਉਹ ਮਿੱਟੀ ਦੇ ਭਾਂਡੇ ਵਿਚ ਪਾ ਦਿੰਦੀ। ਫ਼ਿਰ ਉਹ ਉਸ ਦੀ ਉਡੀਕ ਵਿਚ ਇਸ ਨੂੰ ਇਕ ਲਮਕਦੇ ਛਿੱਕੇ ਵਿਚ ਟੰਗ ਦਿੰਦੀ। ਹਰ ਰੋਜ਼ ਉਹ ਆਪਣੀ ਹਿੰਮਤ ਅਨੁਸਾਰ ਨਿਆਮਤਾਂ ਪਕਾਂਦੀ ਅਤੇ ਉਸ ਦੇ ਛੇਤੀ ਮੁੜ ਆਉਣ ਦੀ ਚਾਹ ਕਰਦੀ। ਪਰ ਅਫ਼ਸੋਸ ਕਿ ਉਸ ਦੇ ਦਿਲ ਦਾ ਸਵਾਮੀ ਮੁੜ ਕੇ ਨਹੀਂ ਆਉਂਦਾ। ਉਸ ਨੇ ਤਲਾ ਵਿਚਲੀਆਂ ਵਧੀਆ ਮੱਛੀਆਂ ਅਤੇ ਆਪਣੇ ਵਿਹੜੇ ਦੀਆਂ ਵਧੀਆ ਮੁਰਗੀਆਂ ਉਸ ਦੇ ਆਉਣ ਦੀ ਆਸ ਵਿਚ ਵੱਖਰੀਆਂ ਕੀਤੀਆਂ ਹੋਈਆਂ ਹਨ। ਪਰ ਉਹ ਆਪਣੇ ਘਰ ਮੁੜ ਕੇ ਆਉਂਦਾ ਹੀ ਨਹੀਂ। ''ਹਾਏ, ਮੈਂ ਤੇਰਾ ਕੀ ਵਿਗਾੜਿਆ ਹੈ ਕਿ ਤੂੰ ਇਸ ਨਿਰਦੈਤਾ ਨਾਲ

ਮੈਨੂੰ ਛਡ ਕੇ ਟੁਰ ਗਿਆ ਹੈਂ।" ਉਹ ਆਪਣੇ ਆਪ ਨੂੰ ਆਖਦੀ ਅਤੇ ਇਸਤਰ੍ਹਾਂ ਛੇ ਲੰਮੇ ਮਹੀਨੇ ਲੰਘ ਗਏ। ਉਸ ਦੇ ਮਨ ਦੀ ਪੀੜ ਹੁਣ ਬਹੁਤ ਵਧ ਗਈ ਹੈ ਅਤੇ ਆਪਣੇ ਦੁੱਖ ਤੋਂ ਛੁਟਕਾਰੇ ਦਾ ਉਸਨੂੰ ਕੋਈ ਰਾਹ ਨਹੀਂ ਦਿਸਦਾ। "ਮੇਰਾ ਪੁਤ੍ਰ ਸੂਰਜ ਜਮਾਲ ਉਸ ਨੂੰ ਪ੍ਰਾਣਾਂ ਤੋਂ ਪਿਆਰਾ ਹੈ। ਸਾਡੇ ਦੁਖ ਸੁਖ ਅਤੇ ਉਤਾਰ ਚੜ੍ਹਾ ਵਿਚ ਮੈਂ ਉਸ ਦੀ ਸਾਥਨ ਸਾਂ। ਇਹ ਅਸੰਭਵ ਹੈ ਕਿ ਉਹ ਮੈਨੂੰ ਛਡ ਜਾਵੇ ਜਾਂ ਭੁਲ ਜਾਵੇ। ਸਮਾਂ ਆਉਣ ਉੱਤੇ ਉਹ ਜ਼ਰੂਰ ਹੀ ਮੈਨੂੰ ਆਪਣੇ ਕੋਲ ਲੈ ਜਾਵੇਗਾ।" ਇਸਤਰ੍ਹਾਂ ਆਸਾਂ ਬੰਨ੍ਹਦੀ ਉਸ ਨੇ ਇਕ ਦਿਨ ਆਪਣੇ ਭਰਾ ਨੂੰ ਆਪਣੇ ਕੋਲ ਸਦਿਆ ਅਤੇ, "ਕਿਹਾ ਮੇਰੇ ਕੋਲ ਕੋਈ ਭੇਦ ਤੈਨੂੰ ਦਸਣ ਲਈ ਨਹੀਂ ਹੈ, ਮੇਰੇ ਵੀਰ। ਮੇਰੇ ਪਿਆਰੇ ਲਾਲ ਸੂਰਜ ਦੇ ਨਾਲ ਜਾ ਅਤੇ ਮੇਰੇ ਪਤੀ ਤੋਂ ਕੋਈ ਸੁਨੇਹਾ ਲਿਆ। ਉਸਨੂੰ ਮੇਰੇ ਬਾਰੇ ਸਭ ਕੁਝ ਦਸੀਂ ਅਤੇ ਜੋ ਕੁਝ ਉਹ ਕਹੇ ਉਹ ਸੁਣੀਂ।" ਇਹ ਕਹਿ ਕੇ ਉਸ ਨੇ ਬਨਿਆਂਚੋਂਗ ਘੱਲ ਦਿੱਤਾ ਅਤੇ ਕਾਕਾ ਸੂਰਜ ਵੀ ਉਸ ਦੇ ਨਾਲ ਗਿਆ।

ਬਾਰ੍ਹਾਂ ਬੂਹਿਆਂ ਵਾਲੇ ਵੱਡੇ ਬੰਗਲੇ ਦੇ ਕੋਲ ਦਲਾਲ ਉਨ੍ਹਾਂ ਨੂੰ ਰਸਤੇ ਵਿਚ ਮਿਲ ਗਿਆ। ਦਲਾਲ ਨੇ ਉਨ੍ਹਾਂ ਨੂੰ ਪਛਾਣ ਕੇ ਕੰਨ ਵਿਚ ਕਿਹਾ "ਏਥੇ ਨਾ ਠਹਿਰੋ। ਆਪਣੇ ਘਰ ਮੁੜ ਜਾਓ। ਜੇ ਤੁਸੀਂ ਹੋਰ ਏਥੇ ਠਹਿਰੋਗੇ, ਮੈਨੂੰ ਬਹੁਤ ਦੁਖ ਹੋਵੇਗਾ ਅਤੇ ਮੈਂ ਆਪਣੇ ਆਦਮੀਆਂ ਦੀਆਂ ਨਜ਼ਰਾਂ ਵਿਚ ਡਿਗ ਜਾਵਾਂਗਾ। ਤੁਹਾਡੇ ਕੋਲ ਖੇਤੀ ਵਾਲੀ ਜ਼ਮੀਨ ਹੈ। ਜਾ ਕੇ ਉਸ ਉੱਤੇ ਗੁਜ਼ਾਰਾ ਕਰੋ। ਬਨਿਆਂਚੋਂਗ ਦੇ ਇਸ ਸ਼ਹਿਰ ਵਲ ਮੁੜ ਕੇ ਨਾ ਆਉਣਾ। ਓਥੇ ਤੁਸੀਂ ਆਰਾਮ ਨਾਲ ਰਹੋਗੇ। ਏਥੇ ਆ ਕੇ ਮੈਨੂੰ ਆਪਣੇ ਆਦਮੀਆਂ ਦੀਆਂ ਨਜ਼ਰਾਂ ਵਿਚ ਨੀਂਵਾਂ ਨਾ ਕਰੋ। ਇਹ ਮੇਰੀ ਬੇਨਤੀ ਹੈ। ਮੇਰੀ ਖ਼ਾਤਰ ਇਕ ਪਲ ਵੀ ਇਥੇ ਨਾ ਠਹਿਰੋ। ਜੇ ਇਸ ਸਭ ਕੁਝ ਦਾ ਮੇਰੇ ਲੋਕਾਂ ਨੂੰ ਪਤਾ ਲਗ ਗਿਆ ਤਾਂ ਮੈਨੂੰ ਬੜੀ ਸ਼ਰਮ ਆਵੇਗੀ।"

ਦਲਾਲ ਦੀਆਂ ਗਲਾਂ ਉਤੇ ਬਹੁਤ ਨਿਰਾਸ ਹੋ ਕੇ ਉਹ ਦੁਖੀ ਦਿਲਾਂ ਨਾਲ ਘਰ ਨੂੰ ਮੁੜ ਆਏ, ਸੂਰਜ ਬਹੁਤ ਹੀ ਔਖਾ ਸੀ ਅਤੇ ਸਾਰਾ ਰਾਹ ਰੋਂਦਾ ਆਇਆ। ਹੰਝੂਆਂ ਨਾਲ ਉਸ ਨੇ ਆਪਣੀ ਮਾਂ ਨੂੰ ਸਾਰੀ ਵਾਰਤਾ ਦਸੀ। ਉਹ ਵੀ ਸੁਣ ਕੇ ਬੜੀ ਉਦਾਸ ਹੋਈ। ਇਕੱਲੀ ਬੈਠੀ ਉਸ ਭੁਬਾਂ ਮਾਰ ਕੇ ਕਿਹਾ "ਹੇ ਅਲਾਹ, ਇਹ ਤੂੰ ਮੇਰੇ ਮੱਥੇ ਉੱਤੇ ਕੀ ਲਿਖਿਆ ਹੈ? ਕਿਸੇ ਜੰਗਲ ਵੱਲੋਂ ਆਏ ਪੰਛੀ ਵਾਂਗ ਉਹ ਜੰਗਲ ਨੂੰ ਮੁੜ ਗਿਆ ਹੈ। ਮੇਰੇ ਪ੍ਰਾਣਾਂ ਤੋਂ ਪਿਆਰਾ ਰਾਖਵਾਂ ਪੰਛੀ ਮੇਰੇ ਦਿਲ ਦੀ ਸਾਰੀ ਖੁਸ਼ੀ ਨਾਲ ਲੈ ਕੇ ਉਡ ਗਿਆ ਹੈ। ਨਹੀਂ, ਉਹ ਤੇ ਮੇਰੀ ਜਾਨ ਵੀ ਨਾਲ ਲੈ ਗਿਆ ਹੈ। ਮੰਦੇ ਭਾਗਾਂ ਦੀ ਇਹ ਕਰਾਰੀ ਸਟ ਪੈਣ ਕਰਕੇ ਅਤੇ ਇਸ ਘਰ ਵਿਚ ਇਕੱਲਿਆਂ ਰਹਿਣ ਕਰਕੇ ਮੇਰਾ ਦਿਲ ਪੱਥਰ ਹੋ ਗਿਆ ਹੈ।"

"ਮੇਰੇ ਸਾਜਨ, ਮੇਰੇ ਤੋਂ ਵਖਰਾ ਹੋ ਕੇ ਤੇ ਤੂੰ ਇਕ ਦਿਨ ਵੀ ਨਹੀਂ ਰਹਿ ਸਕਦਾ ਸੈਂ। ਹੁਣ ਮੇਰੇ ਨਾਲ ਇਹੋ ਜਿਹਾ ਵਰਤਾਓ ਕਰਨ ਨੂੰ ਤੇਰਾ ਕਿਸਤਰ੍ਹਾਂ ਜੀ ਕਰਦਾ ਹੈ।" ਫਿਰ ਉਸ ਦੇ ਮਨ ਵਿਚ ਖਿਆਲਾਂ ਦੀ ਇਕ ਲੜੀ ਟੁਰ ਪਈ।

"ਕੱਤੇ ਦੇ ਸੁਹਣੇ ਮਹੀਨੇ ਵਿਚ, ਫ਼ਸਲਾਂ ਦੀ ਦੇਵੀ ਦੀ ਕਿਰਪਾ ਨਾਲ ਅਸੀਂ ਦੋਵੂੰ ਛੇਤੀ ਛੇਤੀ ਪਤਝੜ ਦੀ ਮੁੰਜੀ ਵਢਦੇ ਹੁੰਦੇ ਸਾਂ ਕਿ ਕਿਧਰੇ ਹੜ੍ਹਾਂ ਜਾਂ ਗੜੇ ਨਾਲ ਖ਼ਰਾਬ ਨਾ ਹੋ ਜਾਵੇ।

"ਮੇਰਾ ਪਿਆਰਾ ਕੰਤ ਮੁੰਜੀ ਨੂੰ ਘਰ ਲਿਆਉਂਦਾ ਹੁੰਦਾ ਸੀ ਅਤੇ ਮੈਂ ਉਸ ਨੂੰ ਧੁਪ ਵਿਚ ਖਲਾਰਦੀ ਹੁੰਦੀ ਸਾਂ। ਫਿਰ ਅਸੀਂ ਦੋਵੇਂ ਬਹਿ ਕੇ ਚੌਲ ਛੜਦੇ ਹੁੰਦੇ ਸਾਂ। ਹੇ ਮੇਰੇ ਪਤੀ ਦੇਵ! ਪ੍ਰਾਣਾਂ ਤੋਂ ਪਿਆਰੇ! ਤੂੰ ਏਨਾ ਨਿਰਦਈ ਕਿਸਤਰ੍ਹਾਂ ਹੋ ਸਕਦਾ ਸੈਂ ਕਿ ਸਾਰਾ ਪਿੱਛਾ ਭੁਲ ਕੇ ਦੂਰ ਚਲਿਆ ਜਾਏਂ? ਮੱਘਰ ਵਿਚ ਜਦੋਂ ਸਾਡੇ ਖੇਤ ਹਰੀਆਂ ਫਸਲਾਂ ਨਾਲ ਕੱਜੇ ਹੁੰਦੇ ਤਾਂ ਮੇਰਾ ਕੰਮ ਇਹ ਹੁੰਦਾ ਸੀ ਕਿ ਉਨ੍ਹਾਂ ਦੀ ਧਿਆਨ ਨਾਲ ਰਾਖੀ ਕਰਾਂ। ਮੈਂ ਉਸ ਦੇ ਹੁੱਕੇ ਵਿਚ ਪਾਣੀ ਪਾਂਦੀ ਅਤੇ ਤਮਾਕੂ ਤਿਆਰ ਕਰਦੀ। ਇਹ ਹਥ ਵਿਚ ਫੜ ਕੇ ਮੈਂ ਉਸ ਨੂੰ ਉਡੀਕਦੀ ਅਤੇ ਉਸ ਦਾ ਰਾਹ ਵੇਖਦੀ ਰਹਿੰਦੀ। ਹੇ ਮੇਰੇ ਪਤੀ! ਤੂੰ ਹੁਣ ਕਿਥੇ ਹੈਂ? ਮੈਂ ਤੇਰੇ ਲਈ ਮਰ ਰਹੀ ਹਾਂ। ਕੀ ਤੈਨੂੰ ਅਨੁਭਵ ਨਹੀਂ ਹੁੰਦਾ ਕਿ ਮੈਂ ਕੀ ਭੋਗ ਰਹੀ ਹਾਂ?"

"ਜਦੋਂ ਮੇਰਾ ਪਿਆਰਾ ਪਤੀ ਖੇਤਾਂ ਨੂੰ ਪਾਣੀ ਦੇ ਕੇ ਮੁੰਜੀ ਬੀਜਣ ਲਈ ਕਦੂ ਮਾਰਦਾ ਤਾਂ ਮੈਂ ਚੌਲ ਰਿੰਨ੍ਹ ਕੇ ਉਸ ਦਾ ਘਰ ਮੁੜਨਾ ਉਡੀਕਦੀ ਰਹਿੰਦੀ। ਜਦੋਂ ਉਹ ਖੇਤਾਂ ਵਿਚ ਮੁੰਜੀ ਲਾਂਦਾ ਤਾਂ ਮੈਂ ਬੀਜਣ ਲਈ ਲਾਬ ਦੇ ਤੀਲੇ ਉਸ ਨੂੰ ਫੜਾਂਦੀ। ਇਸ ਕੰਮ ਵਿਚ ਮੇਰੀ ਚੁਸਤੀ ਦੀ ਉਹ ਕਿਵੇਂ ਦਿਲੋਂ ਸ਼ਲਾਘਾ ਕਰਦਾ ਹੁੰਦਾ ਸੀ। ਮੇਰੇ ਸਵਾਮੀ, ਪਿੱਛਾ ਭੁਲ ਜਾਣ ਨੂੰ ਤੇਰਾ ਕਿਵੇਂ ਦਿਲ ਕੀਤਾ? ਇਹ ਨਿੱਕੀਆਂ ਨਿੱਕੀਆਂ ਗਲਾਂ ਯਾਦ ਕਰਕੇ ਮੈਂ ਦੁਖ ਨਾਲ ਬਲ ਉਠਦੀ ਹਾਂ। ਕੀ ਇਹ ਸੁਫ਼ਨਾ ਹੀ ਸੀ ਜੋ ਤੂੰ ਮੈਨੂੰ ਵਿਖਾਇਆ? ਕੀ ਤੇਰੇ ਅਤਿਆਚਾਰ ਦੀ ਯਾਦ ਤੋਂ ਬਿਨਾਂ ਬਾਕੀ ਸਭ ਕੁਝ ਭੁੱਲ ਜਾਏਗਾ?

ਪੋਹ ਵਿਚ ਸਖ਼ਤ ਸਰਦੀ ਸਾਡਾ ਅੰਗ ਅੰਗ ਕੰਬਾ ਦਿੰਦੀ। ਮੇਰਾ ਪਤੀ ਕੁਕੜ ਦੀ ਬਾਂਗੇ ਉਠਦਾ ਅਤੇ ਸ਼ਾਲੀ ਫਸਲਾਂ ਦੇ ਖੇਤਾਂ ਨੂੰ ਪਾਣੀ ਦਿੰਦਾ। ਮੈਂ ਖੇਤਾਂ ਵਿਚ ਅਗ ਲੈ ਜਾਂਦੀ ਅਤੇ ਜਦੋਂ ਠੰਢ ਅਸਹਿ ਹੋ ਜਾਂਦੀ ਤਾਂ ਅਸੀਂ ਦੋਵੇਂ ਅੱਗ ਦੇ ਨੇੜੇ ਬਹਿ ਕੇ ਸੇਕਦੇ। ਅਸੀਂ ਸ਼ਾਲੀ ਫਸਲਾਂ ਨੂੰ ਕਾਹਲੀ ਕਾਹਲੀ ਅਤੇ ਧਿਆਨ ਨਾਲ ਇਕੱਠਿਆਂ ਵੱਢਦੇ। ਜਦੋਂ ਅਸੀਂ ਦਿਨ ਦਾ ਕੰਮ ਮੁਕਾ ਕੇ ਘਰ ਅਰਾਮ ਕਰਨ ਆਉਂਦੇ, ਤਾਂ ਅਸੀਂ ਕਿੰਨੇ ਖੁਸ਼ ਹੁੰਦੇ।"

ਇਹ ਨਿੱਕੀਆਂ ਨਿੱਕੀਆਂ ਗਲਾਂ ਯਾਦ ਕਰਕੇ ਮਦੀਨਾ ਦੀਆਂ ਅੱਖਾਂ ਵਿੱਚ ਬੇਰੋਕ ਹੰਝੂ ਆ ਗਏ।

"ਤੂੰ ਏਨਾਂ ਨਿਰਦਈ ਕਿਸਤਰ੍ਹਾਂ ਹੋ ਸਕਦਾ ਸੀ, ਮੇਰੇ ਸੁਆਮੀ! ਉਹ ਘੜੀ ਘੜੀ ਆਪਣੇ ਮਨ ਵਿਚ ਆਖਦੀ। "ਏਥੇ ਮੈਂ ਇਕੱਲੀ ਬੈਠੀ ਤੇਰੇ ਲਈ ਰੋਂਦੀ ਹਾਂ। ਉਹ ਤੀਲੇ ਅਤੇ ਕੰਡਿਆਲੇ ਬੂਟੇ ਵਢ ਕੇ ਹਟਾਂਦਾ ਅਤੇ ਮੈਂ ਖੇਤਾਂ ਵਲ ਪਾਣੀ ਲਿਆਉਂਦੀ। ਇਸਤਰ੍ਹਾਂ ਦਿਨ ਵੇਲੇਂ ਅਸੀਂ ਇਕੱਠੇ ਕੰਮ ਕਰਦੇ। ਇਹੋ ਜਿਹਾ ਪਿਆਰਾ ਸੁਆਮੀ ਮੈਨੂੰ ਅਭਾਗਣ ਨੂੰ ਛਡ ਗਿਆ ਹੈ। ਮੇਰੇ ਲਈ ਜੀਉਣਾ ਕਿਵੇਂ ਸੰਭਵ ਹੋਵੇਗਾ? ਇਸ ਸਾਰੀ ਦੁਨੀਆਂ ਵਿਚ ਮੇਰੇ ਜਿਹੀ ਦੁਖੀ ਹੋਰ ਕੋਈ ਇਸਤਰੀ ਨਹੀਂ। ਹਾਏ! ਮੇਰੀ ਪੱਕੀ ਹੋਈ ਫ਼ਸਲ ਦੇ ਖੇਤਾਂ ਨੂੰ ਕਿਸ ਨੇ ਅੱਗ ਲਾ ਦਿੱਤੀ ਹੈ? ਇਸ ਸਰਾਪੇ ਹੋਏ ਜੀਵਨ ਦਾ ਕੀ ਲਾਭ ਹੈ? ਪਿੰਜਰਾ ਏਥੇ ਪਿਆ ਹੈ ਪਰ ਮੇਰਾ ਪੰਛੀ ਵਿੱਚੋਂ ਉਡ ਗਿਆ ਹੈ।"

ਇਸਤਰ੍ਹਾਂ ਉਹ ਦਿਨ ਰਾਤ ਰੋਂਦੀ ਅਤੇ ਬੜੇ ਦੁਖ ਵਿਚ ਆਪਣੇ ਦਿਨ ਲੰਘਾਉਂਦੀ। ਉਸ ਨੇ ਰੋਟੀ ਖਾਣੀ ਛਡ ਦਿੱਤੀ ਅਤੇ ਹਰ ਵੇਲੇ ਹਾਏ ਹਾਏ ਕਰਦੀ ਰਹਿੰਦੀ। ਫਿਰ ਉਹ ਪਾਗਲ

ਹੋ ਗਈ। ਉਹ ਉਖੜੇ ਪੁਖੜੇ ਸ਼ਬਦ ਬੋਲਦੀ। ਕਦੀ ਉਹ ਹਸਦੀ, ਕਦੀ ਉਹ ਰੋਂਦੀ ਅਤੇ ਕਦੀ ਉਹ ਮਾਘੇ ਮਾਰਦੀ ਅਤੇ ਗਾਉਂਦੀ।

ਉਹ ਘਟ ਵਧ ਹੀ ਕਦੀ ਕੁਝ ਖਾਂਦੀ ਅਤੇ ਸੁਕ ਕੇ ਪਿੰਜਰ ਰਹਿ ਗਈ। ਉਸ ਦੀ ਸੁੰਦਰਤਾ ਢਲ ਗਈ, ਉਸ ਦੇ ਸਰੀਰ ਦੀ ਖਿਚ ਜਾਂਦੀ ਰਹੀ। ਇਸ ਸਭ ਕੁਝ ਪਿੱਛੋਂ ਇਕ ਦਿਨ ਉਸ ਦੇ ਦੁੱਖਾਂ ਦਾ ਅੰਤ ਹੋ ਗਿਆ। ਉਹ ਅਕਾਸ਼ ਦੀ ਅਪਸਰਾ ਸੀ ਅਤੇ ਆਪਣੇ ਟਿਕਾਣੇ ਨੂੰ ਪਰਤ ਗਈ। ਉਸ ਦੀ ਲੋਥ ਦੇ ਕੋਲ ਵਿਚਾਰਾ ਸੂਰਜ ਜਮਾਲ ਪਿਆ ਸੀ, ਨਿਆਸਰਾ ਬੱਚਾ। ਉਸ ਦਾ ਚਿਹਰਾ ਅਥਰੂਆਂ ਵਿਚ ਭਿਜਾ ਹੋਇਆ ਸੀ। ਗਵਾਂਢੀ ਇਕੱਠੇ ਹੋ ਗਏ ਅਤੇ ਉਸ ਲਈ ਇਕ ਕਬਰ ਪੁੱਟੀ। ਉਨ੍ਹਾਂ ਨੇ ਫ਼ਾਤਿਹਾ ਪੜ੍ਹਿਆ ਅਤੇ ਰੀਤ ਅਨੁਸਾਰ ਉਸ ਨੂੰ ਦਬ ਦਿੱਤਾ।

ਆਪਣੇ ਪਿਆਰੇ ਬੱਚੇ ਸੂਰਜ ਨੂੰ ਆਪਣੇ ਕੋਲੋਂ ਟੋਰ ਕੇ ਦਲਾਲ ਨੇ ਸੋਚਿਆ "ਉਹ ਮੈਨੂੰ ਆਪਣੀ ਜਾਨ ਵਾਂਗ ਪਿਆਰਾ ਹੈ। ਉਸ ਨੂੰ ਸੁਟ ਪਾਣਾ ਕਿੰਨਾ ਨਿਰਦਈ ਪੁਣਾ ਸੀ। ਮੇਰੇ ਲਈ ਉਸ ਨੂੰ ਛਡ ਸਕਣਾ ਕਿਵੇਂ ਸੰਭਵ ਹੈ? ਅਤੇ ਆਪਣੀ ਸੁੰਦਰ ਮਦੀਨਾਂ ਤੋਂ ਵਿਛੜ ਕੇ ਜੀਉਣਾ ਵੀ ਮੇਰੇ ਲਈ ਕਿਵੇਂ ਸੰਭਵ ਹੈ? ਜਦੋਂ ਉਹ ਮੇਰੇ ਇਸ ਵਰਤਾਓ ਬਾਰੇ ਸੁਣੇਗੀ ਤਾਂ ਕੀ ਕਹੇਗੀ? ਅਵੱਸ਼ ਹੀ ਉਸ ਨੂੰ ਬਹੁਤ ਦੁਖ ਹੋਵੇਗਾ। ਉਹ ਜਿਸ ਨੇ ਆਪਣੇ ਜੀਵਨ ਦਾ ਹਰ ਸੁਖ ਮੇਰਾ ਪਿਆਰ ਜਿੱਤਣ ਲਈ ਤਿਆਗਿਆ, ਉਸ ਨੂੰ ਮੈਂ ਬਿਨਾਂ ਕਸੂਰੋਂ ਤਿਆਗ ਦਿੱਤਾ ਹੈ। ਹਾਏ! ਇਹ ਮੈਂ ਕਿਸ ਦਿਲ ਨਾਲ ਉਸ ਨੂੰ ਛੱਡਾਂਗਾ। ਉਹ ਮੇਰੇ ਪ੍ਰਾਣਾਂ ਵਾਂਗ ਪਿਆਰੀ ਸੀ, ਮੇਰੇ ਦੁਖਾਂ ਦੀ ਸਦਾ ਵਿਸ਼ਵਾਸ਼ ਯੋਗ ਸਾਥਨ। ਹਾਏ! ਮੈਂ ਕਿੰਨੀ ਨਿਰਦੈਤਾ ਨਾਲ ਉਸ ਨੂੰ ਤਿਆਗ ਦਿੱਤਾ। ਉਸ ਦੇ ਪਿਤਾ ਨੇ ਇਸ ਆਸ ਉੱਤੇ ਉਸ ਨੂੰ ਮੇਰੇ ਲੜ ਲਾਇਆ ਸੀ ਕਿ ਮੈਂ ਉਸ ਨੂੰ ਸੁਖ ਦਿਆਂਗਾ। ਇਸ ਆਸ਼ੇ ਨਾਲ ਉਸ ਨੇ ਮੈਨੂੰ ਆਪਣੀ ਸਾਰੀ ਜ਼ਮੀਨ ਜਾਇਦਾਦ ਦਾ ਵਾਰਿਸ ਬਣਾਇਆ। ਮੈਂ ਆਪਣੀ ਪਿਆਰੀ ਮਦੀਨਾਂ ਨੂੰ ਦੁਖ ਦਿੱਤਾ ਹੈ। ਇਹ ਕੰਮ ਕਰਕੇ ਮੈਂ ਇਕ ਅਕ੍ਰਿਤਘਨ ਨੀਚ ਬਣਿਆ ਹਾਂ। ਇਸ ਦਗ਼ੇ ਸਦਕਾ ਮੇਰੀ ਥਾਂ ਦੋਜ਼ਖ ਵਿਚ ਹੋਵੇਗੀ। ਇਸ ਦੁਨੀਆਂ ਦੇ ਸਵਾਦਾਂ ਲਈ ਜਿਹੜੇ ਕੇਵਲ ਇਕ ਦਿਨ ਹੀ ਰਹਿਣਗੇ, ਮੈਂ ਸਦੀਵੀ ਦੋਜ਼ਖ ਨੂੰ ਜੱਫਾ ਮਾਰਿਆ ਹੈ। ਨਹੀਂ. ਮੈਨੂੰ ਇਹ ਨਹੀਂ ਕਰਨਾ ਚਾਹੀਦਾ। ਮੈਂ ਉਸ ਦੇ ਪੈਰੀਂ ਪੈ ਜਾਵਾਂਗਾ ਅਤੇ ਉਸ ਤੋਂ ਮੁਆਫ਼ੀ ਮੰਗਾਂਗਾ।

ਆਪਣੇ ਇਹ ਨਵੇਂ ਖਿਆਲ ਨਾ ਉਸ ਨੇ ਆਪਣੀ ਨਵੀਂ ਵਹੁਟੀ ਨੂੰ ਦੱਸੇ ਅਤੇ ਨਾ ਆਪਣੇ ਭਰਾ ਅਲਾਲ ਨੂੰ। ਇਕ ਦਿਨ ਉਹ ਇਕੱਲਾ ਹੀ ਘਰੋਂ ਟੁਰ ਪਿਆ, ਬਿਨਾਂ ਆਪਣੇ ਆਦਮੀਆਂ ਜਾਂ ਸਿਪਾਹੀਆਂ ਨੂੰ ਨਾਲ ਲਿਆਂ।

ਜਦੋਂ ਉਹ ਟੁਰਿਆ ਤਾਂ ਉਸ ਨੇ ਪਿੱਛੋਂ ਨਿੱਛ ਵਜਦੀ ਸੁਣੀ। ਉਹ ਕੁਝ ਚਿਰ ਲਈ ਅਟਕ ਗਿਆ ਅਤੇ ਫਿਰ ਟੁਰਿਆ। ਫਿਰ ਉਸ ਨੂੰ ਅੱਗੋਂ ਇਕ ਤੇਲੀਮਿਲਿਆ। ਸੱਜੇ ਹਥ ਉਸ ਨੇ ਇਕ ਲੂਮੜੀ ਵੇਖੀ ਜਿਹੜੀ ਬੱਚੇ ਦੇਣ ਹੀ ਵਾਲੀ ਸੀ। ਸਿਰ ਉਤੇ ਉਸ ਨੇ ਘੋਗੜ ਕਾਂ ਕਾਂ ਕਾਂ ਕਰਦੇ ਸੁਣੇ ਅਤੇ ਇਕ ਗਿਰਝ ਨੇ ਆਪਣੀ ਤਿੱਖੀ ਚੀਕ ਨਾਲ ਉਸ ਦਾ ਤਰਾਹ ਕੱਢ ਦਿੱਤਾ। ਜਦੋਂ ਉਸ ਨੇ ਇਹ ਸਾਰੇ ਕੁਸ਼ਗਨ ਵੇਖੇ ਤਾਂ ਉਸ ਨੇ ਮਨ ਵਿਚ ਸੋਚਿਆ "ਪਤਾ ਨਹੀਂ ਅਜ ਮੇਰੇ ਭਾਗ ਕੀ ਹਨ? ਮੈਂ ਇਹ ਸਾਰੇ ਅਸ਼ੁਭ ਸ਼ਗਨ ਕਿਉਂ ਵੇਖ ਰਿਹਾ ਹਾਂ?,'

ਹੌਲੀ ਹੌਲੀ ਉਹ ਆਪਣੇ ਪੁਰਾਣੇ ਘਰ ਦੇ ਨੇੜੇ ਆ ਗਿਆ। ਰਸਤੇ ਵਿਚ ਮਦੀਨਾਂ ਦੀ ਪਿਆਰੀ ਗਾਂ ਖਲੋਤੀ ਸੀ। ਇਹ ਪ੍ਰਤਖ ਸੀ ਕਿ ਨਾ ਉਸ ਨੂੰ ਪੱਠੇ ਪਾਏ ਗਏ ਸਨ ਨਾ ਪਾਣੀ ਡਾਹਿਆ ਗਿਆ ਸੀ। ਉਹ ਅੜਿੰਗ ਰਹੀ ਸੀ। ਗਾਂ ਨੂੰ ਇਸ ਹਾਲਤ ਵਿਚ ਵੇਖਕੇ ਉਸਨੂੰ ਬੜਾ ਦੁੱਖ ਹੋਇਆ। ਫਿਰ ਉਸ ਨੇ ਪਿਛਲਾ ਸਮਾਂ ਚੇਤੇ ਕੀਤਾ। ਜਦੋਂ ਮਦੀਨਾਂ ਅਜੇ ਕੁਲ ਛੇ ਵਰ੍ਹਿਆਂ ਦੀ ਹੀ ਸੀ, ਤਾਂ ਉਹ ਗਵਾਂਢੀਆਂ ਦੇ ਘਰਾਂ ਵਿਚ ਜਾਂਦੀ ਹੁੰਦੀ ਸੀ ਪਰ ਸਦਾ ਅਲਾਲ ਦੇ ਨਾਲ ਹੀ। ਵੀ ਇਕ ਪਲ ਉਹ ਉਸ ਤੋਂ ਵਖ ਨਾ ਹੁੰਦੀ। ਚੇਤਰ ਦੇ ਮਹੀਨੇ ਵਿਚ ਉਸ ਨੇ ਬੁਲਬੁਲ ਅਸਮਾਨ ਨੂੰ ਉਡਾ ਦਿੱਤੀ। ਉਹ ਭਜੀ ਭਜੀ ਅਲਾਲ ਕੋਲ ਗਈ ਅਤੇ ਉਸ ਨੂੰ ਕਿਹਾ ਕਿ ਉਹ ਉਸ ਨੂੰ ਫੜ ਦੇਵੇ। ਜਦੋਂ ਪੰਛੀ ਫੜਿਆ ਗਿਆ ਤਾਂ ਉਨ੍ਹਾਂ ਉਸ ਨੂੰ ਪਿੰਜਰੇ ਵਿਚ ਬੰਦ ਕਰ ਦਿੱਤਾ ਅਤੇ ਬੜੇ ਪਿਆਰ ਨਾਲ ਪਾਲਿਆ।

ਹੁਣ ਉਸ ਨੇ ਪਿੰਜਰਾ ਖਾਲੀ ਵੇਖਿਆ। ਇਹ ਵਿਹੜੇ ਵਿਚ ਰੁਲ ਰਿਹਾ ਸੀ ਅਤੇ ਉਨ੍ਹਾਂ ਦੇ ਬਚਪਨ ਦਾ ਪਿਆਰਾ ਪੰਛੀ ਛਤ ਉੱਤੇ ਬੈਠਾ ਰੋ ਰਿਹਾ ਸੀ। ਉਸ ਨੇ ਪੰਛੀ ਨੂੰ ਕਿਹਾ "ਪਿਆਰੇ ਪੰਛੀ, ਤੇਰੀਆਂ ਅੱਖਾਂ ਕਿਉਂ ਲਾਲ ਹਨ; ਕੀ ਤੂੰ ਮਦੀਨਾਂ ਲਈ ਰੋਂਦਾ ਰਿਹਾ ਹੈਂ? ਮੈਨੂੰ ਤੂੰ ਦਸ ਉਹ ਕਿੱਥੇ ਗਈ ਹੈ। ਪਿਛਲੇ ਵਿਸਾਖ ਉਨ੍ਹਾਂ ਦੋਹਾਂ ਰਲ ਕੇ ਅੰਬਾਂ ਦੇ ਬੂਟੇ ਲਾਏ ਸਨ। ਉਹ ਅਤੇ ਮਦੀਨਾਂ ਹਰ ਰੋਜ਼ ਉਨ੍ਹਾਂ ਨੂੰ ਪਾਣੀ ਦਿੰਦੇ। ਇਹ ਬੂਟੇ ਡੰਗਰ ਖਾ ਗਏ ਸਨ। ਉਨ੍ਹਾਂ ਦਾ ਕਿਸੇ ਖਿਆਲ ਹੀ ਨਹੀਂ ਕੀਤਾ ਸੀ।

ਉਨ੍ਹਾਂ ਦੀ ਪਿਆਰੀ ਬਿੱਲੀ ਘਰ ਵਿਚ ਬੈਠੀ ਮਿਆਂਕਦੀ ਸੀ ਅਤੇ ਗਾਵਾਂ ਵਾੜੇ ਵਿਚ ਰਿੰਗਦੀਆਂ ਪਈਆਂ ਸਨ। ਇਹ ਤੇ ਸਾਰੀਆਂ ਇਥੇ ਹਨ, ਪਰ ਉਹ ਕਿਥੇ ਗਈ ਜਿਹੜੀ ਮੇਰੀਆਂ ਅੱਖਾਂ ਦਾ ਚਾਨਣ ਸੀ।

ਘਰ ਵਿਚ ਕੋਈ ਨਹੀਂ ਦਿਸਦਾ ਸੀ। ਉਸ ਇਕਾਤ ਝੌਂਪੜੀ ਦੇ ਛੱਪਰ ਉਤੇ ਢੋਡਰ ਕਾਂ, ਕਾਂ ਕਾਂ ਕਾਂ ਕਰ ਰਹੇ ਸਨ।

ਉਸ ਨੇ ਮਦੀਨਾਂ ਨੂੰ ਉੱਚੀ ਉੱਚੀ ਵਾਜਾਂ ਮਾਰੀਆਂ। ਉਥੇ ਉਹਨੂੰ ਜਵਾਬ ਦੇਣ ਵਾਲਾ ਕੋਈ ਨਹੀਂ ਸੀ। ਫਿਰ ਉਸ ਨੇ ਉਸ ਨੂੰ ਹਰ ਪਾਸੇ ਵੇਖਿਆ।

ਜਦੋਂ ਸੂਰਜ ਜਮਾਲ ਨੇ, ਜਿਹੜਾ ਗ਼ਮ ਨਾਲ ਅਧਮੋਇਆ ਹੋਇਆ ਘਰ ਦੀ ਇਕ ਗੁਠੇ ਪਿਆ ਸੀ, ਆਪਣੇ ਪਿਤਾ ਦੀ ਅਵਾਜ਼ ਸੁਣੀ ਤਾਂ ਉਸ ਨੇ ਬਾਹਰ ਆ ਕੇ ਉਸ ਨੂੰ ਵੇਖਿਆ। ਦਲਾਲ ਨੇ ਉਸ ਨੂੰ ਪੁਛਿਆ, "ਮਦੀਨਾਂ ਕਿਥੇ ਹੈ?" ਮੁੰਡੇ ਨੇ ਇਕ ਹਥ ਨਾਲ ਆਪਣੀਆਂ ਅਖਾਂ ਢਕ ਲਈਆਂ ਅਤੇ ਦੂਜੇ ਨਾਲ ਕਬਰ ਵਲ ਉਂਗਲੀ ਕੀਤੀ। ਫਿਰ ਮੁੰਡਾ ਨਿਆਸਰਾ ਨੰਗੀ ਭੋਂਏਂ ਉੱਤੇ ਬਹਿ ਗਿਆ ਅਤੇ ਆਪਣੀ ਮਾਂ ਨੂੰ ਰੋਣ ਲਗ ਗਿਆ।

ਦੁਲਾਲ ਕਬਰ ਦੇ ਨੇੜੇ ਗਿਆ ਅਤੇ ਉਸ ਦੇ ਉੱਤੇ ਮੂਧਾ ਲੰਮਾ ਪੈ ਗਿਆ। ਉਹ ਭੁਬਾਂ ਮਾਰਨ ਲਗਾ "ਹੇ ਰਬਾ! ਮੇਰੇ ਨਾਲ ਕੀ ਹਿਸਾਬ ਹੋਇਆ ਹੈ? ਮੈਂ ਆਪਣੀ ਤ੍ਰੀਮਤ ਨੂੰ ਆਪ ਮਾਰਿਆ ਹੈ। ਮੇਰੀ ਥਾਂ ਕਿਸੇ ਸਭ ਤੋਂ ਕਰੜੇ ਦੋਜ਼ਖ ਵਿਚ ਹੋਣੀ ਚਾਹੀਦੀ ਹੈ। ਇਸ ਦੁਨੀਆਂ ਵਿਚ ਮੇਰੇ ਲਈ ਕੋਈ ਥਾਂ ਨਹੀਂ ਹੈ।"

"ਹੇ ਮੇਰੀ ਮਦੀਨਾਂ, ਮੇਰੀ ਪ੍ਰਾਣਾਂ ਤੋਂ ਪਿਆਰੀ! ਉਠ ਕੇ ਮੇਰੇ ਨਾਲ ਗੱਲਾਂ ਕਰ। ਹੁਣ

ਰਾ ਦਿਲ ਹੋਰ ਨਹੀਂ ਦੁਖਾਵਾਂਗਾ । ਮੇਰੀ ਸਜਣੀ, ਜੇ ਤੂੰ ਮੈਨੂੰ ਵਾਪਸ ਮਿਲ ਗਈ, ਤਾਂ ਮੈਂ ਹੂ ਆਪਣੀ ਹਿਕ ਵਿਚ ਸਾਂਭ ਕੇ ਰੱਖਾਂਗਾ ਅਤੇ ਇਕ ਪਲ ਲਈ ਵੀ ਤੈਥੋਂ ਵਖਰਾ ਨਹੀਂ ਹੋਵਾਂਗਾ । ਉਠ ਅਤੇ ਮੇਰੇ ਨਾਲ ਗਲਾਂ ਕਰ । ਜੇ ਤੂੰ ਨਹੀਂ ਉਠਣਾ, ਤਾਂ ਮੈਨੂੰ ਵੀ ਓਥੇ ਹੀ ਲੈ ਚਲ ਜਿਥੇ ਤੂੰ ਗਈ ਹੈਂ । ਏਡੀ ਭੈੜੀ ਕਰਤੂਤ ਸਦਕਾ ਮੈਨੂੰ ਬੜੀ ਸ਼ਰਮ ਆ ਰਹੀ ਹੈ । ਇਹ ਕਬਰ ਛਡ ਕੇ ਮੇਰੇ ਕੋਲ ਮੁੜ ਆ । ਇਸ ਦੁਨੀਆਂ ਵਿਚ ਮੈਂ ਤੇਰੇ ਬਿਨਾਂ ਕਿਵੇਂ ਜੀਓ ਸਕਦਾ ਹਾਂ । ਭਾਵੇਂ ਤੂੰ ਮੇਰੇ ਉੱਤੇ ਪਹਿਲਾਂ ਜਿੰਨੀ ਕਿਰਪਾਲੂ ਨਾ ਹੋਵੀਂ ਅਤੇ ਨਾ ਹੀ ਮੈਨੂੰ ਓਨਾ ਪਿਆਰ ਕਰੀਂ ਤਾਂ ਵੀ ਤੂੰ ਮੈਨੂੰ ਲੈ ਜਾ । ਕੀ ਇਹ ਗਲ ਸੱਚੀ ਨਹੀਂ ਕਿ ਤੂੰ ਮੇਰੇ ਤੋਂ ਵਿਛੜੀ ਇਕ ਪਲ ਲਈ ਵੀ ਨਹੀਂ ਜੀਓ ਸਕਦੀ ਸੈਂ ? ਹੁਣ ਮੈਂ ਤੇਰੀ ਮਿੰਨਤ ਕਰਦਾ ਹਾਂ ਕਿ ਮੈਨੂੰ ਆਪਣੇ ਚਰਨਾਂ ਵਿਚ ਥਾਂ ਦੇ ਦੇ । ਮੈਂ ਆਪਣਾ ਏਡਾ ਵੱਡਾ ਦੁਖ ਨਹੀਂ ਸਹਾਰ ਸਕਦਾ । ਇਹ ਠੀਕ ਹੈ ਕਿ ਮੈਂ ਤੇਰੀਆਂ ਅੱਖਾਂ ਵਿਚ ਅਪਰਾਧੀ ਹਾਂ । ਪਰ ਤੂੰ ਆਪਣੇ ਸੂਰਜ ਨੂੰ ਕਿਸਤਰ੍ਹਾਂ ਭੁਲ ਸਕਦੀ ਹੈਂ ? ਉਹ ਤੇਰੇ ਲਈ ਦਿਨ ਰਾਤ ਰੋਂਦਾ ਰਹਿੰਦਾ ਹੈ । ਉਹ ਅੰਨ ਨਾ ਖਾਣ ਖੁਨੋਂ ਮਰ ਰਿਹਾ ਹੈ ।

ਉਹ ਫ਼ਕੀਰ ਹੋ ਗਿਆ ਅਤੇ ਗ਼ਮ ਵਿੱਚ ਦਿਨ ਰਾਤ ਰੋਂਦਾ ਰਹਿੰਦਾ । "ਮੈਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਮੇਰੀਆਂ ਪਸਲੀਆਂ ਵਖ ਹੋ ਗਈਆਂ ਹਨ । ਇਹ ਸੁੰਦਰ ਬਿਰਖ ਜਿਹੜੇ ਧਰਤੀ ਨੂੰ ਸਜਾਂਦੇ ਹਨ ਅਤੇ ਅਕਾਂਸ਼ ਦੇ ਤਾਰੇ ਮੈਨੂੰ ਕਾਲੀ ਰਾਤ ਵਾਂਗ ਲਗਦੇ ਹਨ । ਦਰਿਆ ਸੁੱਕ ਗਿਆ ਹੈ । ਪਥਰ ਨਰਮ ਹੋ ਗਿਆ ਹੈ । ਹਾਏ, ਮੈਂ ਹੁਣ ਉਸ ਨੂੰ ਕਿੱਥੋਂ ਲਭਾਂਗਾ ? ਮੈਂ ਕਿੱਥੇ ਜਾਵਾਂ ?

ਮੈਂ ਬਾਨੀਆਂਚੋਂਗ ਦੇ ਸ਼ਹਿਰ ਵਾਪਸ ਨਹੀਂ ਜਾਵਾਂਗਾ । ਇਹ ਧਰਤੀ ਮੇਰੇ ਲਈ ਪਵਿੱਤ੍ਰ ਹੈ । ਰਹਿੰਦਾ ਜੀਵਨ ਮੈਂ ਇਥੇ ਹੀ ਮਦੀਨਾਂ ਦੀ ਕਬਰ ਉੱਤੇ ਰਵ੍ਹਾਂਗਾ ।

"ਹੇ ਲੋਕੋ, ਮੇਰੇ ਭਰਾ ਅਲਾਲ ਨੂੰ, ਜਿਹੜਾ ਮੈਨੂੰ ਪ੍ਰਾਣਾਂ ਵਾਂਗ ਪਿਆਰਾ ਹੈ, ਇਹ ਦਸ ਦੇਣਾ ਕਿ ਅਭਾਗਾ ਦਲਾਲ ਹੁਣ ਘਰ ਮੁੜ ਕੇ ਨਹੀਂ ਆਵੇਗਾ । ਮੈਂ ਆਪਣੇ ਮੁਢਲੇ ਸਾਲਾਂ ਵਿਚ ਵੀ ਫ਼ਕੀਰ ਸਾਂ ਅਤੇ ਫਿਰ ਫ਼ਕੀਰ ਹੋ ਜਾਵਾਂਗਾ । ਮਦੀਨਾਂ ਲਈ ਮੇਰਾ ਦਿਲ ਟੁਟ ਕੇ ਦੋ ਟੋਟੇ ਹੋ ਗਿਆ ਹੈ ।

"ਜੇ ਮੈਂ ਤਲਾਕ ਦੀ ਉਹ ਚਿੱਠੀ ਨ ਲਿਖਦਾ ! ਨਾਂ ਮੁੜ ਕੇ ਵਿਆਹ ਕਰਦਾ ਤਾਂ ਉਹ ਕਦੀਂ ਮੈਨੂੰ ਛਡ ਕੇ ਨਾ ਜਾਂਦੀ । ਦੀਵਾਨ ਬਣਨ ਦੀ ਖ਼ਾਤਰ ਮੈਂ ਬਹੁਤ ਘਿਨਾਉਣੀ ਕਰਤੂਤ ਕੀਤੀ । ਧਰਤੀ ਦੀ ਖੇਹ ਲਈ ਮੈਂ ਸੁੱਚਾ ਹੀਰਾ ਤਿਆਗ ਦਿੱਤਾ ।

"ਬਾਲਪਨ ਤੋਂ ਹੀ ਉਹ ਮੇਰੀ ਪ੍ਰਿਆ ਸੀ । ਜੇ ਉਹ ਮੈਨੂੰ ਇਕ ਪਲ ਨਾ ਵੇਖਦੀ ਤਾਂ ਝਲੀ ਹੋ ਜਾਂਦੀ । ਬਾਰ੍ਹਾਂ ਸਾਲ ਅਸੀਂ ਇਕੱਠੇ ਰਹੇ । ਹੁਣ ਉਸ ਤੋਂ ਬਿਨਾਂ ਇਹ ਦੁਨੀਆਂ ਮੇਰੇ ਲਈ ਨਰਕ ਹੈ ।"

ਇਸਤਰ੍ਹਾਂ ਦਲਾਲ ਆਪਣੇ ਹਾਲ ਉੱਤੇ ਵਿਰਲਾਪ ਕਰਦਾ ਰਿਹਾ । ਉਸ ਨੇ ਮਦੀਨਾਂ ਦੀ ਕਬਰ ਉੱਤੇ ਇਕ ਨਿੱਕਾ ਜਿਹਾ ਛੱਪਰ ਬਣਾ ਲਿਆ, ਅਤੇ ਫ਼ਕੀਰ ਬਣ ਕੇ ਓਥੇ ਰਹਿਣ ਲਗਾ । ਉਹ ਦੀਵਾਨ ਦੀ ਪਦਵੀ ਛਡ ਕੇ ਦਰਵੇਸ਼ ਹੋ ਗਿਆ । ਉਹ ਬਾਨੀਆਂਚੋਂਗ ਮੁੜ ਕੇ ਨਾ ਗਿਆ । ਹੇ ਮੇਰੇ ਮਿਤਰੋ ! ਸਾਵਧਾਨ ਰਹੋ ! ਅਖੀਰ ਉੱਤੇ ਕਬਰ ਉਡੀਕਦੀ ਹੈ ।

ਦਲਾਲ ਦੇ ਦੁਖ ਉੱਤੇ ਪਥਰ ਪਘਰ ਗਏ । ਜਲਾਲ ਗਾਇਕ ਇਹ ਦੁਖ ਭਰਿਆ ਗੀਤ ਆਉਂਦਾ ਹੈ ।
